
ਅੰਦਰਲਾ ਮਨੁੱਖ
ਅੰਦਰਲਾ
ਮਨੁੱਖ
ਰਘਬੀਰ ਸਿੰਘ 'ਤੀਰ'
ਤਰਨ ਤਾਰਨ
ਮਾਝਾ ਪੰਜਾਬੀ ਸੱਥ, ਤਰਨ ਤਾਰਨ

# ਅੰਦਰਲਾ ਮਨੁੱਖ

(ਸ਼ਬਦ ਚਿੱਤਰ)

https://archive.org/details/namdhari

ਲ਼ੇਖਕ:
ਰਘਬੀਰ ਸਿੰਘ 'ਤੀਰ'

ਮਾਝਾ ਪੰਜਾਬੀ ਸੱਥ ਤਰਨ ਤਾਰਨ

. Sri Satguru Jagjit Singh Ji eLibrary NamdhariElibrary@gmail.com .

**ਇਸੇ ਕਲਮ ਤੋਂ :-**

1. ਪ੍ਰਵਾਜ਼ (ਕਾਵਿ ਸੰਗ੍ਰਹਿ) 2007
2. ਦਰਦਾਂ ਦੇ ਕਾਫ਼ਿਲੇ (ਕਾਵਿ ਸੰਗ੍ਰਹਿ) 2007
3. ਮੇਰੀ ਪਾਕਿਸਤਾਨ ਫੇਰੀ (ਸੁਚਿੱਤਰ ਸਫਰਨਾਮਾ) 2008
4. ਸਾਹਿਤ ਸਾਗ਼ਰ ਦੇ ਮੋਤੀ (ਸੰਪਾਦਨਾ ਸਾਂਝਾ ਕਾਵਿ ਸੰਗ੍ਰਹਿ) 2008
5. ਤਿੰਨ ਰੰਗ ਨਹੀਂ ਲੱਭਣੇ (ਸੰਪਾਦਨਾ ਸਾਂਝਾ ਕਾਵਿ ਸੰਗ੍ਰਹਿ) 2008
6. ਮਾਝਾ ਦਰਸ਼ਨ (ਮਾਝੇ ਦਾ ਬਹੁ ਪੱਖੀ ਸਰਵੇਖਣ) 2010
7. ਸਦਾਕੋ ( ਕਾਵਿ ਸੰਗ੍ਰਹਿ) 2010
8. ਤ੍ਰੈਬੈਣੀ (ਤ੍ਰੈਭਾਸ਼ੀ ਚੋਣਵਾਂ ਕਹਾਣੀ ਸੰਗ੍ਰਹਿ) 2011

. Sri Satguru Jagjit Singh Ji eLibrary NamdhariElibrary@gmail.com .

# ਅੰਦਰਲਾ ਮਨੁੱਖ

**(ਸ਼ਬਦ ਚਿੱਤਰ)**

ਰਘਬੀਰ ਸਿੰਘ 'ਤੀਰ'

ਪੁਸਤਕ ਪ੍ਰਾਪਤ ਕਰਨ ਲਈ ਪਤਾ:
# 5/174, ਮੁਹੱਲਾ ਰੋੜੂਪੁਰਾ,
ਤਰਨ ਤਾਰਨ-143401 (ਪੰਜਾਬ) ਭਾਰਤ
+ 91-98151- 45564(M)
EMail-raghbirsingh42@gmail.com

© Author

JANUARY 2012

**ਕੀਮਤ: 200/- ਰੁਪਏ**

**ਪਹਿਲੀ ਵਾਰ : ਜਨਵਰੀ 2011**

**ਡਾ. ਨਿਰਮਲ ਸਿੰਘ**
ਸੇਵਾਦਾਰ ਪੰਜਾਬੀ ਸੱਥ
ਲਾਂਬੜਾ,ਜ਼ਿਲ੍ਹਾ ਜਲੰਧਰ।
ਫੋਨ: 0181-2791036
drnirmalsinghlambra@gmail.com

**Mota Singh Sarai**
11 Queens Road
Walsall, West Midlands
WS5 3 NF UK
singh_m_sarai@hotmail.com

**Type Setting by :**
GRAFICA COMPUTERS, AMRITSAR
+91-987760-70238

**Title Designed by:** LALIT MEHTA
ODEON GRAFIC, AMRITSAR
+91-98159-87723

**Publishers :**
**MAJHA PUNJABI SATH, TARN TARAN**
**91-98151-45564 (M)**

ਸਮਰਪਿਤ ਹੈ
ਉਨ੍ਹਾਂ ਰੂਹਾਂ ਨੂੰ ਜਿਨ੍ਹਾਂ ਨੇ
ਕਦੇ ਵੀ ਸੱਚ 'ਤੇ ਝੂਠ ਦਾ
ਮੁਲੰਮਾ ਨਹੀਂ ਚੜ੍ਹਨ ਦਿੱਤਾ ਅਤੇ
ਸੱਚ ਦੇ ਸੂਰਜ ਦੀ ਰੌਸ਼ਨੀ ਨੂੰ
ਹਮੇਸ਼ਾਂ ਮਨੁੱਖਤਾ ਦੇ ਭਲੇ
ਲਈ ਬਿਖ਼ੇਰਿਆ
ਹੈ!

# ਕੌਣ ਹੈ ਅੰਦਰਲਾ ਮਨੁੱਖ ?

ਸ਼ਾਇਦ ਇਸ ਖਰੜੇ ਦੇ ਲਗਨ ਹੀ ਠੰਢੇ ਸਨ ਕਿ ਇਸ ਨੂੰ ਕਿਤਾਬੀ ਰੂਪ ਮਿਲਣ ਵਿੱਚ ਦੇਰੀ ਹੁੰਦੀ ਜਾਂਦੀ ਸੀ। ਕੁਝ ਖਰੜੇ ਇਸ ਤੋਂ ਬਾਅਦ ਵਿੱਚ ਜਨਮੇ ਪਰ ਇਸ ਤੋਂ ਅੱਗੇ ਲੰਘ ਤੁਰੇ ਸਨ ਅਤੇ ਇਸ ਤੋਂ ਪਹਿਲਾਂ ਹੀ ਕਿਤਾਬੀ ਰੂਪ ਵਿੱਚ ਲੋਕ ਅਰਪਨ ਵੀ ਹੋ ਗਏ ਸਨ। ਉਨ੍ਹਾਂ ਵਿੱਚ ਜ਼ਿਕਰਯੋਗ ਹਨ:ਮੇਰੀ ਪਾਕਿਸਤਾਨ ਫੇਰੀ(ਸੁਚਿੱਤਰ ਸਫ਼ਰਨਾਮਾ-2008), ਮਾਝਾ ਦਰਸ਼ਨ-ਮਾਝੇ ਦਾ ਬਹੁਪੱਖੀ ਸਰਵੇਖਣ(2010), ਸਦਾਕੋ(ਕਾਵਿ ਸੰਗ੍ਰਹਿ-2010) ਅਤੇ ਤ੍ਰੈਬੈਣੀ (2011)।

ਇਸ ਕਿਤਾਬੀ ਖਰੜੇ ਦਾ ਖਿਆਲ ਮੇਰੇ ਮਨ ਵਿੱਚ ਸੰਨ 2007 ਵਿੱਚ ਉਦੋਂ ਆਇਆ ਸੀ ਜਦੋਂ ਮੈਂ ਪਾਕਿਸਤਾਨ ਵਿਚਲੇ ਗੁਰਦੁਆਰਿਆਂ ਦੇ ਦਰਸ਼ਨਾ ਵਾਸਤੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ 'ਤੇ ਲਾਹੌਰ ਗਿਆ ਸਾਂ। ਉਦੋਂ ਮੇਰੀ ਮੁਲਾਕਤ ਕਾਲਮ ਨਵੀਸ ਡਾ. ਤਾਹਿਰ ਮਹਿਮੂਦ ਨਾਲ ਹੋਈ ਸੀ। ਉਸ ਨਾਲ ਬਹੁ-ਪੱਖੀ ਹੋਈ ਚਰਚਾ ਵਿੱਚੋਂ ਹੀ ਇਸ ਖਿਆਲ ਨੇ ਜਨਮ ਲਿਆ ਸੀ ਕਿ ਕਿਉਂ ਨਾ ਸਮਾਜ ਦੇ ਵੱਖ ਵੱਖ ਵਰਗਾਂ ਦੇ ਅਤੇ ਵੱਖ ਵੱਖ ਕਿੱਤਿਆਂ ਵਿੱਚ ਲੱਗੇ ਲੋਕਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੇ ਨਿੱਜੀ ਜੀਵਨ ਹੀ ਨਹੀਂ ਸਗੋਂ ਉਨ੍ਹਾਂ ਦੀ ਅੰਦਰਲੀ ਕੋਮਲਤਾ ਅਤੇ ਕਰੂਰਤਾ ਵਿੱਚ ਝਾਕਿਆ ਜਾਵੇ।

ਬਾਹਰੀ ਤੌਰ ਤੇ ਵੇਖਣ ਨੂੰ ਤਾ ਹਰ ਇੱਕ ਇਨਸਾਨ ਹੱਡ ਮਾਸ ਦਾ ਬਣਿਆ,ਚੱਲਦਾ ਫਿਰਦਾ ਪੰਜ ਤੱਤਾਂ ਦਾ ਪੁਤਲਾ ਨਜ਼ਰੀਂ ਪੈਂਦਾ ਹੈ ਪਰ ਇਸ ਤੋਂ ਅੱਗੇ ਵੀ ਕੁਝ ਹੈ ਜਿਹੜਾ ਇੱਕ ਇਨਸਾਨ ਨੂੰ ਦੂਸਰੇ ਇਨਸਾਨ ਨਾਲੋਂ ਨਿਖੇੜਦਾ ਹੈ। ਇਹ ਕਹਾਵਤ ਆਮ ਸੁਣਨ ਨੂੰ ਮਿਲਦੀ ਹੈ: **"ਰਾਹ ਪਿਆਂ ਜਾਣੀਏਂ ਜਾਂ ਵਾਹ ਪਿਆਂ ਜਾਣੀਏਂ।"** ਕਿਸੇ ਵੀ ਵਿਅਕਤੀ ਨੂੰ ਤੁਸੀਂ ਉਦੋਂ ਤੱਕ ਪੂਰੀ ਤਰ੍ਹਾਂ ਨਹੀਂ ਸਮਝ ਸਕਦੇ ਜਦੋਂ ਤੱਕ ਤੁਸੀਂ ਉਸ ਨਾਲ ਨਿੱਜੀ ਤੌਰ ਤੇ ਵਿਚਰਦੇ ਨਹੀਂ ਜਾਂ ਉਸ ਨੂੰ ਨੇੜਿਓਂ ਹੋ ਕੇ ਨਹੀਂ ਵੇਖਦੇ। ਬਿਨਾਂ ਜਾਚਿਆਂ-ਪਰਖਿਆਂ ਉਸ ਦਾ ਕੀਤਾ ਹੋਇਆ ਮੂਲਾਂਕਣ ਜ਼ਿਆਦਾ ਵੇਰਾਂ ਠੀਕ ਨਹੀਂ ਹੁੰਦਾ। ਇਸੇ ਖਿਆਲ ਨੇ ਹੀ ਮੇਰੀ ਸੋਚ ਨੂੰ ਬਲ ਦਿੱਤਾ ਸੀ ਅਤੇ ਮੈਂ ਇਹ ਕਾਰਜ਼ ਆਰੰਭਿਆ ਸੀ। ਡਾ. ਤਾਹਿਰ ਮਹਿਮੂਦ ਬਾਰੇ ਮੈਂ ਜ਼ਿਆਦਾ ਨਹੀਂ ਸਾਂ ਜਾਣਦਾ, ਸਿਰਫ ਉਸ ਦੀਆਂ ਲਿਖਤਾਂ ਦੇ ਆਧਾਰ 'ਤੇ ਹੀ ਉਸ ਦਾ ਪ੍ਰਤੀਬਿੰਬ ਮੇਰੇ ਮਨ ਦੇ ਕੈਨਵਸ ਤੇ ਬਣਿਆ ਹੋਇਆ ਸੀ। ਪਰ ਜਦੋਂ ਮੈਂ 2007 ਈ: ਵਿੱਚ ਉਸ ਨੂੰ ਮਿਲਿਆ ਤਾਂ ਉਸ ਕੋਲੋਂ ਬਹੁਤ ਕੁਝ ਸੁਣਨ ਅਤੇ ਉਸ ਨੂੰ ਸਮਝਣ ਦਾ ਮੌਕਾ ਮਿਲਿਆ ਸੀ ਕਿ ਉਹ ਅੰਦਰੋਂ ਕਿਹੋ ਜਿਹਾ ਇਨਸਾਨ ਹੈ। ਮਾਂ ਬੋਲੀ ਪੰਜਾਬੀ ਵਾਸਤੇ ਉਸ ਅੰਦਰਲੀ ਤੜਪ, ਦੇਸ਼ ਦੀ ਵੰਡ ਦਾ ਸੰਤਾਪ ਅਤੇ ਭਰਾਵਾਂ ਭਰਾਵਾਂ ਦੇ ਵਿਛੋੜੇ ਦਾ ਰਿੱਸਦਾ ਹੋਇਆ ਨਾਸੂਰ ਮੈਂ ਉਸ ਅੰਦਰ ਵੇਖਿਆ ਸੀ। ਉਦੋਂ ਤੋਂ ਹੀ ਮੈਂ ਮਨ ਬਣਾ ਲਿਆ ਸੀ ਕਿ ਵੱਖ ਵੱਖ ਵਰਗਾਂ ਦੇ ਇਨਸਾਨਾਂ ਨਾਲ ਮਿਲ ਕੇ ਉਨ੍ਹਾਂ ਦੇ ਅੰਦਰਲੇ ਮਨੁੱਖ ਨੂੰ ਜੱਗ ਜ਼ਾਹਰਾ ਕਰਨ ਦੀ ਕੋਸ਼ਿਸ਼ ਕਰਾਂਗਾ। ਇਸ ਗੱਲ ਦੀ ਕੋਈ ਬੰਦਿਸ਼ ਨਹੀਂ ਸੀ ਕਿ ਉਹ ਕਿਹੋ ਜਿਹਾ ਵਿਅਕਤੀ ਹੋਵੇ। ਉਹ ਇੱਕ ਕਿਰਤੀ ਕਾਮਾ ਵੀ ਹੋ ਸਕਦਾ ਹੈ ਅਤੇ ਇੱਕ ਸਿਆਸਤਦਾਨ ਵੀ। ਲੋੜ ਤਾਂ ਸੀ ਉਸ ਅੰਦਰ ਦੱਬੀਆਂ ਹੋਈਆ ਭਾਵਨਾਵਾਂ, ਖ਼ਾਹਸ਼ਾਂ,ਸੋਚਾਂ ਅਤੇ ਰੀਝਾਂ ਨੂੰ ਲੋਕ ਨਜ਼ਰ ਕਰਨ ਦੀ।

ਇੰਝ ਸੰਨ 2007 ਤੋਂ ਅੰਦਰਲੇ ਮਨੁੱਖ ਨੇ ਆਪਣਾ ਸਫ਼ਰ ਆਰੰਭਿਆ ਸੀ। ਇਸ ਦੇ ਸਫ਼ਰ ਦੀ ਪੂਰਨਤਾ ਵਿੱਚ ਹੋਣ ਵਾਲੀ ਦੇਰੀ ਦਾ ਇੱਕ ਕਾਰਨ ਮੈਂ ਇਹ ਵੀ ਸਮਝਦਾ ਹਾਂ ਕਿ ਮੋਤੀ ਬਿਖਰੇ ਪਏ ਸਨ, ਰੰਗ ਬਰੰਗੇ ਫੁੱਲ ਵੱਖ ਵੱਖ ਕਿਆਰੀਆਂ ਵਿੱਚ ਟਹਿਕ ਰਹੇ ਸਨ,ਮਾਲਾ ਬਣਾਉਣ ਲਈ, ਉਨ੍ਹਾਂ ਦਾ ਹਾਰ ਗੁੰਦਣ ਲਈ ਅਤੇ ਉਨ੍ਹਾਂ ਨੂੰ ਇਕੱਠਾ ਕਰਨ ਲਈ ਸਮਾਂ ਤਾਂ ਲੱਗਣਾ ਹੀ ਸੀ। ਤਾਹਿਰ ਪਾਕਿਸਤਾਨ ਬੈਠਾ ਸੀ,ਫੂਲਾਂਰਾਣੀ ਅਤੇ ਤੇਜਿੰਦਰ ਕੌਰ ਅੰਮ੍ਰਿਤਸਰ ਅਤੇ ਡਾ. ਨਿਰਮਲ ਸਿੰਘ ਲਾਂਬੜੇ(ਜਲੰਧਰ)। ਗੱਲ ਕੀ ਵੱਖ ਵੱਖ ਲੋਕਾਂ ਕੋਲ ਵੱਖ ਵੱਖ ਵੱਖ ਥਾਵਾਂ ਤੇ ਜਾਣਾ, ਉਨ੍ਹਾਂ ਦੇ ਰੋਜ਼ਾਨਾਂ ਦੇ ਕੰਮਾਂ 'ਚੋਂ ਮੇਰੇ ਲਈ ਉਨ੍ਹਾਂ ਦਾ ਸਮਾਂ ਦੇਣਾ ਅਤੇ ਫਿਰ ਉਨ੍ਹਾਂ ਬਾਰੇ ਜਾਨਣਾ, ਇਕੱਲਾ ਮੇਰੇ ਹੱਥ ਵੱਸ ਹੀ ਤਾਂ ਨਹੀਂ ਸੀ। ਇਸ ਦੁਵੱਲੇ ਕੰਮ ਵਿੱਚ ਇਕਸਾਰਤਾ ਹੀ ਇਸ ਨੂੰ ਅੱਗੇ ਤੋਰ ਸਕਦੀ ਸੀ। ਕਾਰਵਾਂ ਚੱਲਦਾ ਗਿਆ ਅਤੇ ਮੰਜ਼ਿਲ ਨੇੜੇ ਢੁੱਕਦੀ ਗਈ। ਇਸ ਤਰ੍ਹਾਂ ਦਾ ਹੈ 'ਅੰਦਰਲੇ ਮਨੁੱਖ' ਦਾ ਸਫ਼ਰ, ਜਿਹੜਾ ਢੀਚਕ ਢੀਚਕ ਕਰਦਾ ਆਖ਼ਿਰ ਆਪਣੀ ਮੰਜ਼ਿਲ ਤੇ ਸੰਨ 2012 ਵਿੱਚ ਪਹੁੰਚ ਹੀ ਗਿਆ। ਇਸੇ ਵਿਸ਼ੇ ਤੇ ਪਾਠਕਾਂ ਦਾ ਸੁਆਲ ਕਰਨਾ ਸੁਭਾਵਿਕ ਹੈ ਕਿ **"ਅੰਦਰਲਾ ਮਨੁੱਖ"** ਕੌਣ ਹੈ? ਇਸ ਬਾਰੇ ਵੀ ਕੁਝ ਕਹਿਣਾ ਆਪਣਾ ਫਰਜ਼ ਸਮਝਦਾ ਹੋਇਆ ਆਪਣੀ ਤੁੱਛ ਬੁੱਧੀ ਅਨੁਸਾਰ ਜੋ ਮੈਂ ਸਮਝਦਾ ਹਾਂ ਕਹਿਣਾ ਜ਼ਰੂਰੀ ਸਮਝਦਾ ਹਾਂ:-

ਧਰਮ ਗ੍ਰੰਥਾਂ,ਸੰਤਾਂ-ਮਹਾਤਮਾਵਾਂ,ਸਾਧੂਆਂ ਅਤੇ ਬ੍ਰਹਮ ਗਿਆਨੀਆਂ ਦੀ ਕੀਤੀ ਗਈ ਚਰਚਾ ਅਨੁਸਾਰ ਇਹ ਜਗਤ ਮਿੱਥਿਆ ਹੈ,ਨਾਸਵਾਨ ਹੈ ਅਤੇ ਇੱਕ ਸੁਪਨੇ ਦੀ ਨਿਆਈਂ ਹੈ। ਇਹ ਅਸਥਿੱਰ ਹੈ ਅਤੇ ਇੱਕ ਰੇਤ ਦੀ ਕੰਧ ਵਰਗਾ ਹੈ ਜਿਸ ਦੀ ਕੋਈ ਮਣਿਆਦ ਨਹੀਂ ਹੁੰਦੀ। ਇਸ ਦੀ ਹੋਂਦ ਛਿਨ-ਭੰਗਰ ਦੱਸੀ ਗਈ ਹੈ। ਇਸ ਤੱਥ ਦੀ ਪੁਸ਼ਟੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ਼ ਬਾਣੀ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ "ਸਲੋਕ ਮਹਲਾ 9" ਵਿੱਚ ਇਸ ਤਰ੍ਹਾਂ ਕੀਤੀ ਗਈ ਹੈ:

**ਕਹੁ ਨਾਨਕ ਥਿਰੁ ਕਿਛੁ ਨਹੀ ਸੁਪਨੇ ਜਿਉ ਸੰਸਾਰ॥**

ਜੇਕਰ ਇਹ ਸੰਸਾਰ ਹੀ ਨਾਸਵਾਨ ਹੈ ਤਾਂ ਇਹ ਮਨੁੱਖ ਸਦੀਵ ਕਾਲ ਸਥਿਰ ਕਿਵੇਂ ਰਹਿ ਸਕਦਾ ਹੈ? ਇਨਸਾਨ ਦੀ ਉਤਪਤੀ ਪੰਜ ਤੱਤਾਂ ਜਲ,ਵਾਯੂ,ਅਗਨੀ,ਆਕਾਸ਼ ਅਤੇ ਪ੍ਰਿਥਵੀ ਦਾ ਸੁਮੇਲ ਹੈ। ਇਹ ਸਰੀਰ ਹੀ ਕੀ ਹਰ ਉਹ ਚੀਜ਼ ਜੋ ਵੀ ਇਸ ਜਗਤ 'ਤੇ ਦਿਖਾਈ ਦਿੰਦੀ ਹੈ ਕਾਲ ਦੀ ਬੁਰਕੀ ਬਣ ਜਾਵੇਗੀ। ਨਾਸ ਹੋ ਜਾਵੇਗੀ। ਜਦੋਂ ਜੀਵ ਆਤਮਾ ਇਸ ਸਥੂਲ ਸਰੀਰ ਦਾ ਤਿਆਗ ਕਰਦੀ ਹੈ ਤਾਂ ਇਹ ਤੱਤ ਵੀ ਟੁੱਟ ਜਾਂਦੇ ਹਨ ਅਤੇ ਆਪਣੇ ਮੂਲ ਤੱਤਾਂ ਵਿੱਚ ਸਮਾ ਜਾਂਦੇ ਹਨ।ਗੁਰਬਾਣੀ ਵਿੱਚ ਦਰਜ਼ ਹੈ:

**ਪਾਂਚ ਤਤ ਕੋ ਤਨ ਰਚਿਓ ਜਾਨਹੁ ਚਤੁਰ ਸੁਜਾਨ॥**
**ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨ॥੧੧॥**

(ਪੰਨਾ ੧੪੨੭)

ਅਧਿਆਤਮਕ ਮੰਡਲਾਂ ਵਿੱਚ ਉਡਾਰੀਆਂ ਲਾਉਣ ਵਾਲੇ ਗਿਆਨਵਾਨ ਪੁਰਸ਼ ਇਸ ਗੱਲ ਦੀ ਚਰਚਾ ਵੀ ਕਰਦੇ ਹਨ ਕਿ ਇਸ ਸਥੂਲ ਸਰੀਰ ਦੇ ਅੰਦਰ ਇੱਕ ਹੋਰ ਸਰੀਰ ਹੈ ਜਿਸ ਨੂੰ 'ਸੂਖ਼ਸ਼ਮ ਸਰੀਰ' ਕਿਹਾ ਜਾਂਦਾ ਹੈ। ਇਸ ਸਰੀਰ ਨੂੰ ਕਾਲ ਨਹੀਂ ਖਾਂਦਾ। ਇਸ ਨੂੰ ਮੌਤ ਨਹੀਂ ਆਉਂਦੀ। ਇਹ ਹੀ 'ਅੰਦਰਲਾ ਮਨੁੱਖ' ਹੈ। ਅਸਲੀ ਅਰਥਾਂ ਵਿੱਚ ਇਹ 'ਅੰਤਾਕਰਣ' ਹੈ ਅਤੇ ਇਹ ਹੀ ਸਥੂਲ ਸਰੀਰ ਅੰਦਰਲਾ 'ਦਰਪਨ' ਹੈ ਜਿਸ ਵਿੱਚੋਂ ਝਾਕਿਆਂ ਮਨੁੱਖ ਨੂੰ ਆਪਣੇ ਅਸਲੀ ਚਿਹਰੇ ਦਾ ਪ੍ਰਤੀਬਿੰਬ ਨਜ਼ਰੀਂ ਪੈਂਦਾ ਹੈ। ਬਾਹਰਲਾ ਮਨੁੱਖ ਆਪਣੇ ਕੀਤੇ ਹੋਏ ਕੁ-ਕਰਮਾਂ ਨੂੰ ਦੁਨੀਆਂ ਤੋਂ ਲੱਖ ਛੁਪਾ ਲਵੇ ਪਰ ਇਸ ਅੰਦਰਲੇ ਮਨੁੱਖ ਭਾਵ ਦਰਪਨ ਤੋਂ ਨਹੀਂ ਛੁਪਾ ਸਕਦਾ। ਮੈਨੂੰ ਯਾਦ ਹੈ ਮੈਂ ਇੱਕ ਫ਼ਿਲਮ ਵਿੱਚ ਇਹ ਗਾਣਾ ਸੁਣਿਆ ਸੀ ਜਿਸ ਦਾ ਭਾਵ ਵੀ ਇਸੇ ਆਸ਼ੇ ਨਾਲ ਮੇਲ ਖਾਂਦਾ ਸੀ। ਉਸ ਦੇ ਬੋਲ ਸਨ:

**"ਤੇਰਾ ਮਨ ਦਰਪਨ ਕਹਿਲਾਏ।**
**ਭਲੇ-ਬੁਰੇ ਸਾਰੇ ਕਰਮੋਂ ਕੋ,ਦੇਖੇ ਔਰ ਦਿਖਾਏ।**
**ਤੇਰਾ ਮਨ ਦਰਪਨ ਕਹਿਲਾਏ।"**

ਕੋਈ ਵੀ ਮਨੁੱਖ ਜਮਾਂਦਰੂ ਬੁਰਾ ਨਹੀਂ ਹੁੰਦਾ, ਚੋਰ ਨਹੀਂ ਹੁੰਦਾ ਅਤੇ ਨਾ ਹੀ ਉਹ ਕਾਤਿਲ ਬਿਰਤੀ ਦਾ ਹੁੰਦਾ ਹੈ। ਗੱਲ ਕੀ ਮਨੁੱਖ ਜਨਮ ਤੋਂ ਹੀ ਔਗੁਣ ਆਪਣੇ ਨਾਲ ਲੈ ਕੇ ਪੈਦਾ ਨਹੀਂ ਹੁੰਦਾ। 'ਸੰਗਤ ਦੀ ਰੰਗਤ' ਦਾ ਅਸਰ ਮਨੁੱਖ ਦੇ ਜੀਵਨ ਵਿੱਚ ਮੁੱਖ ਕਿਰਦਾਰ ਨਿਭਾਉਂਦਾ ਹੈ। ਇੱਕ ਮਨੁੱਖ ਜਦੋਂ ਪਹਿਲੀ ਵਾਰ ਕੋਈ ਬੁਰਾ ਕੰਮ ਕਰਨ ਦੀ ਸੋਚਦਾ ਹੈ ਤਾਂ ਉਸ ਦਾ ਮਨ (ਅੰਤਾਕਰਣ) ਉਸ ਨੂੰ ਵਰਜ਼ਦਾ ਹੈ ਕਿ ਇਹ ਬੁਰਾ ਕੰਮ ਹੈ। ਜੇਕਰ ਉਹ ਇਸ ਅੰਦਰਲੀ ਆਵਾਜ਼ ਨੂੰ ਸੁਣ ਕੇ ਰੁਕ ਜਾਂਦਾ ਹੈ ਤਾਂ ਸਮਝੋ ਬਚ ਗਿਆ। ਪਰ ਜੇਕਰ ਉਹ ਨਹੀਂ ਰੁਕਦਾ ਅਤੇ ਵਾਰ ਵਾਰ ਇਸ ਕਿਰਿਆ ਨੂੰ ਦੁਹਰਾਉਂਦਾ ਹੈ ਤਾਂ ਉਸ ਦੇ ਕੁ-ਕਰਮਾਂ ਦੀ ਮੈਲ ਉਸ ਦੇ ਅੰਦਰਲੇ ਮਨੁੱਖ ਭਾਵ ਇਸ ਦਰਪਨ 'ਤੇ ਜੰਮਦੀ ਚਲੀ ਜਾਂਦੀ ਹੈ ਅਤੇ ਇਸ ਵਿੱਚੋਂ ਬਾਹਰਲੇ ਮਨੁੱਖ ਨੂੰ ਆਪਣਾ ਚਿਹਰਾ ਦਿੱਸਣੋਂ ਹਟ ਜਾਂਦਾ ਹੈ। ਉਸ ਨੂੰ ਆਪਣੇ ਅੰਤਾਕਰਣ ਦੀ ਆਵਾਜ਼ ਵੀ ਕੰਨਾਂ ਵਿੱਚ ਸੁਣਾਈ ਦੇਣੋਂ ਬੰਦ ਹੋ ਜਾਂਦੀ ਹੈ ਅਤੇ ਉਹ ਕੁਕਰਮਾਂ ਦੀ ਦਲਦਲ ਵਿੱਚ ਧੱਸਦਾ ਹੀ ਚਲਿਆ ਜਾਂਦਾ ਹੈ।

ਹਵਾ ਬੇਸ਼ਕ ਹਵਾ ਹੀ ਹੁੰਦੀ ਏ ਪਰ ਇਸ ਦੀਆਂ ਪਰਤਾਂ ਵਿੱਚ ਜਾ ਕੇ ਇਸ ਵਿਚਲੀ ਮਹਿਕ, ਸਹਿਕ ਅਤੇ ਦੂਸਰੇ ਰੂਪਾਂ ਨੂੰ ਜਿਵੇਂ ਲੋਅ ਦੀ ਤਪਸ਼,ਸੁਗੰਧੀ ਦੀ ਮਹਿਕ,ਗੱਸੇ 'ਚ ਲਿਆਂਦੀਆਂ ਹਨੇਰੀਆਂ,ਆਪਣੇ ਆਪ ਤੇ ਚੁੱਪ ਦਾ ਜ਼ਿੰਦਰਾ ਮਾਰ ਕੇ ਤ੍ਰਾਸ ਤ੍ਰਾਸ ਕਰਵਾ ਦੇਣ ਦੀ ਅਲੌਕਿਕ ਸ਼ਕਤੀ ਨੂੰ ਅਨੁਭਵ ਕਰ ਸਕਣ ਦੀ ਸਮਰੱਥਾ ਕੁਦਰਤ ਨੇ ਬਹੁਤ ਥੋੜ੍ਹਿਆਂ ਨੂੰ ਦਿੱਤੀ ਹੁੰਦੀ ਹੈ। ਇਹ ਉਹਨਾਂ ਲੋਕਾਂ ਨੂੰ ਕੁਦਰਤ ਦਾ ਵਰਦਾਨ ਮਿਲਿਆ ਹੁੰਦਾ ਹੈ ਜਿਹੜਾ ਹਵਾ ਵਿੱਚੋਂ ਵੀ ਕਿਸੇ ਦੀਆਂ ਸਿਸਕੀਆਂ, ਕਿਲਕਾਰੀਆਂ ਅਤੇ ਹਵਾ ਵਿਚਲੀ ਸਿੱਲ੍ਹ 'ਚੋਂ ਕਿਸੇ ਦੇ ਰੋਣ ਨੂੰ ਅਨੁਭਵ ਕਰ ਲੈਂਦੇ ਹਨ। ਇਹ ਕੋਮਲ ਬਿਰਤੀ ਕਿਸੇ ਕੋਮਲ ਮਨ ਵਾਲੇ ਦੇ ਹੀ ਹਿੱਸੇ ਆਉਂਦੀ ਹੈ।

ਕੋਈ ਇਨਸਾਨ ਬਾਹਰੀ ਤੌਰ ਤੇ ਸ਼ਾਤ ਦਿਖਾਈ ਦਿੰਦਾ ਹੈ ਪਰ ਅੰਦਰ ਉਸ ਦੇ ਜਵਾਲਾ ਮੁਖੀ ਫਟ ਰਹੇ ਹੁੰਦੇ ਹਨ। ਕਈ ਲੋਕਾਂ ਦਾ ਬਾਹਰੀ ਛਵੀ ਬੜੀ ਸਖਤ ਦਿਖਾਈ ਦਿੰਦੀ ਹੈ ਪਰ ਅੰਦਰ ਉਹਨਾਂ ਦੇ ਕੋਮਲ ਕਲੀਆਂ ਦੀ ਸੁਗੰਧੀ ਭਰੀ ਹੁੰਦੀ ਹੈ। ਉਹ ਮੋਮ ਵਰਗਾ ਨਰਮ ਦਿਲ ਆਪਣੇ ਅੰਦਰ ਲਈ ਬੈਠੇ ਹੁੰਦੇ ਹਨ। ਲੋੜ ਹੁੰਦੀ ਹੈ ਅਜਿਹੇ ਮਨੁੱਖ ਦੇ ਅੰਦਰ ਜਾਣ ਦੀ। ਉਸ ਦੇ ਦਿੱਲ ਦੀਆਂ ਤਹਿਆਂ ਵਿੱਚ ਲਹਿ ਜਾਣ ਦੀ ਜਿੱਥੇ ਇਹ ਸਭ ਕੁਝ ਵਾਪਰ ਰਿਹਾ ਹੁੰਦਾ ਹੈ।

'ਅੰਦਰਲਾ ਮਨੁੱਖ' ਪੁਸਤਕ ਵਿੱਚ ਦਰਜ਼ ਕੀਤੇ ਗਏ ਸ਼ਬਦ ਚਿੱਤਰ ਅਜਿਹੇ ਹੀ ਲੋਕਾਂ ਨੇੜੇ ਢੁੱਕ ਕੇ ਬਹਿਣ ਉਪਰੰਤ ਮਿਲੇ ਅਹਿਸਾਸ ਦਾ ਨਿਚੋੜ ਹੈ। ਮੈਂ ਕਈ ਵੇਰਾਂ ਵੇਖਿਆ ਸੀ ਕਿ ਕੁਝ ਲੋਕ ਜਿਨ੍ਹਾਂ ਨੂੰ ਅਸੀਂ ਇਹ ਸਮਝ ਕੇ ਹੀ ਦੁਰਕਾਰ ਦਿੰਦੇ ਹਾਂ ਕਿ ਉਹ ਬਹੁਤ ਕੁਰਖ਼ਤ ਹਨ ਅਸਲ ਵਿੱਚ ਅੰਦਰੋਂ ਬਹੁਤ ਹੀ ਨਰਮ ਅਤੇ ਰਹਿਮ ਦਿਲ ਹੁੰਦੇ ਹਨ। ਉਨ੍ਹਾਂ ਦੇ ਅੰਦਰਲੇ ਦਰਦ ਨੂੰ ਅਸੀਂ ਪਹਿਚਾਣਿਆ ਹੀ ਨਹੀਂ ਹੁੰਦਾ ਜਿਸ ਕਰਕੇ

ਉਹ ਬਾਹਰੋਂ ਏਨੇਂ ਸਖ਼ਤ ਦਿਖਾਈ ਦੇ ਰਹੇ ਹੁੰਦੇ ਹਨ। ਇਸੇ ਕਰਕੇ ਹੀ ਮੈਂ ਲੋੜ ਅਨੁਭਵ ਕੀਤੀ ਸੀ ਉਹਨਾਂ ਅੰਦਰ ਪਲ ਰਹੇ ਅਹਿਸਾਸਾਂ ਨੂੰ ਜਿਹੜੇ ਉਹ ਆਪਣੇ ਅੰਦਰ ਹੀ ਦਬਾਈ ਬੈਠੇ ਹਨ ਅਤੇ ਕਿਸੇ ਨੂੰ ਵੀ ਉਨ੍ਹਾਂ ਦੀ ਭਿਣਕ ਨਹੀਂ ਪੈਣ ਦਿੰਦੇ, ਲੋਕਾਂ ਨਾਲ ਸਾਂਝੇ ਕਰਕੇ ਉਨ੍ਹਾਂ ਦਾ ਅਸਲੀ ਰੂਪ ਜਗ ਜ਼ਾਹਰਾ ਕੀਤਾ ਜਾਵੇ। ਉਨ੍ਹਾਂ ਅੰਦਰ ਪਲ ਰਹੀ ਪੀੜਾ ਦੀ ਗਹਿਰਾਈ ਨੂੰ ਮਾਪ ਕੇ ਉਨ੍ਹਾਂ ਪ੍ਰਤੀ ਆਪਣੀ ਹਮਦਰਦੀ ਦਾ ਮੀਂਹ ਉਨ੍ਹਾਂ ਦੇ ਤਪਦੇ ਹਿਰਦਿਆਂ 'ਤੇ ਪਾਇਆ ਜਾ ਸਕੇ।

ਉਨ੍ਹਾਂ ਲੋਕਾਂ ਤੱਕ ਪਹੁੰਚਣ ਅਤੇ ਉਨ੍ਹਾਂ ਨੂੰ ਜਾਨਣ ਦਾ ਹੀ ਸਿਟਾ ਹੈ ਇਹ ਕਿਤਾਬੀ ਰੂਪ ਵਿੱਚ 'ਅੰਦਰਲਾ ਮਨੁੱਖ'। ਮੈਂ ਨਿੱਜੀ ਤੌਰ ਤੇ ਇਹਨਾਂ ਲੋਕਾਂ ਨੂੰ ਮਿਲ ਕੇ ਉਹਨਾਂ ਨੂੰ ਟਟੋਲਣ ਦੀ ਕੋਸ਼ਿਸ਼ ਕੀਤੀ ਹੈ। ਉਹਨਾਂ ਨਾਲ ਕੀਤੀ ਗੱਲਬਾਤ ਜਿਸ ਨੂੰ ਮੈਂ ਇੰਟਰਵਿਊ ਦਾ ਰੂਪ ਦਿੱਤਾ ਹੈ, ਇਸ ਪੁਸਤਕ ਦਾ ਸਾਰ ਹੈ। ਉਹਨਾਂ ਦੀ ਕਹਾਣੀ ਸੁਣ ਕੇ ਮੈਂ ਆਪਣੀ ਜਬਾਨੀ ਪਾਠਕਾਂ ਨਾਲ ਸਾਂਝੀ ਕਰਨ ਦਾ ਉਪਰਾਲਾ ਕੀਤਾ ਹੈ। ਇਸ ਕਿਤਾਬ ਵਿੱਚ ਸਾਡੇ ਸਮਾਜ਼ ਦੇ ਵੱਖ ਵੱਖ ਖ਼ੇਤਰਾਂ ਦੇ ਲੋਕਾਂ ਦਾ ਚਿਤਰਣ ਕੀਤਾ ਗਿਆ ਹੈ ਜਿਨ੍ਹਾਂ ਵਿੱਚ ਅਧਿਆਪਕ, ਡਾਕਟਰ, ਵਕੀਲ, ਚਿੱਤਰਕਾਰ, ਸਰਕਾਰੀ ਅਧਿਕਾਰੀ, ਪ੍ਰਵਾਸੀ,ਲੋਕ ਗਾਇਕ,ਰੰਗਮੰਚ ਕਲਾਕਾਰ ਆਦਿ ਸ਼ਾਮਲ ਹਨ। ਕੋਸ਼ਿਸ਼ ਤਾਂ ਕੀਤੀ ਗਈ ਹੈ ਸਮਾਜ਼ ਦੇ ਹਰ ਵਰਗ ਦਾ ਇੱਕ ਇੱਕ ਪਾਤਰ ਚਿੱਤਰਿਆ ਜਾਵੇ ਫਿਰ ਵੀ ਕੁਝ ਲੋਕ ਰਹਿ ਗਏ ਹੋਣਗੇ,ਉਸ ਲਈ ਖ਼ਿਮਾ ਦਾ ਜਾਚਕ ਹਾਂ।

ਮੈਂ ਇਸ ਗੱਲ ਤੋਂ ਵੀ ਇਨਕਾਰੀ ਨਹੀਂ ਹਾਂ ਕਿ ਇਸ ਪੁਸਤਕ ਵਿੱਚ ਚਿੱਤਰੇ ਗਏ ਪਾਤਰਾਂ ਦੇ ਵਿਚਾਰ ਉਨ੍ਹਾਂ ਦੇ ਆਪਣੇ ਨਿੱਜੀ ਹਨ ਅਤੇ ਉਨ੍ਹਾਂ ਦੇ ਵਿਚਾਰਾਂ ਨੂੰ ਦੂਸਰੇ ਉਨ੍ਹਾਂ ਦੇ ਪੇਸ਼ੇ ਵਾਲੇ ਪਾਤਰਾਂ ਤੇ ਠੋਸਿਆ ਨਹੀਂ ਜਾ ਸਕਦਾ। ਇੱਕ ਸਰਕਾਰੀ ਅਧਿਕਾਰੀ ਅਧਿਆਤਮਿਕ ਪ੍ਰਵਿਰਤੀ ਦਾ ਹੈ ਤਾਂ ਜਰੂਰੀ ਨਹੀਂ ਸਾਰੇ ਹੀ ਦੂਸਰੇ ਅਧਿਕਾਰੀ ਵੀ ਉਸੇ ਸੋਚ ਦੇ ਧਾਰਨੀ ਹੋਣਗੇ। ਇੱਕ ਡਾਕਟਰ ਦਾ ਨਜ਼ਰੀਆ ਆਪਣੇ ਪੇਸ਼ੇ ਪ੍ਰਤੀ ਜਰੂਰੀ ਨਹੀਂ ਸਭ ਨਾਲ ਮੇਲ ਖਾਂਦਾ ਹੋਵੇ। ਪੰਜੇ ਉਂਗਲਾ ਵੀ ਬਰਾਬਰ ਨਹੀਂ ਹਨ।ਮੈਂ ਜਿਨ੍ਹਾਂ ਸ਼ਖ਼ਸੀਅਤਾਂ ਨੂੰ ਟੋਹਿਆ ਹੈ ਇਹ ਉਨ੍ਹਾਂ ਦੇ ਅੰਦਰਲੇ ਮਨੁੱਖ ਦਾ ਪ੍ਰਤੀਬਿੰਬ ਹੈ। ਇਹ ਮੇਰਾ ਇੱਕ ਵਿਲੱਖਣ ਜਿਹਾ ਤਜਰਬਾ ਹੈ ਤਾਂ ਜੋ ਇੱਕ ਇਨਸਾਨ ਦੀ ਬਾਹਰੀ ਅਤੇ ਅੰਦਰਲੀ ਸੋਚ ਨੂੰ ਪਾਠਕਾਂ ਦੇ ਮੂਹਰੇ ਪੇਸ਼ ਕੀਤਾ ਜਾ ਸਕੇ ਕਿ ਉਹ ਬਾਹਰੋਂ ਕਿਹੋ ਜਿਹਾ ਹੈ ਅਤੇ ਅੰਦਰੋਂ ਉਸ ਦੀ ਸੋਚ ਕਿਸ ਤਰ੍ਹਾਂ ਕੰਮ ਕਰਦੀ ਹੈ।

ਮੈਂ ਆਪਣੇ ਆਸ਼ੇ ਵਿੱਚ ਕਿੰਨਾਂ ਕਾਮਯਾਬ ਹੋਇਆ ਹਾਂ ਇਹ ਤਾਂ ਪਾਠਕ ਹੀ ਦੱਸੇਗਾ। ਕਿਸੇ ਲਿਖਤ ਦੀ ਕਸੌਟੀ ਪਾਠਕ ਦੀ ਤਰਕਸ਼ੀਲ ਅਤੇ ਸੂਖ਼ਸ਼ਮ ਬੁੱਧੀ ਹੀ ਹੁੰਦੀ ਹੈ ਜਿਹੜੀ ਸੋਚ ਦੀ ਤੱਕੜੀ ਵਿੱਚ ਰੱਖ ਨਿਰਣਾ ਕਰਦੀ ਹੈ ਕਿ ਲੇਖਕ ਨੇ ਜਿਹੜਾ ਵਿਸ਼ਾ ਛੋਹਿਆ ਹੈ ਉਹ ਉਸ ਵਿੱਚ ਕਿੱਥੋਂ ਤੱਕ ਕਾਮਯਾਬ ਰਿਹਾ ਹੈ। ਪਾਠਕ ਦੇ ਵਿਚਾਰ ਹੀ ਲੇਖਕ ਦਾ ਪ੍ਰੇਰਨਾ ਸਰੋਤ ਹੁੰਦੇ ਹਨ ਅਤੇ ਰਾਹ ਦਸੇਰੇ ਵੀ। ਪਾਠਕ ਦੀ ਉਸਾਰੂ ਟੀਕਾ ਟਿੱਪਣੀ ਬੇਸ਼ਕ ਉਹ ਕਿਸੇ ਤਰ੍ਹਾਂ ਦੀ ਵੀ ਹੋਵੇ ਮੈਂ ਉਸ ਦੀ ਉਡੀਕ ਅਤੇ ਸੁਆਗ਼ਤ ਵੀ ਕਰਾਂਗਾ।

**–ਰਘਬੀਰ ਸਿੰਘ 'ਤੀਰ'**
**ਤਰਨ ਤਾਰਨ।**

# ਤਰਤੀਬ


1. ਡਾ.ਤਾਹਿਰ ਮਹਿਮੂਦ ਇੱਕ ਕਾਲਮ ਨਵੀਸ 11
2. ਸ਼੍ਰੀਮਤੀ ਫੂਲਾਂ ਰਾਣੀ ਇੱਕ ਚਿੱਤਰਕਾਰ 19
3. ਸ਼੍ਰੀਮਤੀ ਜਤਿੰਦਰ ਕੌਰ ਇੱਕ ਰੰਗਮੰਚ ਕਲਾਕਾਰ 30
4. ਸ਼੍ਰੀਮਤੀਗੁਰਮੀਤ ਬਾਵਾ ਇੱਕ ਲੋਕ ਗਾਇਕਾ 41
5. ਬਾਬਾ ਬਲਬੀਰ ਸਿੰਘ ਸੀਚੇਵਾਲ ਸਮਾਜ ਸੇਵਕ 58
6. ਸ੍ਰ. ਬਖ਼ਤਾਵਰ ਸਿੰਘ ਸਰਕਾਰੀ ਅਧਿਕਾਰੀ 71
7. ਸ੍ਰ.ਕੁਲਦੀਪ ਸਿੰਘ 'ਅਰਸ਼ੀ' ਇੱਕ ਅਧਿਆਪਕ 88
8. ਸ੍ਰ. ਨਿਰਮਲ ਸਿੰਘ(ਡਾ.) ਇੱਕ ਡਾਕਟਰ 98
9. ਸ੍ਰ.ਸੁਰਿੰਦਰ ਸਿੰਘ 'ਕੰਵਲ' ਸਵਤੰਤਰਤਾ ਸੰਗ੍ਰਾਮੀ 107
10. ਸ੍ਰ.ਜਸਮੇਲ ਸਿੰਘ 'ਚੀਦਾ' ਇੱਕ ਪੱਤਰਕਾਰ 121
11. ਸ੍ਰ.ਇਕਬਾਲ ਸਿੰਘ ਐਡਵੋਕੇਟ ਇੱਕ ਵਕੀਲ 130
12. ਸ੍ਰ.ਗੁਰਮਿੰਦਰ ਸਿੰਘ 'ਰਟੌਲ' ਇੱਕ ਸਿਅਸਤਦਾਨ 140
13. ਸ੍ਰ.ਮਨਜੀਤ ਸਿੰਘ 'ਕਮਲਾ' ਇੱਕ ਪ੍ਰਵਾਸੀ 155
14. ਕੈਪਟਨ ਸ੍ਰ.ਪਿਆਰਾ ਸਿੰਘ ਇੱਕ ਸੈਨਿਕ 163
15. ਸ੍ਰ.ਹਰਭਜਨ ਸਿੰਘ ਪੁਲਿਸ ਦਾ ਸਿਪਾਹੀ 177
16. ਸ੍ਰ.ਹਰਦੇਵ ਸਿੰਘ 'ਗਾਂਧੀ' ਇੱਕ ਦੁਕਾਨਦਾਰ 186
17. ਸ਼੍ਰੀ ਬਚਨ ਰਾਮ ਇੱਕ ਕਿਰਤੀ-ਕਾਮਾ 193
18. ਸ੍ਰ. ਮੰਗਲ ਸਿੰਘ 'ਢਿੱਲੋਂ' ਟਰੱਕ ਡਰਾਇਵਰ 199
19.ਸ੍ਰ. ਹਜ਼ਾਰਾ ਸਿੰਘ 'ਮੋਰ' ਇੱਕ ਪਹਿਲਵਾਨ 207

**ਇੱਕ ਕਾਲਮ ਨਵੀਸ :**

## ਸੰਦਲ ਦੀ ਮਹਿਕ ਵਰਗਾ ਮਨੁੱਖ



**ਡਾ. ਤਾਹਿਰ ਮਹਿਮੂਦ**

ਮੰਜਕੀ ਪੰਜਾਬੀ ਸੱਥ ਲਾਂਬੜਾ ਦਾ ਸਾਲਾਨਾ ਸਨਮਾਨ ਸਮਾਰੋਹ 20ਫਰਵਰੀ, 2007 ਨੂੰ ਲਾਂਬੜਾ ਵਿਖੇ ਹੋਇਆ ਸੀ। ਇਸ ਸਮਾਰੋਹ ਤੇ ਜਾਰੀ ਕੀਤਾ ਗਿਆ 'ਯਾਦ ਨਿਸ਼ਾਨੀ ' ਅੰਕ ਕਿਸੇ ਦੋਸਤ ਰਾਹੀਂ ਮੇਰੇ ਤੱਕ ਵੀ ਪਹੁੰਚਿਆ ਸੀ। ਇਸ ਸੱਥ ਦੀਆਂ ਦੂਸਰੀਆਂ ਇਕਾਈਆਂ ਦਾ ਵੇਰਵਾ ਇਸ ਪਰਚੇ ਦੇ ਆਖ਼ਰੀ ਪੰਨੇ ਤੇ ਅੰਕਿਤ ਸੀ, ਜਿਸ ਵਿੱਚ ਇੱਕ ਅਜਿਹਾ ਨਾਮ ਵੀ ਦਰਜ਼ ਸੀ ਜਿਸ ਤੇ ਆ ਕੇ ਮੇਰੀ ਨਿਗਾਹ ਟਿਕ ਗਈ ਸੀ। ਉਹ ਨਾਮ ਸੀ, ਡਾ. ਤਾਹਿਰ ਮਹਿਮੂਦ ਜੋ ਪੰਜਾਬੀ ਸੱਥ ਲਹਿੰਦਾ ਪੰਜਾਬ ਦੇ ਮੁੱਖ ਸੇਵਾਦਾਰ ਵਜੋਂ ਪੰਜਾਬੀ ਮਾਂ ਬੋਲੀ ਨੂੰ ਆਪਣੀ ਬੁੱਕਲ ਵਿੱਚ ਲੈ ਕੇ ਇਸ ਦੇ ਨਿੱਘ ਨੂੰ ਮਾਣ ਰਿਹਾ ਹੈ। ਖ਼ਾਸ ਕਰਕੇ ਜਦੋਂ ਮੈਂ ਡਾਕਟਰ ਸਾਹਿਬ ਨੂੰ ਸਾਂਦਲ ਬਾਰ ਦੇ ਇਲਾਕੇ ਜੜ੍ਹਾਂ ਵਾਲਾ ਦੇ ਨੇੜੇ ਪਿੰਡ ਜੌਹਲ ਦੇ ਵਸਨੀਕ ਹੋਣ ਬਾਰੇ ਪੜ੍ਹਿਆ ਤਾਂ ਉਹਨਾਂ ਪ੍ਰਤੀ ਮੇਰਾ ਮੋਹ ਹੋਰ ਵੀ ਉਛਾਲੇ ਮਾਰ ਉੱਠਿਆ ਕਿਉਂਕਿ ਇਹ ਗੱਲ ਸੀ ਮਿੱਟੀ ਦੇ ਮੋਹ ਦੀ। ਮੇਰਾ ਜਨਮ ਅਸਥਾਨ ਚੱਕ, ਨੰ:75 ਹੈ ਜੋ ਕਿ ਤਹਿਸੀਲ ਜੜ੍ਹਾਂਵਾਲਾ ਵਿੱਚ ਹੀ ਪੈਂਦਾ ਹੈ। ਮੈਗਜ਼ੀਨ ਵਿੱਚ ਦਰਜ਼ ਉਹਨਾਂ ਦੇ ਸੈੱਲ ਫੋਨ ਨੰ: 'ਤੇ ਮੈਂ ਉਹਨਾਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਪੂਰੀ ਨਾ ਹੋ ਸਕੀ।

ਸਮੇਂ ਦੀ ਚਾਲ ਨਹੀਂ ਰੁੱਕਦੀ। ਤਾਹਿਰ ਸਾਹਿਬ ਨਾਲ ਮੈਂ ਮਿਲਣ ਲਈ ਉਤਾਵਲਾ ਸਾਂ ਕਿ ਇਸੇ ਦੌਰਾਨ ਮਹਾਰਾਜਾ ਰਣਜੀਤ ਸਿੰਘ ਜੀ ਦੀ 168ਵੀਂ ਬਰਸੀ ਦੇ ਮੌਕੇ ਇੱਕ ਯਾਤਰੂ ਜਥਾ ਪਾਕਿਸਤਾਨ ਜਾਣਾ ਸੀ। ਮੈਂ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਰਾਹੀਂ ਵੀਜ਼ੇ ਲਈ ਆਪਣਾ ਪਾਸ ਪੋਰਟ ਭੇਜ ਦਿੱਤਾ। ਵੀਜ਼ਾ ਲੱਗ ਜਾਣ ਤੇ ਮਿਤੀ 21ਜੂਨ,2007 ਨੂੰ ਨਨਕਾਣਾ ਸਾਹਿਬ ਲਈ ਰਵਾਨਾ ਹੋ ਗਏ ਸੀ। ਇਸ ਯਾਤਰਾ ਤੇ ਜਾਣ ਤੋਂ ਪਹਿਲਾਂ ਮੈਂ 'ਪੰਜਾਬੀ ਸੱਥ ਲਾਂਬੜਾ' ਦੇ ਕਾਰਕੁੰਨ ਡਾ. ਨਿਰਮਲ ਸਿੰਘ ਜੀ ਨੂੰ ਬੇਨਤੀ ਕੀਤੀ ਸੀ ਕਿ ਉਹ ਤਾਹਿਰ ਸਾਹਿਬ ਨੂੰ ਮੇਰੀ ਪਾਕਿਸਤਾਨ ਆਮਦ ਬਾਰੇ ਸੂਚਿਤ ਕਰ ਕੇ ਮੈਨੂੰ ਲਾਹੌਰ ਮਿਲਣ ਲਈ ਕਹਿ ਦੇਣ। ਉਨ੍ਹਾਂ ਨੇ ਮੇਰਾ ਇਹ ਕੰਮ ਕਰ ਦਿੱਤਾ ਸੀ,ਜਿਸ ਲਈ ਮੈਂ ਉਨ੍ਹਾਂ ਦਾ ਰਿਣੀਂ ਹਾਂ।

ਮਿਤੀ 29-06-2007 ਨੂੰ ਮੈਂ ਤਾਹਿਰ ਜੀ ਨੂੰ ਆਪਣੇ ਸੈਲ ਫੋਨ ਤੇ ਲਾਹੌਰ ਆ ਕੇ ਮਿਲਣ ਲਈ ਬੇਨਤੀ ਕੀਤੀ ਸੀ,ਜਿਸ ਦੇ ਉੱਤਰ ਵਿੱਚ ਉਨ੍ਹਾਂ ਨੇ ਮੈਨੂੰ ਮਿਲਣ ਦਾ ਵਾਅਦਾ ਕੀਤਾ ਸੀ। ਅੱਜ ਮਹਾਰਾਜਾ ਰਣਜੀਤ ਸਿੰਘ ਜੀ ਦੀ ਬਰਸੀ ਦੇ ਸਬੰਧ ਵਿੱਚ ਰੱਖੇ ਹੋਏ ਅਖੰਡ ਪਾਠ ਦਾ ਭੋਗ ਵੀ ਪੈਣਾ ਸੀ ਅਤੇ ਬਾਰਸ਼ ਵੀ ਜ਼ੋਰਾਂ ਦੀ ਹੋ ਰਹੀ ਸੀ। ਕਾਫੀ ਦੇਰ ਤੱਕ ਜਦੋਂ ਤਾਹਿਰ ਜੀ ਨਾ ਆਏ ਤਾਂ ਮੈਂ ਦੁਬਾਰਾ ਉਨ੍ਹਾਂ ਨੂੰ ਫੋਨ ਕੀਤਾ ਜਿਸ ਤੇ ਉਨ੍ਹਾਂ ਦੱਸਿਆ ਕਿ ਉਹ ਮਿਲਣ ਲਈ ਚੱਲੇ ਹੋਏ ਹਨ ਪਰ ਬਾਰਸ਼ ਕਰਕੇ ਰਸਤੇ ਵਿੱਚ ਫਸੇ ਹੋਏ ਹਨ। ਅਖ਼ੀਰ ਲੱਗਭੱਗ ਇਕ ਵਜੇ ਮੈਂ ਉਨ੍ਹਾਂ ਦੇ ਵਿੱਚਇੰਤਜ਼ਾਰ ਵਿੱਚ ਗੁਰਦੁਆਰਾ ਡੇਰਾ ਸਾਹਿਬ ਦੇ ਬਾਹਰ ਆ ਕੇ ਖੜਾ ਹੋ ਗਿਆ ਸੀ। ਇਸ ਸਮੇਂ ਬਾਰਸ਼ ਵੀ ਰੁਕ ਗਈ ਸੀ। ਮੈਂ ਉਨ੍ਹਾਂ ਨੂੰ ਪਹਿਚਾਣ ਸਕਦਾ ਸੀ ਕਿਉਂਕਿ ਮੈਂ ਉਨ੍ਹਾਂ ਦੇ ਅਜੀਤ ਅਖ਼ਬਾਰ ਵਿੱਚ ਬਾਬਾ ਬੁਲ੍ਹੇ ਸ਼ਾਹ ਸਬੰਧੀ ਛਪੇ ਲੇਖ **'ਬੁਲ੍ਹੇ ਸ਼ਾਹ ਅਸੀਂ ਮਰਨਾ ਨਾਹੀ'**ਨਾਲ ਛਪੀ ਹੋਈ ਤਸਵੀਰ ਵੇਖੀ ਹੋਈ ਸੀ। ਪਰ ਉਸ ਲਈ ਅਜਿਹਾ ਸੰਭਵ ਨਹੀਂ ਸੀ ਕਿਉਂਕਿ ਉਨ੍ਹਾਂ ਨੇ ਮੈਨੂੰ ਪਹਿਲੀ ਵਾਰ ਮਿਲਣਾ ਸੀ।

ਕੋਈ ਡੇਢ ਵਜੇ ਦੇ ਕਰੀਬ ਮੇਰੇ ਸੈਲਫੋਨ ਦੀ ਘੰਟੀ ਵੱਜੀ, ਇਹ ਤਾਹਿਰ ਹੀ ਬੋਲ ਰਿਹਾ ਸੀ। ਮੈਂ ਆਪਣੀ ਪਿੱਠ ਘੁੰਮਾ ਕੇ ਵੇਖਿਆ ਕਿ ਉਹ ਮੇਰੇ ਤੋਂ ਕੋਈ ਪੰਜਾਹ ਕੁ ਕਦਮਾਂ ਦੀ ਵਿੱਥ ਤੇ ਖੜਾ ਮੈਨੂੰ ਫੋਨ ਕਰ ਰਿਹਾ ਸੀ ਅਤ ਮੇਰੀ ਮੌਜੂਦਗੀ ਬਾਰੇ ਪੁੱਛ ਰਿਹਾ ਸੀ ਕਿ ਮੈਂ ਕਿੱਥੇ ਕੁ ਹਾਂ? "ਤਾਹਿਰ ਸਾਹਿਬ! ਮੈਂ ਤੁਹਾਡੇ ਨੇੜੇ ਹੀ ਖੜਾ ਹਾਂ।" ਮੈਂ ਉਸ ਨੂੰ ਦੱਸਿਆ ਕਿ ਮੈਂ ਉਸ ਨੂੰ ਵੇਖ ਲਿਆ ਹੈ,ਉਹ ਫੋਨ ਬੰਦ ਕਰ ਦੇਵੇ। ਮੈਂ ਉਸ ਦੇ ਨੇੜੇ ਜਾ ਕੇ ਉਸ ਨੂੰ ਜੱਫੀ ਪਾ ਲਈ। ਸਰੂ ਕੱਦ,ਛੇ ਫੁੱਟ ਲੰਮਾ, ਭਰਵਾਂ ਤੇ ਗੁੰਦਿਆ ਹੋਇਆ ਸਰੀਰ, ਖੁੱਲ੍ਹੀ ਡੀਲ-ਡੌਲ, ਕਾਲੇ ਸੂਫ਼ ਦੀ ਸਲਵਾਰ ਕਮੀਜ਼ ਪਾਈ ਅਤੇ ਅੱਖਾਂ ਤੇ ਕਾਲੀਆਂ

ਐਨਕਾਂ ਲਾਈ ਇੱਕ ਜਵਾਨ ਜੋ ਵਾਕਿਆ ਹੀ ਮਾਂ ਪਮਝਾਬੀ ਦਾ ਪੁੱਤਰ ਲੱਗਦਾ ਸੀ, ਖੜਾ ਸੀ। ਉਸ ਨੇ ਗਲ ਵਿੱਚ ਇੱਕ ਖੱਟਾ ਪਰਨਾ ਵੀ ਪਾਇਆ ਹੋਇਆ ਸੀ। ਉਸਨੇ ਮੇਰੇ ਪੁੱਛਣ ਤੇ ਦੱਸਿਆ ਕਿ ਉਹ ਜਦੋਂ ਪਿਛਲੀ ਵਾਰ ਹਿੰਦੁਸਤਾਨ ਆਇਆ ਸੀ ਤਾਂ ਹਰਿਮੰਦਰ ਸਾਹਿਬ ਅੰਮ੍ਰਿਤਸਰ ਮੱਥਾ ਟੇਕਣ ਗਿਆ ਸੀ ਜਿੱਥੇ ਉਸ ਨੂੰ ਸਿਰੋਪਾਓ ਮਿਲਿਆ ਸੀ ਜਿਸ ਨੂੰ ਉਹ ਬੜੀ ਸ਼ਰਧਾ ਨਾਲ ਆਪਣੇ ਗਲੇ ਵਿੱਚ ਰੱਖਦਾ ਹੈ। ਉਸ ਦਾ ਆਪਾ ਇੱਕ ਸੰਦਲ ਦੇ ਰੁੱਖ ਵਾਂਗ ਮਹਿਕਦਾ ਹੋਇਆ ਮਹਿਸੂਸ ਹੁੰਦਾ ਸੀ। ਉਸ ਦੀ ਬੋਲੀ 'ਚੋਂ ਠੇਠਤਾ ਫੁੱਟ ਫੁੱਟ ਪੈਂਦੀ ਸੀ। ਉਹ ਮਾਂ ਬੋਲੀ ਦੇ ਦੁੱਧ ਦਾ ਮੁੱਲ ਅਸਲੀ ਅਰਥਾਂ ਵਿੱਚ ਤਾਰ ਰਿਹਾ ਮਹਿਸੂਸ ਹੁੰਦਾ ਸੀ। ਉਸ ਦੇ ਬੋਲਾਂ ਵਿੱਚੋਂ ਪੰਜਾਬੀ ਹੋਣ ਦਾ ਫ਼ਖ਼ਰ ਸਾਫ਼ ਝਲਕਦਾ ਸੀ,ਜਿਸ ਨੇ ਮਾਂ ਬੋਲੀ ਦਾ ਪੱਲਾ ਪੱਕੇ ਹੱਥੀਂ ਫੜ੍ਹਿਆ ਹੋਇਆ ਸੀ।

ਬਾਰਸ਼ ਜ਼ਿਆਦਾ ਹੋ ਜਾਣ ਕਾਰਨ ਸਾਰਾ ਆਲਾ ਦੁਆਲਾ ਗਿੱਲਾ ਹੋ ਗਿਆ ਸੀ। ਪਹਿਲਾਂ ਤਾਂ ਮਨ ਸੀ ਕਿ ਮਿਨਾਰੇ ਪਾਕਿਸਤਾਨ ਦੀ ਪਾਰਕ ਵਿੱਚ ਬੈਠ ਕੇ ਇੱਕ ਦੂਸਰੇ ਨਾਲ ਦਿੱਲ ਸਾਂਝਾ ਕਰਾਂਗੇ ਪਰ ਪਾਰਕ ਦਾ ਘਾਹ ਗਿੱਲਾ ਹੋਣ ਕਰਕੇ ਇਹ ਸੰਭਵ ਨਹੀਂ ਸੀ। ਅਸੀਂ ਦੋਵੇ ਹੀ ਇੱਕ ਚਾਹ ਵਾਲੀ ਦੁਕਾਨ ਵਿੱਚ ਜਾ ਵੜੇ। ਇਹ ਦੁਕਾਨ ਵੀ ਕੋਈ ਖ਼ਾਸ ਨਹੀਂ ਸੀ ਪਰ ਸਾਡੇ ਬੈਠਣ ਲਈ ਇਸ ਤੋਂ ਵਧੀਆ ਥਾਂ ਸ਼ਾਇਦ ਹੋਰ ਕਿਧਰੇ ਨਹੀਂ ਸੀ ਮਿਲ ਸਕਦੀ,ਕਿਉਂਕਿ ਇਸ ਵਿੱਚ ਵਿਹਲ ਸੀ ਅਤੇ ਗਾਹਕ ਵੀ ਕੋਈ ਨਹੀਂ ਸੀ। ਰਵਾਇਤੀ ਦੁਆ-ਸਲਾਮ ਤਾਂ ਅਸੀਂ ਪਹਿਲਾਂ ਹੀ ਕਰ ਚੁੱਕੇ ਸਾਂ। ਅਸੀਂ ਦੁਕਾਨ ਵਿੱਚ ਇੱਕ ਬੈਂਚ ਤੇ ਬੈਠ ਇੱਕ ਦੂਸਰੇ ਨਾਲ ਆਪੋ ਆਪਣੇ ਮਨ ਦੀਆਂ ਗਠੜੀਆਂ ਖੋਲ੍ਹ ਕੇ ਗੱਲਾਂ ਕਰਨ ਲੱਗ ਪਏ। ਗੱਲਾਂ-ਗੱਲਾਂ ਵਿੱਚ ਹੀ ਮੈ ਉਸ ਨਾਲ ਗਿਲ੍ਹਾ ਕੀਤਾ ਕਿ ਆਪਾਂ ਪੰਜਾਬੀ ਬੋਲ ਕੇ ਤਾਂ ਆਪਣੇ ਖ਼ਿਆਲ ਸਾਂਝੇ ਕਰ ਸਕਦੇ ਹਾਂ ਪਰ ਲਿਖਤਾਂ ਤੋ ਮਾਰ ਖਾ ਜਾਂਦੇ ਹਾਂ। ਅਸੀਂ ਪੰਜਾਬੀ ਗੁਰਮੁਖੀ ਲਿੱਪੀ ਵਿੱਚ ਲਿਖਦੇ ਹਾਂ ਜਦੋਂ ਕਿ ਤੁਸੀ ਬੇਸ਼ਕ ਬੋਲਦੇ ਪੰਜਾਬੀ ਹੀ ਹੋ ਪਰ ਲਿਖਣ ਵੇਲੇ ਸ਼ਾਹਮੁਖੀ ਵਿੱਚ ਲਿਖਦੇ ਹੋ। ਮੈਂ ਆਪਣੀ ਕਵਿਤਾ ਦੀ ਲਿਖੀ ਹੋਈ ਕਿਤਾਬ 'ਪ੍ਰਵਾਜ਼' ਦੀਆਂ ਕੁਝ ਕਾਪੀਆਂ ਨਾਲ ਲਿਆਦੀਆਂ ਹੋਈਆਂ ਹਨ ਤੁਹਾਡੇ ਲਈ,ਪਰ ਇੱਧਰ ਤਾਂ ਕੋਈ ਗੁਰਮੁਖੀ ਹੀ ਨਹੀਂ ਜਾਣਦਾ। ਉਸ ਨੇ ਮੇਰੇ ਹੱਥੋਂ ਮੇਰੀ ਕਿਤਾਬ ਲੈ ਕੇ ਮੈਨੂੰ ਇਹ ਦੱਸ ਕੇ ਹੈਰਾਨ ਕਰ ਦਿੱਤਾ ਕਿ ਉਹ ਗੁਰਮੁਖੀ ਪੜ੍ਹ ਲੈਂਦਾ ਹੈ। ਮੈਂ ਉਸ ਨੂੰ ਆਪਣੀ ਪੁਸਤਕ ਪਿਆਰ ਭੇਟਾ ਕਰ ਕੇ ਅਥਾਹ ਪ੍ਰਸੰਨ ਹੋਇਆ ਸੀ। ਮੇਰੇ ਵੱਲੋਂ ਉਸ ਨੂੰ ਪੁੱਛੇ ਗਏ ਸੁਆਲ ਪੰਜਾਬੀ ਬੋਲੀ ਦੇ ਆਲੇ-ਦੁਆਲੇ ਹੀ ਘੁੰਮਦੇ ਸਨ। ਉਸ ਦੀ ਪੰਜਾਬੀ ਜ਼ਬਾਨ ਸਬੰਧੀ ਸੋਚ,ਖਿਆਲਾਂ ਦੀ ਦ੍ਰਿੜਤਾ ਅਤੇ ਕੁਝ ਗਿਲ੍ਹੇ ਸ਼ਿਕਵੇ ਜੋ ਉਸ ਨੇ ਮੇਰੇ ਨਾਲ ਇਸ ਇੰਟਰਵਿਊ ਵਿੱਚ ਸਾਂਝੇ ਕੀਤੇ ਸਨ, ਉਹ ਪਾਠਕਾਂ ਦੇ ਰੂ-ਬ-ਰੂ ਕਰ ਰਿਹਾ ਹਾਂ ਜਿਸ ਵਿੱਚੋਂ ਉਸ ਦਾ ਮਾਂ ਬੋਲੀ ਪੰਜਾਬੀ ਪ੍ਰਤੀ ਪਿਆਰ ਝਲਕਦਾ ਹੈ।

**ਸੁਆਲ:**- ਤਾਹਿਰ ਜੀ ਕੀ ਤੁਸੀਂ ਆਪਣੇ ਜਨਮ ਅਤੇ ਪ੍ਰੀਵਾਰ ਸਬੰਧੀ ਕੁਝ ਦੱਸੋਗੇ?

**ਜੁਆਬ:**- ਮੇਰਾ ਜਨਮ ਪਹਿਲੀ ਜਨਵਰੀ 1956 ਨੂੰ ਜ਼ਿਲ੍ਹਾ ਲਾਇਲਪੁਰ,ਜਿਸ ਨੂੰ ਹੁਣ ਫੈਸਲਾਬਾਦ ਕਿਹਾ ਜਾਂਦਾ ਹੈ ਦੇ ਪਿੰਡ 'ਜੌਹਲ' ਚੱਕ ਨੰ: 97/RB. ਪਾਕਿਸਤਾਨ ਵਿੱਚ ਹੋਇਆ ਹੈ। ਮੇਰੇ ਤਿੰਨ ਭਰਾ ਅਤੇ ਇੱਕ ਭੈਣ ਹੈ। ਮੈਂ ਸਭ ਤੋਂ ਵੱਡਾ ਹਾਂ। ਮੇਰੇ ਬਾਪੂ (ਪਿਤਾ ਜੀ) ਜੀ ਆਪਣੇ ਮਾਪਿਆਂ ਦੇ ਇੱਕਲੌਤੇ ਪੁੱਤਰ ਹਨ। ਮੇਰੀਆਂ ਦੋ ਫੁੱਫੀਆਂ (ਭੂਆ) ਹਨ। ਮੇਰੇ ਬਾਪੂ ਜੀ ਪਾਕਿਸਤਾਨ ਏਅਰ ਫੋਰਸ ਵਿੱਚੋਂ ਉੱਚ ਅਹੁਦੇ ਤੋਂ ਰੀਟਾਇਰ ਹੋਏ ਹਨ। ਘਰ ਵਿੱਚ ਹੋਰ ਕੋਈ ਛੋਟਾ ਬਾਲ ਨਹੀਂ ਸੀ। ਘਰ ਵਿੱਚ ਦਿਲ ਲਾਉਣ ਅਤੇ ਰੌਣਕ ਲਈ ਮੈਨੂੰ ਮੇਰੇ ਦਾਦਾ ਜੀ ਅਤੇ ਦਾਦੀ ਜੀ ਨੇ ਆਪਣੇ ਕੋਲ ਰੱਖਿਆ ਤੇ ਪਾਲਿਆ ਪੋਸਿਆ ਸੀ। ਪੰਜਾਬ,ਪੰਜਾਬੀ ਅਤੇ ਪੰਜਾਬੀਅਤ ਨਾਲ ਪਿਆਰ ਮੈਨੂੰ ਆਪਣੇ ਦਾਦਾ ਜੀ ਕੋਲੋਂ ਵਿਰਸੇ ਵਿੱਚ ਹੀ ਮਿਲਿਆ ਹੈ।

ਜਦੋਂ ਮੇਰੇ ਦਾਦਾ ਜੀ ਪੈਲੀਆਂ ਨੂੰ ਪਾਣੀ ਲਾਉਣ ਜਾਂਦੇ ਹੁੰਦੇ ਸਨ ਤਾਂ ਉਹ ਮੈਨੂੰ ਆਪਣੇ ਨਾਲ ਲੈ ਜਾਇਆ ਕਰਦੇ ਸਨ। ਮੁਰੱਬੇ ਨੂੰ ਜਾਂਦਿਆ ਹੋਇਆਂ ਉਹਨਾਂ ਦੇ ਮੋਢੇ ਤੇ ਕਹੀ ਤੇ ਮੇਰੇ ਹੱਥ ਵਿੱਚ ਲਾਲਟੈਣ ਹੁੰਦੀ ਸੀ। ਆਪਣੀ ਵਾਰੀ ਦਾ ਪਾਣੀ ਬੰਨ੍ਹ ਕੇ ਤੇ ਕਿਸੇ ਕਿੱਲੇ ਨੂੰ ਨੱਕਾ ਮੋੜ ਕੇ ਅਸੀਂ ਖਾਲ ਦੀ ਵੱਟ ਤੇ ਬਹਿ ਜਾਂਦੇ ਅਤੇ ਗੱਲਾਂ-ਬਾਤਾਂ ਕਰਨ ਲੱਗ ਪੈਂਦੇ। ਪੰਜਾਬ ਦੀ ਵੰਡ,ਉਸ ਸਮੇਂ ਝੁੱਲੀ ਲਾਲ ਹਨੇਰੀ ਤੇ ਮੋਇਆਂ ਵਿੱਛੜਿਆਂ ਦੀਆਂ ਗੱਲਾਂ। ਮੇਰਾ ਦਾਦਾ ਭਾਵੁਕ ਹੋ ਜਾਂਦਾ। ਉਸ ਦੀਆਂ ਅੱਖਾਂ 'ਚੋਂ ਸਾਉਣ-ਭਾਦੋਂ ਦੀ ਝੜੀ ਲੱਗ ਜਾਂਦੀ। ਮੈਂ ਹਾਲੇ ਬਹੁਤ ਛੋਟਾ ਸਾਂ। ਮੈਨੂੰ ਉਹਨਾਂ ਦੇ ਰੋਣ ਦੇ ਕਾਰਨ ਦੀ ਸਮਝ ਨਹੀਂ ਸੀ ਆਉਂਦੀ। ਫੇਰ ਹੌਲੀ ਹੌਲੀ ਮੈਂ ਵੱਡਾ ਹੁੰਦਾ ਗਿਆ। ਮੈਨੂੰ ਉਹਨਾਂ ਦੇ ਰੋਣ ਦੇ ਕਾਰਨ ਦੀ ਸਮਝ ਆਉਣ ਲੱਗ ਪਈ। ਫੇਰ ਮੈਂ ਵੀ ਆਪਣੇ ਦਾਦੇ ਨਾਲ ਰੋਣ ਲੱਗ ਪਿਆ।

ਮੈਂ ਪੰਜਾਬ ਦੀ ਵੰਡ ਤੇ ਉਸ ਦੀ ਬਰਬਾਦੀ ਨੂੰ ਬਹੁਤ ਮਹਿਸੂਸ ਕੀਤਾ। ਲੱਖਾਂ ਪੰਜਾਬੀਆਂ ਦੇ ਕਤਲ ਅਤੇ ਉਜਾੜੇ ਮੇਰੀ ਰੂਹ ਦਾ ਜ਼ਖ਼ਮ ਬਣ ਗਏ। ਮੈਂ ਬਚਪਨ (ਬਾਲ ਪੁਣਾ) ਤੋਂ ਹੀ ਮਨ ਬਣਾ ਲਿਆ ਸੀ ਕਿ ਟੁੱਟੇ ਹੋਏ ਪੰਜਾਬ ਅਤੇ ਪੰਜਾਬੀਆਂ ਦੇ ਦਿਲਾਂ ਨੂੰ ਜੋੜਨ ਲਈ ਸਾਰੀ ਜ਼ਿੰਦਗੀ ਸੰਘਰਸ਼ ਕਰਾਂਗਾ,ਆਪਣੀ ਕਲਮ ਨਾਲ,ਆਪਣੇ ਇਲਮ ਨਾਲ,ਆਪਣੇ ਜ਼ਿਹਨ ਅਤੇ ਜ਼ਮੀਰ ਦੀ ਪੂਰੀ ਤਾਕਤ ਨਾਲ। ਮੇਰੀ ਜ਼ਿੰਦਗੀ ਦੀ

ਬੱਸ ਇਹੋ ਇੱਕ ਮੰਜ਼ਿਲ ਹੈ ਕਿ ਪੰਜਾਬ ਇੱਕ ਹੋ ਜਾਏ। ਅਸੀਂ ਟੁੱਟੇ ਹੋਏ ਜੁੜ ਜਾਈਏ। ਅਸੀਂ ਇੱਕ ਸਾਂ ਤੇ ਇੱਕ ਹੋ ਜਾਈਏ।

**ਸੁਆਲ:**- ਕੀ ਤੁਸੀਂ ਆਪਣੀ ਵਿਦਿਅਕ ਯੋਗਤਾ ਤੇ ਵੀ ਚਾਨਣਾ ਪਾਓਗੇ ਕਿ ਤੁਹਾਡੀ ਵਿਦਿਅਕ ਯੋਗਤਾ ਕੀ ਹੈ ਅਤੇ ਤੁਸੀਂ ਕਿੱਥੋਂ ਕਿੱਥੋਂ ਪ੍ਰਾਪਤ ਕੀਤੀ ਹੈ?

**ਜੁਆਬ:-** ਮਿਡਲ ਤੱਕ ਤਾਲੀਮ ਆਪਣੇ ਪਿੰਡ ਦੇ ਸਕੂਲ ਤੋਂ ਹੀ ਹਾਸਲ (ਪ੍ਰਾਪਤ) ਕੀਤੀ। ਮੈਟ੍ਰਿਕ (ਦਸਵੀਂ) ਮੈਂ ਕਰਾਚੀ 'ਪਾਕਿਸਤਾਨ ਏਅਰ ਫੋਰਸ ਦੇ ਸਕੂਲ ਤੋਂ ਪਾਸ ਕੀਤਾ। ਐਫ. ਐਸ.ਸੀ. ਇਸਲਾਮੀਆਂ ਕਾਲਜ ਫੈਸਲਾਬਾਦ ਅਤੇ ਬੀ.ਐਸ.ਸੀ.(ਐਨੀਮਲ ਸਾਇੰਸ/ਜਾਨਵਰਾਂ ਬਾਰੇ) ਖ਼ੇਤੀ-ਬਾੜੀ ਯੂਨੀਵਰਸਿਟੀ ਫੈਸਲਾਬਾਦ ਤੋਂ ਕੀਤੀ। ਗੁਰਮੁੱਖੀ ਮੈਂ ਨਨਕਾਣਾ ਸਾਹਿਬ ਦੇ ਇੱਕ ਸਿੱਖ ਵਿਅਕਤੀ ਦਯਾ ਸਿੰਘ ਤੋਂ ਸਿੱਖੀ,ਜਿਸ ਦੀ ਕਰਿਆਨੇ ਦੀ ਦੁਕਾਨ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੇ ਕੋਲ ਹੀ ਹੈ।

**ਸੁਆਲ:**- ਹੁਣ ਕੁਝ ਆਪਣੀ ਵਿਆਹੁਤਾ ਜਿੰਦਗੀ ਬਾਰੇ ਵੀ ਦੱਸੋ?

**ਜੁਆਬ:**- ਮੈਂ ਆਪਣੀ ਮਨ-ਪਸੰਦ ਦੀ ਸ਼ਾਦੀ ਕਰਵਾਈ ਹੈ। ਪਰ ਕੀਤੀ ਸਾਡੇ ਦੋਹਾਂ ਦੇ ਮਾਪਿਆਂ ਦੀ ਆਪਸੀ ਰਜ਼ਾਮੰਦੀ ਤੇ ਸਹਿਮਤੀ ਨਾਲ ਹੀ ਸੀ। ਮੇਰੇ ਲਿਖਾਰੀ ਬਣਨ ਵਿੱਚ ਮੇਰੀ ਘਰ ਵਾਲੀ ਦਾ ਬਹੁਤ ਹੱਥ ਹੈ। ਇਸ ਰਾਹ ਵਿੱਚ ਉਸ ਨੇ ਮੇਰਾ ਪੂਰਾ ਪੂਰਾ ਸਾਥ ਦਿੱਤਾ ਹੈ।

**ਸੁਆਲ:**- ਪੜ੍ਹਾਈ ਪੂਰੀ ਕਰਨ ਉਪਰੰਤ ਤੁਸੀਂ ਕਿਹੜੇ ਕਿਹੜੇ ਕਿੱਤੇ ਵਿੱਚ ਰਹੇ ਅਤੇ ਅੱਜ ਕੱਲ੍ਹ ਕੀ ਕਰ ਰਹੇ ਹੋ?

**ਜੁਆਬ:**- ਪੜ੍ਹਾਈ ਪੂਰੀ ਕਰਨ ਉਪਰੰਤ ਮੈਂ ਸਰਕਾਰੀ ਨੌਕਰੀ ਕਰ ਲਈ ਤੇ ਨੌਕਰੀ ਦੌਰਾਨ ਹੀ ਮੈਨੂੰ ਪੂਰਾ ਪੰਜਾਬ (ਲਹਿੰਦਾ ਪੰਜਾਬ)ਵੇਖਣ ਦਾ ਮੌਕਾ ਮਿਲਿਆ। ਮੈਂ 50 ਸਾਲ ਦੀ ਉਮਰ ਵਿੱਚ ਹੀ ਰੀਟਾਇਰਮੈਂਟ ਲੈ ਲਈ ਹੈ ਹਾਲਾਂਕਿ ਮੈਂ ਹੋਰ 10 ਸਾਲ ਨੌਕਰੀ ਕਰ ਸਕਦਾ ਸਾਂ। ਦਰ ਅਸਲ ਇਹ ਸਰਕਾਰੀ ਨੌਕਰੀ ਮੇਰੀ ਸਾਹਿਤਕ ਜਿੰਦਗੀ ਦੇ ਸਫਰ ਅੱਗੇ ਇੱਕ ਕੰਧ ਬਣ ਕੇ ਖਲੋ ਗਈ ਸੀ। ਇਸ ਵਾਸਤੇ ਮੈਂ ਆਪਣੀ ਗ਼ਜ਼ਟਿਡ ਨੌਕਰੀ ਦੀ ਕੁਰਬਾਨੀ ਦੇ ਕੇ ਇਸ ਕੰਧ ਨੂੰ ਢਾਹ ਦਿੱਤਾ। ਬਹਰ ਹਾਲ ਮੈਨੂੰ ਪੈਨਸ਼ਨ ਤੇ ਗਰੈਚੂਇਟੀ ਮਿਲ ਗਈ ਹੈ। ਹਾਲੇ ਮੈਂ ਸਾਲ ਦੀ ਛੁੱਟੀ ਤੇ ਹਾਂ,ਇਸ ਤੋਂ ਬਾਅਦ ਸਾਰਾ ਹਿਸਾਬ-ਕਿਤਾਬ ਹੋਵੇਗਾ। ਹੁਣ ਮੈਂ ਡੰਗਰ ਦੇ ਡਾਕਟਰ ਦੇ ਤੌਰ ਤੇ ਪ੍ਰਾਈਵੇਟ ਪ੍ਰੈਕਟਿਸ ਹੀ ਕਰ ਰਿਹਾ ਹਾਂ। ਇਸ ਦੇ ਨਾਲ ਨਾਲ ਹਿੰਦੁਸਤਾਨ-ਪਾਕਿਸਤਾਨ ਦੋਸਤੀ ਤੇ ਲਿਖ ਵੀ ਰਿਹਾ ਹਾਂ।

**ਸੁਆਲ**:- ਤੁਸੀਂ ਵਾਰਤਿਕ ਲਿਖਾਰੀ ਹੋ ਜਾਂ ਕਵਿਤਾ ਵੀ ਲਿਖਦੇ ਹੋ ?

**ਜੁਆਬ:**- ਮੈਂ ਕਵਿਤਾ ਨਹੀਂ ਲਿਖਦਾ ਕੇਵਲ ਵਾਰਤਿਕ ਹੀ ਲਿਖਦਾ ਹਾਂ।

**ਸੁਆਲ**:- ਕੀ ਤੁਹਾਡੀ ਕੋਈ ਕਿਤਾਬ ਵੀ ਪ੍ਰਕਾਸ਼ਿਤ ਹੋਈ ਹੈ ?

**ਜੁਆਬ:**- ਮੇਰੀ ਕਿਤਾਬ **'ਖੇਡਣ ਦੇ ਦਿਨ ਚਾਰ'** ਛਪਣ ਲਈ ਤਿਆਰ ਹੈ ਜੋ ਲਹਿੰਦੇ ਅਤੇ ਚੜ੍ਹਦੇ ਪੰਜਾਬ 'ਚ ਸ਼ਾਹਮੁਖੀ ਤੇ ਗੁਰਮੁਖੀ ਜਬਾਨ 'ਚ ਛਪੇਗੀ। ਹਕ ਬਾਹੂ ਅਤੇ ਉਹਨਾਂ ਦੀਆਂ ਕਵਿਤਾਵਾਂ ਬਾਰੇ ਮੇਰੀ ਅਣਛਪੀ ਕਿਤਾਬ 'ਚੋਂ ਆਰਟੀਕਲਜ਼ 'ਅਜੀਤ ਅਖ਼ਬਾਰ' ਵਿੱਚ ਲੜੀਵਾਰ ਡੇਢ੍ਹ ਸਾਲ ਤੱਕ ਛਪਦੇ ਰਹੇ ਸਨ, ਜਿਨ੍ਹਾਂ ਨੂੰ ਅਜੀਤ ਦੇ ਪਾਠਕਾਂ ਨੇ ਬਹੁਤ ਪਸੰਦ ਕੀਤਾ ਸੀ। ਇਸ ਨੂੰ ਚੜ੍ਹਦੇ ਪੰਜਾਬ ਵਿੱਚ ਕਿਤਾਬੀ (ਪੁਸਤਕ) ਸ਼ਕਲ ਵਿੱਚ ਰਲੀਜ਼ ਕਰਨ ਦੀ ਕੋਸ਼ਿਸ਼ ਕਰਾਂਗਾ। 'ਮਿਰਜਾ ਜੱਟ' ਅਤੇ 'ਹੀਰ ਰਾਂਝਾ' ਤੇ ਵੀ ਰੀਸਰਚ ਪੇਪਰ ਲਿਖ ਰਿਹਾ ਹਾਂ ਜੋ ਪਾਠਕਾਂ ਨੂੰ ਇਹਨਾਂ ਕਹਾਣੀਆਂ ਬਾਰੇ ਪੂਰੀ ਪੂਰੀ ਜਾਣਕਾਰੀ ਦੇਣਗੇ।

**ਸੁਆਲ:-** ਜਿੱਥੋਂ ਤੱਕ ਮੇਰੀ ਜਾਣਕਾਰੀ ਹੈ ਤੁਸੀਂ ਗੁਰਮੁਖੀ ਭਾਸ਼ਾ ਵਿੱਚ ਲਿਖਦੇ ਹੋ ਜਦੋਂ ਕਿ ਪਾਕਿਸਤਾਨ ਵਿੱਚ ਇਸ ਭਾਸ਼ਾ ਦੇ ਪਾਠਕ ਆਟੇ ਵਿੱਚ ਲੂਣ ਦੇ ਬਰਾਬਰ ਹਨ ਅਤੇ ਉਰਦੂ ਭਾਸ਼ਾ ਪ੍ਰਧਾਨ ਹੈ। ਤੁਸੀ ਇਸ ਤਰ੍ਹਾਂ ਕਰ ਕੇ ਕਿਹੋ ਜਿਹਾ ਦਿਲੀ ਸਕੂਨ ਮਹਿਸੂਸ ਕਰਦੇ ਹੋ ?

**ਜੁਆਬ:**-ਜਿਵੇਂ ਕਿ ਮੈਂ ਪਹਿਲਾਂ ਵੀ ਦੱਸ ਚੁਕਿਆ ਹਾਂ ਕਿ ਗੁਰਮੁਖੀ ਮੈਂ ਨਨਕਾਣਾ ਸਾਹਿਬ ਤੋਂ ਸਿੱਖੀ ਸੀ। ਦਰਅਸਲ ਗੁਰਮੁੱਖੀ ਲਿੱਪੀ ਹੀ ਪੰਜਾਬੀ ਲਿਖਣ ਲਈ ਮੁਨਾਸਬ ਤੇ ਫਿੱਟ ਹੈ। ਦੂਜਾ ਮੈਂ ਆਪਣੇ ਜਜ਼ਬਾਤ ਆਪਣੀਆਂ ਲਿਖਤਾਂ ਰਾਹੀਂ ਚੜ੍ਹਦੇ ਪੰਜਾਬ ਪਹੁੰਚਾਣਾ ਚਾਹੁੰਦਾ ਸਾਂ ਇਸ ਲਈ ਗੁਰਮੁਖੀ ਲਿੱਪੀ ਸਿੱਖਣਾ ਮੇਰੇ ਲਈ ਬਹੁਤ ਜ਼ਰੂਰੀ ਹੋ ਗਿਆ ਸੀ। ਮੈਂ ਇਸ ਨੂੰ ਸਿੱਖਣ ਵਿੱਚ ਕਾਮਯਾਬ ਵੀ ਹੋਇਆ। ਮੈਨੂੰ ਆਪਣੀ ਸਫਲਤਾ ਤੇ ਬਹੁਤ ਫਖ਼ਰ ਹੈ।

**ਸੁਆਲ:**- ਮੈਂ ਤੁਹਾਡਾ ਇੱਕ ਲੇਖ 'ਬੁਲ੍ਹੇ ਸ਼ਾਹ ਅਸਾਂ ਮਰਨਾ ਨਾਹੀਂ' ਅਜੀਤ ਅਖ਼ਬਾਰ ਜੋ ਚੜ੍ਹਦੇ ਪੰਜਾਬ ਦੇ ਜਲੰਧਰ ਸ਼ਹਿਰ ਤੋਂ ਛਪਦਾ ਹੈ ਵਿੱਚ ਪੜ੍ਹਿਆ ਸੀ। ਕੀ ਭਾਰਤ ਦੀਆਂ ਅਖ਼ਬਾਰਾਂ ਤੁਹਾਡੀਆਂ ਲਿਖਤਾਂ ਨੂੰ ਛਾਪਣ ਲਈ ਲੈ ਕੇ ਖੁਸ਼ੀ ਮਹਿਸੂਸ ਕਰਦੀਆਂ ਹਨ ਜਾਂ ਤੁਹਾਡਾ ਕੋਈ ਗਿਲ੍ਹਾ ਹੈ ?

**ਜੁਆਬ** :- ਮੈਂ ਅੱਜ ਤਾਈਂ ਚੜ੍ਹਦੇ ਪੰਜਾਬ ਦੇ ਜਿਸ ਅਖ਼ਬਾਰ ਨੂੰ ਵੀ ਮਜ਼ਮੂਨ ਭੇਜਿਆ ਹੈ ਉਸ ਦੇ ਸੰਪਾਦਕ ਨੇ ਖੁਸ਼ੀ ਖੁਸ਼ੀ ਛਾਪ ਦਿੱਤਾ ਹੈ ਅਤੇ ਪੰਜਾਬੀ ਭਾਈਚਾਰੇ ਨੇ ਪਸੰਦ ਵੀ ਕੀਤਾ ਹੈ। ਮੇਰਾ ਹਰ

ਮਜ਼ਮੂਨ ਪੰਜਾਬੀਆਂ ਦੇ ਦਿਲ ਦੀ ਧੜਕਣ ਬਣਿਆ ਹੈ। ਮੈਂ ਆਪਣੇ ਸ਼ੌਕ ਵਜੋਂ ਹੀ ਲਿਖਦਾ ਹਾਂ। ਕਿਸੇ ਕੋਲੋਂ ਵੀ ਪੈਸਾ ਧੇਲਾ ਨਹੀਂ ਲੈਂਦਾ। ਮੈਂ ਆਪਣੀ ਬਾਲ ਕੇ ਆਪ ਹੀ ਸੇਕਦਾ ਹਾਂ।

**ਸੁਆਲ:–** ਪਾਕਿਸਤਾਨ ਵਿੱਚ ਪੰਜਾਬੀ ਭਾਸ਼ਾ ਸ਼ਾਹਮੁਖੀ ਲਿੱਪੀ ਵਿੱਚ ਲਿਖੀ ਜਾਂਦੀ ਹੈ, ਤੁਸੀਂ ਗੁਰਮੁਖੀ ਲਿੱਪੀ ਵਿੱਚ ਲਿਖਦੇ ਹੋ। ਤੁਹਾਡੇ ਅਨੁਸਾਰ ਪਾਕਿਸਤਾਨ ਵਿੱਚ ਤੁਹਾਡੇ ਵਰਗੇ ਕਿੰਨੇ ਕੁ ਹੋਰ ਲਿਖਾਰੀ ਹੋਣਗੇ ਜੋ ਪੰਜਾਬੀ ਮਾਂ ਬੋਲੀ ਦੇ ਵਿਰਸੇ ਨੂੰ ਸਾਂਭੀ ਬੈਠੇ ਹਨ?

**ਜੁਆਬ:**– ਪਾਕਿਸਤਾਨ ਅਤੇ ਇਸ ਦੇ ਲਹਿੰਦੇ ਪੰਜਾਬ ਵਿੱਚ ਗੁਰਮੁਖੀ ਲਿਖਣ ਵਾਲੇ ਉਂਗਲਾਂ ਤੇ ਗਿਣੇ ਜਾ ਸਕਦੇ ਹਨ। ਦੋ ਦਰਜਨ (24) ਵੀ ਮੁਸ਼ਕਲ ਨਾਲ ਹੀ ਹੋਣਗੇ।

**ਸੁਆਲ:**– ਕੀ ਪਾਕਿਸਤਾਨ, ਖ਼ਾਸ ਕਰਕੇ ਲਹਿੰਦੇ ਪੰਜਾਬ ਵਿੱਚ ਕੋਈ ਸਿੱਖ ਜਾਂ ਹੋਰ ਸੰਸਥਾ ਹੈ ਜੋ ਗੁਰਮੁਖੀ ਲਿੱਪੀ ਦੀ ਹੋਂਦ ਨੂੰ ਬਣਾਈ ਰੱਖਣ ਲਈ ਉਪਰਾਲਾ ਕਰ ਰਹੀ ਹੋਵੇ?

**ਜੁਆਬ** :– ਲਾਹੌਰ ਵਿੱਚ ਇਲਿਆਸ ਘੁੰਮਣ ਤੇ ਇਕਬਾਲ ਕੈਸਰ ਤੇ ਇੰਜ ਦੇ ਛੇ ਜਾਂ ਸੱਤ ਹੋਰ ਆਪਣੇ ਤੌਰ ਤੇ ਗੁਰਮੁਖੀ ਲਿੱਪੀ ਨੂੰ ਜਿੰਦਾ ਰੱਖਣ ਦੀ ਕੋਸ਼ਿਸ਼ ਕਰ ਰਹੇ ਹਨ।

**ਸੁਆਲ:**– ਪਾਕਿਸਤਾਨ ਵਿੱਚ ਗੁਰਮੁਖੀ ਲਿੱਪੀ ਰਾਹੀਂ ਪੰਜਾਬੀ ਮਾਂ ਬੋਲੀ ਦਾ ਭਵਿੱਖ ਕਿਹੋ ਜਿਹਾ ਹੈ ?

**ਜੁਆਬ:**– ਪਾਕਿਸਤਾਨ ਵਿੱਚ ਕੇਵਲ ਗੁਰਮੁਖੀ ਲਿੱਪੀ ਹੀ ਨਹੀਂ ਬਲਕਿ ਸ਼ਾਹਮੁਖੀ ਦਾ ਵੀ ਕੋਈ ਭਵਿੱਖ ਨਹੀਂ ਹੈ। ਪੰਜਾਬੀ ਜ਼ਬਾਨ ਨੂੰ ਅਸੀਂ ਵਿਸਾਰ (ਭੁੱਲ) ਬੈਠੇ ਹਾਂ। ਜਦ ਤੱਕ ਇਹ ਦੋਵੇਂ ਪੰਜਾਬ ਇੱਕ ਨਾ ਹੋਣ ਇਸ ਮੁਰਦੇ ਨੂੰ ਜਿੰਦਾ ਨਹੀਂ ਕੀਤਾ ਜਾ ਸਕਦਾ।

**ਸੁਆਲ:**– ਕੀ ਤੁਸੀਂ ਧਾਰਮਿਕ ਵਿਸ਼ਿਆਂ ਤੇ ਹੀ ਲਿਖਦੇ ਹੋ ਜਾਂ ਦੂਸਰੇ ਮਸਲੇ ਵੀ ਤੁਹਾਡੀ ਕਲਮ ਛੂੰਹਦੀ ਹੀ?

**ਜੁਆਬ:**– ਮੈਂ ਕੇਵਲ ਧਾਰਮਿਕ ਵਿਸ਼ਿਆਂ ਤੇ ਹੀ ਨਹੀਂ ਲਿਖਦਾ ਬਲਕਿ ਪੰਜਾਬੀ ਵਿਰਸੇ ਦੇ ਹਰ ਪਹਿਲੂ (ਖ਼ੇਤਰ) ਤੇ ਲਿਖਦਾ ਹਾਂ।

**ਸੁਆਲ:**– ਤੁਹਾਡੀ ਸਰਕਾਰ ਇਸ ਭਾਸ਼ਾ (ਪੰਜਾਬੀ) ਦੇ ਪਸਾਰ ਲਈ ਸਕੂਲਾਂ ਕਾਲਜਾਂ ਵਿੱਚ ਇਸ ਦੀ ਪੜ੍ਹਾਈ ਲਈ ਕੋਈ ਉਪਰਾਲੇ ਕਰ ਰਹੀ ਹੈ?

**ਜੁਆਬ:–** ਸਰਕਾਰ ਦਾ ਵੱਸ ਚੱਲੇ ਤਾਂ ਉਹ ਪੰਜਾਬੀ ਜ਼ਬਾਨ ਨੂੰ ਮੁਲਕ ਵਿੱਚੋਂ ਹੀ ਕੱਢ ਦੇਵੇ। ਇਹ ਤਾਂ ਤੁਹਾਡੇ–ਸਾਡੇ ਵਰਗੇ ਸਿਰ ਫਿਰੇ ਤੇ ਜ਼ਨੂੰਨੀ ਲੋਕ ਹੀ ਹਨ ਜੋ ਇਸ ਬੀਮਾਰ ਦੀ ਤੰਦਰੁਸਤੀ ਲਈ ਯਤਨ ਕਰ ਰਹੇ ਹਨ।

**ਸੁਆਲ:–** ਕੀ ਤੁਸੀਂ ਚੜ੍ਹਦੇ ਪੰਜਾਬ ਦੇ ਸਾਹਿਤਕਾਰਾਂ ਨੂੰ ਕੋਈ ਸੰਦੇਸ਼ਾ ਦੇਣਾ ਚਾਹੋਗੇ?

**ਜੁਆਬ:–** ਅਜਿਹੀਆਂ ਤਹਿਰੀਰਾਂ ਲਿਖਣ ਜੋ ਦੋਹਾਂ ਮੁਲਕਾਂ ਵਿਚਕਾਰ ਨੇੜਤਾ ਤੇ ਮੁਹੱਬਤ ਵਧਾਉਣ ਤਾਂ ਕਿ ਪੰਜਾਬ,ਪੰਜਾਬੀ ਅਤੇ ਪੰਜਾਬੀਅਤ ਨੂੰ ਬਚਾਇਆ ਜਾ ਸਕੇ। ਆਮ ਪੰਜਾਬੀ ਲਿਖਾਰੀ ਜੋ ਪੰਜਾਬੀ ਜੁਬਾਨ ਦੇ ਠੇਕੇਦਾਰ ਬਣਦੇ ਹਨ ਉਹਨਾਂ ਦੇ ਘਰਾਂ ਵਿੱਚ ਪੰਜਾਬੀ ਨਹੀਂ ਬੋਲੀ ਜਾਂਦੀ। ਨਾ ਹੀ ਉਹ ਆਪਣੇ ਬੱਚਿਆ ਨੂੰ ਇਸ ਦੀ ਤਾਲੀਮ ਦਿਵਾਉਂਦੇ ਹਨ ਤੇ ਨਾ ਹੀ ਘਰ ਵਿੱਚ ਬੱਚਿਆਂ ਨਾਲ ਪੰਜਾਬੀ ਬੋਲਦੇ ਹਨ। ਪੰਜਾਬੀ ਬੋਲਣ ਵਾਲਿਆਂ ਨੂੰ ਉੱਚੀ ਸੁਸਾਇਟੀ 'ਚ ਉਂਝ ਵੀ ਜ਼ਾਹਿਲ ਸਮਝਿਆ ਜਾਂਦਾ ਹੈ।

**ਸੁਆਲ:**– ਇਸ ਤੋਂ ਪਹਿਲਾਂ ਕਿ ਮੈਂ ਤੁਹਾਡੇ ਕੋਲੋਂ ਰੁਖ਼ਸਤ ਹੋਵਾਂ ਤੁਸੀਂ ਆਪਣੇ ਜੀਵਨ ਦੀ ਕੋਈ ਅਭੁੱਲ ਯਾਦ ਮੇਰੇ ਨਾਲ ਸਾਂਝੀ ਕਰਨਾ ਪਸੰਦ ਕਰੋਗੇ ?

**ਜੁਆਬ:–** ਜਦੋਂ ਇੰਨਾਂ ਕੁਝ ਪੁੱਛ ਲਿਆ ਜੇ ਤਾਂ ਇਹ ਵੀ ਕਿਉਂ ਲੁਕਾਵਾਂ। ਬੇਸ਼ਕ ਤੁਸੀ ਮੇਰੇ ਨਾਲੋਂ ਦਸ–ਪੰਦਰਾਂ ਸਾਲ ਵੱਡੇ ਹੀ ਹੋ ਫਿਰ ਵੀ ਤੁਹਾਨੂੰ ਯਾਰ, ਵੱਡਾ ਭਰਾ ਸਮਝਦਿਆਂ ਹੋਇਆਂ ਆਪਣਾ ਭੇਦ ਸਾਂਝਾ ਕਰਦਾ ਹਾਂ। ਮੇਰੇ ਵਿਆਹ ਵਾਲੀ ਰਾਤ ਸੀ, ਜਿਸ ਰਾਤ ਕਹਿਰ ਦਾ ਤੂਫਾਨ ਅਤੇ ਵਰਖ਼ਾ ਹੋ ਰਹੀ ਸੀ। ਇਹ ਉਹ ਰਾਤ ਸੀ ਜਿਸ ਰਾਤ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਜ਼ੁਲਫਕਾਰ ਅਲੀ ਭੁੱਟੋ ਨੂੰ ਫਾਂਸੀ ਹੋਈ ਸੀ। ਰਾਤ ਦੇ 1–30 ਵਜੇ ਮੇਰਾ ਵਿਆਹ (ਫੇਰੇ) ਹੋਇਆ ਸੀ ਤੇ ਦੋ ਵਜੇ ਭੁੱਟੋ ਨੂੰ ਫਾਂਸੀ ਹੋਈ ਸੀ। ਬਾਰਸ਼ ਕਾਰਨ ਪਿੰਡ ਦੀਆਂ ਗਲੀਆਂ ਬਜਾਰਾਂ ਵਿੱਚ ਚਿੱਕੜ–ਖੋਭ੍ਹਾ ਹੋ ਗਿਆ ਸੀ। ਮੌਲਵੀ ਵਿਚਾਰਾ ਬੁੱਢਾ–ਠੇਰ੍ਹਾ ਸੀ। ਅਜਿਹੇ ਮੌਸਮ ਵਿੱਚ ਤੁਰ ਫਿਰ ਨਹੀਂ ਸੀ ਸਕਦਾ। ਮੈਂ ਮੌਲਵੀ ਨੂੰ ਆਪਣੇ ਮੋਢੇ ਤੇ ਬਿਠਾ ਕੇ ਆਪਣੇ ਨਿਕਾਹ ਲਈ ਘਰ ਹੀ ਲੈ ਆਇਆ ਸੀ। ਸੋਚਿਆ ਕਿ ਕੁੜੀ ਵਾਲੇ ਕਿਤੇ ਇਹ ਬਹਾਨਾ ਨਾ ਕਰ ਲੈਣ ਕਿ ਅਜਿਹੇ ਖ਼ਰਾਬ ਮੌਸਮ ਵਿੱਚ ਮੌਲਵੀ ਨਹੀਂ ਆ ਸਕਦਾ ਤੇ ਇੰਜ ਨਿਕਾਹ ਤੋਂ ਇਨਕਾਰ ਹੋ ਜਾਏ ਤੇ ਅਗਲੇ ਦਿਨ ਉਂਜ ਹੀ ਮੁੱਕਰ ਜਾਣ। ਪਿੰਡ ਦੀਆਂ ਗਲੀਆਂ ਵਿੱਚ ਗੋਡੇ ਗੋਡੇ ਪਾਣੀ ਖੜਾ ਸੀ। ਮੈਂ ਮੌਲਵੀ ਦੇ ਘਰ ਜਾ ਕੇ ਉਸ ਦਾ ਮਿੰਨਤ ਤਰਲਾ ਕੀਤਾ। ਮੌਲਵੀ ਇੱਕ ਲੱਤ ਤੋਂ ਲੰਗਾਉਂਦਾ ਸੀ। ਉਸ ਨੂੰ ਮੋਢਿਆਂ ਤੇ ਚੁੱਕਿਆ 'ਤੇ ਆਪਣੇ ਘਰ ਦੀ ਬੈਠਕ ਵਿੱਚ ਲਿਆ ਕੇ ਆਪਣੀ ਰਜਾਈ ਵਿੱਚ ਲੁਕਾ ਲਿਆ। ਜਦੋਂ ਮੇਰੇ ਮਾਤਾ–ਪਿਤਾ,ਦਾਦੀ ਤੇ ਬਾਕੀ ਦੇ ਘਰ ਵਾਲੇ ਰਾਤ ਇੱਕ ਵਜੇ ਮੈਨੂੰ ਨਾਲ ਲੈ ਕੇ ਮੇਰੇ ਸਹੁਰੇ ਘਰ ਗਏ ਤਾਂ ਉਹਨਾਂ ਕਿਹਾ ਕਿ ਪ੍ਰੋਗਰਾਮ ਕੱਲ੍ਹ ਤੇ ਰੱਖ ਲਓ,ਇੰਜ ਦੀ ਤੂਫਾਨੀ ਰਾਤ 'ਚ ਮੌਲਵੀ ਨਹੀਂ ਮਿਲ ਸਕਦਾ। ਮੈਂ

ਉਸੇ ਸਮੇਂ ਭੱਜਦਾ ਅਤੇ ਸਾਹੋ-ਸਾਹੀ ਹੋਇਆ ਆਪਣੇ ਘਰ ਗਿਆ। ਰਜਾਈ 'ਚੋਂ ਮੌਲਵੀ ਨੂੰ ਕੱਢਿਆ,ਮੋਢਿਆਂ ਤੇ ਚੁੱਕਿਆ ਤੇ ਸਹੁਰੇ ਘਰ ਜਾ ਕੇ ਸੱਸ ਸਹੁਰੇ ਅੱਗੇ ਪੇਸ਼ ਕਰ ਦਿੱਤਾ। 'ਤੇ ਇੰਜ ਮੇਰਾ ਵਿਆਹ ਹੋ ਗਿਆ।

"**ਰਘਬੀਰ ਸਿਆਂ!** ਕੀ ਮੈਂ ਇਹ ਮਾੜਾ ਕੀਤਾ ? ਯਾਰ ਮੇਰੇ ਕੰਨ ਵਿੱਚ ਹੀ ਕਹਿ ਦੇ। ਕੋਈ ਨਾ ਭਈ ਕੋਈ ਨਾ......ਕੋਈ ਨਾ।"

ਮੈਂ ਖਿੜ-ਖਿੜਾ ਕੇ ਹੱਸ ਪਿਆ ਤੇ ਕਿਹਾ," ਕੋਈ ਮਾੜਾ ਨਹੀਂ ਜੁ ਕੀਤਾ। ਬੰਦਿਆਂ ਵਾਲੀ ਕੀਤੀ ਊ। **ਲਾਈਏ ਤਾਂ ਤੋੜ ਨਿਭਾਈਏ,ਛੱਡ ਕੇ ਨਾ ਜਾਈਏ।"**

ਉਸ ਨੇ ਮੇਰੇ ਵੱਲ ਬੜੇ ਪਿਆਰ ਨਾਲ ਵੇਖਿਆ ਤੇ ਮੈਨੂੰ ਸੰਬੋਧਨ ਹੁੰਦਿਆਂ ਹੋਇਆਂ ਕਿਹਾ,"ਵੱਡੇ ਵੀਰ! ਤੇਰੇ ਨਾਲ ਗੱਲਾਂ ਕਰਕੇ ਇਸ ਤਰ੍ਹਾਂ ਲਗਦਾ ਏ ਜਿਵੇਂ ਮੈਂ ਆਪਣੀ ਸਾਰੀ ਜ਼ਿੰਦਗੀ ਤੇਰੇ ਨਾਲ ਬੈਠ ਕੇ ਇਹਨਾਂ ਦੋ ਘੰਟਿਆਂ ਵਿੱਚ ਜੀਉ ਗਿਆ ਹੋਵਾਂ। ਤੂੰ ਮੈਨੂੰ ਬਹੁਤ ਚੰਗਾ ਇਨਸਾਨ ਲੱਗਿਆ ਏਂ। ਤੂੰ ਮੈਨੂੰ ਬਹੁਤ ਯਾਦ ਆਉਂਦਾ ਰਹੇਗਾ। ਮੇਰਾ ਹੱਥ ਜੇ ਫੜ੍ਹਿਆ ਈ ਤਾਂ ਇਸ ਨੂੰ ਕਦੀ ਛੱਡਣਾ ਨਾ। ਜ਼ਿਦਗੀ ਰਹੀ ਤਾਂ ਜਰੂਰ ਮਿਲਾਂਗੇ। **ਜੱਗ ਜੀਊਂਦਿਆਂ ਦੇ ਮੇਲੇ!"** ਇੰਨਾਂ ਕਹਿ ਉਹ ਕੁਝ ਚਿਰ ਲਈ ਰੁਕ ਗਿਆ। ਫਿਰ ਕੁਝ ਢੱਠੇ ਜਿਹੇ ਦਿਲ ਨਾਲ ਬੋਲਿਆ," ਅਜੇ ਜਾਣ ਨੂੰ ਦਿੱਲ ਤਾਂ ਨਹੀਂ ਕਰਦਾ ਪਰ ਇਹ ਦੱਸਦਿਆ ਹੋਇਆਂ ਵੀ ਸ਼ਰਮ ਆਉਂਦੀ ਏ ਕਿ ਸਾਡਾ ਇਲਾਕਾ ਜਿੱਥੇ ਅਸੀਂ ਰਹਿੰਦੇ ਹਾਂ ਉੱਧਰ ਦਿਨ-ਦੀਵੀਂ ਹੀ ਲੁੱਟਾਂ-ਖੋਹਾਂ ਹੋ ਜਾਂਦੀਆਂ ਹਨ,ਇਸ ਲਈ ਦਿਨ ਹੁੰਦਿਆਂ ਹੀ ਮੈਨੂੰ ਤੁਹਾਡੇ ਕੋਲੋ ਜਾਣਾ ਹੀ ਪਵੇਗਾ।"

ਇੰਨੀਂ ਗੱਲ ਕਰਕੇ ਅਸੀਂ ਦੋਵੇਂ ਹੀ ਦੁਕਾਨ 'ਚੋਂ ਭਰੇ ਹੋਏ ਮਨਾਂ ਨਾਲ ਬਾਹਰ ਆ ਗਏ ਸਾਂ। ਉਹ ਮੇਰੇ ਗਲ ਲੱਗਿਆ ਤੇ ਅਲਵਿਦਾ ਕਹਿ ਕੇ ਹੌਲੀ ਹੌਲੀ ਭੀੜ ਵਿੱਚ ਗੁਆਚ ਗਿਆ। ਇਹ ਸੀ ਤਾਹਿਰ, ਤਾਹਿਰ ਦਾ ਅੰਦਰਲਾ ਤਾਹਿਰ, ਹੀਰਾ ਤਾਹਿਰ, ਪੰਜਾਬੀ ਮਾਂ ਬੋਲੀ ਦਾ ਲਾਡਲਾ ਤਾਹਿਰ ਜੋ ਫਿਰ ਮਿਲਣ ਦੀ ਆਸ ਲਈ ਇੱਧਰ ਦੇ ਲੋਕਾਂ ਨੂੰ ਇੱਕ ਹੋ ਜਾਣ ਦਾ ਸੱਦਾ ਦੇ ਕੇ ਆਪਣਾ ਪਿਆਰ ਨਿਸ਼ਾਵਰ ਕਰ ਗਿਆ ਸੀ। ਰੱਬ ਕਰੇ ਸਭ ਲੋਕ ਹੀ ਇਸ ਤਰ੍ਹਾਂ ਦੀ ਸੋਚ ਲੈ ਕੇ ਜੀਉਣ।

ਆਮੀਨ !

**ਇੱਕ ਚਿੱਤਰਕਾਰ:**

## ਕੁਦਰਤ ਅਤੇ ਕਾਦਰ ਦੀ ਉਪਾਸ਼ਕ



**ਸ਼੍ਰੀਮਤੀ ਫੂਲਾਂ ਰਾਣੀ**

ਇਹ ਗੱਲ ਸੰਨ 1969 ਦੀ ਹੈ ਜਦੋਂ ਮੈਂ ਬਤੌਰ ਇੰਸਪੈਕਟਰ ਫੂਡ ਐਂਡ ਸਪਲਾਈਜ਼ ਜ਼ਿਲ੍ਹਾ ਗੁਰਦਾਸਪੁਰ ਦੀ ਮੰਡੀ ਸ੍ਰੀ ਹਰਗੋਬਿੰਦਪੁਰ ਵਿਖੇ ਨਿਯੁਕਤ ਸੀ ਤਾਂ ਉਸ ਸਮੇਂ ਹੀ ਪੰਜਾਬ ਰਾਜ ਬਿਜਲੀ ਬੋਰਡ ਦੇ ਐਸ.ਡੀ.ਓ ਸ੍ਰ. ਗੁਰਨਾਮ ਸਿੰਘ ਜੀ ਵਿਰਦੀ ਵੀ ਉੱਥੇ ਨਿਯੁਕਤ ਸਨ। ਸ੍ਰੀ ਹਰਗੋਬਿੰਦਪੁਰ ਕੋਈ ਵੱਡਾ ਸ਼ਹਿਰ ਨਹੀਂ ਹੈ ਸਗੋਂ ਇੱਕ ਕਸਬਾ ਹੀ ਹੈ ਜਿੱਥੇ ਸਰਕਾਰੀ ਮੁਲਾਜ਼ਮ ਵੀ ਕੋਈ ਜ਼ਿਆਦਾ ਨਹੀਂ ਸਨ। ਮੇਰੀ ਮੁਲਾਕਾਤ ਉਦੋਂ ਹੀ ਸ੍ਰ. ਗੁਰਨਾਮ ਸਿੰਘ ਜੀ ਵਿਰਦੀ ਨਾਲ ਹੋਈ ਸੀ। ਇਹ ਮੁਲਾਕਾਤ ਹੋਲੀ ਹੌਲੀ ਦੋਸਤੀ ਅਤੇ ਫਿਰ ਘਰੇਲੂ ਸਾਂਝ ਵਿੱਚ ਤਬਦੀਲ ਹੋ ਗਈ ਸੀ। ਅਸੀਂ ਆਮ ਕਰਕੇ ਦੋਵੇਂ ਜ਼ਿਆਦਾ ਸਮਾਂ ਇਕੱਠੇ ਹੀ ਰਹਿੰਦੇ ਸਾਂ। ਇਸ ਦੋਸਤੀ ਦੀ ਕੜੀ ਵਿੱਚ ਇੱਕ ਹੋਰ ਸੱਜਣ ਵੀ ਸ਼ਾਮਲ ਸੀ ਜਿਹੜਾ ਕਿ ਸਰਕਾਰੀ ਮੁਲਾਜ਼ਮ ਤਾਂ ਨਹੀਂ ਸੀ ਸਗੋਂ ਇੱਕ ਸੁਲਝਿਆ ਹੋਇਆ ਕਿਰਸਾਨ ਸੀ। ਉਹ ਨੇੜਲੇ ਪਿੰਡ ਰਾਮਪੁਰਾ ਦਾ ਰਹਿਣ ਵਾਲਾ ਸੀ ਅਤੇ ਉਸ ਦਾ ਨਾਂ ਸੀ ਸ੍ਰ. ਧਰਮ ਸਿੰਘ ਪੰਨੂੰ। ਦਫਤਰੀ ਕੰਮ ਕਾਜ ਨਿਪਟਾਉਣ ਉਪਰੰਤ ਸਾਡੀ ਤਿੰਨਾਂ ਦੀ ਬੈਠਕ ਅਕਸਰ ਹੁੰਦੀ ਰਹਿੰਦੀ ਸੀ। ਮੇਰੀ ਅਤੇ ਵਿਰਦੀ ਸਾਹਿਬ ਦੀ ਨੇੜਤਾ ਤਾਂ ਏਨੀਂ ਜ਼ਿਆਦਾ ਸੀ ਕਿ ਲੋਕ ਕਿਹਾ ਕਰਦੇ ਸਨ ਕਿ ਜੇ ਕਰ ਵਿਰਦੀ ਸਾਹਿਬ ਨੂੰ ਮਿਲਣਾ ਹੈ ਤਾਂ ਰਘਬੀਰ ਸਿੰਘ ਨੂੰ ਲੱਭ ਲਵੋ।

ਸ੍ਰੀ ਹਰਗੋਬਿੰਦਪੁਰ ਰਹਿੰਦਿਆਂ ਹੋਇਆਂ ਹੀ ਵਿਰਦੀ ਸਾਹਿਬ ਦੀ ਮੰਗਣੀ ਦੀ ਗੱਲ ਚੱਲੀ ਸੀ ਅਤੇ ਉਨ੍ਹਾਂ ਦੇ ਕਹਿਣ ਤੇ ਹੀ ਮੈਂ ਉਨ੍ਹਾਂ ਦੀ ਹੋਣ ਵਾਲੀ ਪਤਨੀ ਨੂੰ ਵੇਖਣ ਜਾਣ ਲਈ ਉਨ੍ਹਾਂ ਦੇ ਨਾਲ ਅੰਮ੍ਰਿਤਸਰ ਗਿਆ ਸਾਂ। ਜਿਸ ਲੜਕੀ ਨੂੰ ਵੇਖਣ ਵਾਸਤੇ ਅਸੀਂ ਗਏ ਸਾਂ ਉਹ ਮਸ਼ਹੂਰ ਚਿੱਤਰਕਾਰ ਸਰਦਾਰਨੀ ਫੂਲਾਂ ਰਾਣੀ ਜੀ ਦੀ ਬੇਟੀ ਸੀ। ਇਸ ਤਰ੍ਹਾਂ ਉਸ ਪਰਿਵਾਰ ਨਾਲ ਮੇਰੀ ਇਹ ਪਹਿਲੀ ਮੁਲਾਕਾਤ ਸੀ। ਵਿਰਦੀ ਸਾਹਿਬ ਦੀ ਸ਼ਾਦੀ ਵਿੱਚ ਸ਼ਰੀਕ ਹੋਣ ਦਾ ਵੀ ਮੈਨੂੰ ਅਵਸਰ ਮਿਲਿਆ ਸੀ। ਵਿਰਦੀ ਸਾਹਿਬ ਨਾਲ ਇਹ ਸਾਂਝ ਅੱਜ ਤੱਕ ਵੀ ਉਵੇਂ ਹੀ ਕਾਇਮ ਹੈ।

ਹੁਣ ਜਦੋਂ ਕਿ ਅਸੀਂ ਦੋਵੇਂ ਹੀ ਸੇਵਾ ਮੁਕਤ ਹੋ ਚੱਕੇ ਹਾਂ, ਇਹ ਪਿਆਰ ਅਤੇ ਸਤਿਕਾਰ ਕਾਇਮ ਹੈ। ਮੇਰਾ ਮਹਿਕਮਾ ਹੀ ਕੁਝ ਅਜਿਹਾ ਸੀ ਕਿ ਲੰਮੇ ਸਮੇਂ ਤੱਕ ਮੈਨੂੰ ਆਪਣੀ ਸਾਹਿਤਕ ਮੱਸ ਨੂੰ ਦਬਾਈ ਰੱਖਣਾ ਪਿਆ ਸੀ। ਸਾਹਿਤਕ ਖ਼ੇਤਰ ਵਿੱਚ ਆਪਣੀਆਂ ਰੀਝਾਂ ਪੂਰੀਆਂ ਕਰਨ ਦਾ ਮੌਕਾ ਸੇਵਾ ਮੁਕਤੀ ਉਪਰੰਤ ਹੀ ਮਿਲ ਸਕਿਆ ਹੈ। ਮੈਂ ਇੱਕ ਦਿਨ ਕਿਸੇ ਸਾਹਿਤਕ ਕੰਮ ਲਈ ਸ. ਗੁਰਨਾਮ ਸਿੰਘ ਜੀ ਵਿਰਦੀ ਜਿਹੜੇ ਕਿ ਬਿਜਲੀ ਬੋਰਡ ਵਿੱਚੋਂ ਬਤੌਰ ਸੁਪਰਡੈਂਟ ਇੰਨਜੀਨੀਅਰ ਸੇਵਾ ਮੁਕਤ ਹੋਏ ਸਨ ਦੇ ਘਰ ਪਹੁੰਚ ਗਿਆ। ਮੈਂ ਜਦੋਂ ਉਨ੍ਹਾਂ ਨੂੰ ਆਪਣੇ ਆਉਣ ਦਾ ਸਬੱਬ ਦੱਸਿਆ ਕਿ ਮੈਂ ਇੱਕ ਕਿਤਾਬ ਲਿਖ ਰਿਹਾ ਹਾਂ ਉਸ ਵਾਸਤੇ ਮੈਂ ਮਾਸੀ ਜੀ (ਸਰਦਾਰਨੀ ਫੂਲਾਂ ਰਾਣੀ) ਦਾ ਇੰਟਰਵਿਊ ਲੈਣਾ ਚਾਹੁੰਦਾ ਹਾਂ,ਤਾਂ ਉਹ ਹੱਸ ਕੇ ਬੋਲਿਆ,"ਤੂੰ ਸਿੱਧਾ ਹੀ ਚਲਾ ਜਾਂਦਾ। ਤੈਨੂੰ ਵੀ ਤਾਂ ਮੰਮੀ ਜੀ ਜਾਣਦੇ ਹੀ ਹਨ।" ਆਖ਼ਿਰ ਅਸੀਂ ਦੋਵੇਂ ਹੀ ਫੂਲਾਂ ਰਾਣੀ ਜੀ ਦੀ ਕੋਠੀ ਪਹੁੰਚ ਗਏ।

ਜਦੋਂ ਅਸੀਂ ਉਨ੍ਹਾਂ ਦੀ ਕੋਠੀ ਪਹੁੰਚੇ ਤਾਂ ਉਹ ਘਰ ਵਿੱਚ ਹੀ ਸਾਡਾ ਇੰਤਜ਼ਾਰ ਕਰ ਰਹੇ ਸਨ। ਜਾਣ ਤੋਂ ਪਹਿਲਾਂ ਵਿਰਦੀ ਜੀ ਨੇ ਉਨ੍ਹਾਂ ਨੂੰ ਫੋਨ ਕਰ ਦਿੱਤਾ ਸੀ ਕਿ ਅਸੀਂ ਆ ਰਹੇ ਹਾਂ। ਸਤਿ ਸ੍ਰੀ ਅਕਾਲ ਬੁਲਾਉਣ ਪਿੱਛੋਂ ਅਸੀਂ ਸਾਰੇ ਆਰਾਮ ਨਾਲ ਡਰਾਇੰਗ ਰੂਮ ਵਿੱਚ ਬੈਠ ਗਏ। ਮੈਂ ਜਦੋਂ ਉਨ੍ਹਾਂ ਨੂੰ ਆਪਣੇ ਆਉਣ ਦਾ ਪ੍ਰਯੋਜਨ ਦੱਸਿਆ ਤਾਂ ਉਹ ਹੱਸ ਕੇ ਬੋਲੇ,"ਤੁਸੀਂ ਮੇਰੇ ਬੱਚੇ ਹੋ। ਕੋਈ ਓਪਰੇ ਥੋੜ੍ਹੇ ਈ ਓ। ਗੱਲਾਂ ਬਾਤਾਂ ਤਾਂ ਹੁੰਦੀਆਂ ਹੀ ਰਹਿਣਗੀਆਂ। ਪਹਿਲਾਂ ਆਪਾਂ ਗਰਮਾ-ਗਰਮ ਚਾਹ ਅਤੇ ਪਕੌੜੇ ਖਾਈਏ। ਬਾਕੀ ਦੇ ਕੰਮ ਬਾਅਦ 'ਚ ਪਹਿਲਾਂ ਪੇਟ-ਪੂਰਤੀ ਜ਼ਰੂਰੀ ਹੈ। ਖਾਲੀ ਢਿੱਡ ਕਾਹਦੀ ਇੰਟਰਵਿਊ?" ਅਸਾਂ

ਸਾਰਿਆਂ ਨੇ ਗਰਮਾ-ਗਰਮ ਚਾਹ ਪਕੌੜਿਆਂ ਦਾ ਆਨੰਦ ਮਾਣਿਆ ਤੇ ਫਿਰ ਸ਼ੁਰੂ ਹੋਇਆ ਸਿਲਸਿਲਾ ਸੁਆਲਾਂ ਜੁਆਬਾਂ ਦਾ ਜੋ ਹੇਠ ਅਨੁਸਾਰ ਹੈ।

**ਸੁਆਲ:** ਕੀ ਤੁਸੀਂ ਆਪਣੇ ਜਨਮ ਅਤੇ ਪਰਿਵਾਰ ਸਬੰਧੀ ਚਾਨਣਾ ਪਾਓਗੇ ?

**ਜਵਾਬ:** ਮੇਰਾ ਜਨਮ ਮਿਤੀ 12-12-1923 ਨੂੰ ਡਾਕਟਰ ਸ੍ਰ. ਰਾਮ ਸਿੰਘ ਜੀ ਜੋ ਉਸ ਸਮੇਂ ਦੇ ਮੰਨੇਂ-ਪ੍ਰਮੰਨੇ ਡਾਕਟਰ ਸਨ ਦੇ ਗ੍ਰਹਿ ਵਿਖੇ ਸ਼ਹਿਰ ਅੰਮ੍ਰਿਤਸਰ ਦੇ ਮੁਹੱਲਾ ਬੰਬੇ ਵਾਲਾ ਖੂਹ ਵਿਖੇ ਹੋਇਆ। ਮੇਰੀ ਮਾਤਾ ਜੀ ਦਾ ਨਾਮ ਸਰਦਾਰਨੀ ਸਰਸਵਤੀ ਸੀ। ਪਰਿਵਾਰ ਵਿੱਚ ਮੇਰੇ ਚਾਰ ਭਰਾ ਅਤੇ ਅਸੀਂ ਤਿੰਨ ਭੈਣਾਂ ਹਾਂ।

**ਸੁਆਲ:** ਤੁਸੀਂ ਆਪਣੀ ਵਿੱਦਿਅਕ ਯੋਗਤਾ ਕਿੱਥੋਂ ਤੱਕ ਅਤੇ ਕਿਸ ਥਾਂ ਤੋਂ ਪ੍ਰਾਪਤ ਕੀਤੀ ਹੈ ?

**ਜਵਾਬ:** ਵਾਹਿਗੁਰੂ ਦੀ ਕਿਰਪਾ ਨਾਲ ਸਾਡਾ ਪਰਿਵਾਰ ਇੱਕ ਖ਼ੁਸ਼ਹਾਲ ਪਰਿਵਾਰ ਸੀ ਜਿਸ ਕਰਕੇ ਮੇਰੇ ਮਾਪੇ ਇਸ ਗੱਲ ਦੇ ਸਮਰੱਥ ਸਨ ਕਿ ਉਹ ਅਸਾਨੂੰ ਚੰਗੀ ਤਾਲੀਮ ਦੇ ਸਕਦੇ। ਮੈਂ ਦਸਵੀਂ ਤੱਕ ਦੀ ਵਿੱਦਿਆ ਅੰਮ੍ਰਿਤਸਰ ਸ਼ਹਿਰ ਵਿੱਚ ਹੀ ਇੱਕ ਕੌਨਵੈਂਟ ਸਕੂਲ ਵਿੱਚ ਪ੍ਰਾਪਤ ਕੀਤੀ ਹੈ। ਇਸ ਤੋਂ ਅੱਗੇ ਦੀ ਵਿੱਦਿਆ ਬੀ.ਏ. ਤੱਕ ਮੈਂ ਅੰਮ੍ਰਿਤਸਰ ਦੇ ਕਾਲਜ ਵਿੱਚ ਪ੍ਰਾਪਤ ਕੀਤੀ ਸੀ।

**ਸੁਆਲ:** ਕੀ ਤੁਸੀਂ ਆਪਣੇ ਗ੍ਰਹਿਸਥੀ ਜੀਵਨ ਬਾਰੇ ਮੇਰਾ ਭਾਵ ਹੈ ਆਪਣੀ ਸ਼ਾਦੀ ਬਾਰੇ ਵੀ ਕੁਝ ਦੱਸਣਾ ਮੁਨਾਸਬ ਸਮਝੋਗੇ ?

**ਜਵਾਬ:** ਤੁਸੀਂ ਮੇਰੇ ਬੱਚੇ ਹੋ ਅਤੇ ਜਦੋਂ ਬੱਚਿਆਂ ਨਾਲ ਆਪਣੇ ਜੀਵਨ ਦੀਆਂ ਪੁਰਾਣੀਆਂ ਯਾਦਾਂ ਵਿੱਚ ਝਾਕਣ ਦਾ ਮੌਕਾ ਮਿਲਦਾ ਹੈ ਤਾਂ ਮਨ ਨੂੰ ਬਹੁਤ ਹੀ ਸਕੂਨ ਮਿਲਦਾ ਹੈ।ਜੀਵਨ ਦੀ ਫਿਲਮ ਜਿਹੀ ਅੱਖਾਂ ਅੱਗੇ ਚੱਲ ਜਾਂਦੀ ਹੈ। ਮੇਰੀ ਸ਼ਾਦੀ ਸੰਨ 1944 ਵਿੱਚ ਸ੍ਰ. ਸ਼ਮਸ਼ੇਰ ਸਿੰਘ ਜੀ ਸਪੁੱਤਰ ਸ੍ਰ. ਕਰਤਾਰ ਸਿੰਘ ਜੀ ਨਾਲ ਹੋਈ ਸੀ,ਜਿਹੜੇ ਉਸ ਸਮੇਂ ਦੇ ਐਮ.ਏ. ਪਾਸ ਸਨ ਅਤੇ ਅੰਗਰੇਜ਼ ਹਕੂਮਤ ਦੇ ਸਮੇਂ ਇੰਜੀਨਅਰ ਵਜੋਂ ਨਿਯੁਕਤ ਸਨ। ਮੇਰੇ ਸਹੁਰਾ ਸਾਹਿਬ ਸ੍ਰ. ਕਰਤਾਰ ਸਿੰਘ ਜੀ ਵੀ ਮਸ਼ਹੂਰ ਇੰਜੀਨੀਅਰ ਸਨ ਜਿਨ੍ਹਾਂ ਨੇ ਸੱਖ਼ਰ ਦਰਿਆ ਤੇ ਪੁਲ ਬੰਨ੍ਹਿਆ ਸੀ। ਮੇਰੇ ਪਰਿਵਾਰ ਵਿੱਚ ਮੇਰੇ ਬੱਚੇ ਬਹੁਤ ਹੀ ਹੋਣਹਾਰ ਹਨ ਅਤੇ ਮੈਂ ਪੂਰੀ ਤਰ੍ਹਾਂ ਆਪਣੇ ਜੀਵਨ ਵਿੱਚ ਸੰਤੁਸ਼ਟ ਹਾਂ।

**ਸੁਆਲ:** ਤੁਸੀਂ ਕੋਮਲ ਕਲਾ ਦੀ ਦੁਨੀਆਂ ਮੇਰਾ ਭਾਵ ਹੈ ਚਿੱਤਰਕਾਰੀ ਜਗਤ ਵਿੱਚ ਇੱਕ ਪ੍ਰਸਿੱਧੀ ਅਤੇ ਸ਼ੋਹਰਤ ਦੇ ਅਸਥਾਨ ਤੇ ਹੋ। ਇਸ ਬੁਲੰਦੀ ਤੱਕ ਪਹੁੰਚਣ ਲਈ ਤੁਹਾਡੇ ਜੀਵਨ ਸਾਥੀ ਦਾ ਤੁਹਾਡੇ ਲਈ ਕੀ ਯੋਗਦਾਨ ਰਿਹਾ ਹੈ? ਕੁਝ ਇਸ ਬਾਰੇ ਵੀ ਦੱਸੋ।

**ਜਵਾਬ:** ਤੁਸੀ ਜਾਣਦੇ ਹੀ ਕਿ ਜੀਵਨ ਦੀ ਗੱਡੀ ਦੇ ਦੋ ਪਹੀਏ ਹੁੰਦੇ ਹਨ। ਜੇਕਰ ਇਹ ਰਲ ਕੇ ਨਹੀਂ ਚੱਲਦੇ ਤਾਂ ਜੀਵਨ ਪੰਧ ਮੁਸ਼ਕਲਾਂ ਭਰਿਆ ਹੋ ਜਾਂਦਾ ਹੈ। ਚੱਲਦੀ ਹੋਈ ਗੱਡੀ ਰੁਕ ਜਾਂਦੀ ਹੈ ਪਰ ਮੈਂ ਇਸ ਪੱਖੋਂ ਖ਼ੁਸ਼ਕਿਸਮਤ ਹਾਂ ਕਿ ਮੇਰੇ ਪਤੀ ਜੀ ਬਹੁਤ ਹੀ ਅਗਾਂਹ ਵਧੂ ਵਿਚਾਰਾ ਦੇ ਸਨ। ਮੇਰੇ ਇਸ ਕਾਰਜ਼ ਖ਼ੇਤਰ ਵਿੱਚ ਉਨ੍ਹਾਂ ਦਾ ਯੋਗਦਾਨ ਸ਼ਲਾਘਾਯੋਗ ਰਿਹਾ ਹੈ। ਉਹ ਆਪ ਵੀ ਧਾਰਮਿਕ ਬਿਰਤੀ ਦੇ ਮਾਲਕ ਸਨ ਅਤੇ ਉਨ੍ਹਾਂ ਦਾ ਇਸ ਕਲਾ ਨਾਲ ਬਹੁਤ ਹੀ ਲਗਾਓ ਸੀ। ਉਨ੍ਹਾਂ ਕੋਲੋਂ ਮੈਨੂੰ ਹਮੇਸ਼ਾ ਅੱਗੇ ਵੱਧਣ ਦਾ ਬਲ ਹੀ ਮਿਲਿਆ ਸੀ। ਉਹ ਮੇਰੇ ਪੱਥ ਦਰਸ਼ਕ ਬਣ ਕੇ ਜੀਵੇ ਹਨ।

**ਸੁਆਲ**:ਤੁਹਾਡਾ ਚਿੱਤਰ ਕਲਾ ਵੱਲ ਰੁਝਾਨ ਕਿਵੇਂ ਬਣਿਆ ? ਕੀ ਤੁਹਾਡਾ ਮਨ ਕਿਸੇ ਸਰੋਤ ਤੋਂ ਪ੍ਰਭਾਵਿਤ ਹੋ ਕੇ ਇਸ ਜਗਤ ਵੱਲ ਆਇਆ ਸੀ ?

ਜਵਾਬ: ਮੈਂ ਜਦੋਂ ਅਜੇ ਪ੍ਰਾਇਮਰੀ ਜਮਾਤ ਵਿੱਚ (ਮੇਰਾ ਖਿਆਲ ਹੈ ਸ਼ਾਇਦ ਪੰਜਵੀਂ ਜਮਾਤ ਵਿੱਚ ਸਾਂ) ਤਾਂ ਉਸ ਸਮੇਂ ਮੈਂ ਰੰਗਦਾਰ ਪੈਨਸਿਲਾਂ ਲੈ ਕੇ ਉਨ੍ਹਾਂ ਨਾਲ ਤਸਵੀਰਾਂ ਬਣਾਇਆ ਕਰਦੀ ਸੀ। ਮੈਨੂੰ ਆਪਣੀ ਉਸ ਅੰਗਰੇਜ਼ ਟੀਚਰ ਦਾ ਨਾਮ ਤਾਂ ਹੁਣ ਯਾਦ ਨਹੀ, ਉਹ ਮੇਰੀਆਂ ਬਣਾਈਆਂ ਹੋਈਆਂ ਤਸਵੀਰਾਂ ਵੇਖ ਕੇ ਬਹੁਤ ਖ਼ੁਸ਼ ਹੋਇਆ ਕਰਦੀ ਸੀ ਅਤੇ ਸ਼ਾਬਾਸ਼ ਦਿਆ ਕਰਦੀ ਸੀ। ਸ਼ਾਇਦ ਉਸ ਦੀ ਕੀਤੀ ਹੋਈ ਪ੍ਰਸ਼ੰਸਾ ਹੀ ਮੇਰਾ ਇਸ ਕਲਾ ਵੱਲ ਵਧਣ ਦਾ ਸਰੋਤ ਸੀ ਜਿਸ ਨੇ ਮੈਨੂੰ ਅੱਜ ਇਸ ਮੁਕਾਮ ਤੇ ਲਿਆ ਖੜਾ ਕੀਤਾ ਹੈ। ਇਸ ਵਿੱਚ ਮੇਰੇ ਪਿਤਾ ਜੀ ਦਾ ਵੀ ਯੋਗਦਾਨ ਕਿਹਾ ਜਾ ਸਕਦਾ ਹੈ ਜਿਹੜੇ ਮੇਰੀਆਂ ਮੁੱਢ ਮੁੱਢ ਵਿੱਚ ਵਿੰਗੀਆਂ ਟੇਢੀਆਂ ਵਾਹੀਆਂ ਲਕੀਰਾਂ ਨੂੰ ਵਾਹ ਵਾਹ ਦੇ ਕੇ ਮੇਰਾ ਮਨੋਬਲ ਵਧਾਇਆ ਕਰਦੇ ਸਨ।

ਸੁਆਲ: ਹੁਣ ਜਦੋਂ ਤੁਸੀ ਆਪਣੀ ਕਲਾ ਦੇ ਸਿਖਰ ਤੇ ਹੋ ਤਾਂ ਕੀ ਦੱਸੋਗੇ ਕਿ ਇਸੇ ਖ਼ੇਤਰ ਦੇ ਸ਼ਾਹ ਅਸਵਾਰ ਸ੍ਰ. ਸੋਭਾ ਸਿੰਘ ਜੀ ਦਾ ਤੁਹਾਡੇ ਅਤੇ ਤੁਹਾਡੀਆਂ ਕਲਾ ਕਿਰਤਾ ਤੇ ਕੀ ਪ੍ਰਭਾਵ ਰਿਹਾ ਹੈ?

**ਜਵਾਬ**: ਸਰਦਾਰ ਸੋਭਾ ਸਿੰਘ ਜੀ ਮੇਰੇ ਪੂਜਣਯੋਗ ਹਨ। ਮੇਰੇ ਮਨ ਵਿੱਚ ਉਨ੍ਹਾਂ ਲਈ ਬਹੁਤ ਹੀ ਸਤਿਕਾਰ ਹੈ। ਉਨ੍ਹਾਂ ਦੀ ਚਿੱਤਰਕਲਾ ਵੇਖ ਕੇ ਮਨ ਵਿੱਚ ਹੋਰ ਕਰਨ ਦਾ ਉਤਸ਼ਾਹ ਪ੍ਰਬਲ ਹੁੰਦਾ ਸੀ। ਮੈਂ ਉਨ੍ਹਾਂ ਦੇ ਚਿੱਤਰ ਇਸ ਤਰ੍ਹਾਂ ਵੇਖਦੀ ਹੁੰਦੀ ਸਾਂ ਜਿਵੇਂ ਕੋਈ ਬਾਲ ਕਲਾਕਾਰ ਆਪਣੇ ਗੁਰੂ ਦੀਆਂ ਕਰਾਮਾਤੀ ਕਿਰਤਾਂ ਵੇਖ ਕੇ ਉਨ੍ਹਾਂ ਵਿੱਚ ਗੁਆਚ ਜਾਂਦਾ ਹੈ।

**ਸੁਆਲ:** ਜਦੋਂ ਤੁਸੀ ਕਿਸੇ ਵਿਅਕਤੀ ਦਾ ਚਿੱਤਰ ਬਣਾਉਂਦੇ ਹੋ ਤਾਂ ਉਸ ਸਮੇਂ ਤੁਹਾਡੇ ਮਨ ਦੀ ਕਿਹੋ ਜਿਹੀ ਅਵਸਥਾ ਹੁੰਦੀ ਹੈ ?

**ਜਵਾਬ:** ਸੱਚ ਤਾਂ ਇਹ ਹੈ ਕਿ ਕਿਸੇ ਸ਼ਖ਼ਸੀਅਤ ਨੂੰ ਚਿੱਤਰਣ ਤੋਂ ਪਹਿਲਾਂ ਉਸ ਦਾ ਜੀਵਨ, ਸੁਭਾਅ, ਅਤੇ ਉਸ ਅੰਦਰ ਸਾਰੀਆਂ ਖ਼ੂਬੀਆਂ ਜਾਂ ਊਣਤਾਈਆਂ ਤੋਂ ਤੁਹਾਡਾ ਜਾਣੂ ਹੋਣਾ ਬਹੁਤ ਹੀ ਜ਼ਰੂਰੀ ਹੁੰਦਾ ਹੈ। ਚਿੱਤਰ ਵਿੱਚ ਵੀ ਉਹ ਮਨੁੱਖ ਜੀਉਂਦਾ ਜਾਪੇ।ਜੇ ਕਰ ਤੁਸੀਂ ਇਨ੍ਹਾਂ ਚੀਜਾਂ ਨੂੰ ਆਪਣੇ ਮਨ ਦੇ ਕੈਨਵਸ ਤੇ ਉਤਾਰੇ ਬਿਨਾਂ ਹੀ ਕੋਸ਼ਿਸ਼ ਕਰੋਗੇ ਤਾਂ ਉਹ ਤੁਹਾਡੀ ਕਿਰਤ ਨਿਰਜੀਵ ਜਾਪੇਗੀ। ਤੁਹਾਡੀ ਮੁਹਾਰਤ ਇਸੇ ਵਿੱਚ ਹੈ ਕਿ ਤੁਸੀਂ ਬਣਾਈ ਹੋਈ ਮੂਰਤ ਨਾਲ ਗੱਲਾਂ ਕਰ ਸਕੋ। ਜਦੋਂ ਤੁਸੀਂ ਉਸ ਵਿੱਚ ਡੁੱਬ ਕੇ ਚਿੱਤਰ ਉਲੀਕੋਗੇ ਤਾਂ ਤੁਸੀਂ ਉਸ ਦੀਆਂ ਅੱਖਾਂ ਵਿੱਚ ਚਮਕ ਭਰ ਸਕੋਗੇ। ਅੱਖਾਂ ਹੀ ਕਿਸੇ ਮਨੁੱਖ ਦੇ ਅੰਦਰ ਜਾਣ ਦਾ ਰਸਤਾ ਹੁੰਦੀਆਂ ਹਨ। ਜੇ ਕਰ ਤੁਸੀ ਇਸ ਤਰ੍ਹਾਂ ਨਹੀਂ ਕਰਦੇ ਤਾਂ ਤੁਹਾਡੀ ਕਲਾ ਨਿਰਜੀਵ,ਬੋਝਲ ਅਤੇ ਬੇਲੋੜੀ ਬਣ ਕੇ ਰਹਿ ਜਾਵੇਗੀ।

**ਸੁਆਲ:** ਜਦੋਂ ਤੁਸੀਂ ਫੁੱਲ ਬੂਟੇ ਚਿੱਤਰ ਰਹੇ ਹੁੰਦੇ ਹੋ ਤਾਂ ਆਪਣੀ ਮਾਨਸਿਕ ਹਾਲਤ ਦੇ ਕਿਸ ਤਲ ਤੇ ਵਿਚਰ ਰਹੇ ਹੁੰਦੇ ਹੋ ?

**ਜਵਾਬ:** ਕੁਦਰਤ ਤੁਹਾਨੂੰ ਗਲਵਕੜੀ ਵਿੱਚ ਲੈ ਕੇ ਮਾਂ ਵਾਂਗ ਪਿਆਰ ਕਰਨਾ ਲੋਚਦੀ ਹੈ ਪਰ ਅਸੀਂ ਅਭਾਗੇ ਇਨਸਾਨ ਪਦਾਰਥਵਾਦੀ ਸੋਚ ਵਿੱਚ ਇੰਨੇਂ ਲਿਬੜ ਗਏ ਹਾਂ ਕਿ ਕੁਦਰਤ ਦੀਆਂ ਖਿੱਚਾਂ ਤੋਂ ਆਪਣੇ ਆਪ ਹੀ ਦੂਰੀ ਅਤੇ ਪਿੱਠ ਕਰੀ ਬੈਠੇ ਹਾਂ। ਤੁਸੀਂ ਕਿਸੇ ਫੁੱਲ ਦੇ ਨੇੜੇ ਜਾਵੋ। ਆਪਣੀਆਂ ਅੱਖਾਂ ਉਸ ਵਿੱਚ ਗੱਡ ਦਿਓ। ਉਹ ਤੁਹਾਨੂੰ ਪਿਆਰਾ ਪਿਆਰਾ ਲੱਗੇਗਾ। ਉਹ ਤੁਹਾਡੇ ਨਾਲ ਗੱਲਾਂ ਕਰਦਾ ਅਨੁਭਵ ਹੋਵੇਗਾ। ਤੁਸੀਂ ਪਦਾਰਥਵਾਦੀ ਦੁਨੀਆਂ ਭੁੱਲ ਕੇ ਸੱਚ ਦੀ ਵਾਦੀ ਵਿੱਚ ਹੋਵੋਗੇ। ਜਦੋਂ ਤੁਸੀਂ ਅਜਿਹੀ ਅਵਸਥਾ ਦੇ ਧਰਾਤਲ ਤੇ ਹੁੰਦੇ ਹੋ ਤਾਂ ਤੁਸੀ ਸਮਾਧੀ ਦੀ ਅਵਸਥਾ ਵਿੱਚ ਹੁੰਦੇ ਹੋ।ਇਸ ਅਵਸਥਾ ਵਿੱਚ ਜਾ ਕੇ ਬੁਰਸ਼ ਆਪਣੇ ਆਪ ਉਸ ਨੂੰ ਮੇਰੀ ਕੈਨਵਸ ਤੇ ਉਤਰ ਜਾਣ ਲਈ ਮਜ਼ਬੂਰ ਕਰ ਦਿੰਦੇ ਹਨ। ਤੁਸੀਂ ਮੇਰੀ ਪੇਂਟਿੰਗ "ਕਲਾ ਅਤੇ ਕ੍ਰਿਸ਼ਮਾ" ਵੇਖੀ ਹੋਵੇਗੀ। ਇੱਕ ਕਲਾਕਾਰ ਔਰਤ ਨੂੰ ਫਰੇਮ ਵਿੱਚ ਚਿੱਤਰ ਰਿਹਾ ਹੈ ਪਰ ਉਸ ਔਰਤ ਦਾ ਖੱਬਾ ਪੈਰ ਫਰੇਮ ਤੋਂ ਬਾਹਰ ਦਰਸਾਇਆ ਹੈ। ਅਰਥ ਸਪਸ਼ਟ ਹਨ ਕਿ ਚਿੱਤਰਕਾਰ ਦੀ ਰਚਨਾ ਇੰਨੀਂ ਜਿੰਦਾ ਹੈ ਕਿ ਉਹ ਫਰੇਮ ਤੋਂ ਬਾਹਰ ਇੱਕ ਜੀਉਂਦੇ ਹੋਏ ਇਨਸਾਨ ਵਾਂਗ ਬਾਹਰ ਆਉਂਦੀ ਹੋਈ ਅਨੁਭਵ ਹੁੰਦੀ ਹੈ।

**ਸੁਆਲ:** ਤੁਸੀਂ ਆਪਣੀਆਂ ਬਣਾਈਆਂ ਹੋਈਆਂ ਤਸਵੀਰਾਂ ਬਾਰੇ ਦੱਸੋ ਕਿ ਕਿਸ ਕਿਸ ਤਰ੍ਹਾਂ ਦੀਆਂ ਤਸਵੀਰਾਂ ਤੁਸੀ ਅੱਜ ਤੱਕ ਚਿੱਤਰੀਆਂ ਹਨ?

**ਜਵਾਬ:** ਹਰ ਤਰ੍ਹਾਂ ਦੀਆਂ ਤਸਵੀਰਾਂ ਮੈਂ ਚਿੱਤਰੀਆਂ ਹਨ। ਰਾਧਾ-ਕ੍ਰਿਸ਼ਨ,ਸਿੱਖ ਗੁਰੂਆਂ ਦੇ ਚਿੱਤਰ,ਪੀਰਾਂ-ਫਕੀਰਾਂ ਦੇ ਚਿੱਤਰ, ਭਗਤਾਂ, ਯੋਧਿਆਂ ਅਤੇ ਸ਼ਹੀਦਾਂ ਦੇ ਚਿੱਤਰ ਵੀ ਚਿੱਤਰੇ ਹਨ। ਇਸ ਤੋਂ ਇਲਾਵਾ ਰਾਗ-ਰਾਗਨੀਆਂ,ਮਿਰਜ਼ਾ-ਸਹਿਬਾਂ,ਸੁਹਣੀ-ਮਹੀਵਾਲ,ਰੁਮਕਦੀ ਪਵਨ, ਗੋਪੀਆਂ ਅਤੇ ਊਧਵ, ਕਲਾ ਅਤੇ ਕ੍ਰਿਸ਼ਮਾ,ਬੁੱਧ ਅਤੇ ਸੁਜਾਤਾ,ਸਮਾਂ ਅਤੇ ਜਿੰਦਗੀ, ਯਾਦਾਂ, ਮੀਰਾਂ ਬਾਈ,ਸਮਾਧੀ, ਮਮਤਾ ਅਤੇ ਬਹੁਤ ਸਾਰੇ ਚਿੱਤਰਾਂ ਨੂੰ ਮੇਰੇ ਰੰਗਾਂ ਅਤੇ ਬੁਰਸ਼ਾਂ ਦੀ ਛੋਹ ਪ੍ਰਾਪਤ ਹੋਈ ਹੈ। ਇਸ ਤੋਂ ਇਲਾਵਾ ਮੈਂ ਸੀਨਰੀਆਂ, ਕਾਂਗੜਾ ਵੈਲੀ ਦੇ ਦ੍ਰਿਸ਼,ਖਿੜਦੇ ਹੋਏ ਫੁੱਲਾਂ ਦੇ ਚਿੱਤਰ,ਅਤੇ ਪੋਰਟਰੇਟ ਵੀ ਚਿੱਤਰੇ ਹਨ। ਸੱਚ ਕਹਾਂ ਮੈਂ ਕੁਦਰਤ ਅਤੇ ਕਾਦਰ ਦੀ ਉਪਾਸ਼ਕ ਹਾਂ। **ਕੁਦਰਤ 'ਚੋਂ ਕਾਦਰ ਮੈਨੂੰ ਨਜ਼ਰੀਂ ਪੈਂਦਾ ਹੈ।** ਜਿਹੜੀ ਚੀਜ਼ ਵੀ ਮੈਨੂੰ ਸੁਹਣੀ ਲੱਗਦੀ ਹੈ ਉਹ ਮੇਰੇ ਅੰਦਰ ਦੀਆਂ ਤਾਰਾਂ ਨੂੰ ਛੇੜ ਦਿੰਦੀ ਹੈ ਅਤੇ ਜਦੋਂ ਤੱਕ ਮੈਂ ਉਸ ਨੂੰ ਆਪਣੇ ਕੈਨਵਸ ਤੇ ਉਤਾਰ ਨਾ ਲਵਾਂ ਮੇਰੇ ਅੰਦਰ ਇੱਕ ਤੂਫ਼ਾਨ ਜਿਹਾ ਮੱਚਿਆ ਰਹਿੰਦਾ ਹੈ। ਉੱਠਦਿਆਂ ਬਹਿੰਦਿਆਂ ਮੇਰੇ ਅੰਦਰ ਉਹ ਹੀ ਚਿੱਤਰ ਘੁੰਮਦਾ ਰਹਿੰਦਾ ਹੈ। ਇੱਥੇ ਇਹ ਵੀ ਦੱਸਦੀ ਜਾਵਾਂ ਕਿ ਮੈਂ ਸ਼੍ਰੀ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦੇ ਚਿੱਤਰ ਵੀ ਬਣਾਏ ਹਨ।

**ਸੁਆਲ:** ਚਿੱਤਰਕਾਰੀ ਜਗਤ ਵਿੱਚ ਸੁੰਦਰਤਾ ਦੇ ਤੁਸੀਂ ਕੀ ਅਰਥ ਲੈਂਦੇ ਹੋ ?

**ਜਵਾਬ:** ਮੈਂ ਇਸ ਗੱਲ ਨੂੰ ਸੌਖੀ ਤਰ੍ਹਾਂ ਕਹਿਣ ਲਈ ਤੁਹਾਨੂੰ ਰਾਬਿੰਦਰ ਨਾਥ ਟੈਗੋਰ ਜੀ ਦੇ ਬਚਨ ਦੱਸਦੀ ਹਾਂ। ਉਹ ਕਹਿੰਦੇ ਹਨ "ਜਦ ਮਨੁੱਖ ਸੁੰਦਰਤਾ ਨੂੰ ਅਨੁਭਵ ਕਰਦਾ ਹੈ ਤਾਂ ਉਹ ਆਪਣੇ ਅੰਦਰ ਇੱਕ ਅਨੰਤ ਸ਼ਕਤੀ ਪੈਦਾ ਹੋਈ ਮਹਿਸੂਸ ਕਰਦਾ ਹੈ। ਜੋ ਬਾਹਰਲੀ ਸਰਬ ਵਿਆਪੀ ਸ਼ਕਤੀ ਦਾ ਹੀ ਪ੍ਰਤੀਬਿੰਬ ਹੁੰਦੀ ਹੈ। ਪ੍ਰਮਾਤਮਾ ਸੁੰਦਰਤਾ ਦੀ ਬੋਲੀ ਵਿੱਚ ਮਨੁੱਖ ਨਾਲ ਗੱਲ ਕਰਦਾ ਹੈ ਅਤੇ ਮਨੁੱਖ ਉੱਤਰ ਦਿੰਦਾ ਹੈ, "ਹਾਂ, ਮੈਂ ਸਮਝ ਗਿਆ ਹਾਂ।" ਇਸ ਤਰ੍ਹਾਂ ਕਹਿ ਲਵੋ ਕਿ ਆਤਮਾ ਅਤੇ ਪ੍ਰਮਾਤਮਾ ਦੇ ਸੁਮੇਲ ਦਾ ਮਾਧਿਅਮ ਹੀ ਸੁੰਦਰਤਾ ਹੈ। ਮੈਂ ਤਾਂ ਇਸ ਨੂੰ ਇਸ ਤਰ੍ਹਾਂ ਵੀ ਕਿਹਾ ਕਰਦੀ ਹਾਂ **"ਸੁੰਦਰਤਾ ਪ੍ਰੇਮੀ ਦਾ ਆਪਣੀ ਪ੍ਰੇਮਕਾ ਨੂੰ ਤੋਹਫ਼ਾ ਹੈ।"** ਜਦੋਂ ਵੀ ਕੋਈ ਆਰਟਿਸਟ ਕੋਈ ਅਨੁਭਵ ਆਪਣੀ ਅੰਤਰ ਆਤਮਾ ਵਿੱਚ ਚਿੱਤਵਦਾ ਹੈ ਤਾਂ ਸੁੰਦਰਤਾ ਦਾ ਪ੍ਰਕਾਸ਼ ਆਪਣੇ ਆਪ ਹੀ ਟਿਮਟਿਮਾਉਣ ਲੱਗਦਾ ਹੈ।ਇਸੇ ਲਈ ਤਾਂ ਕਹਿੰਦੇ ਹਨ:- ਸਤਯਮ,ਸ਼ਿਵਮ,ਸੁੰਦਰਮ।

**ਸੁਆਲ:** ਕੀ ਤੁਸੀਂ ਕਲਾ ਅਤੇ ਕਲਾਕਾਰ ਦੀ ਸਹੀ ਪ੍ਰੀਭਾਸ਼ਾ ਦੱਸ ਕੇ ਉਨ੍ਹਾਂ ਦੇ ਆਪਸੀ ਸਬੰਧਾਂ ਤੇ ਵੀ ਚਾਨਣਾ ਪਾਓਗੇ?

**ਜੁਆਬ:** ਕਲਾਕਾਰ ਨੇ ਕਿਸੇ ਘਟਨਾ,ਖਿਆਲ ਜਾਂ ਅਗੰਮੀ ਸੋਚ ਵਿੱਚ ਵੇਖੇ ਹੋਏ ਅਨੁਭਵ ਨੂੰ ਚਿੱਤਰਨਾ ਹੁੰਦਾ ਹੈ। ਕਿਸੇ ਵੀ ਘਟਨਾ ਦੇ ਯਥਾਰਥਕ ਚਿੱਤਰਣ ਨੂੰ ਕਾਰੀਗਰੀ ਜਾਂ ਸ਼ਿਲਪ ਦਾ ਨਾਂ ਤਾਂ ਦਿੱਤਾ ਜਾ ਸਕਦਾ ਹੈ ਪਰ ਕਲਾ ਦਾ ਨਹੀਂ। ਕਾਰੀਗਰੀ ਜਾਂ ਸ਼ਿਲਪ ਵਿੱਚ ਬਾਹਰੀ ਰੂਪ ਪ੍ਰਧਾਨ ਹੁੰਦਾ ਹੈ। ਉਸ ਵਿੱਚ ਕਲਾਕਾਰ ਦੀ ਸ਼ਖਸੀਅਤ ਦੀ ਏਨੀਂ ਥਾਂ ਨਹੀਂ ਹੁੰਦੀ। ਪਰ ਇੱਕ ਕਲਾਤਮਿਕ ਰਚਨਾ ਵਿੱਚੋਂ ਕਲਾਕਾਰ ਦੀ ਸ਼ਖ਼ਸੀਅਤ ਉਮਡ ਉਮਡ ਕੇ ਬਾਹਰ ਆਉਂਦੀ ਹੈ।

ਕਵੀ ਰਾਬਿੰਦਰ ਨਾਥ ਜੀ ਲਿਖਦੇ ਹਨ ਕਿ ਜਾਪਾਨ ਦੀ ਇੱਕ ਯਾਤਰਾ ਦੇ ਦੌਰਾਨ ਉਨ੍ਹਾਂ ਦੀ ਇੱਕ ਜਾਪਾਨੀ ਚਿੱਤਰਕਾਰ ਨਾਲ ਮੁਲਾਕਾਤ ਹੋਈ। ਉਹ ਆਪਣੀ ਹਰ ਸਵੇਰ ਮਹਾਤਮਾ ਬੁੱਧ ਦੀ ਪੂਜਾ ਨਾਲ ਆਰੰਭ ਕਰਦਾ ਸੀ ਅਤੇ ਉੱਥੋਂ ਹੀ ਉਹ ਆਪਣੀ ਕਲਾ ਲਈ ਸ਼ਕਤੀ ਪ੍ਰਾਪਤ ਕਰਦਾ ਸੀ। ਉਸ ਦੀ ਪ੍ਰਾਥਨਾ ਸਦਾ ਇੱਕ ਹੀ ਹੁੰਦੀ ਸੀ: 'ਹੇ ਸ੍ਰਿਸ਼ਟੀ ਦੇ ਰਚਣਹਾਰ! ਮੈਨੂੰ ਰੂਪਾਂ ਅਤੇ ਤੱਥਾਂ ਦੀ ਨਾਸ਼ਵਾਨਤਾ ਦੇ ਜਾਲ ਵਿੱਚੋਂ ਕੱਢ ਕੇ ਅਨੰਤਤਾ ਅਤੇ ਸਦੀਵਤਾ ਦੇ ਰਾਹ ਪਾ। ਹੇ ਪ੍ਰਭੂ! ਮੈਂ ਤੈਨੂੰ ਪ੍ਰਣਾਮ ਕਰਦਾ ਹਾਂ ਕਿਉਂਕਿ ਤੂੰ ਹੀ ਸਭ ਪ੍ਰੇਰਨਾਵਾਂ ਦਾ ਸੋਮਾ ਹੈ।" ਸਾਰੀ ਗੱਲ ਦਾ ਨਿਚੋੜ ਇਹ ਹੈ ਕਿ ਹਰ ਸੱਚੇ ਕਲਾਕਾਰ ਨੂੰ ਆਪਣੀ ਆਤਮਾ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ। ਉਸ ਨੂੰ ਅਲੋਚਕਾਂ ਅਤੇ ਸਿਧਾਂਤਕਾਰਾਂ ਦੀ ਪ੍ਰਵਾਹ ਨਹੀਂ ਕਰਨੀ ਚਾਹੀਦੀ ਅਤੇ ਨਾ ਹੀ ਪਬਲਿਕ ਦੀ ਮੰਗ ਜਾਂ ਉਸ ਵੱਲੋਂ ਪ੍ਰਸ਼ੰਸਾ ਦਾ ਖਿਆਲ ਕਰਨਾ ਚਾਹੀਦਾ ਹੈ। ਉਹਨੂੰ ਕੇਵਲ ਅਤੇ ਕੇਵਲ ਆਪਣੀ ਆਤਮਾ ਦੀ ਆਵਾਜ਼ ਨੂੰ ਸੁਣਨਾ ਚਾਹੀਦਾ ਹੈ। ਕਲਾ ਲਈ ਦੋ ਪ੍ਰਕਾਰ ਦੀ ਸਮੱਗਰੀ ਦੀ ਲੋੜ ਹੁੰਦੀ ਹੈ। ਇੱਕ ਬਾਹਰਲੀ ਅਤੇ ਦੂਜੀ ਅੰਦਰਲੀ। ਬਾਹਰਲੀ ਸਮੱਗਰੀ ਰੰਗ,ਬੁਰਸ਼,ਕਾਗਜ਼ ਆਦਿ। ਅੰਦਰਲੀ ਸਮੱਗਰੀ ਹੈ ਭਾਵਕਤਾ,ਤੁਸੱਵਰ ਅਤੇ ਉਸ ਤਸੱਵਰ ਵਿੱਚ ਪੂਰਨ ਵਿਸ਼ਵਾਸ਼।

**ਸੁਆਲ:** ਤੁਹਾਡੀ ਜਾਚੇ ਇਸ ਕੋਮਲ ਕਲਾ ਭਾਵ ਚਿੱਤਰ ਕਲਾ ਦਾ ਭਵਿੱਖ ਕਿਹੋ ਜਿਹਾ ਹੈ?

**ਜੁਆਬ:** ਇਹ ਕੋਮਲ ਕਲਾ ਰੂਹ ਦੀ ਬੋਲੀ ਹੈ, ਰੂਹ ਦੀ ਖੁਰਾਕ ਹੈ,ਪ੍ਰਮਾਤਮਾ ਦਾ ਦੂਸਰਾ ਨਾਂ ਹੈ ਕੋਮਲ ਕਲਾ। ਇਹ ਕਦੀ ਵੀ ਮਰ ਨਹੀਂ ਸਕਦੀ। ਜਦੋਂ ਜਦੋਂ ਵੀ ਇਸ ਦੇ ਦੀਵਾਨੇ ਇਸ ਬਾਰੇ ਸੋਚਣਗੇ ਇਹ ਵੱਧਦੀ ਫੁੱਲਦੀ ਹੀ ਰਹੇਗੀ। ਅਜਿਹਾ ਮੇਰਾ ਮੰਨਣਾ ਹੈ।

**ਸੁਆਲ:** ਜਦੋਂ ਕਦੇ ਤੁਸੀਂ ਕੋਈ ਕਲਾ ਕਿਰਤ ਸਿਰਜਦੇ ਹੋ,ਉਸ ਸਮੇਂ ਦੇ ਤਕਨੀਕੀ ਅਮਲ ਬਾਰੇ ਦੱਸੋ?

**ਜਵਾਬ:** ਜਦ ਕੋਈ ਸੁੰਦਰ ਵਿਚਾਰ ਮਨ ਵਿੱਚ ਆਵੇ, ਸੁੰਦਰ ਦ੍ਰਿਸ਼ ਦੇਖ ਕੇ ਮੇਰੀ ਭਾਵਨਾ ਨੂੰ ਟੁੰਬੇ ਮੈਂ ਉਸ 'ਤੇ ਬੜੀ ਗੰਭੀਰਤਾ ਨਾਲ ਵਿਚਾਰ ਕਰਦੀ ਹਾਂ। ਵਾਰ ਵਾਰ ਮਨ ਦੀ ਰੁਚੀ ਨੂੰ ਉਸ 'ਤੇ ਕੇਂਦਰਿਤ ਕਰਦੀ ਹਾਂ। ਆਖ਼ਿਰ ਉਹ ਵਿਚਾਰ ਮੇਰੇ ਮਨ ਦੇ ਪਰਦੇ 'ਤੇ ਇੱਕ ਤਸੱਵਰ ਦੇ ਰੂਪ ਵਿੱਚ ਉਜ਼ਾਗਰ ਹੁੰਦਾ ਹੈ, ਜੋ ਰੰਗ ਅਤੇ ਰੇਖਾ ਦੀ ਹੱਦਬੰਦੀ ਵਿੱਚ ਸੰਪੂਰਨ ਹੁੰਦਾ ਹੈ। ਫਿਰ ਮੈਂ ਇਸ ਕਲਪਿਤ ਤਸੱਵਰ ਨੂੰ ਬੁਰਸ਼ ਅਤੇ ਰੰਗਾਂ ਦੁਆਰਾ ਕਾਗਜ਼ ਜਾਂ ਕੈਨਵਸ 'ਤੇ ਚਿੱਤਰਦੀ ਹਾਂ। ਪਰ ਮਨ ਨੂੰ ਉਂਗਲਾਂ ਤੱਕ,ਉਂਗਲਾਂ ਤੋਂ ਬੁਰਸ਼ ਤੱਕ ਅਤੇ ਬੁਰਸ਼ ਤੋਂ ਕੈਨਵਸ ਤੱਕ ਪਹੁੰਚਾਉਂਦਿਆਂ ਤੱਕ ਉਸ ਦਾ ਕਾਫ਼ੀ ਹਿੱਸਾ ਗੁਆਚ ਜਾਂਦਾ ਹੈ। ਉਸ ਤਸੱਵਰ(Idea) ਨੂੰ ਪੂਰਨਤਾ ਦੇ ਰੂਪ ਵਿੱਚ ਚਿੱਤਰਨਾ ਕਲਾਕਾਰ ਦੀ ਇਬਾਦਤ ਅਤੇ ਅਭਿਆਸ 'ਤੇ ਨਿਰਭਰ ਕਰਦਾ ਹੈ।

**ਸੁਆਲ:** ਤੁਹਾਨੂੰ ਤੁਹਾਡੀਆਂ ਕਲਾ ਕਿਰਤਾਂ ਲਈ ਸਨਮਾਨ ਵੀ ਤਾਂ ਮਿਲੇ ਹੋਣਗੇ।ਕੀ ਤੁਸੀਂ ਉਨ੍ਹਾਂ ਬਾਰੇ ਕੋਈ ਚਰਚਾ ਕਰਨਾ ਚਾਹੋਗੇ ?

**ਜਵਾਬ:** ਸੱਚੇ ਦਿਲੋਂ ਕੀਤੀ ਹੋਈ ਕਿਰਤ ਵਿਅਰਥ ਨਹੀਂ ਜਾਂਦੀ। ਉਸ ਦਾ ਫਲ ਜ਼ਰੂਰ ਹੀ ਮਿਲਦਾ ਹੈ। ਮੇਰੀਆਂ ਕਲਾ ਕਿਰਤਾਂ ਵੀ ਸਲਾਹੀਆਂ ਅਤੇ ਸਨਮਾਨੀਆਂ ਗਈਆਂ ਹਨ। ਇਸ ਨਾਲ ਕਲਾਕਾਰ ਨੂੰ ਅੱਗੋਂ ਕੁਝ ਨਵਾਂ ਕਰਨ ਲਈ ਪ੍ਰੇਰਨਾ ਵੀ ਮਿਲਦੀ ਹੈ ਅਤੇ ਦ੍ਰਿੜਤਾ ਵੀ। ਮੈਂ ਪ੍ਰਮਾਤਮਾ ਕੋਲੋਂ ਹਮੇਸ਼ਾਂ ਇਹ ਮੰਗ ਕਰਦੀ ਹਾਂ ਕਿ ਪ੍ਰਭੂ ਮਾਣ ਸਤਿਕਾਰ ਦੇਵੀਂ ਪਰ ਮਨ ਵਿੱਚ ਹਉਮਾ ਅਤੇ ਹੰਕਾਰ ਨਾ ਦੇਵੀਂ ਕਿਉਂਕਿ ਇਹ ਕਲਾਕਾਰ ਨੂੰ ਵਿਨਾਸ਼ ਵੱਲ ਲੈ ਜਾਂਦੇ ਹਨ।

**ਸੁਆਲ:** ਹੁਣ ਜਦੋਂ ਕਿ ਤੁਸੀਂ ਇਸ ਖ਼ੇਤਰ ਦੀਆਂ ਪ੍ਰਾਪਤੀਆਂ ਦੀ ਬੁਲੰਦੀ 'ਤੇ ਹੋ। ਕੀ ਅਜੇ ਵੀ ਤੁਹਾਡਾ ਕੋਈ ਸੁਪਨਾ ਅਧੂਰਾ ਹੈ ਜਿਸ ਦੀ ਪੂਰਤੀ ਦੀ ਤੁਸੀਂ ਲਾਲਸਾ ਕਰਦੇ ਹੋ?

**ਜੁਆਬ:** ਮੈਂ ਚਾਹੁੰਦੀ ਹਾਂ ਕਿ ਪ੍ਰਮਾਤਮਾ ਮੈਨੂੰ ਹਮਦਰਦੀ,ਪਿਆਰ,ਸਹਿਜ ਅਤੇ ਸੁੰਦਰਤਾ ਦਾ ਖ਼ਜਾਨਾ ਬਖਸ਼ੇ। ਦੂਸਰਿਆਂ ਨੂੰ ਖ਼ੁਸ਼ ਕਰਨ ਦੀ ਸਮਰੱਥਾ ਦੇਵੇ। ਮੈਨੂੰ ਮੁਆਫ਼ ਕਰਨ ਅਤੇ ਕਿਸੇ ਦੀ ਗਲਤੀ ਵਿਸਾਰ ਦੇਣ ਦਾ ਬਲ (Gorget & forgiveness) ਬਖ਼ਸ਼ੇ।

**ਸੁਆਲ:** ਇਨਸਾਨ ਦੇ ਅੰਤਲੇ ਪੜਾਅ ਭਾਵ ਮੌਤ ਬਾਰੇ ਤੁਹਾਡੇ ਕੀ ਵਿਚਾਰ ਹਨ?

**ਜੁਆਬ:** ਮੌਤ ਇੱਕ ਅਟੱਲ ਸਚਾਈ ਹੈ,ਹਕੀਕਤ ਹੈ ਅਤੇ ਇਸ ਘਟਨਾ ਨੇ ਇੱਕ ਨਾ ਇੱਕ ਦਿਨ ਵਾਪਰਨਾ ਹੀ ਹੈ। ਅੱਜ ਨਹੀਂ ਤਾਂ ਕੱਲ੍ਹ ਇਸ ਨੇ ਆਉਣਾ ਹੀ ਹੈ। ਆਪਣਾ ਸਰੀਰ ਛੱਡਣ ਤੋਂ ਪਹਿਲਾਂ ਮੇਰੀ ਇੱਕ ਤਮੰਨਾ ਹੈ ਕਿ ਮੈਂ ਆਲੇ-ਦੁਆਲੇ ਨੂੰ ਬਿਹਤਰ ਬਣਾ ਕੇ ਜਾਵਾਂ। ਕਲਾਤਮਿਕ ਅਤੇ ਉਸਾਰੂ ਕੰਮ ਕਰਦਿਆਂ ਸਹਿਜ ਅਵਸਥਾ ਵਿੱਚ ਆਤਮਾ ਪ੍ਰਵਾਜ਼ ਕਰ ਜਾਵੇ ਬਹੁਤ ਚੰਗੀ ਗੱਲ ਹੈ। ਇਸ ਤਰ੍ਹਾਂ ਇਹ ਜੀਵਨ ਯਾਤਰਾ ਬੜੀ ਆਨੰਦਮਈ ਅਤੇ ਖ਼ੂਬਸੂਰਤ ਲੱਗੇਗੀ।

**ਸੁਆਲ:** ਤੁਹਾਡੀ ਕੋਈ ਇੱਛਾ ਹੈ?

**ਜੁਆਬ:** ਜੀਵਨ ਯਾਤਰਾ ਬੜੀ ਸੰਤੁਸ਼ਟ ਰਹੀ ਹੈ। ਇਸ ਜੀਵਨ ਯਾਤਰਾ ਦਾ ਕੋਈ ਵੀ ਪੜਾਅ ਭਾਵੇਂ ਉਹ ਖ਼ੁਸ਼ੀ ਦਾ ਸੀ ਜਾਂ ਗ਼ਮ ਦਾ, ਸੱਚ ਜਾਣਿਆ ਜੇ ਮੈਂ ਬੜੇ ਹੀ ਸਬਰ ਸੰਤੋਖ ਨਾਲ ਜੀਵਿਆ ਹੈ। ਉਸ ਦੇ ਭਾਣੇ ਵਿੱਚ ਰਹਿਣ ਦੀ ਅਰਦਾਸ ਕੀਤੀ ਹੈ। ਕਮਾਈ ਕਿਰਤ ਕਰਦਿਆਂ ਬਜ਼ੁਰਗਾਂ ਦਾ ਸਤਿਕਾਰ, ਬੱਚਿਆਂ ਨੂੰ ਪਿਆਰ ਕੀਤਾ ਹੈ ਅਤੇ ਕੰਮ ਵੀ ਪੂਰੀ ਤਨਦੇਹੀ ਨਾਲ ਕੀਤਾ ਹੈ। ਕੀਤੀ ਹੋਈ ਕਿਰਤ ਕਮਾਈ ਵਾਸਤੇ ਇਨਾਮ ਅਤੇ ਰੱਜ ਕੇ ਸਤਿਕਾਰ ਵੀ ਮਿਲਿਆ ਹੈ। ਏਥੋਂ ਤੱਕ ਕਿ ਆਰਟਿਸਟ ਦਾ ਮਾਣ ਪ੍ਰਾਪਤ ਕਰਕੇ ਪੈਨਸ਼ਨ ਨਾਲ ਵੀ ਨਿਵਾਜ਼ਿਆ ਗਿਆ ਹੈ।

**ਸੁਆਲ:** ਤੁਸੀਂ ਇੱਕ ਆਰਟਿਸਟ ਹੋ। ਜਿਸ ਕੋਮਲ ਕਲਾ ਦੇ ਤੁਸੀਂ ਵਣਜ਼ਾਰੇ ਹੋ,ਮੇਰੀ ਸਮਝ ਅਨੁਸਾਰ ਉਸ ਦਾ ਰਸੀਆ, ਪ੍ਰਮਾਤਮਾ ਦੇ ਬਹੁਤ ਨੇੜੇ ਹੁੰਦਾ ਹੈ। ਪ੍ਰਮਾਤਮਾ ਦੀ ਹੋਂਦ ਬਾਰੇ ਕੁਝ ਕਹੋਗੇ?

**ਜੁਆਬ:** ਪ੍ਰਮਾਤਮਾ ਦਾ ਦੂਸਰਾ ਨਾਂ ਸੱਚ ਹੈ,ਸੁੰਦਰਤਾ ਹੈ ਅਤੇ ਇਸ ਦਾ ਰੂਪ ਵੀ ਸੁੰਦਰਤਾ ਹੈ। ਸਾਡੀ ਬਰਖ਼ੁਰਦਾਰੀ ਇਸੇ ਗੱਲ ਵਿੱਚ ਹੈ ਕਿ ਉਸ ਦੀ ਰਚੀ ਹੋਈ ਕਾਇਨਾਤ ਨੂੰ ਆਪਣੀ ਕਲਾ ਜਾਂ ਕਿਰਤ ਦੁਆਰਾ ਬਿਹਤਰ ਛੱਡ ਕੇ ਜਾਈਏ। ਇੱਕ ਮਨ ਹੋ ਕੇ ਕੀਤੀ ਹੋਈ ਚਾਹ ਸਦਾ ਸਾਕਾਰ ਹੋਈ ਹੈ। ਇਸ ਲਈ ਕੋਸ਼ਿਸ਼ ਕਰੋ,ਮਿਹਨਤ ਕਰੋ ਅਤੇ ਜੁੱਟੇ ਰਹੋ। ਹੋਣ ਵਾਲੀ ਗੱਲ ਜ਼ਰੂਰ ਹੋਵੇਗੀ,ਉਹ ਬਿਹਤਰ ਜਾਣਦਾ ਹੈ।

**ਸੁਆਲ:** ਕੰਮ ਕਰਦਿਆਂ ਤੁਸੀ ਕਦੇ ਅਕੇਵਾਂ(boredom) ਸੁਸਤੀ(dulness) ਜਾਂ ਥਕਾਵਟ ਵੀ ਮਹਿਸੂਸ ਕੀਤੀ ਹੈ ਜਾਂ ਨਹੀਂ?

ਜੁਆਬ: ਕਦੇ ਨਹੀਂ। ਮਨ ਵਿੱਚ ਜਦ ਵਿਚਾਰ ਆਇਆ ਚਲੋ ਕੰਮ ਕਰੀਏ, ਸ਼ੁਰੂ ਕਰ ਦਿੱਤਾ ਅਤੇ ਫਿਰ ਬੋਰ ਕਿਉਂ?

**"ਸਾਹਿਬ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ॥"**

ਕਿਉਂਕਿ ਜਦ ਆਪਾਂ ਕੰਮ ਲਈ ਤਿਆਰ ਬਰ ਤਿਆਰ ਹੋ ਕੇ ਜੁੜਦੇ ਹਾਂ ਤਾਂ ਮੂਡ(mood), ਬੋਰ(bore) ਜਾਂ ਡਲ(dull) ਮਹਿਸੂਸ ਕਰਨਾ ਕਿਉਂ? ਸੱਚ ਤਾਂ ਇਹ ਹੈ ਕਿ ਜੇਕਰ ਤੁਸੀਂ ਮਹਿਸੂਸ ਕਰੋਗੇ ਤਾਂ ਇਹ ਸਭ ਮਹਿਸੂਸ ਹੋਵੇਗਾ। ਜਦ ਤੁਸੀਂ ਹੱਥਲੇ ਕੰਮ ਨੂੰ ਛੱਡ ਕੇ ਦੂਸਰਾ ਕੰਮ ਪਕੜ ਲਵੋਗੇ ਤਾਂ ਉਸ ਕੰਮ ਨੂੰ ਨਾ ਚਾਹੁੰਦਿਆਂ ਵੀ ਤਬਦੀਲੀ ਪ੍ਰਦਾਨ ਕਰਦਾ ਹੈ। ਥਕਾਵਟ ਆਉਂਦੀ ਹੀ ਨਹੀਂ। ਜਦੋਂ ਸ਼ਾਮ ਆਉਂਦੀ ਹੈ ਤਾਂ ਕੀਤੇ ਹੋਏ ਕੰਮ ਦੀ ਥਕਾਵਟ ਤੁਹਾਨੂੰ ਉਤਨੀ ਹੀ ਸੁੰਦਰ ਨੀਂਦ ਪ੍ਰਦਾਨ ਕਰਦੀ ਹੈ। ਤੁਸੀਂ ਬੈਠੇ ਬੈਠੇ ਹੀ ਸੌਂ ਜਾਂਦੇ ਹੋ। ਜੇਕਰ ਕੋਈ ਹੋਰ ਤਕਲੀਫ(problem) ਹੈ ਤਾਂ ਉਸ ਦਾ ਫੌਰਨ ਹੱਲ ਕਰੋ ਅਤੇ ਫਿਰ ਭੁਲਾ ਦਿਉ।

**ਸੁਆਲ:** ਤੁਹਾਡੀ ਸਿਹਤ ਦਾ ਰਾਜ਼। ਤੁਹਾਡੀ ਖ਼ੁਰਾਕ ਅਤੇ ਤੁਹਾਡੇ ਕੀ ਸ਼ੌਂਕ ਹਨ?

**ਜੁਆਬ:** ਜੋ ਮਿਲ ਜਾਵੇ, ਵਾਹਿਗੁਰੂ ਦਾ ਨਾਮ ਲੈ ਕੇ ਛਕੋ,ਸਭ ਅੰਮ੍ਰਿਤ ਹੈ। ਆਪਣੇ ਆਪ ਨੂੰ ਵਿਹਲੇ ਨਾ ਰੱਖੋ, ਕੰਮ 'ਤੇ ਲੱਗੇ ਰਹੋ। ਕਲਾਤਮਿਕ ਰੁਚੀਆਂ ਖ਼ੁਦ ਸ਼ਕਤੀ ਪੈਦਾ ਕਰਦੀਆਂ ਹਨ। ਖ਼ੁਸ਼ੀ ਅਤੇ ਸ਼ਾਤੀ ਦਿੰਦੀਆਂ ਹਨ। ਕਿਸੇ ਨੂੰ ਦੁੱਖ ਨਾ ਦਿਓ। ਗ਼ਲਤ ਬੋਲ ਨਾ ਬੋਲੋ, ਦੂਸਰੇ ਦੀ ਮਦਦ ਕਰੋ, ਹਮਦਰਦੀ ਅਤੇ ਪਿਆਰ ਕਰੋ। Simple living and high thinking ਦੇ ਅਸੂਲ ਨੂੰ ਆਪਣਾ ਜੀਵਨ ਸਿਧਾਂਤ ਬਣ ਲਵੋ। ਸਿਹਤ ਵੀ ਠੀਕ ਅਤੇ ਅਤੇ ਤੁਸੀਂ ਵੀ ਖ਼ੁਸ਼।

**ਸੁਆਲ:**ਇਹ ਜੀਵਨ ਸੋਚ ਤੁਹਾਨੂੰ ਕਿੱਥੋਂ ਮਿਲੀ ਹੈ?

**ਜੁਆਬ:** ਮੈਨੂੰ ਯਾਦ ਨਹੀਂ। ਛੋਟੀ ਉਮਰ ਵਿੱਚ ਮਾਂ ਮਰ ਗਈ ਸੀ। ਵੱਡੇ ਸਾਰੇ ਹੀ ਪਿਆਰ ਵਾਲੇ ਸਨ। ਕੋਈ ਕਮੀ ਮਹਿਸੂਸ ਨਹੀਂ ਹੋਈ। ਸਭਨਾਂ ਦਾ ਪਿਆਰ,ਯੋਗ ਵਰਤਾਓ,ਚੰਗੀ ਸੰਗਤ, ਸੰਤੁਲਿਤ ਖ਼ੁਰਾਕ, ਉਸ ਦੇ ਹੁਕਮ ਵਿੱਚ ਰਹਿਣਾ, ਆਖੇ ਲੱਗਣਾ। ਮੈਨੂੰ ਤਾਂ ਪ੍ਰਮਾਤਮਾ ਅਤੇ ਵੱਡਿਆਂ ਤੋਂ ਪਿਆਰ ਅਤੇ ਸਤਿਕਾਰ ਹੀ ਮਿਲਿਆ ਹੈ।

**ਸੁਆਲ:** ਤੁਸੀਂ ਇੱਕ ਵਿਲੱਖਣ ਸ਼ਖ਼ਸੀਅਤ ਦਾ ਰੂਪ ਦਿੱਸਦੇ ਹੋ। ਤੁਸੀਂ ਆਪਣੇ ਜੀਵਨ ਵਿੱਚ ਆਪਣੇ ਘਰੇਲੂ ਕਾਰਜ਼ਾਂ ਦੇ ਨਾਲ ਨਾਲ ਆਪਣੀ ਕਲਾ ਕਿਰਤ ਦੇ ਕੰਮ ਨੂੰ ਕਿਵੇਂ ਨਿਭਾਇਆ ਹੈ? ਮੇਰਾ ਭਾਵ ਹੈ ਬੱਚਿਆਂ ਦੀ ਸਾਂਭ ਸੰਭਾਲ, ਘਰ ਦੀ ਸਜ਼ਾਵਟ, ਸਮਾਜਿਕ ਕਾਰਵਾਈਆਂ, ਬੱਚਿਆਂ ਦੀਆਂ ਸ਼ਾਦੀਆਂ ਦੇ ਝਮੇਲੇ ਆਦਿ ਨੂੰ ਕਿਵੇਂ ਸੰਭਾਲਿਆ ਹੈ?

**ਜੁਆਬ:** ਮੈਂ ਜਿਸ ਵੀ ਕੰਮ ਨੂੰ ਹੱਥ ਪਾਇਆ ਹੈ ਉਸ ਨੂੰ ਕਦੇ ਅਧਵਾਟੇ ਨਹੀਂ ਛੱਡਿਆ,ਪੂਰਾ ਕੀਤਾ ਹੈ। ਬੱਚਿਆਂ ਦੇ ਵੰਨ-ਸੁਵੰਨੇ ਸਵੈਟਰ ਆਪ ਬਣਾਏ,ਘਰ ਦੀ ਸੂਈ ਸਲਾਈ ਵਗੈਰਾ ਵਗੈਰਾ। ਬੱਸ, ਵਕਤ ਸੀ ਉਸ ਦੀ ਪੂਰੀ ਪੂਰੀ ਯੋਗ ਵਰਤੋਂ ਕੀਤੀ, ਵਿਹਲਾ ਨਹੀਂ ਬੈਠਣਾ। ਮੇਰਾ ਇਹ ਸਿਧਾਂਤ ਸੀ, "Change of work is the best rest."

**ਸੁਆਲ:** ਤੁਸੀਂ ਇੱਕ ਔਰਤ ਹੋ। ਔਰਤ ਹੋਣ ਦੇ ਨਾਤੇ ਕਲਾ ਦੇ ਖ਼ੇਤਰ ਵਿੱਚ ਵਿਚਰਦਿਆਂ ਹੋਇਆਂ ਤੁਹਾਨੂੰ ਕਦੇ ਕੋਈ ਔਕੜ ਆਈ ਹੋਵੇ?

**ਜੁਆਬ:** ਮੈਨੂੰ ਕਦੇ ਕੋਈ ਔਕੜ ਨਹੀਂ ਆਈ। ਮੈਂ ਔਕੜ ਨੂੰ ਕੋਈ ਚੀਜ਼ ਸਮਝਦੀ ਹੀ ਨਹੀਂ। ਮੈਂ ਹਮੇਸ਼ਾਂ ਨਵੇਂ ਰਾਹ ਬਣਾਉਣ ਵਿੱਚ ਵਿਸ਼ਵਾਸ ਰੱਖਦੀ ਹਾਂ। ਵਗਦੇ ਪਾਣੀ ਅੱਗੇ ਕੋਈ ਰੋਕ ਲਾ ਕੇ ਉਸ ਨੂੰ ਰੋਕਣ ਦਾ ਉਪਰਾਲਾ ਕਰੋ,ਉਹ ਕੁਝ ਸਮੇਂ ਲਈ ਤਾਂ ਬੇਸ਼ਕ ਰੁਕ ਗਿਆ ਹੁੰਦਾ ਹੈ ਪਰ ਜਦੋਂ ਉਹ ਰੋਕ ਦੂਰ ਹੋ ਜਾਂਦੀ ਹੈ ਤਾਂ ਪਾਣੀ ਪਹਿਲੇ ਵੇਗ ਨਾਲੋਂ ਵੀ ਤੇਜ਼ ਗਤੀ ਨਾਲ ਵਹਿ ਤੁਰਦਾ ਹੈ। ਮਨੁੱਖੀ ਆਤਮਾ ਦਾ ਪਿਆਰ ਹੀ ਇੱਕੋ ਇੱਕ ਅਜਿਹਾ ਸਾਧਨ ਹੈ ਜੋ ਹਉਮੈ ਦੇ ਪੜਦੇ ਨੂੰ ਹਟਾ ਕੇ ਮਨੁੱਖੀ ਆਤਮਾ ਨੂੰ ਸਰਵਵਿਆਪੀ ਬਣਾ ਦਿੰਦਾ ਹੈ। ਕਿਸੇ ਵੀ ਵਿਸ਼ੇ 'ਤੇ, ਕਿੱਤੇ ਜਾਂ ਸ਼ਿਲਪਕਾਰੀ ਦਾ ਕੰਮ ਹੋਵੇ, ਜਿੰਨਾਂ ਚਿਰ ਉਸ ਪ੍ਰਤੀ ਪਿਆਰ ਦੀ ਭਾਵਨਾ ਨਾ ਹੋਵੇ ਅਸੀਂ ਉਸ ਨੂੰ ਗ੍ਰਹਿਣ ਨਹੀਂ ਕਰ ਸਕਦੇ ਜਾਂ ਅਪਣਾ ਨਹੀਂ ਸਕਦੇ। ਪਿਆਰ ਭਾਵੇਂ ਆਪਣੀ ਕਲਾ ਨਾਲ ਹੋਵੇ, ਵਸਤੂ ਨਾਲ ਹੋਵੇ ਜਾਂ ਵਿਅਕਤੀ ਨਾਲ ਹੋਵੇ ਗੱਲ ਇੱਕੋ ਹੈ।

**ਸੁਆਲ:** ਬਹੁਤ ਕੁਝ ਜਾਣ ਲਿਆ ਹੈ ਪਰ ਇੱਕ ਹੋਰ ਸੁਆਲ ਜਿਹੜਾ ਮੇਰੇ ਜ਼ਿਹਨ ਵਿੱਚ ਹੈ ਉਸ ਬਾਰੇ ਵੀ ਜਾਣਨ ਦੀ ਤਲਬ ਹੈ। ਉਹ ਇਹ ਕਿ ਚਿੱਤਰ ਕਲਾ ਅਤੇ ਸੰਗੀਤ ਕਲਾ ਦਾ ਆਪਸੀ ਸਬੰਧ ਕੀ ਹੈ?

**ਜਵਾਬ:** ਕਲਾ ਦਾ ਇਤਿਹਾਸ ਮੁੱਢ-ਕਦੀਮ ਤੋਂ ਹੀ ਸਵਦੇਸ਼ੀ ਸੰਗੀਤ ਪ੍ਰੰਪਰਾ ਅਤੇ ਸੰਗੀਤ ਗਿਆਨ ਦਾ ਇਤਿਹਾਸ ਹੈ।ਭਾਰਤੀ ਸੰਗੀਤ ਮਨੁੱਖੀ ਆਤਮਾ ਦਾ ਪਰਮ ਆਤਮਾ ਨਾਲ ਸੰਪਰਕ ਕਰਨ ਦਾ ਸਭ ਤੋਂ ਸਿੱਧਾ ਅਤੇ ਸੌਖਾ ਰਾਹ ਹੈ। ਇਹ ਮਨੁੱਖ ਦੇ ਗੁੱਝੇ ਅਰਮਾਨਾਂ ਅਤੇ ਪ੍ਰਾਪਤੀਆਂ ਦੀ,ਜਿਨ੍ਹਾਂ ਨੂੰ ਸ਼ਬਦ ਪਰਗਟ ਕਰਨ ਤੋਂ ਅਸਮਰੱਥ ਹੁੰਦੇ ਹਨ,ਤਰਜ਼ਮਾਨੀ ਕਰਦਾ ਹੈ। ਭਾਰਤੀ ਸੰਗੀਤ ਪ੍ਰਨਾਲੀ ਵਿੱਚ ਹਰ ਰਾਗ ਦੀਆਂ ਵਿਸ਼ੇਸ਼ ਸੁਰਾਂ ਹੁੰਦੀਆਂ ਹਨ, ਜੋ ਦਿਨ ਦੀਆਂ ਬਦਲਦੀਆਂ ਘੜੀਆਂ,ਪਹਿਰਾਂ ਅਤੇ ਬਦਲਦੀਆਂ ਰੁੱਤਾਂ ਨਾਲ ਸਬੰਧ ਰੱਖਦੀਆਂ ਹਨ। ਰਾਗਾਂ ਅਤੇ ਰੁੱਤਾਂ ਦੇ ਆਪਸੀ ਸਬੰਧਾਂ ਬਾਰੇ ਪਹਿਲੀ ਵਾਰੀ ਨਾਰਦ ਦੇ '**ਸੰਗੀਤ ਮਾਰਕੰਡ**' ਵਿੱਚ ਜ਼ਿਕਰ ਆਇਆ ਹੈ।

ਇਹ ਰਾਗ ਬਦਲਦੇ ਮੌਸਮਾਂ,ਦਿਨ ਦੀਆਂ ਘੜੀਆਂ, ਪਹਿਰਾਂ ਦੇ ਦੌਰਾਨ ਮਨੁੱਖੀ ਮਨ ਵਿੱਚ ਜਾਗ੍ਰਿਤ ਹੋਏ ਭਾਵਾਂ ਅਤੇ ਵ੍ਰਿਤੀਆਂ ਨੂੰ ਰੂਪਮਾਨ ਕਰਦੇ ਹਨ ਅਤੇ ਚਿੱਤ੍ਰਕਾਰ ਲਈ ਕਲਾਤਮਿਕਤਾ ਦਾ ਪ੍ਰਗਟਾਵਾ ਕਰਨ ਲਈ ਇੱਕ ਵਿਸ਼ਾਲ ਖ਼ੇਤਰ ਪ੍ਰਦਾਨ ਕਰਦੇ ਹਨ। ਰਾਗ ਚਿੱਤਰ ਅਤਿ ਭਾਵੁਕ ਅਤੇ ਕਲਾਤਮਿਕ ਹੁੰਦੇ ਹਨ। ਉਹ ਰੰਗ ਅਤੇ ਰੇਖਾ ਦੁਆਰਾ ਭਾਰਤੀ ਕਲਾਸੀਕੀ ਰੀਤ ਦੀਆਂ ਅਨੇਕ ਪ੍ਰਕਾਰ ਦੀਆਂ ਵ੍ਰਿਤੀਆਂ ਅਤੇ ਵਿਧੀਆਂ ਨੂੰ ਰੂਪਮਾਨ ਕਰਦੇ ਹਨ। ਸਭ ਕੋਮਲ ਕਲਾਵਾਂ ਦਾ ਇੱਕ ਦੂਸਰੇ ਨਾਲ ਡੂੰਘਾ ਸਬੰਧ ਹੈ। ਕਿਉਂਕਿ ਉਨ੍ਹਾਂ ਤੋਂ ਉਤਪਨ ਹੋਇਆ ਰਚਨਾਮਿਕਤਾ ਅਤੇ ਵਿਚਾਰਸ਼ੀਲਤਾ ਦਾ ਆਨੰਦ ਸਾਨੂੰ ਜੀਵਨ ਦੀ ਅਗੰਮੀ ਅਤਿ ਅਕਹਿ ਸੁੰਦਰਤਾ ਦੀ ਝਲਕ ਦਿੰਦਾ ਹੈ। ਸੱਚਮੁੱਚ ਸੰਗੀਤ ਅਤੇ ਚਿੱਤਰ ਕਲਾ ਦੋ ਐਸੀਆਂ ਕਲਾਵਾਂ ਹਨ ਜੋ ਭਾਵਾਂ ਦੀ ਸਿੱਧੀ ਸਾਦੀ ਪਰ ਅਤਿ ਪ੍ਰਭਾਵਿਕ ਬੋਲੀ ਦੁਆਰਾ ਮਨੁੱਖ,ਨਸਲ,ਮਜ਼ਹਬ ਅਤੇ ਦੇਸ਼-ਦੇਸ਼ਾਂਤਰਾਂ ਦੀਆਂ ਹੱਦਾਂ ਪਾਰ ਕਰਕੇ ਇੱਕ ਮਨ ਦਾ ਦੂਸਰੇ ਮਨ ਨਾਲ ਸੁਮੇਲ ਕਰਦੀਆਂ ਹੋਈਆਂ ਅਨੇਕਤਾ ਵਿੱਚ ਏਕਤਾ ਦਾ ਸੁਨੇਹਾ ਦਿੰਦੀਆਂ ਹਨ। ਇਹ ਮਨੁੱਖਤਾ ਦੇ ਏਕੀਕਰਨ ਦੇ ਮਹਾਨ ਸਤੰਭ ਹਨ।

**ਸੁਆਲ:** ਤੁਹਾਡੇ ਅੱਜ ਕੱਲ੍ਹ ਰੁਝੇਵੇਂ ਕੀ ਹਨ?

**ਜਵਾਬ:** ਉਮਰ ਦੇ ਹਿਸਾਬ ਨਾਲ ਤਾਂ ਮੈਂ 88 ਸਾਲਾਂ ਦਾ ਲੰਮਾਂ ਪੈਂਡਾ ਤਹਿ ਕਰ ਚੁੱਕੀ ਹਾਂ ਅਤੇ ਆਪਣੀ ਘਰੇਲੂ ਫ਼ੁਲਵਾੜੀ (ਪਰਿਵਾਰ) ਦੇ ਫੁੱਲਾਂ ਵਿੱਚ ਮਸਤ ਅਤੇ ਮਗਨ ਹਾਂ ਪਰ ਫਿਰ ਵੀ ਕਿਉਂਕਿ ਮੈਂ ਇੱਕ ਆਰਟਿਸਟ ਹਾਂ। ਮਨ ਨੂੰ ਛੂਹ ਜਾਣ ਵਾਲੀ ਕਿਸੇ ਵੀ ਘਟਨਾ ਜਾਂ ਦ੍ਰਿਸ਼ ਤੋਂ ਅਣਭਿੱਗ ਨਹੀਂ ਰਹਿ ਸਕਦੀ। ਇਸੇ ਕਰਕੇ ਅਜੇ ਵੀ ਬੁਰਸ਼ ਨੂੰ ਪਕੜਨ ਲਈ ਮੇਰੀਆਂ ਉਂਗਲਾਂ ਲਪਕ ਹੀ ਪੈਂਦੀਆਂ ਹਨ। ਇਹ ਕਲਾ,ਜਿਸ ਨੂੰ ਕੋਮਲ ਕਲਾ ਕਿਹਾ ਜਾਂਦਾ ਹੈ ਨੂੰ ਅੱਗੇ ਵਧਾਉਣ ਲਈ ਮੈਂ "**ਪੰਜਾਬ ਮਾਡਰਨ ਅਕੈਡਮੀ ਆਫ ਫਾਈਨ ਆਰਟ**" ਖੋਲ੍ਹਿਆ ਹੋਇਆ ਹੈ ਜਿਸ ਵਿੱਚ ਪੁੰਗਰਦੇ ਹੋਏ ਕਲਾਕਾਰਾਂ ਦਾ ਮਾਰਗ ਦਰਸ਼ਨ ਕਰਨ ਦਾ ਉਪਰਾਲਾ ਕਰ ਰਹੀ ਹਾਂ।

**ਸੁਆਲ:** ਪੁੰਗਰ ਰਹੀ ਚਿੱਤਰਕਾਰਾਂ ਦੀ ਪਨੀਰੀ ਨੂੰ ਤੁਸੀਂ ਕੋਈ ਸੁਨੇਹਾ ਦੇਣਾ ਚਾਹੋਗੇ?

**ਜੁਆਬ:** ਮੇਰਾ ਸਿਧਾਂਤ ਹੈ ਕਰਮ ਕਰੋ ਫਲ ਦੀ ਲਾਲਸਾ ਨਾ ਕਰੋ। ਚੰਗਾ ਕਰਮ ਕਦੇ ਵੀ ਵਿਅਰਥ ਨਹੀਂ ਜਾਂਦਾ। ਆਪਣੀ ਆਤਮਾ ਦੀ ਆਵਾਜ਼ ਸੁਣੋ। ਜਿਸ ਕਾਰਜ ਖੇਤਰ ਵਿੱਚ ਤੁਸੀਂ ਹੋ ਉਹ ਤੁਹਾਡਾ ਕਰਮ-ਖ਼ੇਤਰ ਹੈ। ਤੁਸੀਂ ਪੂਰਨ ਵਿਸ਼ਵਾਸ਼ ਅਤੇ ਨਿਸਚੇ ਨਾਲ ਮਿਹਨਤ ਕਰੋ। ਗੁਰੂ ਦੀ ਇਜ਼ਤ ਕਰੋ। ਉਹ ਤੁਹਾਡਾ ਰਾਹ ਦਸੇਰਾ ਹੈ। ਉਹ ਆਪੇ ਹੀ ਤੁਹਾਨੂੰ ਮੰਜ਼ਿਲ ਤੇ ਲੈ ਜਾਵੇਗਾ।

ਗਿਆਨ ਅਤੇ ਸੋਝੀ ਨਾਲ ਝੋਲੀ ਭਰ ਕੇ ਮੈ ਸਰਸ਼ਾਰ ਹੋ ਗਿਆ ਸਾਂ। ਇਸ ਤਰ੍ਹਾਂ ਅਨੁਭਵ ਹੋ ਰਿਹਾ ਸੀ ਜਿਵੇਂ ਮੈਂ ਕਿਸੇ ਕਲਾ ਮੰਦਿਰ ਦੇ ਬੂਹੇ ਤੇ ਬੈਠਾ ਕਿਸੇ ਅਗੰਮੀ ਲੌਅ ਵਿੱਚ ਨਹਾ ਕੇ ਹੌਲਾ ਫੁੱਲ ਹੋ ਗਿਆ ਹੋਵਾਂ। ਜਦੋਂ ਮੈਂ ਫਿਰ ਉਸੇ ਪਦਾਰਥਵਾਦੀ ਦੁਨੀਆਂ ਵਿੱਚ ਮੁੜਿਆ ਤਾਂ ਵੇਖਿਆ ਕਿ ਸ਼ਾਮ ਦਾ ਵੇਲਾ ਹੋ ਚੁੱਕਾ ਸੀ। ਵਾਪਿਸ ਮੁੜਨ ਦੀ ਸੋਚ ਨੇ ਮੇਰਾ ਪੱਲਾ ਖਿੱਚਿਆ ਅਤੇ ਮੈਂ ਸਭ ਦਾ ਧੰਨਵਾਦ ਕਰਕੇ ਉਨ੍ਹਾਂ ਤੋਂ ਰੁਖ਼ਸਤ ਲੈ ਆਪਣੇ ਆਲ੍ਹਣੇ ਵੱਲ ਪਰਤ ਆਇਆ ਸਾਂ। ਰੱਬ ਕਰੇ ਇਹੋ ਜਿਹੀਆਂ ਕਲਾਤਮਿਕ ਅਤੇ ਰੱਬੀ ਨੂਰ ਵਿੱਚ ਰੌਸ਼ਨ ਰੂਹਾਂ ਹਮੇਸ਼ਾ ਹੀ ਮਨੁੱਖਤਾ ਦੇ ਭਲੇ ਲਈ ਵੱਸਦੀਆਂ ਰਹਿਣ।

ਆਮੀਨ!

***

**ਇੱਕ ਰੰਗਮੰਚ ਕਲਾਕਾਰ:**

## ਪੰਜਾਬੀ ਰੰਗਮੰਚ ਦੀ ਕਾਮਲ ਰੂਹ



**ਸ਼੍ਰੀਮਤੀ ਜਤਿੰਦਰ ਕੌਰ**

ਸੈਕਸ਼ਪੀਅਰ ਦੇ ਕਥਨ ਅਨੁਸਾਰ ਇਹ ਸੰਸਾਰ ਇੱਕ ਸਟੇਜ ਹੈ। ਇਸ ਸੰਸਾਰ ਵਿੱਚ ਵਿਚਰਨ ਵਾਲੇ ਸਾਰੇ ਹੀ ਪ੍ਰਾਣੀ ਇਸ ਸਟੇਜ਼ ਦੇ ਪਾਤਰ ਹਨ। ਉਹ ਆਪਣੀ ਆਪਣੀ ਭੂਮਿਕਾ ਨਿਭਾਉਂਦੇ ਹਨ ਅਤੇ ਜਦੋਂ ਉਨ੍ਹਾਂ ਦੀ ਭੂਮਿਕਾ ਖ਼ਤਮ ਹੋ ਜਾਂਦੀ ਹੈ ਉਹ ਸਟੇਜ ਤੋਂ ਉੱਤਰ ਜਾਂਦੇ ਹਨ। ਸਟੇਜ ਤੋਂ ਉੱਤਰ ਜਾਣ ਨੂੰ ਅਸੀਂ ਦੁਨਿਆਵੀ ਭਾਸ਼ਾ ਵਿੱਚ ਮੌਤ ਦਾ ਨਾਂ ਵੀ ਦਿੰਦੇ ਹਾਂ। ਇੱਕ ਇਨਸਾਨ ਦਾ ਸਮੁੱਚਾ ਜੀਵਨ ਵੀ ਇੱਕ ਡਰਾਮਾ ਹੈ। ਇਸ ਜੀਵਨ ਵਿੱਚ ਉਹ ਵੱਖ ਵੱਖ ਸਮਿਆਂ 'ਤੇ ਵੱਖ ਵੱਖ ਭੂਮਿਕਾਵਾਂ ਨਿਭਾਉਂਦਾ ਹੈ ਅਤੇ ਜਦੋਂ ਉਸ ਦੀ ਭੂਮਿਕਾ ਖ਼ਤਮ ਹੋ ਜਾਂਦੀ ਹੈ ਤਾਂ ਪਰਦਾ ਡਿੱਗ ਪੈਂਦਾ ਹੈ ਅਤੇ ਉਹ ਜੀਵਨ ਸਟੇਜ ਤੋਂ ਅਲੋਪ ਹੋ ਜਾਂਦਾ ਹੈ।

ਇਹ ਤਾਂ ਜੀਵਨ ਦਾ ਡਰਾਮਾ ਹੈ,ਜਦੋਂ ਕਿ ਸਾਡੀਆਂ ਰਚੀਆਂ ਹੋਈਆਂ ਸਟੇਜਾਂ 'ਤੇ ਵੀ ਅਸੀਂ ਡਰਾਮੇ ਖੇਡਦੇ ਹਾਂ,ਲੀਲਾਵਾਂ ਰਚਦੇ ਹਾਂ ਅਤੇ ਰਾਸਾਂ ਵੀ ਪਾਉਂਦੇ ਹਾਂ। ਅਸਲ ਵਿੱਚ ਇਹ ਸਭ ਕੁਝ ਅਸੀਂ ਆਪਣੇ ਜੀਵਨ ਨੂੰ ਰੰਗੀਨੀਆਂ ਪ੍ਰਦਾਨ ਕਰਨ ਲਈ ਹੀ ਕਰਦੇ ਹਾਂ। ਜੇਕਰ ਅਸੀਂ ਅਜਿਹਾ ਨਾ ਕਰਦੇ ਹੁੰਦੇ ਤਾਂ ਸਾਡਾ ਜੀਵਨ ਨੀਰਸ ਅਤੇ ਬੁੱਸਾ-ਬੁੱਸਾ ਬਣ ਕੇ ਰਹਿ ਜਾਂਦਾ। ਜੀਵਨ ਸੰਘਰਸ਼ ਵਿੱਚ ਤਾਜ਼ਗੀ ਅਤੇ ਖ਼ੁਸ਼ਹਾਲੀ ਸਾਨੂੰ ਹੋਰ ਕਰਨ ਦਾ ਬਲ ਦਿੰਦੀ ਹੈ। ਇਹ ਹੀ ਕਾਰਨ ਹੈ ਜਦੋਂ ਅਸੀਂ ਸਟੇਜ 'ਤੇ ਕੋਈ ਡਰਾਮਾ ਵੇਖਦੇ ਹਾਂ ਤਾਂ ਉਸ ਵਿੱਚ ਕਿਰਦਾਰ ਨਿਭਾ ਰਹੇ ਪਾਤਰ ਸਾਨੂੰ ਸਾਡੇ ਜੀਵਨ ਦੀ ਤਰਜ਼ਮਾਨੀ ਕਰਦੇ ਨਜ਼ਰ ਆਉਂਦੇ ਹਨ ਅਤੇ ਉਸ ਦੀ ਨਿਭਾਈ ਹੋਈ ਭੂਮਿਕਾ ਸਾਡੇ ਮਨ ਦੀਆਂ ਅੰਤਰ-ਤਰੰਗਾਂ ਨੂੰ ਟੁੰਬਦੀ ਮਹਿਸੂਸ ਹੁੰਦੀ ਹੈ। ਤੁਸਾਂ ਕਈ ਵੇਰਾਂ ਅਨੁਭਵ ਕੀਤਾ ਹੋਵੇਗਾ,ਡਰਾਮੇ ਦੇ ਚੱਲ ਰਹੇ ਦੁਖਾਂਤਿਕ ਸੀਨ ਦਾ ਏਨਾਂ ਡੂੰਘਾ ਅਸਰ ਸਾਡੇ ਮਨ 'ਤੇ ਹੁੰਦਾ ਹੈ ਕਿ ਅਸੀਂ ਅਚੇਤ ਰੂਪ ਵਿੱਚ ਉਸ ਅੰਦਰ ਇਤਨਾ ਡੁੱਬ ਗਏ ਹੁੰਦੇ ਹਾਂ ਕਿ ਸਾਡਾ ਰੋਣ ਨਿਕਲ ਜਾਂਦਾ ਹੈ।

ਸਟੇਜ ਉੱਤੇ ਖੇਡੇ ਜਾ ਰਹੇ ਨਾਟਕ ਵਿੱਚ ਪਾਤਰ ਜਿਹੜੀ ਭੂਮਿਕਾ ਨਿਭਾ ਰਹੇ ਹੁੰਦੇ ਹਨ, ਉਸ ਦੀ ਡੋਰ ਨਾਟਕ ਦੇ ਵਿਸ਼ਾ ਵਸਤੂ ਨਾਲ ਬੱਝੀ ਹੁੰਦੀ ਹੈ ਅਤੇ ਨਾਟਕ ਦਾ ਸੰਚਾਲਕ ਇਸ ਡੋਰ ਨੂੰ ਆਪਣੇ ਹੱਥਾਂ ਵਿੱਚ ਰੱਖ ਕੇ ਪਾਤਰਾਂ ਨੂੰ ਕਠਪੁੱਤਲੀ ਦੇ ਤਮਾਸ਼ੇ ਵਾਂਗ ਨਿਭਾ ਰਿਹਾ ਹੁੰਦਾ ਹੈ। ਡਰਾਮਿਆਂ ਦੇ ਦੋ ਹੀ ਵਿਸ਼ਾ ਵਸਤੂ ਹੁੰਦੇ ਹਨ-ਸੁਖਾਂਤਿਕ ਅਤੇ ਦੁਖਾਂਤਿਕ। ਸੁਖਾਂਤਿਕ ਡਰਾਮੇ ਦੀ ਧਾਰਾ ਤਾਂ ਅਡੋਲ ਚੱਲਦੀ ਰਹਿੰਦੀ ਹੈ ਜਦੋਂ ਕਿ ਦੁਖਾਂਤਿਕ ਡਰਾਮੇ ਵਿੱਚ ਪਾਤਰਾਂ ਨੂੰ ਆਪਣੇ ਕਿਰਦਾਰ ਨਿਭਾਉਂਣ ਲਈ ਨੰਗੀ ਤਲਵਾਰ 'ਤੇ ਤੁਰਨਾ ਪੈਂਦਾ ਹੈ। ਡਰਾਮੇ ਵਿੱਚ ਹਾਸ-ਪਾਤਰ ਦੀ ਭੂਮਿਕਾ ਆਪਣੀ ਨਿਵੇਕਲੀ ਹੀ ਥਾਂ ਰੱਖਦੀ ਹੈ। ਅੱਜ ਅਸੀਂ ਜਿਸ ਵਿਸ਼ੇ ਦੀ ਚਰਚਾ ਕਰਨ ਜਾ ਰਹੇ ਹਾਂ ਉਹ ਹੈ ਪੰਜਾਬੀ ਰੰਗਮੰਚ ਦੀ ਕਲਾਕਾਰਾ,ਜਿਸ ਨੂੰ ਰੰਗਮੰਚ ਦੀ ਕਾਮਲ ਰੂਹ ਕਹਿਣਾ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ। ਮੇਰੇ ਵੱਲੋਂ ਸਰਦਾਰਨੀ ਜਤਿੰਦਰ ਕੌਰ ਨਾਲ ਕੀਤੀ ਗਈ ਇੰਟਰਵਿਊ ਸਮੇਂ ਪੁੱਛੇ ਗਏ ਸੁਆਲਾਂ-ਜੁਆਬਾਂ ਦਾ ਸਾਰਅੰਸ਼ ਇਸ ਤਰ੍ਹਾਂ ਹੈ:

**ਸੁਆਲ:** ਭੈਣ ਜੀ, ਕੀ ਤੁਸੀਂ ਆਪਣੇ ਬਚਪਨ ਅਤੇ ਪਰਿਵਾਰਕ ਜੀਵਨ ਬਾਰੇ ਸਾਡੇ ਨਾਲ ਚਰਚਾ ਕਰਨੀ ਪਸੰਦ ਕਰੋਗੇ?

**ਜੁਆਬ:** ਮੇਰਾ ਜਨਮ ਸ੍ਰ. ਮੰਗਲ ਸਿੰਘ ਜੀ ਦੇ ਗ੍ਰਹਿ ਵਿਖੇ 9ਅਪਰੈਲ,1941 ਨੂੰ ਅੰਮ੍ਰਿਤਸਰ ਸ਼ਹਿਰ ਵਿੱਚ ਮਾਤਾ ਜੁਗਿੰਦਰ ਕੌਰ ਜੀ ਦੀ ਕੁੱਖੋਂ ਹੋਇਆ। ਮੇਰੀਆਂ ਚਾਰ ਭੈਣਾਂ ਅਤੇ ਚਾਰ ਭਰਾ ਹਨ। ਮੇਰੇ ਜਨਮ ਸਮੇਂ ਅਸਾਡੀ ਆਰਥਿਕ ਹਾਲਤ ਕੋਈ ਜ਼ਿਆਦਾ ਚੰਗੀ ਨਹੀਂ ਸੀ। ਇੱਡੇ ਵੱਡੇ ਟੱਬਰ ਨੂੰ ਪਾਲਣ ਦੀ ਸਾਰੀ ਜ਼ਿੰਮੇਂਵਾਰੀ ਮੇਰੇ ਪਿਤਾ ਜੀ ਦੇ ਸਿਰ 'ਤੇ ਹੀ ਸੀ।

**ਸੁਆਲ:** ਕੀ ਤੁਸੀਂ ਆਪਣੀ ਵਿੱਦਿਅਕ ਯੋਗਤਾ ਬਾਰੇ ਵੀ ਕੁਝ ਦੱਸੋਗੇ?

**ਜੁਆਬ:** ਮੈਂ ਆਪਣੀ ਮੁੱਢਲੀ ਪੜ੍ਹਾਈ ਅੰਮ੍ਰਿਤਸਰ ਸ਼ਹਿਰ ਦੇ ਗੁਰੂ ਨਾਨਕ ਸਕੂਲ ਵਿੱਚ ਕੀਤੀ ਹੈ ਜਦੋਂ ਕਿ ਕੁਝ ਪੜ੍ਹਾਈ ਪ੍ਰਾਈਵੇਟ ਤੌਰ 'ਤੇ ਕੀਤੀ ਹੈ। ਮੈਂ ਬੀ.ਏ. ਤੱਕ ਦੀ ਪੜ੍ਹਾਈ ਕੀਤੀ ਹੈ।

**ਸੁਆਲ:** ਮੈਂ ਚਾਹੁੰਦਾ ਹਾਂ ਕਿ ਤੁਸੀਂ ਆਪਣੇ ਵਿਆਹੁਤਾ ਜੀਵਨ ਬਾਰੇ ਵੀ ਕੁਝ ਗੱਲਾਂ ਸਾਡੇ ਨਾਲ ਸਾਂਝੀਆਂ ਕਰੋ? ਕੀ ਤੁਸੀਂ ਇਸ ਜੀਵਨ ਬਾਰੇ ਦੱਸਣਾ ਪਸੰਦ ਕਰੋਗੇ?

**ਜੁਆਬ:** ਸ਼ਾਦੀ ਵਿਆਹ ਦਾ ਮਸਲਾ ਕੋਈ ਗੁੱਡੀ ਗੁੱਡੇ ਦੀ ਖੇਡ ਨਹੀਂ ਹੁੰਦੀ। ਦੋ ਜ਼ਿੰਦਗੀਆਂ ਦਾ ਸੁਆਲ ਹੁੰਦਾ ਹੈ। ਜੇਕਰ ਦੋਵਾਂ ਦੇ ਵਿਚਾਰ ਮਿਲਦੇ ਹੋਣ ਤਾਂ ਜੀਵਨ ਸਵਰਗ ਹੁੰਦਾ ਹੈ ਨਹੀਂ ਤਾਂ ਇਸ ਨਾਲੋਂ ਵੱਡਾ ਕੋਈ ਨਰਕ ਵੀ ਨਹੀਂ। ਮੈਂ ਮੁੱਢ ਤੋਂ ਹੀ ਕੁਝ ਅਗਾਂਹ ਵਧੂ ਵਿਚਾਰਾਂ ਦੀ ਸਾਂ ਅਤੇ ਚਾਹੁੰਦੀ ਸਾਂ ਕਿ ਜਿਹੜਾ ਵੀ ਮੇਰਾ ਜੀਵਨ ਸਾਥੀ ਬਣੇ ਉਹ ਰੂੜੀਵਾਦੀ ਖ਼ਿਆਲਾਂ ਦਾ ਨਹੀਂ ਸਗੋਂ ਖੁਲ੍ਹੇ ਦਿਲ ਵਾਲਾ ਹੋਵੇ ਜਿਹੜਾ ਨਿੱਕੀ ਨਿੱਕੀ ਗੱਲ 'ਤੇ ਹੀ ਸ਼ੱਕ ਦੀ ਪੰਡ ਆਪਣੇ ਸਿਰ ਨਾ ਚੁੱਕੀ ਫਿਰਦਾ ਹੋਵੇ। ਸੱਚੀ ਗੱਲ ਤਾਂ ਇਹ ਹੈ ਕਿ ਮੈਂ ਹਮਖ਼ਿਆਲ ਸਾਥੀ ਚਾਹੁੰਦੀ ਸਾਂ। ਮੇਰੀ ਸ਼ਾਦੀ 23 ਅਕਤੂਬਰ,1966 ਨੂੰ ਸ੍ਰ. ਸੁਰਿੰਦਰ ਸਿੰਘ ਜੀ ਨਾਲ ਹੋਈ ਹੈ। ਸਾਡਾ ਵਿਆਹ ਬੇਸ਼ਕ ਮਾੜੇ ਹਾਲਾਤਾਂ ਵਿੱਚ ਹੋਇਆ ਸੀ ਪਰ ਇਸ ਗੱਲੋਂ ਮੈਂ ਖ਼ੁਸ਼ਕਿਸਮਤ ਹਾਂ ਕਿ ਮੇਰਾ ਜੀਵਨ ਸਾਥੀ ਬਹੁਤ ਹੀ ਸੁਲਝਿਆ ਹੋਇਆ ਇਨਸਾਨ ਹੈ। ਉਹ ਮਿਲਣਸਾਰ ਅਤੇ ਖੁੱਲ੍ਹੇ ਦਿਲ ਦਾ ਮਾਲਿਕ ਹੈ। ਸਾਡੇ ਵਿਆਹੁਤਾ ਜੀਵਨ 'ਚੋਂ ਸਾਡੇ ਦੋ ਬੱਚੇ ਹਨ-ਇੱਕ ਬੇਟਾ ਹੈ ਅਤੇ ਇੱਕ ਬੇਟੀ ਹੈ। ਬੇਟਾ ਹੁਣ ਵਿਆਹਿਆ ਹੋਇਆ ਹੈ ਅਤੇ ਸਾਡੀ ਪਰਿਵਾਰਕ ਫੁਲਵਾੜੀ ਵਿੱਚ ਮੇਰੀ ਨੂੰਹ,ਮੇਰਾ ਬੇਟਾ,ਦੋ ਪੋਤਰੀਆਂ ਅਤੇ ਇੱਕ ਪੋਤਰਾ ਹੈ। ਬੇਟੀ ਦੀ ਵੀ ਸ਼ਾਦੀ ਹੋ ਚੁੱਕੀ ਹੈ ਅਤੇ ਉਹ ਇੰਗਲੈਂਡ ਵਿੱਚ ਕਿਸੇ ਕਾਲਜ ਵਿੱਚ ਪ੍ਰੋਫੈਸਰ ਹੈ। ਉਸ ਪਾਸਿਓਂ ਵੀ ਇੱਕ ਦੋਹਤਰਾ ਅਤੇ ਇੱਕ ਦੋਹਤਰੀ ਹੈ। ਗੱਲ ਕੀ ਹੁਣ ਮੈਂ ਪਰਿਵਾਰਕ ਜੀਵਨ ਵਿੱਚ ਪੂਰਨ ਤੌਰ ਤੇ ਖ਼ੁਸ਼ ਹਾਂ।

**ਸੁਆਲ:** ਰੰਗਮੰਚ ਵੱਲ ਤੁਹਾਡਾ ਝੁਕਾਓ ਕਿਸ ਤਰ੍ਹਾਂ ਹੋਇਆ? ਕੀ ਇਹ ਤੁਹਾਡਾ ਸ਼ੌਂਕ ਸੀ ਜਾਂ ਤੁਸੀਂ ਕਿਸੇ ਤੋਂ ਪ੍ਰਭਾਵਿਤ ਹੋ ਕੇ ਇਸ ਖ਼ੇਤਰ ਵਿੱਚ ਆਉਣ ਦਾ ਮਨ ਬਣਾਇਆ ਸੀ?

**ਜੁਆਬ:** ਜੇਕਰ ਮੈਂ ਇਹ ਕਹਾਂ ਕਿ ਕੋਮਲ ਕਲਾ ਦਾ ਬੀਜ਼ ਮੇਰੇ ਅੰਦਰ ਪਰਿਵਾਰਕ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਮੇਰੀ ਮਾਂ ਪੁਰਾਣੇ ਲੰਮੇ ਗ਼ੀਤ ਗਾਇਆ ਕਰਦੀ ਸੀ। ਸ਼ਾਇਦ ਮੇਰੇ ਅਚੇਤ ਮਨ ਵਿੱਚ ਆਪਣੀ ਮਾਂ ਨੂੰ ਵੇਖ ਕੇ ਹੀ ਇਸ ਰੀਝ ਦਾ ਬੀਜ਼ ਫੁੱਟਿਆ ਹੋਵੇ। ਆਪਣੇ ਹਾਣਦਿਆਂ ਵਿੱਚ(ਇਹ ਯਾਦ ਧੁੰਦਲੀ ਹੈ ਪਰ ਹੋ ਸਕਦਾ ਹੈ ਕਿ ਮੇਰਾ ਵੀ ਉਸ ਨੂੰ ਵੇਖ ਕੇ ਜੀਅ ਕਰਦਾ ਹੋਵੇ) ਬੈਠ ਮੈਂ ਵੀ ਮੁੱਢ-ਮੁੱਢ ਵਿੱਚ ਗਾਉਣਾ ਸ਼ੁਰੂ ਕੀਤਾ ਸੀ। ਰੰਗਮੰਚ ਵੱਲ ਆਉਣ ਤੋਂ ਪਹਿਲਾਂ ਮੈਂ ਗਾਉਣਾ ਹੀ ਸ਼ੁਰੂ ਕੀਤਾ ਸੀ। ਸਾਡੇ ਘਰ ਜਦੋਂ ਰੇਡੀਓ ਆਇਆ ਸੀ ਤਾਂ ਮੇਰਾ ਜੀਅ ਕਰਿਆ ਕਰਦਾ ਸੀ ਕਿ ਇਸ ਨੂੰ ਤੋੜ ਕੇ ਮੈਂ ਵੀ ਇਸ ਦੇ ਅੰਦਰ ਬੈਠ ਜਾਵਾਂ ਅਤੇ ਕੁਝ ਬੋਲਾਂ। ਮੈਨੂੰ ਦੂਸਰਿਆਂ ਤੋਂ ਜ਼ਰਾ ਹਟ ਕੇ ਆਪਣੀ ਵੱਖ਼ਰੀ ਪਹਿਚਾਣ ਬਣਾਉਣ ਦੀ ਬੜੀ ਤਾਂਘ ਸੀ।

**ਸੁਆਲ:** ਅੱਜ ਤੋਂ ਪੰਜ ਦਹਾਕੇ ਪਿਛਾਂਹ ਵੱਲ ਜੇਕਰ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਲੜਕੀਆਂ ਨੂੰ ਉਦੋਂ ਅੱਜ ਵਰਗੀ ਖੁਲ੍ਹ ਨਹੀਂ ਸੀ ਹੁੰਦੀ। ਤੁਹਾਡੇ ਅੰਦਰ ਉਹ ਕਿਹੜੀ ਅਜਿਹੀ ਸ਼ਕਤੀ ਸੀ ਜਿਸ ਨੇ ਸਮਾਜ ਨੂੰ ਨਿਕਾਰ ਕੇ ਤੁਹਾਨੂੰ ਅਜਿਹਾ ਕ੍ਰਾਂਤੀਕਾਰੀ ਕਦਮ ਚੁੱਕਣ ਦਾ ਬਲ ਦਿੱਤਾ ਸੀ?

**ਜੁਆਬ:** ਇਹ ਠੀਕ ਹੈ ਕਿ ਅੱਜ ਤੋਂ ਪੰਜਾਹ ਸਾਲ ਪਹਿਲਾਂ ਔਰਤ ਜ਼ਾਤ ਨੂੰ ਅੱਜ ਵਰਗੀ ਆਜ਼ਾਦੀ ਨਹੀਂ ਸੀ। ਇਕੱਲੀ ਲੜਕੀ ਨੂੰ ਬਜ਼ਾਰ ਵਿੱਚ ਵੀ ਜਾਣਾ ਮਨ੍ਹਾਂ ਹੁੰਦਾ ਸੀ। ਬਜ਼ਾਰ ਜਾਣਾ ਤਾਂ ਦੂਰ ਦੀ ਗੱਲ ਜੇਕਰ ਕਿੱਧਰੇ ਉਹ ਘਰ ਦੀ ਬਾਰੀ 'ਚੋਂ ਬਾਹਰ ਵੀ ਝਾਕਦੀ, ਘਰ ਦੇ ਉਸ ਦੀ ਜੋ ਲਾਹ-ਪਾਹ ਕਰਦੇ ਸਨ,ਉਹ ਉਹ ਹੀ ਜਾਣਦੀ ਸੀ। ਮੈਂ ਉਸ ਸਮੇਂ ਨੂੰ ਭੋਗਿਆ ਹੈ। ਜਿਵੇਂ ਕਿ ਮੈਂ ਪਹਿਲਾਂ ਹੀ ਦੱਸਿਆ ਹੈ ਕਿ ਮੇਰੇ ਅੰਦਰ ਕੁਝ ਬਣਨ ਦੀ ਚਿਣਗ ਸੀ ਜਿਹੜੀ ਮੈਨੂੰ ਸਵੈ-ਬਲ ਪ੍ਰਦਾਨ ਕਰਦੀ ਸੀ। ਉਹ ਮੈਨੂੰ ਹਰ ਵੰਗਾਰ ਦਾ ਮੁਕਾਬਲਾ ਕਰਨ ਲਈ ਚੇਤਨਾ ਦਿੰਦੀ ਸੀ। ਇਹ ਹੀ ਕਾਰਨ ਸੀ ਕਿ ਆਪਣੇ ਸਕੂਲ ਟਾਇਮ ਵਿੱਚ ਹੀ,ਸਕੂਲ ਵਿੱਚ ਛੋਟੇ-ਮੋਟੇ ਡਰਾਮੇ ਕਰਕੇ ਜਾਂ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਹਾੜੇ ਸਕੂਲ ਦੇ ਗਰੁੱਪ ਨਾਲ ਜਾ ਕੇ ਅਕਾਲ ਤਖ਼ਤ ਸਾਹਿਬ 'ਤੇ ਸ਼ਬਦ ਪੜ੍ਹ ਕੇ ਆਪਣੀ ਵੱਖਰੀ ਪਹਿਚਾਣ ਬਣਾਉਣੀ ਸ਼ੁਰੂ ਕਰ ਦਿੱਤੀ ਸੀ। ਇੱਥੋਂ ਮਿਲੀ ਵਾਹ ਵਾਹ ਨੇ ਮੇਰੇ ਮਨੋਬਲ ਨੂੰ ਹੋਰ ਹੌਂਸਲਾ ਬਖਸ਼ਿਆ ਸੀ। ਮੇਰਾ ਖ਼ਿਆਲ ਹੈ ਕਿ ਉਸ ਵਕਤ ਹੀ ਮੇਰੇ ਅੰਦਰ ਵੱਡੀ ਵਾਹ ਵਾਹ ਲੈਣ ਦਾ ਬੀਜ਼ ਪੁੰਗਰ ਪਿਆ ਸੀ ਅਤੇ ਮੈਂ ਵੱਡਾ ਮੰਚ ਭਾਲਣ ਲੱਗ ਪਈ ਸਾਂ। ਕੁਝ ਕਰਨ ਦੀ ਸ਼ਕਤੀ ਤਾਂ ਮੇਰੇ ਅੰਦਰ ਆ ਗਈ ਸੀ ਪਰ ਉਸ ਵਕਤ ਅਜੇ ਕ੍ਰਾਂਤੀ ਨਹੀਂ ਸੀ ਆਈ,ਕਿਉਂਕਿ ਅਜੇ ਸਮਾਜ ਨਾਲ ਮੇਰਾ ਸਾਹਮਣਾ ਨਹੀਂ ਸੀ ਹੋਇਆ।

**ਸੁਆਲ:** ਤੁਸੀਂ ਸਮਾਜ ਦੀ ਸੋਚ ਦੇ ਵਿਰੁੱਧ ਜਾ ਕੇ ਇਹ ਫ਼ੈਸਲਾ ਲਿਆ ਸੀ। ਆਪਣੀ ਮਿਥੀ ਹੋਈ ਮੰਜ਼ਿਲ ਵੱਲ ਵੱਧਣ ਲਈ ਮੁਸ਼ਕਲਾਂ ਤਾਂ ਆਈਆਂ ਹੀ ਹੋਣਗੀਆਂ? ਕੀ ਤੁਸੀਂ ਉਹ ਮੁਸ਼ਕਲਾਂ ਸਾਡੇ ਨਾਲ ਸਾਂਝੀਆਂ ਕਰਨੀਆਂ ਪਸੰਦ ਕਰੋਗੇ?

**ਜੁਆਬ:** ਮੈਂ ਜਿਹੜਾ ਰਾਹ ਚੁਣਿਆ ਸੀ ਮੈਂ ਜਾਣਦੀ ਸਾਂ ਇਸ ਰਾਹ 'ਤੇ ਫੁੱਲ ਨਹੀਂ ਮੈਨੂੰ ਪੈਰ ਪੈਰ 'ਤੇ ਕੰਡੇ ਹੀ ਮਿਲਣਗੇ। ਮੈਂ ਇਸ ਬਾਰੇ ਪਹਿਲਾਂ ਹੀ ਜਾਣਦੀ ਸਾਂ ਅਤੇ ਇਸ ਲਈ ਤਿਆਰ ਵੀ ਸਾਂ। ਜਦੋਂ ਮੈਨੂੰ ਵੱਡਾ ਮੰਚ ਮਿਲਿਆ ਅਤੇ ਆਪਣੀ ਕਲਾ ਦੀ ਝਲਕ ਵਿਖਾਉਣ ਦਾ ਮੌਕਾ ਤਾਂ ਮੈਨੂੰ ਸਮਾਜ ਦੇ ਠੇਕੇਦਾਰਾਂ ਨੇ ਆਣ ਘੇਰਿਆ। ਇਸ ਸੰਘਰਸ਼ ਵਿੱਚੋਂ ਹੀ ਅਸਲੀ ਅਰਥਾਂ ਵਿੱਚ ਉਸ ਕ੍ਰਾਂਤੀ ਦਾ ਜਨਮ ਹੋਇਆ ਸੀ ਜਿਸ ਦੀ ਤੁਸੀਂ ਗੱਲ ਕਰਦੇ ਹੋ।

ਘਰ ਵਿੱਚ ਗਰੀਬੀ ਦਾ ਬੋਲਬਾਲਾ ਸੀ ਅਤੇ ਸਿਰ 'ਤੇ ਪਿਤਾ ਜੀ ਦਾ ਸਾਇਆ ਵੀ ਨਾ ਹੋਣ ਕਰਕੇ ਮੈਂ ਵੀ ਆਪਣੇ ਭਰਾਵਾਂ ਵਾਂਗ ਕੁਝ ਕਮਾਈ ਕਰਕੇ ਉਨ੍ਹਾਂ ਦਾ ਹੱਥ ਵਟਾਉਣ ਦਾ ਨਿਸਚਾ ਕਰ ਲਿਆ ਸੀ। ਮੇਰੀ ਆਵਾਜ਼ ਚੰਗੀ ਸੀ। ਮੈਂ ਸਟੇਜਾਂ 'ਤੇ ਗਾਉਣ ਲੱਗ ਪਈ ਸਾਂ। ਮੇਰੇ ਪ੍ਰਤੀ ਲੋਕਾਂ ਦੀ ਨਜ਼ਰ ਹੀ ਬਦਲ ਗਈ ਅਤੇ ਬੋਲੀ ਵੀ ਬਦਲ ਗਈ ਕਿਉਂਕਿ ਉਹ ਇਸ ਕੰਮ ਨੂੰ ਇੱਜ਼ਤ ਵਾਲਾ ਕੰਮ ਨਹੀਂ ਸਨ ਸਮਝਦੇ। ਜੇ ਸੱਚ ਕਹਾਂ ਤਾਂ ਉਹ ਇੱਥੋਂ ਤੱਕ ਕਹਿਣ ਲੱਗ ਪਏ ਸਨ ਕਿ ਇਹ ਤਾਂ ਕੰਜ਼ਰਾਂ ਵਾਲਾ ਕੰਮ ਹੈ।

ਇਸ ਕੰਮ ਨਾਲ ਸਾਡੀ ਰੋਟੀ ਸੌਖੀ ਚੱਲਣ ਲੱਗ ਪਈ ਸੀ। ਮੇਰੇ ਵਾਸਤੇ ਉਸ ਸਮੇਂ ਸਮਾਜ ਦੀ ਸੋਚ ਨਾਲੋਂ ਰੋਟੀ ਦੀ ਸੋਚ ਵੱਡੀ ਸੀ। ਇਹ ਠੀਕ ਹੈ ਕਿ ਇਹ ਕੰਮ ਆਰਜ਼ੀ ਕੰਮ ਸੀ ਅਤੇ ਨਾ ਹੀ ਮੈਂ ਆਪਣੇ ਆਪ ਨੂੰ ਇਸ ਵਿੱਚ ਪੱਕੇ ਤੌਰ 'ਤੇ ਅਡਜ਼ਸਟ(Adjust) ਕਰਨਾ ਚਾਹੁੰਦੀ ਸਾਂ। ਮੈਂ ਦੋ-ਚਾਰ ਵਿਆਹਵਾਂ ਦੇ ਪ੍ਰੋਗਰਾਮਾਂ ਵਿੱਚ ਗਾਇਆ ਸੀ ਕਿ ਲੋਕਾਂ ਦੀਆਂ ਗੱਲਾਂ ਸੁਣ ਸੁਣ ਮੇਰੇ ਅੰਦਰ ਅੱਗ ਭੜਕਣੀ ਸ਼ੁਰੂ ਹੋ ਗਈ ਸੀ। ਮੇਰਾ ਜੀਅ ਕਰਦਾ ਸੀ ਕਿ ਲੋਕਾਂ ਦੇ ਇਕੱਠ ਵਿੱਚ ਜਾ ਕੇ ਉਨ੍ਹਾਂ ਨੂੰ ਖ਼ਰੀਆਂ ਖ਼ਰੀਆਂ ਸੁਣਾਵਾਂ ਕਿ ਤੁਸੀਂ ਕੌਣ ਹੁੰਦੇ ਹੋ ਮੇਰੀ ਜ਼ਿੰਦਗੀ ਵਿੱਚ ਦਖ਼ਲ ਦੇਣ ਵਾਲੇ? ਮੈਨੂੰ ਜਾਂ ਮੇਰੇ ਟੱਬਰ ਨੂੰ ਕੀ ਚਾਹੀਦਾ ਹੈ ਉਸ ਦਾ ਸਾਹਮਣਾ ਮੈਂ ਕਰਨਾ ਹੈ ਤੁਸੀਂ ਕੌਣ ਹੁੰਦੇ ਹੋ ਮੈਨੂੰ ਰੋਕਣ ਵਾਲੇ? ਕੁਝ ਸਮੇਂ ਪਿੱਛੋਂ ਮੇਰੇ ਭਰਾ ਆਸਾਮ ਵਿੱਚ ਸੈੱਟ ਹੋ ਗਏ ਸਨ ਅਤੇ ਘਰ ਦੇ ਹਾਲਾਤ ਵੀ ਕੁਝ ਬਿਹਤਰ ਹੋ ਗਏ ਸਨ। ਇਸ ਲਈ ਮੈਂ ਵਿਆਹਵਾਂ ਵਿੱਚ ਗਾਉਣਾ ਬੰਦ ਕਰ ਦਿੱਤਾ ਸੀ। ਇਹ ਨਾ ਸਮਝਣਾ ਕਿ ਮੈਂ ਲੋਕਾਂ ਦੇ ਡਰ ਤੋਂ ਗਾਉਣਾ ਛੱਡਿਆ ਸੀ ਸਗੋਂ ਮੈਨੂੰ ਲੱਗਦਾ ਸੀ ਕਿ ਵਿਆਹਵਾਂ-ਸ਼ਾਂਦੀਆਂ ਵਿੱਚ ਗਾ ਕੇ ਮੈਂ ਆਪਣੇ ਅੰਦਰਲੀ ਪ੍ਰਤਿਭਾ ਨਾਲ ਪੂਰਾ ਪੂਰਾ ਇਨਸਾਫ ਨਹੀਂ ਸਾਂ ਕਰ ਰਹੀ।

ਮੇਰੇ ਅੰਦਰ ਲੋਕਾਂ ਪ੍ਰਤੀ ਰੋਸ ਦੀ ਜਵਾਲਾ ਦਾ ਤਾਅ ਹੁਣ ਪਹਿਲਾਂ ਨਾਲੋਂ ਵੀ ਜ਼ਿਆਦਾ ਮਘ ਪਿਆ ਸੀ। ਕੁਝ ਸਮੇਂ ਬਾਅਦ ਦੁਰਸ਼ਰਨ ਸਿੰਘ ਭਾਅ ਜੀ (ਜਿਸ ਨੂੰ ਤੁਸੀਂ ਸਾਰੇ ਭਾਈ ਮੰਨਾ ਸਿੰਘ ਦੇ ਨਾਂ ਨਾਲ ਵੀ ਜਾਣਦੇ ਹੋ) ਦਾ ਡਰਾਮਾ ਵੇਖਣ ਦਾ ਮੈਨੂੰ ਮੌਕਾ ਮਿਲਿਆ। ਇਹ ਡਰਾਮਾ ਵੇਖ ਕੇ ਮੈਨੂੰ ਇੰਝ ਲੱਗਿਆ ਸੀ ਕਿ ਮੈਨੂੰ ਸਹੀ ਰਸਤਾ ਮਿਲ ਗਿਆ ਹੈ, ਆਪਣੀ ਮੰਜ਼ਿਲ ਵੱਲ ਜਾਣ ਦਾ। ਲੋਕਾਂ ਨੇ ਰਸਤੇ ਵਿੱਚ ਮੇਰੀ ਇੱਜ਼ਤ ਲਈ ਕੀ ਕੀ ਲਫ਼ਜ ਨਹੀਂ ਬੋਲੇ। ਉਨ੍ਹਾਂ ਦੇ ਇਹ ਬੋਲ ਮੇਰੇ ਅੰਦਰ ਨੂੰ ਚੀਰਦੇ ਰਹਿੰਦੇ ਸਨ।

ਮੈਂ ਚੁੱਪ ਕਰਕੇ ਸੁਣਦੀ ਰਹਿੰਦੀ ਸਾਂ ਕਿਉਂਕਿ ਮੈਂ ਕੁਝ ਨਹੀਂ ਸਾਂ ਕਰ ਸਕਦੀ। ਇੱਕ ਪਾਸੇ ਸਮਾਜ ਹੁੰਦਾ ਸੀ ਅਤੇ ਇੱਕ ਪਾਸੇ ਮੈਂ ਇਕੱਲੀ ਹੁੰਦੀ ਸਾਂ,ਜਿਸ ਸਮਾਜ ਅਬਲਾ ਨਾਰੀ ਕਹਿੰਦਾ ਹੈ। ਮੈਂ ਇਕੱਲੀ ਹੀ ਸਮਾਜ ਵਿਰੁਧ ਡਟੀ ਰਹੀ। ਮੈਂ ਲੋਕਾਂ ਦੀਆਂ ਗੱਲਾਂ ਸੁਣੀਆਂ ਅਣਸੁਣੀਆਂ ਕਰ ਕੇ ਆਂਪਣੇ ਪੱਥ 'ਤੇ ਤੁਰਦੀ ਰਹੀ।

ਜਦੋਂ ਮੈਂ ਸਟੇਜ 'ਤੇ ਕੰਮ ਕਰਦੀ ਹੁੰਦੀ ਸਾਂ ਤਾਂ ਮੈਂ ਲੋਕਾਂ ਦਾ ਬੋਲਿਆ ਸਭ ਕੁਝ ਭੁੱਲ ਜਾਂਦੀ ਹੁੰਦੀ ਸਾਂ। ਜੇਕਰ ਸਟੇਜ਼ 'ਤੇ ਆਪਣੇ ਕਿਰਦਾਰ ਰਾਹੀਂ ਮੈਂ ਕੋਈ ਸਮਾਜਿਕ ਬੁਰਾਈ ਪੇਸ਼ ਕਰ ਰਹੀ ਹੁੰਦੀ, ਸਟੇਜ ਤੋਂ ਮਾੜੇ ਲੋਕਾਂ ਦੇ ਖਿਲਾਫ਼ ਬੋਲਣ ਦਾ ਮੌਕਾ ਬਣਦਾ ਜਾਂ ਅੰਦਰੋਂ ਆਪਣਾ ਰੋਹ ਕੱਢ ਕੇ ਬੋਲਦੀ ਤਾਂ ਮੈਨੂੰ ਲੱਗਦਾ ਕਿ ਮੈਂ ਵੀ ਅੱਜ ਆਪਣਾ ਬਦਲਾ ਲੈ ਲਿਆ ਹੈ। ਲੋਕਾਂ ਸਾਹਮਣੇ ਆਪਣੀ ਗੱਲ ਕਹਿਣ ਦਾ "ਮੰਚ" ਬਹੁਤ ਹੀ ਵਧੀਆ ਸਾਧਨ ਹੈ। ਮੈਨੂੰ ਖੁਸ਼ੀ ਹੈ ਕਿ ਮੈਂ ਲੋਕਾਂ ਦੀ ਘਟੀਆ ਸੋਚ ਅੱਗੇ ਗੋਡੇ ਨਹੀਂ ਟੇਕੇ।

**ਸੁਆਲ:** ਤੁਹਾਡੇ ਇਸ ਚੁਣੇ ਹੋਏ ਰਸਤੇ ਨੂੰ ਕੀ ਤੁਹਾਡੇ ਸਹੁਰਾ ਪਰਿਵਾਰ ਨੇ ਪ੍ਰਵਾਨ ਕਰ ਲਿਆ ਸੀ ਜਾਂ ਕੋਈ ਔਕੜ ਪੇਸ਼ ਆਈ ਸੀ?

**ਜੁਆਬ:** ਮੈਂ ਪਹਿਲਾਂ ਵੀ ਕਿਹਾ ਹੈ ਕਿ ਮੇਰਾ ਪਤੀ ਸ੍ਰ. ਸੁਰਿੰਦਰ ਸਿੰਘ ਬਹੁਤ ਹੀ ਸੁਲਝਿਆ ਹੋਇਆ ਅਤੇ ਮਿਲਣਸਾਰ ਇਨਸਾਨ ਹੈ। ਇਹ ਸ਼ਾਦੀ ਸਾਡੀ ਦੋਹਾਂ ਦੀ ਸਹਿਮਤੀ ਨਾਲ ਹੀ ਹੋਈ ਸੀ। ਮੇਰੇ ਪਤੀ ਨੂੰ ਸਟੇਜ਼ ਤੇ ਮੇਰਾ ਕੰਮ ਕਰਨ ਬੁਰਾ ਨਹੀਂ ਸੀ ਲੱਗਦਾ। ਮੇਰੀ ਸ਼ਾਦੀ ਤੋਂ ਪਹਿਲਾਂ ਮੈਂ ਇੱਕ ਡਰਾਮਾ ਸਟੇਜ਼ ਕਰ ਰਹੀ ਸੀ ਜਿਸ ਦਾ ਨਾਂ ਸੀ **"ਮਾਸ ਲੈ ਲਵੋ ਮਾਸ"**।

ਮੇਰੇ ਕੁਝ ਹਮਦਰਦਾਂ ਦਾ ਵਿਚਾਰ ਸੀ ਕਿ ਮੇਰੇ ਹੋਣ ਵਾਲੇ ਪਤੀ (ਸੁਰਿੰਦਰ ਜੀ) ਨੂੰ ਇਹ ਡਰਾਮਾਜ਼ਰੂਰ ਵਿਖਾਇਆ ਜਾਵੇ। ਇਹ ਡਰਾਮਾ ਵੇਖ ਕੇ ਉਸ ਦੀਆਂ ਮਨੋ ਭਾਵਨਾਵਾਂ ਦਾ ਵੀ ਪਤਾ ਲੱਗ ਜਾਵੇਗਾ ਕਿ ਉਨ੍ਹਾਂ ਦੇ ਮਨ ਵਿੱਚ ਮੇਰੀ ਅਦਾਕਾਰੀ ਬਾਰੇ ਕਿਹੋ ਜਿਹੇ ਵਿਚਾਰ ਹਨ। ਇਸ ਡਰਾਮੇ ਵਿੱਚ ਮੈਂ ਇੱਕ ਵੇਸਵਾ ਦੀ ਭੂਮਿਕਾ ਨਿਭਾ ਰਹੀ ਸਾਂ। ਇਨ੍ਹਾਂ ਹਮਦਰਦਾਂ ਵਿੱਚ ਭਾਅ ਜੀ ਸ. ਗੁਰਸ਼ਰਨ ਸਿੰਘ ਜੀ ਵੀ ਸਨ। ਸੁਰਿੰਦਰ ਜੀ ਨੂੰ ਪਹਿਲੀ ਕਤਾਰ ਵਿੱਚ ਬੈਠਾ ਦਿੱਤਾ ਗਿਆ ਸੀ। ਮੇਰੀ ਨਿਭਾਈ ਹੋਈ ਭੂਮਿਕਾ

ਤੋਂ ਉਹ ਇੰਨੇ ਪ੍ਰਭਾਵਿਤ ਹੋਏ ਸਨ ਕਿ ਡਰਾਮਾ ਖ਼ਤਮ ਹੋਣ ‘ਤੇ ਉਹ ਸਟੇਜ ਉੱਪਰ ਆ ਗਏ ਸਨ ਅਤੇ ਉਨ੍ਹਾਂ ਨੇ ਖੁਸ਼ੀ ਨਾਲ ਮੇਰਾ ਹੱਥ ਚੁੰਮ ਲਿਆ ਸੀ।ਸਹੁਰਾ ਪਰਿਵਾਰ ਦੇ ਦੂਸਰੇ ਮੈਂਬਰਾਂ ਨੇ ਮੈਨੂੰ ਕਦੇ ਵੀ ਪ੍ਰਵਾਨ ਨਹੀਂ ਸੀ ਕੀਤਾ। ਉਨ੍ਹਾਂ ਨੂੰ ਮੇਰਾ ਸਟੇਜ ‘ਤੇ ਕੰਮ ਕਰਨਾ ਫੁੱਟੀ ਅੱਖ ਵੀ ਨਹੀ ਸੀ ਭਾਉਂਦਾ।

ਸ਼ਾਦੀ ਠੀਕ ਢੰਗ ਨਾਲ ਨੇਪਰੇ ਚਾੜ੍ਹਨ ਲਈ ਮੇਰੀ ਸ਼ਾਦੀ ਹੋਣ ਤੋਂ ਪੰਜ-ਛੇ ਮਹੀਨੇ ਪਹਿਲਾਂ ਮੇਰੇ ਪਤੀ ਦੇ ਕਹਿਣ ਤੇ ਮੈਂ ਸ਼ਾਦੀ ਹੋਣ ਤੱਕ ਸਟੇਜ ਤੇ ਜਾਣਾ ਬੰਦ ਕਰ ਦਿੱਤਾ ਸੀ। ਪਰ ਉਹ ਲੋਕ (ਸਹੁਰਾ ਪਰਿਵਾਰ) ਮੇਰੀ ਸ਼ਾਦੀ ਵਿੱਚ ਨਹੀਂ ਆਏ। ਉਨ੍ਹਾਂ ਕੋਲੋਂ ਮੈਨੂੰ ਕੁਝ ਲੈਣ ਦੀ ਲਾਲਸਾ ਵੀ ਨਹੀਂ ਸੀ,ਸਿਰਫ਼ ਉਨ੍ਹਾਂ ਦਾ ਪਿਆਰ ਅਤੇ ਸ਼ਮੂਲੀਅਤ ਹੀ ਚਾਹੁੰਦੀ ਸਾਂ। ਉਹ ਵੀ ਨਸੀਬ ਨਾ ਹੋਈ। ਉਨ੍ਹਾਂ ਦੇ ਨਾ ਆਉਣ ਕਰਕੇ ਮੇਰੇ ਅਤੇ ਮੇਰੇ ਪਤੀ ਦੇ ਅੰਦਰ ਬਹੁਤ ਗੁੱਸਾ ਸੀ। ਕੁਝ ਰਿਸ਼ਤੇਦਾਰ ਮੇਰੀ ਡੋਲੀ ਉਨ੍ਹਾਂ ਦੇ ਬੂਹੇ 'ਤੇ ਵੀ ਲੈ ਕੇ ਗਏ ਸਨ ਪਰ ਉਹ ਅੰਦਰੋਂ ਬਾਹਰ ਵੀ ਨਹੀਂ ਸਨ ਆਏ। ਉਨ੍ਹਾਂ ਦੇ ਬੂਹੇ 'ਤੋਂ ਮੇਰੀ ਡੋਲੀ ਵਾਪਿਸ ਹੋ ਗਈ ਸੀ। ਸ਼ਹਿਰ ਵਿੱਚ ਮੇਰੇ ਸਹੁਰੇ ਪਰਿਵਾਰ ਦਾ ਇੱਕ ਹੋਰ ਘਰ ਵੀ ਸੀ। ਮੇਰੀ ਡੋਲੀ ਉੱਥੇ ਲੈ ਗਏ ਸਨ। ਤੁਸੀਂ ਸੋਚ ਸਕਦੇ ਹੋ ਉਦੋਂ ਮੇਰੇ ਦਿਲ 'ਤੇ ਕੀ ਬੀਤੀ ਹੋਵੇਗੀ।

ਸਮਾਂ ਬੜਾ ਬਲਵਾਨ ਹੈ। ਹੌਲੀ ਹੌਲੀ ਮੇਰੇ ਪੈਰ ਇਸ ਖ਼ੇਤਰ ਵਿੱਚ ਜੰਮਣੇ ਸ਼ੁਰੂ ਹੋ ਗਏ ਸਨ। ਜਦੋਂ ਮੈਂ ਟੀ.ਵੀ. 'ਤੇ ਆਉਣਾ ਸ਼ੁਰੂ ਕੀਤਾ ਅਤੇ ਮੇਰੀ ਪਹਿਚਾਣ ਬਣਨ ਲੱਗੀ ਤਾਂ ਉਹੀ ਲੋਕ ਜਿਹੜੇ ਮੈਨੂੰ ਆਪਣੀ ਨੂੰਹ ਪ੍ਰਵਾਨ ਕਰਨ ਲਈ ਵੀ ਤਿਆਰ ਨਹੀਂ ਸਨ, ਇਹ ਕਹਿੰਦੇ ਸੁਣੇ ਗਏ ਸਨ ਕਿ ਜਤਿੰਦਰ ਕੌਰ ਸਾਡੀ ਨੂੰਹ ਹੈ। ਸਮਾਂ ਬੀਤ ਚੁਕਾ ਸੀ ਅਤੇ ਉਦੋਂ ਤੱਕ ਇਹ ਗੱਲਾਂ ਮੇਰੇ ਲਈ ਬੇਮਤਲਬ ਹੋ ਗਈਆਂ ਸਨ। ਮੈਂ ਲੋਕਾਂ ਦੀ ਕਲਾਕਾਰ ਬਣ ਚੁੱਕੀ ਸਾਂ। ਲੋਕਾਂ ਨੇ ਮੈਨੂੰ ਆਪਣੇ ਦਿਲ ਦੇ ਤਖ਼ਤ 'ਤੇ ਬਿਠਾ ਲਿਆ ਸੀ। ਅੱਜ ਮੈਂ ਜਿਸ ਮੁਕਾਮ ਉੱਪਰ ਹਾਂ ਇਹ ਲੋਕਾਂ ਦੇ ਪਿਆਰ ਦਾ ਹੀ ਸਦਕਾ ਹੈ। ਮੈਨੂੰ ਲੋਕਾਂ ਨੇ ਹੀ ਭੰਡਿਆ ਸੀ ਅਤੇ ਲੋਕਾਂ ਨੇ ਹੀ ਸਿਰ 'ਤੇ ਬੈਠਾਇਆ ਹੈ। ਲੋਕਾਂ ਨੂੰ ਸ਼ਾਇਦ ਇਸ ਗੱਲ ਦਾ ਅਹਿਸਾਸ ਹੋ ਗਿਆ ਸੀ ਕਿ ਜਤਿੰਦਰ ਕੌਰ ਬਹੁਤ ਸਿਰੜੀ ਹੈ ਅਤੇ ਉਹ ਜਿਹੜਾ ਕੰਮ ਕਰਨ ਦਾ ਮਨ ਬਣਾ ਲੈਂਦੀ ਹੈ ਉਸ ਲਈ ਜ਼ਿੰਦ ਜਾਨ ਲਾ ਦਿੰਦੀ ਹੈ। ਅਸਲ ਵਿੱਚ ਮੈਂ ਆਪਣੇ ਆਪ ਨੂੰ ਰੰਗਮੰਚ ਲਈ ਸਮਰਪਿਤ ਹੀ ਕਰ ਚੁੱਕੀ ਹਾਂ।

**ਸੁਆਲ:** ਤੁਹਾਡੇ ਪਤੀ ਦੀ ਇਸ ਕਲਾ ਬਾਰੇ ਕਿਹੋ ਜਿਹੀ ਸੋਚ ਹੈ?

**ਜੁਆਬ:** ਇਸ ਬਾਰੇ ਤਾਂ ਮੈਂ ਪਹਿਲਾਂ ਦੱਸ ਚੁੱਕੀ ਹਾਂ ਕਿ ਮੇਰਾ ਪਤੀ ਮੇਰੀ ਕਲਾ ਦਾ ਕਦਰਦਾਨ ਹੈ। ਉਸ ਨੇ ਮੈਨੂੰ ਕਿਹਾ ਸੀ ਕਿ ਤੂੰ ਇੱਕ ਆਮ ਔਰਤ ਨਹੀਂ ਹੈਂ। ਕੁਝ ਕਰ ਸਕਣ ਦਾ ਜਜ਼ਬਾ ਤੇਰੇ ਅੰਦਰ ਹੈ। ਤੂੰ ਜੋ ਕੁਝ ਕਰਨਾ ਚਾਹੁੰਦੀ ਹੈ ਉਸ ਨੂੰ ਖੁਲ੍ਹ ਕੇ ਕਰ। ਜਿਨ੍ਹਾਂ ਲੋਕਾਂ ਨੇ ਤੇਰੇ ਕੰਮ ਨੂੰ ਸਹਿਯੋਗ ਨਹੀਂ ਦਿੱਤਾ ਉਨ੍ਹਾਂ ਨੂੰ ਕੁਝ ਬਣ ਕੇ ਵਿਖਾ। ਮੇਰੇ ਇਸ ਖ਼ੇਤਰ ਪ੍ਰਤੀ ਉਨ੍ਹਾਂ ਦਾ ਹੁੰਗਾਰਾ ਹਾਂ ਪੱਖੀ ਹੈ।

**ਸੁਆਲ:** ਕੀ ਤੁਸੀਂ ਟੈਲੀਵੀਯਨ 'ਤੇ ਹੀ ਡਰਾਮੇ ਖੇਡੇ ਹਨ ਜਾਂ ਕਿ ਸਟੇਜ (ਓਪਨ ਥੀਏਟਰ) 'ਤੇ ਵੀ ਆਪਣੀ ਕਲਾ ਦੇ ਜ਼ੌਹਰ ਦਿਖਾਏ ਹਨ?

**ਜੁਆਬ:** ਮੈਂ ਟੀ.ਵੀ. 'ਤੇ ਆਉਣ ਤੋਂ ਪਹਿਲਾਂ ਸਟੇਜ 'ਤੇ ਹੀ ਕੰਮ ਕਰਦੀ ਸਾਂ। ਫੇਰ T.V. Radio,ਫ਼ਿਲਮਾਂ 'ਤੇ 20 ਸਾਲ ਤੱਕ ਕੰਮ ਕੀਤਾ ਹੈ। T.V. ਤੋਂ ਪਿੱਛੋਂ ਮੈਂ ਫਿਰ ਸਟੇਜ 'ਤੇ ਹੀ ਕੰਮ ਕਰ ਰਹੀ ਹਾਂ। ਸਟੇਜ ਮੈਂ ਕਦੇ ਵੀ ਨਹੀਂ ਛੱਡੀ। ਮੰਚ ਮੇਰੀ ਜਾਨ ਹੈ ਅਤੇ ਮੇਰੀ ਰੂਹ ਦੀ ਖ਼ੁਰਾਕ ਹੈ। ਕਦੇ ਕਦੇ ਲੱਗਦਾ ਹੈ ਕਿ ਮੈਂ ਘਰ ਵਿੱਚ ਘਰ ਲਈ, ਆਪਣੇ ਪਰਿਵਾਰ ਲਈ,ਦੁਨੀਆਂਦਾਰੀ ਲਈ ਅਤੇ ਆਪਣੇ ਫ਼ਰਜਾਂ ਲਈ ਹਾਂ ਪਰ ਸਟੇਜ 'ਤੇ ਮੈਂ ਆਪਣੇ ਵਾਸਤੇ ਜੀਅ ਰਹੀ ਹਾਂ।

**ਸੁਆਲ:** ਤੁਸੀਂ ਜਿਹੜੇ ਡਰਾਮੇ ਖੇਡੇ ਹਨ ਅਤੇ ਜਿਨ੍ਹਾਂ ਫ਼ਿਲਮਾਂ ਵਿੱਚ ਤੁਸੀਂ ਕੰਮ ਕੀਤਾ ਹੈ ਥੋੜ੍ਹਾ ਉਨ੍ਹਾਂ 'ਤੇ ਵੀ ਚਾਨਣਾ ਪਾਓ?

**ਜੁਆਬ**: ਡਰਾਮਿਆਂ ਦੀ ਸੂਚੀ ਤਾਂ ਬਹੁਤ ਲੰਮੀ ਹੈ ਪਰ ਕੁਝ ਯਾਦਗਾਰੀ ਡਰਾਮਿਆਂ ਵਿੱਚ ਆਪਣੇ ਨਿਭਾਏ ਕਿਰਦਾਰਾਂ ਦਾ ਜ਼ਿਕਰ ਜ਼ਰੂਰ ਕਰਨਾ ਚਾਹੁੰਦੀ ਹਾਂ। ਉਨ੍ਹਾਂ 'ਚੋਂ 'ਲੋਹਾ ਕੁੱਟ', 'ਕਣਕ ਦੀ ਬੱਲੀ' ਵਾਲੀ ਤਾਬਾਂ, 'ਇਹ ਲਹੂ ਕਿਸ ਦਾ ਹੈ', 'ਇੱਕ ਮਾਂ ਇੱਕ ਬੰਬ', 'ਇੱਕ ਮਾਂ ਦੋ ਮੁਲਖ਼', 'ਲੋਹੇ ਦੀ ਭੱਠੀ', 'ਲੂਣਾ', 'ਦੁੱਲਾ ਭੱਟੀ', 'ਮਾਸ ਲੈ ਲਵੋ ਮਾਸ' ਅਤੇ ਹੋਰ ਬਹੁਤ ਸਾਰੇ ਡਰਾਮੇ ਹਨ। ਵੈਸੇ ਤਾਂ ਮਾਂ ਨੂੰ ਸਾਰੇ ਹੀ ਬੱਚੇ ਪਿਆਰੇ ਹੁੰਦੇ ਹਨ।ਜਿੱਥੋਂ ਤੱਕ ਫ਼ਿਲਮਾਂ ਵਿੱਚ ਕੰਮ ਕਰਨ ਦਾ ਸੁਆਲ ਹੈ,ਮੈਂ ਪੁਰਜ਼ਾ ਪੁਰਜ਼ਾ ਕੱਟ ਮਰੈ(1998),ਮਹੌਲ ਠੀਕ ਹੈ(1999-2000),ਦਿਲਦਾਰਾ,ਜੀ ਆਇਆਂ ਨੂੰ(2003),ਅਸਾਂ ਨੂੰ ਮਾਣ ਵਤਨਾ ਦਾ(2004),ਨਲਾਇਕ(2006)ਅਤੇ ਇੱਕ ਜ਼ਿੰਦ ਇੱਕ ਜ਼ਾਨ(2006)ਵਿੱਚ ਕੰਮ ਕੀਤਾ ਹੈ। ਇਹ ਦੱਸਦਿਆਂ ਹੋਇਆਂ ਮੈਨੂੰ ਮਾਣ ਮਹਿਸੂਸ ਹੁੰਦਾ ਹੈ ਕਿ ਮੇਰੀ ਅਦਾਕਾਰੀ ਲਈ ਪੰਜਾਬੀ ਅਕਾਦਮੀ ਦਿੱਲੀ ਵੱਲੋਂ **'ਸਰਵਉੱਤਮ ਅਭਿਨੇਤਰੀ'** ਦੇ ਸਨਮਾਨ ਨਾਲ ਸਨਮਾਨਿਆ ਗਿਆ ਹੈ।

**ਸੁਆਲ:** ਵੇਖਣ ਵਿੱਚ ਆਇਆ ਹੈ ਕਿ ਫ਼ਿਲਮ ਜਗਤ ਦੇ ਵੱਡੇ ਵੱਡੇ ਕਲਾਕਾਰਾਂ ਦਾ ਰੁਝਾਨ ਟੀ.ਵੀ. ਭਾਵ ਛੋਟੇ ਪਰਦੇ ਵੱਲ ਹੁੰਦਾ ਜਾ ਰਿਹਾ ਹੈ। ਕੀ ਤੁਸੀਂ ਫ਼ਿਲਮ ਜਗਤ ਦੀ ਚਕਾਚੌਂਧ ਕਰ ਦੇਣ ਵਾਲੀ ਦੁਨੀਆਂ ਵਿੱਚ ਪੱਕੇ ਤੌਰ 'ਤੇ ਜਾਣ ਬਾਰੇ ਵੀ ਕਦੇ ਸੋਚਿਆ ਹੈ ਜਾਂ ਨਹੀਂ?

**ਜੁਆਬ:** ਮੈਨੂੰ ਫ਼ਿਲਮੀ ਦੁਨੀਆਂ ਦੀ ਚਕਾਚੌਂਧ ਨੇ ਕਦੇ ਵੀ ਆਪਣੇ ਵੱਲ ਨਹੀਂ ਖਿੱਚਿਆ। ਮੈਂ ਫ਼ਿਲਮਾਂ ਵਿੱਚ ਕੰਮ ਕਰ ਕੇ ਆਪਣਾ ਚਾਅ ਹੀ ਪੂਰਾ ਕੀਤਾ ਹੈ। ਹਾਂ, ਇੱਕ ਵੇਰਾਂ ਅਜਿਹਾ ਸਮਾਂ ਆਇਆ ਸੀ ਜਦੋਂ ਬਲਰਾਜ ਸਾਹਨੀ ਜੀ ਨੇ ਸਟੇਜ ਤੇ ਮੇਰੀ ਅਦਾਕਾਰੀ ਵੇਖ ਕੇ ਕਿਹਾ ਸੀ "ਜਤਿੰਦਰ ਜੇਕਰ ਤੂੰ ਚਾਹਵੇਂ ਤਾਂ ਮੈਂ ਤੈਨੂੰ ਫ਼ਿਲਮਾਂ ਵਿੱਚ ਕੰਮ ਦਵਾਉਣ ਲਈ ਸਹਿਯੋਗ ਕਰ ਸਕਦਾ ਹਾਂ। ਤੈਨੂੰ ਅਡਜ਼ਸਟ ਕਰਵਾਉਣ ਦੀ ਕੋਸ਼ਿਸ਼ ਵੀ ਕਰਾਂਗਾ।" ਮੇਰੇ ਸਵੈ-ਅਭਿਮਾਨ ਨੇ ਸ਼ਬਦ ਅਡਜ਼ਸਟ ਨੂੰ ਇੱਕ ਭੀਖ ਵਰਗਾ ਸਮਝਿਆ ਸੀ ਅਤੇ ਮੈਂ ਉਸ ਖ਼ੇਤਰ ਵਿੱਚ ਜਾਣ ਲਈ ਹਾਂ ਨਹੀਂ ਸੀ ਕੀਤੀ। ਟੀ.ਵੀ. ਨੇ ਮੈਨੂੰ ਪ੍ਰਸਿੱਧੀ ਦਿੱਤੀ ਹੈ ਅਤੇ ਸਟੇਜ਼ ਨੇ ਰੂਹ ਦੀ ਖ਼ੁਰਾਕ। **"ਜੀਨਾ ਯਹਾਂ ਮਰਨਾ ਯਹਾਂ ਇਸ ਕੇ ਸਿਵਾ ਜਾਣਾ ਕਹਾਂ।"**

**ਸੁਆਲ:** ਤੁਹਾਨੂੰ ਆਪਣੀਆਂ ਨਿਭਾਈਆਂ ਹੋਈਆਂ ਭੂਮਿਕਾਵਾਂ 'ਚੋਂ ਕਿਹੜੀ ਜ਼ਿਆਦਾ ਚੰਗੀ ਲੱਗਦੀ ਹੈ?

**ਜੁਆਬ:** ਸਾਰੀਆਂ ਹੀ ਨਿਭਾਈਆਂ ਹੋਈਆਂ ਭੂਮਿਕਾਵਾਂ ਵਿੱਚ ਮੈਂ ਪੂਰੀ ਤਰ੍ਹਾਂ ਡੁੱਬ ਕੇ ਕੰਮ ਕੀਤਾ ਹੈ ਅਤੇ ਮੇਰੇ ਲਈ ਸਾਰੀਆਂ ਹੀ ਵਧੀਆ ਹਨ।

**ਸੁਆਲ:** ਕਿਸੇ ਪਾਤਰ ਦਾ ਕਿਰਦਾਰ ਨਿਭਾਉਂਦੇ ਹੋਏ ਤੁਸੀਂ ਉਸ ਕ੍ਰੈਕਟਰ ਵਿੱਚ ਕਿੱਥੋਂ ਤੱਕ ਡੁੱਬ ਕੇ ਉਸ ਦੀ ਭੂਮਿਕਾ ਨਿਭਾਉਂਦੇ ਹੋ?

**ਜੁਆਬ:** ਮੈਂ ਹਰ ਰੋਲ ਵਿੱਚ ਜਤਿੰਦਰ ਕੌਰ ਨੂੰ ਭੁੱਲ ਕੇ ਉਸ ਪਾਤਰ ਦਾ ਕਿਰਦਾਰ ਨਿਭਾਉਂਦੀ ਹਾਂ। ਉਸ ਸਮੇਂ ਇਹ ਜਤਿੰਦਰ ਕੌਰ ਸਟੇਜ 'ਤੇ ਨਹੀਂ ਹੁੰਦੀ। ਉਸ ਦੀ ਹੋਂਦ ਮੇਰੇ ਨੇੜੇ ਵੀ ਨਹੀਂ ਢੁੱਕਦੀ।

**ਸੁਆਲ:** ਮੇਰੀ ਜਾਚੇ ਕਿਸੇ ਨੂੰ ਹਸਾਉਣਾ ਸ਼ਾਇਦ ਸਭ ਤੋਂ ਔਖਾ ਹੁੰਦਾ ਹੈ। ਹਾਸਕਲਾਕਾਰ ਭਾਵੇਂ ਅੰਦਰੋਂ ਰੋ ਰਿਹਾ ਹੋਵੇ ਦੂਸਰੇ ਨੂੰ ਹਸਾਉਂਦਾ ਹੈ।"ਅਪਨੇ ਪੇ ਹੱਸ ਕੇ ਜਗ ਕੋ ਹਸਾਇਆ। ਬਣ ਕੇ ਤਮਾਸ਼ਾ ਮੇਲੇ ਮੇਂ ਆਇਆ।" ਅਜਿਹੀ ਸਥਿੱਤੀ ਵਿੱਚ ਕਲਾਕਾਰ ਦੀ ਮਨੋਦਸ਼ਾ ਕਿਹੋ ਜਿਹੀ ਹੁੰਦੀ ਹੈ? ਮੇਰਾ ਭਾਵ ਹੈ ਕਲਾਕਾਰ ਦੇ ਅੰਦਰਲੇ ਕਲਾਕਾਰ 'ਤੇ ਕੀ ਵਾਪਰ ਰਹੀ ਹੁੰਦੀ ਹੈ?

**ਜੁਆਬ:** ਇੱਕ ਕਲਾਕਾਰ ਵਾਸਤੇ ਦਰਸ਼ਕ ਨੂੰ ਉਸ ਦੇ ਦੁਨਿਆਵੀ ਝਮੇਲਿਆਂ ਦੇ ਖੋਲ 'ਚੋਂ ਬਾਹਰ ਕੱਢਣਾ ਅਤੇ ਫਿਰ ਉਸ ਨੂੰ ਹਸਾਉਂਣਾ ਬੜਾ ਹੀ ਕਠਿਨ ਕੰਮ ਹੁੰਦਾ ਹੈ। ਪਰ ਜਦੋਂ ਉਨ੍ਹਾਂ ਦੀ ਬੋਲੀ (ਵਾਰਤਾਲਾਪ) ਬੋਲ ਕੇ ਉਨ੍ਹਾਂ ਵਾਂਗ ਬਣ ਕੇ ਕੋਈ ਕਲਾਕਾਰ ਸਟੇਜ 'ਤੇ ਵਿਚਰਦਾ ਹੈ ਤਾਂ ਇਹ ਕੰਮ ਸਹਿਜ ਹੋ ਜਾਂਦਾ ਹੈ। ਕਲਾਕਾਰ ਜ਼ਿਆਦਾ ਔਖਾ ਉਦੋਂ ਹੁੰਦਾ ਹੈ ਜਦੋਂ ਕਿਸੇ ਗੱਲੋਂ ਅੰਦਰੋਂ ਆਪ ਦੁੱਖੀ ਹੁੰਦਾ ਹੈ ਪਰ ਸਟੇਜ਼ ਉੱਪਰ ਦਰਸ਼ਕਾਂ ਨੂੰ ਹਸਾ ਰਿਹਾ ਹੁੰਦਾ ਹੈ। ਉਹ ਆਪਣੀ ਸੋਚ ਦੇ ਤਲ 'ਤੇ ਇੱਕ ਤਰ੍ਹਾਂ ਨਾਲ ਦੋ ਜੀਵਨ ਜਿਊ ਰਿਹਾ ਹੁੰਦਾ ਹੈ। ਸ਼ਾਇਦ ਇਹ ਹੀ ਉਹ ਘੜੀ ਹੁੰਦੀ ਹੈ ਜਦੋਂ ਕਿਸੇ ਕਲਾਕਾਰ ਦੀ ਕਲਾ ਦੀ ਪ੍ਰੀਖਿਆ ਹੋ ਰਹੀ ਹੁੰਦੀ ਹੈ। ਉਹ ਆਪਣੀ ਕਲਾ ਦਾ ਇਸ ਨੂੰ ਮਜ੍ਹਬ ਸਮਝ ਰਿਹਾ ਹੁੰਦਾ ਹੈ। ਇਸ ਗੱਲ ਦੀ ਸਹੀ ਤਰਜ਼ਮਾਨੀ ਫ਼ਿਲਮ 'ਮੇਰਾ ਨਾਮ ਜੋਕਰ' ਦਾ ਇਹ ਗਾਣਾ ਕਰਦਾ ਹੈ:

**"ਅਪਨੇ ਪੇ ਹੱਸ ਕੇ ਜਗ ਕੋ ਹਸਾਇਆ।**
**ਬਣ ਕੇ ਤਮਾਸ਼ਾ ਮੇਲੇ ਮੇਂ ਆਇਆ।**
**ਹਿੰਦੂ ਨਾ ਮੁਸਲਿਮ ਪੂਰਬ ਨਾ ਪੱਛਮ,**
**ਮਜ਼ਹਬ ਹੈ ਅਪਨਾ ਹੱਸਣਾ ਹਸਾਣਾ।"**

**ਸੁਆਲ:** ਜੱਬਲ ਜੀ ਅਤੇ ਤੁਹਾਡੀ ਜੋੜੀ ਡਰਾਮਿਆਂ ਦੀ ਜਾਨ ਹੁੰਦੀ ਸੀ। ਉਨ੍ਹਾਂ ਦੇ ਚਲੇ ਜਾਣ ਪਿੱਛੋਂ ਕੀ ਤੁਸੀਂ ਸਮਝਦੇ ਹੋ ਕਿ ਕਲਾਕਾਰੀ ਦੇ ਖ਼ੇਤਰ ਵਿੱਚ ਜੱਬਲ ਜੀ ਦੇ ਮੇਚ ਦਾ ਕੋਈ ਹੋਰ ਕਲਾਕਾਰ ਤੁਹਾਡੇ ਨਾਲ ਕੰਮ ਕਰਨ ਵਾਲਾ ਹੈ?

**ਜੁਆਬ:** ਜੱਬਲ ਜੀ ਤੋਂ ਉੱਪਰ ਵੀ ਕਲਾਕਾਰ ਹੋਣਗੇ ਪਰ ਲੋਕੀਂ ਮੈਨੂੰ ਕਿਸੇ ਹੋਰ ਨਾਲ ਕੰਮ ਕਰਦਿਆਂ ਵੇਖ ਕੇ ਸਵੀਕਾਰ ਨਹੀਂ ਕਰਨਗੇ।

**ਸੁਆਲ:** ਤੁਹਾਡੇ ਅਦਾਕਾਰੀ ਜੀਵਨ ਦੀ ਕੋਈ ਅਭੁੱਲ ਯਾਦ?

**ਜੁਆਬ:** ਇੱਕ ਵੇਰਾਂ ਮੇਰੀ ਭੈਣ ਡਰਾਮਾ ਕਰ ਰਹੀ ਸੀ, ਜਿਸ ਦਾ ਨਾਂ ਸੀ 'ਤਾਰ ਤੁੱਪਕਾ'। ਇੱਕ ਦਿਨ ਉਹ ਕਿਸੇ ਜ਼ਰੂਰੀ ਕੰਮ ਲਈ ਬਾਹਰ ਗਈ ਹੋਈ ਸੀ ਅਤੇ ਸ਼ੋਅ ਵੀ ਉਸੇ ਦਿਨ ਸੀ। ਉਹ ਆ ਨਹੀਂ ਸੀ ਸਕੀ। ਇਹ ਡਰਾਮਾ ਉਸ ਦਿਨ ਮੈਨੂੰ ਕਰਨਾ ਪਿਆ ਸੀ। ਮਜ਼ੇ ਦੀ ਗੱਲ ਹੈ ਕਿ ਇਹ ਡਰਾਮਾ ਕਵਿਤਾ ਵਿੱਚ ਸੀ ਅਤੇ ਮੈਂ ਇਸ ਨੂੰ ਪੜ੍ਹਿਆ ਵੀ ਨਹੀਂ ਸੀ। ਜਦੋਂ ਉਸ ਦਿਨ ਬਾਰੇ ਸੋਚਦੀ ਹਾਂ ਤਾਂ ਹੈਰਾਨ ਰਹਿ ਜਾਂਦੀ ਹਾਂ ਕਿ ਮੈਂ ਇਸ ਡਰਾਮੇ ਵਿੱਚ ਕਿਰਦਾਰ ਕਿਸ ਤਰ੍ਹਾਂ ਨਿਭਾ ਲਿਆ ਸੀ। ਇਹ ਇੱਕ ਕ੍ਰਿਸ਼ਮੇ ਵਰਗੀ ਗੱਲ ਲੱਗਦੀ ਹੈ ਜਿਹੜੀ ਯਾਦ ਆਉਣ 'ਤੇ ਮੈਂ ਅੱਜ ਵੀ ਹੈਰਾਨ ਹੋ ਜਾਂਦੀ ਹਾਂ।

**ਸੁਆਲ:** ਤੁਹਾਨੂੰ ਆਪਣੀ ਕਲਾ ਲਈ ਮਾਣ ਸਨਮਾਨ ਵੀ ਮਿਲੇ ਹੋਣਗੇ? ਕੁਝ ਉਨ੍ਹਾਂ ਬਾਰੇ ਵੀ ਦੱਸੋ?

**ਜੁਆਬ:** ਸਭ ਤੋਂ ਵੱਡਾ ਸਨਮਾਨ ਮੈਨੂੰ ਲੋਕਾਂ ਦਾ ਪਿਆਰ ਮਿਲਿਆ ਹੈ। ਪੰਜਾਬੀ ਰੰਗਮੰਚ ਦੇ ਕਲਾਕਾਰ ਮੈਨੂੰ ਪੰਜਾਬੀ ਰੰਗਮੰਚ ਦੀ ਮਾਂ ਅਭਿਨੇਤਰੀ ਕਹਿ ਕੇ ਸਨਮਾਨਦੇ ਹਨ। ਉਹ ਕਹਿੰਦੇ ਹੀ ਨਹੀਂ ਸਮਝਦੇ ਵੀ ਨੇ। ਜਿਸ ਨੂੰ ਮਾਂ ਦਾ ਖ਼ਿਤਾਬ ਮਿਲ ਗਿਆ ਹੋਵੇ ਉਸ ਦੇ ਸਾਹਮਣੇ ਦੂਸਰੇ ਸਨਮਾਨ ਬੌਣੇ ਹੋ ਜਾਂਦੇ ਹਨ ਛੋਟੇ ਪੈ ਜਾਂਦੇ ਹਨ। ਫਿਰ ਵੀ ਮੈਂ ਦੱਸਣਾ ਚਾਹੁੰਦੀ ਹਾਂ ਕਿ ਫਰਵਰੀ,2009 ਵਿੱਚ ਅੰਮ੍ਰਿਤਸਰ ਦੀਆਂ ਪੰਜ ਕਲਾਕਾਰ ਔਰਤਾਂ,ਜਿਨ੍ਹਾਂ ਭਾਰਤੀ ਸਿੰਘ(Laughter Channel Fame),ਗੁਰਮੀਤ ਬਾਵਾ(Punjabi Folk Song Singer),ਸਵਰਗੀ ਮਨਵੀਨ ਸੰਧੂ ਨੂੰ ਮਰਨ ਉਪਰੰਤ(ਇਹ ਸਨਮਾਨ ਲੈਣ ਲਈ ਸਪਰਿੰਗਡੇਲਜ਼ ਸਕੂਲ ਦੀ ਬਲਜੀਤ ਕੌਰ ਹਾਜ਼ਰ ਸੀ) ਅਤੇ ਮੇਰੇ ਸਮੇਤ,ਪੰਜਵੀਆਂ ਕੌਮਨਵੈਲਥ ਖੇਡਾਂ (ਜੂਡੋ) ਦੀ ਚੈਂਪੀਅਨ ਰਣਜੀਤ ਕੌਰ ਨੂੰ AGA,Heritage Club,Amritsar ਵਿਖੇ, PECOBA ਵੱਲੋਂ ਇੱਕ ਸਨਮਾਨ ਸਮਾਰੋਹ ਵਿੱਚ "Kalpana Chawla Excellence,Award-2009 ਨਾਲ ਸਮਾਨਿਆ ਗਿਆ ਸੀ।ਇਨ੍ਹਾਂ ਪੰਜਾਂ ਵਿੱਚ ਮੈਨੂੰ ਬਤੌਰ Stage,TV & Film ਆਰਟਸਿਟ ਇਹ ਸਨਮਾਨ ਦੇ ਕੇ ਸਨਮਾਨਿਆ ਗਿਆ ਸੀ।

ਇਹੋ ਜਿਹੇ ਸਨਮਾਨ ਸਮਾਰੋਹਾਂ ਵਿੱਚ ਇਨਸਾਨ ਅਕਸਰ ਹੀ ਭਾਵੁਕ ਹੋ ਜਾਂਦਾ ਹੈ ਅਤੇ ਇੱਕ ਕਲਾਕਾਰ ਦਾ ਭਾਵਿਕ ਹੋ ਜਾਣਾ ਤਾਂ ਸੁਭਾਵਿਕ ਗੱਲ ਹੈ। ਇਹ ਸਨਮਾਨ ਪ੍ਰਾਪਤ ਕਰਦਿਆਂ ਹੋਇਆਂ ਜਜ਼ਬਾਤੀ ਰੌਅ ਵਿੱਚ ਮੈਂ ਕਿਹਾ ਸੀ,"ਮੈਂ ਇਸ ਸਮੇਂ ਦੀ ਯਾਦ ਨੂੰ ਆਪਣੇ ਦਿਲ ਵਿੱਚ ਸਾਂਭ ਕੇ ਰੱਖਾਂਗੀ ਜਿਸ ਦੀ ਉਡੀਕ ਵਿੱਚ ਦਹਾਕਿਆਂ ਤੋਂ ਮੇਰੀਆਂ ਅੱਖਾਂ ਉਡੀਕ ਵਿੱਚ ਸਨ। ਆਮ ਕਰਕੇ ਵੇਖਿਆ ਗਿਆ ਹੈ ਕਿ ਕੁਝ ਸਮਾਜਿਕ ਅਤੇ ਸਭਿਆਚਾਰਕ ਸੰਸਥਾਵਾਂ ਕਲਾਕਾਰਾਂ ਨੂੰ ਇਹ ਲਾਰਾ ਲਾ ਕੇ ਉਨ੍ਹਾਂ ਨੂੰ ਸਟੇਜ਼ 'ਤੇ ਕੰਮ ਕਰਨ ਲਈ ਪ੍ਰੇਰਦੀਆਂ ਹਨ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਕੰਮ ਲਈ ਐਵਾਰਡ ਦੇ ਕੇ ਸਨਮਾਨਿਆ ਜਾਵੇਗਾ ਅਤੇ ਇਸੇ ਆੜ ਵਿੱਚ ਉਨ੍ਹਾਂ ਕੋਲੋਂ ਮੁਫ਼ਤ ਕੰਮ ਕਰਵਾਇਆ ਜਾਂਦਾ ਹੈ। ਜਿੱਥੋਂ ਤੱਕ "ਕਲਪਨਾ ਚਾਵਲਾ ਐਵਾਰਡ ਦਾ ਸਬੰਧ ਹੈ, ਇਸ ਸੰਸਥਾ ਦੇ ਪ੍ਰਬੰਧਕਾਂ ਨੇ ਗੁਰਮੀਤ ਬਾਵਾ,ਅਮਰ ਨੂਰੀ ਅਤੇ ਭਾਰਤੀ ਸਿੰਘ ਵਰਗੀਆਂ ਬੇਜੋੜ ਸਟੇਜੀ ਕਲਾਕਾਰਾਂ ਨੂੰ ਅਜਿਹਾ ਕਰਨ ਲਈ ਕਦੇ ਨਹੀਂ ਕਿਹਾ। ਅੱਜ ਸਾਰੇ ਹੀ ਸਨਮਾਨ ਪ੍ਰਾਪਤ ਕਰਨ ਵਾਲਿਆਂ ਵਾਸਤੇ ਇਹ ਸਨਮਾਨ ਲੈਣਾ ਇੱਕ ਮਾਣ ਹੈ ਅਤੇ ਪਵਿੱਤਰ ਸਤਿਕਾਰ ਦੀ ਗੱਲ ਹੋ ਨਿਬੜੀ ਹੈ। ਮੈਂ ਪਹਿਲੀ ਫਰਵਰੀ 2009 ਨੂੰ ਚੰਡੀਗੜ੍ਹ ਵਿੱਚ ਹੋਏ ਸਨਮਾਨ ਸਮਾਰੋਹ ਵਿੱਚ ਵੀ ਸ਼ਾਮਲ ਹੋਈ ਸਾਂ ਅਤੇ ਮੈਂ ਸਮਝਦੀ ਹਾਂ ਕਿ ਉਹ ਸਮਾਗਮ ਵੀ ਉੱਚ ਦਰਜ਼ੇ ਦਾ ਸਮਾਗਮ ਸੀ।"

**ਸੁਆਲ:** ਰੰਗਮੰਚ ਵੱਲ ਝਾਕ ਰਹੀ ਨਵੀਂ ਪਨੀਰੀ ਨੂੰ ਕੋਈ ਸੰਦੇਸ਼ ਦੇਣਾ ਚਾਹਵੋਗੇ?

**ਜੁਆਬ:** ਨਵੀਂ ਪਨੀਰੀ ਦੇ ਨਾਲ ਕੰਮ ਕਰ ਰਹੀ ਹਾਂ। ਮੈਂ ਸਭ ਨੂੰ ਇਹ ਕਹਾਂਗੀ ਕਿ ਆਪਣੀ ਗੱਲ ਕਹਿਣ ਲਈ ਮੰਚ ਸਭ ਤੋਂ ਵਧੀਆ ਸਾਧਨ ਹੈ। ਰਾਤੋ ਰਾਤ ਸਟਾਰ ਬਣਨ ਦੀ ਕੋਸ਼ਿਸ਼ ਨਾ ਕਰਨ। ਮਿਹਨਤ ਅਤੇ ਲਗਨ ਨਾਲ ਕੀਤੇ ਕੰਮ ਦਾ ਫਲ ਬਹੁਤ ਮਿੱਠਾ ਹੁੰਦਾ ਹੈ। ਇਸ ਵਿੱਚ ਪੈਸੇ ਬਹੁਤੇ ਨਹੀਂ ਮਿਲਦੇ ਪਰ ਲੋਕਾਂ ਦਾ ਪਿਆਰ ਬਹੁਤ ਹੈ ਜਿਹੜਾ ਜ਼ਿੰਦਗੀ ਨੂੰ ਸਰੂਰ ਦਿੰਦਾ ਹੈ ਅਤੇ ਮਨ ਨੂੰ ਸਕੂਨ ਵੀ।

ਭੈਣ ਜਤਿੰਦਰ ਕੌਰ ਜੀ ਨਾਲ ਜ਼ਿੰਦਗੀ ਦੇ ਵੱਖ ਵੱਖ ਰੰਗਾਂ ਦੀਆਂ ਗੱਲਾਂ ਕਰ ਕੇ ਲੱਗ ਰਿਹਾ ਸੀ ਜਿਵੇਂ ਮੈਂ ਇੱਕ ਜੀਵਨ ਹੀ ਜੀਊ ਲਿਆ ਹੋਵੇ। ਜਿੰਦਗੀ ਦਾ ਡਰਾਮਾ ਹੀ ਅੱਖਾਂ ਅੱਗਿਓਂ ਲੰਘ ਗਿਆ ਸੀ। ਜਿੰਦਗੀ ਦਾ ਕੌੜਾ ਸੱਚ ਉਸ ਦੀ ਜ਼ਬਾਨੀਂ ਸੁਣ ਕੇ ਸਮਾਜ਼ ਦੇ ਠੇਕੇਦਾਰਾਂ ਦੀ ਕੋਝੀ ਸੋਚ ਦਾ ਪਰਦਾ ਫ਼ਾਸ਼ ਹੋ ਗਿਆ ਸੀ। ਸਮਾਜ ਦੀਆਂ ਸੌੜੀਆਂ ਸੋਚਾਂ ਬਾਰੇ ਸਮਾਜ਼ ਨਾਲ ਘਿਰਣਾ ਹੋਰ ਗੂੜ੍ਹੀ ਹੋ ਗਈ ਸੀ। ਜਤਿੰਦਰ ਜੀ ਦਾ ਸੰਘਰਸ਼ਮਈ ਜੀਵਨ ਸਮਾਜ਼ ਦੇ ਮੂੰਹ 'ਤੇ ਮਾਰੀ ਹੋਈ ਚਪੇੜ ਵਰਗਾ ਸੀ। ਜਤਿੰਦਰ ਕੌਰ ਨੇ ਆਪਣੇ ਜੀਵਨ ਦੇ ਪਿਛਲੇ 49 ਸਾਲ ਇਸ ਕਲਾ ਨੂੰ ਭੇਟ ਕਰ ਦਿੱਤੇ ਹਨ। ਉਸ ਨੇ ਇਸ ਸਮੇਂ ਵਿੱਚ ਉੱਚ ਕੋਟੀ ਦੇ ਡਾਇਰੈਕਟਰਾਂ ਅਤੇ ਪ੍ਰੋਡਿਊਸਰਾਂ ਤੋਂ ਇਲਾਵਾ ਬਲਰਾਜ ਸਾਹਨੀ,ਗੁਰਸ਼ਰਨ ਸਿੰਘ(ਭਾਈ ਮੰਨਾ ਸਿੰਘ) ਅਤੇ ਕੇਵਲ ਧਾਲੀਵਾਲ ਵਰਗੇ ਕਲਾਕਾਰਾਂ ਨਾਲ ਕੰਮ ਕਰ ਕੇ ਆਪਣੀ ਕਲਾ ਦੀ ਧਾਂਕ ਵੀ ਜਮਾਈ ਹੈ। ਸਟੇਜੀ ਗਰੁੱਪ "ਮੰਚ ਰੰਗਮੰਚ" ਵੱਲੋਂ ਤਾਂ ਜਤਿੰਦਰ ਕੌਰ ਜੀ ਨੂੰ **"ਪੰਜਾਬੀ ਰੰਗਮੰਚ ਦੀ ਮਾਂ"**ਦਾ ਨਾਂ ਦੇ ਕੇ ਸਨਮਾਨਿਆ ਗਿਆ ਹੈ ਅਤੇ ਹੁਣ ਤੱਕ ਉਹ ਭਾਰਤ,ਇੰਗਲੈਂਡ,ਕਨੇਡਾ ਅਤੇ ਪਾਕਿਸਤਾਨ ਵਿੱਚ 150 ਤੋਂ ਵੱਧ ਡਰਾਮਿਆਂ ਵਿੱਚ ਅਦਾਕਾਰੀ ਕਰ ਚੁੱਕੀ ਹੈ।

ਮੈਂ ਸਮਝਦਾ ਹਾਂ ਕਿ ਅਜਿਹੀਆਂ ਕ੍ਰਾਂਤੀਕਾਰੀ ਔਰਤਾਂ ਹੀ ਸਮਾਜ ਦਾ ਮੁਹਾਂਦਰਾ ਬਦਲ ਸਕਦੀਆਂ ਹਨ। ਇਸ ਮਿਲਣੀ ਨੇ ਮੈਨੂੰ ਨਾਰੀ ਦੀ ਸ਼ਕਤੀ ਦਾ ਅਹਿਸਾਸ ਕਰਵਾ ਦਿੱਤਾ ਸੀ। ਰੱਬ ਕਰੇ ਅਜਿਹੀਆਂ ਸ਼ਖ਼ਸੀਅਤਾਂ ਸਦਾ ਨਾਰੀ ਵਰਗ ਦਾ ਮਾਰਗ ਦਰਸ਼ਨ ਕਰਦੀਆਂ ਰਹਿਣ।

ਆਮੀਨ!

***

ਲੋਕ ਗਾਇਕਾ :

## ਗਾਇਕੀ ਹੀ ਜਿਸ ਦੀ ਪੂਜਾ ਹੈ!



**ਸ਼੍ਰੀਮਤੀ ਗੁਰਮੀਤ ਬਾਵਾ**

ਮਨੁੱਖੀ ਹੋਂਦ ਦਾ ਆਧਾਰ ਹੈ ਉਸ ਦਾ ਸਰੀਰ ਅਤੇ ਸਰੀਰ ਦਾ ਆਧਾਰ ਹੈ ਉਸ ਵਿੱਚ ਪ੍ਰਵਾਹਿਤ ਹੋਣ ਵਾਲੇ ਪ੍ਰਾਣ। ਜਿੰਨਾਂ ਚਿਰ ਸਰੀਰ ਵਿੱਚ ਪ੍ਰਾਣ ਰਹਿੰਦੇ ਹਨ ਮਨੁੱਖ ਹੈ ਅਤੇ ਜਦੋਂ ਪ੍ਰਾਣ ਨਹੀਂ ਰਹਿੰਦੇ ਉਹੀ ਸਰੀਰ ਜਿਹੜਾ ਕਦੇ ਕਾਰਜਸ਼ੀਲ ਸੀ ਅਚੇਤ ਅਤੇ ਅਚੱਲ ਹੋ ਜਾਂਦਾ ਹੈ। ਜੇਕਰ ਸਰੀਰ ਦਾ ਆਧਾਰ ਪ੍ਰਾਣ ਹਨ ਤਾਂ ਫਿਰ ਪ੍ਰਾਣਾਂ ਦਾ ਆਧਾਰ ਵੀ ਤਾਂ ਕੋਈ ਹੋਵੇਗਾ। ਧਾਰਮਿਕ ਗ੍ਰੰਥਾਂ ਅਨੁਸਾਰ ਪ੍ਰਾਣਾਂ ਦਾ ਆਧਾਰ ਅੰਨ ਨੂੰ ਮੰਨਿਆ ਗਿਆ ਹੈ। ਜੀਊਂਦੀ ਜਾਨ ਹਰ ਪ੍ਰਾਣੀ ਨੂੰ ਭੁੱਖ ਲੱਗਦੀ ਹੈ ਜਿਸ ਦੀ ਤ੍ਰਿਪਤੀ ਵਾਸਤੇ ਉਸ ਨੂੰ ਅੰਨ ਦਾ ਆਹਾਰ ਕਰਨਾ ਪੈਂਦਾ ਹੈ। ਭੁੱਖ ਮਿਟਾਉਣ ਵਾਸਤੇ ਅਸੀਂ ਅੰਨ ਖਾਂਦੇ ਹਾਂ ਅਤੇ ਭੁੱਖ ਤ੍ਰਿਪਤ ਹੋ ਜਾਣ ਦੀ ਸੂਰਤ ਵਿੱਚ ਅਸੀਂ ਆਪਣੇ ਅੰਦਰ ਜੀਵਨ ਪ੍ਰਵਾਹ ਚੱਲਦਾ ਮਹਿਸੂਸ ਕਰਨ ਲੱਗਦੇ ਹਾਂ। ਸਰੀਰ ਦੀ ਭੁੱਖ ਨੂੰ ਤਾਂ ਅੰਨ ਤ੍ਰਿਪਤ ਕਰ ਦਿੰਦਾ ਹੈ ਪਰ ਜਦੋਂ ਮਨ ਭਾਵ ਰੂਹ ਭੁੱਖੀ ਹੁੰਦੀ ਹੈ ਤਾਂ ਉਸ ਨੂੰ ਕੌਣ ਤ੍ਰਿਪਤ ਕਰਦਾ ਹੈ? ਉਸ ਨੂੰ ਤ੍ਰਿਪਤ ਕਰਨ ਦਾ ਵੀ ਤਾਂ ਆਖ਼ਿਰ ਕੋਈ ਸਾਧਨ ਹੋਵੇਗਾ? ਗਿਆਨਵਾਨ ਲੋਕ ਦੱਸਦੇ ਹਨ ਕਿ ਸੰਗੀਤ/ਗੀਤ ਰੂਹ ਦੀ ਖੁਰਾਕ ਹੈ। ਉਸ ਦੀ ਭੁੱਖ ਮਿਟਾਉਣ ਵਾਸਤੇ ਗੀਤ/ਸੰਗੀਤ ਅੱਗੇ ਆਉਂਦਾ ਹੈ। ਰੂਹ ਦੀ ਅਤ੍ਰਿਪਤੀ,ਤੜਪ ਅਤੇ ਤਪਸ਼ ਨੂੰ ਦੂਰ ਕਰਨ ਵਾਸਤੇ ਸੰਗੀਤ/ਗੀਤ ਉਸ 'ਤੇ ਫੁਹਾਰ ਬਣ ਵਰ੍ਹਦਾ ਹੈ। ਸੰਗੀਤ ਦੀ ਮਧੁਰਤਾ ਅਤੇ ਮਿਠਾਸ ਰੂਹ ਨੂੰ ਸ਼ਾਂਤ ਕਰ ਦਿੰਦੀ ਹੈ।

ਪੰਜਾਬ ਦੀ ਜਿਹੋ ਜਿਹੀ ਹਰਿਆਵਲੀ ਅਤੇ ਰੰਗਲੀ ਧਰਤੀ ਹੈ ਉਹੋ ਜਿਹਾ ਹੀ ਇਹਨਾਂ ਪੰਜਾਬੀਆਂ ਦਾ ਰੰਗਲਾ ਵਿਰਸਾ ਅਤੇ ਸਭਿਆਚਾਰ ਵੀ ਹੈ। ਪੰਜਾਬੀਆਂ ਦੀ ਸੋਚ ਅਤੇ ਇਨ੍ਹਾਂ ਦੇ ਰੀਤੀ ਰੀਵਾਜ਼ ਵੀ ਇਨ੍ਹਾਂ ਦੀ ਰੰਗਲੀ ਰੂਹ ਵਰਗੇ ਹੀ ਰੰਗਲੇ ਹਨ। ਇਸ ਧਰਤੀ ਦੇ ਗੀਤਾਂ ਦੇ ਰੰਗ ਇਨ੍ਹਾਂ ਦੇ ਚਾਰ-ਚੁਫੇਰੇ ਬਿਖਰੇ ਹੋਏ ਹਨ। ਹਰ ਜੀਵਨ ਦੇ ਤਿੰਨ ਹੀ ਪੜਾਅ ਮੰਨੇ ਗਏ ਹਨ-ਬਚਪਨ,ਜਵਾਨੀ ਅਤੇ ਬੁਢਾਪਾ ਭਾਵ ਜੀਵਨ ਦਾ ਅੰਤਲਾ ਪੜਾਅ ਜਿੱਥੋਂ ਅਸੀਂ ਅਗਲੀ ਮੰਜ਼ਿਲ ਦੇ ਰਾਹ ਤੇ ਨਿਕਲ ਜਾਂਦੇ ਹਾਂ। ਸੰਗੀਤ/ਗੀਤ ਸਾਡੇ ਜਨਮ ਦੇ ਨਾਲ ਹੀ ਪੈਦਾ ਹੁੰਦੇ ਹਨ ਅਤੇ ਸਾਰਾ ਜੀਵਨ ਨਾਲ ਨਾਲ ਹੀ ਤੁਰਦੇ ਰਹਿੰਦੇ ਹਨ। ਗੱਲ ਕੀ ਅਸੀਂ ਗੀਤਾਂ ਵਿੱਚ ਹੀ ਜੰਮਦੇ ਹਾਂ ਅਤੇ ਗੀਤਾਂ ਵਿੱਚ ਹੀ ਮਰਦੇ ਹਾਂ। ਜਨਮ ਸਮੇਂ ਗਾਏ ਗਏ ਗੀਤ 'ਪੇਠਾ' ਅਖਵਾਉਂਦੇ ਹਨ ਜਿਨ੍ਹਾਂ ਦੀ ਇੱਕ ਵੰਨਗੀ 'ਹਰਿਆ' ਇਸ ਤਰ੍ਹਾਂ ਹੈ:-

**"ਹਰਿਆ ਨੀ ਮਾਲਣ ਹਰਿਆ ਨੀ ਭੈਣੇ।**
**ਜਿਸ ਦਿਹਾੜੇ ਮੇਰਾ ਹਰਿਆ ਨੀ ਜੰਮਿਆ।**
**ਸੋਈਓ ਦਿਹਾੜਾ ਭਾਗੀਂ ਭਰਿਆ ਵੇ ਹਾਂ।**
**ਜੰਮਦੜਾ ਹਰਿਆ ਪੱਟ ਵਲ੍ਹੇਟੋ,**
**ਕੁਛੜ ਦਿਉ ਏਹਨਾਂ ਦਾਈਆਂ ਵੇ ਹਾ।"**

ਸਾਡਾ ਬਚਪਨ ਲੋਰੀਆਂ ਲੈਂਦਾ ਅਤੇ ਆਪਣਿਆਂ ਦੀਆਂ ਬਾਹਵਾਂ ਵਿੱਚ ਝੂਲਾ ਝੂਲਦਾ ਅਗਲੇ ਪੜਾਅ ਜਵਾਨੀ ਵੱਲ ਵੱਧ ਜਾਂਦਾ ਹੈ। ਜਵਾਨੀ ਦੇ ਪਰ ਇਨਸਾਨ ਨੂੰ ਦਿਸਹੱਦਿਆਂ ਤੱਕ ਉਡਾਈ ਫਿਰਦੇ ਹਨ। ਉਸ ਨੂੰ ਆਪੇ 'ਚੋਂ ਮਹਿਕ ਆਉਣ ਲੱਗ ਪੈਂਦੀ ਹੈ ਅਤੇ ਸਾਥੀ ਦੀ ਲੋੜ ਮਹਿਸੂਸ ਹੋਣ ਲੱਗਦੀ ਹੈ, ਜਿਹੜੀ ਸ਼ਾਦੀ ਦੇ ਰੂਪ ਵਿੱਚ ਪੂਰੀ ਹੁੰਦੀ ਹੈ। ਇਹ ਪੜਾਅ ਵੀ ਸੰਗੀਤਕ ਹੁੰਦਾ ਹੈ ਅਤੇ ਇਸ ਨੂੰ ਹੋਰ ਰੰਗੀਲਾ ਬਣਾਉਣ ਲਈ ਲੈਅ ਬੱਧ ਗੀਤ ਘੋੜੀਆਂ,ਸੁਹਾਗ ਅਤੇ ਸਿੱਠਣੀਆਂ ਦਾ ਰੂਪ ਲੈ ਇਨ੍ਹਾਂ ਪਲਾਂ ਦਾ ਸ਼ਿੰਗਾਰ ਬਣਦੇ ਹਨ।

ਜਵਾਨੀ 'ਚੋਂ ਛਾਲ ਮਾਰ ਕੇ ਇਨਸਾਨੀ ਜੀਵਨ ਅੰਤਲੇ ਪੜਾਅ ਦੀ ਦਹਿਲੀਜ਼ ਤੇ ਜਾ ਖਲੋਂਦਾ ਹੈ। ਫਿਰ ਬੁਢੇਪਾ ਇਸ ਨੂੰ ਮੌਤ ਦੀ ਬੁੱਕਲ ਵਿੱਚ ਲੈ ਵੜ੍ਹਦਾ ਹੈ। ਆਪਣੇ ਪਿਆਰੇ ਦਾ ਵਿਛੋੜਾ ਅੱਖਾਂ ਵਿੱਚੋਂ ਅੱਥਰੂ ਬਣ ਵਹਿੰਦਾ ਹੈ ਅਤੇ ਬੋਲਾਂ ਵਿੱਚੋਂ ਗੀਤ ਬਣ 'ਅਲਾਹੁਣੀਆਂ' ਦਾ ਦਰਦ ਫਿਜ਼ਾ ਵਿੱਚ ਸਹਿਕਣ ਲੱਗਦਾ ਹੈ। ਗੱਲ ਕੀ ਸਾਡੇ ਪੰਜਾਬੀ ਸੱਭਿਆਚਾਰ ਵਿੱਚ ਅਸੀਂ ਗੀਤਾਂ ਵਿੱਚ ਹੀ ਜੰਮਦੇ ਹਾਂ ਅਤੇ ਗੀਤਾਂ ਦੀ ਲੈਅ ਵਿੱਚ ਹੀ ਇਸ ਸੰਸਾਰ ਤੋਂ ਤੁਰ ਜਾਂਦੇ ਹਾਂ।

ਅੱਜ ਅਸੀਂ ਲੋਕ ਗੀਤਾਂ ਦੀ ਉਸ ਰਾਣੀ ਦੇ ਨਾਲ ਦੋ ਚਾਰ ਗੱਲਾਂ ਕਰ ਰਹੇ ਹਾਂ ਜਿਹੜੀ ਕਿਸੇ ਵੀ ਜਾਣ ਪਹਿਚਾਣ ਦੀ ਮੁਥਾਜ਼ ਨਹੀਂ। ਉਹ ਹੈ **ਗੁਰਮੀਤ ਬਾਵਾ**, ਜਿਸ ਨੇ ਇਨ੍ਹਾਂ ਲੋਕ ਗੀਤਾਂ ਨੂੰ ਆਪਣੀ ਆਵਾਜ਼ ਦੇ ਕੇ ਅਮਰ ਤਾਂ ਕਰ ਹੀ ਦਿੱਤਾ ਹੈ,ਨਾਲ ਨਾਲ ਪੰਜਾਬੀਆਂ ਦਾ ਮਾਣ ਵੀ ਵਧਾਇਆ ਹੈ। ਪੰਜਾਬੀ ਸਦਾ ਗੁਰਮੀਤ ਬਾਵਾ ਦੇ ਰਿਣੀ ਰਹਿਣਗੇ। ਆਓ ਹੁਣ ਤੁਹਾਡੇ ਨਾਲ ਵੀ ਸਾਂਝੀਆਂ ਕਰੀਏ ਗੁਮੀਤ ਬਾਵਾ ਨਾਲ ਹੋਈਆਂ ਕੁਝ ਗੱਲਾਂ।

ਅਸੀਂ ਸਾਰੇ ਗੁਰਮੀਤ ਬਾਵਾ ਜੀ ਦੇ ਦੌਲਤਖ਼ਾਨੇ ਵਿੱਚ ਬੈਠੇ ਸਾਂ। ਮੇਰੇ ਨਾਲ ਮੇਰਾ ਦੋਸਤ ਧਰਵਿੰਦਰ ਔਲਖ ਵੀ ਸੀ। ਗੁਰਮੀਤ ਬਾਵਾ ਜੀ ਦੇ ਨਾਲ ਦੀ ਕੁਰਸੀ 'ਤੇ ਉਨ੍ਹਾਂ ਦੇ ਪਤੀ ਸ. ਕਿਰਪਾਲ ਸਿੰਘ 'ਬਾਵਾ' ਜੀ ਵੀ ਬਿਰਾਜਮਾਨ ਸਨ। ਜਿਸ ਕਮਰੇ ਵਿੱਚ ਅਸੀਂ ਸਾਰੇ ਬੈਠੇ ਹੋਏ ਸਾਂ ਉਸ ਦੀਆਂ ਕੰਧਾਂ ਤੇ ਚਾਰੇ ਪਾਸੇ ਸਨਮਾਨ ਪੱਤਰ,ਦੇਸ਼ ਵਿਦੇਸ਼ਾਂ ਤੋਂ ਮਿਲੇ ਮੋਮੈਂਟੋ ਅਤੇ ਦੁਨੀਆਂ ਭਰ ਦੇ ਵੱਡਿਆਂ ਵੱਡਿਆਂ ਨੇਤਾਵਾਂ ਨਾਲ ਖਿਚਵਾਈਆਂ ਹੋਈਆਂ ਤਸਵੀਰਾਂ ਵੇਖ ਕੇ ਮੈਂ ਗਦ ਗਦ ਹੋ ਰਿਹਾ ਸਾਂ। ਮੈਨੂੰ ਇੰਝ ਮਹਿਸੂਸ ਹੋ ਰਿਹਾ ਸੀ ਜਿਵੇਂ ਇਹ ਸਨਮਾਨ ਇਕੱਲੀ ਗੁਰਮੀਤ ਬਾਵਾ ਦਾ ਹੀ ਨਹੀਂ ਸਗੋਂ ਸਮੁੱਚੀ ਪੰਜਾਬੀ ਕੌਮ ਦਾ ਹੋਇਆ ਹੋਵੇ। ਮੈਂ ਇਸ ਵਿੱਚ ਫ਼ਖਰ ਮਹਿਸੂਸ ਕਰ ਰਿਹਾ ਸਾਂ। ਗੱਲਾਂ ਗੱਲਾਂ ਵਿੱਚ ਹੀ ਮੈਂ ਗੁਰਮੀਤ ਬਾਵਾ ਜੀ ਨੂੰ ਉਨ੍ਹਾਂ ਦੀ ਉਮਰ ਪੁੱਛ ਬੈਠਾ ਸਾਂ। ਇਸ ਤੋਂ ਪਹਿਲਾਂ ਕਿ ਉਹ ਆਪਣੀ ਉਮਰ ਦੱਸਦੇ ਵਿੱਚੋਂ ਹੀ ਉਨ੍ਹਾਂ ਦੇ ਪਤੀ ਬੋਲ ਪਏ, "ਤੀਰ ਜੀ,ਔਰਤਾਂ ਕੋਲੋਂ ਉਨ੍ਹਾਂ ਦੀ ਉਮਰ ਨਹੀਂ ਪੁੱਛੀਦੀ ਹੁੰਦੀ। ਔਰਤਾਂ ਸੱਚ ਨਹੀਂ ਬੋਲਦੀਆਂ ਹੁੰਦੀਆਂ ਉਮਰ ਬਾਰੇ।" ਗੁਰਮੀਤ ਬਾਵਾ ਜੀ ਝੱਟ ਬੋਲ ਪਏ, "ਤੀਰ ਜੀ, ਉਮਰ ਤਾਂ ਪ੍ਰਮਾਤਮਾ ਦੀ ਬਖ਼ਸ਼ੀ ਹੋਈ ਹੈ। ਇਸ ਬਾਰੇ ਮੈਂ ਕਦੇ ਝੂਠ ਨਹੀਂ ਬੋਲਿਆ।" ਫਿਰ ਸਿਲਸਿਲਾ ਸ਼ੁਰੂ ਹੋ ਗਿਆ ਮੇਰੇ ਸੁਆਲਾਂ ਅਤੇ ਉਨ੍ਹਾਂ ਦੇ ਜੁਆਬਾਂ ਦਾ।

**ਸੁਆਲ:** ਗੁਰਮੀਤ ਬਾਵਾ ਜੀ,ਇਸ ਤੋਂ ਪਹਿਲਾਂ ਕਿ ਮੈਂ ਤੁਹਾਡੇ ਨਾਲ ਤੁਹਾਡੇ ਗਾਇਕੀ ਦੇ ਖ਼ੇਤਰ ਬਾਰੇ ਚਰਚਾ ਕਰਾਂ,ਮੈਂ ਚਾਹੁੰਦਾ ਹਾਂ ਕੁਝ ਗੱਲਾਂ ਤੁਹਾਡੇ ਪਰਿਵਾਰਕ ਜੀਵਨ ਅਤੇ ਤੁਹਾਡੇ ਬਚਪਨ ਬਾਰੇ ਵੀ ਕਰਾਂ। ਕੀ ਤੁਸੀਂ ਆਪਣੇ ਜਨਮ ਅਤੇ ਪਰਿਵਾਰ ਬਾਰੇ ਚਾਨਣਾ ਪਾਵੋਗੇ?

**ਜੁਆਬ:** ਮੇਰਾ ਜਨਮ 18 ਫਰਵਰੀ,1944 ਨੂੰ ਤਹਿਸੀਲ ਬਟਾਲਾ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਕੋਠੇ (ਨਜ਼ਦੀਕ ਅਲੀਵਾਲ) ਵਿਖੇ ਸ੍ਰ. ਉੱਤਮ ਸਿੰਘ ਜੀ ਦੇ ਘਰ ਮਾਤਾ ਰਾਮ ਕੌਰ ਜੀ ਦੀ ਕੁੱਖੋਂ ਹੋਇਆ। ਮੇਰੇ ਪਿਤਾ ਜੀ ਇੱਕ ਸਰਦੇ-ਪੁੱਜਦੇ ਕਿਰਸਾਨ ਪਰਿਵਾਰ ਵਿੱਚੋਂ ਹੋਣ ਕਰਕੇ ਪਿੰਡ ਵਿੱਚ ਉਨ੍ਹਾਂ ਨੂੰ 'ਸ਼ਾਹ ਜੀ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਅਸੀਂ ਚਾਰ ਭੈਣਾਂ ਹਾਂ ਅਤੇ ਸਾਡਾ ਇੱਕ ਹੀ ਭਰਾ ਹੈ।ਮੈਂ ਸਭ ਤੋਂ ਛੋਟੀ ਹਾਂ।

**ਸੁਆਲ:** ਕੀ ਤੁਸੀਂ ਆਪਣੀ ਵਿੱਦਿਅਕ ਯੋਗਤਾ ਬਾਰੇ ਵੀ ਦੱਸੋਗੇ?

ਜੁਆਬ: ਤੀਰ ਜੀ, ਤੁਸੀਂ ਤਾਂ ਜਾਣਦੇ ਹੀ ਹੋ ਸਾਡਿਆਂ ਸਮਿਆਂ ਵਿੱਚ ਧੀਆਂ ਨੂੰ ਘਰ ਦੀ ਚਾਰ ਦੀਵਾਰੀ ਤੋਂ ਬਾਹਰ ਮਾਪੇ ਕਦ ਨਿਕਲਣ ਦਿੰਦੇ ਸਨ। ਸਾਡੇ ਪਿੰਡ ਵਿੱਚ ਸਕੂਲ ਕੋਈ ਨਹੀਂ ਸੀ। ਸਕੂਲ ਅਲੀਵਾਲ ਹੀ ਸੀ। ਮੈਂ ਅੱਠਵੀਂ ਤੱਕ ਦੀ ਵਿੱਦਿਆ ਆਪਣੇ ਪਿੰਡ ਕੋਠੇ ਦੇ ਨੇੜੇ ਅਲੀਵਾਲ ਸਕੂਲ ਤੋਂ ਪ੍ਰਾਪਤ ਕੀਤੀ ਹੈ। ਨੌਵੀਂ ਜਮਾਤ ਮੈਂ ਬਟਾਲਾ ਸ਼ਹਿਰ ਤੋਂ ਕੀਤੀ। ਪਿੰਡੋਂ ਸਾਈਕਲ ਤੇ ਹੀ ਰੋਜ਼ ਦਸ ਬਾਰਾਂ ਕਿਲੋ ਮੀਟਰ ਜਾਣਾ ਅਤੇ ਏਨਾਂ ਹੀ ਪੈਂਡਾ ਤਹਿ ਕਰਕੇ ਪਿੰਡ ਆਉਣਾ ਪੈਂਦਾ ਸੀ।ਇੱਕ ਲੜਕੀ ਵਾਸਤੇ ਬੜਾ ਮੁਸ਼ਕਲ ਸੀ ਪਰ ਮੈਂ ਹਿੰਮਤ ਨਹੀਂ ਸੀ ਛੱਡੀ। ਮੇਰਾ ਨਿਸ਼ਾਨਾਂ ਤਾਂ ਸੀ ਮਾਸਟਰਨੀ ਬਣਨ ਦਾ।ਦਸਵੀ ਜਮਾਤ ਮੈਂ ਆਪਣੀ ਭੈਣ ਕੋਲ ਰਹਿ ਕੇ ਕੀਤੀ। ਦਸਵੀਂ ਤੱਕ ਦੀ ਪੜ੍ਹਾਈ ਮੁਕੰਮਲ ਕਰਨ ਉਪਰੰਤ ਮੈਂ ਜੇ.ਬੀ.ਟੀ.ਕੋਰਸ ਵਿੱਚ ਦਾਖਲਾ ਪੱਟੀ ਜ਼ਿਲ੍ਹਾ ਅੰਮ੍ਰਿਤਸਰ(ਹੁਣ ਤਰਨ ਤਾਰਨ) ਵਿੱਚ ਲੈ ਲਿਆ ਸੀ ਅਤੇ ਉੱਥੋਂ ਮੈਂ ਜੇ.ਬੀ.ਟੀ. ਦਾ ਕੋਰਸ ਪੂਰਾ ਕਰਕੇ ਟੀਚਰ ਬਣ ਗਈ ਸਾਂ। ਮਾਸਰਟਨੀ ਬਣ ਕੇ ਮੈਂ ਆਪਣੇ ਆਪ ਵਿੱਚ ਸੰਤੁਸ਼ਟ ਸਾਂ।

**ਸੁਆਲ:** ਕੀ ਤੁਸੀਂ ਆਪਣੇ ਵਿਆਹੁਤਾ ਜੀਵਨ ਬਾਰੇ ਵੀ ਚਰਚਾ ਕਰਨਾ ਪਸੰਦ ਕਰੋਗੇ?

**ਜੁਆਬ:** ਮੇਰੀ ਸ਼ਾਦੀ ਸੰਨ 1968 ਵਿੱਚ ਕ੍ਰਿਪਾਲ ਬਾਵਾ ਜੀ (ਸ੍ਰ. ਗੁਰਕਿਰਪਾਲ ਸਿੰਘ ਜੀ ਬੇਦੀ) ਵਾਸੀ ਡੇਰਾ ਬਾਬਾ ਨਾਨਕ ਨਾਲ ਹੋਈ ਹੈ। ਮੈਂ ਇਹ ਦੱਸਣ ਵਿੱਚ ਫ਼ਖਰ ਮਹਿਸੂਸ ਕਰਦੀ ਹਾਂ ਕਿ ਉਹ ਬੇਦੀ ਖਾਨਦਾਨ ਵਿੱਚੋਂ ਹਨ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੋਲ੍ਹਵੀਂ ਅੰਸ਼ ਵਿੱਚੋਂ ਹਨ। ਬੇਸ਼ਕ ਮੇਰੇ ਪਤੀ ਬੇਦੀ ਖ਼ਾਨਦਾਨ ਵਿੱਚੋਂ ਹਨ ਫਿਰ ਵੀ ਇਹ ਆਪਣੇ ਨਾਮ ਨਾਲ 'ਬਾਵਾ' ਹੀ ਲਿਖਦੇ ਹਨ। ਇਸ ਤਰ੍ਹਾਂ ਉਨ੍ਹਾਂ ਕਰਕੇ ਮੇਰੇ ਨਾਮ ਨਾਲ ਵੀ ਉਪਨਾਮ 'ਬਾਵਾ' ਜੁੜ ਗਿਆ ਹੈ। ਹੁਣ ਮੈਂ ਗੁਰਮੀਤ ਬਾਵਾ ਦੇ ਨਾਂ ਨਾਲ ਹੀ ਜਾਣੀ

ਜਾਂਦੀ ਹਾਂ। ਮੇਰੇ ਪਤੀ ਨੇ ਵੀ ਐਮ.ਏ. ਤੱਕ ਦੀ ਵਿੱਦਿਆ ਪ੍ਰਾਪਤ ਕੀਤੀ ਹੋਈ ਹੈ। ਸੰਗੀਤ ਨਾਲ ਉਨ੍ਹਾਂ ਦਾ ਚੋਲੀ ਦਾਮਨ ਦਾ ਸਾਥ ਹੈ। ਜਾਂ ਇੰਝ ਕਹਿ ਲਵੋ ਕਿ ਸੰਗੀਤ ਹੀ ਉਨ੍ਹਾਂ ਦੀ ਰੂਹ ਹੈ। ਉਨ੍ਹਾਂ ਵਿੱਚ ਗਾਉਣ ਦਾ ਸ਼ੌਂਕ ਦੀਵਾਨਗੀ ਦੀ ਹੱਦ ਤੱਕ ਹੈ। ਮੇਰੀਆਂ ਤਿੰਨ ਬੇਟੀਆਂ ਗੁਲੇਰੀ ਬਾਵਾ, ਇਲਾਚੀ ਬਾਵਾ ਅਤੇ ਪੋਪੀ ਬਾਵਾ ਹੀ ਮੇਰੀ ਇਸ ਸੰਸਾਰਿਕ ਬਗੀਚੀ ਦੀ ਮਹਿਕ ਹਨ।

ਸ਼ਾਦੀ ਵੇਲੇ ਦੀ ਇੱਕ ਹੋਰ ਗੱਲ ਸਾਂਝੀ ਕਰਦੀ ਜਾਵਾਂ,ਮੇਰੀ ਸ਼ਾਦੀ ਬੇਸ਼ਕ ਪਿੰਡ ਵਿੱਚ ਹੀ ਹੋਈ ਸੀ ਪਰ ਮੇਰੇ ਸਹੁਰਾ ਸਾਹਿਬ ਦੀ ਇੱਕ ਹੀ ਇੱਛਾ ਸੀ ਕਿ ਬਰਾਤ ਨੂੰ ਚੰਗੀ ਰੋਟੀ ਦਿੱਤੀ ਜਾਵੇ। ਮੇਰੇ ਪਿਤਾ ਜੀ ਨੇ ਸ਼ਹਿਰ ਤੋਂ ਬਹਿਰੇ ਮੰਗਵਾਏ ਹੋਏ ਸਨ। ਉਦੋਂ ਸਾਨੂੰ ਪਤਾ ਹੀ ਨਹੀਂ ਸੀ ਕਿ ਕਿਹੋ ਜਿਹੇ ਬੰਦੇ ਆਉਣੇ ਹਨ। ਸਾਨੂੰ ਪਤਾ ਹੀ ਨਹੀਂ ਸੀ ਹੁੰਦਾ ਕਿ 'ਬਹਿਰੇ' ਕਿਹਨੂੰ ਕਹਿੰਦੇ ਹਨ। ਜਦੋਂ ਉਹ ਆਏ ਤਾਂ ਉਹ ਆਪਣੀ ਹੋਟਲ ਵਾਲੀ ਯੂਨੀਫਾਰਮ ਵਿੱਚ ਸਨ। ਸਿਰ ਤੇ ਲਾਲ ਪੱਗਾਂ ਬੰਨ੍ਹੀਆਂ ਹੋਈਆਂ ਸਨ ਜਿਨ੍ਹਾਂ ਦੇ ਤੁਰਲ੍ਹੇ ਕੱਢੇ ਹੋਏ ਸਨ। ਮੇਰੇ ਚਾਚੇ-ਤਾਇਆਂ ਦੇ ਲੜਕੇ,ਮੇਰੇ ਭਰਾ ਇਸ ਗੱਲ ਤੋਂ ਨਰਾਜ਼ ਮੇਰੇ ਪਿਤਾ ਜੀ ਨੇ ਮੇਰੀ ਸ਼ਾਦੀ ਆਪਣੀ ਵਿਤ ਅਨੁਸਾਰ ਪੂਰੀ ਸ਼ਾਨੋ-ਸ਼ੌਕਤ ਨਾਲ ਕੀਤੀ ਸੀ।

**ਸੁਆਲ:** ਮੈਡਮ ਜੀ, ਤੁਹਾਡੇ ਪਰਿਵਾਰਕ ਜੀਵਨ ਸਬੰਧੀ ਬਹੁਤ ਕੁਝ ਜਾਣ ਲਿਆ ਹੈ। ਹੁਣ ਮੈਂ ਆਪਣੇ ਅਸਲੀ ਵਿਸ਼ੇ ਵੱਲ ਆਉਂਦਾ ਹਾਂ। ਕਿਉਂਕਿ ਤੁਸੀਂ ਲੋਕ ਗਾਇਕੀ ਦੇ ਖੇਤਰ ਵਿੱਚ ਜਾਣੇ ਜਾਂਦੇ ਹੋ,ਇਸ ਲਈ ਮੈਂ ਜਾਣਨਾ ਚਾਹੁੰਦਾ ਹਾਂ ਕਿ ਤੁਹਾਨੂੰ ਗਾਉਣ ਦੀ ਚੇਟਕ ਕਿੱਥੋਂ ਲੱਗੀ? ਕੀ ਤੁਹਾਡੇ ਘਰ ਵਿੱਚ ਕੋਈ ਗਾਇਕੀ ਦਾ ਸ਼ੌਕੀਨ ਸੀ ਜਿਸ ਤੋਂ ਤੁਹਾਨੂੰ ਇਹ ਮੱਸ ਲੱਗੀ ਜਾਂ ਕੋਈ ਹੋਰ ਕਾਰਨ ਸੀ ਜਿਸ ਨੇ ਤੁਹਾਨੂੰ ਗਾਇਕੀ ਦੇ ਖ਼ੇਤਰ ਵੱਲ ਲਿਆਂਦਾ?

**ਜੁਆਬ:** ਘਰ ਵਿੱਚ ਤਾਂ ਅਜਿਹਾ ਮਹੌਲ ਬਿਲਕੁਲ ਨਹੀਂ ਸੀ ਜਿਸ ਤੋਂ ਮੈਂ ਪ੍ਰੇਰਿਤ ਹੋਈ ਹੋਵਾਂ ਪਰ ਏਨਾਂ ਜ਼ਰੂਰ ਸੀ ਜਦੋਂ ਕਦੀ ਸਕੂਲ ਵਿੱਚ ਬਾਲ ਸਭਾ ਹੁੰਦੀ ਸੀ ਤਾਂ ਉਸ ਵਿੱਚ ਹਿੱਸਾ ਜ਼ਰੂਰ ਲੈ ਲਿਆ ਕਰਦੀ ਸਾਂ। ਘਰ ਵਿੱਚ ਥਾਲੀਆਂ ਕੌਲੀਆਂ ਖੜਕਾ ਕੇ ਅਤੇ ਆਪਣੀਆਂ ਸਹੇਲੀਆਂ ਨਾਲ ਗਾ ਲੈਣਾਂ ਹੀ ਕੰਮ ਹੁੰਦਾ ਸੀ ਇਹ ਇਕ ਤਰ੍ਹਾਂ ਨਾਲ ਸੰਗੀਤ ਵੀ ਸੀ ਅਤੇ ਬਚਪਨ ਦੀ ਖੇਡ ਵੀ ਸੀ। ਕੁਝ ਵੱਡੇ ਹੋਏ ਤਾਂ ਮੁੰਡੇ ਕੁੜੀਆਂ ਦੇ ਵਿਆਹਵਾਂ ਤੇ ਗੀਤ ਗਾ ਲੈਣੇ। ਤੁਸੀਂ ਇਸ ਗੱਲ ਤੋਂ ਤਾਂ ਭਲੀਭਾਂਤ ਜਾਣੂ ਹੋਵੋਗੇ ਕਿ ਇਕ ਛੋਟੇ ਬੱਚੇ ਦੀ ਮਨੋਵਿਗਿਆਨਕ ਦਸ਼ਾ ਇਹ ਹੁੰਦੀ ਹੈ ਕਿ ਹਰ ਛੋਟਾ ਬੱਚਾ ਕੁਝ ਨਾ ਕੁਝ ਸੁਣਾਉਣ ਵਾਸਤੇ ਉਤਾਵਲਾ ਹੁੰਦਾ ਹੈ। ਉਸ ਅੰਦਰ ਇੱਕ ਤਰ੍ਹਾਂ ਦੀ ਲੈਅ ਹੁੰਦੀ ਹੈ। ਉਸ ਦੇ ਤੁਰਨ ਵਿੱਚ ਵੀ ਵਖਰੇਵਾਂ ਹੁੰਦਾ ਹੈ। ਇੱਕ ਤਰ੍ਹਾਂ ਦੀ ਲਚਕ ਅਤੇ ਮਟਕ ਹੁੰਦੀ ਹੈ। ਇਸ ਗੱਲ ਦੀ ਸੋਚ ਮੇਰੇ ਅੰਦਰ ਜ਼ਰੂਰ ਸੀ ਕਿ ਮੈਂ ਵੀ ਕੁਝ ਸੁਣਾਵਾਂ। ਗਾਇਕਾ ਬਣਨ ਬਾਰੇ ਤਾਂ ਮੈਂ ਕਦੇ ਸੋਚਿਆ ਵੀ ਨਹੀਂ ਸੀ। ਮੈਨੂੰ ਤਾਂ ਟੀਚਰ ਬਣਨ ਦਾ ਸ਼ੌਂਕ ਸੀ। ਸ਼ਾਂਦੀ ਤੋਂ ਪਹਿਲਾਂ ਮੈਂ ਤਾਂ ਵਿਦਿਅਕ ਖ਼ੇਤਰ ਵਿੱਚ ਆ ਚੁੱਕੀ ਸਾਂ। ਸ਼ਾਂਦੀ ਹੋਣ ਤੋਂ ਪਹਿਲਾਂ ਮੈਨੂੰ ਪਤਾ ਵੀ ਨਹੀਂ ਸੀ ਕਿ ਇਨ੍ਹਾਂ ਨੇ (ਪਤੀ) ਨੇ ਮੇਰੇ ਤੋਂ ਗਵਾਉਣਾ ਹੈ। ਗਾਇਕੀ ਵਾਲੇ ਪਾਸੇ ਤਾਂ ਇਨ੍ਹਾਂ ਨੇ ਹੀ ਮੈਨੂੰ ਲਾਇਆ ਹੈ।

**ਸੁਆਲ:** ਹੁਣ ਜਦੋਂ ਕਿ ਤੁਸੀਂ ਗਾਇਕੀ ਦੇ ਖ਼ੇਤਰ ਵਿੱਚ ਆ ਹੀ ਗਏ ਹੋ,ਤਾਂ ਜਾਣਨਾ ਚਾਹਵਾਂਗਾ ਕਿ ਗਾਇਕੀ ਵਿੱਚ ਤੁਹਾਡਾ ਗੁਰੂ ਕੌਣ ਹੈ? ਇਸ ਗੱਲ ਵਿੱਚ ਤਾਂ ਕੋਈ ਦੂਸਰੀ ਰਾਏ ਨਹੀਂ ਕਿ ਹਰ ਕਲਾ ਖ਼ੇਤਰ ਵਿੱਚ ਕਿਸੇ ਨਾ ਕਿਸੇ ਨੂੰ ਆਪਣਾ ਉਸਤਾਦ ਧਾਰਨਾ ਪੈਂਦਾ ਹੈ। ਤੁਸੀਂ ਕਿਸ ਨੂੰ ਆਪਣਾ ਗੁਰੂ ਮੰਨਦੇ ਹੋ?

**ਜੁਆਬ:** ਗਾਇਕੀ ਖ਼ੇਤਰ ਦੇ ਪਹਿਲੇ ਗੁਰੂ ਤਾਂ ਮੇਰੇ ਪਤੀ ਜੀ ਹਨ। ਇਹ ਪਹਿਲਾਂ ਸਟੇਜ਼ਾਂ ਤੇ ਗਾਇਆ ਵੀ ਕਰਦੇ ਸਨ। ਵਿਆਹਵਾਂ ਸ਼ਾਦੀਆਂ ਵਿੱਚ ਇਹ ਸਿਹਰੇ-ਸਿੱਖਿਆ ਪੜ੍ਹਦੇ ਹੁੰਦੇ ਸਨ ਅਤੇ ਇਸੇ ਕਮਾਈ ਨਾਲ ਹੀ ਇਨ੍ਹਾਂ ਨੇ ਆਪਣੀ ਐਮ.ਏ. ਬੀ ਐੱਡ ਤੱਕ ਦੀ ਪੜ੍ਹਾਈ ਕੀਤੀ। ਇਹ ਸਟੇਜ਼ਾਂ ਤੇ ਯੱਮਲਾ ਜੱਟ ਜੀ ਦੀ ਲੜਕੀ ਨਾਲ ਗਾਉਂਦੇ ਰਹੇ ਹਨ। ਇਨ੍ਹਾਂ ਨੇ ਤਾਂ ਮੇਰੀ ਅਧਿਆਪਕਾ ਦੀ ਪੱਕੀ ਨੌਂਕਰੀ ਵੀ ਛੁਡਾ ਦਿੱਤੀ ਸੀ ਅਤੇ ਇਸ ਪਾਸੇ ਲਾਇਆ ਸੀ। ਮੈਨੂੰ ਕਾਫੀ ਸਮੇਂ ਤੱਕ ਨਹੀਂ ਸੀ ਪਤਾ ਕਿ ਇਨ੍ਹਾਂ ਨੇ ਮੇਰੇ ਕੋਲੋਂ ਗਵਾਉਣਾ ਹੈ। ਸੋਚ ਤਾਂ ਇਹ ਹੀ ਸੀ ਕਿ ਇਹ ਵੀ ਟੀਚਰ ਹਨ ਅਤੇ ਮੈਂ ਵੀ ਟੀਚਰ ਹਾਂ। ਦੋਵੇਂ ਕਮਾਈ ਕਰ ਕੇ ਗ੍ਰਹਿਸਤ ਦੀ ਗੱਡੀ ਚਲਾ ਲਵਾਂਗੇ। ਜਦੋਂ ਇਨ੍ਹਾਂ ਨੇ ਮੇਰੀ ਪੱਕੀ ਨੌਂਕਰੀ ਵੀ ਛਡਵਾ ਦਿੱਤੀ ਸੀ ਤਾਂ ਮੈਂ ਬਹੁਤ ਰੋਈ ਸਾਂ। ਮੈਂ ਇਹ ਗਿਲਾ ਲੈ ਕੇ ਆਪਣੇ ਮਾਪਿਆਂ ਕੋਲ ਵੀ ਗਈ ਸਾਂ ਪਰ ਉਨ੍ਹਾਂ ਵੀ ਇਹ ਕਹਿ ਕੇ ਮੋੜ ਦਿੱਤਾ ਸੀ ਕਿ ਹੁਣ ਉਹ ਤੇਰਾ ਪਤੀ ਹੈ ਅਤੇ ਤੈਨੂੰ ਉਸ ਅਨੁਸਾਰ ਹੀ ਚੱਲਣਾ ਪਵੇਗਾ। (ਭਰੇ ਹੋਏ ਗਲੇ ਨਾਲ)ਆਖੀਰ ਮੈਂ ਆਪਣੇ ਆਪ ਨਾਲ ਸਮਝੌਤਾ ਕਰਕੇ ਗਾਇਕੀ ਵੱਲ ਆ ਗਈ ਸਾਂ। ਇਸ ਤਰ੍ਹਾਂ ਮੇਰੇ ਮੁੱਢਲੇ ਗੁਰੂ ਤਾਂ ਇਹ ਹੀ ਹੋਏ ਨਾ?

**ਸੁਆਲ:** ਬਾਵਾ ਜੀ,ਇਹ ਗੱਲ ਤਾਂ ਸਪਸ਼ਟ ਹੈ ਕਿ ਗਾਇਕੀ ਤੁਹਾਡਾ ਸ਼ੌਂਕ ਨਹੀਂ ਸੀ ਸਗੋਂ ਸਮੇਂ ਨਾਲ ਸਮਝਾਉਤਾ ਸੀ। ਹੁਣ ਜਦੋਂ ਕਿ ਤੁਸੀਂ ਗਾਇਕੀ ਦੇ ਖ਼ੇਤਰ ਵਿੱਚ ਜਾਣੇ-ਪਹਿਚਾਣੇ ਕਲਾਕਾਰ ਹੋ,ਕੀ ਤੁਹਾਡੇ ਮਨ ਵਿੱਚ ਕੋਈ ਪਛਤਾਵਾ ਤਾਂ ਨਹੀਂ ਕਿ ਤੁਸੀਂ ਗ਼ਲਤ ਖ਼ੇਤਰ ਚੁਣ ਲਿਆ ਹੈ?

**ਜੁਆਬ:** ਨਹੀਂ ਹੁਣ ਕੋਈ ਪਛਤਾਵਾ ਨਹੀਂ, ਕੋਈ ਗਿਲ਼ਾ ਨਹੀਂ। ਮੈਂ ਇਨ੍ਹਾਂ ਨੂੰ ਇੱਕ ਫ਼ਕੀਰ ਵਰਗਾ, ਦਰਵੇਸ਼ ਵਰਗਾ ਸਮਝਦੀ ਹਾਂ। ਇਹ ਹੀ ਮੇਰੇ ਗੁਰੂ ਹਨ। ਬਾਅਦ ਵਿੱਚ ਮੈਂ ਆਪਣੀ ਗਾਇਕੀ ਦਾ ਗੁਰੂ ਨਰਿੰਦਰ ਚੰਚਲ ਜੀ ਨੂੰ ਧਾਰ ਲਿਆ ਸੀ। ਇਸ ਨਾਲ ਵੀ ਇੱਕ ਘਟਨਾ ਜੁੜੀ ਹੋਈ ਹੈ ਕਿ ਮੈਂ ਚੰਚਲ ਜੀ ਨੂੰ ਗੁਰੂ ਕਿਵੇਂ ਧਾਰਿਆ? ਇਹ ਗੱਲ ਸੰਨ 1969 ਦੀ ਹੈ ਜਦੋਂ ਅਸੀਂ ਬੰਬਈ ਗਏ ਸੀ। ਚੰਚਲ ਜੀ ਸਾਡੇ ਨਾਲ ਹੀ ਸਨ। ਉਦੋਂ ਮੈਨੂੰ ਦੋ-ਚਾਰ ਹੀ ਗੀਤ ਆਉਂਦੇ ਸਨ। ਮੈਂ ਕਿਹਾ ਮੈਂ ਬੰਬਈ ਨਹੀਂ ਜਾਣਾ। ਉੱਥੇ ਮੈਥੋਂ ਨਹੀਂ ਗਾਇਆ ਜਾਣਾ। ਉੱਥੇ ਏਡਾ ਵੱਡਾ ਮੰਚ ਹੈ। ਉੱਥੇ ਤਾਂ ਵੱਡਿਆਂ ਵੱਡਿਆਂ ਦੀ ਹੂਟਿੰਗ ਹੋ ਜਾਂਦੀ ਹੈ ਮੈਂ ਕਿਸ ਦੇ ਪਾਣੀਹਾਰ ਹਾਂ। ਇਨ੍ਹਾਂ ਕਿਹਾ ਨਹੀਂ ਮੈਨੂੰ ਪਤਾ ਹੈ ਤੂੰ ਗਾ ਸਕਦੀ ਏਂ। ਚੰਚਲ ਜੀ ਨੇ ਹੌਂਸਲਾ ਦਿੰਦਿਆਂ ਮੈਨੂੰ ਸਮਝਾਇਆ ਸੀ ਕਿ ਅੱਜ ਦੇ ਪ੍ਰੋਗਰਾਮ ਨੂੰ ਸੁਣਨ ਵਾਸਤੇ ਸਾਰੇ ਪੰਜਾਬੀ ਕਲਾਕਾਰ ਹਨ ਜਿਨ੍ਹਾਂ ਵਿੱਚ ਧਰਮਿੰਦਰ ਜੀ,ਰਾਜ ਕਪੂਰ ਜੀ,ਪਰਾਣ ਜੀ,ਜੈਰਾਜ ਜੀ,ਦਾਰਾ ਸਿੰਘ ਜੀ ਆਦਿ ਆਏ ਹੋਏ ਹਨ ਉਹ ਤੁਹਾਨੂੰ ਜ਼ਰੂਰ ਸੁਣਨਗੇ। ਇਹ ਸਾਰੇ ਪੰਜਾਬੀ ਕਲਾਕਾਰਾਂ ਨੂੰ ਹੀ ਸੁਣਨ ਆਏ ਹਨ। ਮੈਂ ਹੌਂਸਲਾ ਕਰਕੇ ਫਿਰ ਇਹ ਗੀਤ ਲੰਮੀ ਹੇਕ ਲਾ ਕੇ ਗਾਇਆ ਸੀ: **"ਮੈਂ ਜੱਟੀ ਪੰਜਾਬ ਦੀ ਮੇਰੀਆਂ ਰੀਸਾਂ ਕੌਣ ਕਰੇ"** ਅਤੇ ਸਰੋਤਿਆਂ ਤੋਂ ਵਾਹ ਵਾਹ ਮਿਲੀ ਸੀ।

ਪ੍ਰੋਗਰਾਮ ਤੋਂ ਬਾਅਦ ਅਸੀਂ ਸਾਰੇ ਰਾਜ ਕਪੂਰ ਜੀ ਦੇ ਦਫ਼ਤਰ ਵਿੱਚ ਬੈਠੇ ਹੋਏ ਸਾਂ। ਫਿਲਮ ਬੌਬੀ ਅਜੇ ਨਹੀਂ ਸੀ ਬਣੀ। ਰਾਜ ਕਪੂਰ ਜੀ ਕਹਿਣ ਲੱਗੇ ਚੰਚਲ ਜੀ, ਬਾਵਾ ਜੀ ਅਤੇ ਤੁਸੀਂ (ਮੈਂ) ਤਿੰਨੇ ਹੀ ਗਾਉਂਦੇ ਹੋ ਅਤੇ ਤੁਹਾਡੀ ਸਾਰਿਆ ਦੀ ਆਵਾਜ਼ ਵੀ ਮਿਲਦੀ ਹੈ। ਇਹ ਦੱਸੋ ਕਿ ਤੁਹਾਡਾ(ਮੇਰੇ ਵੱਲ ਇਸ਼ਾਰਾ ਕਰਕੇ) ਗੁਰੂ ਕੌਣ ਹੈ? (ਚੰਚਲ ਜੀ ਵੱਲ ਵੇਖ ਕੇ) ਮੈਂ ਕਿਹਾ ਸੀ "ਮੇਰੇ ਗੁਰੂ ਜੀ ਨਰਿੰਦਰ ਚੰਚਲ ਜੀ ਹਨ।" ਉਹ ਮੈਨੂੰ ਬੰਬਈ ਲੈ ਕੇ ਜੁ ਗਏ ਸਨ। ਮੇਰੀ ਗੱਲ ਸੁਣ ਕੇ ਚੰਚਲ ਜੀ ਨੇ ਕਿਹਾ ਸੀ ਤਾਂ ਫਿਰ ਗੁਰੂ ਧਾਰਨ ਦੀ ਸੈਰੀਮਨੀ(ਛਣਰੲਮੋਨੇ) ਵੀ ਕਰੋ। ਬਾਅਦ ਵਿੱਚ ਇਸ ਦੀ ਸੈਰੀਮਨੀ ਕੀਤੀ ਵੀ ਗਈ ਸੀ। ਚੰਚਲ ਜੀ ਆਪ ਵੀ ਕਿਹਾ ਕਰਦੇ ਸਨ ਕਿ ਭਾਵੇਂ ਇਸ ਨੂੰ ਸਿਖਾਇਆ ਇਸ ਦੇ ਪਤੀ ਨੇ ਹੈ ਪਰ ਗੁਰੂ ਇਸ ਨੇ ਮੈਨੂੰ ਬਣਾਇਆ ਹੈ। ਇਸ ਤਰ੍ਹਾਂ ਮੈਂ ਚੰਚਲ ਜੀ ਨੂੰ ਆਪਣਾ ਗੁਰੂ ਬਣਾਇਆ ਸੀ।

**ਸੁਆਲ:** ਹੁਣ ਜਦੋਂ ਕਿ ਤੁਸੀਂ ਖੁਲ੍ਹ ਕੇ ਇਸ ਖ਼ੇਤਰ ਵਿੱਚ ਆ ਹੀ ਗਏ ਸੀ ਤਾਂ ਦੱਸੋਗੇ ਕਿ ਤੁਸੀਂ ਆਪਣਾ ਪਹਿਲਾ ਪ੍ਰੋਗਰਾਮ ਕਿੱਥੇ ਕੀਤਾ ਸੀ ਅਤੇ ਉਸ ਲਈ ਤੁਹਾਨੂੰ ਕਿੰਨਾਂ ਕੁ ਰਿਆਜ਼ ਕਰਨਾ ਪਿਆ ਸੀ? ਇਸ ਪਹਿਲੀ ਸਟੇਜ਼ ਤੇ ਤੁਹਾਨੂੰ ਲੋਕਾਂ ਵੱਲੋਂ ਕਿਹੋ ਜਿਹਾ ਹੁੰਗਾਰਾ ਮਿਲਿਆ ਸੀ ਅਤੇ ਤੁਸੀਂ ਕਿਸ ਤਰ੍ਹਾਂ ਦਾ ਮਹਿਸੂਸ ਕੀਤਾ ਸੀ?

**ਜੁਆਬ:** ਪਹਿਲੀ ਸਟੇਜ਼ ਜਿਸ ਤੇ ਮੈਨੂੰ ਇਹ ਲੈ ਕੇ ਗਏ ਸਨ ਉਹ ਸੀ ਸ਼ਾਇਦ ਪਿੰਡ 'ਢੱਡੇ'। ਨਹੀਂ ਇਸ ਤੋਂ ਪਹਿਲਾਂ ਅਸੀਂ ਕਿਸੇ ਹੋਰ ਥਾਂ ਤੇ ਗਏ ਸੀ। ਇਹ ਗੱਲ ਸੰਨ 1968 ਦੀ ਹੀ ਹੈ। ਉਦੋਂ ਅਜੇ ਮੇਰੀ ਸ਼ਾਦੀ ਨਵੀਂ ਨਵੀਂ ਹੀ ਹੋਈ ਸੀ। ਇਨ੍ਹਾਂ ਮੈਨੂੰ ਇਹ ਨਹੀਂ ਸੀ ਦੱਸਿਆ ਕਿ ਸਟੇਜ਼ ਤੇ ਗਾਉਣ ਜਾਣਾ ਹੈ। ਇਨ੍ਹਾਂ ਨੇ ਕਿਹਾ ਸੀ ਕਿ ਇੱਕ ਦੋਸਤ ਦੇ ਘਰ ਪਾਰਟੀ ਤੇ ਜਾਣਾ ਹੈ। ਰਸਤੇ ਵਿੱਚ ਇਨ੍ਹਾਂ ਮੈਨੂੰ ਕਿਹਾ ਕਿ ਗਹਿਣੇ ਲਾਹ ਲੈ। ਮੈਂ ਗਹਿਣੇ ਤਾਂ ਲਾਹ ਲਏ ਪਰ ਅੰਦਰੋਂ ਹੈਰਾਨ ਸਾਂ ਕਿ ਇਨ੍ਹਾਂ ਨੇ ਗਹਿਣੇ ਲਾਹੁਣ ਲਈ ਕਿਉਂ ਕਿਹਾ ਹੈ। ਥੋੜ੍ਹਾ ਅੱਗੇ ਗਏ ਤਾਂ ਇਨ੍ਹਾਂ ਨੇ ਕਹਿ ਦਿੱਤਾ ਕਿ ਮੈਂ ਆਪਣਾ ਚੂੜਾ ਵੀ ਲਾਹ ਦੇਵਾਂ। ਮੈਂ ਹੈਰਾਨ ਪਰ ਹੱਸਦਿਆਂ ਹੋਇਆਂ ਪੁੱਛ ਹੀ ਲਿਆ ਸੀ ਕਿ ਤੁਸੀਂ ਪਹਿਲਾਂ ਮੇਰੇ ਗਹਿਣੇ ਲੁਹਾ ਦਿੱਤੇ ਹਨ ਹੁਣ ਚੂੜਾ ਵੀ ਲੁਹਾ ਰਹੇ ਹੋ। ਕਿੱਧਰੇ ਮੈਨੂੰ ਮੇਰੇ ਘਰ ਹੀ ਤਾਂ ਨਹੀਂ ਛੱਡਣ ਜਾ ਰਹੇ? ਜਦੋਂ ਮੈਨੂੰ ਇਹਨਾਂ ਗਾਉਣ ਲਈ ਕਿਹਾ ਸੀ ਤਾਂ ਮੈਂ ਉੱਥੇ ਗਾਉਣਾ ਤਾਂ ਕੀ ਸੀ ਰੋਂਦੀ ਹੀ ਰਹੀ ਸਾਂ।

ਸੱਚ ਤਾਂ ਇਹ ਹੈ ਕਿ ਮੈਨੂੰ ਵਿਆਹਵਾਂ-ਸ਼ਾਦੀਆਂ ਵਿੱਚ ਸਟੇਜ਼ਾਂ ਉੱਪਰ ਗਾਉਣਾ ਚੰਗਾ ਨਹੀਂ ਸੀ ਲੱਗਦਾ। ਫਿਰ ਸਾਨੂੰ ਫੈਮਲੀ ਪਲੈਨਿੰਗ ਵਿਭਾਗ ਵਿੱਚ ਸਰਕਾਰੀ ਪ੍ਰੋਗਰਾਮ ਮਿਲਣ ਲੱਗ ਪਏ ਸਨ। ਇਹ ਮੈਨੂੰ ਠੀਕ ਅਤੇ ਮਿਆਰੀ ਲੱਗਦੇ ਸਨ। ਇਨ੍ਹਾਂ ਦਾ ਪਰਿਵਾਰ ਵੀ ਖਾਂਦਾ-ਪੀਂਦਾ ਪਰਿਵਾਰ ਸੀ ਅਤੇ ਅਸਾਡਾ ਵੀ ਇੱਜਤਦਾਰ ਪਰਿਵਾਰ ਸੀ। ਇਨ੍ਹਾਂ ਦੇ ਪਰਿਵਾਰ ਵਿੱਚ ਇਨ੍ਹਾਂ ਦੀ ਇੱਕ ਭੈਣ ਕਾਫੀ ਅਮੀਰ ਸੀ। ਉਸ ਨੇ ਇੱਕ ਦਿਨ ਇਨ੍ਹਾਂ ਨੂੰ ਦੋ-ਟੁੱਕ ਗੱਲ ਕਰਦਿਆਂ ਹੋਇਆਂ ਕਿਹਾ ਸੀ ਕਿ ਭਰਾ ਆਪਣੇ ਕੰਮ ਵਿੱਚ ਇੱਕ ਪਾਸੇ ਲੱਗ ਜਾਹ। ਜਾਂ ਤਾਂ ਇਸ ਕੰਮ ਨੂੰ ਛੱਡ ਦੇ ਜਾਂ ਕਿਸੇ ਪਾਇਦਾਰ ਪੱਧਰ ਦਾ ਇਸ ਕੰਮ ਨੂੰ ਬਣਾ ਲੈ। ਅੱਧ ਵਿਚਾਲੇ ਹੀ ਢੀਚਕ-ਢੀਚਕ ਲਟਕਣਾ ਚੰਗਾ ਨਹੀਂ ਲੱਗਦਾ।

ਉਸ ਦੀ ਇਹ ਗੱਲ ਸਾਡੇ ਵਾਸਤੇ ਵੰਗਾਰ ਸੀ, ਇੱਕ ਚੈਲਿੰਜ਼ ਸੀ। ਅਸੀਂ ਇਸ ਚੈਲਿੰਜ਼ ਨੂੰ ਪ੍ਰਵਾਨ ਕਰਦਿਆਂ ਹੋਇਆਂ ਇੱਕ ਸਾਲ ਡਟ ਕੇ ਮਿਹਨਤ ਕੀਤੀ। ਇਨ੍ਹਾਂ ਨੇ ਮੇਰੀ ਸਰਕਾਰੀ ਨੌਕਰੀ ਵੀ ਛੁਡਾ ਦਿੱਤੀ। ਜ਼ਿੰਗਦੀ ਨਾਲ ਸਮਝੌਤਾ ਕਰ ਲਿਆ ਸੀ ਕਿ ਕੁਝ ਬਣਨਾ ਹੈ। ਕੁਝ ਕਰ ਕੇ ਵਿਖਾਉਣਾ ਹੈ। ਮੈਂ ਦਿਲੀ ਟੀ.ਵੀ. ਤੇ ਸੀਲੈਕਟ ਹੋਈ, ਇੱਥੇ ਰੇਡੀਓ ਤੇ ਸੀਲੈਕਟ ਹੋਈ। ਇਨ੍ਹਾਂ ਨੇ ਖ਼ੂਬ ਮਿਹਨਤ ਕਰਵਾਈ ਸੀ। ਇਸ ਸਾਰੀ ਲਗਨ ਅਤੇ ਮਿਹਨਤ ਦੇ ਨਾਲ ਨਾਲ ਚੰਚਲ ਜੀ ਦਾ ਅਸ਼ੀਰਵਾਦ ਵੀ ਮੈਨੂੰ ਮਿਲਦਾ ਰਹਿੰਦਾ ਸੀ। ਉਹ ਹੀ ਮੈਨੂੰ ਟੀ.ਵੀ ਤੇ ਲੈ ਕੇ ਗਏ ਸਨ। ਉਦੋਂ ਜਲੰਧਰ ਟੀ.ਵੀ. ਸੈਂਟਰ ਨਹੀਂ ਸੀ

ਬਣਿਆ। ਜਦੋਂ ਇਸ ਖ਼ੇਤਰ ਵਿੱਚ ਨਾਂ ਬਣ ਗਿਆ ਤਾਂ ਵੱਖ ਵੱਖ ਲਿਖਾਰੀ ਆਪਣੇ ਗੀਤ ਰੀਕਾਰਡ ਕਰਵਾਉਣ ਲਈ ਲੈ ਕੇ ਆਉਣ ਲੱਗ ਪਏ ਸਨ। ਉਹ ਕਹਿੰਦੇ ਕਿ ਤੁਸੀਂ ਰੀਕਾਰਡਿੰਗ ਕਿਉਂ ਨਹੀਂ ਕਰਵਾਉਂਦੇ। ਅਸੀਂ ਕਹਿ ਛੱਡਦੇ ਕਿ ਟਾਇਮ ਹੀ ਨਹੀਂ ਮਿਲਦਾ। ਫਿਰ ਸ਼ੁਗਲ ਨੇ ਸਾਡੀ ਰੀਕਾਰਡਿੰਗ ਕਰਵਾਈ ਸੀ ਅਤੇ ਵਾਹਿਗੁਰੂ ਦੀ ਕ੍ਰਿਪਾ ਨਾਲ ਪਹਿਲਾ ਹੀ ਤਵਾ (ਰੀਕਾਰਡ) ਹਿੱਟ ਹੋ ਗਿਆ ਸੀ।

**ਸੁਆਲ:** ਮੈਡਮ ਬਾਵਾ ਜੀ, ਜਦੋਂ ਤੁਸੀਂ ਗਾਇਕੀ ਦੇ ਖ਼ੇਤਰ ਵਿੱਚ ਆਏ ਬੇਸ਼ਕ ਇਹ ਤੁਹਾਡੇ ਪਤੀ ਦੀ ਹੀ ਦੇਣ ਸੀ ਫਿਰ ਵੀ ਇਹ ਉਹ ਸਮਾਂ ਸੀ ਜਦੋਂ ਲੜਕੀਆਂ ਦਾ ਸਟੇਜ਼ ਤੇ ਆ ਕੇ ਗਾਉਣਾ ਚੰਗਾ ਨਹੀਂ ਸੀ ਸਮਝਿਆ ਜਾਂਦਾ। ਤੁਹਾਡੇ ਸਹੁਰਾ ਪਰਿਵਾਰ ਦਾ ਇਸ ਬਾਰੇ ਕੀ ਪ੍ਰਤੀਕਰਮ ਸੀ?

**ਜੁਆਬ:** ਮੇਰੇ ਸਹੁਰਾ ਪਰਿਵਾਰ ਵੱਲੋਂ ਤਾਂ ਕੀ ਮੇਰੇ ਪੇਕਾ ਪਰਿਵਾਰ ਵੱਲੋਂ ਵੀ ਇਸ ਕੰਮ ਨੂੰ ਚੰਗਾ ਨਹੀਂ ਸੀ ਸਮਝਿਆ ਜਾਂਦਾ। ਉਹ ਕਹਿੰਦੇ ਸਨ ਇਹ ਕੰਮ ਨਾ ਕਰੋ। ਇਹ ਕੋਈ ਇਜ਼ਤ ਵਾਲਾ ਕੰਮ ਨਹੀਂ। ਮੇਰੇ ਸਹੁਰਾ ਪਰਿਵਾਰ ਵਿੱਚੋਂ ਤਾਂ ਮੇਰੇ ਪਤੀ ਵੱਲੋਂ ਹੀ ਮੈਨੂੰ ਇਸ ਪਾਸੇ ਵੱਲ ਲਾਇਆ ਗਿਆ ਸੀ ਅਤੇ ਮੇਰੇ ਪਤੀ ਹੀ ਇਸ ਕੰਮ ਲਈ ਮੇਰੀ ਢਾਲ ਬਣਦੇ ਸਨ। ਜਦੋਂ ਕਦੇ ਵੀ ਘਰ ਵਿੱਚ ਇਹੋ ਜਿਹਾ ਵਿਵਾਦ ਉੱਠਦਾ ਸੀ ਤਾਂ ਮੇਰੇ ਵੱਲੋਂ ਬਾਵਾ ਜੀ ਹੀ ਉਸ ਗੱਲ ਦੀ ਵਕਾਲਤ ਕਰਦੇ ਸੀ। ਜਿਸ ਤਰ੍ਹਾਂ ਮੈਂ ਪਹਿਲਾਂ ਵੀ ਕਿਹਾ ਹੈ ਕਿ ਇਨ੍ਹਾਂ ਦੇ ਪਰਿਵਾਰ ਵਿੱਚੋਂ ਇਨ੍ਹਾਂ ਦੀ ਭੈਣ ਜਿਹੜੀ ਕਿ ਜਮਨਾ ਨਗਰ ਵਿਆਹੀ ਹੋਈ ਸੀ ਅਤੇ ਬਹੁਤ ਜ਼ਿਆਦਾ ਅਮੀਰ ਸੀ ਉਸ ਨੇ ਕਿਹਾ ਸੀ ਕਿ ਇਸ ਧੰਦੇ ਨੂੰ ਜਾਂ ਤਾਂ ਇਸ ਪੱਧਰ ਦਾ ਬਣਾ ਲਵੋ ਕਿ ਅਸੀਂ ਫ਼ਖਰ ਨਾਲ ਕਹਿ ਸਕੀਏ ਕਿ ਇਹ ਸਾਡਾ ਵੀਰ ਹੈ ਜਾਂ ਇਸ ਕੰਮ ਨੂੰ ਛੱਡ ਦਿਉ ਤਾਂ ਜੁ ਸਾਨੂੰ ਸਮਾਜ ਵਿੱਚ ਸ਼ਰਮਿੰਦਾ ਨਾ ਹੋਣਾ ਪਵੇ ਕਿ ਇਹ ਕਿਹੜਾ ਕੰਮ ਕਰਦੇ ਹਨ।

ਇਸ ਫੈਸਲੇ ਉਪਰੰਤ ਅਸੀਂ ਦਿਨ ਰਾਤ ਮਿਹਨਤ ਕੀਤੀ। ਅਸੀਂ ਦੋਵਾਂ ਨੇ ਨੌਕਰੀਆਂ ਵੀ ਛੱਡ ਦਿੱਤੀਆਂ ਸਨ। ਮੈਨੂੰ ਹੌਂਸਲਾ ਦਿੰਦਿਆਂ ਹੋਇਆ ਇਹ ਕਿਹਾ ਕਰਦੇ ਸਨ ਕਿ ਵੇਖਦੇ ਹਾਂ, ਜੇਕਰ ਕਿਸਮਤ ਸਾਥ ਨਾ ਦੇਵੇਗੀ ਆਪਾਂ ਪ੍ਰਾਈਵੇਟ ਸਕੂਲ ਖੋਲ੍ਹ ਲਵਾਂਗੇ। ਤੂੰ ਜੇ.ਬੀ.ਟੀ ਹੈ ਅਤੇ ਮੈਂ ਐਮ.ਏ. ਬੀ.ਐਂਡ ਹਾਂ। ਅਸੀਂ ਜਦੋਂ ਪਹਿਲਾ ਪ੍ਰੋਗਰਾਮ ਕੀਤਾ ਸੀ ਤਾਂ ਉਹ ਸਾਰੀ ਰਾਤ ਚੱਲਿਆ ਸੀ ਅਤੇ ਸਾਡੀ ਗਾਇਕੀ ਦੀ ਗੱਡੀ ਵੀ ਚੱਲ ਨਿਕਲੀ ਸੀ।

**ਸੁਆਲ:** ਹੁਣ ਜਦੋਂ ਕਿ ਇਸ ਗੱਲ ਦਾ ਕੋਈ ਖ਼ਦਸ਼ਾ ਨਹੀਂ ਕਿ ਤੁਸੀਂ ਜਿਸ ਲਾਇਨ ਤੇ ਚੱਲੇ ਸੀ ਉਹ ਕਿੱਧਰੇ ਲੜਖੜਾ ਨਾ ਜਾਵੇ। ਇਸ ਖ਼ੇਤਰ ਵਿੱਚ ਤੁਹਾਡੇ ਪੈਰ ਜੰਮ ਚੁੱਕੇ ਹਨ ਅਤੇ ਤੁਸੀਂ ਬੁਲੰਦੀਆਂ ਤੇ ਹੋ। ਮੈਂ ਜਾਣਨਾ ਚਾਹੁੰਦਾ ਹਾਂ ਕਿ ਕੀ ਗਾਇਕੀ ਦੀ ਮੱਸ ਤੁਹਾਡੀਆਂ ਬੇਟੀਆਂ ਅੰਦਰ ਵੀ ਹੈ ਜਾਂ ਨਹੀਂ?

**ਜੁਆਬ:** ਮੇਰੀ ਗਾਇਕੀ ਦੀ ਤਾਲੀਮ ਵਿੱਚ ਤਾਂ ਮੇਰੇ ਪਤੀ ਦਾ ਹੀ ਯੋਗਦਾਨ ਹੈ ਜਦੋਂ ਕਿ ਮੇਰੀਆਂ ਬੇਟੀਆਂ ਨੇ ਇਹ ਤਾਲੀਮ,ਸੰਗੀਤ ਦੀ ਤਾਲੀਮ ਯੂਨੀਵਰਸਿਟੀ ਪੱਧਰ ਤੋਂ ਪ੍ਰਾਪਤ ਕੀਤੀ ਹੈ। ਸੰਗੀਤ ਨੂੰ ਸਿੱਖਣ ਵਾਸਤੇ ਉਨ੍ਹਾਂ ਨੇ ਜ਼ਿੰਦਗੀ ਦੇ ਵੀਹ ਸਾਲ ਇਸ ਪਾਸੇ ਲਾ ਕੇ ਸੰਗੀਤ ਦੀ ਤਾਲੀਮ ਹਾਸਲ ਕੀਤੀ ਹੈ। ਵਿੱਦਿਅਕ ਪੱਧਰ ਤੇ ਮੇਰੀਆਂ ਲੜਕੀਆਂ ਡਬਲ ਐਮ.ਏ ਐਮ ਫਿਲ ਹਨ। ਲੋਕ ਗਾਇਕੀ ਉਹਨਾਂ ਨੇ ਮੇਰੇ ਕੋਲੋਂ ਸਿੱਖੀ ਹੈ। ਇਹ ਠੀਕ ਹੈ ਕਿ ਉਹ ਅੱਜ ਦੀ ਸਟੇਜ਼ੀ ਨੱਚ ਟੱਪ ਤੋਂ ਗੁਰੇਜ ਕਰਦੀਆਂ ਹਨ, ਫਿਰ ਵੀ ਆਪਣੇ ਤੌਰ ਤੇ ਹੀ ਰੇਡੀਓ/ਟੀ.ਵੀ. ਪ੍ਰਗਰਾਮ ਕਰਦੀਆਂ ਹੀ ਰਹਿੰਦੀਆਂ ਹਨ। ਉਹ ਗ਼ਜ਼ਲ ਵੀ ਗਾਉਂਦੀਆਂ ਹਨ। ਤਾਲੀਮ ਦੇ ਹਿਸਾਬ ਨਾਲ ਤਾਂ ਮੈਂ ਸਮਝਦੀ ਹਾਂ ਕਿ ਉਹ ਮੇਰੇ ਤੋਂ ਵੀ ਅੱਗੇ ਹਨ। ਉਰਦੂ ਉਨ੍ਹਾਂ ਨੇ ਆਪਣੇ ਪਾਪਾ ਜੀ ਕੋਲੋਂ ਸਿੱਖਿਆ ਹੈ,ਲੋਕ ਗਾਇਕੀ ਮੇਰੇ ਕੋਲੋਂ ਅਤੇ ਸ਼ਾਸਤਰੀ ਸੰਗੀਤ ਸਕੂਲ/ਕਾਲਜ/ਯੂਨੀਵਰਸਿਟੀ ਪੱਧਰ ਤੋਂ ਸਿੱਖਿਆ ਹੈ।

**ਸੁਆਲ:** ਤੁਹਾਡੀਆਂ ਸਮਕਾਲੀ ਗਾਇਕਾਵਾਂ,ਜਦੋਂ ਤੁਸੀਂ ਗਾਇਕੀ ਦੇ ਖ਼ੇਤਰ ਵਿੱਚ ਗਾਉਣਾ ਸ਼ੁਰੂ ਕੀਤਾ ਸੀ ਕਿਹੜੀਆਂ ਕਿਹੜੀਆਂ ਸਨ? ਉਨ੍ਹਾਂ ਵਿੱਚੋਂ ਕਿਹੜੀਆਂ ਪ੍ਰਸਿੱਧ ਵੀ ਹੋਈਆਂ ਜਿਨ੍ਹਾਂ ਨਾਲ ਤੁਹਾਡਾ ਇੱਕ ਤਰ੍ਹਾਂ ਦਾ ਮੁਕਾਬਲਾ ਵੀ ਰਿਹਾ ਸੀ?

**ਜੁਆਬ:** ਸੁਰਿੰਦਰ ਕੌਰ ਜੀ ਜਿਨ੍ਹਾਂ ਨੂੰ '**ਪੰਜਾਬ ਦੀ ਕੋਇਲ**' ਕਰਕੇ ਜਾਣਿਆ ਜਾਂਦਾ ਹੈ ਮੇਰੇ ਤੋਂ ਵੱਡੇ ਸਨ। ਮੇਰੇ ਸਤਿਕਾਰਯੋਗ ਸਨ। ਨਰਿੰਦਰ ਬੀਬਾ ਜੀ ਵੀ ਮੇਰੇ ਤੋਂ ਵੱਡੇ ਸਨ ਅਤੇ ਉਨ੍ਹਾਂ ਦਾ ਮੈਂ ਬਹੁਤ ਸਤਿਕਾਰ ਕਰਦੀ ਸਾਂ। ਹੁਣ ਵੀ ਕਰਦੀ ਹਾਂ। ਰਣਜੀਤ ਕੌਰ ਜੀ ਵੀ ਬਹੁਤ ਅੱਛਾ ਗਾਉਂਦੇ ਸਨ। ਜਗਮੋਹਣ ਜੀ ਮੇਰੇ ਹਾਣ ਦੇ ਅਤੇ ਸਮਕਾਲੀ ਸਨ। ਉਹ ਵੀ ਬਹੁਤ ਵਧੀਆ ਗਾਉਂਦੇ ਸਨ। ਇਨ੍ਹਾਂ ਦੋਹਾਂ ਨਾਲ ਮੇਰਾ ਬਹੁਤ ਹੀ ਪਿਆਰ ਸੀ। ਅਕਸਰ ਉਹ ਹੁਣ ਵੀ ਮੈਨੂੰ ਮਿਲਦੇ ਰਹਿੰਦੇ ਹਨ। ਮੈਂ ਸਮਝਦੀ ਹਾਂ ਕਿ ਹਰ ਖ਼ੇਤਰ ਵਿੱਚ ਕਲਾਕਾਰ ਦੇ ਨਸੀਬ ਹੀ ਕੰਮ ਆਉਂਦੇ ਹਨ। ਕਾਮਯਾਬੀ ਦੀ ਮਿਠਾਸ ਮਕੱਦਰ ਨਾਲ ਹੀ ਚੱਖਣ ਨੂੰ ਮਿਲਦੀ ਹੈ। ਕਈਆਂ ਦੇ ਘਰੇਲੂ ਹਾਲਾਤ ਹੀ ਉਨ੍ਹਾਂ ਨੂੰ ਅੱਧਵਾਟੇ ਛੱਡ ਜਾਣ ਲਈ ਮਜ਼ਬੂਰ ਕਰ ਦਿੰਦੇ ਹਨ ਅਤੇ ਉਹ ਆਪਣੀ ਮੰਜ਼ਿਲ ਤੇ ਨਹੀਂ ਪਹੁੰਚ ਸਕਦੇ। ਹਰ ਇੱਕ ਦਾ ਆਪਣਾ ਆਪਣਾ ਨਸੀਬ ਹੁੰਦਾ ਹੈ। ਇਸ ਵਿੱਚ ਸ਼ੇਖੀ ਵਾਲੀ ਕੋਈ ਗੱਲ ਨਹੀਂ।

ਪਹਿਲੀ ਪੱਧਰ ਤੇ ਕੰਮ ਹੀ ਕੰਮ ਕਰਨਾ ਹੁੰਦਾ ਹੈ ਪਰ ਜਦੋਂ ਥੋੜ੍ਹੀ ਸ਼ੋਹਰਤ ਮਿਲਣ ਲੱਗਦੀ ਹੈ ਤਾਂ ਮੁਕਬਲਾ ਵੀ ਸ਼ੁਰੂ ਹੋ ਜਾਂਦਾ ਹੈ। ਮੈਂ ਤਾਂ ਕਲਾਕਾਰਾਂ ਨੂੰ ਉਦੋਂ ਵੀ ਕਿਹਾ ਕਰਦੀ ਸਾਂ ਕਿ ਸਟੇਜ਼ਾਂ ਤੇ ਇੱਕ ਦੂਸਰੇ ਤੇ ਕਟਾਖ਼ਸ਼ ਨਾ ਕਰੋ। ਆਪਣਾ ਆਪਣਾ ਕੰਮ ਕਰੋ। ਆਪਣਾ ਆਪਣਾ ਹੁਨਰ ਪੇਸ਼ ਕਰੋ ਜਿਹੜਾ ਤੁਹਾਡੇ ਅੰਦਰ ਹੈ। ਕਦਰ ਹੁਨਰ ਦੀ ਹੀ ਪਵੇਗੀ।

**ਸੁਆਲ:** ਗਾਇਕੀ ਦੇ ਖ਼ੇਤਰ ਵਿੱਚ ਆ ਕੇ ਤੁਸੀਂ ਜੋ ਕੰਮ ਕੀਤਾ ਹੈ ਅਤੇ ਤੁਹਾਨੂੰ ਜਿਹੜਾ ਮਾਣ-ਸਨਮਾਨ ਮਿਲਿਆ ਹੈ, ਕੀ ਤੁਸੀਂ ਉਸ ਤੋਂ ਸੰਤੁਸ਼ਟ ਹੋ ਜਾਂ ਸਮਝਦੇ ਹੋ ਕਿ ਜੋ ਕੰਮ ਤੁਸੀਂ ਕੀਤਾ ਹੈ ਉਸ ਅਨੁਸਾਰ ਤੁਹਾਨੂੰ ਮਾਣ-ਸਨਮਾਨ ਨਹੀਂ ਮਿਲਿਆ? ਜੇ ਸਮਝਦੇ ਹੋ ਨਹੀਂ ਤਾਂ ਉਹ ਕੀ ਕਾਰਨ ਹਨ? ਖੁਲ੍ਹ ਕੇ ਚਰਚਾ ਕਰੋ।

**ਜੁਆਬ:** ਮੇਰੇ ਤੋਂ ਪਹਿਲਾਂ ਮੇਰੇ ਪਤੀ ਨੇ ਵੀ ਸਟੇਜ਼ ਤੋਂ ਦੋ-ਗਾਣਾ ਗੀਤ(ਡੀਊਟ) ਗਾਏ ਹਨ। ਪਰ ਜਦੋਂ ਮੈਂ ਇਸ ਖ਼ੇਤਰ ਵਿੱਚ ਆ ਕੇ ਲੋਕ ਕਲਾ ਲਈ ਕੰਮ ਕੀਤਾ ਹੈ ਮੈਂ ਸਮਝਦੀ ਹਾਂ ਉਸ ਦਾ ਮੈਨੂੰ ਪੂਰਾ ਰੀਵਾਰਡ ਨਹੀਂ ਮਿਲਿਆ। ਮੇਰਾ ਬਣਦਾ ਸਨਮਾਨ ਮੈਨੂੰ ਨਹੀਂ ਮਿਲਿਆ। ਬੇਸ਼ਕ ਮੈਨੂੰ ਬਹੁਤ ਅਵਾਰਡ ਮਿਲੇ ਹਨ ਫਿਰ ਵੀ ਪੂਰਨ ਨਹੀਂ ਹਨ। ਮੈਨੂੰ **ਸ਼੍ਰੋਮਣੀ ਗਾਇਕਾ ਦਾ ਪੁਰਸਕਾਰ** ਦੇ ਕੇ ਸਨਮਾਨਿਆ ਗਿਆ ਹੈ। ਰਾਜ ਗਾਇਕਾ ਦਾ ਸਟੇਟ ਅਵਾਰਡ ਵੀ ਮੈਨੂੰ 1991 ਵਿੱਚ ਮਿਲਿਆ। ਨਰਕਰ ਬਾਇਓਗ੍ਰਾਫੀ ਇਨਸਟੀਚਿਊਟ ਅਮਰੀਕਾ ਵਾਲਿਆਂ ਵੱਲੋਂ ਅਵਾਰਡ ਲੈਣ ਲਈ ਬੁਲਾਇਆ ਸੀ ਪਰ ਕਿਸੇ ਕਾਰਨ ਕਰਕੇ ਮੈਂ ਜਾ ਨਹੀਂ ਸਾਂ ਸਕੀ ਅਤੇ ਮੇਰੀ ਪ੍ਰਤੀ ਬੇਨਤੀ ਤੇ ਉਨ੍ਹਾਂ ਵੱਲੋਂ ਉਹ ਅਵਾਰਡ ਇੱਥੇ ਹੀ ਭੇਜ ਦਿੱਤਾ ਗਿਆ ਸੀ। 300 ਸਾਲਾ ਖਾਲਸਾ ਦਿਵਸ ਤੇ ਵੀ ਮੈਨੂੰ ਸਨਮਾਨਿਆ ਗਿਆ। ਸੰਨ 2009 ਵਿੱਚ ਮੈਨੂੰ ਅਤੇ ਅੰਮ੍ਰਿਤਸਰ ਦੀਆਂ ਦੂਸਰੀਆਂ ਕਲਾਕਾਰ ਔਰਤਾਂ ਨੂੰ AGA, Heritage Club,Amritsar ਵਿਖੇ, PECOBA ਵੱਲੋਂ ਇੱਕ ਸਨਮਾਨ ਸਮਾਰੋਹ ਵਿੱਚ "Kalpana Chawla Excellence,Award-2009 ਨਾਲ ਸਮਾਨਿਆ ਗਿਆ ਸੀ।

ਜੇਕਰ ਮੈਂ ਇਹ ਕਹਿ ਲਵਾਂ ਕਿ ਕੋਈ ਐਸੀ ਸੰਸਥਾ ਨਹੀਂ ਰਹਿੰਦੀ ਜਿਸ ਵੱਲੋਂ ਮੈਨੂੰ ਸਮਨਮਾਨਿਆ ਨਾ ਗਿਆ ਹੋਵੇ ਤਾਂ ਇਹ ਅਤਿਕਥਨੀ ਨਹੀਂ ਹੋਵੇਗੀ। ਮੱਧ ਪ੍ਰਦੇਸ਼ ਸਰਕਾਰ ਵੱਲੋਂ ਮੈਨੂੰ **'ਦੇਵੀ ਅਹਿਲਿਆ'** ਪੁਰਸਕਾਰ ਦੇ ਕੇ ਸਨਮਾਨਿਆ ਗਿਆ ਹੈ। ਇਸ ਪੁਰਸਕਾਰ ਦੇ ਨਾਲ ਮੈਨੂੰ ਇੱਕ ਲੱਖ ਰੁਪਈਆ ਵੀ ਦਿੱਤਾ ਗਿਆ ਸੀ। ਇਹ ਸਾਰੇ ਅਵਾਰਡ,ਮਾਣ-ਸਨਮਾਨ ਅਤੇ ਧਨ ਰਾਸ਼ੀਆਂ ਲੈ ਕੇ ਵੀ ਮੈਂ ਸਮਝਦੀ ਹਾਂ ਕਿ ਜਿਹੜਾ ਸਭ ਤੋਂ ਵੱਡਾ ਇਨਾਮ ਮੇਰੀ ਝੋਲੀ ਪਿਆ ਹੈ ਉਹ ਹੈ ਲੋਕਾਂ ਦਾ ਪਿਆਰ। ਉਨ੍ਹਾਂ ਨੇ ਮੇਰੀ ਗਾਇਕੀ ਨੂੰ ਆਪਣੇ ਸਿਰ ਤੇ ਚੁੱਕਿਆ ਹੋਇਆ ਹੈ। ਮੈਨੂੰ ਜ਼ੀਰੋ ਤੋਂ ਹੀਰੋ ਬਣਾ ਦਿੱਤਾ ਹੈ। ਇਸ ਨੂੰ ਸ਼ਬਦਾਂ ਨਾਲ ਮਾਪਿਆ ਨਹੀਂ ਜਾ ਸਕਦਾ ਅਤੇ ਪੈਸੇ ਨਾਲ ਤੋਲਿਆ ਨਹੀਂ ਜਾ ਸਕਦਾ।(ਹੱਸਦਿਆਂ ਹੋਇਆਂ) ਮੈਂ ਇੱਕ ਦਿਨ ਸੁਭਾਵਿਕ ਹੀ ਬਾਵਾ ਜੀ ਨੂੰ ਪੁੱਛ ਲਿਆ ਸੀ ਕਿ ਬਾਵਾ ਜੀ ਲੋਕੀਂ ਏਨਾਂ ਪਿਆਰ ਕਿਉਂ ਕਰਦੇ ਹਨ? ਕਿਤੇ ਆਪਾਂ ਛੇਤੀ ਹੀ ਤਾਂ ਨਹੀਂ ਤੁਰ ਜਾਣਾ? ਸੱਚ ਜਾਣਿਓ ਲੋਕਾਂ ਵੱਲੋਂ ਮਿਲਿਆ ਪਿਆਰ ਮਨ ਵਿੱਚ ਉਲਹਾਸ ਪੈਦਾ ਕਰ ਦਿੰਦਾ ਹੈ।

ਜੇਕਰ ਮਾਣ ਸਨਮਾਨ ਦੀ ਹੀ ਗੱਲ ਕਰਦੇ ਹੋ ਤਾਂ ਇਹ ਵੀ ਮੇਰੇ ਮਾਣ ਵਿੱਚ ਹੀ ਸ਼ਾਮਲ ਹੈ ਕਿ ਜਦੋਂ ਹਿੰਦ-ਪਾਕ ਸਮਝੌਤਾ ਬੱਸ ਚੱਲੀ ਸਾਂ ਤਾਂ ਉਸ ਨੂੰ ਰਵਾਨਾ ਕਰਨ ਸਮੇਂ ਮੈਂ ਵੀ ਹਾਜ਼ਰ ਸਾਂ। ਉਸ ਸਮੇਂ ਦੀ ਮੁੱਖ ਮੰਤਰੀ ਸ਼੍ਰੀਮਤੀ ਰਾਜਿੰਦਰ ਕੌਰ ਭੱਠਲ ਜੀ ਨੇ ਬੱਸ ਨੂੰ ਹਰੀ ਝੰਡੀ ਵਿਖਾਈ ਸੀ ਅਤੇ ਮੇਰੇ ਕੋਲੋਂ ਇੱਕ ਗੀਤ ਵੀ ਗਵਾਇਆ ਗਿਆ ਸੀ। ਮੈਂ ਕਿਹਾ ਸੀ ਕਿ ਇਧਰ ਵੀ ਮੇਰੇ ਚਾਚੇ ਤਾਏ ਹਨ ਅਤੇ ਉੱਧਰ ਵੀ ਮੇਰੇ ਚਾਚੇ-ਤਾਏ ਵੱਸਦੇ ਹਨ। ਮੇਰੀ ਗਾਇਕੀ ਦਾ ਸਨਮਾਨ ਕਰਦਿਆਂ ਹੋਇਆ ਇੱਕ ਵੇਰਾਂ ਮੈਨੂੰ ਜੰਡਿਆਲਾ ਗੁਰੂ ਵਿਖੇ ਸਿੱਕਿਆਂ ਨਾਲ ਵੀ ਤੋਲਿਆ ਗਿਆ ਸੀ।

**ਸੁਆਲ:** ਇਸੇ ਸੁਆਲ ਨਾਲ ਰਲਦਾ-ਮਿਲਦਾ ਸੁਆਲ ਹੈ ਕਿ ਤੁਸੀਂ ਕਿਹਾ ਸੀ ਕਿ ਜਿੰਨਾਂ ਤੁਸਾਂ ਕੰਮ ਕੀਤਾ ਹੈ ਉਸ ਅਨੁਸਾਰ ਬਣਦਾ ਸਨਮਾਨ ਤੁਹਾਨੂੰ ਨਹੀਂ ਮਿਲਿਆ? ਉਹ ਕਿਹੜੀ ਕਮੀਂ ਰਹਿ ਗਈ ਹੈ ਜਿਹੜੀ ਤੁਹਾਨੂੰ ਰੜਕਦੀ ਹੈ?

**ਜੁਆਬ:** ਜਿਹੜਾ ਸਾਡਾ ਸਮਾਂ ਸੀ ਉਦੋਂ ਰੋਜ਼ ਹੀ ਸਟੇਜ਼ ਹੁੰਦੀ ਸੀ। ਰੋਜ਼ ਹੀ ਕੰਮ ਹੀ ਕੰਮ ਹੁੰਦਾ ਸੀ। ਮੈਂ ਸੋਚਦੀ ਹਾਂ ਕਿ ਅੱਜ ਜਿਸ ਤਰ੍ਹਾਂ ਅਵਾਰਡ ਮਿਲਦੇ ਹਨ ਜੇ ਮੈਂ ਉਦੋਂ ਚਾਹੁੰਦੀ ਤਾਂ ਜਿੰਨੇ ਮਰਜ਼ੀ ਅਵਾਰਡ ਲੈ ਲੈਂਦੀ। ਪਰ ਨਹੀਂ ਉਸ ਸਮੇਂ ਸਾਡੀ ਸੋਚ ਵਿੱਚ ਇੱਕ ਹੀ ਗੱਲ ਸਮਾਈ ਹੋਈ ਸੀ ਕਿ ਕੰਮ ਹੀ ਪੂਜਾ ਹੈ। ਗਾਇਕੀ ਇੱਕ ਪੂਜਾ ਹੈ। ਅੱਜ ਕੀ ਹੋ ਰਿਹਾ ਹੈ ਪੈਸੇ ਦੇ ਜ਼ੋਰ ਨਾਲ ਅਵਾਰਡ ਲਏ ਜਾ ਰਹੇ ਹਨ। ਕਲਾ ਵਿਕਾਊ ਹੋ ਗਈ ਲਗਦੀ ਹੈ। ਕਲਾ ਵਰਗੀ ਪਵਿੱਤਰ ਚੀਜ਼ ਬਜ਼ਾਰੂ ਹੋ ਗਈ ਲਗਦੀ ਹੈ। ਇਹ ਵੇਖ ਕੇ ਦੁੱਖ ਹੁੰਦਾ ਹੈ। ਪਰ ਚੁੱਪ ਹੀ ਭਲੀ ਲੱਗਦੀ ਹੈ।

**ਸੁਆਲ:** ਗਾਇਕੀ ਦੇ ਖ਼ੇਤਰ ਵਿੱਚ ਤੁਹਾਨੂੰ ਲੰਮੀ ਹੇਕ ਦੀ ਮਲਿਕਾ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ ਅਤੇ ਲੋਕ ਗਾਇਕੀ ਦੀ ਰੂਹ ਕਿਹਾ ਜਾਂਦਾ ਹੈ। ਤੁਸੀਂ ਇਸ ਪੱਧਰ ਤੇ ਪਹੁੰਚਣ ਵਾਸਤੇ ਕਿੰਨਾਂ ਕੁ ਰਿਆਜ਼ ਕਰਦੇ ਹੋ? ਕੀ ਤੁਹਾਡਾ ਗਲਾ ਪ੍ਰਮਾਤਮਾ ਦੀ ਦੇਣ ਹੈ ਜਾਂ ਇਹ ਰਿਆਜ਼ ਦਾ ਫਲ ਹੈ?

**ਜੁਆਬ:** ਸੌ ਪ੍ਰਤੀਸ਼ਤ ਹੀ ਇਹ ਠੀਕ ਹੈ ਕਿ ਕਲਾ ਪ੍ਰਭੂ ਦੀ ਦਾਤ ਹੈ। ਜੇਕਰ ਇਹ ਪ੍ਰਭੂ ਦੀ ਦਾਤ(God gifted) ਨਾ ਹੁੰਦੀ ਤਾਂ ਹਰ ਕਿਸੇ ਕੋਲ ਅਜਿਹਾ ਗਲਾ ਹੁੰਦਾ। ਪ੍ਰਭੂ ਦੀ ਦਾਤ ਤਾਂ ਮਿਲ ਗਈ ਪਰ ਇਸ ਨੂੰ ਸਾਂਭਣਾ ਤਾਂ ਸਾਡਾ ਹੀ ਫ਼ਰਜ ਹੈ। ਜੇ ਭਾਂਡਾ ਹੈ ਤਾਂ ਉਸ ਨੂੰ ਮਾਂਜਣਾ ਵੀ ਪਵੇਗਾ ਤਾਂ ਹੀ ਉਹ ਸਾਫ਼ ਰਹੇਗਾ। ਰੋਜ਼ਾਨਾ ਦਾ ਰਿਆਜ਼ ਹੀ ਗਲੇ ਨੂੰ ਮਾਂਜਣਾ ਅਖਵਾਉਂਦਾ ਹੈ। ਰੋਜ਼ਾਨਾ ਘੰਟਾ,ਅੱਧਾ ਘੰਟਾ ਜਿੰਨਾਂ ਸਮਾਂ ਮਿਲੇ ਰਿਆਜ਼ ਕਰੋ। ਮੈਂ ਅਜੇ ਵੀ ਰੋਜ਼ਾਨਾ ਰਿਆਜ਼ ਕਰਦੀ ਹਾਂ। ਇਸ ਵਾਸਤੇ ਕੋਈ ਬੰਦਸ਼ ਨਹੀਂ ਕਿ ਕਿੰਨਾਂ ਚਿਰ ਰਿਆਜ਼ ਕਰਨਾ ਹੈ। ਜਿੰਨਾਂ ਵੱਧ ਤੋਂ ਵੱਧ ਸਮਾਂ ਮਿਲ ਸਕੇ ਇਸ ਕਿਰਿਆ ਨੂੰ ਕਰਦੇ ਰਹੋ। ਮੁਕੱਦੀ ਗੱਲ ਰਿਆਜ਼ ਹੀ ਸਫਲਤਾ ਦੀ ਕੁੰਜੀ ਹੈ।

ਇਹ ਗੱਲ ਵੀ ਦੱਸਣਾ ਚਾਹੁੰਦੀ ਹਾਂ ਕਿ ਲੰਮੀ ਹੇਕ ਦਾ ਪ੍ਰਯੋਗ ਵੀ ਪਹਿਲੀ ਵਾਰ ਮੇਰੇ ਵੱਲੋਂ ਹੀ ਕੀਤਾ ਗਿਆ ਸੀ। ਜ਼ਾਰਜੀਆ ਮੁਲਕ ਵਿੱਚ ਹਰ ਸਾਲ Independence Day of Culture ਵਜੋਂ ਇੱਕ ਦਿਨ ਮਨਾਇਆ ਜਾਂਦਾ ਹੈ। ਉਸ ਵਿੱਚ ਵੱਖ ਵੱਖ ਹੋਰ 19 ਮੁਲਕਾਂ ਤੋਂ ਗਾਇਕ ਬੁਲਾਏ ਗਏ ਸਨ। ਭਾਰਤ ਵੱਲੋਂ ਉਸ ਵਿੱਚ ਸ਼ਾਮਲ ਹੋਣ ਲਈ ਮੈਨੂੰ ਭੇਜਿਆ ਗਿਆ ਸੀ। ਜਦੋਂ ਅਠਾਰਾਂ ਦੇਸ਼ ਆਪਣਾ ਆਪਣਾ ਪ੍ਰੋਗਰਾਮ ਪੇਸ਼ ਕਰ ਚੁੱਕੇ ਸਨ ਤਾਂ ਮੇਰੀ ਵਾਰੀ ਆਈ। ਮੈਂ ਆਪਣੀ ਲੰਮੀ ਹੇਕ ਨਾਲ ਜਦੋਂ ਗੀਤ ਗਾਇਆ ਤਾਂ ਸਰੋਤਿਆਂ ਤੋਂ ਵਾਹ ਵਾਹ ਖੱਟੀ ਸੀ। ਜਦੋਂ ਮੈਂ ਆਪਣਾ ਪ੍ਰੋਗਰਾਮ ਪੇਸ਼ ਕਰਕੇ ਸਟੇਜ਼ ਤੋਂ ਹੇਠਾਂ ਆਂ ਰਹੀ ਸੀ ਤਾਂ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਮੈਂ ਆਪਣੇ ਪਿੱਛੇ ਮੁੜ ਕੇ ਵੇਖਿਆ ਕਿ ਮੇਰੇ ਪਿੱਛੇ ਪਿੱਛੇ ਇੱਕ ਜ਼ਾਰਜੀਅਨ ਔਰਤ ਦੌੜੀ ਆ ਰਹੀ ਸੀ। ਉਸ ਨੇ ਮੇਰੇ ਨੇੜੇ ਆ ਕੇ ਕਿਹਾ "You are world's big lady" (ਤੂੰ ਦੁਨੀਆਂ ਦੀ ਮਹਾਨ ਔਰਤ ਹੈ)। ਉਸ ਦੇ ਹੱਥ ਵਿੱਚ ਇੱਕ ਘੜੀ ਸੀ ਜਿਸ ਵੱਲ ਇਸ਼ਾਰਾ ਕਰ ਕੇ ਉਸ ਨੇ ਮੈਨੂੰ ਸਮਝਾਇਆ ਸੀ ਕਿ ਮੈਂ 45 ਸੈਕਿੰਡ ਤੱਕ ਲੰਮੀ ਹੇਕ ਲਾਈ ਹੈ। ਖੁਸ਼ ਹੋ ਕੇ ਉਸ ਨੇ ਉਹ ਘੜੀ ਹੀ ਮੈਨੂੰ ਦੇ ਦਿੱਤੀ ਸੀ। ਕੀ ਇਹ ਕਿਸੇ ਸਨਮਾਨ ਨਾਲੋਂ ਘੱਟ ਸੀ। ਇਸ ਨੂੰ ਵੀ ਤਾਂ ਇੱਕ ਤਰ੍ਹਾਂ ਨਾਲ ਮੇਰਾ ਸਨਮਾਨ ਹੀ ਕਿਹਾ ਜਾ ਸਕਦਾ ਹੈ।

**ਸੁਆਲ:** ਅਸੀਂ ਵੇਖਦੇ ਹਾਂ ਕਿ ਤੁਹਾਡੀ ਆਵਾਜ਼ ਵਿੱਚ ਜਿਹੜਾ ਦਮ-ਖ਼ਮ ਜਵਾਨੀ ਵਿੱਚ ਸੀ ਅੱਜ ਵੀ ਉਹ ਕਾਇਮ ਹੈ। ਇਸ ਨੂੰ ਬਣਾਈ ਰੱਖਣ ਵਾਸਤੇ ਕੀ ਤੁਹਾਨੂੰ ਕੋਈ ਖਾਸ ਤਰ੍ਹਾਂ ਦੀ ਖੁਰਾਕ ਲੈਣੀ ਪੈਂਦੀ ਹੈ ਜਾਂ ਕੋਈ ਹੋਰ ਗੱਲ ਹੈ?

**ਜੁਆਬ:** ਇਹਦੇ ਵਾਸਤੇ ਕੋਈ ਖ਼ੁਰਾਕ ਨਿਸਚਤ ਨਹੀਂ ਕਿ ਮੈਂ ਜ਼ਰੂਰ ਇਹ ਹੀ ਖਾਣੀ ਹੈ। ਪਰ ਪ੍ਰਹੇਜ਼ ਜ਼ਰੂਰ ਕਰਦੀ ਹਾਂ ਤਾਂ ਜੋ ਗਲੇ ਨੂੰ ਖਰਾਬ ਹੋਣ ਤੋਂ ਬਚਾਇਆ ਜਾ ਸਕੇ। ਖੱਟਾ ਮਿੱਠਾ ਅਤੇ ਜ਼ਿਆਦਾ ਮਸਾਲਿਆਂ ਵਾਲੀਆਂ ਅਤੇ ਤਲੀਆਂ ਹੋਈਆਂ ਚੀਜਾਂ ਤੋਂ ਹਮੇਸ਼ਾਂ ਹੀ ਪ੍ਰਹੇਜ਼ ਕਰਦੀ ਹਾਂ। ਸ਼ਾਇਦ ਤੁਸੀਂ ਇਹ ਗੱਲ ਨਹੀਂ ਜਾਣਦੇ ਕਿ ਮੈਂ ਸਾਰੀ ਉਮਰ ਹੀ ਮੀਟ ਨਹੀਂ ਖਾਧਾ। ਮੈਂ ਆਪਣੇ ਗਲੇ ਨੂੰ ਠੀਕ ਰੱਖਣ ਵਾਸਤੇ ਇੱਥੋਂ ਤੱਕ ਖਿਆਲ ਰੱਖਦੀ ਹਾਂ ਕਿ ਜਦੋਂ ਕਿਸੇ ਪ੍ਰੋਗਰਾਮ ਤੇ ਬਾਹਰ ਜਾਂਦੀ ਹਾਂ ਤਾਂ ਆਪਣਾ ਪੀਣ ਵਾਲਾ ਪਾਣੀ ਵੀ ਨਾਲ ਲੈ ਕੇ ਜਾਂਦੀ ਹਾਂ। ਬੱਸ ਹੋਰ ਕੋਈ ਜ਼ਿਆਦਾ ਅਜਿਹੀ ਗੱਲ ਨਹੀਂ ਜਿਸ ਬਾਰੇ ਮੈਂ ਕਹਿ ਸਕਾਂ ਕਿ ਮੇਰੇ ਗਲੇ ਦੇ ਦਮ-ਖ਼ਮ ਵਾਸਤੇ ਮੈਂ ਇਹ ਕਰਦੀ ਹਾਂ, ਉਹ ਕਰਦੀ ਹਾਂ। ਸਾਵੀਂ ਪੱਧਰੀ ਜ਼ਿੰਦਗੀ ਜੀਉ ਰਹੀ ਹਾਂ।

**ਸੁਆਲ:** ਅੱਜ ਦੀ ਪੀੜ੍ਹੀ ਜਿਹੋ ਜਿਹਾ ਗਾ ਰਹੀ ਤੁਸੀਂ ਉਸ ਨਾਲ ਕਿੱਥੋਂ ਤੱਕ ਸਹਿਮਤ ਹੋ? ਕੀ ਤੁਸੀਂ ਸਮਝਦੇ ਹੋ ਕਿ ਉਸ ਤੇ ਪੱਛਮੀ ਪ੍ਰਭਾਵ ਪੈ ਰਿਹਾ ਹੈ। ਕੀ ਉਹ ਠੀਕ ਪਾਸੇ ਜਾ ਰਹੇ ਹਨ ਜਾਂ ਨਹੀਂ?

**ਜੁਆਬ:** ਮੈਂ ਨਹੀਂ ਸਮਝਦੀ ਕਿ ਕੋਈ ਪੱਛਮੀ ਪ੍ਰਭਾਵ ਸਾਡੀ ਗਾਇਕੀ ਤੇ ਪੈ ਰਿਹਾ ਹੈ। ਜੇਕਰ ਪੱਛਮੀ ਪ੍ਰਭਾਵ ਸਾਡੀ ਗਾਇਕੀ ਤੇ ਪਵੇਗਾ ਤਾਂ ਮੈਂ ਸਮਝਦੀ ਹਾਂ ਕੁਝ ਵੀ ਵਿਗੜੇਗਾ ਨਹੀਂ ਸਗੋਂ ਸੁਧਰੇਗਾ ਹੀ। ਅਸਲ ਵਿੱਚ ਸਾਡੇ ਤੇ ਨੀਗਰੋ ਕਲਚਰ ਹਾਵੀ ਹੋਇਆ ਹੈ। ਅਸੀਂ ਉਸ ਕਲਚਰ ਦੇ ਮਗਰ ਲੱਗ ਕੇ ਅਤੇ ਕੁਝ ਪੈਸੇ ਦੀ ਹਵਸ ਕਰਕੇ ਨੀਵੀਂ ਪੱਧਰ ਦਾ ਮਹੌਲ ਰਚ ਲਿਆ ਹੈ। ਮੈਂ ਇਹ ਗੱਲ ਦਾਅਵੇ ਨਾਲ ਕਹਿ ਸਕਦੀ ਹਾਂ ਕਿ ਇਹ ਸਭ ਛਿੰਨਭੰਗਰ ਹੈ। ਇਹ ਪਾਣੀ ਦੇ ਬੁਲਬਲੇ ਵਰਗਾ ਸਮਾਂ ਹੈ। ਇਹ ਕਲਚਰ ਜ਼ਿਆਦਾ ਸਮਾਂ ਟਿਕ ਨਹੀਂ ਸਕੇਗਾ।

**ਸੁਆਲ:** ਇਸ ਗੱਲ ਨੂੰ ਹੋਰ ਸਾਫ਼ ਕਰਨ ਵਾਸਤੇ ਮੈਂ ਜਾਣਨਾ ਚਾਹੁੰਦਾ ਹਾਂ ਕਿ ਅੱਜ ਕੱਲ੍ਹ ਦੇ ਗਾਇਕ ਕੋਈ ਰਿਆਜ਼ ਤਾਂ ਕਰਦੇ ਨਹੀਂ। ਕੋਈ ਉਨ੍ਹਾਂ ਦਾ ਉਸਤਾਦ ਨਹੀਂ ਹੁੰਦਾ। ਕੱਦੂ ਵਿੱਚ ਡੰਡਾ ਅੜਾਇਆ ਤੇ ਆ ਗਏ ਸਟੇਜ਼ ਤੇ ਗਾਉਣ। ਕੀ ਇਹੋ ਜਿਹੀ ਗਾਇਕੀ ਜਿਸ ਵਿੱਚ ਅੱਜ ਕੱਲ੍ਹ ਲੱਚਰ ਗੀਤਾਂ ਦੀ ਭਰਮਾਰ ਹੈ ਸਾਡੀ ਸਭਿਅਤਾ ਦੀ ਸਾਡੀ ਸੰਸਕ੍ਰਿਤੀ ਦੀ ਗਾਇਕੀ ਨੂੰ ਢਾਹ ਨਹੀਂ ਲਾ ਰਹੀ?

**ਜੁਆਬ:** ਜਿਸ ਸ਼ਕਲ ਸੂਰਤ ਦੀ ਗਾਇਕੀ ਦੀ ਤੁਸੀਂ ਗੱਲ ਕਰਦੇ ਹੋ ਉਹ ਜ਼ਿਆਦਾ ਚਿਰ ਚੱਲਣ ਵਾਲੀ ਨਹੀਂ ਹੁੰਦੀ। ਇਹ ਤਾਂ ਤੌੜੀ ਦੇ ਉਬਾਲ ਵਰਗੀ ਹੁੰਦੀ ਹੈ। ਉੱਬਲ ਕੇ ਆਪਣੇ ਆਪ ਹੀ ਬਹਿ ਜਾਵੇਗੀ। ਇਹ ਵੇਖਣ ਨੂੰ ਮਿਲਦਾ ਹੈ ਕਿ ਇੱਕ ਮਹੀਨੇ ਵਿੱਚ ਸਤ ਅੱਠ ਕੈਸਟਾਂ ਮਾਰਕੀਟ ਵਿੱਚ ਆਉਂਦੀਆਂ ਹਨ। ਉਨ੍ਹਾਂ ਵਿੱਚੋਂ ਇੱਕ ਅੱਧਾ ਹੀ ਅਜਿਹਾ ਗੀਤ ਹੁੰਦਾ ਹੈ ਜਿਹੜਾ ਲੋਕਾਂ ਦੀ ਜ਼ਬਾਨ ਤੇ ਰਹਿ ਜਾਂਦਾ ਹੈ ਬਾਕੀ ਸਭ ਦਾ ਛੇਤੀ ਹੀ ਭੋਗ ਪੈ ਜਾਂਦਾ ਹੈ। ਇਹ ਵੀ ਆਪੇ ਹੀ ਖ਼ਤਮ ਹੋ ਜਾਵੇਗਾ। ਇਸ ਦੀ ਉਮਰ ਲੰਮੀ ਨਹੀਂ। ਫਿਰ ਵੀ ਲੋੜ ਹੈ ਆਪਣੇ ਕਲਚਰ ਨੂੰ ਬਚਾਉਣ ਦੀ ਜਿਸ ਨੂੰ ਸਭ ਤੋਂ ਜ਼ਿਆਦਾ ਢਾਹ ਲੱਗ ਰਹੀ ਹੈ।

**ਸੁਆਲ:** ਬਾਵਾ ਜੀ, ਅੱਜ ਦੇ ਗੀਤਾਂ ਵਿੱਚ ਪਸਤੌਲਾਂ,ਛਵ੍ਹੀਆਂ,ਗੰਡਾਸਿਆਂ, ਰਫਲਾਂ ਦੀ ਸ਼ਬਦਾਵਲੀ ਬਹੁਤ ਜ਼ਿਆਦਾ ਵਰਤੀ ਜਾ ਰਹੀ। ਜੱਟਾਂ ਨੂੰ ਇਸ ਸ਼ਬਦਾਵਲੀ ਨਾਲ ਉਕਸਾਇਆ ਜਾਂਦਾ ਹੈ। ਅੱਜ ਦੀਆਂ ਕੈਸਟਾਂ ਦੇ ਗੀਤਾਂ ਨੇ ਸਕੂਲਾਂ ਕਾਲਜਾਂ ਨੂੰ ਆਸ਼ਕੀ ਦੇ ਅੱਡੇ ਬਣਾ ਕੇ ਰੱਖ ਦਿੱਤਾ ਹੈ। ਇਸ ਵਿੱਚ ਤੁਸੀਂ ਕਿਸ ਨੂੰ ਦੋਸ਼ੀ ਮੰਨਦੇ ਹੋ? ਕੀ ਇਸ ਵਾਸਤੇ ਗੀਤਕਾਰ ਕਸੂਰਵਾਰ ਹਨ ਜਾਂ ਜਨਤਾ? ਇਹ ਵੀ ਦੱਸੋ ਕਿ ਇਸ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ?

**ਜੁਆਬ:** ਇਹ ਮਸਲਾ ਆਵਾਮ ਦਾ ਮਸਲਾ ਹੈ। ਜਨਤਾ ਦਾ ਮਸਲਾ ਹੈ। ਮੈਂ ਸਮਝਦੀ ਹਾਂ ਕਿ ਇਸ ਵਾਸਤੇ ਜਨਤਾ ਨੂੰ ਅੱਗੇ ਆਉਣਾ ਪਵੇਗਾ। ਇੱਕ ਵਾਰ ਜਦੋਂ ਕਿਸੇ ਲੱਚਰ ਗੀਤ ਗਾਉਣ ਵਾਲੇ ਨੂੰ ਜਨਤਾ ਸਟੇਜ਼ ਤੋਂ ਇਹ ਕਹਿ ਕੇ ਲਾਹ ਦੇਵੇਗੀ ਕਿ ਅਸੀਂ ਇਹੋ ਜਿਹਾ ਗੰਦ ਮੰਦ ਨਹੀਂ ਸੁਣਨਾ। ਮੇਰਾ ਮੰਨਣਾ ਹੈ ਕਿ ਉਹ ਦੁਬਾਰਾ ਅਜਿਹੇ ਗੀਤ ਲੈ ਕੇ ਸਟੇਜ਼ ਵੱਲ ਮੂੰਹ ਵੀ ਨਹੀਂ ਕਰੇਗਾ। ਪਹਿਲੀ ਗੱਲ ਤਾਂ ਇਹ ਕਿ ਹੁਣ ਬਾਪੂਆਂ ਕੋਲ ਖੂੰਡੇ ਹੀ ਨਹੀਂ ਰਹਿ ਗਏ ਜਿਸ ਦਾ ਕਦੇ ਡਰ ਹੁੰਦਾ ਸੀ। ਮੇਰੀ ਜਾਚੇ ਕੁਝ ਲੋਫ਼ਰ ਜਿਹੇ ਨਵੇਂ ਨਵੇਂ ਜਵਾਨ ਹੋਏ ਮੁੰਡੇ ਹੀ ਇਸ ਨੂੰ ਸੁਣ ਕੇ ਉਤਸ਼ਾਹਿਤ ਕਰ ਰਹੇ ਹਨ। ਇਸ ਗੱਲ ਨੂੰ ਨੱਥ ਪਾਉਣ ਵਾਸਤੇ ਸਿਆਣੇ ਆਦਮੀਆਂ ਨੂੰ ਅੱਗੇ ਆਉਣਾ ਚਾਹੀਦਾ ਹੈ ਅਤੇ ਸਟੇਜ਼ਾਂ ਤੇ ਚੱਲ ਰਹੇ ਇਹੋ ਜਿਹੇ ਲੱਚਰ ਪ੍ਰੋਗਰਾਮਾਂ ਨੂੰ ਨਿਰਉਤਸ਼ਾਹਿਤ ਕਰਨਾ ਚਾਹੀਦਾ ਹੈ। ਮੈਂ ਯਕੀਨ ਨਾਲ ਕਹਿ ਸਕਦੀ ਹਾਂ ਕਿ ਜੇ ਇਸ ਤਰ੍ਹਾਂ ਹੋ ਜਾਵੇ ਤਾਂ ਇਹ ਜ਼ਿਆਦਾ ਸਮਾਂ ਨਹੀਂ ਕੱਢਣਗੇ।

**ਸੁਆਲ:** ਮੈਂ ਜਾਣਨਾ ਚਾਹੁੰਦਾ ਹਾਂ ਕਿ ਤੁਸੀਂ ਲੋਕ ਗਾਇਕੀ ਵਿੱਚ ਗੀਤ ਦੀ ਕਿਸ ਕਿਸ ਵੰਨਗੀ ਨੂੰ ਗਾਇਆ ਹੈ? ਇਸ ਨੂੰ ਜ਼ਰਾ ਵਿਸਥਾਰ ਨਾਲ ਦੱਸੋ।

**ਜੁਆਬ:** ਸਾਡੀ ਲੋਕ ਗਾਇਕੀ ਦਾ ਘੇਰਾ ਬਹੁਤ ਵਿਸ਼ਾਲ ਹੈ। ਇੱਕ ਵੇਰਾਂ ਸਾਨੂੰ ਕਿਸੇ ਸਰਕਾਰੀ ਅਧਿਕਾਰੀ ਰਾਹੀਂ ਇਸ ਗੱਲ ਦੀ ਫਰਮਾਇਸ਼ ਆਈ ਸੀ ਕਿ ਲੋਕ ਗਾਇਕੀ ਦੇ ਗੀਤਾਂ ਨੂੰ ਰੀਕਾਰਡ ਕਰਵਾ ਕੇ ਦਿਉ। ਇਸ ਨੂੰ ਵਿਰਸੇ ਦੇ ਰੂਪ ਵਿੱਚ ਸਾਂਭ ਕੇ ਰੱਖਣਾ ਹੈ। ਅਸੀਂ ਚੰਡੀਗੜ੍ਹ ਵਿੱਚ ਇੱਕ ਸਟੂਡੀਓ ਬੁਕ ਕਰਵਾ ਕੇ, ਪੱਲਿਉਂ ਪੈਸੈ ਲਾ ਕੇ, ਸਭ ਕੁਝ ਰੀਕਾਰਡ ਕਰਵਾ ਕੇ ਸਰਕਾਰ ਨੂੰ ਦਿੱਤਾ ਸੀ ਪਰ ਉਸ ਬਾਰੇ ਸਾਨੂੰ ਹੁਣ ਤੱਕ ਕੁਝ ਵੀ ਪਤਾ ਨਹੀਂ ਕਿ ਉਹ ਸਾਡਾ ਕੀਤਾ ਕਰਾਇਆ ਕਿੱਧਰ ਗਿਆ ਹੈ। ਪੈਸੇ ਪੱਲਿਉਂ ਲਾਏ ਸਮਾਂ ਵੱਖ ਨਸ਼ਟ ਕੀਤਾ ਪਰ ਉਸ 'ਚੋਂ ਨਿਕਲਿਆ ਕੁਝ ਵੀ ਨਹੀਂ। ਹਾਂ ਰੇਡੀਓ ਸਟੇਸ਼ਨ ਜਲੰਧਰ ਵੱਲਿਆਂ ਨੇ ਇਸ ਵਿਰਸੇ ਦੀ ਵੱਡਮੁੱਲੀ ਚੀਜ਼ ਨੂੰ ਜ਼ਰੂਰ ਸੰਭਾਲਿਆ ਹੈ। ਮੈਂ ਜਨਮ ਤੋਂ ਲੈ ਕੇ ਮਰਨ ਤੱਕ ਦੇ ਗੀਤ ਘੋੜੀਆਂ,ਸੁਹਾਗ ਸਭ ਗਾਏ ਹਨ। ਮਰਨ ਦੀਆਂ ਅਲਾਹੁਣੀਆਂ ਵੀ ਗਾਈਆਂ ਹਨ। ਲੰਮੀ ਹੇਕ ਨਾਲ ਮਿਰਜ਼ੇ ਦੀਆਂ ਕਲੀਆਂ ਵੀ ਗਾਈਆਂ ਹਨ।

**ਸੁਆਲ:** ਗਾਇਕੀ ਦੇ ਖ਼ੇਤਰ ਵਿੱਚ ਵਿਚਰਦਿਆਂ ਹੋਇਆਂ ਕੀ ਤੁਹਾਨੂੰ ਕਦੇ ਦੇਸ਼ ਤੋਂ ਬਾਹਰ ਜਾਣ ਦਾ ਵੀ ਮੌਕਾ ਮਿਲਿਆ ਹੈ?

**ਜੁਆਬ:** ਮੈਂ ਆਪਣੇ ਤੌਰ ਤੇ ਦੇਸ਼ ਤੋਂ ਬਾਹਰ ਬਹੁਤ ਘੱਟ ਗਈ ਹਾਂ। ਭਾਰਤ ਸਰਕਾਰ ਵੱਲੋਂ ਮੈਨੂੰ 25 ਦੇਸ਼ਾ ਵਿੱਚ ਗਾਇਕੀ ਵਾਸਤੇ ਭੇਜਿਆ ਗਿਆ ਹੈ। ਲੋਕ ਹੈਰਾਨ ਹੁੰਦੇ ਸਨ ਕਿ ਇਹ ਕਿਸ ਤਰ੍ਹਾਂ ਬਾਹਰ ਚਲੇ ਜਾਂਦੇ ਹਨ। ਮੈਨੂੰ ਖੁਦ ਨੂੰ ਨਹੀਂ ਸੀ ਪਤਾ ਹੁੰਦਾ ਕਿ ਮੈਂ ਬਾਹਰ ਜਾਣ ਵਾਸਤੇ ਕਿਵੇਂ ਚੁਣੀ ਜਾਂਦੀ ਸਾਂ। ਇੱਕ ਵੇਰਾਂ ਜਦੋਂ ਮੈਂ ਰੂਸ ਵਿੱਚ ਗਈ ਸਾਂ ਤਾਂ ਉਥੇ ਮੇਰੇ ਕੋਲ ਵਿੱਚ ਬਜ਼ੁਰਗ ਆਇਆ। ਉਸ ਨੇ ਮੈਨੂੰ ਕਿਹਾ ਮੁੰਨੀ (ਉਦੋਂ ਛੋਟੀ ਹੀ ਸਾਂ) ਮੈਂ ਤੇਰੇ ਨਾਲ ਫੋਟੋ ਖਿਚਵਾਉਣੀ ਹੈ। ਉਹ ਸਾਊਥ ਇੰਡੀਅਨ ਸੀ। ਮੈਂ ਹੈਰਾਨ ਸਾਂ ਕਿ ਮੈਂ ਤਾਂ ਇਸ ਨੂੰ ਨਹੀਂ ਜਾਣਦੀ, ਇਸ ਨਾਲ ਫੋਟੋ ਦਾ ਕੀ ਮਤਲਬ। ਬਾਵਾ ਜੀ ਵੀ ਉਸ ਸਮੇਂ ਮੇਰੇ ਨਾਲ ਹੀ ਸਨ। ਫਿਰ ਮੈਂ ਉਸ ਬਜ਼ੁਰਗ ਦੀ ਵੱਡੀ ਉਮਰ ਦਾ ਮਾਣ ਕਰਦਿਆਂ ਹੋਇਆ ਫੋਟੋ ਖਿਚਵਾਉਣ ਲਈ ਹਾਂ ਕਰ ਦਿੱਤੀ ਸੀ। ਬਾਅਦ ਵਿੱਚ ਉਸ ਨੇ ਮੈਨੂੰ ਦੱਸਿਆ ਸੀ ਕਿ ਜਦੋਂ ਚੰਡੀਗੜ੍ਹ ਵਿੱਚ ਮੇਰੀ ਚੋਣ ਹੋ ਰਹੀ ਸੀ ਤਾਂ ਉਸ ਨੇ ਹੀ ਮੈਨੂੰ ਪੰਜਾਬ ਦੇ ਕਲਾਕਾਰਾਂ 'ਚੋਂ ਬਾਹਰ ਜਾਣ ਵਾਸਤੇ ਚੁਣਿਆ ਸੀ। ਉਸ ਨੇ ਇਹ ਵੀ ਦੱਸਿਆ ਸੀ ਕਿ ਮੈਂ ਗਾਈ ਜਾ ਰਹੀ ਸੀ ਅਤੇ ਲੋਕੀਂ ਨੱਚੀ ਜਾ ਰਹੇ ਸਨ। ਲੋਕਾਂ ਨੂੰ ਇਸ ਗੱਲ ਦੀ ਵੀ ਪ੍ਰਵਾਹ ਨਹੀਂ ਸੀ ਕਿ ਲਾਇਟਾਂ ਵਾਸਤੇ ਬਿਜਲੀ ਦੀਆਂ ਤਾਰਾਂ ਵਿੱਚੋਂ ਕਰੰਟ ਵੀ ਪੈ ਸਕਦਾ ਹੈ।

ਮੈ ਜਾਪਾਨ,ਲਿਬੀਆ,ਸੀਰੀਆ,ਪੈਰਸ,ਮਲੇਸ਼ੀਆਂ,ਪਾਕਿਸਤਾਨ,ਥਾਈਲੈਂਡ(ਤਿੰਨ ਵਾਰ) ਅਤੇ ਹੋਰ ਕਈ ਦੇਸ਼ਾ ਵਿੱਚ ਸਰਕਾਰੀ ਟੂਰ ਤੇ ਗਈ ਹਾਂ। ਆਪਣੇ ਨਿੱਜੀ ਟੂਰ ਤੇ ਕਨੇਡਾ ਮੈਂ ਦੋ ਵਾਰ ਗਈ ਹਾਂ। ਇਸ ਗੱਲ ਵਿੱਚ ਮੈਂ ਫ਼ਖਰ ਮਹਿਸੂਸ ਕਰਦੀ ਹਾਂ ਕਿ ਸਭ ਤੋਂ ਜ਼ਿਆਦਾ ਵੇਰਾਂ ਮੈਨੂੰ ਹੀ ਭਾਰਤ ਸਰਕਾਰ ਵੱਲੋਂ ਬਾਹਰ ਭੇਜਿਆ ਗਿਆ ਹੈ।

**ਸੁਆਲ:** ਜਿਵੇਂ ਕਿ ਤੁਸੀਂ ਦੱਸਿਆ ਹੈ ਕਿ ਤੁਹਾਡਾ ਜ਼ਿਆਦਾ ਸਮਾਂ ਪ੍ਰੋਗਰਾਮ ਕਰਨ ਵਿੱਚ ਹੀ ਬਤੀਤ ਹੁੰਦਾ ਰਿਹਾ ਹੈ। ਇਹ ਜਾਣਨਾ ਚਾਹਵਾਂਗਾ ਕਿ ਤੁਸੀਂ ਤਾਂ ਜ਼ਿਆਦਾ ਕਰਕੇ ਬਾਹਰ ਹੀ ਰਹਿੰਦੇ ਸੀ, ਤਾਂ ਤੁਹਾਡੇ ਬੱਚਿਆਂ ਦਾ ਪਾਲਣ-ਪੋਸ਼ਣ ਕਿਸ ਤਰ੍ਹਾ ਹੁੰਦਾ ਸੀ ਅਤੇ ਕੀ ਤੁਸੀਂ ਘਰ ਗ੍ਰਹਿਸਤੀ ਗਾਇਕੀ ਦੇ ਪੇਸ਼ੇ ਤੋਂ ਹੀ ਚਲਾਉਂਦੇ ਸੀ?

**ਜੁਆਬ:** ਬੱਚਿਆ ਦੀ ਦੇਖਰੇਖ ਵਾਸਤੇ ਘਰ ਵਿੱਚ ਨੌਕਰ ਸਨ ਅਤੇ ਇਸ ਦੇ ਨਾਲ ਨਾਲ ਸਾਡੇ ਰਿਸ਼ਤੇਦਾਰਾਂ ਦਾ ਵੀ ਯੋਗਦਾਨ ਰਿਹਾ ਹੈ। ਇਹ ਗੱਲ ਵੀ ਠੀਕ ਹੈ ਕਿ ਸਾਡਾ ਸਾਰਾ ਨਿਰਬਾਹ ਗਾਇਕੀ ਦੇ ਪੇਸ਼ੇ ਤੋਂ ਹੀ ਹੁੰਦਾ ਸੀ।

**ਸੁਆਲ:** ਮੈਡਮ ਜੀ, ਬੜਾ ਲੰਮਾ ਸਫ਼ਰ ਹੈ ਤੁਹਾਡੀ ਗਾਇਕੀ ਦਾ। ਇਸ ਸਫ਼ਰ ਵਿੱਚ ਕਈ ਘਟਨਾਵਾਂ ਘਟੀਆਂ ਹੋਣਗੀਆਂ ਜਿਹੜੀਆਂ ਯਾਦ ਆਉਣ ਤੇ ਤੁਸੀਂ ਅੱਜ ਵੀ ਭਾਵਕ ਹੋ ਜਾਂਦੇ ਹੋਵੋਗੇ। ਕਿਸੇ ਅਜਿਹੀ ਘਟਨਾ ਬਾਰੇ ਦੱਸੋਂ ਜਿਹੜੀ ਤੁਹਾਡੇ ਵਾਸਤੇ ਅਭੁੱਲ ਯਾਦ ਬਣ ਕੇ ਰਹਿ ਗਈ ਹੋਵੇ?

**ਜੁਆਬ:** ਹਾਂ। ਇੱਕ ਘਟਨਾ ਹੈ ਜਿਸ ਨੂੰ ਯਾਦ ਕਰਕੇ ਅੱਜ ਵੀ ਮੈਂ ਭਾਵੁਕ ਹੋ ਜਾਂਦੀ ਹਾਂ। ਅਸੀਂ(ਮੈਂ ਅਤੇ ਮੇਰਾ ਪਤੀ) ਅਜਨਾਲਾ (ਜ਼ਿਲ੍ਹਾ ਅੰਮ੍ਰਿਤਸਰ) ਇਲਾਕੇ ਦੇ ਇੱਕ ਪਿੰਡ ਵਿੱਚ ਪ੍ਰੋਗਰਾਮ ਕਰਕੇ ਆਪਣੀ ਕਾਰ ਵਿੱਚ ਵਾਪਸ ਆ ਰਹੇ ਸੀ ਕਿ ਰਸਤੇ ਵਿੱਚ ਸੜਕ ਦੇ ਕੰਢੇ ਇੱਕ ਬਜ਼ੁਰਗ ਜਿਸ ਨਾਲ ਦੋ ਛੋਟੇ ਛੋਟੇ ਬੱਚੇ ਸਨ ਖਲੋਤਾ ਸੀ। ਸਾਡੀ ਕਾਰ ਸਪੀਡ ਤੇ ਆ ਰਹੀ ਸੀ। ਪਤਾ ਨਹੀਂ ਉਸ ਬਜ਼ੁਰਗ ਨੂੰ ਇਸ ਗੱਲ ਦਾ ਕਿਵੇਂ ਅਹਿਸਾਸ ਹੋ ਗਿਆ ਸੀ ਕਿ ਇਹ ਗੁਰਮੀਤ ਬਾਵਾ ਦੀ ਹੀ ਗੱਡੀ ਹੈ ਜਿਹੜੀ ਪ੍ਰੋਗਰਾਮ ਕਰਕੇ ਵਾਪਿਸ ਆ ਰਹੀ ਹੈ। ਉਸ ਨੂੰ ਵੇਖ ਕੇ ਅਸੀਂ ਆਪਣੀ ਗੱਡੀ ਦੀ ਸਪੀਡ ਇਹ ਸੋਚ ਕੇ ਘੱਟ ਕਰ ਲਈ ਸੀ ਕਿ ਇਹ ਵੀ ਹੋ ਸਕਦਾ ਹੈ ਉਹ ਬੀਮਾਰ ਹੋਵੇ ਅਤੇ ਉਸ ਨੂੰ ਹਸਪਤਾਲ ਜਾਣ ਲਈ ਸਾਡੀ ਮਦਦ ਦੀ ਲੋੜ ਹੋਵੇ। ਜਦੋਂ ਸਾਡੀ ਗੱਡੀ ਉਸ ਦੇ ਨੇੜੇ ਆ ਕੇ ਰੁਕੀ ਤਾਂ ਉਸ ਨੇ ਪੁੱਛਿਆ,"ਕੀ ਇਹ ਗੁਰਮੀਤ ਬਾਵਾ ਦੀ ਗੱਡੀ ਹੈ?" ਅਸੀਂ ਕਿਹਾ ਹਾਂ।

ਉਸ ਬਜ਼ੁਰਗ ਨੇ ਢੱਠੇ ਜਿਹੇ ਮਨ ਨਾਲ ਕਿਹਾ ਸੀ "ਜ਼ਿੰਦਗੀ ਦਾ ਤਾਂ ਹੁਣ ਕੋਈ ਭਰੋਸਾ ਨਹੀਂ।ਮੈਂ ਸੋਚਿਆ ਚਲੋ, ਗੁਰਮੀਤ ਬਾਵਾ ਜੀ ਦੇ ਦਰਸ਼ਨ ਹੀ ਕਰ ਲਈਏ।" ਉਸ ਨੇ ਆਪਣੀ ਜ਼ੇਬ ਵਿੱਚੋਂ ਦਸ, ਵੀਹ ਜਾਂ ਸ਼ਾਇਦ ਤੀਹ ਰੁਪਏ ਜਿੰਨੇ ਉਸ ਦੀ ਜ਼ੇਬ ਵਿੱਚ ਸਨ ਕੱਢੇ ਅਤੇ ਮੇਰੇ ਪੈਰਾਂ ਵਿੱਚ ਰੱਖ ਦਿਤੇ ਸਨ। ਉਸ ਬਜ਼ੁਰਗ ਬਾਬੇ ਦੀਆਂ ਭਾਵਨਾਵਾਂ ਵੇਖ ਕੇ ਮੈਂ ਹੈਰਾਨ ਰਹਿ ਗਈ ਸਾਂ। ਅਸੀਂ ਆਪਣੇ ਆਪ ਨੂੰ ਸ਼ਰਮਸਾਰ ਮਹਿਸੂਸ ਕਰ ਰਹੇ ਸਾਂ ਕਿ ਇਹ ਬਜ਼ੁਰਗ ਜਿਹੜਾ ਸਾਡੇ ਪਿਤਾ ਸਮਾਨ ਹੈ ਇਸ ਨੇ ਸਾਡੇ ਅੱਗੇ ਸਿਰ ਝੁਕਾਇਆ ਹੋਇਆ ਹੈ। ਜਿੱਥੋਂ ਅਸੀਂ ਪ੍ਰੋਗਰਾਮ ਕਰਕੇ ਆ ਰਹੇ ਸਾਂ,ਉੱਥੋਂ ਦੇ ਪ੍ਰਬੰਧਕਾਂ ਵੱਲੋਂ ਸਾਨੂੰ ਮਠਿਆਈ ਦਾ ਇੱਕ ਡੱਬਾ ਮਿਲਿਆ ਸੀ,ਅਸੀਂ ਉਹ ਡੱਬਾ ਉਸ ਨੂੰ ਪਿਆਰ ਨਾਲ ਦੇ ਦਿੱਤਾ ਸੀ।

ਕੁਝ ਦਿਨਾਂ ਬਾਅਦ ਫਿਰ ਸਬੱਬ ਬਣ ਗਿਆ ਸੀ ਉਸੇ ਪਾਸੇ ਪ੍ਰੋਗਰਾਮ ਤੇ ਜਾਣ ਦਾ। ਮਨ ਵਿੱਚ ਆਇਆ ਚਲੋ ਉਸ ਬਾਬੇ ਦੇ ਦਰਸ਼ਨ ਹੀ ਕਰਦੇ ਚੱਲਦੇ ਹਾਂ। ਜਦੋਂ ਅਸੀਂ ਪੁੱਛਦੇ-ਪੁਛਾਉਂਦੇ ਉਸ ਦੇ ਘਰ ਪਹੁੰਚੇ ਤਾਂ ਸਾਡੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਉਸ ਦੇ ਘਰ ਵਿੱਚੋਂ ਰੋਣ ਦੀਆਂ ਆਵਾਜ਼ਾਂ ਆ ਰਹੀਆਂ ਸਨ। ਪੁੱਛਣ ਤੇ ਪਤਾ ਲੱਗਾ ਕਿ ਉਹ ਬਜ਼ੁਰਗ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਕਹਿ ਉਡਾਰੀ ਮਾਰ ਗਿਆ ਸੀ। ਇਹ ਬੇਸ਼ਕ ਚਾਣਚੱਕ ਅਤੇ ਛੋਟੀ ਜਿਹੀ ਮੁਲਾਕਾਤ ਸੀ ਪਰ ਜਿਹੜਾ ਅਸਰ ਇਹ ਮੇਰੇ ਦਿਲ ਤੇ ਛੱਡ ਗਈ ਸੀ ਉਹ ਮੈਨੂੰ ਅੱਜ ਵੀ ਨਹੀਂ ਭੁੱਲਦਾ।

**ਸੁਆਲ:** ਬਾਵਾ ਜੀ, ਗਾਇਕੀ ਦੇ ਖ਼ੇਤਰ ਵਿੱਚ ਜਿਹੜੀ ਨਵੀਂ ਪਨੀਰੀ ਆ ਰਹੀ ਹੈ, ਕੀ ਤੁਸੀਂ ਉਨ੍ਹਾਂ ਨੂੰ ਕੋਈ ਸੁਨੇਹਾ ਦੇਣਾ ਚਾਹੋਗੇ?

**ਜੁਆਬ:** ਮੇਰਾ ਤਾਂ ਇਤਨਾ ਕੁ ਹੀ ਸੁਨੇਹਾ ਹੈ:-

**" ਅਪਨੀ ਮੱਟੀ ਪੇ ਚਲਨੇ ਕਾ ਸਲੀਕਾ ਸੀਖੋ।**
**ਸੰਗੇਮਰਮਰ ਪਰ ਚਲੋਗੇ ਤੋ ਫ਼ਿਸਲ ਜਾਓਗੇ।"**

ਜਿਸ ਕਮਰੇ ਵਿੱਚ ਬੈਠ ਕੇ ਮੈਡਮ ਬਾਵਾ ਜੀ ਨਾਲ ਉਨ੍ਹਾਂ ਦੀ ਕਲਾ ਅਤੇ ਜੀਵਨ ਬਾਰੇ ਚਰਚਾ ਕੀਤੀ ਜਾ ਰਹੀ ਸੀ ਉਹ ਕਮਰਾ ਵੱਖ ਵੱਖ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਵੱਲੋਂ ਉਨ੍ਹਾਂ ਨੂੰ ਮਿਲੀਆਂ ਟਰੌਫੀਆਂ ਅਤੇ ਸ਼ੀਲਡਾਂ ਨਾਲ ਭਰਿਆ ਪਿਆ ਸੀ, ਜਿਹੜਾ ਇਸ ਗੱਲ ਦੀ ਗਵਾਹੀ ਭਰਦਾ ਸੀ ਕਿ ਉਨ੍ਹਾਂ ਦੀ ਗਾਇਕੀ ਦੀ ਕਲਾ ਨੂੰ ਚਾਹੁਣ ਵਾਲਿਆਂ ਦੀ ਅੱਜ ਵੀ ਕੋਈ ਕਮੀ ਨਹੀਂ ਹੈ। ਟਰੌਫੀਆਂ ਦੀ ਗਿਣਤੀ ਏਨੀਂ ਜ਼ਿਆਦਾ ਸੀ ਕਿ ਰੱਖਣ ਨੂੰ ਕਮਰੇ ਵਿ'ਚ ਥਾਂ ਨਹੀਂ ਸੀ ਜਿਸ ਕਰਕੇ ਟਰੌਫੀਆਂ/ਸ਼ੀਲਡਾਂ

ਇੱਕ ਦੂਸਰੇ ਦੇ ਪਿੱਛੇ ਰੱਖੀਆਂ ਹੋਈਆਂ ਸਨ ਅਤੇ ਕਈ ਤਾਂ ਅੱਜ ਵੀ ਥਾਂ ਦੀ ਭਾਲ ਵਿੱਚ ਮੇਜ਼ਾਂ 'ਤੇ ਹੀ ਇੰਤਜ਼ਾਰ ਕਰ ਰਹੀਆਂ ਸਨ।

ਗੱਲਾਂ ਕਰਦਿਆਂ ਕਰਦਿਆ ਹੀ ਮੈਂ ਬਾਵਾ ਜੀ ਨੂੰ ਬੇਨਤੀ ਕੀਤੀ ਸੀ ਕਿ ਗਾਇਕੀ ਦੇ ਖ਼ੇਤਰ ਬਾਰੇ ਤੁਸੀਂ ਸਾਡੇ ਨਾਲੋਂ ਜ਼ਿਆਦਾ ਜਾਣਦੇ ਹੋ। ਕਈ ਵੇਰਾਂ ਅਸੀਂ ਵਿਚਾਰੇ ਜਾ ਰਹੇ ਵਿਸ਼ੇ ਦੇ ਉਸ ਪਹਿਲੂ ਨੂੰ ਅਣਛੂਹਿਆ ਹੀ ਛੱਡ ਜਾਂਦੇ ਹਾਂ ਜਿਹੜਾ ਵਿਸ਼ੇ ਦਾ ਮੁੱਖ ਧੁਰਾ ਹੁੰਦਾ ਹੈ। ਜੇਕਰ ਤੁਹਾਡੇ ਮਨ ਵਿੱਚ ਕੋਈ ਅਜਿਹਾ ਪੱਖ ਕਹਿਣਾ ਬਾਕੀ ਰਹਿ ਗਿਆ ਹੋਵੇ ਤਾਂ ਤੁਸੀਂ ਕਹਿ ਸਕਦੇ ਹੋ। ਹੱਸਦਿਆ ਹੋਇਆਂ ਬਾਵਾ ਜੀ ਨੇ ਉੱਤਰ ਦਿੱਤਾ ਸੀ ਕਿ ਮੇਰੀ ਜਾਚੇ ਗਾਇਕੀ ਦਾ ਹਰ ਪਹਿਲੂ ਘੋਖਿਆ ਗਿਆ ਹੈ। ਅੰਤ ਵਿੱਚ ਮੈਂ ਤਾਂ ਇਹ ਕਹਿ ਕੇ ਸਮਾਪਤ ਕਰਾਂਗੀ ਕਿ ਇਹ ਸਭ ਮੇਰੇ ਮਾਲਕ (ਈਸ਼ਵਰ) ਦੀ ਹੀ ਦੇਣ ਹੈ। ਜਿਸ ਤੇ ਉਹ ਮਿਹਰਬਾਨ ਹੁੰਦਾ ਹੈ ਉਸ ਨੂੰ ਇਹ ਸਭ ਕਰਨ ਦੀ ਤੌਫ਼ੀਕ ਵੀ ਬਖ਼ਸ਼ ਦਿੰਦਾ ਹੈ।

**ਮੇਰਾ ਮੁਝ ਮੇ ਕਿਛੁ ਨਹੀ ਜੋ ਕਿਛ ਹੈ ਸੋ ਤੇਰਾ॥**
**ਤੇਰਾ ਤੁਝ ਕੌ ਸਉਪਤੇ ਕਿਆ ਲਾਗੇ ਮੇਰਾ॥**

ਬਾਵਾ ਜੀ ਦਾ ਇਹ ਕਹਿਣਾ ਹੀ ਉਨ੍ਹਾਂ ਦੇ ਅੰਦਰ ਦਾ ਪ੍ਰਤੀਬਿੰਬ ਸੀ ਜਿਹੜਾ ਦੱਸਦਾ ਸੀ ਉਨ੍ਹਾਂ ਦਾ ਅੰਦਰਲਾ ਮਨੁੱਖ ਹਉਮੈ ਤੋਂ ਕੋਹਾਂ ਦੂਰ ਹੈ। ਕਲਾ ਦੀਆਂ ਬੁਲੰਦੀਆਂ ਤੇ ਪਹੁੰਚ ਕੇ ਵੀ ਉਹ ਇੱਕ ਫ਼ਕੀਰ ਵਰਗੀ ਸੋਚ ਧਾਰਨ ਕਰੀ ਬੈਠੀ ਕਲਾਕਾਰ ਹੈ। ਰੱਬ ਕਰੇ ਅਜਿਹੀਆਂ ਰੂਹਾਂ ਅਜਿਹੇ ਕਲਾਕਾਰ ਹਮੇਸ਼ਾਂ ਕਾਇਮ ਰਹਿਣ ਤਾਂ ਜੋ ਸਾਡਾ ਲੋਕ ਗਾਇਕੀ ਦਾ ਵੱਡਮੁੱਲਾ ਵਿਰਸਾ ਮਹਿਫ਼ੂਜ਼ ਹੱਥਾਂ ਵਿੱਚ ਸਾਂਭਿਆ ਰਹਿ ਸਕੇ। ਬੈਠੇ ਬੈਠੇ ਮੇਰੇ ਜ਼ਿਹਨ ਵਿੱਚ ਇੱਕ ਸ਼ਾਇਰ ਦੇ ਇਹ ਬੋਲ ਆ ਰਹੇ ਸਨ:

**"ਜਿਸ ਮੇਂ ਕੋਈ ਅਹਿਲੇ ਫ਼ਨ ਅਹਿਲੇ ਕਲਮ ਪੈਦਾ ਹੂਆ।**
**ਸਾਰੀ ਸਦੀਆਂ ਮਰ ਭੀ ਜਾਏਂ ਵੋਹ ਸਦੀ ਮਰਤੀ ਨਹੀਂ।"**

ਆਮੀਨ!

***

**ਵਾਤਾਵਰਣ ਪ੍ਰੇਮੀ ਅਤੇ ਸਮਾਜ ਸੇਵਕ:**

## ਵਾਤਾਵਰਣ ਦੇ ਪ੍ਰਦੂਸ਼ਣ ਨਾਲ ਜੂਝ ਰਿਹਾ ਬਾਬਾ



**ਸੰਤ ਬਲਬੀਰ ਸਿੰਘ ਜੀ 'ਸੀਚੇਵਾਲ'**

'ਨਰ ਸੇਵਾ ਹੀ ਨਰਾਇਣ ਸੇਵਾ' ਹੈ। ਕੁਦਰਤ ਵਿੱਚ ਹੀ ਕਾਦਰ ਹੈ ਅਤੇ ਕਾਦਰ ਵਿੱਚ ਹੀ ਕੁਦਰਤ ਹੈ। ਕਬੀਰ ਜੀ ਨੇ ਇਸ ਸੋਚ ਨੂੰ ਇਸ ਤਰ੍ਹਾਂ ਚਿੱਤਵਿਆ ਹੈ:

**''ਅਵਲਿ ਅਲਹੁ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ।**
**ਏਕ ਨੂਰ ਤੇ ਸਭ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥**

ਇਨਸਾਨ,ਕਾਦਰ ਦੀ ਰਚਨਾ ਦਾ ਇੱਕ ਵੱਡਮੁੱਲਾ ਸ਼ਾਹਕਾਰ ਹੈ। ਜੇਕਰ ਸਾਰੀ ਹੀ ਕਾਇਨਾਤ ਉਸ ਨੂਰ 'ਚੋਂ ਉਪਜੀ ਹੈ ਤਾਂ ਫਿਰ ਬੁਰਾ ਕੌਣ 'ਤੇ ਭਲਾ ਕੌਣ? ਮਨੁੱਖ ਦੀ ਆਪਣੀ ਹਉਮੈ ਅਤੇ ਕਬਜ਼ੇ ਦੀ ਲਾਲਸਾ ਹੀ ਸਾਰੇ ਪੁਆੜੇ ਦੀ ਜੜ੍ਹ ਹੈ। ਜੇਕਰ ਅਸੀਂ ਦੂਸਰੇ ਵਿੱਚ ਵੀ ਉਸੇ ਦਾ ਨੂਰ ਵੇਖਾਂਗੇ ਤਾਂ ਵੈਰ ਭਾਵਨਾ ਪੈਦਾ ਹੀ ਨਹੀਂ ਹੋਵੇਗੀ। ਇੱਕ ਮਨੁੱਖ ਇੱਕ ਹੈ ਜਦੋਂ ਕਿ ਉਸ ਵਰਗੇ ਹੋਰ ਬਹੁਤ ਸਾਰੇ ਮਨੁੱਖਾਂ ਦਾ ਸਮੂਹ ਪਰਿਵਾਰ ਅਖਵਾਉਣ ਲੱਗਦਾ ਹੈ। ਬਹੁਤ ਸਾਰੇ ਪਰਿਵਾਰਾਂ ਦਾ ਇਕੱਠ ਗਰਾਂ/ਪਿੰਡ ਅਤੇ ਸ਼ਹਿਰ ਅਤੇ ਇਵੇਂ ਹੀ ਜ਼ਿਆਦਾ ਸ਼ਹਿਰਾਂ ਦਾ ਇਕੱਠ ਦੇਸ਼ ਦਾ ਰੂਪ ਧਾਰਨ ਕਰ ਜਾਂਦਾ ਹੈ। ਨਾਲ ਨਾਲ ਹੀ ਮਨੁੱਖਾਂ ਦੀ ਸੰਖਿਆ ਵੀ ਵੱਧਦੀ ਜਾਂਦੀ ਹੈ,ਜਿਸ ਨੂੰ ਆਪਣੀ ਬੋਲੀ ਵਿੱਚ ਅਸੀਂ ਸਮਾਜ ਕਹਿੰਦੇ ਹਾਂ। ਇੱਕ ਦੂਸਰੇ ਪ੍ਰਤੀ ਪ੍ਰੇਮ-ਭਾਵਨਾ ਸਮਾਜ ਸੇਵਾ ਹੈ ਅਤੇ ਦੂਸਰੇ ਪ੍ਰਤੀ ਨਫ਼ਰਤ ਹੀ ਵਿਨਾਸ਼ ਦਾ ਬੀਜ਼ ਹੈ।

ਜੇਕਰ ਅਸੀਂ ਦੂਸਰੇ ਵਾਸਤੇ ਸੇਵਾ ਭਾਵਨਾ ਆਪਣੇ ਮਨ ਵਿੱਚ ਰੱਖਦੇ ਹਾਂ ਤਾਂ ਅਸਲੀ ਮਾਅਨਿਆਂ ਵਿੱਚ ਆਪਣਾ ਹੀ ਆਲਾ-ਦੁਆਲਾ ਖ਼ੁਸ਼ਹਾਲ ਬਣਾਉਣ ਵੱਲ ਕਦਮ ਚੁੱਕ ਰਹੇ ਹੁੰਦੇ ਹਾਂ। ਸਵੇਰੇ ਸ਼ਾਮ ਜਦੋਂ ਅਸੀਂ ਅਰਦਾਸ ਕਰਦੇ ਹਾਂ ਅਤੇ ਸਰਬੱਤ ਦੇ ਭਲੇ ਦੀ ਕਾਮਨਾ ਕਰਦੇ ਹਾਂ ਤਾਂ ਉਸ ਵਿੱਚ ਅਸੀਂ ਵੀ ਆਪਣੇ ਭਲੇ ਦੀ ਮੰਗ ਵਿੱਚ ਸ਼ਾਮਲ ਹੁੰਦੇ ਹਾਂ। ਅਧੁਨਿਕ ਯੁੱਗ ਵਿਗਿਆਨਕ ਯੁੱਗ ਹੈ ਜਿਸ ਵਿੱਚ ਮਸ਼ੀਨੀਕਰਨ ਦਾ ਬੋਲਬਾਲਾ ਹੈ। ਇਸ ਵਿਗਿਆਨ ਨੇ ਮਨੁੱਖ ਨੂੰ ਸੁਖ ਦੀਆਂ ਸੁਵਿਧਾਵਾਂ ਤਾਂ ਬਹੁਤ ਉੱਪਲਬਦ ਕਰਵਾ ਦਿੱਤੀਆਂ ਹਨ ਪਰ ਇਸ ਦੇ ਇਵਜ਼ ਵਿੱਚ ਉਸ ਦੀ ਮਾਨਸਿਕ ਸ਼ਾਂਤੀ ਉਸ ਤੋਂ ਖੋਹ ਲਈ ਹੈ। ਉਸ ਨੂੰ ਮਨੁੱਖ ਤੋਂ ਮਸ਼ੀਨ ਬਣਾ ਦਿੱਤਾ ਹੈ। ਮਨੁੱਖ ਦੀ ਪਦਾਰਥਵਾਦੀ ਸੋਚ ਨੇ ਉਸ ਨੂੰ ਵਹਿਸ਼ੀ ਅਤੇ ਸਵਾਰਥੀ ਬਣਾ ਦਿੱਤਾ ਹੈ।

ਅੱਜ ਦਾ ਮਨੁੱਖ ਕੁਦਰਤ ਨਾਲੋਂ ਟੁੱਟਦਾ ਜਾ ਰਿਹਾ ਹੈ। ਕੁਦਰਤ ਦੀਆਂ ਬਖ਼ਸ਼ੀਆਂ ਹੋਈਆਂ ਅਮੋਲਕ ਦਾਤਾਂ ਪਾਣੀ,ਹਵਾ,ਬਨਸਪਤੀ,ਜੰਗਲ-ਬੇਲੇ ਅਤੇ ਸਵੱਛ ਵਾਤਾਵਰਣ ਦਾ ਉਜਾੜਾ ਕਰਕੇ ਉਹ ਆਪਣੇ ਪੈਰਾਂ 'ਤੇ ਆਪ ਕੁਹਾੜੀ ਮਾਰ ਰਿਹਾ ਹੈ। ਪ੍ਰਦੂਸ਼ਣ ਅਜੋਕੇ ਸਮੇਂ ਦਾ ਵੱਡਾ ਸੰਤਾਪ ਹੈ ਜਿਹੜਾ ਅਸੀਂ ਤਾਂ ਹੰਢਾ ਹੀ ਰਹੇ ਹਾਂ ਸਗੋਂ ਆਪਣੀਆਂ ਆਉਣ ਵਾਲੀਆਂ ਨਸਲਾਂ ਨੂੰ ਵੀ ਅਸਾਧ ਬਿਮਾਰੀਆਂ ਵੱਲ ਧੱਕ ਰਹੇ ਹਾਂ। ਇਹ ਸਭ ਜਾਣਦਿਆਂ ਹੋਇਆਂ ਵੀ ਕਿ ਇੱਕ ਦਿਨ ਇਹ ਪ੍ਰਦੂਸ਼ਣ ਦਾ ਵਿਕਰਾਲ ਰੂਪ ਭਾਵੇਂ ਉਹ ਪਾਣੀ ਦਾ ਪ੍ਰਦੂਸ਼ਣ ਹੈ ਜਾਂ ਹਵਾ ਦਾ ਹੈ ਸਾਨੂੰ ਨਿਗਲ ਜਾਵੇਗਾ,ਇਸ ਵਿੱਚ ਹੋਰ ਵਾਧਾ ਕਰੀ ਜਾ ਰਹੇ ਹਾਂ। ਰੁੱਖਾਂ ਦੀ ਬੇਲੋੜੀ ਕਟਾਈ,ਕਾਰਖ਼ਾਨਿਆਂ ਦੇ ਧੂੰਏਂ ਦੇ ਗ਼ੁਬਾਰਾਂ ਦਾ ਹਵਾ ਵਿੱਚ ਫੈਲਣਾ,ਕਾਰਖ਼ਾਨਿਆਂ ਦੇ ਕੈਮੀਕਲਜ਼ ਭਰਪੂਰ ਕੱਢੇ ਗਏ ਗੰਦੇ ਪਾਣੀਆਂ ਦਾ ਦਰਿਆਵਾਂ ਦੇ ਪਾਣੀ ਵਿੱਚ ਰਲਣਾ,ਸਾਡੇ ਪਾਣੀ ਦੇ ਸਰੋਤਾਂ ਵਿੱਚ ਜ਼ਹਿਰ ਘੋਲ ਰਿਹਾ ਹੈ।

ਇਸੇ ਸਾਲ ਮਾਰਚ ਵਿੱਚ ਬ੍ਰਿਟਿਸ਼ ਅੰਟਾਰਕਟਿਕਾ ਸਰਵੇਖਣ ਨੇ ਅੰਟਾਰਕਟਿਕਾ ਦੇ ਉਪਰ ਓਜ਼ੋਨ ਗੈਸ ਦੀ ਪਰਤ 'ਚ ਇੱਕ ਛੇਕ ਲੱਭਿਆ ਸੀ। ਧਰਤੀ ਤੋਂ ਉੱਪਰ 24 ਤੋਂ 40 ਕਿਲੋਮੀਟਰ ਦੇ ਖ਼ੇਤਰ 'ਚ ਬਣਿਆ ਸੁਰੱਖ਼ਿਆ ਕਵਚ ਭਾਵ ਓਜ਼ੋਨ ਪਰਤ ਸੂਰਜ ਤੋਂ ਆਉਣ ਵਾਲੀਆਂ ਪਰਾਬੈਂਗਣੀ ਕਿਰਨਾਂ ਨੂੰ ਸੋਖ

ਲੈਂਦੀ ਹੈ। ਓਜ਼ੋਨ ਇੱਕ ਤਰ੍ਹਾਂ ਦੀ ਔਕਸੀਜ਼ਨ ਹੈ। ਸੂਰਜ ਦੀਆਂ ਪਰਾਬੈਂਗਣੀ ਕਿਰਨਾਂ ਨਾਲ ਮਨੁੱਖ 'ਚ ਕੈਂਸਰ ਹੋ ਸਕਦਾ ਹੈ। ਕਾਰਬਨਜ਼ (C.F.C) ਨਾਮੀਂ ਰਸਾਇਣ ਦਾ ਪੈਦਾ ਹੋਣਾ ਓਜ਼ੋਨ ਨੂੰ ਨਸ਼ਟ ਕਰ ਰਿਹਾ ਹੈ ਅਤੇ ਘਾਤਕ ਪਰਾਬੈਂਗਣੀ ਕਿਰਣਾਂ ਨੂੰ ਧਰਤੀ 'ਤੇ ਪਹੁੰਚਾ ਰਿਹਾ ਹੈ। ਇਸ ਘਾਤਕ ਅਤੇ ਮਾਰੂ ਹਮਲੇ ਪ੍ਰਤੀ ਸੁਚੇਤ ਕਰ ਰਿਹਾ ਹੈ ਇੱਕ ਸਮਾਜ ਸੇਵਕ ਅਤੇ ਵਾਤਾਵਰਣ ਪ੍ਰੇਮੀ ਜਿਸ ਨਾਲ ਕੀਤੀ ਇੰਟਰਵਿਊ ਦਾ ਸਾਰਅੰਸ਼ ਪਾਠਕਾਂ ਨਾਲ ਸਾਂਝਾ ਕਰ ਰਿਹਾ ਹਾਂ। ਇਹ ਸਮਾਜ ਸੇਵਕ ਅਤੇ ਵਾਤਾਵਰਣ ਪ੍ਰੇਮੀ ਕੋਈ ਹੋਰ ਨਹੀਂ ਤੁਹਾਡਾ ਜਾਣਿਆਂ-ਪਹਿਚਾਣਿਆਂ ਹੀ ਹੈ, ਬਾਬਾ ਬਲਬੀਰ ਸਿੰਘ ਜੀ 'ਸੀਚੇਵਾਲ' ਜਿਹੜਾ ਸਮੁੱਚੇ ਪ੍ਰਦੂਸ਼ਣ ਦੀ ਰੋਕਥਾਮ ਲਈ ਜੂਝ ਰਿਹਾ ਹੈ।

**ਸੁਆਲ:** ਇਸ ਤੋਂ ਪਹਿਲਾਂ ਕਿ ਅਸੀਂ ਤੁਹਾਡੇ ਸਮਾਜ ਸੇਵਾ ਦੇ ਕੰਮਾਂ ਦਾ ਜ਼ਿਕਰ ਕਰੀਏ ਮੈਂ ਚਾਹੁੰਦਾ ਹਾਂ ਕਿ ਪਾਠਕਾਂ ਦੀ ਜਾਣਕਾਰੀ ਲਈ ਤੁਹਾਡੇ ਨਿੱਜੀ ਜੀਵਨ 'ਤੇ ਇੱਕ ਝਾਤ ਪਾ ਲਈ ਜਾਵੇ। ਕੀ ਤੁਸੀਂ ਆਪਣੇ ਮੁਢਲੇ ਜੀਵਨ ਬਾਰੇ ਕੁਝ ਦੱਸੋਗੇ?

**ਜੁਆਬ:** ਮੇਰਾ ਜਨਮ 2 ਫਰਵਰੀ,1962 ਨੂੰ ਸ. ਚੰਨਣ ਸਿੰਘ ਜੀ ਦੇ ਘਰ,ਮਾਤਾ ਚੰਨਣ ਕੌਰ ਜੀ ਦੀ ਕੁੱਖੋਂ,ਪਿੰਡ ਸੀਚੇਵਾਲ,ਜ਼ਿਲ੍ਹਾ ਜਲੰਧਰ ਵਿੱਚ ਹੋਇਆ। ਮੇਰੇ ਪ੍ਰੀਵਾਰ ਵਿੱਚ ਮੇਰੇ ਤੋਂ ਇਲਾਵਾ ਮੇਰੇ ਦੋ ਹੋਰ ਭਰਾ ਅਤੇ ਤਿੰਨ ਭੈਣਾਂ ਵੀ ਹਨ।

**ਸੁਆਲ:** ਹੁਣ ਤੁਸੀਂ ਆਪਣੀ ਵਿੱਦਿਅਕ ਯੋਗਤਾ ਬਾਰੇ ਵੀ ਦੱਸੋ ਕਿ ਤੁਸੀਂ ਕਿੱਥੋਂ ਕਿੱਥੋ ਵਿੱਦਿਆ ਪ੍ਰਾਪਤ ਕੀਤੀ ਅਤੇ ਕਿੱਥੋਂ ਤੱਕ ਪੜ੍ਹਾਈ ਕੀਤੀ ਹੈ?

**ਜੁਆਬ:** ਮੈਂ ਆਪਣੀ ਪ੍ਰਾਇਮਰੀ ਦੀ ਪੜ੍ਹਾਈ ਆਪਣੇ ਹੀ ਪਿੰਡ ਸੀਚੇਵਾਲ ਦੇ ਸਰਕਾਰੀ ਪ੍ਰਾਇਮਰੀ ਸਕੂਲ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਤਲਵੰਡੀ ਮਾਧੋ ਤੋਂ ਕੀਤੀ ਹੈ। ਦਸਵੀਂ ਜਮਾਤ ਮੈਂ ਸਰਕਾਰੀ ਸਕੂਲ ਨਿਹਾਲੂਵਾਲ ਜ਼ਿਲ੍ਹਾ ਜਲੰਧਰ ਦੇ ਸਕੂਲ ਤੋਂ ਕੀਤੀ ਹੈ। ਉੱਚ ਵਿੱਦਿਆ ਪ੍ਰਾਪਤੀ ਵਾਸਤੇ ਮੈਂ ਡੀ.ਏ. ਵੀ. ਕਾਲਜ ਨਕੋਦਰ, ਜ਼ਿਲ੍ਹਾ ਜਲੰਧਰ ਵਿੱਚ ਦਾਖਲਾ ਲਿਆ ਸੀ ਪਰ ਮੇਰੇ ਅੰਦਰੇ ਸਮਾਜ ਸੇਵਾ ਦੇ ਜਜ਼ਬੇ ਨੇ ਮੈਨੂੰ ਪੜ੍ਹਾਈ ਜਾਰੀ ਨਹੀਂ ਸੀ ਰੱਖਣ ਦਿੱਤੀ। ਸੰਨ 1981 ਵਿੱਚ ਮੈਂ ਆਪਣੀ ਪੜ੍ਹਾਈ ਵਿੱਚਾਲੇ ਹੀ ਛੱਡ ਬੀ.ਏ ਪਾਸ ਕਰਨ ਤੋਂ ਬਿਨਾਂ ਹੀ ਸਮਾਜ ਸੇਵਾ ਦੇ ਕੰਮਾਂ ਵਿੱਚ ਜੁੱਟ ਪਿਆ ਸਾਂ।

**ਸੁਆਲ:** ਸਮਾਜ ਸੇਵਾ ਦੇ ਕਾਰਜਾਂ ਵੱਲ ਪ੍ਰੇਰਤ ਕਰਨ ਵਾਲਾ ਉਹ ਕਿਹੜਾ ਸਰੋਤ ਸੀ ਜਿਸ ਨੇ ਤੁਹਾਨੂੰ ਆਪਣੀ ਪੜ੍ਹਾਈ ਵਿੱਚੇ ਹੀ ਅਧੂਰੀ ਛੱਡ ਇਸ ਪਾਸੇ ਮੋੜ ਲਿਆ ਸੀ?

**ਜੁਆਬ:** ਸ੍ਰੀਮਾਨ ਸੰਤ ਅਵਤਾਰ ਸਿੰਘ ਜੀ,ਜਿਨ੍ਹਾਂ ਦੀ ਸੰਗਤ ਹੋਣ ਨਾਲ ਸਾਨੂੰ ਪਤਾ ਲੱਗਾ ਕਿ ਸਾਡੇ ਜੀਵਨ ਦਾ ਅਸਲੀ ਮਨੋਰਥ ਕੀ ਹੈ। ਸਾਡਾ ਇਸ ਦੁਨੀਆਂ 'ਤੇ ਆਉਣਾ ਕਿਸ ਵਾਸਤੇ ਹੋਇਆ। ਅਸੀਂ ਖਾਣ-ਪੀਣ ਅਤੇ ਪਹਿਨਣ ਤੱਕ ਹੀ ਸੀਮਿਤ ਨਹੀਂ। ਸਾਡੀਆਂ ਸਮਾਜ ਅਤੇ ਆਪਣੇ ਪ੍ਰਤੀ ਕੀ ਜਿੰਮੇਂਵਾਰੀਆਂ ਹਨ। ਸਾਡੇ ਜੀਵਨ ਦਾ ਲਖ਼ਸ਼ ਕੀ ਹੈ। ਜਦੋਂ ਇਹ ਪਤਾ ਲੱਗਾ ਤਾਂ ਅਸੀਂ ਇਸ ਪਾਸੇ ਵੱਲ ਪਏ। ਇਹ ਸਾਡਾ ਮਨੁੱਖਾ ਜਨਮ ਹੈ। ਅਸਾਂ ਵਾਰ ਵਾਰ ਦੁਨੀਆਂ 'ਤੇ ਨਹੀਂ ਆਉਣਾ।ਇਹ ਬਾਰ ਬਾਰ ਨਹੀਂ ਮਿਲਣ ਵਾਲਾ। ਜੇ ਅਸੀਂ ਆਪਣੇ ਜੀਵਨ ਨੂੰ ਸਹੀ ਦਿਸ਼ਾ ਵੱਲ ਨਹੀਂ ਲਾਉਂਦੇ ਤਾਂ ਇਹ ਜੀਵਨ ਵਿਅਰਥ ਹੈ। ਇਸ ਲਈ ਮਹਾਂ ਪੁਰਸ਼ਾਂ ਦੀ ਸੰਗਤ,ਸ੍ਰੀਮਾਨ ਸੰਤ ਅਵਤਾਰ ਸਿੰਘ ਦੀ ਦੀ ਸੰਗਤ ਨਾਲ ਸਾਨੂੰ ਇਹ ਪਤਾ ਲੱਗਾ ਅਤੇ ਅਸੀਂ ਇਹ ਸਮਾਜ ਸੇਵਾ ਦਾ ਰਸਤਾ ਅਖ਼ਤਿਆਰ ਕੀਤਾ ਹੈ।

**ਸੁਆਲ:** ਕੀ ਤੁਹਾਡੇ ਮਾਪਿਆਂ ਨੇ ਤੁਹਾਨੂੰ ਗ੍ਰਹਿਸਤ ਜੀਵਨ ਦੇ ਸੰਸਾਰਿਕ ਬੰਧਨਾਂ ਵਿੱਚ ਬੱਝਣ ਵਾਸਤੇ ਮਜ਼ਬੂਰ ਨਹੀਂ ਸੀ ਕੀਤਾ?

**ਜੁਆਬ:** ਸਾਨੂੰ ਇਸ ਤਰ੍ਹਾਂ ਕਿਸੇ ਨੇ ਮਜ਼ਬੂਰ ਨਹੀਂ ਸੀ ਕੀਤਾ। ਅਸੀਂ ਆਪਣੀ ਸਵੈ-ਇੱਛਾ ਨਾਲ ਇਸ ਪਾਸੇ ਆਏ ਹਾਂ ਕਿਉਂਕਿ ਪਰਿਵਾਰ ਵਿੱਚ ਅਜਿਹਾ ਕੁਝ ਨਹੀਂ ਹੋਇਆ ਅਤੇ ਨਾ ਹੀ ਅੱਜ ਤੱਕ ਸਾਨੂੰ ਕਿਸੇ ਨੇ ਮਜ਼ਬੂਰ ਕੀਤਾ ਹੈ। ਇਸ ਲਾਇਨ ਨੂੰ ਧਾਰਨ ਕਰਨਾ ਸਾਡੀ ਆਪਣੀ ਇੱਛਾ ਹੈ।

**ਸੁਆਲ:** ਸਮਾਜ ਸੇਵਾ ਕਰਨ ਦੇ ਹੋਰ ਵੀ ਕਈ ਤਰੀਕੇ ਹਨ,ਜਿਵੇਂ ਬੀਮਾਰ ਅਤੇ ਲਾਚਾਰ ਲੋਕਾਂ ਦੀ ਸੇਵਾ ਕਰਨਾ,ਗਰੀਬ ਕੰਨਿਆਵਾਂ ਦੀਆਂ ਸ਼ਾਦੀਆਂ ਕਰਵਾਉਣੀਆਂ ਆਦਿ। ਤੁਸੀਂ ਪ੍ਰਦੂਸ਼ਣ ਦੀ ਸਮੱਸਿਆ ਨੂੰ ਹੀ ਕਿਉਂ ਆਪਣਾ ਕਾਰਜ ਖੇਤਰ ਬਣਾਇਆ ਹੈ?

**ਜੁਆਬ:** ਮੈਂ ਸਮਝਦਾ ਹਾਂ ਕਿ ਸਾਰੀਆਂ ਬਿਮਾਰੀਆਂ ਜਿਨ੍ਹਾਂ ਵਿੱਚ ਅਸੀਂ ਗਰੱਸੇ ਹੋਏ ਹਾਂ ਇਨ੍ਹਾਂ ਸਭ ਦਾ ਮੁੱਖ ਕਾਰਨ ਵੀ ਪ੍ਰਦੂਸ਼ਣ ਹੀ ਹੈ। ਦੂਸਰੀਆਂ ਸਮਾਜਿਕ ਬੁਰਾਈਆਂ ਨੂੰ ਵੀ ਅਸਾਨੂੰ ਪ੍ਰਦੂਸ਼ਣ ਵਿੱਚ ਹੀ ਗਿਣਨਾ ਚਾਹੀਦਾ ਹੈ। ਇਹ ਵੀ ਇੱਕ ਸਮਾਜਿਕ ਪ੍ਰਦੂਸ਼ਣ ਆ। ਜਿਹੜਾ ਏਹ ਵਾਤਾਵਰਣ ਦਾ ਪ੍ਰਦੂਸ਼ਣ ਹੈ ਇਸ ਵਿੱਚ ਪਸ਼ੂ-ਪੰਛੀ, ਮਨੁੱਖ ਅਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਸ਼ਾਮਲ ਹਨ ਜਿਨ੍ਹਾਂ ਵਾਸਤੇ ਵੀ ਇਹ ਘਾਤਿਕ ਰੂਪ ਧਾਰਨ ਕਰਦਾ ਜਾ ਰਿਹਾ ਸੀ। ਜੇਕਰ ਸਾਡੇ ਪਾਣੀ ਅਤੇ ਕੁਦਰਤੀ ਸੋਮੇ ਨਾ ਬਚੇ ਤਾਂ ਸਾਡਾ ਭਵਿੱਖ ਖ਼ਤਰੇ ਵਿੱਚ ਪੈ ਜਾਵੇਗਾ। ਬਿਮਾਰ ਅਤੇ ਲਾਚਾਰ ਲੋਕਾਂ ਦੀ ਦਵਾ-ਬੂਟੀ ਕਰਨੀ ਵੀ ਵਧੀਆ ਗੱਲ ਹੈ। ਗ਼ਰੀਬ ਕੰਨਿਆਂਵਾਂ ਦੀਆਂ ਸ਼ਾਦੀਆਂ ਕਰਨੀਆਂ ਵੀ ਬਹੁਤ ਵਧੀਆ ਗੱਲ ਹੈ, ਜਿਹੜੀ ਕਿ ਅਸੀਂ

ਸਮਾਜ ਵਿੱਚ ਹੁਣ ਵੀ ਕਰਦੇ ਹਾਂ। ਜਿੰਨਾਂ ਚਿਰ ਸਾਡੇ ਕੋਲ ਤੰਦਰੁਸਤੀ ਨਹੀਂ ਉਨਾਂ ਚਿਰ ਸਾਡੇ ਕਾਰਜ ਵੀ ਅਧੂਰੇ ਹਨ। ਇਹ ਮੁੱਦਾ ਬਹੁਤ ਗੰਭੀਰ ਸੀ,ਜਿਸ ਨੂੰ ਕਿਸੇ ਨੇ ਅਜੇ ਤੱਕ ਛੋਹਿਆ ਨਹੀਂ ਸੀ ਅਤੇ ਨਾ ਹੀ ਸਰਕਾਰਾਂ ਅਤੇ ਪ੍ਰਸ਼ਾਸਨ ਦਾ ਇਸ ਮੁੱਦੇ ਵੱਲ ਕੋਈ ਧਿਆਨ ਸੀ। ਇਸ ਲਈ ਗੁਰਬਾਣੀ ਦੇ ਮਹਾਂਵਾਕ **ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ** ਨੂੰ ਮੁੱਖ ਰੱਖ ਕੇ ਇਸ ਕਾਰਜ ਨੂੰ ਛੋਹਿਆ।

**ਸੁਆਲ:** ਜਿੱਥੋਂ ਤੱਕ ਮੇਰੀ ਜਾਣਕਾਰੀ ਹੈ ਤੁਸੀਂ ਗੁਰਬਾਣੀ ਨੂੰ ਹੀ ਆਪਣੇ ਜੀਵਨ ਦਾ ਆਸ਼ਾ ਮੰਨਦੇ ਹੋ ਅਤੇ ਸਾਰੇ ਕਾਰਜ ਉਸੇ ਦੀ ਸੇਧ ਅਨੁਸਾਰ ਕਰਦੇ ਹੋ। ਸੰਤ ਭਾਸ਼ਾ ਵਿੱਚ ਜਾਂ ਗੁਰਬਾਣੀ ਦੇ ਆਸ਼ੇ ਅਨੁਸਾਰ ਤੁਸੀਂ ਸੇਵਾ ਦੇ ਕੀ ਅਰਥ ਲੈਂਦੇ ਹੋ?

**ਜੁਆਬ:** ਗੁਰਬਾਣੀ ਦਾ ਫੁਰਮਾਨ ਹੈ: **"ਸੇਵਾ ਕਰਤ ਹੋਇ ਨਿਹਕਾਮੀ ਤਿਸ ਕੋ ਹੋਤ ਪਰਾਪਤ ਸਵਾਮੀ॥** ਸੇਵਾ ਕਰਨਾ ਅਸਲ ਵਿੱਚ ਪ੍ਰਭੂ ਭਗਤੀ ਦਾ ਹੀ ਮਾਰਗ ਹੈ। ਨਰ ਸੇਵਾ ਹੀ ਨਰਾਇਣ ਸੇਵਾ ਹੈ ਕਿਉਂਕਿ ਗੁਰਬਾਣੀ ਦਾ ਫੁਰਮਾਨ ਹੈ: **"ਘਟ ਘਟ ਮੇ ਹਰਜੂ ਬਸੇ ਸੰਤਨ ਕਹਿਤ ਪੁਕਾਰ॥ "ਬਲਿਹਾਰੀ ਕੁਦਰਤ ਵਸਿਆ ਤੇਰਾ ਅੰਤ ਨਾ ਜਾਈ ਲਖਿਆ॥** ਕੁਦਰਤ ਦੇ ਵਿੱਚ ਹੀ ਪਰਮਾਤਮਾ ਦਾ ਵਾਸਾ ਹੈ ਅਤੇ ਅਸੀਂ ਗੁਰਬਾਣੀ ਆਸ਼ੇ ਅਨੁਸਾਰ ਕੁਦਰਤ ਨਾਲ ਜੁੜੇ ਹੋਏ ਹਾਂ। ਇਸੇ ਰਾਹੀਂ ਅਸੀਂ ਰੱਬ ਨਾਲ ਜੁੜ ਸਕਦੇ ਹਾਂ। ਜੇਕਰ ਅਸੀਂ ਕੁਦਰਤ ਨਾਲੋਂ ਟੁੱਟ ਗਏ ਤਾਂ ਪ੍ਰਭੂ ਦੀ ਪ੍ਰਾਪਤੀ ਸੰਭਵ ਨਹੀਂ। ਇਸ ਵਾਸਤੇ ਅਸੀਂ ਕੁਦਰਤ ਵੱਲ ਨੂੰ ਅਤੇ ਸਮਾਜ ਸੇਵਾ ਵੱਲ ਨੂੰ ਆਪਣਾ ਰੁਝਾਨ ਮੋੜਿਆ ਕਿਉਂਕਿ **"ਖ਼ਾਲਕ ਖ਼ਲਕ ਖ਼ਲਕ ਮੇ ਖ਼ਾਲਕ॥** ਜੇ ਖ਼ਲਕਤ ਦੁਖੀ ਹੈ ਤਾਂ ਖ਼ਲਕਤ ਨੂੰ ਸਾਡੀ ਲੋੜ ਹੈ ਅਤੇ ਜੇਕਰ ਅਸੀਂ ਮੂਕ ਦਰਸ਼ਕ ਬਣ ਕੇ ਵੇਖਦੇ ਰਹੀਏ ਅਤੇ ਖ਼ਲਕਤ ਲਈ ਕੁਝ ਨਾ ਕਰੀਏ ਤਾਂ ਅਸੀਂ ਆਪਣੇ ਜੀਵਨ ਆਸ਼ੇ ਤੋਂ ਦੂਰ ਜਾ ਰਹੇ ਹੁੰਦੇ ਹਾਂ। ਇਸ ਲਈ ਲੋਕਾਈ ਵਾਸਤੇ, ਆਪਣੇ ਸਮਾਜ ਦੀ ਸੇਵਾ ਵਾਸਤੇ ਅਸੀਂ ਇਸ ਕਾਰਜ ਨੂੰ ਚੁਣਿਆਂ ਸੀ।

**ਸੁਆਲ:** ਕਾਲੀ ਵੇਈਂ ਨੂੰ ਪ੍ਰਦੂਸ਼ਣ ਰਹਿਤ ਕਰਨ ਦਾ ਖਿਆਲ ਤੁਹਾਡੇ ਮਨ ਵਿੱਚ ਕਿਵੇਂ ਆਇਆ? ਇਸ ਕਾਰਜ ਨੂੰ ਸੰਪਨ ਕਰਨ ਵਾਸਤੇ ਰਸਤੇ ਵਿੱਚ ਆਈਆਂ ਔਕੜਾਂ ਅਤੇ ਸਵਾਰਥੀ ਲੋਕਾਂ ਵੱਲੋਂ ਕੀਤੇ ਵਿਰੋਧ ਦਾ ਤੁਸਾਂ ਸਾਹਮਣਾ ਕਿਵੇਂ ਕੀਤਾ? ਜ਼ਰਾ ਇਸ ਬਾਰੇ ਵਿਸਥਾਰ ਨਾਲ ਦਸੋ?

**ਜੁਆਬ:** ਕਾਲੀ ਵੇਈਂ ਦਾ ਕਾਰਜ ਇੱਕ ਇਤਿਹਾਸਕ ਕਾਰਜ ਹੈ। ਕਿਉਂਕਿ ਗੁਰੂ ਪਾਤਸ਼ਾਹ ਨੇ ਇਸ ਵੇਈਂ ਵਿੱਚ ਟੁੱਬੀ ਲਾ ਕੇ ਇਲਾਹੀ ਬਾਣੀ ਉਚਾਰਣ ਕੀਤੀ ਸੀ। ਜਦੋਂ ਹਰ ਕੋਈ ਸੁਲਤਾਨਪੁਰ ਦਰਸ਼ਨਾ ਲਈ ਆਉਂਦਾ ਸੀ ਤਾਂ ਦੁਖੀ ਹੋ ਕੇ ਜਾਂਦਾ ਸੀ। ਜਿਸ ਪਵਿੱਤਰ ਵੇਈਂ ਵਿੱਚ ਗੁਰੂ ਨਾਨਕ ਪਾਤਸ਼ਾਹ ਇਸ਼ਨਾਨ ਕਰਦੇ ਰਹੇ ਸੀ, ਉਸ ਨੂੰ ਅਸੀਂ ਹੁਣ ਗੰਦੇ ਨਾਲੇ ਦੇ ਰੂਪ ਵਿੱਚ ਵੇਖ ਰਹੇ ਸੀ। ਮਨ ਵਿੱਚ ਬੜਾ ਦੁੱਖ ਹੋਇਆ ਕਿ ਜੇਕਰ ਅਸੀਂ ਪਵਿੱਤਰ ਅਸਥਾਨਾਂ ਦੀ ਏਸੇ ਤਰ੍ਹਾਂ ਅਣਦੇਖੀ ਕਰਦੇ ਰਹੇ ਜਾਂ ਇਸ ਨੂੰ ਨਾ ਸੰਵਾਰਿਆ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ(ਨਸਲਾਂ) ਸਾਨੂੰ ਇਸ ਗੱਲ ਲਈ ਕਦੇ ਮੁਆਫ਼ ਨਹੀਂ ਕਰਨਗੀਆਂ ਅਤੇ ਉਨ੍ਹਾਂ ਨੂੰ ਦੁੱਖ ਹੋਵੇਗਾ ਕਿ ਉਨ੍ਹਾਂ ਦੇ ਵਡੇਰਿਆਂ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਇਸ ਇਤਿਹਾਸਕ ਵਿਰਸੇ ਤੋਂ ਵਾਂਝਾ ਕਰ ਦਿੱਤਾ ਹੈ। ਇਸੇ ਨੂੰ ਮੁੱਖ ਰੱਖ ਕੇ ਕਾਲੀ ਵੇਈਂ ਦੀ ਸੇਵਾ ਦਾ ਕਾਰਜ ਆਰੰਭਿਆ ਗਿਆ ਸੀ। ਜਦੋਂ ਕੋਈ ਵੀ ਕਾਰਜ ਆਰੰਭ ਕਰਦੇ ਹਾਂ ਤਾਂ ਉਸ ਵਿੱਚ ਔਕੜਾਂ ਵੀ ਆਉਂਦੀਆਂ ਹਨ। ਇਹ ਔਕੜਾਂ ਉਸ ਕਾਰਜ ਦਾ ਇੱਕ ਹਿੱਸਾ ਹੁੰਦੀਆਂ ਹਨ। ਔਕੜਾਂ ਨੂੰ ਉਸ ਦਾ ਇੱਕ ਹਿੱਸਾ ਮੰਨ ਕੇ ਚੱਲਣਾਂ ਚਾਹੀਦਾ ਹੈ। ਇਹ ਨਹੀਂ ਕਿ ਉਨ੍ਹਾਂ ਤੋਂ ਪਿੱਛੇ ਹਟ ਜਾਣਾ ਹੁੰਦਾ ਹੈ। ਹਰ ਕਾਰਜ ਵਿੱਚ ਔਕੜਾਂ ਆਉਂਦੀਆਂ ਹੀ ਹਨ। ਜੇਕਰ ਸਾਡੇ ਅੰਦਰ ਉਸ ਕਾਰਜ ਦੀ ਸੰਪੂਰਨਤਾ ਵਾਸਤੇ ਜ਼ਜਬਾ ਹੈ ਤਾਂ ਇਹ ਆਈਆਂ ਹੋਈਆਂ ਔਕੜਾਂ ਦੂਰ ਵੀ ਹੋ ਜਾਂਦੀਆਂ ਹਨ। ਔਕੜਾਂ ਆਈਆਂ ਵੀ ਅਤੇ ਦੂਰ ਵੀ ਹੋ ਗਈਆਂ। ਇਹ ਵੀ ਉਸ ਕਾਰਜ ਦਾ ਇੱਕ ਪਾਰਟ ਸੀ,ਉਸ ਦਾ ਇੱਕ ਹਿੱਸਾ ਸੀ।

**ਸੁਆਲ:** ਕਾਲੀ ਵੇਈਂ ਨੂੰ ਪ੍ਰਦੂਸ਼ਣ ਰਹਿਤ ਕਰਨ ਦਾ ਕਾਰਜ ਜਿਸ ਨੂੰ **"ਕਾਲੀ ਵੇਈਂ ਦਾ ਕੁੰਭ"** ਦੇ ਨਾਂ ਨਾਲ ਜਾਣਿਆਂ ਜਾਂਦਾ ਹੈ। ਕੀ ਤੁਹਾਡੇ ਇਸ ਪ੍ਰਯੋਗ ਦਾ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ?

**ਜੁਆਬ:** ਇਹ ਇੱਕ ਪਵਿੱਤਰ ਕਾਰਜ ਸੀ। ਇਕੱਲੀ ਵੇਈਂ ਦੀ ਸਫ਼ਾਈ ਪ੍ਰਤੀ ਹੀ ਲੋਕਾਂ ਵਿੱਚ ਜਾਗਰੂਕਤਾ ਨਹੀਂ ਆਈ ਸਗੋਂ ਜਿੱਥੇ ਜਿੱਥੇ ਵੀ ਸਾਡੇ ਕੁਦਰਤੀ ਜਲ ਸਰੋਤ ਨਦੀਆਂ-ਦਰਿਆ ਅਤੇ ਨਾਲੇ ਹਨ ਉਨ੍ਹਾਂ ਨੂੰ ਵੀ ਪ੍ਰਦੂਸ਼ਣ ਰਹਿਤ ਕਰਨ ਲਈ ਲੋਕਾਂ ਵਿੱਚ ਚੇਤਨਾ ਪੈਦਾ ਹੋਈ ਹੈ,ਲੋਕਾਂ ਵਿੱਚ ਜਾਗ੍ਰਤੀ ਆਈ ਹੈ। ਸਰਕਾਰ ਅਤੇ ਪ੍ਰਸ਼ਾਸਨ ਵੀ ਜਾਗੇ ਹਨ। ਜਦੋਂ ਇਹ ਸੇਵਾ ਸ਼ੁਰੂ ਹੋਈ ਸੀ ਤਾਂ ਭਾਰਤ ਦੇ ਉਸ ਸਮੇਂ ਦੇ ਰਾਸ਼ਟਰਪਤੀ ਵੀ ਇੱਥੇ ਆਏ ਸੀ। ਉਨ੍ਹਾਂ ਦੀ ਪਹਿਲ ਕਦਮੀ ਨਾਲ ਸਕੂਲਾਂ ਕਾਲਜਾਂ ਵਿੱਚ ਵਾਤਾਵਰਣ ਦਾ ਵਿਸ਼ਾ ਇੱਕ ਲਾਜ਼ਮੀ ਵਿਸ਼ੇ ਦੇ ਤੌਰ ਤੇ ਲਾਗੂ ਹੋਇਆ ਹੈ ਤਾਂ ਜੋ ਬੱਚਿਆਂ ਵਿੱਚ ਵਾਤਾਵਰਣ ਦੀ ਅਹਿਮੀਅਤ ਬਚਪਨ ਤੋਂ ਹੀ ਉਨ੍ਹਾਂ ਦੇ ਮਨਾਂ ਅੰਦਰ ਬਣੇ ਅਤੇ ਉਨ੍ਹਾਂ ਦੀ ਪੜ੍ਹਾਈ ਦਾ ਵਿਸ਼ਾ ਬਣੇ। ਇਹ ਸਭ ਕੁਝ ਏਸੇ ਹੀ ਚੇਤਨਾ ਦਾ ਹੀ ਰੀਜ਼ਲਟ(ਨਤੀਜਾ) ਹੈ।

**ਸੁਆਲ:** ਕੀ ਪ੍ਰਦੂਸ਼ਣ ਕਾਰਜਾਂ ਤੋਂ ਇਲਾਵਾ ਵੀ ਤੁਸੀਂ ਕਿਸੇ ਹੋਰ ਖੇਤਰ ਵਿੱਚ ਲੋਕ ਭਲਾਈ ਜਾਂ ਸਮਾਜ ਸੇਵਾ ਦੇ ਕੰਮ ਕੀਤੇ ਹਨ?

**ਜੁਆਬ:** ਹਾਂ। ਮੈਂ ਵੇਖਿਆ ਸੀ ਕਿ ਪਿੰਡਾਂ ਵਿੱਚ ਹੋਰ ਬਹੁਤ ਸਾਰੇ ਕੰਮ ਇਸ ਗੱਲ ਦੀ ਮੰਗ ਕਰਦੇ ਹਨ ਕਿ ਉਨ੍ਹਾਂ ਵੱਲ ਵੀ ਤਵੱਜੋ ਦਿੱਤੀ ਜਾਵੇ। ਮਿਸਾਲ ਦੇ ਤੌਰ ਤੇ ਲਿੰਕ ਸੜਕਾਂ ਦੀ ਖਸਤਾ ਹਾਲਤ,ਖੇਡਾਂ ਵਿੱਚ ਆ ਰਿਹਾ ਨਿਘਾਰ,ਜਵਾਨ ਵਰਗ ਦਾ ਨਸ਼ਿਆਂ ਵੱਲ ਵੱਧ ਰਿਹਾ ਰੁਝਾਨ ਅਤੇ ਵਿੱਦਿਆ ਦੇ ਖ਼ੇਤਰ ਵਿੱਚ ਖੜੋਤ। ਇਨ੍ਹਾਂ ਖੇਤਰਾਂ ਵਿੱਚ ਵੀ ਮੈਂ ਕੰਮ ਕੀਤਾ ਹੈ। ਪਹਿਲਾਂ ਸੜਕਾਂ ਦੀ ਹੀ ਗੱਲ ਲੈ ਲਵੋ। ਸੜਕਾਂ:

**(ੳ)** ਪਿੰਡਾਂ ਦੀਆਂ ਲਿੰਕ ਸੜਕਾਂ ਦਾ ਕਾਰਜ ਲੋਕਾਂ ਦੀ ਮਦਦ ਨਾਲ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ ਵਾਲੇ ਦਿਨ ਸੰਨ 1991 ਵਿੱਚ ਆਰੰਭਿਆ।

**(ਅ)** ਇਲਾਕੇ ਦਾ ਸਰਵੇ ਕਰ ਕੇ ਅਜਿਹੀਆਂ ਲਿੰਕ ਸੜਕਾਂ ਦੀ ਨਿਸ਼ਾਨਦੇਹੀ ਕੀਤੀ ਗਈ ਜਿਹੜੀਆਂ ਨੂੰ ਮੁੱਖ ਮਾਰਗਾਂ ਨਾਲ ਜੋੜਨ ਦੀ ਲੋੜ ਸੀ।

**(ੲ )** ਪਛੜੇ ਹੋਏ ਇਲਾਕਿਆਂ ਦੀਆਂ ਲਿੰਕ ਸੜਕਾਂ ਦੀ ਹਾਲਤ ਸੁਧਾਰ ਕੇ ਮੁੱਖ ਸੜਕਾਂ ਨਾਲ ਜੋੜਨ ਦਾ ਉਪਰਾਲਾ ਕੀਤਾ ਗਿਆ।

**(ਸ)** ਪਵਿੱਤਰ ਵੇਈਂ ਦੇ ਕੰਢੇ ਇਸ ਦੇ ਸਰੋਤ ਧਨੋਆ ਤੋਂ ਲੈ ਕੇ ਕਾਂਜਲੀ ਵੈਟਲੈਂਡ(wet land) ਤੱਕ 110 ਕਿਲੋਮੀਟਰ ਲੰਬਾ ਰਸਤਾ ਤਿਆਰ ਕੀਤਾ ਗਿਆ।

**ਖੇਡਾਂ:**

(1) ਪਿੰਡ ਸੀਚੇਵਾਲ ਵਿੱਚ ਖੇਡਾਂ ਨੂੰ ਉਤਸ਼ਾਹਿਤ ਕੀਤਾ। ਹਰ ਸਾਲ ਮਹੀਨਾ ਮਾਰਚ, ਮਈ ਅਤੇ ਨਵੰਬਰ ਵਿੱਚ ਟੂਰਨਾਮੈਂਟ ਕਰਵਾਏ ਜਾਂਦੇ ਹਨ।

(2) ਸੰਨ 2001 ਵਿੱਚ ਸੀਚੇਵਾਲ ਪਿੰਡ ਵਿੱਚ ਇੱਕ ਸਪੋਰਟਸ ਸਟੇਡੀਅਮ ਦਾ ਨਿਰਮਾਣ ਕੀਤਾ ਗਿਆ ਹੈ।

(3) ਨਿਰਮਲ ਕੁਟੀਆ ਸੀਚੇਵਾਲ ਨੇੜੇ ਬੱਚਿਆਂ ਦੇ ਕਸਰਤ ਕਰਨ ਲਈ Gynasium ਬਣਾਇਆ ਗਿਆ ਹੈ।

(4) ਸੰਨ 2007 ਵਿੱਚ ਸੀਚੇਵਾਲ ਵਿਖੇ ਹੀ ਇੱਕ ਸਪੋਰਟਸ ਕਲੱਬ ਦਾ ਨਿਰਮਾਣ ਕੀਤਾ ਗਿਆ।

(5) Body Building Association ਬਣਾਈ ਅਤੇ ਰੱਸਾਕਸ਼ੀ ਦਾ ਚੇਅਰਮੈਨ ਨਿਯੁਕਤ ਕੀਤਾ।

(6) ਇਲਾਕੇ ਦੇ ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਤ ਕਰਨ, ਆਚਰਣ ਅਤੇ ਧਰਮ ਨੂੰ ਜੋੜਨ ਵਾਸਤੇ ਕਬੱਡੀ ਖੇਡ ਵਿੱਚ ਸੋਧ ਕੀਤੀ ਗਈ ਹੈ। ਪਹਿਲਾਂ ਕਬੱਡੀ ਦੇ ਖਿਡਾਰੀ 'ਕਬੱਡੀ-ਕਬੱਡੀ' ਬੋਲਦੇ ਸਨ ਪਰ ਹੁਣ ਉਹ ਕਬੱਡੀ ਕਹਿਣ ਦੀ ਥਾਂ ਤੇ **'ਵਾਹਿਗੁਰੂ'** ਸ਼ਬਦ ਦਾ ਉਚਾਰਣ ਕਰਦੇ ਹਨ। ਉਨ੍ਹਾਂ ਨੂੰ ਨਸ਼ਿਆਂ ਤੋਂ ਪ੍ਰਹੇਜ਼ ਕਰਨ ਦੀ ਸਿੱਖਿਆ ਦਿੱਤੀ ਜਾਂਦੀ ਹੈ। ਭੈੜੇ ਬੋਲ ਬੋਲਣ ਤੋਂ ਵਰਜਿਆ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਦਾ ਜੀਵਨ ਪੱਧਰ ਉੱਚਾ ਹੁੰਦਾ ਹੈ।

ਵਿੱਦਿਅਕ ਖ਼ੇਤਰ ਬਾਰੇ:

**(ੳ)** ਸੰਤ ਅਵਤਾਰ ਸਿੰਘ ਜੀ ਦੀ ਯਾਦ ਵਿੱਚ ਸੀਚੇਵਾਲ ਵਿਖੇ ਇੱਕ Post graduate College ਖੋਲ੍ਹਿਆ ਗਿਆ ਹੈ ਜਿਸ ਦਾ ਨਾਮ "ਸ਼੍ਰੀਮਾਨ ਸੰਤ ਅਵਤਾਰ ਸਿੰਘ ਯਾਦਗਾਰੀ ਵਿਦਿਆਲਿਆ ਸੀਚੇਵਾਲ" ਰੱਖਿਆ ਗਿਆ ਹੈ। ਇਸ ਦਾ ਉਦਘਾਟਨ ਮਿਤੀ 27-05-1999 ਨੂੰ ਕੀਤਾ ਗਿਆ ਸੀ।

**(ਅ)** ਸੰਤ ਅਵਤਾਰ ਸਿੰਘ ਜੀ ਯਾਦਗਾਰੀ 'ਸੈਕੰਡਰੀ ਸਕੂਲ,ਨਿਰਮਲ ਕੁਟੀਆ ਸੀਚੇਵਾਲ' ਖੋਲ੍ਹਿਆ ਗਿਆ ਹੈ।

**(ੲ)** ਦੂਸਰੇ ਸੂਬਿਆਂ ਤੋਂ ਆਉਣ ਵਾਲੇ ਗਰੀਬ ਪਰਿਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਵਾਸਤੇ ਸੁਲਤਾਨਪੁਰ ਲੋਧੀ ਵਿੱਚ ਸੰਨ 2006 ਤੋਂ **"ਨਵਾਂ ਨਨਕਾਣਾ ਸਕੂਲ"** ਚੱਲ ਰਿਹਾ ਹੈ।

**(ਸ)** ਆਮ ਲੋਕਾਂ ਨੂੰ ਚੇਤਨਾ ਦੇਣ ਵਾਸਤੇ ਸੀਚੇਵਾਲ ਵਿਖੇ "Evironment Research Center" ਚਾਲੂ ਕੀਤਾ ਗਿਆ ਹੈ ਜਿਸ ਵਿੱਚ ਉਨ੍ਹਾਂ ਨੂੰ ਪਾਣੀ ਦੀ ਸਹੀ ਵਰਤੋਂ ਕਰਨ ਅਤੇ ਹੋਰ ਦੂਸਰੇ ਕੁਦਰਤੀ ਸਰੋਤਾਂ ਦੀ ਜਾਣਕਾਰੀ ਦਿੱਤੀ ਜਾਦੀ ਹੈ।

**(ਹ)** ਨਿਰਮਲ ਕੁਟੀਆ,ਗਾਲੋਵਾਲ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ "ਸੰਤ ਅਵਤਾਰ ਸਿੰਘ ਮੈਮੋਰੀਅਲ ਸਕੂਲ ਵੀ ਸਥਾਪਿਤ ਕੀਤਾ ਗਿਆ ਹੈ।

**ਪ੍ਰਦੂਸ਼ਣ ਦੀ ਸਮੱਸਿਆ ਲਈ ਉਪਰਾਲੇ:**

ਪਵਿੱਤਰ ਵੇਈਂ ਦੀ ਸਫ਼ਾਈ 'ਤੇ ਸੁਧਾਰ ਦੀ ਸੇਵਾ ਨਾਲ ਪੰਜਾਬ ਅਤੇ ਭਾਰਤ ਦੇ ਸਾਰੇ ਨਦੀ ਨਾਲਿਆਂ ਦੀ ਪ੍ਰਦੂਸ਼ਣ ਮੁਕਤੀ ਲਈ ਮਾਡਲ ਤਿਆਰ ਹੋ ਗਿਆ ਹੈ। ਇਸ ਦੇ ਲਈ ਸਿੱਧਾ,ਸੌਖਾ ਅਤੇ ਸਸਤਾ ਫਾਰਮੂਲਾ ਇਹ ਹੈ ਕਿ ਪਿੰਡਾਂ,ਸ਼ਹਿਰਾਂ ਦੀ ਘਰੇਲੂ ਅਤੇ ਫੈਕਟਰੀਆਂ ਦੀ ਵੇਸਟੇਜ(Wastage) ਲਈ ਬਦਲਵੇਂ ਪ੍ਰਬੰਧ ਕਰਨੇ ਚਾਹੀਦੇ ਹਨ। ਹਰ ਇੰਡਸਟਰੀ,ਸ਼ਹਿਰ ਦੀ ਮਿਊਂਸਪੈਲਟੀ ਅਤੇ ਪਿੰਡ ਦੀ ਹਰ ਪੰਚਾਇਤ ਨੂੰ ਆਪਣੇ ਪਾਣੀ ਨੂੰ ਨਦੀ ਨਾਲਿਆਂ ਵਿੱਚ ਪਾਉਣ ਦੀ ਥਾਂ ਟਰੀਟਮੈਂਟ ਪਲਾਂਟ ਲਗਾ ਕੇ ਟਰੀਟ ਕਰਕੇ ਖੇਤੀਬਾੜੀ ਲਈ ਵਰਤੋਂ ਵਿੱਚ ਲਿਆਉਣਾ ਚਾਹੀਦਾ ਹੈ। ਇਹੀ ਗੰਦਾ ਪਾਣੀ ਜੋ ਅੱਜ ਪਿੰਡਾਂ,ਸ਼ਹਿਰਾਂ ਲਈ ਸਰਾਪ ਬਣਿਆ ਹੋਇਆ ਹੈ ਉਹ ਵਰਦਾਨ ਬਣ ਜਾਵੇਗਾ ਅਤੇ ਇਸ ਨਾਲ ਕੁਦਰਤੀ ਖੇਤੀ ਨੂੰ

ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਸਾਬਕਾ ਰਾਸ਼ਟਰਪਤੀ ਡਾ. ਅਬਦੁਲ ਕਲਾਮ ਨੇ ਇਸ ਮਾਡਲ ਨੂੰ ਭਾਰਤ ਦੀਆਂ ਮਹਾਨ ਪ੍ਰਾਪਤੀਆਂ ਵਿੱਚ ਗਿਣਿਆ ਹੈ। ਪਵਿੱਤਰ ਵੇਈਂ ਦੇ ਕੰਢੇ ਸੁਲਤਾਨਪੁਰ ਲੋਧੀ,ਦਸੂਹਾ ਆਦਿ ਸ਼ਹਿਰਾਂ ਤੋਂ ਇਲਾਵਾ 40 ਤੋਂ ਵੱਧ ਪਿੰਡਾਂ ਵਿੱਚ ਗੰਦੇ ਪਾਣੀ ਦੇ ਬਦਲਵੇਂ ਪ੍ਰਬੰਧ ਕਰ ਲਏ ਗਏ ਹਨ ਅਤੇ ਸੁਲਤਾਨਪੁਰ ਲੋਧੀ ਦਾ ਟਰੀਟ ਕੀਤਾ ਹੋਇਆ ਪਾਣੀ 500 ਏਕੜ ਜ਼ਮੀਨ ਦੀ ਸਿੰਚਾਈ ਲਈ ਅਤੇ ਦਸੂਹਾ ਦਾ ਪਾਣੀ 200 ਏਕੜ ਜ਼ਮੀਨ ਦੀ ਸਿੰਚਾਈ ਲਈ ਉਪਲੱਭਧ ਕਰਵਾਇਆ ਗਿਆ ਹੈ। ਇਸੇ ਤਰ੍ਹਾਂ ਕਪੂਰਥਲਾ ਦਾ ਟਰੀਟ ਕੀਤਾ ਹੋਇਆ ਪਾਣੀ ਖੇਤੀ ਲਈ ਮੁਹੱਈਆ ਕਰਵਾਉਣ ਲਈ 8 ਕਿਲੋਮੀਟਰ ਲੰਬੀ ਪਾਇਪ ਲਾਈਨ ਵਿਛਾਈ ਜਾ ਰਹੀ ਹੈ। ਇ ਵਿਧੀ ਦੇ ਲਾਗੂ ਕਰਨ ਨਾਲ ਫਸਲਾਂ ਲਈ ਖਾਦਾਂ ਦੀ ਜ਼ਰੂਰਤ ਬਹੁਤ ਘਟ ਜਾਂਦੀ ਹੈ। ਪਾਣੀ ਦੀ ਵੀ ਬੱਚਤ ਹੁੰਦੀ ਹੈ। ਜਿਨ੍ਹਾਂ ਕਿਸਾਨਾਂ ਨੇ ਇਸ ਪਾਣੀ ਦੀ ਵਰਤੋਂ ਆਪਣੀਆਂ ਫਸਲਾਂ ਲਈ ਕੀਤੀ ਹੈ ਉਹ ਦੱਸਦੇ ਹਨ ਕਿ ਇਸ ਨਾਲ ਉਨ੍ਹਾਂ ਦੀਆਂ ਫਸਲਾਂ ਦਾ ਝਾੜ ਵੀ ਕਈ ਗੁਣਾ ਵੱਧ ਗਿਆ ਹੈ।ਇਨ੍ਹਾਂ ਸਾਰੇ ਉਪਰਾਲਿਆ ਨਾਲ ਇਲਾਕੇ ਵਿੱਚ ਜਾਗ੍ਰਤੀ ਆਈ ਹੈ,ਨਵੇਂ ਯੁੱਗ ਦਾ ਆਰੰਭ ਹੋਇਆ ਹੈ ਜਿਸ ਨਾਲ ਲੋਕਾਂ ਦਾ ਜੀਵਨ ਪੱਧਰ ਉੱਚਾ ਹੋਇਆ ਹੈ,ਕਿਰਸਾਨੀ ਦਾ ਸੁਧਾਰ ਹੋਇਆ ਹੈ,ਵਿੱਦਿਆ,ਸਮਾਜਿਕ ਬਰਾਬਰਤਾ ਦੇ ਨਾਲ ਨਾਲ ਕਿਰਸਾਨਾਂ ਦੀਆਂ ਜ਼ਮੀਨਾਂ ਦੀ ਕੀਮਤ ਵੀ ਵਧੀ ਹੈ।

**ਹੜ੍ਹ ਰਾਹਤ ਦੇ ਕਾਰਜ:**

ਹੜਾਂ ਦੀ ਹਾਲਤ ਵਿੱਚ ਲੋਕਾਂ ਨੂੰ ਰਾਹਤ ਪਹੁੰਚਾਉਣ ਲਈ ਸੇਵਾ ਕੀਤੀ ਜਾਂਦੀ ਹੈ। ਦਰਿਆਵਾਂ ਦੀ ਸਫਾਈ ਸਹੀ ਢੰਗ ਨਾਲ ਨਾ ਹੋਣ ਕਰਕੇ ਪੰਜਾਬ ਵਿੱਚ ਹਰ ਸਾਲ ਬਰਸਾਤਾਂ ਦਾ ਪਾਣੀ ਬੰਨ੍ਹ ਤੋੜ ਕੇ ਵਹਿਣ ਤੋਂ ਬਾਹਰ ਵਗਣ ਲਗਦਾ ਹੈ ਅਤੇ ਹਜ਼ਾਰਾਂ ਏਕੜ ਫਸਲ ਤਬਾਹ ਕਰ ਦਿੰਦਾ ਹੈ। ਲੋਕਾਂ ਦੇ ਮਕਾਨ ਢਹਿ ਜਾਂਦੇ ਹਨ ਅਤੇ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੁੰਦਾ ਹੈ। ਸੰਨ 2008 ਤੋਂ ਲੈ ਕੇ ਲਗਾਤਾਰ ਹਰ ਸਾਲ (ਅਗਸਤ 2008 ਵਿੱਚ ਗਿੱਦੜਪਿੰਡੀ,ਜੁਲਾਈ 2009 ਵਿੱਚ ਪਿੰਡ ਮਦਾਰਪੁਰ,ਜ਼ਿਲ੍ਹਾ ਮੋਗਾ ਵਿਖੇ, ਸਤੰਬਰ 2010 ਵਿੱਚ ਪਿੰਡ ਗਦਰੇਭੋਡੇ ਜ਼ਿਲ੍ਹਾ ਜਲੰਧਰ,ਅਕਤੂਬਰ 2010 ਵਿੱਚ ਚੱਕ ਵਡਾਲਾ,ਸਤੰਬਰ 2011ਵਿੱਚ ਪਿੰਡ ਬਾਊਪੁਰ(ਸ਼ਾਹਕੋਟ ਨੇੜੇ) ਅਤੇ ਹੋਰ ਕਈ ਥਾਵਾਂ ਤੇ ਸਤਲੁਜ ਦਾ ਬੰਨ੍ਹ ਟੁੱਟਣ ਨਾਲ ਜਦੋਂ ਹੜ੍ਹ ਅਉਂਦੇ ਰਹੇ ਤਾਂ ਅਸੀਂ ਬੰਨ੍ਹਾਂ ਦੀ ਮੁੜ ਉਸਾਰੀ ਅਤੇ ਹੜ੍ਹ ਪੀੜਤਾਂ ਨੂੰ ਰਾਹਤ ਪਹੁੰਚਾਉਣ ਲਈ ਕਾਰਜ ਕਰਦੇ ਰਹੇ ਹਾਂ।

ਸੁਆਲ: ਕੀ ਤੁਸੀਂ ਜਲ-ਪ੍ਰਦੂਸ਼ਣ ਤੋਂ ਇਲਾਵਾ ਦੂਸਰੇ ਪ੍ਰਦੂਸ਼ਣਾਂ ਪ੍ਰਤੀ ਵੀ ਕਾਰਜਸ਼ੀਲ ਹੋ?

ਜੁਆਬ: ਜਲ ਪ੍ਰਦੂਸ਼ਣ ਤੋਂ ਤਾਂ ਇਹ ਕਾਰਜ ਆਰੰਭ ਹੀ ਹੋਇਆ ਸੀ ਜਿਸ ਦੇ ਨਾਲ ਨਾਲ ਹਵਾ ਦਾ ਪ੍ਰਦੂਸ਼ਣ(Air Pollution),ਇਹ ਫੈਕਟਰੀਆਂ-ਕਾਰਖਾਨਿਆਂ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਬਣੇ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਵੀ ਅਸੀਂ ਮੈਂਬਰ ਹਾਂ। ਇਸ ਵਿਰੁਧ ਅਸੀਂ ਆਵਾਜ਼ ਉਠਾ ਰਹੇ ਹਾਂ ਕਿ ਇਹ ਸਾਰਾ ਪਲਿਊਸ਼ਨ(Pollution) ਬੰਦ ਹੋਵੇ। ਅਸੀਂ ਧਰਤੀ ਵਿੱਚ ਜਿਹੜੀ ਜ਼ਹਿਰ ਪਾ ਰਹੇ ਹਾਂ ਉਸ ਨੂੰ ਰੋਕਣ ਵਾਸਤੇ ਵੀ ਯਤਨਸ਼ੀਲ ਹਾਂ। ਥਾਂ ਥਾਂ ਜਾ ਕੇ ਅਵੇਅਰਨੈਸ(ਚੇਤਨਾ) ਲਈ ਸਕੂਲਾਂ ਕਾਲਜਾਂ ਅਤੇ ਸੈਮੀਨਾਰ ਅਟੈਂਡ ਕਰਦੇ ਹਾਂ ਤਾਂ ਕਿ ਹਰ ਤਰ੍ਹਾਂ ਦਾ ਪ੍ਰਦੂਸ਼ਣ,ਚਾਹੇ ਉਹ ਸਮਾਜਿਕ ਪ੍ਰਦੂਸ਼ਣ ਹੈ,ਚਾਹੇ ਉਹ ਧਾਰਮਿਕ ਰੀਤੀ-ਰਿਵਾਜ਼ਾਂ ਵਿੱਚ ਆਇਆ ਪ੍ਰਦੂਸ਼ਣ ਹੈ,ਜਿੰਨੀ ਕੁ ਸਾਡੇ ਅੰਦਰ ਸਮਰੱਥਾ ਹੈ,ਹਿੰਮਤ ਹੈ ਉਸ ਨੂੰ ਰੋਕਣ ਦੇ ਉਪਰਾਲੇ ਕਰ ਰਹੇ ਹਾਂ।

**ਸੁਆਲ:** ਪੰਜਾਬ ਦੇ ਪਾਣੀਆਂ ਨੂੰ ਪ੍ਰਦੂਸ਼ਿਤ ਕਰਨ ਵਿੱਚ ਅਸਲ ਦੋਸ਼ੀ ਕੌਣ ਹੈ?

**ਜੁਆਬ:** ਅਸਲ ਵਿੱਚ ਤਾਂ ਅਸੀਂ ਸਾਰੇ ਹੀ ਸਿੱਧੇ ਜਾਂ ਅਸਿੱਧੇ ਅਤੇ ਸਮੁੱਚਾ ਸਮਾਜ ਹੀ ਇਸ ਲਈ ਦੋਸ਼ੀ ਹੈ। ਖ਼ਾਸ ਕਰਕੇ ਇੰਡਸਟਰੀਲਿਸਟ,ਕੈਮੀਕਲ ਵਾਲੇ ਅਤੇ ਮਿਊਂਸਪਲ ਕਾਰਪੋਰੇਸ਼ਨਾਂ ਜਿਹੜੇ ਜਲ ਸਰੋਤਾਂ ਵਿੱਚ ਗੰਦਾ ਪਾਣੀ ਪਾ ਰਹੇ ਹਨ, ਮੁੱਖ ਤੌਰ ਤੇ ਦੋਸ਼ੀ ਹਨ। ਆਮ ਇਨਸਾਨ ਵੀ ਇਸ ਪ੍ਰਤੀ ਪੂਰਾ ਸੁਚੇਤ ਨਹੀਂ। ਜ਼ਿਮੀਦਾਰ ਵੀ ਪਰਾਲੀਆਂ ਸਾੜਦਾ ਹੈ, ਧਰਤੀ ਵਿੱਚ ਕਈ ਤਰ੍ਹਾਂ ਦੀਆਂ ਜ਼ਹਿਰਾਂ ਛਿੜਕਦਾ ਹੈ। ਮੇਰੀ ਜਾਚੇ ਹਰ ਇਨਸਾਨ ਕਿਸੇ ਨਾ ਕਿਸੇ ਤਰੀਕੇ ਨਾਲ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਲਈ ਜ਼ਿੰਮੇਵਾਰ ਹੈ। ਵਾਤਾਵਰਣ ਨੂੰ ਪ੍ਰਦੂਸ਼ਣ ਰਹਿਤ ਕਰਨ ਲਈ ਸਮੁੱਚੇ ਲੋਕਾਂ ਦਾ ਜਾਗਰੂਕ ਹੋਣਾ ਅਤੀ ਜ਼ਰੂਰੀ ਹੈ। ਇਕੱਲੇ ਦੀ ਕੋਸ਼ਿਸ਼ ਨਾਲ ਇਸ ਕਾਰਜ ਦਾ ਪੂਰਾ ਹੋਣਾ ਸੰਭਵ ਨਹੀਂ।

**ਸੁਆਲ:** ਪ੍ਰਦੂਸ਼ਣ ਦੀ ਲੜੀ ਜਾ ਰਹੀ ਲੜਾਈ ਵਿੱਚ ਸਰਕਾਰ ਕਿੰਨੀਂ ਕੁ ਗੰਭੀਰ ਹੈ?

**ਜੁਆਬ:** ਹੁਣ ਤੋਂ ਕੁਝ ਚਿਰ ਪਹਿਲਾਂ ਤੱਕ ਸਰਕਾਰ ਅਵੇਸਲੀ ਰਹੀ ਹੈ ਜਿਸ ਦਾ ਖ਼ਮਿਆਜ਼ਾ ਪੰਜਾਬ ਦੇ ਲੋਕਾਂ ਖ਼ਾਸ ਕਰਕੇ ਦੁਆਬਾ ਅਤੇ ਮਾਲਵਾ ਤੋਂ ਇਲਾਵਾ ਰਾਜਿਸਥਾਨ ਦੇ ਲੋਕਾਂ ਨੇ ਵੀ ਭੁਗਤਿਆ ਹੈ। ਇਸ ਇਲਾਕੇ ਵਿੱਚ ਕੈਂਸਰ ਦੀ ਘਾਤਕ ਬਿਮਾਰੀ ਦੀ ਕਰੋਪੀ ਰਹੀ ਹੈ। ਲੋਕਾਂ ਵੱਲੋਂ ਸਰਕਾਰ ਨੂੰ ਜਗਾਉਣ ਦੇ ਉਪਰਾਲਿਆ ਸਦਕਾ ਹੁਣ ਸਰਕਾਰ ਥੋੜ੍ਹੇ ਸਮੇ ਤੋਂ ਪ੍ਰਦੂਸ਼ਣ ਦੇ ਮਸਲੇ 'ਤੇ ਗੰਭੀਰ ਹੋਈ ਹੈ।

**ਸੁਆਲ:** ਰਾਜਸੀ ਲੋਕ ਕਿਸ ਪਾਸੇ ਖੜੇ ਹਨ? ਕੀ ਉਹ ਆਮ ਲੋਕਾਂ ਵੱਲ ਹਨ ਜਾਂ ਪ੍ਰਦੂਸ਼ਣ ਫੈਲਾਉਣ ਵਾਲੇ ਕਾਰਖਾਨੇਦਾਰਾਂ ਦੇ ਪਾਲੇ ਵਿੱਚ ਖੜ੍ਹੇ ਹਨ?

**ਜੁਆਬ:** ਜ਼ਿਆਦਾਤਰ ਰਾਜਸੀ ਲੋਕ ਤਾਂ ਪ੍ਰਦੂਸ਼ਣ ਫੈਲਾਉਣ ਵਾਲਿਆਂ ਦੇ ਪਾਸੇ ਹੀ ਖੜੇ ਹੁੰਦੇ ਹਨ ਪਰ ਹੁਣ ਲੋਕ ਆਵਾਜ਼ ਨੇ ਸਰਕਾਰ ਅਤੇ ਪ੍ਰਸ਼ਾਸਨ ਨੂੰ ਪ੍ਰਦੂਸ਼ਣ ਦੇ ਮਸਲੇ ਵੱਲ ਧਿਆਨ ਦੇਣ ਲਈ ਮਜ਼ਬੂਰ ਕਰ ਦਿੱਤਾ ਹੈ। ਇਹ ਚੰਗੀ ਗੱਲ ਹੈ। ਪ੍ਰਦੂਸ਼ਣ ਦਾ ਮਸਲਾ ਤਾਂ ਸਮੁੱਚੀ ਲੋਕਾਈ ਦੇ ਭਲੇ ਦਾ ਮਸਲਾ ਹੈ।

**ਸੁਆਲ:** ਪ੍ਰਦੂਸ਼ਣ ਬੋਰਡ ਵਿੱਚ ਤੁਹਾਡਾ ਸ਼ਾਮਲ ਹੋਣਾ ਸਹੀ ਕਦਮ ਸੀ ਗਲਤ?

**ਜੁਆਬ:** ਇਹ ਫ਼ੈਸਲਾ ਸਹੀ ਰਿਹਾ ਹੈ। ਪ੍ਰਦੂਸ਼ਣ ਬੋਰਡ ਵਿੱਚ ਆ ਕੇ ਬਹੁਤ ਗੱਲਾਂ ਪਤਾ ਲੱਗੀਆਂ ਹਨ। ਹੁਣ ਪਤਾ ਲੱਗਾ ਹੈ ਕਿ ਬੋਰਡ ਦੇ ਅੰਦਰ ਪਹਿਲਾਂ ਤਾਂ ਕੋਈ ਗੱਲ ਨਹੀਂ ਸੀ ਹੋ ਰਹੀ। ਹੁਣ ਜਦੋਂ ਦੇ ਅਸੀਂ ਇਸ ਦੇ ਮੈਂਬਰ ਬਣ ਕੇ ਮੀਟਿੰਗਾਂ ਵਿੱਚ ਬੈਠਦੇ ਹਾਂ ਤਾਂ ਉਨ੍ਹਾਂ ਤੋਂ ਕੀਤੀ ਗਈ ਕਾਰਵਾਈ ਬਾਰੇ ਪੁੱਛਦੇ ਹਾਂ ਜਿਸ ਨਾਲ ਉਹ ਵੀ ਜਾਗੇ ਹਨ ਕਿ ਕੀਤੇ ਗਏ ਕੰਮਾਂ ਬਾਰੇ ਜਵਾਬ ਦੇਣਾ ਪਵੇਗਾ। ਇਹ ਹੀ ਜਾਪਿਆ ਹੈ ਕਿ ਬੋਰਡ ਵਿੱਚ ਭਾਗੀਦਾਰ ਹੋਣਾ ਸਹੀ ਫ਼ੈਸਲਾ ਰਿਹਾ ਹੈ ਜਿਸ ਨਾਲ ਹੁਣ ਬੋਰਡ ਵੀ ਹਰਕਤ ਵਿੱਚ ਆਇਆ ਹੈ।

**ਸੁਆਲ:** ਸ੍ਰੀ ਗੁਰੂ ਨਾਨਕ ਦੇਵ ਜੀ ਦੀ 'ਦਇਆ' ਪ੍ਰਤੀ ਸੋਚ ਨੂੰ ਤੁਸੀਂ ਆਪਣੇ ਸਮਾਜ ਸੇਵਾ ਦੇ ਕਾਰਜਾਂ ਵਿੱਚ ਕਿਸ ਤਰ੍ਹਾਂ ਲੈਂਦੇ ਹੋ? ਮੇਰਾ ਭਾਵ ਹੈ "**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ**" ਦਾ ਆਸ਼ਾ ਤੁਹਾਡੇ ਪ੍ਰਦੂਸ਼ਣ ਕਾਰਜਾਂ ਵਿੱਚ ਮਨੁੱਖਤਾ ਲਈ ਕਿਸ ਤਰ੍ਹਾਂ ਤੁਹਾਡਾ ਮਾਰਗ ਦਰਸ਼ਨ ਕਰਦਾ ਹੈ?

**ਜੁਆਬ:** ਪਹਿਲਾ ਸਲੋਕ ਹੀ ਜਿਹੜਾ ਗੁਰਬਾਣੀ ਦਾ ਹੈ ਉਸ ਬਾਰੇ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਹੈ ਕਿ ਅੰਮ੍ਰਿਤ ਵੇਲੇ ਉੱਠ ਕੇ 'ਜਪੁਜੀ ਸਾਹਿਬ' ਦਾ ਪਾਠ ਕਰੋ। ਉਨ੍ਹਾਂ ਨੇ '**ਪਵਣੁ**' ਨੂੰ ਗੁਰੂ, '**ਪਾਣੀ**' ਨੂੰ ਪਿਤਾ ਅਤੇ '**ਧਰਤਿ**' ਭਾਵ ਧਰਤੀ ਨੂੰ ਮਾਂ ਕਹਿ ਕੇ ਸਤਿਕਾਰ ਦਿੱਤਾ ਹੈ। ਅਸੀਂ ਗੁਰਬਾਣੀ ਨੂੰ ਤਾਂ ਪੜ੍ਹਦੇ ਹਾਂ ਪਰ ਗੁਰਬਾਣੀ ਸਾਨੂੰ ਜੋ ਕਹਿ ਰਹੀ ਹੈ ਉਸ ਰਾਹ 'ਤੇ ਨਹੀਂ ਚੱਲਦੇ। ਅੱਜ ਦੀ ਇਹ ਵੱਡੀ ਲੋੜ ਹੈ ਕਿ "**ਪਹਿਲਾਂ ਪਾਣੀ ਜੀਉ ਹੈ ਜਿਤੁ ਹਰਿਆ ਸਭ ਕੋਇ॥** ਇਹ ਤੱਥ ਵਿਗਿਆਨਕ ਤੌਰ ਤੇ ਵੀ ਸਿੱਧ ਹੋ ਚੁੱਕਾ ਹੈ ਕਿ ਇਹ ਜਿਹੜਾ ਸਾਡਾ ਪੰਜ ਤੱਤਾਂ ਦਾ ਸਰੀਰ ਹੈ ਜੇਕਰ ਅਸੀਂ ਇਸ ਨੂੰ ਸ਼ੁੱਧ ਨਾ ਕੀਤਾ, ਇਸ ਨੂੰ ਪ੍ਰਦੂਸ਼ਤ ਕਰ ਦਿੱਤਾ ਤਾਂ ਇਸ ਦਾ ਪ੍ਰਭਾਵ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਤੱਕ ਜਾਊਗਾ ਅਤੇ ਫਿਰ ਅਸੀਂ ਪਛਤਾਉਣ ਤੋਂ ਬਿਨਾਂ ਹੋਰ ਕੁਝ ਨਹੀਂ ਕਰ ਸਕਦੇ। ਲੋੜ ਹੈ ਸੰਭਲਣ ਦੀ ਕਿ ਇਹੋ ਜਿਹੇ ਹਾਲਾਤ ਨਾ ਬਣ ਜਾਣ ਕਿ ਅਸੀਂ ਆਪਣੀਆਂ ਆਉਣ ਵਾਲੀਆਂ ਨਸਲਾਂ ਨੂੰ ਅਜਿਹੇ ਰੋਗ ਦੇ ਜਾਈਏ ਕਿ ਉਹ ਸਾਨੂੰ ਵਾਰ ਵਾਰ ਕੋਸਣ। ਇਸ ਲਈ ਬਾਣੀ ਤੋਂ ਸੇਧ ਲੈ ਕੇ, ਬਾਣੀ ਦੇ ਸੰਦਰਭ ਵਿੱਚ ਹੀ ਜੋ 'ਦਇਆ' ਹੈ "**ਧੌਲੁ ਧਰਮੁ ਦਇਆ ਕਾ ਪੂਤੁ॥** ਦਾ ਆਸ਼ਾ ਅਖ਼ਤਿਆਰ ਕਰੀਏ। ਬਾਣੀ ਦਾ ਫ਼ੁਰਮਾਨ ਹੈ: **ਬਿਨ ਦਇਆ ਸਿਧ ਕਸਾਈ॥** ਇਹ ਦਇਆ ਹੀ ਸਾਰੇ ਸੰਸਾਰ ਨੂੰ ਜੋੜਦੀ ਹੈ। ਦੂਸਰੇ ਪ੍ਰਤੀ ਹਮਦਰਦੀ ਦਇਆ ਕਰਕੇ ਹੀ ਆਉਂਦੀ ਹੈ। ਪ੍ਰਭੂ ਦੀ ਦਇਆ ਨਾਲ ਹੀ ਮਨੁੱਖ ਇਹ ਕਾਰਜ ਕਰ ਸਕਦਾ ਹੈ। ਗੁਰੂ ਦਇਆ ਕੀਤੀ,ਗੁਰੂ ਕਿਰਪਾ ਕੀਤੀ। ਉਸੇ ਦੀ ਕਿਰਪਾ,ਉਸੇ ਦੀ ਦਇਆ ਨਾਲ ਹੀ ਸਾਰੇ ਕਾਰਜ ਚੱਲ ਰਹੇ ਹਨ।

**ਸੁਆਲ:** ਤੁਹਾਡੇ ਸਮਾਜ ਸੇਵਾ ਅਤੇ ਲੋਕ ਭਲਾਈ ਦੇ ਕਾਰਜਾਂ ਲਈ ਕੀ ਤੁਹਾਨੂੰ ਸਨਮਾਨਿਆ ਵੀ ਗਿਆ ਹੈ? ਇਸ ਤੇ ਵੀ ਚਾਨਣਾ ਪਾਓ ਜੀ?

**ਜੁਆਬ:** ਮਾਣ ਸਨਮਾਨ ਦੀ ਕੀ ਗੱਲ ਕਰਦੇ ਹੋ। ਸਨਮਾਨ ਤਾਂ ਕੁਝ ਸਮੇਂ ਲਈ ਮਨ ਦੀ ਤ੍ਰਿਪਤੀ ਦਾ ਨਾਂ ਹੈ। ਸਨਮਾਨ ਤਾਂ ਉਹ ਹੁੰਦਾ ਹੈ ਜਿਸ ਨੂੰ ਪਰਮਾਤਮਾ ਬਖਸ਼ੇ। ਇਹ ਸਭ ਉਸ ਦੇ ਹੱਥ ਵਿੱਚ ਹੈ: "**ਸਾਹਿਬ ਹਥ ਵਡਿਆਈਆਂ ਜਿਸ ਭਾਵੈ ਤਿਸ ਦੇਇ॥**" ਇਨ੍ਹਾਂ ਕਾਰਜਾਂ ਲਈ ਲੋਕਾਂ ਦਾ ਢੇਰ ਸਾਰਾ ਪਿਆਰ ਮਿਲਿਆ ਹੈ। ਮਾਣ-ਸਨਮਾਨ ਜਿਹੜੇ ਮਿਲੇ ਹਨ ਉਨ੍ਹਾਂ ਦੀ ਸੂਚੀ ਤਾਂ ਢੇਰ ਲੰਮੀ ਹੈ, ਜਿੰਨੇ ਕੁ ਯਾਦ ਹਨ ਤੁਹਾਡੀ ਤਸੱਲੀ ਲਈ ਦੱਸ ਦਿੰਦਾ ਹਾਂ:

1. 2 ਮਈ,2004 ਨੂੰ ਨਵਾਬ ਜੱਸਾ ਸਿੰਘ ਆਹਲੂਵਾਲੀਆ ਦੇ 286ਵੇਂ ਜਨਮ ਦਿਨ ਤੇ ਮੈਨੂੰ ਸਦਾਚਾਰ ਸਿੱਖਿਆ( Moral Education) ਦੇ ਖੇਤਰ ਵਿੱਚ ਕੀਤੇ ਕੰਮਾਂ ਲਈ ਸਨਮਾਨਿਆ ਗਿਆ ਸੀ।
2. 4 ਜੂਨ,2004 ਨੂੰ ਮਨੁੱਖਤਾ ਦੀ ਭਲਾਈ ਲਈ ਕੀਤੇ ਕੰਮਾਂ ਵਾਸਤੇ "ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਟਰਸਟ,ਅੰਮ੍ਰਿਤਸਰ ਵਲੋਂ ਸਨਮਾਨਿਆ ਗਿਆ।
3. ਲੋਕ ਭਲਾਈ ਕਾਰਜ਼ਾਂ ਵਾਸਤੇ ਹੀ 26 ਜੂਨ,2004 ਨੂੰ ਨਾਮਧਾਰੀ ਮੱਤ ਦੇ ਰੂਹਾਨੀ ਗੁਰੂ, ਸਤਿਗੁਰੂ ਜਗਜੀਤ ਸਿੰਘ ਜੀ ਵੱਲੋਂ ਭੈਣੀ ਸਾਹਿਬ ਵਿਖੇ ਮੇਰਾ ਅਭਿਨੰਦਨ ਕੀਤਾ ਗਿਆ ਸੀ।
4. ਲਾਇਲਪੁਰ ਖਾਲਸਾ ਕਾਲਜ ਜਲੰਧਰ ਦੀ governing council ਵੱਲੋਂ 15 ਜੂਨ,2004 ਨੂੰ ਸਤਿਕਾਰਿਆ ਗਿਆ।
5. ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨ ਟਰਸਟ,ਢਾਹਾਂ ਕਲੇਰਾਂ ਜ਼ਿਲ੍ਹਾ ਨਵਾਂ ਸ਼ਹਿਰ ਵੱਲੋਂ 23 ਜੁਲਾਈ,2004 ਨੂੰ ਸਨਮਾਨਿਤ ਕੀਤਾ ਗਿਆ।

6. 3 ਸਤੰਬਰ,2004 ਨੂੰ ਸ਼੍ਰੀ ਰਾਜੀਵ ਗਾਂਧੀ ਜੀ ਦੇ ਜਨਮ ਦਿਵਸ ਦੇ ਮੌਕੇ ਤੇ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਉਪਰਾਲਿਆਂ ਲਈ ਸਨਮਾਨਿਆ ਗਿਆ ਸੀ।

7. ਮਿਤੀ 19-11-2004 ਨੂੰ ਸ਼ਹੀਦ ਮੈਮੋਰੀਅਲ ਇੰਟਰਨੈਸ਼ਨਲ ਸੇਵਾ ਸੋਸਾਇਟੀ ਵੱਲੋਂ "**ਸ਼੍ਰੋਮਣੀ ਸੇਵਾ ਰਤਨ-ਐਵਾਰਡ**" ਨਾਲ ਸਨਮਾਨਿਆ ਗਿਆ।

8. ਬਾਬਾ ਜੀਵਨ ਸਿੰਘ ਜੀ ਦੇ 300 ਸਾਲਾ ਇਤਿਹਾਸਕ ਸ਼ਹੀਦੀ ਸਮਾਰੋਹ ਵਿੱਚ ਮੁਕਤਸਰ ਵਿਖੇ ਸੰਨ 2005 ਨੂੰ ਸਨਮਾਨ ਕੀਤਾ ਗਿਆ ਸੀ।

9. 6ਜੂਨ 2005 ਨੂੰ World Evironment day (ਸੰਸਾਰ ਵਾਤਾਵਰਣ ਦਿਵਸ) ਦੇ ਮੌਕੇ ਤੇ Punjab Pollution Control Board ਵੱਲੋਂ ਵਾਤਾਵਰਣ ਖ਼ੇਤਰ ਵਿੱਚ ਪਾਏ ਗਏ ਯੋਗਦਾਨ ਲਈ ਸਨਮਾਨਿਆ ਗਿਆ।

10. ਮਿਤੀ 5 ਜੂਨ,2006 ਨੂੰ ਦੂਰਦਰਸ਼ਨ ਜਲੰਧਰ ਵੱਲੋਂ "**ਪੰਜ ਪਾਣੀ ਐਵਾਰਡ-2006**" ਨਾਲ ਸਨਮਾਨਿਆ ਗਿਆ।

11. ਬਾਬਾ ਬੰਦਾ ਸਿੰਘ ਬਹਾਦਰ ਦੇ 290ਵੇਂ ਸ਼ਹੀਦੀ ਦਿਵਸ ਦੇ ਮੌਕੇ ਤੇ "ਬੈਰਾਗੀ ਮਹਾਂਮੰਡਲ ਲੁਧਿਆਣਾ ਵੱਲੋਂ ਮਿਤੀ 0 ਜੂਨ, 2006 ਨੂੰ ਸਨਮਾਨਿਆ ਗਿਆ।

12. Management of Water Resources ਵੱਲੋਂ Thapar Institute of Engineering Patiala ਵਿਖੇ ਮਿਤੀ 18-11-2006 ਨੂੰ ਲਗਾਈ ਗਈ ਵਰਕਸ਼ਾਪ ਸਮੇਂ ਸਨਮਾਨਿਆ ਗਿਆ।

13. ਮਿਤੀ 27-11-2006 ਨੂੰ ਪੰਜਾਬ ਯੂਨੀਵਰਸਿਟੀ,ਸਾਧੂ ਆਸ਼ਰਮ ਹੁਸ਼ਿਆਰਪੁਰ ਵਿਖੇ 'ਸਲਾਨਾ ਵਰਕਸ਼ਾਪ ਆਫ ਮਹਾਰਿਸ਼ੀ ਵਿਸ਼ਵਾ ਮਿੱਤਰ ਵੇਦ ਵੇਦਾਂਗ(ਜਿਹੜੀ ਕਿ 27 ਨਵੰਬਰ ਤੋਂ 2 ਦਸੰਬਰ 2006 ਤੱਕ ਚੱਲੀ ਸੀ) ਵਿੱਚ ਸਨਮਾਨਿਤ ਕੀਤਾ ਗਿਆ ਸੀ।

14. 8 ਜਨਵਰੀ,2007 ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ,ਅੰਮ੍ਰਿਤਸਰ ਵਿੱਚ ਦੋ ਦਿਨਾ ਵਰਕਸ਼ਾਪ ਸਮੇਂ ਸਨਮਾਨਿਆ ਗਿਆ ਹੈ।

15. ਮਿਤੀ 4 ਫਰਵਰੀ,2007 ਨੂੰ "ਇੰਟਨੈਸ਼ਨਲ ਭਾਈ ਮਰਦਾਨਾ ਸੋਸਾਇਟੀ ਫਿਰੋਜਪੁਰ" ਵਲੋਂ ਸਨਮਾਨਿਆ ਗਿਆ।

16. ਕੋਟ ਕਪੂਰਾ(ਜ਼ਿਲ੍ਹਾ ਫਰੀਦਕੋਟ) ਵਿਖੇ 7 ਅਪਰੈਲ,2007 ਨੂੰ **"Living Legend Award"** ਦੇ ਕੇ ਸਨਮਾਨਿਆ ਗਿਆ।

17. 16 ਮਈ,2007 ਨੂੰ Punjab Global Foundation Patiala ਵੱਲੋਂ **"Global Punjabi Award-2006"** ਨਾਮ ਸਨਮਾਨਿਆ ਗਿਆ।

18. ਪ੍ਰਸਿੱਧ Hindi Group of Newspapers "Dainik Bhaskar Jallandhar" ਵੱਲੋਂ "**ਪੰਜਾਬ ਰਤਨ ਐਵਾਰਡ-2007**" ਦੇ ਕੇ ਜਲੰਧਰ ਵਿੱਚ ਸਨਮਾਨਿਆ ਗਿਆ ਸੀ।

19. 6 ਜੁਲਾਈ, 2008 ਨੂੰ US based Social Organigation- SCORE (Sikh Council on Religion and Education,Washington) ਵੱਲੋਂ **"Excellence Among Sikhs"** ਦੇ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ।

20. ਭਾਰਤ ਦੀ ਮਾਨਯੋਗ ਰਾਸ਼ਟਰਪਤੀ ਸ਼੍ਰੀਮਤੀ ਪ੍ਰਤਿਭਾ ਪਾਟਿਲ ਜੀ ਵੱਲੋਂ ਮਿਤੀ 17-10-2008 ਨੂੰ ਹਿਸਾਰ (ਹਰਿਆਣਾ) ਵਿਖੇ " **ਨਿਰਮਲ ਗ੍ਰਾਮ ਪੁਰਸਕਾਰ-2008**" ਦੇ ਕੇ ਅਭਿਨੰਦਨ ਕੀਤਾ ਸੀ।

21. University Law College of G.N.D.U ਵੱਲੋਂ ਮਿਤੀ 17-12-2008 ਨੂੰ ਜਲੰਧਰ ਵਿਖੇ ਸਨਮਾਨ ਕੀਤਾ ਗਿਆ ਸੀ।

22. Punjab Academi of Science ਵੱਲੋਂ ਮਿਤੀ17-12-2008 ਨੂੰ ਪਟਿਆਲਾ ਵਿਖੇ "**ਫੈਲੋਸ਼ਿਪ**" ਪ੍ਰਦਾਨ ਕੀਤੀ ਗਈ ਸੀ।

23. Guru Jambheshawra University of Science and Technology,Hisar ਵੱਲੋਂ 09-02-2009 ਨੂੰ "**ਮਧੂ ਭਸੀਨ ਐਵਾਰਡ**"(Madhu Bhasin Award) ਪ੍ਰਦਾਨ ਕੀਤਾ ਗਿਆ ਸੀ।

24. ਸਤੰਬਰ 2009 ਵਿੱਚ ਵਿੰਡਸਰ ਵਿਖੇ ਹੋਏ ਸੰਸਾਰ ਦੇ ਧਾਰਮਿਕ ਨੇਤਾਵਾਂ ਦੇ ਸੰਮੇਲਨ ਵਿੱਚ ਸਨਮਾਨਿਤ ਕੀਤਾ ਗਿਆ।

25.ਬੁੱਧ ਧਰਮ ਦੇ ਪ੍ਰਮੁੱਖ ਨੇਤਾ ਦਲਾਈ ਲਾਮਾ ਵੱਲੋਂ 29-04-2010 ਨੂੰ ਧਰਮਸ਼ਾਲਾ ਵਿਖੇ ਸਨਮਾਨ ਕੀਤਾ ਗਿਆ।

26.ਸਾਰਕ ਦੇਸ਼ਾ ਦੀ ਕਾਨਫਰੰਸ ਵਿੱਚ ਮਿਤੀ 27-03-2010 ਨੂੰ ਨਵੀਂ ਦਿੱਲੀ ਵਿਖੇ “ਸਾਰਕ ਇਨਵਾਇਰਨਮੈਂਟ ਅਵਾਰਡ” ਨਾਲ ਸਨਮਾਨਿਤ ਕੀਤਾ ਗਿਆ।

27. ਮਈ 2010 ਵਿੱਚ ਕਨੇਡਾ ਦੀ ਪਾਰਲੀਮੈਂਟ ਵੱਲੋਂ ਸਨਮਾਨ ਕੀਤਾ ਗਿਆ।ਇਸ ਤੋਂ ਇਲਾਵਾਂ ਹੋਰ ਵੀ ਬਹੁਤ ਸਾਰੇ ਮਾਣ-ਸਨਮਾਨ ਵੱਖ ਵੱਖ ਸੰਸਥਾਵਾਂ,ਕਾਲਜਾਂ,ਯੂਨੀਵਰਸਿਟੀਆਂ,ਸੰਪ੍ਰਦਾਵਾਂ,ਬਾਰ ਐਸੋਸੀਏਸ਼ਨਾਂ ਅਤੇ ਪ੍ਰਮੁੱਖ ਹਸਤੀਆਂ ਤੋਂ ਮਿਲੇ ਹਨ।

**ਸੁਆਲ:** ਕੀ ਤੁਸੀਂ ਅਜੋਕੇ ਸਮਾਜ ਨੂੰ ਕੋਈ ਸੁਨੇਹਾ ਦੇਣਾ ਚਾਹੋਗੇ?

**ਜੁਆਬ:** ਮੇਰਾ ਤਾਂ ਇਹੀ ਸੁਨੇਹਾ ਹੈ ਕਿ ਆਪਣੇ ਆਲੇ-ਦੁਆਲੇ ਨੂੰ ਸਾਫ਼-ਸੁੱਥਰਾ ਰੱਖੋ। ਜਲ-ਸਰੋਤਾਂ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਓ। ਰੁੱਖ ਅਤੇ ਕੁੱਖ ਪ੍ਰਤੀ ਸੁਚੇਤ ਹੋਵੋ। ਕੁਦਰਤ ਨਾਲ ਖਿਲਵਾੜ ਨਾ ਕਰੋ। ਜੇਕਰ ਕੁਦਰਤ ਦਾ ਸੰਤੁਲਨ ਵਿਗਾੜੋਗੇ ਤਾਂ ਆਪਣੀ ਕਬਰ ਆਪ ਪੁੱਟ ਰਹੇ ਹੋਵੋਗੇ।

ਸੰਤ ਬਾਬਾ ਬਲਬੀਰ ਸਿੰਘ ਜੀ ਸੀਚੇਵਾਲ ਨਾਲ ਸੁਲਤਾਨਪੁਰ ਲੋਧੀ ਵਿਖੇ ਉਸ ਪਵਿੱਤਰ ਵੇਈਂ ਦੇ ਕੰਢੇ ਜਿੱਥੇ ਕਦੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਲਾਹੀ ਬਾਣੀ ਦਾ ਉਚਾਰਣ ਕੀਤਾ ਸੀ ਅਤੇ ਅੱਜ ਜਿਸ ਨੂੰ ਸੀਚੇਵਾਲ ਜੀ ਨੇ ਆਪਣੇ ਸਿਰੜ ਅਤੇ ਲਗਨ ਸਦਕਾ ਫੁੱਲਾਂ ਦੀ ਮਹਿਕ ਨਾਲ ਸੁਗੰਧਤ ਕੀਤਾ ਹੋਇਆ ਸੀ,ਅਨੁਭਵ ਕਰ ਰਿਹਾ ਸਾਂ ਜਿਵੇਂ ਮੈਂ ਸ਼ਾਂਤੀ ਨਿਕੇਤਨ ਵਿੱਚ ਬੈਠਾ ਹੋਵਾਂ। ਇਸ ਵਾਤਾਵਰਣ ਪ੍ਰੇਮੀ ਅਤੇ ਲੋਕ ਭਲਾਈ ਦੇ ਕਾਰਜਾਂ ਵਿੱਚ ਜੁੱਟੇ ਹੋਏ ਇਨਸਾਨ ਦੇ ਮੱਥੇ ਉੱਤੇ ਦਇਆ,ਧਰਮ ਅਤੇ ਸਮਾਜ ਸੇਵਾ ਦਾ ਜਲਾਲ ਮਘ ਰਿਹਾ ਸੀ। ਇਹ ਗੱਲ ਵਾਰ ਵਾਰ ਮੇਰੇ ਮਨ ਵਿੱਚ ਗੇੜੇ ਲਾ ਰਹੀ ਸੀ ਕਿ ਜੇਕਰ ਭ੍ਰਿਸ਼ਟਾਚਾਰ ਵਿਰੁੱਧ ਜਿਸ ਸਮੇਂ ਅੰਨਾ ਹਜ਼ਾਰੇ ਲੜ ਰਿਹਾ ਹੈ,ਉਸੇ ਸਮੇਂ ਵਾਤਾਵਰਣ ਦੇ ਪ੍ਰਦੂਸ਼ਣ ਨਾਲ ਪੰਜਾਬ ਵਿੱਚ ਸੰਤ ਬਾਬਾ ਬਲਬੀਰ ਸਿੰਘ ਜੀ ਸੀਚੇਵਾਲ ਲੜ ਰਹੇ ਹਨ। ਇਸ ਤਰ੍ਹਾਂ ਨਾਲ ਇਸ ਬਾਬੇ ਨੂੰ **"ਪੰਜਾਬ ਦਾ ਅੰਨਾ ਹਜ਼ਾਰੇ"** ਕਹਿਣਾ ਅਤਿਕਥਨੀ ਨਹੀਂ ਹੋਵੇਗਾ। ਮਨ ਵਿੱਚ ਸੋਚ ਰਿਹਾ ਸਾਂ ਕਿ ਜੇ ਕਰ ਸਭਨਾਂ ਦੀ ਸੋਚ ਕੁਦਰਤ ਨਾਲ ਜੁੜਨ ਵੱਲ ਮੁੜ ਜਾਵੇ ਤਾਂ ਸਵਰਗ ਉਸ ਤੋਂ ਵੱਖਰਾ ਨਹੀਂ ਹੋਵੇਗਾ। ਰੱਬ ਕਰੇ ਅਜਿਹੇ ਹਉਮੈ ਤੋ ਅਲੇਪ ਮਨੁੱਖ ਹਮੇਸ਼ਾ ਸਾਡਾ ਮਾਰਗ ਦਰਸ਼ਨ ਕਰਦੇ ਰਹਿਣ।

ਆਮੀਨ!

***

**ਸਰਕਾਰੀ ਅਧਿਕਾਰੀ:**

## ਸੂਫ਼ੀ ਰੰਗ 'ਚ ਰੱਤਾ ਮਨੁੱਖ



**ਬਖ਼ਤਾਵਰ ਮੀਆਂ**

ਸ੍ਰ: ਬਖ਼ਤਾਵਰ ਸਿੰਘ ਜੀ ਹੁਰਾਂ ਨੂੰ ਮੈਂ ਪਹਿਲੀਵਾਰ 28 ਫਰਵਰੀ,2009 ਨੂੰ ਮਿਲਿਆ ਸਾਂ। ਮਾਝਾ ਪੰਜਾਬੀ ਸੱਥ ਤਰਨ ਤਾਰਨ ਦਾ ਸੰਚਾਲਕ ਹੋਣ ਦੇ ਨਾਤੇ ਇਸ ਸੱਥ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਨਮਾਨ ਸਮਾਰੋਹ ਕੀਤਾ ਜਾਣਾ ਸੀ ਜਿਸ ਵਿੱਚ ਇਲਾਕੇ ਦੀਆਂ ਰੋਲ ਮਾਡਲ ਹਸਤੀਆਂ ਨੂੰ ਲੋਕਾਂ ਸਾਹਮਣੇ ਪੇਸ਼ ਕਰ ਕੇ ਸਨਮਾਨਿਆ ਜਾਣਾ ਸੀ। ਇਹ ਉਪਰਾਲਾ ਹਰ ਸੱਥ ਵੱਲੋਂ ਆਪਣੇ ਇਲਾਕੇ ਵਿੱਚ ਸਾਲ ਵਿੱਚ ਇੱਕ ਵਾਰ ਕੀਤਾ ਜਾਂਦਾ ਹੈ ਤਾਂ ਜੋ ਦੂਸਰੇ ਲੋਕਾਂ ਨੂੰ ਉਨ੍ਹਾਂ ਦੇ ਜੀਵਨ ਤੋਂ ਸੇਧ ਮਿਲ ਸਕੇ ਅਤੇ ਉਹ ਉਨ੍ਹਾਂ ਦਾ ਮਾਰਗ ਦਰਸ਼ਨ ਕਰ ਸਕਣ। ਗੱਲ ਚੱਲੀ ਸੀ ਸਮਾਰੋਹ ਵਿੱਚ ਮੁੱਖ ਮਹਿਮਾਨ ਦੀ ਚੋਣ ਦੀ। ਆਮ ਕਰਕੇ ਸੱਥਾਂ ਦਾ ਇਹ ਆਕੀਦਾ ਹੈ ਕਿ ਉਹ ਕਿਸੇ ਰਾਜਸੀ ਪਾਰਟੀ ਦੇ ਨੇਤਾ ਨੂੰ ਮੁੱਖ ਮਹਿਮਾਨ ਬਣਾਉਣ ਤੋਂ ਗੁਰੇਜ਼ ਕਰਦੀਆਂ ਹਨ। ਇਸ ਤਰ੍ਹਾਂ ਕਰਕੇ ਉਹ ਆਪਣੇ ਤੇ ਕਿਸੇ ਪਾਰਟੀ ਨਾਲ ਜੁੜੇ ਹੋਏ ਹੋਣ ਦਾ ਲੇਬਲ ਨਹੀਂ ਲਵਾਉਣਾ ਚਾਹੁੰਦੀਆਂ। ਇਹ ਵੀ ਵੇਖਣ ਵਿੱਚ ਆਇਆ ਹੈ ਕਿ ਕਿਸੇ ਸੰਤਰੀ-ਮੰਤਰੀ ਨੂੰ ਸਮਾਗਮ ਵਿੱਚ ਬੁਲਾ ਲੈਣ ਨਾਲ ਸਭਾ ਦਾ ਸਾਰਾ ਧਿਆਨ ਉਸ ਦੀ ਆਓ ਭਗਤ ਵਿੱਚ ਹੀ ਲੱਗ ਜਾਂਦਾ ਹੈ ਅਤੇ ਦੂਸਰੇ ਲੋਕ ਅਣਗੌਲੇ ਅਨੁਭਵ ਕਰਦੇ ਹਨ।

ਸ੍ਰ: ਜਸਮੇਲ ਸਿੰਘ ਜੀ 'ਚੀਦਾ' ਪ੍ਰਧਾਨ "ਚੰਡੀਗੜ੍ਹ-ਪੰਜਾਬ ਯੂਨੀਅਨ ਆਫ ਜਨਰਲਿਸਟ" ਪੱਤਰਕਾਰ ਯੂਨੀਅਨ ਨੇ ਸੁਝਾ ਦਿੰਦੇ ਹੋਏ ਦੱਸਿਆ ਸੀ ਕਿ ਇਸ ਸਮੇਂ ਤਰਨ ਤਾਰਨ ਸਬ ਡਵੀਯਨ ਦੇ ਐਸ.ਡੀ.ਐਮ ਸ੍ਰ: ਬਖ਼ਤਾਵਰ ਸਿੰਘ ਜੀ ਹਨ ਉਨ੍ਹਾਂ ਨੂੰ ਬਤੌਰ ਮੁੱਖ ਮਹਿਮਾਨ ਬੁਲਾ ਲਿਆ ਜਾਵੇ। ਉਹ ਅਫ਼ਸਰਸ਼ਾਹੀ ਦੀ ਬੋਅ ਤੋਂ ਕੋਹਾਂ ਦੂਰ ਹਨ ਅਤੇ ਸਾਹਿਤਕ ਮੱਸ ਵੀ ਰੱਖਦੇ ਹਨ। ਸਰਬ ਸੰਮਤੀ ਨਾਲ ਉਨ੍ਹਾਂ ਨੂੰ ਹੀ ਮੁੱਖ ਮਹਿਮਾਨ ਵਜੋਂ ਬੁਲਾਉਣਾ ਪ੍ਰਵਾਨ ਕਰ ਲਿਆ ਗਿਆ ਸੀ। ਇਸ ਤਰ੍ਹਾਂ ਉਨ੍ਹਾਂ ਨਾਲ ਇਹ ਮੇਰੀ ਪਹਿਲੀ ਮੁਲਾਕਾਤ ਸੀ।ਜੇਕਰ ਜਾਣਨਾ ਹੋਵੇ ਕਿ ਪਾਣੀ ਕਿੰਨਾਂ ਕੁ ਡੂੰਘਾ ਹੈ ਤਾਂ ਉਸ ਵਿੱਚ ਉੱਤਰਨਾ ਪੈਂਦਾ ਹੈ ਅਤੇ ਜੇਕਰ ਕਿਸੇ ਇਨਸਾਨ ਬਾਰੇ ਜਾਣਨ ਦੀ ਲਾਲਸਾ ਹੋਵੇ ਤਾਂ ਉਸ ਦੇ ਵੀ ਅੰਦਰ ਉੱਤਰਨਾ ਪੈਂਦਾ ਹੈ। ਪਹਿਲੀ ਮਿਲਣੀ ਵਿੱਚ ਬੇਸ਼ਕ ਮੈਂ ਜ਼ਿਆਦਾ ਸਮਾਂ ਸ੍ਰ. ਬਖ਼ਤਾਵਰ ਸਿੰਘ ਜੀ ਨਾਲ ਨਹੀਂ ਸਾਂ ਬਿਤਾ ਸਕਿਆ ਪਰ ਉਨ੍ਹਾਂ ਦੀਆਂ ਅੱਖਾਂ ਵਿੱਚ ਮੈਂ ਜਿਹੜੀ ਚਮਕ ਵੇਖੀ ਸੀ ਉਸ ਨੇ ਮੈਨੂੰ ਇਸ ਗੱਲ ਦੀ ਝਲਕ ਜ਼ਰੂਰ ਦਿਖਾ ਦਿੱਤੀ ਸੀ ਇਸ ਇਨਸਾਨ ਵਿੱਚ ਦੂਸਰਿਆਂ ਨਾਲੋਂ ਕੋਈ ਵਿਲੱਖਣਤਾ ਜ਼ਰੂਰ ਹੈ। ਮੈਨੂੰ ਉਹ ਜਿਸ ਤਰ੍ਹਾਂ ਦਾ ਬਾਹਰੋਂ ਦਿੱਸ ਰਿਹਾ ਸੀ ਉਸ ਨਾਲੋਂ ਅੰਦਰੋਂ ਕੁਝ ਵੱਖਰਾ ਮਹਿਸੂਸ ਹੁੰਦਾ ਸੀ। ਉਸ ਅੰਦਰ ਕੋਈ ਅਜਿਹੀ ਚੁੰਬਕੀ ਖਿੱਚ ਸੀ ਜਿਹੜੀ ਮੇਰੀ ਅੰਤਰ ਆਤਮਾ ਨੂੰ ਖਿੱਚ ਰਹੀ ਸੀ।

ਸਮੇਂ ਸਮੇਂ ਮੈਨੂੰ ਉਨ੍ਹਾਂ ਨਾਲ ਮਿਲਣ ਦਾ ਮੌਕਾ ਮਿਲਦਾ ਰਿਹਾ ਅਤੇ ਹਰ ਮੁਲਾਕਾਤ ਵਿੱਚ ਉਨ੍ਹਾਂ ਨੂੰ ਨੇੜਿਓ ਵੇਖਣ ਦਾ ਸੁਭਾਗ ਵੀ। ਹਰ ਮਿਲਣੀ ਵਿੱਚ ਉਨ੍ਹਾਂ ਦੇ ਵੱਖ ਵੱਖ ਰੂਪ ਅਤੇ ਉਨ੍ਹਾਂ ਅੰਦਰਲਾ ਇਨਸਾਨ ਮੇਰੇ ਮਨ ਦੇ ਕੈਨਵਸ ਤੇ ਆਪਣੇ ਰੰਗ ਬਿਖੇਰਦਾ ਗਿਆ। ਉਨ੍ਹਾਂ ਬਾਰੇ ਹੋਰ ਹੋਰ ਜਾਣਨ ਦੀ ਤਲਬ ਵੱਧਦੀ ਗਈ। ਫਿਰ ਇੱਕ ਦਿਨ ਉਹ ਸਮਾਂ ਆ ਹੀ ਗਿਆ ਜਦੋਂ ਮੇਰੇ ਦੋਸਤ ਸ੍ਰ: ਜਸਮੇਲ ਸਿੰਘ ਜੀ 'ਚੀਦਾ' ਨੇ ਉਨ੍ਹਾਂ ਨੂੰ ਇਕੱਲ ਵਿੱਚ ਸਾਡੇ ਨਾਲ ਬੈਠਣ ਦਾ ਸਮਾਂ ਦੇਣ ਲਈ ਮਨਾ ਹੀ ਲਿਆ। ਉਨ੍ਹਾਂ ਦੀ ਵੀ ਮਜ਼ਬੂਰੀ ਸੀ,ਜਿਸ ਅਹੁਦੇ ਤੇ ਉਹ ਤਾਇਨਾਤ ਹਨ ਕਾਫੀ ਰੁਝੇਵਿਆਂ ਭਰਿਆ ਹੈ। ਸਾਡੇ ਪਿਆਰ ਨੂੰ ਵੇਖਦਿਆਂ ਹੋਇਆਂ ਉਨ੍ਹਾਂ ਨੇ ਡਿਊਟੀ ਉਪਰੰਤ ਆਪਣੀ ਕੋਠੀ ਹੀ ਬੁਲਾ ਲਿਆ।ਰਸਮੀ ਸਾਹਿਬ-ਸਲਾਮ ਪਿੱਛੋਂ ਅਸੀਂ ਉਨ੍ਹਾਂ ਨਾਲ ਉਨ੍ਹਾਂ ਦੇ ਜੀਵਨ ਬਾਰੇ ਗੱਲਾਂ ਕਰਨ ਲੱਗ ਪਏ। ਪਾਠਕਾਂ ਵਾਸਤੇ ਪੇਸ਼ ਹੈ ਉਨ੍ਹਾਂ ਨਾਲ ਹੋਈ ਗੱਲਬਾਤ ਦਾ ਇੰਟਰਵਿਊ ਰੂਪ:-

**ਸੁਆਲ:** ਸ੍ਰ: ਬਖ਼ਾਤਵਰ ਸਿੰਘ ਜੀ ਕੀ ਤੁਸੀਂ ਆਪਣੀ ਅਤੇ ਆਪਣੇ ਪਰਿਵਾਰ ਦੀ ਜਿੰਦਗੀ ਬਾਰੇ ਚਾਨਣਾ ਪਾਵੋਗੇ ?

**ਜਵਾਬ:** ਮੇਰਾ ਜਨਮ ਮਿਤੀ 11-06-1961 ਨੂੰ ਪਿੰਡ ਵਡਾਲਾ ਖ਼ੁਰਦ,ਤਹਿਸੀਲ ਬਾਬਾ ਬਕਾਲਾ,ਜ਼ਿਲ੍ਹਾ ਅੰਮ੍ਰਿਤਸਰ ਵਿੱਚ ਸ੍ਰ: ਮਿਲਖਾ ਸਿੰਘ ਦੇ ਗ੍ਰਹਿ ਵਿਖੇ ਮਾਤਾ ਪ੍ਰੀਤਮ ਕੌਰ ਜੀ ਦੀ ਕੁੱਖੋਂ ਹੋਇਆ। ਮੇਰੀਆਂ ਤਿੰਨ ਭੈਣਾ ਹਨ ਅਤੇ ਅਸੀਂ ਚਾਰ ਭਰਾ ਹਾਂ। ਮੈਂ ਉਨ੍ਹਾਂ 'ਚੋਂ ਸਭ ਤੋਂ ਵੱਡਾ ਹਾਂ।

**ਸੁਆਲ:** ਤੁਸੀਂ ਆਪਣੀ ਵਿਦਿਅਕ ਯੋਗਤਾ ਬਾਰੇ ਵੀ ਦੱਸੋ ਕਿ ਤੁਸੀਂ ਕਦੋਂ ਕਦੋਂ ਅਤੇ ਕਿੱਥੋਂ ਕਿੱਥੋਂ ਵਿੱਦਿਆ ਪ੍ਰਾਪਤ ਕੀਤੀ ਹੈ ?

**ਜਵਾਬ:** ਮੈਂ ਆਪਣੀ ਮੁੱਢਲੀ ਵਿੱਦਿਆ ਆਪਣੇ ਪਿੰਡ ਵਡਾਲਾ ਖੁਰਦ ਦੇ ਸਕੂਲ ਤੋਂ ਪ੍ਰਾਪਤ ਕੀਤੀ ਹੈ ਅਤੇ ਦਸਵੀਂ ਜਮਾਤ ਜਿਸ ਨੂੰ ਉੱਚ ਵਿਦਿਆ ਦੀ ਪੌੜੀ ਦਾ ਪਹਿਲਾ ਡੰਡਾ ਕਿਹਾ ਜਾਂਦਾ ਹੈ ਉਹ ਵੀ ਪਿੰਡ ਦੇ ਸਕੂਲ ਤੋਂ ਹੀ ਪਾਸ ਕੀਤੀ ਹੈ। ਪਿੰਡ ਦਾ ਇਹ ਸਕੂਲ ਜਿਹੜਾ ਕਿ ਦੋਹਾਂ ਪਿੰਡਾਂ ਵਡਾਲਾ ਖ਼ੁਰਦ ਅਤੇ ਵਡਾਲਾ ਕਲਾਂ ਦੇ ਵਿਚਕਾਰ ਬਣਿਆ ਹੋਇਆ ਹੈ ਅਤੇ ਦੋਹਾਂ ਪਿੰਡਾਂ ਦਾ ਸਾਂਝਾ ਸਕੂਲ ਵੀ ਹੈ ਅਪ ਗ੍ਰੇਡ ਹੋ ਕੇ ਹਾਈ ਸਕੂਲ ਬਣ ਗਿਆ ਸੀ। ਪਹਿਲਾਂ ਇਹ ਸਕੂਲ ਪੰਜਵੀਂ ਜਮਾਤ ਤੱਕ ਹੀ ਸੀ ਅਤੇ ਛੇਵੀਂ ਜਮਾਤ ਵਿੱਚ ਦਾਖਲ ਹੋਣ ਲਈ ਮੈਨੂੰ ਸੁਧਾਰ ਪਿੰਡ ਦੇ ਸਕੂਲ ਵਿੱਚ ਦਾਖਲ ਹੋਣਾ ਪਿਆ ਸੀ ਜਿਹੜਾ ਕਿ ਸਾਡੇ ਪਿੰਡ ਤੋਂ ਪੰਜ-ਛੇ ਕਿਲੋ ਮੀਟਰ ਦੀ ਦੂਰੀ ਤੇ ਵਾਕਿਆ ਹੈ। ਪਿੰਡ ਦਾ ਸਕੂਲ ਅੱਪ ਗ੍ਰੇਡ ਹੋ ਜਾਣ ਉਪਰੰਤ ਅਸੀਂ ਮੁੜ ਆਪਣੇ ਪਿੰਡ ਦੇ ਸਕੂਲ ਵਿੱਚ ਹੀ ਆ ਗਏ ਸਾਂ। ਇਹ ਸਕੂਲ ਅਠਵੀਂ ਜਮਾਤ ਤੱਕ ਅਜੇ ਅੱਪ ਗ੍ਰੇਡ ਨਹੀਂ ਸੀ ਹੋਇਆ ਜਿਸ ਕਰਕੇ ਅਠਵੀਂ ਜਮਾਤ ਕਰਨ ਲਈ ਮੈਨੂੰ ਫਿਰ ਰਈਆ ਸਕੂਲ ਵਿੱਚ ਦਾਖਲਾ ਲੈਣਾ ਪਿਆ ਸੀ ਜਿਹੜਾ ਸਾਡੇ ਪਿੰਡ ਤੋਂ ਤਿੰਨ ਕਿਲੋ ਮੀਟਰ ਦੂਰ ਹੈ। ਇਸੇ ਦੌਰਾਨ ਪਿੰਡ ਦਾ ਸਕੂਲ ਦਸਵੀਂ ਤੱਕ ਅੱਪ ਗ੍ਰੇਡ ਹੋ ਗਿਆ ਸੀ ਅਤੇ ਅਸੀਂ ਫਿਰ ਆਪਣੇ ਪਿੰਡ ਦੇ ਸਕੂਲ ਵਿੱਚ ਹੀ ਆ ਗਏ ਸਾਂ। ਇਸ ਤਰ੍ਹਾਂ ਪੜ੍ਹਾਈ ਅਤੇ ਸਕੂਲਾਂ ਨਾਲ ਲੁਕਣ ਮੀਟੀ ਖੇਡਦਿਆਂ ਹੋਇਆਂ ਆਖਿਰ ਮੈਂ ਆਪਣੇ ਪਿੰਡ ਦੇ ਸਕੂਲ ਤੋਂ ਦਸਵੀਂ ਜਮਾਤ ਪਾਸ ਕਰ ਲਈ। ਇਹ ਸਾਡੇ ਵਾਸਤੇ ਮਾਣ ਦੀ ਗੱਲ ਹੈ ਕਿ ਵਡਾਲਾ ਕਲਾਂ-ਵਡਾਲਾ ਖ਼ੁਰਦ ਸਕੂਲ ਤੋਂ ਦਸਵੀਂ ਜਮਾਤ ਦਾ ਨਿਕਲਣ ਵਾਲਾ ਪਹਿਲਾ ਬੈਚ ਅਸਾਡਾ ਹੀ ਸੀ।

ਦਸਵੀਂ ਜਮਾਤ ਪਾਸ ਕਰ ਲੈਣ ਉਪਰੰਤ ਅੱਗੋਂ ਪੜ੍ਹਾਈ ਕਰਨ ਲਈ ਫਿਰ ਸਮੱਸਿਆ ਆਣ ਖਲੋਤੀ ਸੀ। ਹਾਇ ਸੈਕੰਡਰੀ ਕਰਨ ਲਈ ਨੇੜੇ-ਤੇੜੇ ਕੋਈ ਸਕੂਲ ਨਹੀਂ ਸੀ। ਮਹਿਤਾ ਚੌਂਕ ਜਿਹੜਾ ਕਿ ਸਾਡੇ ਪਿੰਡ ਤੋਂ ਗਿਆਰਾਂ ਕੁ ਕਿਲੋ ਮੀਟਰ ਦੀ ਦੂਰੀ ਤੇ ਹੈ,ਉੱਥੇ ਗਿਆਰ੍ਹਵੀਂ ਜਮਾਤ ਵਿੱਚ ਦਾਖਲਾ ਲੈਣਾ ਪੈ ਗਿਆ ਸੀ। ਮਹਿਤਾ ਚੌਂਕ ਤੋਂ ਹਾਇਰ ਸੈਕੰਡਰੀ ਪਾਸ ਕਰ ਲੈਣ ਪਿੱਛੋਂ ਉੱਚ ਵਿਦਿਆ ਲਈ ਮੈਂ ਗੌਰਮਿੰਟ ਕਾਲਜ ਸਠਿਆਲਾ ਜਿਹੜਾ ਕਿ ਬਾਬਾ ਬਕਾਲਾ ਨੇੜੇ ਹੈ ਬੀ.ਏ. ਪਾਰਟ-ੀ ਵਿੱਚ ਦਾਖਲ ਹੋ ਗਿਆ ਸਾਂ। ਮੈਂ ਆਪਣੀ ਗਰੈਜੂਏਸ਼ਨ ਸੰਨ 1983 ਵਿੱਚ ਸਠਿਆਲਾ ਕਾਲਜ ਤੋਂ ਕੀਤੀ ਹੈ। ਮੈਂ ਇਸ ਗੱਲ ਦਾ ਵੀ ਲੁਕਾਅ ਵੀ ਨਹੀਂ ਰੱਖਣਾ ਚਾਹੁੰਦਾ ਕਿ ਉਸ ਸਮੇਂ ਘਰ ਦੀ ਆਰਥਿਕ ਹਾਲਤ ਕੋਈ ਜ਼ਿਆਦਾ ਚੰਗੀ ਨਹੀਂ ਸੀ ਜਿਸ ਕਰਕੇ ਘਰਦਿਆਂ ਵੱਲੋਂ ਅੱਗੇ ਪੜ੍ਹਨ ਤੋਂ ਇੱਕ ਤਰ੍ਹਾਂ ਨਾਲ ਜੁਆਬ ਹੀ ਮਿਲ ਗਿਆ ਸੀ।

**ਸੁਆਲ:** ਕੀ ਤੁਸੀਂ ਘਰ ਦੀ ਤੰਗੀ-ਤੁਰਸ਼ੀ ਅੱਗੇ ਹਥਿਆਰ ਸੁੱਟ ਦਿੱਤੇ ਸਨ ਜਾਂ ਆਪਣੀ ਪੜ੍ਹਾਈ ਜਾਰੀ ਰੱਖਣ ਵਾਸਤੇ ਕੋਈ ਰਾਹ ਲੱਭ ਲਿਆ ਸੀ?

**ਜਵਾਬ: 'ਜਿੱਥੇ ਚਾਹ ਉੱਥੇ ਰਾਹ' ਵਾਲੀ ਗੱਲ ਸੀ**। ਦਿਲ ਵਿੱਚ ਪੜ੍ਹਨ ਦੀ ਮੱਸ ਹਰ ਵੇਲੇ ਮਚਲਦੀ ਰਹਿੰਦੀ ਸੀ। ਮੈਂ ਜ਼ਿੰਦਗੀ ਨੂੰ ਅੱਗੇ ਤੋਰਨ ਲਈ ਕਿਸੇ ਨੌਕਰੀ ਵਾਸਤੇ ਹੱਥ ਪੈਰ ਮਾਰਨੇ ਆਰੰਭ ਦਿੱਤੇ ਸਨ। ਮੈਨੂੰ ਸਭ ਤੋਂ ਪਹਿਲਾਂ ਜਿਹੜੀ ਨੌਕਰੀ ਮਿਲੀ ਸੀ ਉਹ ਵੀ ਸਿਫ਼ਾਰਸ਼ ਨਾਲ ਹੀ ਮਿਲੀ ਸੀ। ਸਿਫ਼ਾਰਸ਼ ਕਰਨ ਵਾਲੇ ਨੇ ਮਾਰਕੀਟ ਕਮੇਟੀ ਵਿੱਚ ਮੈਨੂੰ ਬਤੌਰ Auction Recorder ਭਰਤੀ ਕਰਨ ਲਈ ਸਿਫ਼ਾਰਸ਼ ਕੀਤੀ ਸੀ ਪਰ ਮੈਨੂੰ ਮੰਡੀ ਵਿੱਚ ਜਿਨਸ ਲੈ ਕੇ ਆਉਣ ਵਾਲੇ ਕਿਰਸਾਨਾਂ ਨੂੰ ਪਿਆਓ ਤੇ ਪਾਣੀ ਪਿਆਉਣ ਵਾਸਤੇ ਰੱਖਿਆ ਗਿਆ ਸੀ ਜਿਹੜੀ ਕਿ ਆਰਜ਼ੀ ਅਤੇ ਤਿੰਨ ਮਹੀਨਿਆਂ ਵਾਸਤੇ ਸੀਜ਼ਨਲ ਹੁੰਦੀ ਹੈ। ਇਹ ਨੌਕਰੀ ਕਰਦਿਆਂ ਹੋਇਆਂ ਮੈ ਮਨ ਵਿੱਚ ਹਰ ਵੇਲੇ ਸੋਚਦਾ ਰਹਿੰਦਾ ਹੁੰਦਾ ਸਾਂ ਕਿ ਇਸ ਤਰ੍ਹਾਂ ਤਾਂ ਗੱਡੀ ਸਿਰੇ ਨਹੀਂ ਲੱਗਣੀ। ਕੋਈ ਤਕੜਾ ਹੰਭਲਾ ਮਾਰਨਾ ਪਊ।

ਇਸ ਨੌਕਰੀ ਦਾ ਸਮਾਂ ਪੂਰਾ ਹੋਣ ਉਪਰੰਤ ਮੈਂ ਆਪਣੇ ਨਾਨਕੇ ਪਿੰਡ 'ਵੱਲਾ' ਜਿਹੜਾ ਕਿ ਅੰਮ੍ਰਿਤਸਰ ਸ਼ਹਿਰ ਦੇ ਨੇੜੇ ਹੀ ਹੈ ਚਲਾ ਗਿਆ ਅਤੇ ਮਿਹਨਤ ਮਜ਼ਦੂਰੀ ਕਰਨ ਦੇ ਨਾਲ ਨਾਲ ਐਮ. ਏ. ਦੀ ਪੜ੍ਹਾਈ ਵੀ ਕਰਨ ਲੱਗ ਪਿਆ ਸਾਂ। ਸੰਨ 1987 ਵਿੱਚ ਮੈਂ ਸਟਾਫ ਸੀਲੈਕਸ਼ਨ ਕਮਿਸ਼ਨ ਦਾ ਪੇਪਰ ਦਿੱਤਾ ਸੀ ਜਿਸ ਵਿੱਚ ਕਾਮਯਾਬੀ ਮਿਲਣ ਤੇ ਮੈਨੂੰ ਨੌਕਰੀ ਮਿਲ ਗਈ ਸੀ।

**ਸੁਆਲ:** ਤੁਹਾਡੇ ਜੀਵਨ ਬਾਰੇ ਚਰਚਾ ਕਰਦਿਆਂ ਤੁਸਾਂ ਇਸ ਗੱਲ ਨੂੰ ਸਵੀਕਾਰ ਕੀਤਾ ਹੈ ਕਿ ਤੁਹਾਡਾ ਮੁੱਢਲਾ ਜੀਵਨ ਸੰਘਰਸ਼ਮਈ ਅਤੇ ਆਰਥਿਕ ਤੰਗੀ-ਤੁਰਸ਼ੀ ਭਰਪੂਰ ਸੀ। ਇਹ ਜੀਵਨ ਹੰਢਾਉਂਦਿਆਂ ਹੋਇਆਂ ਤੁਹਾਡੇ ਮਨ ਅੰਦਰ ਕਿਹੋ ਜਿਹੀਆਂ ਸੋਚ-ਧਾਰਾਵਾਂ ਆਇਆ ਕਰਦੀਆਂ ਸਨ? ਜਰਾ ਇਸ ਬਾਰੇ ਵੀ ਦੱਸੋ?

**ਜਵਾਬ:** ਇਸ ਵਿੱਚ ਕੋਈ ਦੂਜੀ ਰਾਇ ਨਹੀਂ ਕਿ ਤੰਗੀ-ਤੁਰਸ਼ੀ ਵਿੱਚੋਂ ਲੰਘਦਿਆਂ ਹੋਇਆਂ ਇਨਸਾਨ ਆਪਣੇ ਆਲੇ-ਦੁਆਲੇ ਘੁੱਪ ਹਨੇਰਾ ਮਹਿਸੂਸ ਕਰਦਾ ਹੈ। ਸੱਚ ਹੈ ਹਨੇਰੇ ਵਿੱਚ ਆਪਣਾ ਪ੍ਰਛਾਵਾਂ ਵੀ ਸਾਥ ਛੱਡ ਜਾਂਦਾ ਹੈ। ਪਰ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਹਨੇਰੇ ਵਿੱਚ ਹੀ ਆਸ ਦੀ ਕਿਰਨ ਲੁਕੀ ਹੋਈ ਹੁੰਦੀ ਹੈ ਜਿਹੜੀ ਹਨੇਰੇ ਦੀ ਹਿੱਕ ਚੀਰ ਕੇ ਪ੍ਰਕਾਸ਼ ਨੂੰ ਬਿਖੇਰਦੀ ਹੈ। ਲੋੜ ਹੁੰਦੀ ਹੈ ਸਿਰੜ ਅਤੇ ਸਵੈ-ਵਿਸ਼ਵਾਸ ਦਾ ਪੱਲਾ ਪਕੜਨ ਦੀ। ਜੇਕਰ ਤੁਸੀਂ ਮੰਜ਼ਿਲ ਵੱਲ ਤੁਰੋਗੇ ਹੀ ਨਹੀਂ ਤਾਂ ਮੰਜ਼ਿਲ 'ਤੇ ਪਹੁੰਚੋਗੇ ਕਿਵੇਂ?

ਮੈਨੂੰ ਯਾਦ ਹੈ ਜਦੋਂ ਮੈਂ ਸਠਿਆਲੇ ਕਾਲਜ ਵਿੱਚ ਪੜ੍ਹਦਾ ਹੁੰਦਾ ਸੀ ਤਾਂ ਨੋਟਿਸ ਬੋਰਡ ਤੇ ਇੱਕ ਨੋਟਿਸ ਲੱਗਾ ਹੋਇਆ ਸੀ "ਫਰੀ ਟਰੇਨਿੰਗ ਇੰਨਸਟੀਚਿਊਸ਼ਨ"। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ 'ਸਿਵਲ ਸਰਵਿਸਜ਼' ਦੇ ਇਮਤਿਹਾਨ ਦੀ ਤਿਆਰੀ ਲਈ ਫਰੀ ਟਰੇਨਿੰਗ ਦਿੱਤੀ ਜਾ ਰਹੀ ਸੀ। ਮੈਨੂੰ ਤਾਂ ਇਸ ਇਮਤਿਹਾਨ ਬਾਰੇ ਜ਼ਿਆਦਾ ਪਤਾ ਨਹੀਂ ਸੀ ਪਰ ਏਨਾਂ ਕੁ ਪਤਾ ਸੀ ਕਿ ਸਾਡਾ ਇੰਗਲਿਸ਼ ਦਾ ਇੱਕ ਲੈਕਚਰਾਰ ਆਈ.ਏ.ਐਸ. ਦਾ ਇਮਤਿਹਾਨ ਦਿਆ ਕਰਦਾ ਸੀ ਪਰ ਬਦਕਿਸਮਤੀ ਨਾਲ ਉਹ ਹਰ ਵੇਰਾਂ ਪਾਸ ਹੋਣ ਤੋਂ ਰਹਿ ਜਾਇਆ ਕਰਦਾ ਸੀ। ਮੇਰੇ ਅੰਦਰ ਵੀ ਇਸ ਇਮਤਿਹਾਨ ਨੂੰ ਪਾਸ ਕਰਨ ਦੀ ਸੋਚ ਇੱਕ ਕਿਰਨ ਬਣ ਕੇ ਜਾਗੀ ਸੀ ਪਰ ਮੇਰੇ ਵਾਸਤੇ ਇਸ ਨੂੰ ਕਰ ਪਾਉਣਾ ਏਨਾ ਹੀ ਔਖਾ ਸੀ ਜਿੰਨਾਂ ਕਿਸੇ ਦਲਦਲ ਵਿੱਚੋਂ ਨਿਕਲਣਾ ਔਖਾ ਹੁੰਦਾ ਹੈ। ਉਦੋਂ ਹੀ ਮੇਰੇ ਮਨ ਵਿੱਚ ਇਹ ਸੋਚ ਜਾਗੀ ਸੀ ਕਿ ਇਸ ਜਿਲ੍ਹਣ 'ਚੋਂ ਨਿਕਲਣ ਵਾਸਤੇ ਕੋਈ ਵੱਡਾ ਹੰਭਲਾ ਮਾਰਨਾ ਹੀ ਪਵੇਗਾ ਅਤੇ ਉਹ ਹੰਭਲਾ ਇਸ ਗੱਲ ਦੀ ਮੰਗ ਕਰਦਾ ਸੀ ਕਿ ਮੈਂ ਕਿਸੇ ਅਜਿਹੀ ਜਗਾ ਚਲਾ ਜਾਵਾਂ ਜਿੱਥੇ ਮੈਂ ਆਰਥਿਕ ਸਾਧਨ ਪੈਦਾ ਵੀ ਕਰ ਸਕਾਂ ਅਤੇ ਨਾਲ ਨਾਲ ਪੜ੍ਹਾਈ ਵੀ ਕਰ ਸਕਾਂ।

ਪਿੰਡ ਵਿੱਚ ਰਹਿ ਕੇ ਅਜਿਹੀ ਪ੍ਰਾਪਤੀ ਸੰਭਵ ਨਹੀਂ ਸੀ। ਕਿਉਂਕਿ ਪਿੰਡਾਂ ਵਿੱਚ ਉਹ ਸਾਧਨ ਨਹੀਂ ਜੁਟਾਏ ਜਾ ਸਕਦੇ ਜਿਹੜੇ ਇਸ ਮੰਜ਼ਿਲ ਤੱਕ ਲੈ ਜਾਣ ਲਈ ਕਾਫੀ ਹੋਣ। ਜੇਕਰ ਤੁਸਾਂ ਕੁਝ ਪਾਉਣਾ ਹੈ ਤਾਂ ਉਸ ਵਾਸਤੇ ਤੁਹਾਨੂੰ ਕੁਝ ਤਿਆਗਣਾ ਵੀ ਪਵੇਗਾ। ਮੈਂ ਆਪਣੇ ਪਿੰਡ ਦਾ ਮੋਹ ਛੱਡ ਕੇ ਨਾਨਕੇ ਪਿੰਡ ਆ ਇਸ ਮੈਦਾਨ ਵਿੱਚ ਕੁੱਦ ਪਿਆ ਸਾਂ।ਇਸੇ ਚਾਹਤ ਦਾ ਸਿਰ ਸਦਕਾ ਹੀ ਮੈਂ ਐਮ.ਏ.ਪ੍ਰਾਈਵੇਟ ਤੌਰ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਕੀਤੀ ਹੈ।

**ਸੁਆਲ:** ਬੇਸ਼ਕ ਗਰੀਬੀ ਛਿੱਪੀ ਹੋਈ ਨਿਹਮਤ ਕਹੀ ਜਾਂਦੀ ਹੈ,ਫਿਰ ਵੀ ਇਸ ਵਿੱਚੋਂ ਗੁਜ਼ਰਨਾ ਵੀ ਨੰਗੀ ਤਲਵਾਰ 'ਤੇ ਤੁਰਨ ਨਾਲੋਂ ਘੱਟ ਨਹੀਂ ਹੁੰਦਾ। ਜਿੱਥੋਂ ਤੱਕ ਮੇਰੀ ਜਾਣਕਾਰੀ ਹੈ ਜਦੋਂ ਤੁਸੀਂ ਆਰਥਿਕ ਤੰਗੀ ਵਿੱਚ ਕਾਲਜ ਪੜ੍ਹਦੇ ਹੁੰਦੇ ਸੀ ਤਾਂ ਗਰੀਬੀ ਦੀ ਤ੍ਰਾਸਦੀ ਬਾਰੇ ਨਾਟਕ ਵੀ ਖੇਡਿਆ ਕਰਦੇ ਸੀ। ਜਰਾ ਇਸ ਬਾਰੇ ਵੀ ਦੱਸੋ?

**ਜਵਾਬ:** ਜਿਸ ਸਮੇਂ ਮੈਂ ਕਾਲਜ ਵਿੱਚ ਪੜ੍ਹਦਾ ਹੁੰਦਾ ਸੀ ਤਾਂ ਕਾਲਜਾਂ ਵਿੱਚ ਇੱਕ ਕਿਸਮ ਦੀ ਵਿਚਾਰਧਾਰਾ ਪ੍ਰਬਲ ਸੀ, ਜਿਸ ਨੂੰ ਪ੍ਰੋਗਰੈਸਿਵ ਧਾਰਾ ਕਹਿੰਦੇ ਹਨ। ਜਿਸ ਪਿੱਛੇ ਮਾਰਕਸਵਾਦੀ ਵਿਚਾਰਧਾਰਾ ਕੰਮ ਕਰਦੀ ਸੀ। ਇਹ ਸੋਚ ਕਾਲਜ ਦੇ ਲੜਕਿਆਂ ਦੇ ਮਨਾਂ ਵਿੱਚ ਘਰ ਕਰ ਚੁੱਕੀ ਸੀ। ਉਸ ਸਮੇਂ ਸ. ਗੁਰਸ਼ਰਨ ਸਿੰਘ ਜੀ ਅਤੇ ਸਾਡੇ ਇਲਾਕੇ ਦੇ ਸ. ਹੰਸਾ ਸਿੰਘ ਜੀ ਅਜਿਹੀ ਸੋਚ ਤੇ ਅਧਾਰਿਤ ਨਾਟਕ ਖੇਡਿਆ ਕਰਦੇ ਸਨ। ਮੇਰਾ ਵੀ ਉਨ੍ਹਾਂ ਨਾਲ ਰਾਬਤਾ ਕਾਇਮ ਹੋ ਗਿਆ। ਮੈਂ ਵੀ ਨਾਟਕਾਂ ਵਿੱਚ ਹਿੱਸਾ ਲੈਣ ਲੱਗ ਪਿਆ ਸਾਂ। ਮੈਨੂੰ ਯਾਦ ਹੈ ਅਸਾਂ ਇਕ ਨਾਟਕ ਕਾਲਾ ਅਫਗਾਨਾ ਕਾਲਜ ਵਿੱਚ ਖੇਡਿਆ ਸੀ। ਸਾਡੇ ਕਾਲਜ ਵੱਲੋਂ ਦੋ ਟੀਮਾਂ ਗਈਆਂ ਸਨ। ਇੱਕ ਟੀਮ ਤਾਂ ਕਾਲਜ ਵੱਲੋਂ ਭੇਜੀ ਗਈ ਜਦੋਂ ਕਿ ਸਾਡੀ ਟੀਮ ਐਨ,ਐਸ.ਐਸ ਵੱਲੋਂ ਗਈ ਸੀ,ਜਿਸ ਨੂੰ ਕਾਲਜ ਵੱਲੋਂ ਕੋਈ ਸਹਿਯੋਗ ਨਹੀਂ ਸੀ ਮਿਲਿਆ। ਅਸੀਂ ਜਿਹੜਾ ਨਾਟਕ ਖੇਡਿਆ ਸੀ ਉਸ ਦਾ ਨਾਂ ਸੀ **"ਇਹ ਲਹੂ ਕਿਸ ਦਾ ਹੈ?"** ਇਹ ਨਾਟਕ ਸ. ਗੁਰਦਿਆਲ ਸਿੰਘ ਜੀ ਦਾ ਲਿਖਿਆ ਹੋਇਆ ਹੈ। ਨਾਟਕ ਵਿੱਚ ਸਾਡੀ ਅਦਾਕਾਰੀ ਹੀ ਏਨੀਂ ਵਧੀਆ ਰਹੀ ਸੀ ਕਿ ਯੂਨੀਵਰਸਿਟੀ ਪੱਧਰ ਦਾ ਪਹਿਲਾ ਇਨਾਮ ਸਾਡੀ ਝੋਲੀ ਪਿਆ ਸੀ। ਇਸ ਨਾਟਕ ਵਿੱਚ ਵੀ ਗਰੀਬੀ ਦੀ ਹੀ ਝਲਕ ਸੀ ਜਿਹੜੀ ਸ਼ਾਇਦ ਮੇਰੀ ਸੋਚ ਦੀ ਹੀ ਤਰਜ਼ਮਾਨੀ ਕਰਦੀ ਸੀ।

**ਸੁਆਲ:** ਚਲੋ,ਹੁਣ ਆਪਾਂ ਬਚਪਨ ਵਿੱਚੋਂ ਨਿਕਲ ਤੁਹਾਡੀ ਜਵਾਨੀ ਦਾ ਪ੍ਰਸੰਗ ਛੋਂਹਦੇ ਹਾਂ। ਕੀ ਤੁਸੀਂ ਆਪਣੇ ਵਿਆਹੁਤਾ ਜੀਵਨ ਬਾਰੇ ਵੀ ਚਰਚਾ ਕਰਨਾ ਪਸੰਦ ਕਰੋਗੇ?

**ਜਵਾਬ:** ਹਾਂ। ਕਿਉਂ ਨਹੀਂ? ਵਿਆਹੁਤਾ ਜੀਵਨ ਬੰਦੇ ਦੇ ਜੀਵਨ ਦਾ ਬੜਾ ਹੀ ਅਹਿਮ ਮੋੜ ਹੁੰਦਾ ਹੈ। ਬੰਦੇ ਦੇ ਜੀਵਨ ਦੀਆਂ ਲੋੜਾਂ ਅਤੇ ਸੋਚਾਂ ਵਿੱਚ ਬਦਲਾਓ ਆ ਜਾਂਦਾ ਹੈ। ਮੈਂ ਆਪਣੇ ਵਿਆਹੁਤਾ ਜੀਵਨ ਨੂੰ ਬਹੁਤ ਹੀ ਸੰਜ਼ੀਦਗੀ ਨਾਲ ਲਿਆ ਹੈ। ਮੇਰੀ ਸੋਚ ਸੀ ਕਿ ਮੈਂ ਜਦੋਂ ਤੱਕ ਆਪਣੇ ਪੈਰਾਂ 'ਤੇ ਖੜਾ ਨਹੀਂ ਹੋ ਜਾਂਦਾ,ਇਸ ਕਾਬਿਲ ਨਹੀਂ ਹੋ ਜਾਂਦਾ ਕਿ ਵਿਆਹੁਤਾ ਜੀਵਨ ਦੀ ਜ਼ਿਮੇਂਵਾਰੀ ਨੂੰ ਨਿਭਾ ਸਕਾਂ,ਸ਼ਾਦੀ ਨਹੀਂ ਕਰਾਂਗਾ। ਕਿਉਂਕਿ ਮੈਂ ਪ੍ਰੋਗਰੈਸਿਵ(ਅਗਾਂਹ ਵਧੂ) ਸੋਚ ਦਾ ਧਾਰਨੀ ਸਾਂ,ਸਮਝਦਾ ਸਾਂ ਕਿ ਸ਼ਾਦੀ ਕਰਵਾ ਕੇ

ਬੱਚੇ ਪੈਦਾ ਕਰਨਾ ਹੀ ਤਾਂ ਸ਼ਾਦੀ ਨਹੀਂ ਹੁੰਦੀ। ਇਸ ਜੀਵਨ ਦੀਆਂ ਆਪਣੀ ਕਿਸਮ ਦੀਆਂ ਜ਼ਿੰਮੇਂਵਾਰੀਆਂ ਵੀ ਹਨ।

ਸੰਨ 1987 ਵਿੱਚ, ਜਿਵੇਂ ਕਿ ਮੈਂ ਪਹਿਲਾਂ ਵੀ ਦੱਸਿਆ ਹੈ,ਮੈਨੂੰ 'ਆਡੀਟਰ' ਦੀ ਨੌਕਰੀ ਮਿਲ ਗਈ ਸੀ। ਉਸ ਸਮੇਂ ਹੀ ਮੇਰੀ ਪਤਨੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ ਐਮ.ਏ. ਦੀ ਵਿਦਿਆਰਥਣ ਸੀ। ਉਹ ਵੀ ਸਾਡੇ ਹੀ ਇਲਾਕੇ ਰਈਆ ਤੋਂ ਸੀ। ਉਹ ਪਰਿਵਾਰ ਵੀ ਗਰੀਬ ਪਰਿਵਾਰ ਸੀ। ਪੜ੍ਹਾਈ ਦੌਰਾਨ ਉਸ ਨੇ ਦਿਲੋ-ਜ਼ਾਨ ਨਾਲ ਏਨੀਂ ਮਿਹਨਤ ਕੀਤੀ ਕਿ ਉਹ ਰਈਆ ਤੋਂ ਰੋਜ਼ਾਨਾ ਯੂਨੀਵਰਸਿਟੀ ਪੜ੍ਹਨ ਜਾਇਆ ਕਰਦੀ ਸੀ। ਉਸ ਦੀ ਮਿਹਨਤ ਨੂੰ ਬੂਰ ਪਿਆ ਸੀ ਅਤੇ ਉਸ ਨੇ ਯੂਨੀਵਰਸਿਟੀ 'ਚੋਂ ਟੌਪ ਕੀਤਾ ਅਤੇ ਐਮ.ਏ. ਵਿੱਚ ਗੋਲਡ ਮੈਡਲ ਹਾਸਲ ਕੀਤਾ। ਉਸ ਦੇ ਐਮ.ਏ. 'ਚ ਪੜ੍ਹਦਿਆ ਹੀ ਸਾਡੀ ਸ਼ਾਦੀ ਹੋ ਗਈ ਸੀ।ਐਮ.ਏ ਦਾ ਨਤੀਜਾ ਆਉਣ ਤੋਂ ਪਹਿਲਾਂ ਹੀ ਮੇਰੀ ਪਤਨੀ ਨੇ U.G.C ਦਾ ਟੈਸਟ ਵੀ ਪਾਸ ਕਰ ਲਿਆ ਸੀ।

ਸੱਚ ਕਹਾਂ,ਮੈਨੂੰ ਅਜਿਹੇ ਹੀ ਪ੍ਰਤਿਭਾਵਾਨ ਜੀਵਨ ਸਾਥਣ ਦੀ ਲੋੜ ਸੀ ਅਤੇ ਮੈਂ ਉਸ ਨੂੰ ਪਾ ਕੇ ਖ਼ੁਸ਼ ਹੀ ਨਹੀਂ ਜੀਵਨ ਵਿੱਚ ਸੰਤੁਸ਼ਟ ਵੀ ਹਾਂ। ਇਸ ਵੇਲੇ ਮੇਰੀ ਪਤਨੀ ਗੌਰਮਿੰਟ ਕਾਲਜ ਅੰਮ੍ਰਿਤਸਰ ਵਿੱਚ ਬਤੌਰ ਐਸੋਸੀਏਟ ਪ੍ਰੋਫੈਸਰ ਸੇਵਾ ਨਿਭਾ ਰਹੀ ਹੈ। ਮੈਨੂੰ ਇਹ ਦੱਸਦਿਆਂ ਫ਼ਖਰ ਮਹਿਸੂਸ ਹੁੰਦਾ ਹੈ ਕਿ ਮੇਰੇ ਸਹੁਰਾ ਸਾਹਿਬ ਸ. ਲਾਲ ਸਿੰਘ ਜੀ ਜਿਹੜੇ ਰਈਆ ਮੰਡੀ ਵਿੱਚ ਮਜ਼ਦੂਰੀ ਕਰਦੇ ਹੁੰਦੇ ਸਨ ਨੇ ਅਪਣੀਆਂ ਚਾਰਾਂ ਬੇਟੀਆਂ ਅਤੇ ਬੇਟੇ ਨੂੰ ਉੱਚ ਵਿੱਦਿਆ ਦਿਵਾਉਣ ਦੀ ਕੋਸ਼ਿਸ਼ ਕੀਤੀ ਸੀ।

**ਸੁਆਲ:** ਤੁਸੀਂ ਅੱਜ ਕੱਲ੍ਹ ਜਿਸ ਅਹੁਦੇ 'ਤੇ ਹੋ,ਮੇਰਾ ਭਾਵ ਹੈ ਤੁਸੀਂ ਬਤੌਰ ਉੱਪ ਮੰਡਲ ਮੈਜਿਸਟਰੇਟ(S.D.M) ਹੋ। ਤੁਹਾਡਾ ਇਹ ਖ਼ੇਤਰ ਇੱਕ ਸਰਕਾਰੀ ਅਧਿਕਾਰੀ ਵਾਲਾ ਹੈ। ਮੈਂ ਜਾਣਦਾ ਹਾਂ ਤੁਹਾਡੇ ਅੰਦਰ ਇੱਕ ਕਵੀ ਵੀ ਹੈ ਅਤੇ ਤੁਸੀਂ ਕਵਿਤਾ ਵੀ ਲਿਖਦੇ ਹੋ ਉਹ ਵੀ ਸੂਫੀ ਰੰਗ ਵਿੱਚ ਰੱਤੀ ਹੋਈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਇਹ ਚੇਟਕ ਤੁਹਾਨੂੰ ਕਿੰਝ ਲੱਗੀ?

**ਜਵਾਬ:** ਇਹ ਗੱਲ ਮੈਂ ਤੁਹਾਡੇ ਨਾਲ ਪਹਿਲਾਂ ਵੀ ਸਾਂਝੀ ਕੀਤੀ ਹੈ ਕਿ ਜਦੋਂ ਮੈਂ ਕਾਲਜ ਵਿੱਚ ਪੜ੍ਹਦਾ ਹੁੰਦਾ ਸਾਂ ਤਾਂ ਸਾਹਿਤਕ ਗਤੀਵਿੱਧੀਆਂ ਨਾਲ ਜੁੜਿਆ ਹੋਇਆ ਸਾਂ। ਅਗਾਂਹ ਵਧੂ ਸੋਚ ਦਾ ਹੋਣ ਕਰਕੇ ਕੁਝ ਨਾ ਕੁਝ ਲਿਖ ਲਈਦਾ ਸੀ। ਪਰ ਕਵਿਤਾ.........(ਥੋੜ੍ਹਾ ਚੁੱਪ ਰਹਿ ਕੇ) ਜਿਹੜੀ ਕਿ ਮੈਂ ਅੱਜ ਕੱਲ੍ਹ ਲਿਖਦਾ ਹਾਂ,ਇਸ ਦਾ ਰੁਝਾਨ ਤਾਂ ਇੱਕ ਕ੍ਰਿਸ਼ਮਾ ਹੀ ਸੀ। ਮੇਰੀ ਕਿਤਾਬ "ਪਾਰ ਝਨਾਂ ਤੋਂ ਉਸ ਦਾ ਡੇਰਾ" ਜਿਹੜੀ ਕਿ ਲੋਕ ਅਰਪਨ ਵੀ ਹੋ ਚੁੱਕੀ ਹੈ ਉਸ ਦੀ ਰਚਨਾ ਵੀ ਇੱਕ ਕ੍ਰਿਸ਼ਮਾ ਹੀ ਵਾਪਰਿਆ ਲੱਗਦਾ ਹੈ।

ਮੈਂ ਜਦੋਂ ਬਤੌਰ ਉੱਪ ਮੰਡਲ ਮੈਜਿਸਟਰੇਟ(S.D.M) ਬਾਘਾ ਪੁਰਾਣਾ ਵਿਖੇ ਨਿਯੁਕਤ ਸਾਂ ਤਾਂ ਮੇਰਾ ਮੇਲ ਮੇਰੇ ਮੁਰਸ਼ਿਦ ਨਾਲ ਹੋ ਗਿਆ ਸੀ। ਉਨ੍ਹਾਂ ਕੋਲੋਂ ਮੈਂ ਬਕਾਇਦਾ ਸਵੈ-ਪਹਿਚਾਣ ਜਾਂ ਸਵੈ-ਮੰਥਨ(Self realization) ਦੀ ਤਾਲੀਮ ਲਈ। ਮੁਰਸ਼ਿਦ ਦਾ ਸੰਗ ਕਰਨ ਤੇ ਮੇਰਾ ਅੰਦਰ ਵੀ ਰੰਗਿਆ ਗਿਆ ਅਤੇ ਮੇਰੇ ਅੰਦਰ ਦਾ ਦਰਦ,ਅੰਦਰ ਦਾ ਸਰੂਰ,ਅੰਦਰ ਦਾ ਵਜ਼ਦ ਵਹਿ ਤੁਰਿਆ ਸੀ। ਉਹ ਆਨੰਦ ਕਵਿਤਾ ਦਾ ਰੂਪ ਧਾਰ ਕੇ ਕਾਗ਼ਜ ਦੀ ਹਿੱਕ 'ਤੇ ਉੱਤਰਨਾ ਸ਼ੁਰੂ ਹੋ ਗਿਆ ਸੀ। ਜੇ ਮੈਂ ਇਸ ਨੂੰ ਇਸ ਤਰ੍ਹਾਂ ਕਹਾਂ ਤਾਂ ਸ਼ਾਇਦ ਜ਼ਿਆਦਾ ਠੀਕ ਹੋਵੇਗਾ ਕਿ ਹੌਲੀ ਹੌਲੀ ਮੇਰੇ ਅੰਦਰੋਂ ਇੱਕ ਖਾਸ ਕਿਸਮ ਦਾ ਝਰਨਾ ਫੁੱਟਣਾ ਸ਼ੁਰੂ ਹੋ ਗਿਆ ਸੀ। ਓਹ ਝਰਨਾ,ਓਹ ਖ਼ਾਸ ਕਿਸਮ ਦੀ ਆਵਾਜ਼,ਓਹ ਖ਼ਾਸ ਕਿਸਮ ਦੀ ਜੋਤ ਮੇਰੇ ਅੰਦਰ ਜਗਣੀ ਸ਼ੁਰੂ ਹੋ ਗਈ ਤਾਂ ਉਸ ਨੇ ਕਵਿਤਾ ਦਾ ਰੂਪ ਧਾਰ ਲਿਆ ਸੀ। ਓਹ ਜਿਹੜੀ ਜੋਤ ਹੈ, ਆਵਾਜ਼ ਹੈ,ਜਿਹੜਾ ਝਰਨਾ ਹੈ, ਮੇਰੀਆਂ ਕਵਿਤਾਵਾਂ ਉਸ ਦਾ ਮਾਧਿਅਮ ਹਨ। ਜਦੋਂ ਮੌਜ਼ ਵਿੱਚ ਹੋਈਦੈ,ਮਸਤੀ ਵਿੱਚ ਹੋਈਦੈ,ਉਦੋਂ ਚਾਰ ਅੱਖਰ ਉਕਰੇ ਜਾਂਦੇ ਹਨ।

**ਸੁਆਲ:** ਤੁਹਾਡੀ ਜ਼ਿੰਦਗੀ ਸਰਕਾਰੀ ਰੁਝੇਵਿਆਂ ਭਰਪੂਰ ਹੈ। ਕਵਿਤਾ ਦਾ ਮਨ ਵਿੱਚ ਉੱਤਰ ਆਉਣ ਦਾ ਕੋਈ ਵੇਲਾ ਨਹੀਂ ਹੁੰਦਾ, ਕਦੋਂ ਉੱਤਰ ਆਵੇ। ਜਦੋਂ ਕਦੇ ਤੁਸੀਂ ਆਪਣੀ ਕੋਰਟ ਵਿੱਚ ਸਾਹਮਣੇ ਖਲੋਤੇ ਕਿਸੇ ਵਿਅਕਤੀ ਦਾ ਕੇਸ ਸੁਣ ਰਹੇ ਹੁੰਦੇ ਹੋ,ਤਦੋਂ ਜੇਕਰ ਤੁਹਾਡੇ ਅੰਦਰ ਕਵਿਤਾ ਦਾ ਸੈਲਾਬ ਆ ਜਾਵੇ ਤਾਂ ਤੁਸੀਂ ਦੋਹਾਂ ਕਿਰਿਆਵਾਂ ਨੂੰ ਕਿਵੇਂ ਸਮੇਟਦੇ ਹੋ?

**ਜੁਆਬ:** ਜਿਵੇਂ ਮੈਂ ਦੱਸਿਆ ਹੈ ਕਿ ਮੁਰਸ਼ਿਦ ਦੀ ਹਾਜ਼ਰੀ ਵਿੱਚ,ਮੁਰਸ਼ਿਦ ਦੀ ਛੱਤਰ-ਛਾਇਆ ਵਿੱਚ ਬੰਦਾ ਸਿੱਖਦਾ ਹੈ ਕਿ ਤੁਹਾਡਾ ਬਾਹਰ ਦਾ ਸਰੀਰ ਕੀ ਹੈ ਅਤੇ ਅੰਦਰ ਦਾ ਸਰੀਰ ਕੀ ਹੈ? ਮਨ ਕੀ ਹੈ? ਆਤਮਾ ਕੀ ਚੀਜ਼ ਹੈ? ਪਰਮਾਤਮਾ ਕੀ ਹੈ? ਜੇਕਰ ਸਿਖਾਂਦਰੂ ਮੁਰਸ਼ਿਦ ਦੀ ਛਤਰ-ਛਾਇਆ ਵਿੱਚ ਸਿੱਖ ਲੈਂਦਾ ਹੈ ਤਾਂ ਉਹ ਇਹਨਾਂ ਸਭਨਾਂ ਨੂੰ ਅਲੱਗ-ਅਲੱਗ ਕਰਕੇ ਵੇਖ ਲੈਂਦਾ ਹੈ। ਜਦੋਂ ਕੁਰਸੀ 'ਤੇ ਬੈਠਿਆਂ ਜਾਂ ਸਰੀਰਕ ਪੱਧਰ 'ਤੇ ਵਿਚਰਦਿਆਂ ਕੋਈ ਐਸੀ ਘਟਨਾ ਸਾਹਮਣੇ ਆਉਂਦੀ ਹੈ ਤਾਂ ਅੰਦਰਲੇ ਮਨ ਨੂੰ, ਅੰਦਰਲੇ ਮਨੁੱਖ ਨੂੰ ਜਗਾ ਲਈਦੈ। ਉਹ ਸਨਮੁੱਖ ਹੋ ਆਪਣਾ ਕੰਮ ਕਰਨ ਲੱਗਦਾ ਹੈ ਅਤੇ ਬਾਹਰਲਾ ਸਰੀਰ ਨਾਲ ਨਾਲ ਆਪਣਾ ਕੰਮ ਕਰੀ ਜਾਂਦਾ ਹੈ। ਮੈਂ ਅੰਦਰਲੇ ਅਤੇ ਬਾਹਰਲੇ ਨੂੰ ਕਦੇ ਰਲਗੱਡ(confuse) ਨਹੀਂ ਹੋਣ ਦਿੰਦਾ ਜਾਂ ਇੰਝ ਕਹਿ ਲਵੋ: **"ਹੱਥ ਕਾਰ ਵੱਲ ਕੰਨ (ਦਿਲ) ਯਾਰ ਵੱਲ।"**

ਬਾਹਰਲਾ ਬਾਹਰਲਾ ਕੰਮ ਕਰ ਰਿਹਾ ਹੁੰਦਾ ਹੈ ਅਤੇ ਬਾਹਰਲੇ ਲੋਕਾਂ ਵਾਂਗ ਹੀ ਵਿਚਰ ਰਿਹਾ ਹੁੰਦਾ ਹੈ। ਜਿਸ ਤਰ੍ਹਾਂ ਦੀ ਅਫਸਰਾਂ ਦੀ ਛਵੀ ਹੁੰਦੀ ਹੈ ਉਹ ਉਸੇ ਤਰ੍ਹਾਂ ਕੰਮ ਕਰ ਰਿਹਾ ਪ੍ਰਤੀਤ ਹੁੰਦਾ ਹੈ। ਪਰ ਜਦੋਂ ਅੰਦਰਲਾ ਜਾਗਦਾ ਹੈ ਤਾਂ ਉਹਦੇ ਨਾਲ ਸੰਵਾਦ ਹੁੰਦਾ ਹੈ,ਉਹ ਆਪਣਾ ਕੰਮ ਕਰਨਾ ਆਰੰਭ ਕਰ ਦਿੰਦਾ ਹੈ। ਮੇਰੀ ਜਿਹੜੀ ਕਵਿਤਾ ਹੈ ਉਹ ਜਿਹੜਾ ਅੰਦਰ ਬੈਠਾ ਹੈ ਮਨੁੱਖ, ਮੈਂ ਤਾਂ ਉਸ ਨੂੰ ਮਨੁੱਖ ਨਹੀਂ ਕਹਿੰਦਾ ਸਗੋਂ ਪਰਮਾਤਮਾ ਕਹਿੰਦਾ ਹਾਂ ਦੀ ਹੀ ਤਰਜ਼ਮਾਨੀ ਕਰਦੀ ਹੈ। ਉਹ ਜਦੋਂ ਵਜ਼ਦ ਵਿੱਚ ਹੁੰਦਾ ਹੈ, ਆਪਣੀ ਮੌਜ਼ ਵਿੱਚ ਹੁੰਦਾ ਹੈ ਤਾਂ ਮਨ ਨੂੰ ਨਿਰਦੇਸ਼ ਦਿੰਦਾ ਹੈ। ਇਸ ਤਰ੍ਹਾਂ ਨਾਲ ਕਵਿਤਾ ਭਾਸ਼ਾ ਅਤੇ ਫਿਰ ਅੱਖਰ ਬਣ ਕਿਤਾਬੀ ਰੂਪ ਵਿੱਚ ਲੋਕਾਂ ਦੇ ਸਾਹਮਣੇ ਆ ਜਾਂਦੀ ਹੈ।

**ਸੁਆਲ:** ਤੁਹਾਡੇ ਲਿਖਣ ਦੇ ਅੰਦਾਜ਼ ਤੋਂ ਤੁਹਾਡੀ ਲਿਖਤ ਦਾ ਝੁਕਾਅ ਸੂਫ਼ੀਵਾਦ ਵੱਲ ਜਾਪਦਾ ਹੈ। ਤੁਹਾਡੀ ਕਵਿਤਾ ਵਿੱਚ ਸੂਫ਼ੀ ਰੰਗ ਵੇਖਣ ਨੂੰ ਮਿਲਦਾ ਹੈ। ਸੂਫੀਮਤ ਦਾ ਰਸ ਜਿਹੜਾ ਇਨਸਾਨ ਪੀ ਲੈਂਦਾ ਹੈ ਉਹ ਸੰਸਾਰਿਕ ਰੀਤੀ-ਰਿਵਾਜ਼ਾਂ ਤੋਂ ਨਿਸ਼ੰਗ ਹੋ ਜਾਂਦਾ ਹੈ। ਉਹ ਦੁਨੀਆਂ ਦੀ ਪ੍ਰਵਾਹ ਕੀਤੇ ਬਗੈਰ ਹੀ ਵਜ਼ਦ ਵਿੱਚ ਆ ਕੇ ਮਸਤੀ ਵਿੱਚ ਝੂੰਮ ਉੱਠਦਾ ਹੈ,ਨੱਚਦਾ ਹੈ,ਟੱਪਦਾ ਹੈ। ਜਦੋਂ ਕਦੇ ਤੁਹਾਡੇ ਅੰਦਰ ਅਜਿਹੀ ਸਥਿਤੀ ਬਣਦੀ ਹੈ ਤਾਂ ਤੁਹਾਡੀ ਮਨੋਦਸ਼ਾ ਕਿਹੋ ਜਿਹੇ ਰੰਗ ਵਿੱਚ ਰੰਗੀ ਹੁੰਦੀ ਹੈ? ਜਰਾ ਵਿਸਥਾਰ ਨਾਲ ਦੱਸੋ?

**ਜੁਆਬ:** ਸ਼ਬਦ 'ਵਾਦ' ਜਾਂ 'ਇਜ਼ਮ' ਜਿਹੜੇ ਅਸੀਂ ਵਰਤਦੇ ਹਾਂ ਬੰਦੇ ਦੇ ਹੀ ਬਣਾਏ ਹੋਏ ਨੇ। "ਸੂਫ਼ੀ" ਦੇ ਮੈਂ ਜੋ ਅਰਥ ਸਮਝਦਾ ਹਾਂ, ਉਸ ਤੋਂ ਮੇਰਾ ਭਾਵ ਹੈ: 'ਸ਼ੁੱਧ' ਜਾਂ 'ਸਾਫ'। ਜਦੋਂ ਇਸ ਨੂੰ ਸ਼ੁੱਧ ਕਹਿ ਲਈਏ,ਖ਼ਾਲਿਸ ਕਹਿ ਲਈਏ ਉਹ ਸੂਫ਼ੀ ਹੈ। ਨੱਚਣਾ ਇੱਕ ਪ੍ਰਵਿਰਤੀ ਹੈ। ਹਰ ਹਾਲ ਵਿੱਚ ਖੁਸ਼ ਰਹਿਣਾ ਸੂਫ਼ੀ ਦੀ ਪ੍ਰਵਿਰਤੀ ਹੈ। ਖ਼ਾਲਿਸ ਬੰਦੇ ਦੀ ਪ੍ਰਵਿਰਤੀ ਹੈ। ਕੁਦਰਤ(Nature) ਦੀ ਪ੍ਰਵਿਰਤੀ ਹੈ ਕਿ ਜਦੋਂ ਤੁਸੀਂ ਖੁਸ਼ ਹੋ ਤਾਂ ਨੱਚੋ। ਗਾਉਣ ਨੂੰ ਦਿਲ ਕਰਦਾ ਹੈ ਤਾਂ ਗਾਓ। ਜੇ ਤੁਹਾਡਾ ਰੋਣ ਨੂੰ ਦਿਲ ਕਰਦਾ ਹੈ ਤਾਂ ਰੋਵੋ। ਇਹ ਇੱਕ ਸ਼ੁੱਧ ਪ੍ਰਵਿਰਤੀ ਦੀ ਅਲਾਮਤ ਹੈ। 'ਸੂਫ਼ੀਇਜ਼ਮ' ਜਿਸ ਨੂੰ ਅਸੀਂ 'ਸੂਫ਼ੀਵਾਦ' ਕਹਿ ਦਿੰਦੇ ਹਾਂ ਪਰ ਇਸ ਵਿੱਚ ਕੋਈ ਵਿਵਾਦ ਨਹੀਂ ਹੈ। ਇਹ ਪਰਮਾਤਮਾ ਵਰਗਾ ਸ਼ੁੱਧ(Pure) ਹੈ ਸਗੋਂ ਇਹ ਹੀ ਪਰਮਾਤਮਾ ਹੈ। ਵਰਗਾ ਨਹੀਂ ਹੈ, ਇਹ ਹੀ ਪਰਮਾਤਮਾ ਹੈ। (It is not like God. It is God) ਜਦੋਂ ਸ਼ੁੱਧਤਾ (Purity) ਵਿੱਚ ਸਰੀਰ ਜਾਂ ਆਤਮਾ ਪ੍ਰਵੇਸ਼ ਕਰਦੀ ਹੈ ਤਾਂ ਮੈਂ ਨੱਚਾਂ,ਗਾਵਾਂ,ਰੋਵਾਂ ਜਾਂ ਹੱਸਾਂ ਸਭ ਠੀਕ ਹੈ। ਉਦੋਂ ਮੈਂ ਨਹੀਂ ਹੁੰਦਾ। ਉਦੋਂ ਕੁਝ ਹੋਰ ਹੀ ਹੁੰਦਾ ਹੈ।

**ਸੁਆਲ:** ਤੁਹਾਡੀ ਲਿਖੀ ਹੋਈ ਪੁਸਤਕ **"ਪਾਰ ਝਨਾਂ 'ਤੋਂ ਉਸ ਦਾ ਡੇਰਾ"** ਮੈਨੂੰ ਪੜ੍ਹਨ ਦਾ ਮੌਕਾ ਮਿਲਿਆ ਹੈ ਅਤੇ ਇਸ ਵਿੱਚ ਦਰਜ਼ ਤੁਹਾਡੀਆਂ ਗ਼ਜ਼ਲਾਂ 'ਤੇ ਅਧਾਰਿਤ "ਲੀਜ਼ੈਂਡ ਰੀਕਾਰਡਜ਼ ਸੁਸਾਇਟੀ ਅੰਮ੍ਰਿਤਸਰ" ਵੱਲੋਂ ਤਰਨ ਤਾਰਨ ਸ਼ਹਿਰ ਵਿੱਚ ਰਚਾਏ ਗਏ ਦੋ ਪ੍ਰੋਗਰਾਮਾਂ "ਤਾਲਾ ਤੁਮ"(Talatum-the inner agitation) ਅਤੇ "ਮਜ਼ਲਿਸ" ਜਿਨ੍ਹਾਂ ਵਿੱਚ ਯਾਕੂਬ ਖਾਨ,ਸਾਇਦਾ ਬੇਗ਼ਮ,ਸੁਲਤਾਨਾ ਨੂਰਾਂ ਅਤੇ ਜਯੋਤੀ ਨੂਰਾਂ ਨੇ ਤੁਹਾਡੀਆਂ ਰਚਨਾਵਾਂ ਨੂੰ ਆਪਣੀ ਸੁਰੀਲੀ ਅਤੇ ਦਮਦਾਰ ਆਵਾਜ਼ ਦਿੱਤੀ ਹੈ,ਸੁਣਨ ਅਤੇ ਵੇਖਣ ਦਾ ਮੌਕਾ ਮਿਲਿਆ ਹੈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਅਜਿਹਾ ਕਰਕੇ ਤੁਹਾਨੂੰ ਕਿੰਨਾਂ ਕੁ ਅੰਦਰੂਨੀ ਸਕੂਨ ਮਿਲਿਆ ਹੈ?

**ਜੁਆਬ:** ਕਿਰਿਆ ਕਰਨਾ,ਕਰਮ ਕਰਨਾ ਇਹ ਤੁਹਾਡੇ ਸਰੀਰ ਦੀ,ਤੁਹਾਡੇ ਮਨ ਦੀ ਖੇਡ ਹੈਗੀ ਆ। ਮੇਰੇ ਮਨ ਨੇ ਮੈਨੂੰ ਆਦੇਸ਼ ਦਿੱਤਾ ਕਿ ਮੈਨੂੰ ਇਸ ਦਿਸ਼ਾ ਵੱਲ ਕਰਮ ਕਰਨੇ ਚਾਹੀਦੇ ਹਨ। ਜਿੱਥੋਂ ਤੱਕ ਸੰਤੁਸ਼ਟੀ ਦਾ ਸੁਆਲ ਹੈ,ਉਹ ਜੋ ਇਸ ਵੇਲੇ ਮੇਰੇ ਅੰਦਰ ਖਲ਼ਬਲ਼ੀ ਮਚਾਈ ਫਿਰਦਾ ਏ, ਜੋ ਮੈਨੂੰ ਮੇਰੇ ਅੰਦਰ ਸਕੂਨ ਦੇ ਰਿਹਾ ਹੈ,ਉਹ ਮੇਰਾ ਇਕੱਲੇ ਦਾ ਨਹੀਂ ਹੈ ਸਗੋਂ ਉਹ ਸਭ ਦਾ ਹੈ। ਮੈਨੂੰ ਇਸ ਗੱਲ ਦਾ ਯਕੀਨ ਹੀ ਨਹੀਂ ਪੂਰਨ ਵਿਸ਼ਵਾਸ ਹੈ ਕਿ ਉਹ ਸਾਰਿਆ ਵਿੱਚ ਹੈ। ਮੇਰਾ ਇਨ੍ਹਾਂ ਕਿਰਿਆਵਾਂ(Activity) ਦਾ ਏਨਾਂ ਹੀ ਮਕਸਦ ਹੈ ਕਿ ਲੋਕਾਂ ਨੂੰ ਸੰਗੀਤ ਰਾਹੀਂ,ਕਵਿਤਾ ਰਾਹੀਂ ਦੱਸਿਆ ਜਾ ਸਕੇ ਕਿ ਸੰਗੀਤ ਪਰਮਾਤਮਾ ਦੇ ਬਹੁਤ ਨੇੜੇ ਹੈ। ਮੈਂ ਤਾਂ ਕਦੀ ਕਦੀ ਕਹਿੰਦਾ ਹੁੰਦਾ ਹਾਂ ਕਿ ਸੰਗੀਤ(Music) ਹੀ ਪਰਮਾਤਮਾ ਹੈ। ਇਸ ਮਾਧਿਅਮ ਰਾਹੀਂ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਬੰਦੇ ਦੀਆਂ ਭੁੱਖਾਂ ਕਦੇ ਵੀ ਪੂਰੀਆਂ ਨਹੀਂ ਹੋ ਸਕਦੀਆਂ,ਜਿੰਨਾ ਚਿਰ ਸਰੀਰ ਕਾਇਮ ਹੈ। ਜੇ ਸਰੀਰ ਦੀਆ ਭੁੱਖਾਂ ਪੂਰੀਆਂ ਹੋ ਵੀ ਜਾਣ ਤਾਂ ਵੀ ਬੰਦਾ ਖ਼ਾਲੀ ਰਹਿੰਦਾ ਹੈ,ਅਧੂਰਾ ਰਹਿੰਦਾ ਹੈ। ਜਿੰਨਾਂ ਚਿਰ ਆਤਮਾ ਦੀ ਭੁੱਖ ਪੂਰੀ ਨਹੀਂ ਹੁੰਦੀ,ਤ੍ਰਿਪਤ ਨਹੀਂ ਹੁੰਦੀ ਬੰਦਾ ਸਾਬਤ-ਸੂਰਤ ਨਹੀਂ ਹੋ ਸਕਦਾ। ਇਸ ਲਈ ਆਤਮਾ ਦੀ ਭੁੱਖ ਨੂੰ ਜਗਾਉਣ ਲਈ,(ਕਈਆਂ ਦੀ ਜਾਗਦੀ ਵੀ ਤਾਂ ਨਹੀਂ) ਫਿਰ ਉਸ ਦੀ ਤ੍ਰਿਪਤੀ ਦੇ ਸਾਧਨ ਲੋਕਾਂ ਤੱਕ ਪਹੁੰਚਾਉਣ ਲਈ ਮੈਂ ਜਿੰਨੇ ਕੁ ਯਤਨ "ਲੀਜ਼ੈਂਡ ਰੀਕਾਰਡਜ਼ ਸੁਸਾਇਟੀ" ਰਾਹੀਂ ਕਰਦਾ ਰਹਿੰਦਾ ਹਾਂ,ਜਿਸ ਦਾ ਮਕਸਦ ਈ ਇਹ ਹੈ, ਉਸ ਨਾਲ ਸੰਤੁਸ਼ਟ ਹਾਂ, ਪੂਰਾ ਸੰਤੁਸ਼ਟ ਹਾਂ।

**ਸੁਆਲ:** ਗੱਲ ਕਰਦਿਆਂ ਤੁਸਾਂ ਹੁਣੇ ਹੀ ਆਤਮਾ ਦੀ ਭੁੱਖ ਦੀ ਗੱਲ ਕੀਤੀ ਹੈ ਜਦੋਂ ਕਿ ਗੀਤਾ ਗਿਆਨ ਵਿੱਚ ਅਰਜਨ ਨੂੰ ਗਿਆਨ ਕਰਦਿਆਂ ਹੋਇਆਂ ਸ਼੍ਰੀ ਕ੍ਰਿਸ਼ਨ ਭਗਵਾਨ ਨੇ ਕਿਹਾ ਸੀ," ਆਤਮਾ ਨੂੰ ਅੱਗ

ਸਾੜ ਨਹੀਂ ਸਕਦੀ,ਹਵਾ ਸੁਕਾ ਨਹੀਂ ਸਕਦੀ ਅਤੇ ਪਾਣੀ ਗਾਲ ਨਹੀਂ ਸਕਦਾ।" ਫਿਰ ਆਤਮਾ ਦੇ ਅਤ੍ਰਿਪਤ ਹੋਣ ਦਾ ਸੁਆਲ ਪੈਦਾ ਕਿਵੇਂ ਹੋ ਗਿਆ?

**ਜੁਆਬ:** ਆਤਮਾ ਦੀ ਜਿਹੜੀ ਅਤ੍ਰਿਪਤੀ ਦੀ ਗੱਲ ਹੈ ਉਸ ਵਿੱਚ ਤੁਸੀਂ ਆਤਮਾ ਅਤੇ ਪਰਮਾਤਮਾ ਨੂੰ ਵੱਖ ਨਹੀਂ ਕਰ ਸਕਦੇ। ਕ੍ਰਿਸ਼ਨ ਜੀ ਮਹਾਰਾਜ ਨੇ ਜਿਹੜੀ ਵੀ ਗੱਲ ਕੀਤੀ ਹੈ ਬਹੁਤ ਉੱਪਰਲੇ ਤਲ 'ਤੇ ਖੜ੍ਹ ਕੇ ਕੀਤੀ ਹੈ। ਮੈਂ ਉਨ੍ਹਾਂ ਦੀ ਗੱਲ ਵਿੱਚ ਬਹੁਤੀ ਕੋਈ ਟਿੱ।ਣੀ ਨਹੀਂ ਕਰਦਾ। ਆਤਮਾ ਸਰੀਰ ਵਿੱਚ ਹੀ ਹੋ ਸਕਦੀ ਹੈ,ਇਕੱਲੀ ਆਤਮਾ ਦਾ ਕੋਈ ਵਜ਼ੂਦ ਨਹੀਂ। ਜਿੰਨਾ ਚਿਰ ਆਤਮਾ ਸੰਤੁਸ਼ਟ ਨਹੀਂ ਹੈ,ਤੁਹਾਡਾ ਸਰੀਰ ਵੀ ਤਲੋ-ਮੱਛੀ ਹੁੰਦਾ ਰਹੇਗਾ। ਆਤਮਾ ਦੀ ਤ੍ਰਿਪਤੀ/ਸੰਤੁਸ਼ਟੀ ਪਰਮਾਤਮਾ ਵਿੱਚ ਅਭੇਦ ਹੋਣ ਨਾਲ ਹੋਣੀ ਹੈ।ਮਨ ਕਹੇਗਾ ਕੁਝ ਖਾਲੀ ਹੈ,ਯਾਰ!

**ਸੁਆਲ:** ਤੁਸੀਂ ਆਪਣੀਆਂ ਰਚਨਾਵਾਂ ਵਿੱਚ ਉਪਨਾਮ 'ਮੀਆਂ' ਸ਼ਬਦ ਦੀ ਵਰਤੋਂ ਕਰਦੇ ਹੋ। ਇਸ ਪਿੱਛੇ ਕੀ ਕੋਈ ਰਾਜ਼ ਹੈ?

**ਜੁਆਬ:** ਮੈਂ ਇਹ ਗੱਲ ਸਾਫ ਕਰ ਦੇਵਾਂ ਕਿ ਇਹ ਮੇਰਾ ਆਪ ਰੱਖਿਆ ਹੋਇਆ ਤਖ਼ੱਲਸ ਨਹੀਂ ਹੈ। ਮੈਂ ਇਹ ਉਪਨਾਮ ਆਪ ਨਹੀਂ ਰੱਖਿਆ। ਜ਼ਨਾਬ ਬਰਕਤ ਸਿੱਧੂ, ਜਿਹੜੇ ਬੜੇ ਉੱਚ ਕੋਟੀ ਦੇ ਸੂਫ਼ੀ ਗਾਇਕ ਹਨ, ਮੈਂ ਉਨ੍ਹਾਂ ਨੂੰ ਸੁਣਦਾ ਹੁੰਦਾ ਸੀ। ਉਦੋਂ ਮੈਂ ਆਪ ਨਹੀਂ ਸਾਂ ਲਿਖਦਾ ਹੁੰਦਾ। ਜਦੋਂ ਮੇਰਾ ਉਨ੍ਹਾਂ ਨਾਲ ਮਿਲਾਪ ਹੋਇਆ ਤਾਂ ਮੇਰੇ ਅੰਦਰੋਂ ਵੀ ਕੁਝ ਬਾਹਰ ਆਉਣ ਲਈ ਮਚਲਣ ਲੱਗ ਪਿਆ ਸੀ। ਮੈਂ ਕੁਝ ਨਜ਼ਮਾਂ ਲਿਖ ਕੇ ਜਦੋਂ ਉਨ੍ਹਾਂ ਨੂੰ ਦਿਖਾਈਆਂ ਤਾਂ ਉਹ ਪੜ੍ਹ ਕੇ ਝੱਟ ਬੋਲ ਪਏ ਸਨ,"ਵਾਹ ਮੀਆਂ!ਵਾਹ!" ਇਹ ਉਪਨਾਮ ਜ਼ਨਾਬ ਬਰਕਤ ਸਿੱਧੂ ਜੀ ਦਾ ਹੀ ਦਿੱਤਾ ਹੋਇਆ ਹੈ। ਉਦੋਂ ਤੋਂ ਹੀ ਇਹ ਤਖ਼ੱਲਸ ਮੇਰੇ ਨਾਂ ਨਾਲ ਜੁੜ ਗਿਆ ਹੈ।

**ਸੁਆਲ:** ਤੁਹਾਡਾ ਲਿਖਣ ਦਾ ਝੁਕਾਅ ਜ਼ਿਆਦਾ ਅਧਿਆਤਮਿਕ ਅਤੇ ਸੂਫ਼ੀ ਰਚਾਨਾਵਾਂ ਵੱਲ ਹੀ ਵੇਖਣ ਨੂੰ ਮਿਲਦਾ ਹੈ ਜਦੋਂ ਕਿ ਸਾਡੇ ਆਲੇ-ਦੁਆਲੇ ਹੋਰ ਬਹੁਤ ਸਾਰੀਆਂ ਸਮੱਸਿਆਵਾਂ ਅਤੇ ਵਿਸ਼ੇ ਜਿਵੇਂ ਕਿ ਮਾਦਾ ਭਰੂਣ ਹੱਤਿਆ,ਦਾਜ,ਨਸ਼ਾ ਆਦਿ ਹਨ। ਤੁਸੀਂ ਆਪਣੀ ਕਲਮ ਨੂੰ ਇਨ੍ਹਾਂ ਵਿਸ਼ਿਆਂ ਵੱਲ ਵੀ ਕਿਉਂ ਨਹੀਂ ਮੋੜਦੇ? ਕੀ ਅਜੋਕੇ ਸਮੇਂ ਵਿੱਚ ਲਿਖੇ ਜਾਣ ਵਾਲੇ ਲੱਚਰ ਗੀਤਾਂ ਬਾਰੇ ਵੀ ਚਰਚਾ ਕਰੋਗੇ?

**ਜੁਆਬ:** ਇਨ੍ਹਾਂ ਸਮਾਜਿਕ ਬੁਰਾਈਆਂ/ਕੁਰੀਤੀਆਂ ਬਾਰੇ ਮੇਰਾ ਮੰਨਣਾ ਹੈ ਕਿ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ ਜਾਂ ਲਿਖਿਆ ਜਾ ਰਿਹਾ ਹੈ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ। ਮਾਦਾ ਭਰੂਣ ਹੱਤਿਆ ਦੇਸ਼ ਦੀ ਬਹੁਤ ਹੀ ਅਹਿਮ ਸਮੱਸਿਆ ਬਣੀ ਹੋਈ ਹੈ। ਨਸ਼ਿਆਂ ਬਾਰੇ,ਦਾਜ ਬਾਰੇ,ਅਜਿਹੀਆਂ ਸਮੱਸਿਆਵਾਂ ਬਾਰੇ ਬਹੁਤ ਕੁਝ ਲਿਖਿਆ ਜਾ ਰਿਹਾ ਹੈ। ਮੈਂ ਇਹਨਾਂ ਬਾਰੇ ਕਿਉਂ ਨਹੀਂ ਲਿਖਦਾ? ਮੈਂ ਵੱਡੇ ਵੱਡੇ ਲੇਖਕਾਂ ਨੂੰ ਵੀ ਪੜ੍ਹਿਆ ਹੈ, ਉਹ ਸਮੱਸਿਆਵਾਂ ਬਾਰੇ ਲਿਖਦੇ ਹਨ। ਉਹ ਸਮੱਸਿਆ ਨੂੰ ਲੋਕਾਂ ਵਿੱਚ ਉਭਾਰਦੇ ਹਨ ਪਰ ਉਸ ਦੇ ਸਮਾਧਾਨ ਵੱਲ ਰਚਿਤ ਨਹੀਂ ਹਨ। ਸਮੱਸਿਆਵਾਂ ਦਾ ਸਮਾਧਾਨ ਉਨ੍ਹਾਂ ਦੀਆਂ ਲਿਖਤਾਂ ਵਿੱਚੋਂ ਮਨਫੀ ਹੈ।

ਮੇਰੀ ਸੋਚ ਹੈ ਕਿ ਅਧਿਆਤਮ ਜਾਂ ਸੂਫ਼ੀ ਜੀਵਨ ਜਾਚ ਵਿੱਚ ਸਾਰੀਆਂ ਸਮੱਸਿਆਵਾਂ ਦਾ ਸਮਾਧਾਨ ਪਿਆ ਹੋਇਆ ਹੈ। ਨਸ਼ੇ ਦੀ ਗੱਲ ਹੀ ਲੈ ਲਵੋ। ਮੈਂ ਨਸ਼ੇ ਦੀ ਗੱਲ ਕਰਦਾ ਹਾਂ ਤਾਂ ਕਹਿੰਦਾ ਹਾਂ:- ( ਕੁਝ ਪਲ ਰੁਕ ਕੇ)

**" ਮੈਂ ਆਵਾਜ਼ ਹਾਂ, ਆਕਾਸ਼ ਹਾਂ,ਜਾਂ ਤੇਰੀ ਅੱਖ ਦਾ ਨੂਰ ਹਾਂ?**
**ਤੂੰ ਰਸਭਰੀ ਹੈਂ ਸੋਹਣਿਆ, ਮੈਂ ਹਲਕਾ ਜਿਹਾ ਸਰੂਰ ਹਾਂ।"**

(ਵਾਹ! ਵਾਹ! ਕਿਆ ਬਾਤ ਹੈ।ਮੇਰੇ ਮੂੰਹੋਂ ਆਪ ਮੁਹਾਰੇ ਹੀ ਨਿਕਲ ਗਿਆ ਸੀ)

ਜਦੋਂ ਮੈਂ ਇਹ ਲਿਖਦਾ ਹਾਂ ਤਾਂ ਉਸ ਨਸ਼ੇ ਦੀ ਗੱਲ ਨਹੀਂ ਕਰ ਰਿਹਾ ਹੁੰਦਾ ਜਿਹੜਾ ਨਸ਼ਾ ਲੋਕ ਪੀਂਦੇ ਹਨ ਸਗੋਂ ਉਸ ਨਸ਼ੇ ਦੀ ਗੱਲ ਕਰ ਰਿਹਾ ਹੁੰਦਾ ਹਾਂ, ਜਿਹੜਾ ਨਾ ਤਾਂ ਉੱਤਰਦਾ ਹੈ ਅਤੇ ਨਾ ਹੀ ਹੈਂਗਓਵਰ (Hang over) ਹੁੰਦਾ ਹੈ। ਇਸ ਨੂੰ ਪੀਣ ਉਪਰੰਤ ਦੂਸਰਿਆਂ ਨਸ਼ਿਆਂ ਦੀ ਲੋੜ ਹੀ ਨਹੀਂ ਰਹਿੰਦੀ। ਉਹ ਨਸ਼ੇ ਇਸ ਦੇ ਬਰਾਬਰ ਨਹੀਂ ਹੋ ਸਕਦੇ। ਸਵਾਦ ਵੀ ਇਸ ਨਸ਼ੇ ਦਾ ਦੂਸਰਿਆਂ ਤੋਂ ਵਧੀਆ ਆਵੇਗਾ ਅਤੇ ਟਿਕਾਊ ਵੀ ਹੋਵੇਗਾ। ਇਹ ਨਸ਼ਾ ਟੁੱਟੇਗਾ ਵੀ ਨਹੀਂ।

ਮਸਲਾ ਇਹ ਹੈ ਕਿ ਲੋਕ ਨਸ਼ਾ ਪੀਂਦੇ ਤਾਂ ਹਨ ਪਰ ਜਿਹੜਾ ਨਸ਼ਾ constructive way of life ਪ੍ਰਦਾਨ ਕਰਦਾ ਹੈ ਉਹ ਨਸ਼ਾ ਪੀਣ, ਜਿਸ ਨਾਲ ਤੁਹਾਡਾ ਮਨ ਅਤੇ ਤਨ ਖਿੜਿਆ ਰਹੇ। ਇਹ ਨਸ਼ਾ ਪੀਣ ਨਾਲ ਤੁਹਾਡੇ 'ਤੇ ਕੋਈ ਤੋਹਮਤ ਵੀ ਨਹੀਂ ਲੱਗੇਗੀ। ਜਦੋਂ ਕੋਈ ਇਸ ਤਰ੍ਹਾਂ ਦਾ ਜੀਵਨ ਜੀਊਣ ਲੱਗਦਾ ਹੈ ਤਾਂ ਸਮੱਸਿਆ ਕੋਈ ਰਹਿੰਦੀ ਈ ਨਹੀਂ। ਸਾਰੀਆਂ ਸਮੱਸਿਆਵਾਂ ਆਪਣੇ ਆਪ ਹੀ ਗਲੋਂ ਲਹਿ ਜਾਂਦੀਆਂ ਹਨ। ਜ਼ਰਾ ਸਮਝ ਲਵੋ ਕਿ ਆਖਿਰ ਇਹ ਕਿਹੜਾ ਅਜਿਹਾ ਨਸ਼ਾ ਹੈ? ਇਹ ਨਸ਼ਾ ਹੈ **'ਨਾਮ'** ਦੀ ਖ਼ੁਮਾਰੀ ਦਾ ਜਿਸ ਬਾਰੇ ਬਾਬਾ ਨਾਨਕ ਜੀ ਨੇ ਵੀ ਕਿਹਾ ਸੀ,

**ਪੋਸਤ ਭੰਗ ਅਫੀਮ ਮਦ, ਉਤਰਿ ਜਾਤਿ ਪਰਭਾਤਿ॥**
**ਨਾਮੁ ਖੁਮਾਰੀ ਨਾਨਕਾ ਚੜੀ ਰਹੇ ਦਿਨ ਰਾਤ॥**

ਜਿੱਥੋਂ ਤੱਕ ਲੱਚਰ ਗੀਤਾਂ ਦਾ ਸੁਆਲ ਹੈ,ਨਸ਼ਾ ਹੀ ਅਜਿਹੀ ਪ੍ਰਵਿਰਤੀ ਪੈਦਾ ਕਰਦਾ ਹੈ ਅਤੇ ਅਹਿੰਸਾ ਦਾ ਜਨਮ ਦਾਤਾ ਵੀ ਨਸ਼ਾ ਹੀ ਹੈ। ਜਿਹੜੀਆਂ ਕੁਮਰਸ਼ਲ ਕੰਪਨੀਆਂ ਜਾਂ ਪੈਸਾ ਪ੍ਰਾਪਤੀ ਦੀ ਲੁਭਕ ਰੱਖਣ ਵਾਲੇ ਲੋਕ ਹਨ ਉਨ੍ਹਾਂ ਨੂੰ ਤਾਂ ਪੈਸਾ ਚਾਹੀਦੈ। ਉਹ ਲੋਕਾਂ ਨੂੰ ਉਹੋ ਜਿਹਾ ਮੈਟੀਰੀਅਲ ਹੀ ਪਰੋਸਣਗੇ ਜਿਸ ਤੋਂ ਉਨ੍ਹਾਂ ਨੂੰ ਪੈਸਾ ਆਵੇਗਾ। ਉਨ੍ਹਾਂ ਨੂੰ ਇਸ ਗੱਲ ਨਾਲ ਕੋਈ ਸਰੋਕਾਰ ਨਹੀਂ ਕਿ ਸਮਾਜ ਦਾ ਕੀ ਹਾਲ ਹੋਵੇਗਾ ਅਤੇ ਇਸ ਦਾ ਕਿੱਥੋਂ ਤੱਕ ਨਿਘਾਰ ਹੋ ਜਾਣਾ ਹੈ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਲੋਕ ਜਿਹੜਾ ਸੁਆਦ ਲੱਚਰ ਗੀਤਾਂ 'ਚੋਂ ਭਾਲਦੇ ਹਨ ਉਸ ਤੋਂ ਵੀ ਵਧੀਆ ਸੁਆਦ ਸਾਫ-ਸੁਥਰੇ ਗ਼ੀਤਾਂ 'ਚੋਂ ਮਿਲ ਸਕਦਾ ਹੈ। ਤਰਾਸਦੀ ਇਸ ਗੱਲ ਦੀ ਹੈ ਕਿ ਅਸੀਂ ਲੋਕਾਂ ਨੂੰ ਚੰਗੇ ਗ਼ੀਤ ਦੇ ਹੀ ਨਹੀਂ ਰਹੇ। ਲੋਕ ਤਾਂ ਪਿਆਸੇ ਬੈਠੇ ਹਨ। ਮੇਰਾ ਇਹ ਦਾਅਵਾ ਹੈ ਕਿ ਇੱਕ ਪਾਸੇ ਪੂਰਨ ਚੰਦ ਵਡਾਲੀ ਨੂੰ ਬੈਠਾ ਦਿਉ,ਦੂਸਰੇ ਪਾਸੇ (ਮੈਂ ਕਿਸੇ ਦਾ ਨਾਂ ਨਹੀਂ ਲੈਂਦਾ) ਕਿਸੇ ਲੱਚਰ ਗ਼ੀਤ ਗਾਉਣ ਵਾਲੇ ਨੂੰ ਬੈਠਾ ਦਿਉ। ਦੋਹਾਂ 'ਚੋਂ ਕਿਸੇ ਇੱਕ ਨੂੰ ਸੁਣਨ ਦੀ ਚੋਣ ਲੋਕਾਂ 'ਤੇ ਛੱਡ ਦਿਉ। ਵੇਖ ਲੈਣਾ ਪੂਰਨ ਚੰਦ ਵਡਾਲੀ ਵਾਲੇ ਪਾਸੇ ਸੁਣਨ ਵਾਲਿਆਂ ਦੀ ਗਿਣਤੀ ਜ਼ਿਆਦਾ ਹੋਵੇਗੀ,ਜਿੱਥੇ ਇੱਕ(ਪ੍ਰਮਾਤਮਾ) ਦੀ ਗੱਲ ਚੱਲ ਰਹੀ ਹੋਵੇਗੀ,ਉਸ ਨਸ਼ੇ ਦੀ ਗੱਲ ਚੱਲ ਰਹੀ ਹੋਵੇਗੀ ਜਿਹੜਾ ਹਮੇਸ਼ਾਂ(ever lasting) ਰਹਿੰਦਾ ਹੈ।

ਅੱਜ ਦੇ ਜਿਹੜੇ ਲੇਖਕ,ਗਾਇਕ ਜਾਂ ਮਿਊਜ਼ਿਕ ਕੰਪਨੀਆਂ ਵਾਲੇ ਹਨ, ਉਹ ਰਾਤੋ-ਰਾਤ ਅਮੀਰ ਬਣਨ ਦੀ ਦੌੜ ਵਿੱਚ ਲੱਗੇ ਹੋਏ ਹਨ। ਉਹ ਇਸ ਗੱਲ ਤੋਂ ਵੀ ਮੂੰਹ ਮੋੜੀ ਬੈਠੇ ਹਨ ਕਿ ਸਾਹਿਤ ਹੀ ਸਮਾਜ ਦਾ ਦਰਪਨ ਹੁੰਦਾ ਹੈ। ਇਸ ਨੇ ਹੀ ਸਮਾਜ ਨੂੰ ਸੇਧ ਦੇਣੀ ਹੈ। ਪਰ ਇਹ ਤਾਂ ਆਪਣੀਆਂ ਰੋਟੀਆਂ ਸੇਕਣ ਵਿੱਚ ਹੀ ਲੱਗੇ ਹੋਏ ਹਨ।

**ਸੁਆਲ:** ਤੁਹਾਡੀਆਂ ਲਿਖਤਾਂ ਵਿੱਚ ਇਹ ਵੇਖਣ ਨੂੰ ਮਿਲਦਾ ਹੈ ਕਿ ਇੱਕ ਸੂਫ਼ੀ ਆਪਣੇ ਮਾਲਿਕ, ਮੁਰਸ਼ਿਦ ਜਾਂ ਪਰਮਾਤਮਾ ਨੂੰ ਨਿਹੋਰੇ ਮਾਰਦਾ, ਗਿਲੇ-ਸ਼ਿਕਵੇ ਕਰਦਾ ਜਾਂ ਉਲ੍ਹਾਮੇ ਦਿੰਦਾ ਅਨੁਭਵ ਹੁੰਦਾ ਹੈ। ਅਜਿਹਾ ਕਿਉਂ?

**ਜੁਆਬ:** ਗੱਲ ਇਹ ਹੈ। ਮੇਰਾ ਸੋਹਣਾ,ਮੇਰਾ ਮਹਿਬੂਬ, ਮੇਰਾ ਆਸ਼ਿਕ,ਹਰ ਵੇਲੇ ਮੇਰੇ ਸਾਹਵੇਂ ਰਹਿੰਦਾ ਹੈ। ਵੰਗਾਰਨਾ,ਝੇਡਾਂ ਕਰਨੀਆਂ,ਗਿਲੇ-ਸ਼ਿਕਵੇ ਕਰਨੇ,ਰੁੱਸਣਾ-ਮੰਨਣਾ,ਲਾਡ ਲਡਾਉਣੇ,ਝਗੜਨਾ ਇਹ ਸਾਰੀਆਂ ਖੇਡਾਂ ਪ੍ਰੇਮ ਦੀਆਂ ਹਨ। ਉੱਪਰਲੀ ਪੱਧਰ 'ਤੇ ਪਿਆਰ ਦੀਆਂ ਹਨ। ਇਹ ਸਾਰੇ ਉਸੇ ਦੇ ਹੀ ਰੰਗ ਹਨ। ਕਦੀ ਕਦੀ ਜਦੋਂ ਮਸਤੀ ਆਉਂਦੀ ਹੈ ਤਾਂ ਲੱਗਦਾ ਹੈ ਜਦੋਂ ਕਦੀ ਸੂਫ਼ੀ ਬ੍ਰਿਹਾ ਦੇ ਆਲਮ ਵਿੱਚ ਹੁੰਦਾ ਹੈ ਤਾਂ ਲਿਖਦਾ ਹੈ:

**"ਨੀਂਦ ਉੱਡ ਗਈ ਜਦੋਂ ਦਾ ਗਿਓਂ ਛੱਡ ਵੇ!**
**ਪਾਸੇ ਵੱਟ ਵੱਟ ਦੁੱਖਦੇ ਨੇ ਹੱਡ ਵੇ!"**

ਜਾਂ

**"ਬਹੁੜੀਂ ਬਹੁੜੀਂ ਵੇ ਤਬੀਬਾ ਮੈਂਢੀ ਜ਼ਿੰਦ ਗਈ ਆ।"**

ਫਿਰ ਕਹਿਣਾ ਪੈਂਦਾ ਹੈ- ਮੇਰਾ ਪਿਆਰਾ ਹੈ ਓਹ।ਉਸ ਨੂੰ ਨਾ ਕਹਾਂਗੇ ਤਾਂ ਫਿਰ ਕਿਸ ਨੂੰ ਕਹਾਂਗੇ? ਦੱਸੋ? ਸਾਈਂ ਸੁਲਤਾਨ ਬਾਹੂ ਨੇ ਵੀ ਤਾਂ ਲਿਖਿਆ ਹੈ:

**"ਮੈਂ ਵਿੱਚ ਐਬ ਗੁਨਾਹ ਨਾ ਹੁੰਦੇ,ਤੂੰ ਬਖ਼ਸ਼ੇਂਦਾ ਕੇਹਨੂੰ?"**

ਮੈਂ ਤੁਹਾਨੂੰ ਲਫ਼ਜਾਂ ਨਾਲ ਕਿਵੇਂ ਬਿਆਨ ਕਰਾਂ ਕਿ ਉਹਦੇ ਨਾਲ ਜਿਹੜੀ ਪੀਡੀ ਗੰਢ ਪਈ ਹੋਈ ਆ। ਫਿਰ ਉਸ ਨਾਲ ਜਿੱਦਾਂ ਮਰਜੀ ਕਰੋ। ਨਾ ਉਹ ਰੁੱਸਦਾ ਹੈ ਨਾ ਉਹ ਮੰਨਦਾ ਹੈ। ਨਾ ਅਸੀਂ ਰੁੱਸਦੇ ਹਾਂ ਨਾ ਅਸੀਂ ਮੰਨਦੇ ਆਂ। ਪਤਾ ਨਹੀਂ ਏਹ ਖੇਡ ਕਿਹੋ ਜਿਹੀ ਆ। ਇਹ ਮੇਰੀ ਸਮਝੋਂ ਬਾਹਰ ਹੈ। ਇਸ ਨੂੰ ਲਫ਼ਜਾਂ ਨਾਲ ਬਿਆਨ ਨਹੀਂ ਕੀਤਾ ਜਾ ਸਕਦਾ।

**ਸੁਆਲ:** ਤੁਹਾਡੀ ਪੁਸਤਕ 'ਪਾਰ ਝਨਾਂ ਤੋਂ ਉਸ ਦਾ ਡੇਰਾ' ਨੇ ਕਾਫੀ ਸ਼ੋਹਰਤ ਖੱਟੀ ਹੈ। ਜਾਣਨਾ ਚਾਹਵਾਂਗਾ ਕਿ ਇਹ ਕਾਰਵਾਂ ਅਜੇ ਜਾਰੀ ਹੈ ਜਾਂ ਇੱਥੇ ਹੀ ਬਰੇਕਾਂ ਲਾ ਦਿੱਤੀਆਂ ਹਨ?

**ਜੁਆਬ:** ਵੇਖੋ ਜੀ, ਬਰੇਕਾਂ ਲੱਗ ਜਾਣੀਆਂ ਜਾਂ ਖੜੋਤ ਆ ਜਾਣੀ ਤਾਂ ਮੌਤ ਦਾ ਦੂਸਰਾ ਨਾਮ ਹੈ। ਸੂਫ਼ੀ ਅਤੇ ਕਵੀ ਕਦੇ ਵੀ ਨਹੀਂ ਮਰਦੇ। ਜੇਕਰ ਸਹੀ ਅਰਥਾਂ ਵਿੱਚ ਕਵੀ ਹੋਣ ਤਾਂ ਉਹ ਨਹੀਂ ਮਰਦੇ। ਉਨ੍ਹਾਂ ਵਿੱਚ ਖੜੋਤ ਵੀ ਨਹੀਂ ਆ ਸਕਦੀ।

**ਆਦਿ ਸਚੁ ਜੁਗਾਦਿ ਸਚੁ॥**
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥**

ਇਹ ਕਾਰਵਾਂ ਜਿਹੜਾ ਚੱਲ ਰਿਹਾ ਹੈ,ਪਹਿਲਾਂ ਵੀ ਚੱਲਦਾ ਸੀ,ਹੁਣ ਵੀ ਚੱਲ ਰਿਹਾ ਹੈ ਅਤੇ ਅੱਗੋਂ ਵੀ ਚੱਲਦਾ ਰਹੇਗਾ। ਅਸੀਂ ਜਿਸ ਚੀਜ਼ ਨੂੰ ਬਿਆਨ ਕਰ ਰਹੇ ਹਾਂ, ਜਿਸ ਦੀ ਹੋਂਦ ਨਿਰੰਤਰ (Continuity) ਬਣੀ ਹੋਈ ਹੈ, ਸਾਡੇ ਮਰਨ ਤੋਂ ਬਾਅਦ ਵੀ ਰਹਿਣੀ ਹੈ। ਉਹ(ਪਰਮਾਤਮਾ) ਜਿਸ ਦੇ ਆਦਿ,ਮੱਧ ਅਤੇ ਅੰਤ

ਦਾ ਕੋਈ ਪਤਾ ਨਹੀਂ। ਉਸ ਦਾ ਕੋਈ ਕਿਨਾਰਾ ਨਹੀਂ। ਘਟਨਾਵਾਂ ਤਾਂ ਇਸ ਸਮੁੰਦਰ ਵਿੱਚ ਉੱਠਣ ਵਾਲੀਆਂ ਛੱਲਾਂ ਹਨ। ਮੈਂ ਇੱਕ ਥਾਂ ਲਿਖਿਆ ਸੀ:

**"ਗੱਲਾਂ ਤਾਂ ਗੱਲਾਂ ਨੇ ਗੱਲਾਂ ਦਾ ਕੀ ਏ।**
**ਸਮੁੰਦਰ ਹਕੀਕਤ ਏ ਛੱਲਾਂ ਦਾ ਕੀ ਏ।"**

ਇਹ ਛੱਲਾਂ ਤਾਂ ਉੱਠਦੀਆਂ ਈ ਰਹਿਣੀਆਂ ਨੇ,ਸਮੁੰਦਰ ਤਾਂ ਸ਼ਾਤ ਬੈਠਾ ਹੈ। ਮੈਂ ਸਮਝਦਾ ਹਾਂ ਝਰਨਾ ਇੱਕ ਵਾਰ ਜਦੋਂ ਫੁੱਟ ਪੈਂਦਾ ਹੈ ਤਾਂ ਉਸ ਦਾ ਛੇਕ ਕਦੇ ਵੀ ਭੀੜਾ ਨਹੀਂ ਹੁੰਦਾ। ਉਹ ਨਿਰੰਤਰ ਵਹਿੰਦਾ ਰਹਿੰਦਾ ਹੈ। ਇਸੇ ਤਰ੍ਹਾਂ ਸਾਡਾ ਚੱਲਿਆ ਹੋਇਆ ਕਾਰਵਾਂ ਕਦੇ ਵੀ ਨਹੀਂ ਰੁਕੇਗਾ, ਨਿਰੰਤਰ ਚੱਲਦਾ ਰਹੇਗਾ।

**ਸੁਆਲ:** ਕੀ ਤੁਹਾਡੀ ਕਲਮ ਕਿਸੇ ਕਿਰਤੀ ਕਾਮੇ ਦੇ ਦਰਦ,ਹੋ ਰਹੀ ਲੁੱਟ- ਖਸੁੱਟ,ਖੋਹ-ਖਿੰਝ ਅਤੇ ਨਾ ਬਰਾਬਰੀ ਲਈ ਵੀ ਚੱਲਦੀ ਹੈ?

**ਜੁਆਬ: 'ਤਨਜ਼' ਸੂਫ਼ੀ ਦਾ ਗਹਿਣਾ ਹੈ।**(ਤਨਜ਼ ਤੋਂ ਤੁਹਾਡਾ ਕੀ ਭਾਵ ਹੈ?) ਤਨਜ਼ ਤੋਂ ਭਾਵ ਹੈ ਕਿਸੇ ਚੀਜ਼ ਤੇ ਕਟਾਖ਼ਸ਼ ਕਰਨਾ/ਵਿਅੰਗ ਕਰਨਾ। ਜਦੋਂ ਮੈਂ ਪ੍ਰਮਾਤਮਾ ਦੇ ਸਨਮੁਖ ਹੁੰਦਾ ਹਾ ਜਾਂ ਮੈਂ ਆਪਣੇ ਆਪ ਨਾਲ ਸੰਵਾਦ ਰਚਾਉਂਦਾ ਹਾਂ ਜਾਂ ਇਕੱਲਾ ਬੈਠ ਕੇ ਆਪਣੇ ਆਪ ਨਾਲ ਗੱਲਾਂ ਕਰਦਾ ਹਾਂ ਜਾਂ ਸਰੀਰਕ ਪੱਧਰ 'ਤੇ ਸਮਾਜ ਵਿੱਚ ਨਾ ਬਰਾਬਰੀ ਨੂੰ ਵੇਖਦਾ ਹਾਂ ਤਾਂ ਮੈਨੂੰ ਜੋ ਮਹਿਸੂਸ ਹੁੰਦਾ ਹੈ ਉਸ ਬਾਰੇ ਕਹਿੰਦਾ ਹਾਂ ਆਹ ਕੀ 'ਤੇ ਉਹ ਕੀ? ਇੱਕ ਗਰੀਬ ਕਿਉਂ,ਦੂਸਰਾ ਅਮੀਰ ਕਿਉਂ? ਮੇਰਾ ਇੱਕ ਗ਼ੀਤ ਹੈ: 'ਅੱਲ੍ਹਾ, ਅੱਲ੍ਹਾ, ਸੁਭਾਨ ਅੱਲ੍ਹਾ', ਉਸ ਵਿੱਚ ਮੈਂ ਕਿਹਾ ਹੈ,

**"ਹਰ ਅਦਾਲਤ ਤੇਰੀ,ਹਰ ਸਿਆਸਤ ਤੇਰੀ।**
**ਫਿਰ ਚੰਗੇ 'ਤੇ ਮਾੜੇ ਦਾ ਮਸਲਾ ਹੈ ਕਿਆ?"**

ਇਹ ਤਨਜ਼ ਹੈ। ਵਿਅੰਗ ਹੈ। ਜਦੋਂ ਮੈਂ ਕਿਰਤੀ ਜਾਂ ਦੱਬੇ-ਕੁਚਲੇ ਲੋਕਾਂ ਦੀ ਗੱਲ ਕਰਦਾ ਹਾਂ ਤਾਂ ਉਨ੍ਹਾਂ ਵਿੱਚ ਮੈਨੂੰ ਉਹ ਹੀ ਨਜ਼ਰ ਆਉਂਦਾ ਹੈ। ਫਿਰ ਮੈਂ ਸੁਆਲ ਕਰਦਾ ਹਾਂ 'ਇਹ ਵੀ ਤੂੰ ਹੈਂ,ਉਹ ਵੀ ਤੂੰ ਹੈਂ' ਫਿਰ ਭੇਦ ਤਾਂ ਦੱਸ, ਮਾਮਲਾ ਕੀ ਹੈ? ਫਿਰ ਉਹਦੇ ਭੇਦ ਜਾਨਣ ਲੱਗਿਆਂ ਕਾਫ਼ਿਰ ਵਾਲੀ ਗੱਲ ਹੋ ਜਾਂਦੀ ਹੈ। ਲੋਕੀਂ ਫਿਰ ਸਾਨੂੰ ਕਾਫ਼ਿਰ ਤਾਂ ਕਹਿਣਗੇ ਹੀ।(ਮੇਰੀ ਸੋਚ ਭਾਈ ਵੀਰ ਸਿੰਘ ਜੀ ਦੀਆਂ ਉਨ੍ਹਾਂ ਸਤਰਾਂ ਵੱਲ ਨਿਕਲ ਗਈ ਸੀ ਜਿਸ ਵਿੱਚ ਉਨ੍ਹਾਂ ਕਿਹਾ ਸੀ,

**"ਰੱਬ ਇੱਕ ਗੁੰਝਲਦਾਰ ਬੁਝਾਰਤ ਰੱਬ ਇੱਕ ਗੋਰਖ-ਧੰਦਾ।**
**ਖੋਲ੍ਹਣ ਲੱਗਿਆਂ ਪੇਚ ਏਸ ਦੇ, ਕਾਫ਼ਰ ਹੋ ਜਾਏ ਬੰਦਾ।**
**ਕਾਫ਼ਰ ਹੋਣੋ ਡਰ ਕੇ ਜੀਵੀਂ, ਖ਼ੋਜੋਂ ਮੂਲ ਨਾ ਖੁੰਝੀਂ।**
**ਲਾਈਲੱਗ ਮੋਮਨ ਦੇ ਕੋਲੋਂ, ਖ਼ੋਜੀ ਕਾਫ਼ਰ ਚੰਗਾ") ਸੁਆਲ:** ਅਸੀਂ ਜਾਣਨਾ ਚਾਹਵਾਂਗੇ ਕਿ ਅਜੋਕੇ ਸਮਾਜ ਦਾ ਚਿੱਤਰ ਤੁਹਾਡੇ ਮਨ ਵਿੱਚ ਕਿਹੋ ਜਿਹਾ ਹੈ। ਜੇਕਰ ਤੁਸਾਂ ਆਪਣੀ ਸੋਚ ਦਾ ਸਮਾਜ ਸਿਰਜਣਾ ਹੋਵੇ ਤਾਂ ਕਿਹੋ ਜਿਹਾ ਸਮਾਜ ਸਿਰਜਣ ਦੀ ਅਭਿਲਾਸ਼ਾ ਰੱਖਦੇ ਹੋ?

**ਜੁਆਬ:** ਇੱਕ ਲਾਇਨ ਵਿੱਚ ਹੀ ਮੈਂ ਇਸ ਦਾ ਜੁਆਬ ਦੇ ਦੇਵਾਂਗਾ **"ਬੇਗ਼ਮਪੁਰਾ ਸ਼ਹਿਰ ਕਾ ਨਾਉਂ"।** ਮੈਂ ਇਸ ਸਮਾਜ ਵਾਸਤੇ ਉਸ ਪ੍ਰਵਰਦਗ਼ਾਰ ਅੱਗੇ ਬੇਨਤੀ ਹੀ ਕਰ ਸਕਦਾ ਹਾਂ। ਮੈਂ ਕੋਈ ਚਿਤੇਰਾ ਨਹੀਂ ਹਾਂ ਮੈਂ ਕੋਈ creator ਨਹੀਂ ਹਾਂ। ਅੱਲ੍ਹਾ ਪ੍ਰਵਰਦਗ਼ਾਰ ਅੱਗੇ ਬੇਨਤੀ ਹੀ ਕਰਦੇ ਰਹੀਦਾ ਹੈ ਕਿ ਹੇ! ਪ੍ਰਵਰਦਗ਼ਾਰ ਇਸ ਨੂੰ 'ਬੇਗ਼ਮਪੁਰਾ' ਬਣਾ ਦੇ, ਜਿੱਥੇ ਕੋਈ ਗ਼ਮ ਨਾ ਹੋਵੇ। ਇਹ ਹੀ ਮੇਰਾ ਉੱਤਰ ਹੈ "ਬੇਗ਼ਮਪੁਰਾ ਸ਼ਹਿਰ ਕਾ ਨਾਉਂ"।

**ਸੁਆਲ:** ਹਰ ਇਨਸਾਨ ਆਪਣੇ ਜੀਵਨ ਵਿੱਚ ਨਵੀਆਂ ਪੈੜਾਂ ਪਿੱਛੇ ਛੱਡ ਕੇ ਜਾਣ ਦੀ ਕੋਸ਼ਿਸ਼ ਕਰਦਾ ਹੈ। ਕੁਝ ਲੋਕ ਤਾਂ ਪਹਿਲੀਆਂ ਪਈਆਂ ਪੈੜਾਂ ਵਿੱਚ ਹੀ ਗੁਆਚ ਜਾਂਦੇ ਹਨ ਜਦੋਂ ਕਿ ਕੁਝ ਲੋਕ ਅਜਿਹੇ ਵੀ ਹੁੰਦੇ ਹਨ ਜਿਹੜੇ ਨਵੀਆਂ ਪੈੜਾਂ ਪਾ ਕੇ ਨਵੀਆਂ ਸੇਧਾਂ ਦੇ ਜਾਂਦੇ ਹਨ। ਕੀ ਤੁਸੀਂ ਵੀ ਆਪਣੇ ਜੀਵਨ ਵਿੱਚ ਕੁਝ ਅਜਿਹਾ ਕਰਨਾ ਸੋਚਿਆ ਅਤੇ ਲੋਚਿਆ ਹੈ?

**ਜੁਆਬ:** 'ਨਵਾਂ' ਜਿਹੜਾ ਲਫ਼ਜ ਹੈ ਨਾ ਮੈਂ ਇਸ ਬਾਰੇ ਸਪਸ਼ਟ ਕਰ ਦੇਵਾਂ ਕਿ ਨਵੇਂ ਤੋਂ ਬੜਾ ਡਰ ਲੱਗਦਾ ਹੈ ਜਦੋਂ ਕਿ ਪੁਰਾਣਾ ਹਿਫ਼ਜ਼ਤ(security) ਦਿੰਦਾ ਹੈ। ਸਿਕਿਉਰਟੀ ਛੱਡ ਨਵੇਂ ਵੱਲ ਜਾਣ ਲਈ ਬੜੀ ਹਿੰਮਤ ਚਾਹੀਦੀ ਹੈ,ਬਹੁਤ ਹੌਂਸਲਾ ਚਾਹੀਦੈ। ਪਰ ਨਵਾਂ,ਨਵਾਂ ਹੀ ਹੁੰਦਾ ਹੈ। ਅੱਲ੍ਹਾ ਪ੍ਰਵਰਦਗ਼ਾਰ ਦੀ ਬੜੀ ਮਿਹਰ ਆ,ਮੇਰੇ ਮੁਰਸ਼ਿਦ ਦੀ ਮੇਰੇ 'ਤੇ ਕ੍ਰਿਪਾ ਹੈ ਕਿ ਮੈਂ ਹਰ ਪਲ ਨੂੰ ਸਮਝਦਾ ਹਾਂ। ਆਉਣ ਵਾਲਾ ਹਰ ਕਦਮ ਮੇਰੇ ਲਈ ਨਵਾਂ ਰਹਿੰਦਾ ਹੈ। ਨਵੀਆਂ ਪੈੜਾਂ...... ਨਵੀਆਂ ਪੈੜਾਂ ਤਾ ਪਹਿਲਾਂ ਹੀ ਪਈਆਂ ਹੋਈਆਂ ਨੇ ਕੇਵਲ ਉਨ੍ਹਾਂ ਦੀ ਨਿਸ਼ਾਨਦੇਹੀ ਕਰਨ ਦੀ ਹੀ ਲੋੜ ਹੈ। ਮੈਂ ਆਪਣੀ ਜ਼ਿੰਦਗੀ ਵਿੱਚ ਕੋਸ਼ਿਸ਼ ਜ਼ਰੂਰ ਕਰਾਂਗਾ ਕਿ ਜਿਨ੍ਹਾਂ ਨੂੰ ਤੁਸੀਂ ਨਵੀਆਂ ਪੈੜਾਂ ਕਹਿੰਦੇ ਹੋ ਉਨ੍ਹਾਂ ਦੀ ਨਿਸ਼ਾਨਦੇਹੀ ਜ਼ਰੂਰ ਕਰ ਦੇਵਾਂ।

**ਸੁਆਲ:** ਇਸ ਤੋਂ ਪਹਿਲਾਂ ਕਿ ਇਸ ਚਰਚਾ ਨੂੰ ਅੰਤਿਮ ਛੋਹਾਂ ਦੇਵਾਂ, ਜਾਂਦਾ ਜਾਂਦਾ ਤੁਹਾਡੀ ਜਿੰਦਗੀ ਦੀ ਉਸ ਘਟਨਾ ਬਾਰੇ ਜਾਣਨਾ ਚਾਹਵਾਂਗਾ, ਜਿਹੜੀ ਅੱਜ ਵੀ ਤੁਹਾਨੂੰ ਯਾਦ ਆਉਣ 'ਤੇ ਤੁਸੀਂ ਅੰਦਰੋਂ ਲਰਜ਼ ਜਾਂਦੇ ਹੋ?

**ਜੁਆਬ:** ਮੁ..ਹੱ..ਬ..ਤ.."**ਮੁਹੱਬਤ**"**!** ਮੁਹੱਬਤ ਵਾਕਿਆ ਹੀ ਅੱਲ੍ਹਾ ਦਾ ਦੂਸਰਾ ਨਾਮ ਹੈ। ਕਈ ਵੇਰਾਂ ਅਸੀਂ ਇਸ ਤਰ੍ਹਾਂ ਸੋਚਦੇ ਹਾਂ ਕਿ ਅਸੀਂ ਦੂਸਰਿਆਂ ਨੂੰ ਬੜਾ ਪਿਆਰ ਕਰਦੇ ਹਾਂ, ਬੜਾ ਚਾਹੁੰਦੇ ਹਾਂ ਪਰ ਸਾਨੂੰ ਉਨ੍ਹਾਂ ਕੋਲੋਂ ਉਹੋ ਜਿਹਾ ਪਿਆਰ ਨਹੀਂ ਮਿਲਦਾ। ਇਹ ਗਲਤ ਹੈ।ਤੁਸੀਂ ਪਿਆਰੇ ਹੋਵੋ ਜਾਂ ਇੱਕ ਮਾਡਲ ਹੋਵੋ। ਤੁਸੀਂ ਇੱਕ ਕਦਮ ਅੱਗੇ ਵੱਧੋ,ਲੋਕ ਸੌ ਕਦਮ ਤੁਹਾਡੇ ਵੱਲ ਆਉਣਗੇ। ਇਸ ਗੱਲ ਨੂੰ ਸਥਾਪਿਤ ਕਰਨ ਲਈ ਮੈਂ ਤੁਹਾਨੂੰ ਇੱਕ ਘਟਨਾ ਦੱਸਾਂਗਾ।

ਇਹ ਗੱਲ ਸੰਨ 2000 ਦੀ ਹੈ। ਮੈਂ ਬੀਮਾਰ ਹੋ ਗਿਆ ਸਾਂ। ਮੈਂ ਅਰੋੜਾ ਹਸਪਤਾਲ ਲੁਧਿਆਣਾ ਵਿੱਚ ਦਾਖਲ ਸਾਂ। ਮੇਰੇ ਹੱਥ ਪੈਰ ਬਾਹਵਾਂ ਲੱਗਭੱਗ ਸਭ ਕੁਝ dead (ਖਤਮ) ਹੋ ਗਿਆ ਸੀ। ਮੇਰਾ ਸਿਰਫ ਤੇ ਸਿਰਫ ਸਾਹ ਹੀ ਚੱਲ ਰਿਹਾ ਸੀ। ਬਚਣ ਦੀ ਉਮੀਦ ਤਾਂ ਕੋਈ ਹੈ ਨਹੀਂ ਸੀ। ਡਾਕਟਰ ਵੀ ਨਿਰਾਸ਼ ਹੋ ਚੁੱਕੇ ਸਨ। ਉਨ੍ਹਾਂ ਨੇ ਅਪੋਲੋ ਹਸਪਤਾਲ ਲੈ ਜਾਣ ਦੀ ਸਲਾਹ ਦਿੱਤੀ ਜਿਸ ਤੇ ਮੈਂ ਡਾਕਟਰ ਨੂੰ ਕਿਹਾ ਸੀ ਕਿ ਡਾਕਟਰ ਮੈਂ ਅਜੇ ਮਰਨ ਦਾ ਪਰੋਗਰਾਮ ਨਹੀਂ ਬਣਾਇਆ।

ਇਸੇ ਦੌਰਾਨ ਇੱਕ ਲੇਡੀ(ਔਰਤ) ਆਈ। ਉਦੋਂ ਮੈਂ ਜੀਰਾ ਵਿਖੇ ਐਸ.ਡੀ.ਐਮ ਲੱਗਾ ਹੋਇਆ ਸਾਂ। ਦੋ ਸਾਲ ਪਹਿਲਾਂ ਉਸ ਔਰਤ ਦਾ ਇੱਕ ਕੇਸ ਮੇਰੇ ਕੋਲ ਚੱਲਦਾ ਹੁੰਦਾ ਸੀ। ਪਤਾ ਨਹੀਂ ਆਪਣੀ ਬੁੱਧੀ ਅਨੁਸਾਰ ਕੰਮ ਕਰਦਿਆਂ ਕਰਦਿਆਂ ਉਸ ਦਾ ਕੰਮ ਸਹੀ ਹੋ ਗਿਆ ਹੋਵੇ। ਅਸੀਂ ਆਪਣੀ ਬੁੱਧੀ ਮੁਤਾਬਕ ਹੀ ਤਾਂ ਕੰਮ ਕਰਦੇ ਹਾਂ। ਉਸ ਨੂੰ ਇਸ ਗੱਲ ਦਾ impression ਸੀ ਕਿ ਇੱਕ ਪਾਸੇ ਸਿਆਸਤ ਖੜ੍ਹੀ ਹੈ, (ਸਰਕਾਰੀ ਕੰਮਾਂ ਵਿੱਚ ਸਿਫ਼ਾਰਸ਼ਾਂ ਆਉਂਦੀਆਂ ਹੀ ਰਹਿੰਦੀਆਂ ਹਨ) ਇੱਕ ਪਾਸੇ ਮੈਂ ਗਰੀਬਣੀ ਖੜ੍ਹੀ ਹਾਂ। ਮੇਰਾ ਕੰਮ ਕਿੱਥੋਂ ਹੋਣਾ ਹੈ। ਅੱਲ੍ਹਾ ਮੀਆਂ ਦੀ ਰਹਿਮਤ ਹੋਈ ਹੋਣੀ ਆ। ਬੁੱਧੀ ਨੂੰ ਉੱਧਰ ਝੁਕਾ ਦਿੱਤਾ ਹੋਣੈ।। ਉਹਦਾ ਕੰਮ ਹੋ ਗਿਆ ਮੈਂ ਉਸ ਨੂੰ ਜਾਣਦਾ ਵੀ ਨਹੀਂ ਸਾਂ।

ਉਹ ਮੇਰੇ ਕੋਲ ਲੁਧਿਆਣੇ ਹਸਪਤਾਲ ਵਿੱਚ ਆਈ ਅਤੇ ਕਹਿਣ ਲੱਗੀ ਅੱਜ ਮੈਂ ਤੁਹਾਡੇ ਦਫਤਰ ਗਈ ਤਾਂ ਸਟਾਫ ਕੋਲੋਂ ਪਤਾ ਚੱਲਿਆ ਕਿ ਤੁਸੀਂ ਲੁਧਿਆਣੇ ਹਸਪਤਾਲ ਵਿੱਚ ਦਾਖਲ ਹੋ। ਪਹਿਲਾਂ ਤਾ ਮੈਂ ਉਨ੍ਹਾਂ ਦੀ ਗੱਲ ਤੇ ਯਕੀਨ ਨਹੀਂ ਸੀ ਕੀਤਾ ਕਿ ਇਹੋ ਜਿਹੇ ਬੰਦੇ ਨੂੰ ਵੀ ਬੀਮਾਰੀ ਆ ਸਕਦੀ ਹੈ? ਮੈਂ ਸਿਰਫ ਤੇ ਸਿਰਫ ਏਥੇ ਇਹ ਵੇਖਣ ਆਈ ਹਾਂ ਕਿ ਵਾਕਿਆ ਹੀ ਤੁਸੀਂ ਬੀਮਾਰ ਹੋ ਗਏ ਹੋ। ਉਸ ਸਮੇਂ ਮੇਰੀ ਪਤਨੀ ਮੇਰੇ ਕੋਲ ਹੀ ਬੈਠੀ ਹੋਈ ਸੀ। ਮੈਂ ਕਿਹਾ," ਮੈਂ ਤੁਹਾਨੂੰ ਪਹਿਚਾਣਿਆ ਨਹੀਂ?" ਮੇਰੀ ਪਤਨੀ ਦੀ ਰਿਸ਼ਤੇਦਾਰੀ 'ਚੋਂ ਵੀ ਉਹ ਨਹੀਂ ਸੀ। ਪਤਨੀ ਨੇ ਵੀ ਉਸ ਨੂੰ ਨਹੀਂ ਸੀ ਪਹਿਚਾਣਿਆ। ਮੈਂ ਕਿਹਾ," ਬੀਬੀ ਬੈਠ ਜਾਹ।" ਫਿਰ ਉਸ ਨੇ ਇਹ ਗੱਲ ਦੱਸੀ ਅਤੇ ਆਪਣੀ ਮੁਹੱਬਤ ਦਾ ਇਜ਼ਹਾਰ ਕੀਤਾ। ਉਸ ਦਾ ਬੇਟਾ ਵੀ ਉਸ ਦੇ ਨਾਲ ਹੀ ਸੀ। ਉਹ ਆਪਣੇ ਨਾਲ ਖੀਰ ਬਣਾ ਕੇ ਲਿਆਈ ਸੀ।

ਉਹ ਕਹਿਣ ਲੱਗੀ, "ਵੀਰ ਜੀ!ਰੱਬ ਨੇ ਤੁਹਾਨੂੰ ਬਹੁਤ ਕੁਝ ਦਿੱਤਾ ਹੋਇਆ ਹੈ। ਮੈਂ ਤੁਹਾਨੂੰ ਕੀ ਦੇਣ ਜੋਗੀ ਹਾਂ। ਨੰਬਰ ਇੱਕ ਮੈਂ ਇਹ ਖੀਰ ਤੁਹਾਡੇ ਲਈ ਲੈ ਕੇ ਆਈ ਹਾਂ। ਨੰਬਰ ਦੋ ਮੈਨੂੰ ਇੱਥੇ ਦੋ ਦਿਨ ਲਈ ਰਹਿਣ ਦਿਉ ਤਾਂ ਜੋ ਮੈਂ ਤੁਹਾਡੀ ਸੇਵਾ ਕਰ ਸਕਾਂ।" ਇਹ ਸੁਣ ਕੇ ਮੇਰੀਆਂ ਅੱਖਾਂ ਨਮ ਹੋ ਗਈਆਂ ਸਨ ਅਤੇ ਪੂਰੀ ਤਰ੍ਹਾਂ ਪਾਣੀ ਨਾਲ ਭਰ ਆਈਆਂ ਸਨ। ਮੈਂ ਕਿਹਾ ਬੀਬੀ ਜਦੋਂ ਤੇਰੇ ਵਰਗ ਮੁਹੱਬਤ ਕਰਨ ਵਾਲੇ ਲੋਕ ਅਜੇ ਬੈਠੇ ਹੋਣ ਤਾਂ ਮੈਂ ਅੱਜ ਘੋਸ਼ਣਾ (Declare) ਕਰ ਦਿੰਦਾ ਹਾਂ ਕਿ ਮੈਂ ਮਰਦਾ ਨਹੀਂ। ਇਹ ਘਟਨਾ ਜਦੋਂ ਮੈਂ ਅੱਜ ਵੀ ਯਾਦ ਕਰਦਾ ਹਾਂ ਤਾਂ ਮੇਰੇ ਰੌਂਗਟੇ ਖੜੇ ਹੋ ਜਾਂਦੇ ਹਨ।

**ਸੁਆਲ:** ਅੱਜ ਦੇ ਨੌਜਵਾਨਾਂ ਨੂੰ ਕੋਈ ਸੁਨੇਹਾ ਦੇਣਾ ਚਾਹੋਗੇ?

**ਜੁਆਬ:** ਸੁਨੇਹਾ! ਸੁਨੇਹਾ ਤਾਂ ਸੁਨੇਹਾ ਈ ਆ। ਮੈਂ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਕਹਿਣਾ ਚਾਹਵਾਂਗਾ ਕਿ information (ਗਿਆਨ) ਬਹੁਤ ਹੈ। ਇਸ ਵੇਲੇ ਗਿਆਨ ਦੀ ਕੋਈ ਕਮੀ ਨਹੀਂ ਹੈ। ਹਰ ਕਿਸਮ ਦਾ ਗਿਆਨ ਮਿਲ ਜਾਂਦਾ ਹੈ ਲੇਕਿਨ ਗਿਆਨ ਨੂੰ ਸੁਣਨ ਲੱਗਿਆਂ, ਆਪਣੇ ਵਿੱਚ ਢਾਲਣ ਲੱਗਿਆਂ ਇੱਕ ਸੈਕਿੰਡ ਲਈ ਰੁਕ ਕੇ ਇਹ ਵੇਖੋ ਕਿ ਕਿਹੜਾ ਗਿਆਨ ਤੁਹਾਨੂੰ ਸਕੂਨ ਦਿੰਦਾ ਹੈ। ਮੈਂ ਲਫਜ਼ 'ਸੁੱਖ' ਨਹੀਂ ਵਰਤ ਰਿਹਾ, 'ਆਨੰਦ'ਵਰਤ ਰਿਹਾ ਹਾਂ। ਸੁੱਖ ਦੇਣ ਵਾਲੇ ਗਿਆਨ ਮਗਰ ਬੇਸ਼ਕ ਨਾ ਭੱਜਿਓ। ਪਰ ਜਿਹੜਾ ਗਿਆਨ ਤੁਹਾਨੂੰ ਆਨੰਦ ਦਿੰਦਾ ਹੈ ਉਸ ਦੀ ਪ੍ਰਾਪਤੀ ਵਾਸਤੇ ਯਤਨਸ਼ੀਲ ਹੋਇਓ। (ਗੱਲ ਇੰਝ ਜਾਪ ਰਹੀ ਸੀ ਜਿਵੇਂ ਉਹ ਕਹਿ ਰਹੇ ਹੋਣ ਕਿ ਗਿਆਨ ਦੀ ਬਰਸਾਤ ਤਾਂ ਹੋ ਰਹੀ ਹੈ ਪਰ ਘੜੇ ਦਾ ਮੂੰਹ ਹੀ ਮੂਧਾ ਵੱਜਿਆ ਹੋਇਆ ਹੈ। ਲੋੜ ਹੈ ਘੜੇ ਦਾ ਮੂੰਹ ਉਤਾਂਹ ਵੱਲ ਕਰਨ ਦੀ।)

**ਸੁਆਲ:** ਇਸ ਮਿਲਣੀ ਨੂੰ ਯਾਦਗਾਰੀ ਬਣਾਉਣ ਲਈ ਅਸੀਂ ਚਾਹਵਾਂਗੇ ਕਿ ਤੁਸੀਂ ਆਪਣੀ ਕਿਸੇ ਪਿਆਰੀ ਜਿਹੀ ਨਜ਼ਮ ਦੇ ਦੋ ਬੋਲ ਸੁਣਾ ਕੇ ਇਸ ਸਮੇਂ ਨੂੰ ਵੀ ਰੰਗ-ਰੱਤਾ ਬਣਾ ਦਿਉ?

ਜੁਆਬ: ਕਵਿਤਾਵਾਂ,ਜਿਹੜੀਆਂ ਲਿਖੀਆਂ ਜਾਂਦੀਆਂ ਹਨ ਉਹ ਤਾਂ ਸਾਰੀਆਂ ਉਸੇ ਦੀਆਂ ਹਨ। ਉਹ(ਪ੍ਰਭੂ) ਅਸਲ ਵਿੱਚ ਰਚੇਤਾ ਹੈ। ਆਪਣੇ ਬੱਚੇ ਸਾਰੇ ਹੀ ਪਿਆਰੇ ਹੁੰਦੇ ਹਨ। ਪਰ ਕਈ ਵੇਰਾਂ ਮੈਨੂੰ ਇਸ ਕਵਿਤਾ ਦੇ ਹੇਠਲੇ ਬੋਲ ਬਹੁਤ ਚੰਗੇ ਲੱਗਦੇ ਹਨ। ਇਸ ਕਵਿਤਾ ਨੂੰ ਰਿਕਾਰਡ ਕਰਨ ਲੱਗਿਆਂ ਸਾਈਦਾਂ ਬੇਗ਼ਮ ਨੇ ਜਦੋਂ ਸ਼ੇਅਰ ਕਿਹਾ ਸੀ ਤਾਂ ਉਸ ਦੇ ਅੱਥਰੂ ਵਗਣੋਂ ਹੱਟਦੇ ਹੀ ਨਹੀਂ ਸਨ। ਉਸ ਨੂੰ ਮਾਇਕ ਤੋਂ ਪਾਸੇ ਹਟਾ ਕੇ, ਹੱਥ-ਮੂੰਹ ਧੁਆ ਕੇ ਫਿਰ ਮਾਇਕ ਤੇ ਲਿਆਂਦਾ ਗਿਆ ਸੀ। ਓਹ ਸ਼ੇਅਰ ਸੀ:

**"ਮੇਰੇ ਦਮ ਲੱਗ ਜਾਵਣ ਤੈਨੂੰ, ਵੇ! ਮੰਗਾਂ ਦਮ-ਦਮ ਤੇਰੀਆਂ ਦੁਆਵਾਂ।**
**ਤੇਰੇ ਦਮ ਮੈਂ ਹਰ ਦਮ ਭਰਦੀ, ਵੇ! ਢੋਲਾ ਤੇਰੀਆਂ ਦੂਰ ਬਲਾਵਾਂ।**
**'ਬਖ਼ਤਾਵਰ ਮੀਆਂ' ਵੇ ਦਮ ਤੇਰੇ ਭਰੋਸੇ,ਦੱਸ ਹੋਰ ਕਿਹੜਾ ਪੀਰ ਮਨਾਵਾਂ।"**

ਬਾਕੀ, ਕਵਿਤਾਵਾਂ ਤਾਂ ਸਾਰੀਆਂ ਹੀ............। ਆਪਣੇ ਪੁੱਤਰ ਤਾਂ ਸਾਰੇ ਹੀ ਪਿਆਰੇ ਹੁੰਦੇ ਹਨ। ਇਤਨਾ ਕਹਿ ਕੇ ਉਹ ਚੁੱਪ ਹੋ ਗਏ ਸਨ।

ਸ.ਬਖ਼ਤਾਵਰ ਸਿੰਘ ਜੀ ਐਸ .ਡੀ.ਐਮ ਦੇ ਚੁੱਪ ਹੁੰਦਿਆਂ ਹੀ ਕਮਰੇ ਵਿੱਚ ਇੱਕ ਤਰ੍ਹਾਂ ਦੀ ਸਕੂਨ ਭਰੀ ਲਹਿਰ ਜਿਹੀ ਛਾ ਗਈ ਸੀ। ਲੱਗਦਾ ਸੀ ਜਿਵੇਂ ਸਾਡੇ ਆਲੇ-ਦੁਆਲੇ ਸੂਫ਼ੀ ਰੰਗ ਦੀ ਆਭਾ ਤਣੀ ਗਈ ਹੋਵੇ। ਅਸੀਂ ਸਾਰੇ ਹੀ ਸ਼ਾਤ ਚਿੱਤ ਕਿਸੇ ਆਗੰਮੀ ਦੁਨੀਆਂ ਵਿੱਚ ਪਹੁੰਚੇ ਹੋਏ ਅਨੁਭਵ ਕਰ ਰਹੇ ਸਾਂ। ਸਾਡਾ ਅੰਦਰਲਾ ਮਨੁੱਖ ਦੂਰ ਬਹੁਤ ਦੂਰ ਦਿਸਹੱਦਿਆ ਵਿੱਚ ਗੁਆਚਾ ਅਨੰਤਤਾ ਦੇ ਰਸ ਵਿੱਚ ਲੀਨ ਅਨੁਭਵ ਹੋ ਰਿਹਾ ਸੀ ਜਿੱਥੇ ਕੋਈ ਗ਼ਮ ਨਹੀਂ ਸੀ। ਸ਼ਾਇਦ ਇਹ ਹੀ ਉਹ ਸ਼ਹਿਰ ਸੀ ਜਿਸ ਨੂੰ 'ਬੇਗ਼ਮਪੁਰਾ' ਕਹਿੰਦੇ ਹਨ। ਮੈਂ ਸੋਚ ਰਿਹਾ ਸਾਂ ਕਿ ਜੇਕਰ ਸਾਰੇ ਹੀ ਸਰਕਾਰੀ ਅਧਿਕਾਰੀ ਇਸ ਰੰਗਤ ਦੇ ਇਸ ਸੋਚ ਦੇ ਹੋ ਜਾਣ ਤਾਂ ਸਮੱਸਿਆਵਾਂ ਮੁੱਕ ਹੀ ਜਾਣਗੀਆਂ। ਰੱਬ ਕਰੇ ਅਜਿਹਾ ਹੀ ਹੋ ਜਾਵੇ।

ਆਮੀਨ!

***

ਇੱਕ ਅਧਿਆਪਕ

## ਪੁੰਗਰ ਰਹੀ ਪਨੀਰੀ ਦਾ ਰਾਹ ਦਸੇਰਾ



**ਕੁਲਦੀਪ ਸਿੰਘ 'ਅਰਸ਼ੀ'**

ਇੱਕ ਵੇਰਾਂ ਅਜਿਹੀ ਸਥਿਤੀ ਬਣ ਗਈ ਸੀ ਕਿ ਸ਼ਹਿਰ ਵਿੱਚ ਇੱਕ ਜਲੂਸ ਕੱਢਿਆ ਜਾਣਾ ਸੀ। ਇਸ ਇਕੱਤਰਤਾ ਵਿੱਚ ਸ਼ਹਿਰ ਦੇ ਸਾਰੇ ਮੰਨੇ ਪਰਮੰਨੇ ਡਾਕਟਰ,ਇੰਜੀਨੀਅਰ,ਵਿਉਪਾਰੀ,ਧਨਾਢ, ਵੱਡੇ ਵੱਡੇ ਨੇਤਾ ਅਤੇ ਹੋਰ ਮਹਾਨ ਹਸਤੀਆਂ ਹਾਜ਼ਰ ਸਨ। ਮਸਲਾ ਇਹ ਸੀ ਕਿ ਇਸ ਜਲੂਸ ਦੀ ਅਗਵਾਈ ਕੌਣ ਕਰੇ। ਸਾਰਿਆਂ ਦੀ ਇੱਕ ਰਾਏ ਨਹੀਂ ਸੀ ਬਣ ਰਹੀ। ਕਦੀ ਇਹ ਕਿਹਾ ਜਾਂਦਾ ਕਿ ਡਾਕਟਰ ਨੂੰ ਇਹ ਇੱਜ਼ਤ ਦਿੱਤੀ ਜਾਵੇ ਕਿਉਂਕਿ ਉਹ ਸਾਡੀ ਬਿਮਾਰੀ ਸਮੇਂ ਸਾਡਾ ਯੋਗ ਉਪਚਾਰ ਕਰਕੇ ਸਾਡਾ ਬਿਮਾਰੀ ਤੋਂ ਛੁਟਕਾਰਾ ਕਰਵਾਉਂਦਾ ਹੈ। ਉਸ ਦਾ ਦਰਜਾ ਪ੍ਰਮਾਤਮਾ ਤੋਂ ਦੂਸਰੇ ਅਸਥਾਨ 'ਤੇ ਹੈ। ਕਦੀ ਕਿਹਾ ਜਾਂਦਾ ਕਿ ਇੰਜੀਨੀਅਰ ਨੂੰ ਇਹ ਮਾਣ ਦਿੱਤਾ ਜਾਵੇ। ਕਦੀ ਸੋਚ ਦੀ ਸੂਈ ਨੇਤਾ ਵੱਲ ਘੁੰਮ ਜਾਂਦੀ ਪਰ ਫ਼ੈਸਲਾ ਕਿਸੇ ਸਿਰੇ ਨਾ ਲੱਗ ਸਕਿਆ। ਉਹਨਾਂ ਵਿੱਚ ਹੀ ਖਲੋਤੇ ਇੱਕ ਸਧਾਰਣ ਜਿਹੇ ਆਦਮੀ ਨੇ ਕਿਹਾ," ਜੇ ਕਰ ਮੇਰੀ ਮੰਨੋਂ ਤਾਂ ਇਸ ਗੱਲ ਦਾ ਮਾਣ ਆਪਣੇ ਸਕੂਲ ਦੇ ਅਧਿਆਪਕ ਨੂੰ ਦਿੱਤਾ ਜਾਣਾ ਚਾਹੀਦਾ ਹੈ। ਡਾਕਟਰ, ਇੰਜੀਨੀਅਰ, ਨੇਤਾ, ਧਨਾਢ ਕੀ ਸਾਰੇ ਉਹ ਆਦਮੀ ਜਿਹਨਾਂ ਨੂੰ ਤੁਸੀਂ ਇਹ ਮਾਣ ਦੇਣਾ ਚਾਹੁੰਦੇ ਹੋ ਜੇ ਕਰ ਅਧਿਆਪਕ ਕੋਲੋਂ ਵਿੱਦਿਆ ਪ੍ਰਾਪਤ ਨਾ ਕਰਦੇ ਤਾਂ ਇਸ ਰੁਤਬੇ ਤੇ ਕਿਸ ਤਰ੍ਹਾਂ ਪੁੱਜਦੇ?" ਇਸ ਤਰਕ ਦਾ ਨਾ ਕੋਈ ਤੋੜ ਸੀ ਅਤੇ ਨਾ ਹੀ ਜਵਾਬ। ਅਧਿਆਪਕ ਹੀ ਇੱਕ ਅਜਿਹੀ ਸ਼ਖਸੀਅਤ ਹੁੰਦੀ ਹੈ ਜੋ ਮਨੁੱਖ ਨੂੰ ਵਿੱਦਿਆ ਦਾ ਦਾਨ ਦੇ ਕੇ ਤੀਸਰਾ ਨੇਤਰ ਖੋਲ੍ਹਦਾ ਹੈ ਨਹੀਂ,ਤਾਂ ਮਨੁੱਖ ਅਤੇ ਪਸ਼ੂ ਵਿੱਚ ਕੋਈ ਜ਼ਿਆਦਾ ਫ਼ਰਕ ਨਹੀਂ ਹੈ। ਵਿੱਦਿਆ ਦਾ ਦਾਨ ਦੇਣ ਵਾਲਾ ਗੁਰੂ ਸਮਾਨ ਹੈ।

**"ਮਾਤ, ਤਾਤ, ਭਰਾਤ, ਸੁਹਿਰਦ,ਇਸ਼ਟ ਦੇਵ ਨਿਰਪ-ਪ੍ਰਾਣ।**
**ਨਾਥ ਦਾਸ ਸਭ ਸੇ ਅਧਿਕ ਦਾਨ ਗਿਆਨ ਬਗਿਆਨ।"**

ਸ੍ਰ. ਕੁਲਦੀਪ ਸਿੰਘ ਜੀ 'ਅਰਸੀ' ਪੇਸ਼ੇ ਪੱਖੋਂ ਇੱਕ ਸਫਲ ਅਧਿਆਪਕ ਰਹੇ ਹਨ ਜਿਹਨਾਂ ਨੇ ਬੱਚਿਆਂ ਨੂੰ ਵਿਦਿਆ ਦਾ ਦਾਨ ਚਾਲੀ ਸਾਲ ਦੇ ਕੇ ਉਹਨਾਂ ਦੀਆਂ ਜ਼ਿੰਦਗੀਆਂ ਸਵਾਰੀਆਂ ਹਨ। ਉਹਨਾਂ ਤੋਂ ਪੜ੍ਹ ਕੇ ਸਮਾਜ ਵਿੱਚ ਅੱਜ ਉਹਨਾਂ ਦੇ ਸ਼ਗਿਰਦ ਵੱਡੇ ਵੱਡੇ ਅਹੁਦਿਆਂ ਤੇ ਬਿਰਾਜਮਾਨ ਹਨ। ਮੇਰੀ ਬੜੀ ਹੀ ਭੈੜੀ ਆਦਤ ਹੈ ਕਿ ਮੈਂ ਕਿਸੇ ਬਾਰੇ ਸੁਣ ਕੇ ਉਸ ਬਾਰੇ ਕੋਈ ਧਾਰਨਾ ਆਪਣੇ ਮਨ ਵਿੱਚ ਨਹੀਂ ਬਠਾਉਂਦਾ। ਜੋ ਆਦਮੀ ਕਿਸੇ ਬਾਰੇ ਦੱਸ ਰਿਹਾ ਹੁੰਦਾ ਹੈ, ਉਸ ਵਿੱਚ ਉਸ ਦਾ ਆਪਾ ਵੀ ਰਲਿਆ ਹੁੰਦਾ ਹੈ। ਉਹ ਉਸ ਆਦਮੀ ਦੀ ਸ਼ਖਸੀਅਤ ਦੇ ਅਸਰ ਹੇਠਾਂ ਉਸ ਦਾ ਪ੍ਰਤੀਬਿੰਬ ਦੂਸਰੇ ਦੇ ਮਨ ਵਿੱਚ ਉਤਾਰਨ ਦੀ ਕੋਸ਼ਿਸ਼ ਕਰਦਾ ਹੈ। ਮੈਂ ਜਦੋਂ ਤੱਕ ਆਪ ਨਹੀਂ ਮਿਲ ਲੈਂਦਾ ਅਤੇ ਆਪਣੀ ਸੋਚ ਕਸਵੱਟੀ ਤੇ ਨਹੀਂ ਲਾ ਲੈਂਦਾ ਕਿਸੇ ਦੇ ਕਹੇ ਦਾ ਅਸਰ ਨਹੀਂ ਕਬੂਲਦਾ। ਇੱਕ ਫੁੱਲ ਟਹਿਣੀ ਤੇ ਨਿਰੋਲ,ਬੇਲਾਗ਼ ਬੇਦਾਗ਼ ਅਤੇ ਅਣਛੂਹਿਆ ਹੈ ਪਰ ਜਦੋਂ ਅਸੀਂ ਉਸ ਨੂੰ ਕਿਸੇ ਰਾਹੀਂ ਲੈਂਦੇ ਹਾਂ ਤਾਂ ਉਸ ਦੀ ਮਹਿਕ ਵਿੱਚ ਦੇਣ ਵਾਲੇ ਦੀ ਸਰੀਸਕ ਛੋਹ ਆਣ ਮਿਲਦੀ ਹੈ। ਜੇ ਕਰ ਬਿਆਨ ਕਰਤਾ ਕਿਸੇ ਦੇ ਅਸਰ ਨੂੰ ਕਬੂਲ ਕੇ ਗੱਲ ਕਰਦਾ ਹੈ ਤਾਂ ਉਹ ਗੱਲ ਨਿਰੋਲ ਨਹੀਂ ਕਹੀ ਜਾ ਸਕਦੀ। ਉਸ ਵਿੱਚ ਉਸ ਦਾ ਆਪਾ ਵੀ ਰਲਿਆ ਹੁੰਦਾ ਹੈ।

ਮੈਨੂੰ 'ਅਰਸ਼ੀ' ਜੀ ਨਾਲ ਪਹਿਲੀ ਵਾਰ ਉਹਨਾਂ ਦੇ ਤ੍ਰੈ-ਮਾਸਿਕ ਮੈਗਜ਼ੀਨ 'ਰਾਹ ਦਸੇਰਾ' ਦੀ ਸਿਲਵਰ ਜੁਬਲੀ ਜੋ ਕਿ ਉਹਨਾਂ ਵੱਲੋਂ 'ਤਾਲ ਰੈਸਟੋਰੈਂਟ' ਜੰਡਿਆਲਾ ਗੁਰੂ ਵਿਖੇ ਮਿਤੀ 12-11-2006 ਨੂੰ ਮਨਾਈ ਗਈ ਸੀ ਤੇ ਮਿਲਣ ਦਾ ਮੌਕਾ ਮਿਲਿਆ। ਅਰਸ਼ੀ ਜੀ ਦੀ ਸਾਦਗੀ ਪਹਿਲੀ ਨਜ਼ਰੇ ਹੀ ਮੇਰੇ ਤੇ ਜਾਦੂ ਜਿਹਾ ਕਰ ਗਈ ਸੀ। ਬੜਾ ਹੀ ਸਾਦਾ ਜਿਹਾ ਲਿਬਾਸ ਪਹਿਨੀਂ ਅਰਸ਼ੀ ਸੱਚ ਮੁੱਚ ਹੀ ਇਸ ਧਰਤੀ ਤੇ ਕਿਸੇ ਅਰਸ਼ ਦਾ ਵਾਸੀ ਲੱਗ ਰਿਹਾ ਸੀ। ਉਸ ਦਾ ਸੱਚ ਨੂੰ ਸੱਚ ਕਹਿ ਦੇਣ ਦਾ ਅੰਦਾਜ਼ ਮੇਰੇ ਮਨ ਨੂੰ ਟੁੰਬ ਗਿਆ ਸੀ। ਬਹੁਤ ਜ਼ਿਆਦਾ ਅਜਿਹੇ ਲੋਕ ਹੁੰਦੇ ਹਨ ਜੋ ਥੋੜ੍ਹੀ ਜਿਹੀ ਸ਼ੋਹਰਤ ਮਿਲ ਜਾਣ 'ਤੇ ਹੀ

ਆਪਣੇ ਆਪ ਨੂੰ ਖ਼ੁਦਾ ਸਮਝਣ ਲੱਗ ਪੈਂਦੇ ਹਨ। ਉਹਨਾਂ ਨੂੰ ਦੂਸਰਿਆਂ ਕੋਲੋਂ ਬੋਅ ਆਉਣ ਲੱਗ ਪੈਂਦੀ ਹੈ, ਪਰ ਇੱਥੇ ਤਾਂ ਸਾਦਗੀ ਦੇ ਨਾਲ ਨਾਲ ਹਉਮੈ ਦੀ ਕਾਲਖ਼ ਤੋਂ ਰਹਿਤ ਇਨਸਾਨ ਮੇਰੇ ਕੋਲ ਖੜ੍ਹਾ ਮੇਰੇ ਨਾਲ ਇਸ ਤਰ੍ਹਾਂ ਗੱਲਾਂ ਕਰ ਰਿਹਾ ਸੀ ਜਿਵੇਂ ਉਹ ਮੇਰਾ ਬਹੁਤ ਪੁਰਾਣਾ ਯਾਰ ਹੋਵੇ। ਉਸ ਦੀ ਇਸ ਪ੍ਰਭਾਵਸ਼ਾਲੀ ਦਿੱਖ ਨੇ ਮੈਨੂੰ ਸਾਰੇ ਦਾ ਸਾਰਾ ਹੀ ਚੁੰਬਕ ਵਾਂਗੂੰ ਆਪਣੇ ਵੱਲ ਨੂੰ ਖਿੱਚ ਲਿਆ ਸੀ।

ਅਰਸ਼ੀ ਜੀ ਨਾਲ ਇਸ ਮਿਲਣੀ ਨੇ ਮੇਰੇ ਤੇ ਡੂੰਘਾ ਅਸਰ ਕੀਤਾ ਸੀ ਅਤੇ ਮੈਂ ਵੀ ਉਨ੍ਹਾਂ ਦੀ ਸਭਾ ਦਾ ਮੈਂਬਰ ਬਣ ਗਿਆ ਸੀ।ਹਰ ਮਹੀਨੇ ਸਭਾ ਦੀਆਂ ਹੋਣ ਵਾਲੀਆਂ ਮੀਟਿੰਗਾਂ ਵਿੱਚ ਉਹਨਾਂ ਨਾਲ ਹੋਣ ਵਾਲੀਆ ਮਿਲਣੀਆਂ ਅਤੇ ਉਹਨਾਂ ਨਾਲ ਵਿਚਾਰ ਵਟਾਂਦਰਾ ਹੋਣ ਕਰਕੇ ਉਨਾਂ ਦੀ ਕਾਬਲੀਅਤ ਦੀਆ ਤਹਿਆਂ ਪਰਤ-ਦਰ-ਪਰਤ ਮੇਰੇ ਸਾਹਮਣੇ ਖੁਲ੍ਹਦੀਆਂ ਗਈਆਂ ਅਤੇ ਮੈਂ ਸਾਹਿਤਕ ਗਿਆਨ ਨਾਲ ਸਰਸ਼ਾਰ ਹੁੰਦਾ ਗਿਆ। ਜੇ ਅਰਸ਼ੀ ਜੀ ਬਾਰੇ ਸਾਰੀਆਂ ਹੀ ਗੱਲਾਂ ਨੂੰ ਇੱਕ ਹੀ ਗੱਲ ਵਿੱਚ ਬਿਆਨ ਕਰਨਾ ਹੋਵੇ ਤਾਂ ਮੈਂ ਕਹਾਂਗਾ, "ਅਰਸ਼ੀ ਇੱਕ ਦਰਵੇਸ਼ ਲਿਖਾਰੀ ਹੈ ਜੋ ਪੂਰਨ ਰੂਪ ਵਿੱਚ ਸਾਹਿਤ ਨੂੰ ਸਮਰਪਿਤ ਹੈ ਅਤੇ ਇਸ ਕੰਮ ਵਿੱਚ ਪੂਰੇ ਦਾ ਪੂਰਾ ਦੀਵਾਨਗੀ ਦੀ ਹੱਦ ਤੱਕ ਡੁੱਬਿਆ ਹੋਇਆ ਇੱਕ ਅਜਿਹਾ ਨੂਰ ਹੈ ਜੋ ਦੂਸਰਿਆਂ ਲਈ ਚਾਨਣ ਮੁਨਾਰੇ ਦਾ ਕੰਮ ਕਰ ਰਿਹਾ ਹੈ ਅਤੇ ਸਾਹਿਤਕਾਰਾਂ ਦੀ ਨਵੀ ਪੁੰਗਰ ਰਹੀ ਪਨੀਰੀ ਲਈ 'ਰਾਹ ਦਸੇਰਾ' ਹੈ।"

ਹਰ ਕੋਈ ਆਪਣੇ ਲਈ ਤਾਂ ਜਿੰਦਗੀ ਜੀ ਹੀ ਰਿਹਾ ਹੈ, ਪਰ ਦੂਸਰਿਆਂ ਲਈ ਪੱਥ ਦਰਸ਼ਕ ਬਣ ਕੇ ਜੀਊਣਾ ਆਪਣੇ ਆਪ ਵਿੱਚ ਬਹੁਤ ਹੀ ਮੁਸ਼ਕਲ ਅਤੇ ਜਿੰਮੇਂਵਾਰੀ ਵਾਲਾ ਕੰਮ ਹੁੰਦਾ ਹੈ।ਹਨੇਰੀਆਂ ਗਲੀਆਂ ਵਿੱਚੋਂ ਕੱਢ ਕੇ ਰੌਸ਼ਨੀ ਵਿੱਚ ਲੈ ਆਉਣਾ ਬੜਾ ਹੀ ਪਰਉਪਕਾਰੀ ਕੰਮ ਹੋਣ ਦੇ ਨਾਲ ਨਾਲ ਬੌਧਿਕਤਾ ਦੀ ਉਂਗਲੇ ਲਾ ਕੇ ਜੀਵਨ ਜਾਚ ਸਿਖਾਉਣੀ ਮਨੁੱਖਤਾ ਦੇ ਭਲੇ ਦਾ ਕੰਮ ਵੀ ਹੈ ਜੋ ਸਮਾਜ ਨੂੰ ਸੇਧ ਦਿੰਦਾ ਹੈ। ਇਹ ਕੰਮ ਕੁਦਰਤ ਨੇ ਸ੍ਰ. ਕੁਲਦੀਪ ਸਿੰਘ ਜੀ ਅਰਸ਼ੀ ਦੀ ਝੋਲੀ ਵਿੱਚ ਪਾਇਆ ਹੈ। ਮੈਂ ਉਹਨਾਂ ਦੀ ਸ਼ਾਂਤ ਚਿੱਤ ਸ਼ਖਸੀਅਤ ਨੂੰ ਨੇੜਿਓ ਹੋ ਕੇ ਵੇਖਿਆ ਹੈ ਅਤੇ ਉਹਨਾਂ ਨਾਲ ਮੇਰੀ ਕੀਤੀ ਹੋਈ ਗੱਲ ਬਾਤ ਨੂੰ ਮੈਂ ਇੰਟਰਵਿਊ ਦਾ ਰੂਪ ਦੇ ਕੇ ਪਾਠਕਾਂ ਦੀ ਸੱਥ ਵਿੱਚ ਲੈ ਕੇ ਹਾਜ਼ਰ ਹੋਇਆ ਹਾਂ ਤਾਂ ਜੋ ਉਹ ਵੀ ਇਸ ਸ਼ਖਸੀਅਤ ਨੂੰ ਨੇੜੇ ਤੋਂ ਵੇਖ ਸਕਣ।

**ਪ੍ਰਸ਼ਨ:** ਅਰਸ਼ੀ ਜੀ ਮੈਂ ਅੱਜ ਤੁਹਾਡੀ ਜਿੰਦਗੀ ਨੂੰ ਬਹੁਤ ਹੀ ਨੇੜੇ ਤੋਂ ਵੇਖਣਾ ਚਾਹੁੰਦਾ ਹਾਂ,ਮੇਰਾ ਭਾਵ ਮੈਂ ਤੁਹਾਡੀ ਇੰਟਰਵਿਊ ਲੈ ਕੇ ਉਸ ਪੱਖ ਨੂੰ ਜਿਹੜਾ ਅਜੇ ਤੱਕ ਕਿਤਾਬਾਂ ਵਿੱਚ ਦਰਜ਼ ਨਹੀਂ ਹੋਇਆ ਪਾਠਕਾਂ ਦੇ ਰੂ-ਬ-ਰੂ ਕਰਨਾ ਚਾਹੁੰਦਾ ਹਾਂ।

**ਉੱਤਰ:** ਮੇਰੇ ਖ਼ਿਆਲ ਅਨੁਸਾਰ ਤਾਂ ਕੁਝ ਵੀ ਅਜਿਹਾ ਬਾਕੀ ਨਹੀਂ ਬਚਿਆ ਜੋ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਨਾ ਹੋਇਆ ਹੋਵੇ। ਮੈਂ ਤਾਂ ਇੱਕ ਖੁੱਲ੍ਹੀ ਕਿਤਾਬ ਵਰਗਾ ਹਾਂ। ਫਿਰ ਵੀ ਤੁਸੀਂ ਜੋ ਚਾਹੋ ਪੁੱਛੋ।

**ਪ੍ਰਸ਼ਨ:** ਕੀ ਤੁਸੀਂ ਆਪਣੀ ਪ੍ਰਵਾਰਿਕ ਅਤੇ ਬਚਪਨ ਦੀ ਜਿੰਦਗੀ ਤੇ ਕੁਝ ਚਾਨਣਾ ਪਾਓਗੇ?

**ਉੱਤਰ:** ਮੇਰੇ ਪਿਤਾ ਜੀ ਦਾ ਨਾਮ ਸ੍ਰ. ਗੰਡਾ ਸਿੰਘ ਜੀ ਅਤੇ ਮਾਤਾ ਜੀ ਦਾ ਨਾਮ ਸਰਦਾਰਨੀ ਹਰਬੰਸ ਕੌਰ ਜੀ ਹੈ। ਮੇਰਾ ਜਨਮ ਪਿੰਡ ਹਲਵਾਰਾ ਜੋ ਕਿ ਜ਼ਿਲ੍ਹਾ ਲੁਧਿਆਣਾ ਵਿੱਚ ਹੈ,ਮਿਤੀ 25-02-1935 ਨੂੰ ਹੋਇਆ ਸੀ। ਮੇਰੇ ਚਾਰ ਭਰਾ ਅਤੇ ਦੋ ਭੈਣਾਂ ਹਨ। ਇਹਨਾਂ ਦੇ ਦਰਜੇ ਵਿੱਚ ਮੈਂ ਸਭ ਤੋਂ ਵੱਡਾ ਹਾਂ। ਮੇਰੇ ਜਨਮ ਤੋਂ ਕੋਈ ਪੰਦਰਾਂ ਕੁ ਦਿਨ ਬਾਅਦ ਹੀ ਮੇਰੇ ਪਿਤਾ ਜੀ ਦੀ ਬਦਲੀ ਰਾਵਲ ਪਿੰਡੀ ਜੋ ਕਿ ਅੱਜ ਕੱਲ੍ਹ ਪਾਕਿਸਤਾਨ ਵਿੱਚ ਹੈ,ਹੋ ਗਈ ਸੀ। ਉਹ ਰੇਲਵੇ ਦੇ ਵਿਦਿਅਕ ਵਿਭਾਗ ਵਿੱਚ ਬਤੌਰ ਟੀਚਰ ਸਨ। ਇਹ ਇਲਾਕਾ ਦਰਿਆ ਜੇਹਲਮ ਅਤੇ ਦਰਿਆ ਸਿੰਧ ਦੇ ਵਿਚਕਾਰਲਾ ਇਲਾਕਾ ਹੈ ਜੋ ਬਹੁਤ ਹੀ ਸੁੰਦਰ ਹੈ। ਇਸ ਇਲਾਕੇ ਨੂੰ ਪੋਠੋਹਾਰ ਦਾ ਇਲਾਕਾ ਕਹਿੰਦੇ ਹਨ।

**ਪ੍ਰਸ਼ਨ:** ਮੈਂ ਚਾਹੁੰਦਾ ਹਾਂ ਹੁਣ ਤੁਸੀਂ ਆਪਣੀ ਸਕੂਲੀ ਪੜ੍ਹਾਈ ਬਾਰੇ ਕੁਝ ਦੱਸੋ?

ਉੱਤਰ: ਹਿੰਦੁਸਤਾਨ ਅਤੇ ਪਾਕਿਸਤਾਨ ਦੀ ਵੰਡ ਤੋਂ ਪਹਿਲਾਂ ਤੱਕ ਮੈਂ ਖਾਲਸਾ ਹਾਈ ਸਕੂਲ ਰਾਵਲਪਿੰਡੀ ਵਿੱਚ ਸਤਵੀਂ ਜਮਾਤ ਤੱਕ ਪੜ੍ਹਿਆ ਹਾਂ। ਉਹ ਦਿਨ ਯਾਦ ਕਰਕੇ ਅੱਜ ਵੀ ਮੇਰਾ ਮਨ ਬਾਗ਼ ਬਾਗ਼ ਹੋ ਜਾਂਦਾ ਹੈ। ਮੈਨੂੰ ਮੇਰੇ ਦੋ ਮੁਸਲਮਾਨ ਦੋਸਤ ਕਫ਼ਾਇਤ ਹੁਸੈਨ (ਪਿੰਡ ਢੋਕਾਂ) ਅਤੇ ਦਿਲਪਜ਼ੀਰ (ਪਿੰਡ ਗੋਲੜਾ) ਅੱਜ ਵੀ ਯਾਦ ਆਉਂਦੇ ਹਨ। ਇਹ ਮੇਰੇ ਬਹੁਤ ਹੀ ਪੱਕੇ ਦੋਸਤ ਹੁੰਦੇ ਸਨ। ਜੇ ਕਰ ਕੋਈ ਮੇਰੇ ਨਾਲ ਟੀਂ-ਫੀਂ ਕਰਦਾ ਤਾਂ ਇਹ ਦੋਵੇਂ ਝੱਟ ਆ ਕੇ ਉਸ ਦੀ ਭੁਗਤ ਸੁਆਰ ਦਿੰਦੇ ਸਨ। ਕਿਉਂਕਿ ਮੈਂ ਮਾਸਟਰ ਦਾ ਮੁੰਡਾ ਸਾਂ ਇਸ ਕਰਕੇ ਵੀ ਦੂਸਰੇ ਮੇਰੇ ਸਹਿਪਾਠੀ ਮੇਰੀ ਬਹੁਤ ਇੱਜ਼ਤ ਕਰਦੇ ਹੁੰਦੇ ਸਨ।

**ਪ੍ਰਸ਼ਨ:** ਦੇਸ਼ ਦੀ ਵੰਡ ਤੋਂ ਉਪਰੰਤ ਭਾਰਤ ਵਿੱਚ ਤੁਸੀਂ ਕਿੱਥੇ ਆ ਵੱਸੇ ਸੀ?

**ਉੱਤਰ:** ਕਿਉਂਕਿ ਸਾਡੇ ਬਾਕੀ ਰਿਸ਼ਤੇਦਾਰ ਇੱਧਰ ਪਿੰਡ ਹਲਵਾਰੇ ਵਿੱਚ ਹੀ ਰਹਿੰਦੇ ਸਨ ਅਤੇ ਸਾਡੇ ਆਪਣੇ ਮਕਾਨ ਵੀ ਸਨ ਇਸ ਲਈ ਵਾਪਸੀ ਤੇ ਅਸੀਂ ਆਪਣੇ ਮਕਾਨਾਂ ਵਿੱਚ ਹੀ ਆ ਵੱਸੇ ਸਾਂ। ਦੂਸਰੇ ਉੱਜੜ ਕੇ ਆਏ ਲੋਕਾਂ ਵਾਂਗ ਸਾਨੂੰ ਕੈਂਪਾਂ ਵਿੱਚ ਨਹੀਂ ਸੀ ਰੁਲਣਾ ਪਿਆ।

**ਪ੍ਰਸ਼ਨ:** ਕੀ ਤੁਸੀਂ ਇੱਧਰ ਆ ਕੇ ਵੀ ਆਪਣੀ ਪੜ੍ਹਾਈ ਜਾਰੀ ਰੱਖੀ ਸੀ ਜਾਂ ਨਹੀਂ? ਆਪਣੀ ਪੜ੍ਹਾਈ ਬਾਰੇ ਵੀ ਕੁਝ ਦੱਸੋ?

**ਉੱਤਰ:** ਮੈਂ ਅਠਵੀਂ ਜਮਾਤ ਹਲਵਾਰੇ ਤੋਂ ਪਾਸ ਕਰ ਕੇ ਅਗਲੇਰੀ ਪੜ੍ਹਾਈ ਲਈ ਗੁਰੂ ਹਰਗੋਬਿੰਦ ਸਕੂਲ ਗੁਰੂਸਰ ਸੁਧਾਰ ਦਾਖ਼ਲਾ ਲੈ ਲਿਆ ਸੀ ਜਿੱਥੋਂ ਮੈਂ ਦਸਵੀ ਜਮਾਤ ਪਾਸ ਕੀਤੀ ਹੈ। ਇਸ ਸਕੂਲ ਦਾ ਫ਼ਾਸਲਾ ਸਾਡੇ ਪਿੰਡ ਤੋਂ ਚਾਰ ਮੀਲ ਦਾ ਸੀ ਅਤੇ ਮੈਂ ਪੈਦਲ ਹੀ ਸਕੂਲ ਪੜ੍ਹਨ ਜਾਇਆ ਕਰਦਾ ਸਾਂ। ਇੰਜ ਕਹਿ ਲਵੋ ਕਿ ਇਹ ਵੀ ਮੇਰੀ ਤਪੱਸਿਆ ਦਾ ਸਮਾਂ ਸੀ, ਜਿਹੜਾ ਮੈਨੂੰ ਅੱਜ ਤੱਕ ਯਾਦ ਹੈ।

**ਪ੍ਰਸ਼ਨ:** ਤੁਸੀਂ ਟੀਚਿੰਗ ਵਿਭਾਗ ਵਿੱਚ ਕਦੋਂ ਤੇ ਕਿਵੇਂ ਆਏ?

**ਉੱਤਰ:** ਮੈਂ ਸੰਨ 1953 ਵਿੱਚ ਜੇ. ਬੀ. ਟੀ. ਕਰਨਾਲ ਤੋਂ ਪਾਸ ਕੀਤੀ ਹੈ। ਇੱਕ ਮਜ਼ੇ ਦੀ ਗੱਲ ਦੱਸਾਂ,ਸ੍ਰ. ਇਕਬਾਲ ਸਿੰਘ ਜੀ ਕਹਾਣੀਕਾਰ ਜੋ ਅੱਜ ਕੱਲ੍ਹ ਐਡਵੋਕੇਟ ਹਨ ਉਹਨਾਂ ਨੇ ਵੀ ਜੇ.ਬੀ.ਟੀ ਮੇਰੇ ਨਾਲ ਹੀ ਕਰਨਾਲ ਤੋਂ ਕੀਤੀ ਸੀ। ਮੇਰੀ ਪਹਿਲੀ ਨਿਯੁਕਤੀ ਬਤੌਰ ਪ੍ਰਾਇਮਰੀ ਟੀਚਰ ਪਿੰਡ ਦੇਵੀਦਾਸ ਪੁਰਾ ਜਿਹੜਾ ਕਿ ਜੰਡਿਆਲਾ ਗੁਰੂ ਦੇ ਨਜ਼ਦੀਕ ਹੈ,ਹੋਈ ਸੀ। ਮੈਂ ਪੰਜਾਬ ਯੂਨੀਵਰਸਿਟੀ ਸੋਲਨ (ਸ਼ਿਮਲਾ) ਤੋਂ ਬੀ.ਏ. ਸੰਨ 1960 ਵਿੱਚ ਕਰਕੇ ਫਿਰ B.Ed. 1972 ਵਿੱਚ ਕੀਤੀ ਹੈ।

**ਪ੍ਰਸ਼ਨ:** ਕੀ ਤੁਸੀਂ ਇਸ ਤੋਂ ਅੱਗੇ ਵੀ ਕੋਈ ਹੋਰ ਉਚੇਰੀ ਵਿੱਦਿਅਕ ਯੋਗਤਾ ਪ੍ਰਾਪਤ ਕੀਤੀ ਸੀ ਜਾਂ ਇੱਥੇ ਹੀ ਬਰੇਕ ਲਾ ਦਿੱਤੀ ਸੀ?

**ਉੱਤਰ:** ਕਿਉਂਕਿ ਮੈਨੂੰ ਪੜ੍ਹਨ ਦੀ ਬੜੀ ਮੱਸ ਸੀ ਇਸ ਲਈ ਮੈਂ ਹੋਰ ਪੜ੍ਹਾਈ ਕਰਨ ਲਈ ਹਮੇਸ਼ਾਂ ਤੱਤਪਰ ਰਿਹਾ ਹਾਂ। ਮੈਂ ਸੰਨ 1954 ਵਿੱਚ ਗਿਆਨੀ ਅਤੇ ਸੰਨ 1963 ਵਿੱਚ ਪ੍ਰਭਾਕਰ ਕਰਕੇ ਹਾਈ ਸਕੂਲ ਵਿੱਚ ਭਾਸ਼ਾ ਟੀਚਰ ਲੱਗ ਗਿਆ ਸੀ। ਤੁਹਾਡੀ ਜਾਣਕਾਰੀ ਲਈ ਇਹ ਵੀ ਦੱਸ ਦਿਆਂ ਕਿ ਮੈਂ ਅੰਗਰੇਜ਼ੀ, ਪੰਜਾਬੀ,ਹਿੰਦੀ ਦਾ ਜਾਣਕਾਰ ਹੋਣ ਦੇ ਨਾਲ ਨਾਲ ਦਸਵੀਂ ਜਮਾਤ ਤੱਕ ਉਰਦੂ ਅਤੇ ਫਾਰਸੀ ਵੀ ਪੜ੍ਹੀ ਹੋਈ ਹੈ। ਮੈਨੂੰ ਇਹ ਦੱਸਣ ਵਿੱਚ ਵੀ ਫਖ਼ਰ ਮਹਿਸੂਸ ਹੁੰਦਾ ਹੈ ਕਿ ਮੈਂ ਬਾਈਬਲ,ਸ੍ਰੀ ਗੁਰੂ ਗਰੰਥ ਸਾਹਿਬ ਜੀ ਅਤੇ ਕੁਰਾਨ ਸ਼ਰੀਫ ਦਾ ਵੀ ਅਧਿਅਨ ਕੀਤਾ ਹੈ।

**ਪ੍ਰਸ਼ਨ:** ਤੁਹਾਡੇ ਨਾਂ ਨਾਲ ਅਰਸ਼ੀ ਉਪਨਾਮ ਕਿਵੇਂ ਜੁੜਿਆ ਹੈ?

**ਉੱਤਰ:** ਜਦੋਂ ਮੈਂ ਆਪਣੇ ਪਿੰਡ ਪੜ੍ਹਦਾ ਹੁੰਦਾ ਸੀ ਤਾਂ ਮੈ ਪਿੰਡ ਵਿੱਚ ਹੋਣ ਵਾਲੇ ਕਵੀ ਦਰਬਾਰਾਂ ਵਿੱਚ ਆਮ ਕਰਕੇ ਹਿੱਸਾ ਲਿਆ ਕਰਦਾ ਸੀ। ਇਹਨਾਂ ਪ੍ਰੋਗਰਾਮਾਂ ਵਿੱਚ ਇੱਕ ਸ਼ਖ਼ਸੀਅਤ ਆਇਆ ਕਰਦੀ ਸੀ ਜਿਸ ਦਾ ਨਾਮ ਸ੍ਰ. ਦਲੇਰ ਸਿੰਘ 'ਅਰਸ਼ੀ' ਸੀ। ਉਹ ਕਾਮਰੇਡ ਖ਼ਿਆਲਾਂ ਦਾ ਸਾਹਿਤਕਾਰ ਸੀ। ਸੁਭਾਅ ਦੇ ਪੱਖੋਂ ਉਹ ਬਹੁਤ ਹੀ ਨਿਡਰ ਸੀ। ਉਸ ਨੇ ਇੱਕ ਕਿਤਾਬ '**ਕਸਵਟੀ**' ਵੀ ਲਿਖੀ ਸੀ। ਉਹ ਇੱਕ ਕਵਿਤਾ ਆਮ ਕਰਕੇ ਪੜ੍ਹਿਆ ਕਰਦਾ ਸੀ ਜਿਹੜੀ ਮੈਨੂੰ ਅੱਜ ਤੱਕ ਯਾਦ ਹੈ। ਉਸ ਦੇ ਬੋਲ ਹਨ,

**"ਕਰੀਏ ਜੀਊਂਦਿਆਂ ਵਿੱਚ ਸ਼ੁਮਾਰ ਕਿੱਥੋਂ,**
**ਜਿਸ ਬੁੱਤ ਅੰਦਰ ਜੀਊਂਦੀ ਜਾਨ ਹੀ ਨਹੀਂ।**
**ਭੁੱਲੇ ਭਟਕਿਆਂ ਨੂੰ ਉਹ ਕਿੱਦਾਂ ਰਾਹ ਪਾਊ,**
**ਜਿਹਨੂੰ ਆਪਣੇ ਆਪ ਦਾ ਗਿਆਨ ਹੀ ਨਹੀਂ।**
**ਖ਼ੂਨ ਫ਼ਰਕਦਾ ਨਹੀਂ ਜਿਹਦੇ ਡੌਲਿਆਂ ਦਾ,**
**ਕਿੰਨੀਂ ਉਮਰ ਹੋਵੇ ਉਹ ਜਵਾਨ ਹੀ ਨਹੀਂ।**
**ਦੇਸ਼ ਕੌਮ ਦਾ ਨਹੀਂ ਦਿਲ ਵਿੱਚ ਦਰਦ ਜਿਹਦੇ,**
**ਮੈਂ ਤਾਂ ਸਮਝਦਾ ਉਹ ਇਨਸਾਨ ਹੀ ਨਹੀਂ।"**

ਇੱਕ ਵੇਰਾਂ ਉਹ ਬਹੁਤ ਬਿਮਾਰ ਪੈ ਗਿਆ ਸੀ ਅਤੇ ਉਸ ਨੇ ਮੈਨੂੰ ਉਚੇਚੇ ਤੌਰ 'ਤੇ ਬੁਲਾ ਭੇਜਿਆ ਸੀ। ਜਦੋਂ ਮੈਂ ਉਸ ਨੂੰ ਮਿਲਣ ਗਿਆ ਸਾਂ ਤਾਂ ਉਸ ਨੇ ਮੈਨੂੰ ਬੀਮਾਰੀ ਵਿੱਚ ਕਿਹਾ ਸੀ ਕਿ ਮੈਂ ਹੁਣ ਸ਼ਾਇਦ ਜ਼ਿਆਦਾ ਚਿਰ ਨਾ ਜੀਅ ਸਕਾਂ। ਮੇਰੇ ਮਰਨ ਪਿੱਛੋਂ ਤੂੰ ਮੇਰਾ ਉਪਨਾਮ 'ਅਰਸ਼ੀ' ਆਪਣੇ ਨਾਂ ਨਾਲ ਜੋੜ ਲਵੀਂ। ਸੱਚ ਦਾ ਮਾਰਗ਼ ਕਦੇ ਨਾ ਛੱਡੀਂ। ਮੇਰੇ ਮਰ ਜਾਣ ਪਿੱਛੋਂ ਵੀ ਮੇਰਾ ਨਾਮ ਅਰਸ਼ੀ ਦੇ ਰੂਪ ਵਿੱਚ ਜ਼ਿੰਦਾ ਰਹੇਗਾ। ਉਸੇ ਦੇ ਕਹਿਣ ਤੇ ਹੀ ਮੈਂ ਆਪਣਾ ਉਪਨਾਮ 'ਅਰਸ਼ੀ' ਰੱਖਿਆ ਸੀ। ਬਾਅਦ ਵਿੱਚ ਉਸ ਦੀ ਮੌਤ ਹੋ ਗਈ ਸੀ ਪਰ ਉਸ ਦਾ ਦਿੱਤਾ ਹੋਇਆ ਉਪਨਾਮ ਉਸ ਦੇ ਰੂਪ ਵਿੱਚ ਅੱਜ ਤੱਕ ਜ਼ਿੰਦਾ ਹੈ। ਇਸ ਤਰ੍ਹਾਂ 'ਅਰਸ਼ੀ' ਉਪਨਾਮ ਮੇਰੇ ਨਾਮ ਦਾ ਹਿੱਸਾ ਬਣ ਗਿਆ ਹੈ।

**ਪ੍ਰਸ਼ਨ:** ਤੁਸੀਂ ਆਪਣੇ ਅਧਿਆਪਕ ਜੀਵਨ ਸਬੰਧੀ ਵੀ ਕੁਝ ਜਾਣਕਾਰੀ ਦਿਓ ਕਿ ਤੁਸੀਂ ਕਿੱਥੇ ਕਿੱਥੇ ਨੌਕਰੀ ਕੀਤੀ ?

**ਉੱਤਰ:** ਜਿਵੇਂ ਕਿ ਮੈਂ ਪਹਿਲਾਂ ਵੀ ਤੁਹਾਨੂੰ ਦੱਸਿਆ ਹੈ ਕਿ ਮੈਂ 1953 ਵਿੱਚ ਕਰਨਾਲ ਤੋਂ ਜੇ. ਬੀ.ਟੀ. ਕੀਤੀ। ਮੇਰੀ ਬਤੌਰ ਪ੍ਰਾਇਮਰੀ ਟੀਚਰ ਸਭ ਤੋਂ ਪਹਿਲੀ ਨਿਯੁਕਤੀ ਜੰਡਿਆਲਾ ਗੁਰੂ ਦੇ ਨਜ਼ਦੀਕ ਪਿੰਡ ਦੇਵੀਦਾਸਪੁਰਾ ਵਿਖੇ ਹੋਈ ਸੀ। ਮੈਂ ਲੁਧਿਆਣਾ ਜ਼ਿਲ੍ਹਾ ਤੋਂ ਆਪਣਾ ਟਿੰਡ-ਫਹੁੜੀ ਚੁੱਕ ਕੇ ਇੱਥੇ ਆ

ਟਿਕਿਆ ਸਾਂ। ਇੱਥੋਂ ਦੇ ਲੋਕਾਂ ਦਾ ਖੁੱਲ੍ਹਾ ਸੁਭਾਅ ਅਤੇ ਵਾਤਵਰਣ ਦਾ ਅਸਰ ਮੇਰੇ ਅੰਦਰ ਅਜਿਹਾ ਵੱਸ ਗਿਆ ਸੀ ਕਿ ਮੈਂ ਇੱਥੋਂ ਦਾ ਹੀ ਹੋ ਕੇ ਰਹਿ ਗਿਆ ਸਾਂ। ਮੈਂ ਵੱਖ ਵੱਖ ਸਮਿਆਂ ਤੇ ਵੱਖ-ਵੱਖ ਸਕੂਲਾਂ ਵਿੱਚ ਨੌਕਰੀ ਕੀਤੀ ਹੈ ਜਿਸ ਦਾ ਵੇਰਵਾ ਇਸ ਤਰ੍ਹਾਂ ਹੈ:-

1. ਡੀ. ਬੀ. ਪ੍ਰਾਇਮਰੀ ਸਕੂਲ ਦੇਵੀਦਾਸ ਪੁਰਾ (ਅੰਮ੍ਰਿਤਸਰ)
2. -------ਉਹੀ------- ਮੱਲ੍ਹੀਆਂ
3. -------ਉਹੀ------- ਕੋਟਲਾ ਬਥੁਨਗੜ੍ਹ
4. ਸਰਕਾਰੀ ਪ੍ਰਾਇਮਰੀ ਸਕੂਲ ਗੁਨੋਵਾਲ
5. -------ਉਹੀ------- ਧਾਰੜ
6. -------ਉਹੀ------- ਜਹਾਂਗੀਰ
7. -------ਉਹੀ------- ਰੱਖ ਸ਼ੇਖ ਫੱਤਾ
8. -------ਉਹੀ------- ਬੁੱਤ
9. ਸਰਕਾਰੀ ਹਾਈ ਸਕੂਲ ਪੱਖੋ ਕੇ
10. ਸ: ਸੀ: ਸੈਕੰਡਰੀ ਸਕੂਲ ਖ਼ਡੂਰ ਸਾਹਿਬ

ਇਹ ਸਾਰੇ ਸਕੂਲ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੀ ਹਨ। ਆਖ਼ਿਰ ਸੰਨ 1993 ਵਿੱਚ(28 ਫਰਵਰੀ, 1993) ਨੂੰ ਸੀਨੀਅਰ ਸੈਕੰਡਰੀ ਸਕੂਲ, ਖ਼ਡੂਰ ਸਾਹਿਬ ਤੋਂ ਸੇਵਾ ਮੁਕਤ ਹੋਇਆ ਹਾਂ।

**ਪ੍ਰਸ਼ਨ:** ਹੁਣ ਕੁਝ ਆਪਣੀ ਵਿਆਹੁਤਾ ਜ਼ਿੰਦਗੀ ਬਾਰੇ ਦੱਸਦਿਆਂ ਹੋਇਆਂ ਇਹ ਵੀ ਦੱਸੋ ਕਿ ਤੁਹਾਡੇ ਜੀਵਨ ਸਾਥੀ ਦਾ ਤੁਹਾਡੇ ਸਾਹਿਤਕ ਖ਼ੇਤਰ ਵਿੱਚ ਕਿਹੋ ਜਿਹਾ ਯੋਗਦਾਨ ਰਿਹਾ ਹੈ ਅਤੇ ਤੁਹਾਡਾ ਬਾਗ਼-ਪ੍ਰੀਵਾਰ ਕੀ ਹੈ ?

**ਉੱਤਰ:** ਮੇਰੀ ਸ਼ਾਦੀ ਸ੍ਰ: ਵਜ਼ੀਰ ਸਿੰਘ ਜੀ ਜਿਹੜੇ ਪਾਨੀਪਤ (ਹਰਿਆਣਾ) ਦੇ ਰਹਿਣ ਵਾਲੇ ਸਨ ਦੀ ਸਪੁੱਤਰੀ ਸੁਰਜੀਤ ਕੌਰ ਨਾਲ 13 ਅਪਰੈਲ,1955 ਨੂੰ ਹੋਈ। ਉਹ ਸੱਚ-ਮੁੱਚ ਹੀ ਸਹੀ ਅਰਥਾਂ ਵਿੱਚ ਮੇਰੀ ਜੀਵਨ ਸਾਥਣ ਸੀ, ਜਿਸ ਨੇ ਮੇਰੀ ਗ੍ਰਿਹਿਸਤ ਦੀ ਗੱਡੀ ਨੂੰ ਆਪਣੇ ਅੰਤਲੇ ਦਮਾਂ ਤੱਕ ਸਾਥ ਦੇ ਕੇ ਚਲਾਇਆ ਅਤੇ ਸੰਭਾਲਿਆ ਵੀ। ਉਹ ਮੇਰੇ ਜੀਵਨ ਵਿੱਚ ਮੇਰੀ ਪੱਥ ਦਰਸ਼ਕ ਦੇ ਨਾਲ ਨਾਲ ਸਾਹਿਤ ਲਈ ਪ੍ਰੇਰਨਾ ਸਰੋਤ ਵੀ ਸੀ। ਉਸ ਦਾ ਸਾਹਿਤਕ ਪੱਖੋਂ ਮੇਰੇ ਨਾਲ ਬਹੁਤ ਸਹਿਯੋਗ ਸੀ। ਸੱਚ ਤਾਂ ਇਹ ਹੈ ਕਿ ਉਹ ਲੋਕ ਗੀਤਾਂ ਦੀ ਮਲਿਕਾ ਸੀ। ਜੋ ਗੀਤ ਉਸ ਨੇ ਮੈਨੂੰ ਸੁਣਾਏ ਸਨ ਮੈਂ ਉਹਨਾਂ ਨੂੰ ਇਕੱਤਰ ਕਰੀ ਬੈਠਾ ਹਾਂ ਤੇ ਚਾਹੁੰਦਾ ਹਾਂ ਕਿ ਉਹਨਾਂ ਨੂੰ ਕਿਤਾਬੀ ਰੂਪ ਦੇਵਾਂ। ਉਨ੍ਹਾਂ ਦੀ ਬਦੌਲਤ ਮੇਰੀ ਪਰਿਵਾਰਕ ਬਗੀਚੀ ਵਿੱਚ ਤਿੰਨ ਲੜਕੇ ਅਤੇ ਇੱਕ ਲੜਕੀ ਪੈਦਾ ਹੋਏ ਹਨ ਜਿਹੜੇ ਮੇਰੇ ਘਰ ਦੀ ਰੌਣਕ ਹਨ।

**ਪ੍ਰਸ਼ਨ:** ਅਰਸ਼ੀ ਜੀ, ਤੁਸੀਂ ਇੱਕ ਕਾਮਯਾਬ ਅਧਿਆਪਕ ਰਹੇ ਹੋ। ਕੀ ਦੱਸ ਸਕਦੇ ਹੋ ਕਿ ਇੱਕ ਉਹ ਸਮਾਂ ਸੀ ਜਦੋਂ ਰਾਜਿਆਂ ਮਹਾਰਾਜਿਆਂ ਦੇ ਲੜਕੇ ਅਤੇ ਗਰੀਬਾਂ ਦੇ ਲੜਕੇ ਇੱਕੋ ਹੀ ਗੁਰੂ ਕੁਲ ਵਿੱਚ ਬੈਠ ਕੇ ਵਿੱਦਿਆ ਪ੍ਰਾਪਤ ਕਰਿਆ ਕਰਦੇ ਸਨ ਅਤੇ ਆਪਣੇ ਗੁਰੂ ਦਾ ਪੂਰਾ ਮਾਣ ਸਤਿਕਾਰ ਵੀ ਕਰਿਆ ਕਰਦੇ ਸਨ। ਅਜੋਕੇ ਸਮੇਂ ਨਾਲ ਉਸ ਸਮੇਂ ਦੀ ਤੁਲਨਾ ਕਰਦੇ ਹੋਏ ਤੁਸੀਂ ਕੀ ਸਮਝਦੇ ਹੋ ਕਿ ਹੁਣ ਵੀ ਅਧਿਆਪਕ ਦਾ ਸਤਿਕਾਰ ਹੁੰਦਾ ਹੈ?

**ਉੱਤਰ:** (ਇੱਕ ਹਉਕਾ ਜਿਹਾ ਭਰ ਕੇ) ਲੱਦ ਗਏ ਨੇ ਉਹ ਸਮੇਂ। ਉਨ੍ਹਾਂ ਸਮਿਆਂ ਵਿੱਚ ਗੁਰੂ ਰੱਬ ਦਾ ਰੂਪ ਸਮਝਿਆ ਜਾਂਦਾ ਸੀ। ਉਸ ਦਾ ਕਹਿਣਾ ਰੱਬੀ ਹੁਕਮ ਵਰਗਾ ਹੁੰਦਾ ਸੀ। ਅੱਜ ਕੱਲ੍ਹ ਨਾ ਤਾਂ ਅਧਿਆਪਕਾਂ ਦਾ ਹੀ ਉਹ ਕਿਰਦਾਰ ਰਿਹਾ ਹੈ ਅਤੇ ਨਾ ਹੀ ਵਿੱਦਿਆਰਥੀਆਂ ਦਾ ਹੈ। ਪਰ ਚਾਹੀਦਾ ਤਾਂ ਇਸ ਤਰ੍ਹਾਂ ਹੈ ਕਿ **"ਸ਼ਗਿਰਦ ਕੋ ਹੈ ਵਾਜ਼ਿਬ ਸ਼ਗਿਰਦ ਬਨ ਕਰ ਰਹਿਨਾ।ਔਰ ਅਧਿਆਪਕ ਕੋ ਹੈ ਵਾਜ਼ਿਬ ਅਧਿਆਪਕ ਬਨ ਕਰ ਰਹਿਨਾ।"** ਸਾਡੇ ਸਮੇਂ ਤੱਕ ਵੀ ਕੁਝ ਠੀਕ ਸੀ ਅਤੇ ਇਸ ਬਿਮਾਰੀ ਨੇ ਏਨਾ ਜ਼ੋਰ ਨਹੀਂ ਸੀ ਫੜ੍ਹਿਆ,ਜਿੰਨਾਂ ਹੁਣ ਹੈ। ਪਹਿਲੇ ਅਧਿਆਪਕ ਆਪਣੇ ਪੇਸ਼ੇ ਨੂੰ ਪੂਰਨ ਰੂਪ ਵਿੱਚ ਸਮਰਪਿਤ ਸਨ। ਉਹ ਆਪਣੇ ਕੰਮ ਨੂੰ ਕੰਮ ਹੀ ਨਹੀਂ ਪੂਜਾ ਸਮਝਦੇ ਸਨ। ਵਿੱਦਿਆਰਥੀ ਅਤੇ ਅਧਿਆਪਕ ਦੀ ਆਪਸੀ ਸਾਂਝ ਪਵਿੱਤਰ ਸਾਂਝ ਸੀ।

**ਪ੍ਰਸ਼ਨ:** ਸੋਚ ਦੇ ਇਸ ਪ੍ਰੀਵਰਤਨ ਲਈ ਤੁਸੀਂ ਕਿਸ ਨੂੰ ਜ਼ਿੰਮੇਵਾਰ ਸਮਝਦੇ ਹੋ?

**ਉੱਤਰ:** ਇਸ ਲਈ ਵਿੱਦਿਆਰਥੀ ਹੀ ਇਕੱਲਾ ਜ਼ਿੰਮੇਵਾਰ ਨਹੀਂ ਹੈ। ਇਸ ਵਿੱਚ ਮਾਪੇ,ਆਲਾ ਦੁਆਲਾ (ਮਾਹੌਲ) ਅਧਿਆਪਕ ਅਤੇ ਸਰਕਾਰਾਂ ਵੀ ਬਰਾਬਰ ਦੀਆਂ ਜ਼ਿੰਮੇਵਾਰ ਹਨ। ਘਰ ਵਿੱਚਲਾ ਮਾਹੌਲ ਬੱਚੇ ਦੀ ਸੋਚ 'ਤੇ ਬਹੁਤ ਅਸਰ ਕਰਦਾ ਹੈ। ਬੱਚੇ ਦਾ ਮਨ ਇੱਕ ਸਾਫ਼ ਸਲੇਟ ਵਰਗਾ ਹੁੰਦਾ ਹੈ। ਇਸ 'ਤੇ ਤੁਸੀਂ ਜੋ ਜੋ ਲਿਖੋਗੇ ਉਹ ਆਪਣੀ ਅਮਿੱਟ ਛਾਪ ਉਸ ਦੇ ਜ਼ਿਹਨ ਉੱਤੇ ਛੱਡਦੀ ਜਾਵੇਗੀ। ਘਰ ਵਿੱਚ ਮਾਪੇ ਜੇਕਰ ਉੱਚੀ ਅਤੇ ਪਵਿੱਤਰ ਸੋਚ ਦੇ ਧਾਰਨੀ ਹੋਣਗੇ ਤਾਂ ਜ਼ਰੂਰੀ ਹੈ ਇਸ ਮਾਹੌਲ ਦਾ ਅਸਰ ਬੱਚੇ ਦੇ ਅਚੇਤ ਮਨ 'ਤੇ ਜ਼ਰੂਰ ਪਵੇਗਾ। ਉਹ ਇਹ ਬਿਰਤੀ ਘਰੋਂ ਲੈ ਕੇ ਸਕੂਲ ਆਉਂਦਾ ਹੈ। ਮੈਂ ਤਾਂ ਇਹ ਵੀ ਕਹਾਂਗਾ ਕਿ ਬੱਚੇ

ਤੇ ਮਾਪਿਆਂ ਦੇ ਹਾਵ ਭਾਵ ਦਾ ਪ੍ਰਭਾਵ ਵੀ ਬਹੁਤ ਵੱਡਾ ਅਸਰ ਕਰਦਾ ਹੈ। ਕਿਸੇ ਵਿਦਵਾਨ ਦਾ ਕਥਨ ਹੈ: "The children take their cues from the parents. What the parents are the children would become."

ਦੂਸਰਾ ਪ੍ਰਭਾਵ ਹੁੰਦਾ ਹੈ ਸਕੂਲ ਅਧਿਆਪਕ ਦਾ।ਜੇਕਰ ਅਧਿਆਪਕ ਹੀ ਆਪਣੇ ਫ਼ਰਜ਼ ਤੋਂ ਕੁਤਾਹੀ ਕਰ ਰਿਹਾ ਹੋਵੇਗਾ ਤਾਂ ਬੱਚਿਆਂ ਦੇ ਪੱਲੇ ਕੀ ਪਾਵੇਗਾ? ਇਸ ਗੱਲ ਨੇ ਵੀ ਅਧਿਆਪਕ ਅਤੇ ਵਿੱਦਿਆਰਥੀ ਦੇ ਦਰਮਿਆਨ ਪਾੜਾ ਵਧਾਇਆ ਹੈ। ਅਜੋਕੇ ਅਧਿਆਪਕ ਆਪਣੀ ਡਿਊਟੀ ਨੂੰ ਸਮਰਪਿਤ ਹੋਵੇ। ਉਹ ਆਪਣੀਆਂ ਡਿਗਰੀਆਂ ਵੱਲ ਨਾ ਵੇਖਣ। ਕੁਝ ਅਧਿਆਪਕ ਤਾਂ ਵਿੱਦਿਆਰਥੀਆਂ ਨਾਲ ਏਨੀਂ ਨੇੜਤਾ ਬਣਾ ਲੈਂਦੇ ਹਨ ਕਿ ਵਿੱਦਿਆਰਥੀਆਂ ਦੇ ਅੰਦਰੋਂ ਅਧਿਆਪਕ ਦਾ ਡਰ ਹੀ ਨਿਕਲ ਜਾਂਦਾ ਹੈ ਅਤੇ ਹੌਲੀ ਹੌਲੀ ਸਤਿਕਾਰ ਵੀ ਕਿਨਾਰਾ ਕਰ ਜਾਂਦਾ ਹੈ। ਜੇਕਰ ਅਧਿਆਪਕ ਅਤੇ ਵਿੱਦਿਆਰਥੀ ਦਾ ਰਿਸ਼ਤਾ ਇੱਕ ਪਿਉ ਪੁੱਤਰ ਵਰਗਾ ਰਹੇਗਾ ਤਾਂ ਡਰ ਅਤੇ ਸਤਿਕਾਰ ਕਾਇਮ ਰਹਿ ਸਕੇਗਾ। ਅਸਲ ਵਿੱਚ ਵਿਦਵਾਨਾਂ ਨੇ ਵੀ ਅਧਿਆਪਕ ਤੇ ਬਹੁਤੀ ਜਿੰਮੇਂਵਾਰੀ ਪਾਈ ਹੈ ਜੇਕਰ ਸਰਕਾਰਾਂ,ਅਧਿਆਪਕ ਦੀਆਂ ਲੋੜਾਂ ਅਨੁਸਾਰ ਉਸ ਨੂੰ ਤਨਖ਼ਾਹ ਦੇਣ ਤਾਂ ਸ਼ਾਇਦ ਅਧਿਆਪਕ ਵਰਗ ਇਸ ਊਣਤਾਈ ਤੋਂ ਬਚ ਸਕਦਾ ਹੈ, ਜਿਵੇਂ ਅਗਾਂਹਵਧੂ ਦੇਸ਼ਾਂ ਵਿੱਚ ਹੈ। ਇਸ ਨਾਲ ਟਿਊਸ਼ਨ ਦੀ ਬੀਮਾਰੀ ਵੀ ਹਟ ਸਕਦੀ ਹੈ। ਵਿੱਦਿਆ ਪ੍ਰਨਾਲੀ ਵਿੱਚ ਆ ਰਹੇ ਨਿਘਾਰ ਦਾ ਦਾ ਸਬੱਬ ਮੇਰੀ ਜਾਚੇ ਇਹ ਵੀ ਹੀ ਹੈ।

**ਪ੍ਰਸ਼ਨ:** ਬੱਚੇ ਨੂੰ ਉਸ ਦੀ ਗਲਤੀ ਕਾਰਨ ਜੇਕਰ ਉਸਤਾਦ ਸਜ਼ਾ ਦਿੰਦਾ ਹੈ, ਤਾਂ ਅੱਜ ਕੱਲ੍ਹ ਦੇ ਮਾਪੇ ਬਰਦਾਸ਼ਤ ਨਹੀਂ ਕਰਦੇ। ਉਹ ਸਕੂਲ ਵਿੱਚ ਜਾ ਕੇ ਅਧਿਆਪਕ ਨਾਲ ਤਕਰਾਰ ਕਰਦੇ ਹਨ। ਕੀ ਤੁਸੀਂ ਸਮਝਦੇ ਹੋ ਕਿ ਇਹ ਕਾਰਨ ਵੀ ਹੈ, ਜੋ ਬੱਚੇ ਨੂੰ ਅਧਿਆਪਕ ਤੋਂ ਦੂਰ ਲੈ ਜਾ ਰਿਹਾ ਹੈ?

**ਉੱਤਰ:** ਅਧਿਆਪਕ ਦਾ ਕਦੇ ਵੀ ਦਿਲ ਨਹੀਂ ਕਰਦਾ ਕਿ ਉਹ ਬੱਚੇ ਨੂੰ ਜਿਸਮਾਨੀ ਸਜ਼ਾ ਦੇਵੇ ਪਰ ਜੇਕਰ ਬੱਚਾ ਸਿੱਧੀ ਤਰ੍ਹਾਂ ਆਖੇ ਨਹੀਂ ਲੱਗਦਾ ਤਾਂ ਇਹ ਹੀ ਇੱਕ ਸਾਧਨ ਰਹਿ ਜਾਂਦਾ ਹੈ,ਬੱਚੇ ਨੂੰ ਸੁਧਾਰਨ ਦਾ। ਮਾਪਿਆਂ ਨੂੰ ਸੋਚਣਾ ਚਾਹੀਦਾ ਕਿ ਕਿ ਜੇਕਰ ਅਧਿਆਪਕ ਨੇ ਸਜ਼ਾ ਦਿੱਤੀ ਹੈ ਤਾਂ ਬੱਚੇ ਦੀ ਬਿਹਤਰੀ ਵਾਸਤੇ ਹੀ ਦਿੱਤੀ ਹੋਵੇਗੀ। ਪਹਿਲਾਂ ਮਾਪੇ ਸਜ਼ਾ ਦੇ ਸਬੰਧ ਵਿੱਚ ਬੱਚੇ ਅਤੇ ਉਸਤਾਦ ਦੇ ਦਰਮਿਆਨ ਨਹੀਂ ਸਨ ਆਇਆ ਕਰਦੇ। ਹੁਣ ਸਮਾਂ ਬਦਲ ਗਿਆ ਹੈ। ਕਈ ਮਾਪੇ ਤਾਂ ਦੂਰ ਦੀ ਗੱਲ ਸਜ਼ਾ ਤੋਂ ਬਾਅਦ ਬੱਚੇ ਹੀ ਅਧਿਆਪਕ ਨੂੰ ਸਕੂਲੋਂ ਬਾਹਰ ਘੇਰ ਲੈਂਦੇ ਹਨ। ਅਧਿਆਪਕ ਵੀ ਆਪਣੀ ਪੱਗ ਬਚਾਉਣ ਲਈ ਬੱਚਿਆਂ ਨੂੰ ਉਨ੍ਹਾਂ ਦੀ ਗਲਤੀ ਲਈ ਮਾਰਨਾ ਤਾਂ ਦੂਰ ਦੀ ਗੱਲ ਕਿਸੇ ਗੱਲੋਂ ਟੋਕਦੇ ਵੀ ਨਹੀਂ। ਸਤਿਕਾਰ ਘੱਟਦਾ ਜਾ ਰਿਹਾ ਹੈ ਅਤੇ ਦੂਰੀ ਦਿਨ-ਬ-ਦਿਨ ਵੱਧਦੀ ਜਾ ਰਹੀ ਹੈ। ਇਸ ਨਾਲ ਅਨੁਸ਼ਾਸਨ ਭੰਗ ਹੋ ਰਿਹਾ ਹੈ।

**ਪ੍ਰਸ਼ਨ:** ਤੁਸੀਂ ਆਪਣੇ ਅਧਿਆਪਕ ਜੀਵਨ ਦੀ ਕੋਈ ਅਜਿਹੀ ਘਟਨਾ ਸਾਂਝੀ ਕਰੋਗੇ ਜਿਹੜੀ ਤੁਹਾਨੂੰ ਅੱਜ ਵੀ ਯਾਦ ਹੋਵੇ?

**ਉੱਤਰ:** ਉਸ ਸਮੇਂ ਮੇਰੀ ਨਿਯੁਕਤੀ ਜ਼ਿਲ੍ਹਾ ਅੰਮ੍ਰਿਤਸਰ ਦੇ ਸਰਕਾਰੀ ਹਾਈ ਸਕੂਲ ਪੱਖੋਕੇ ਵਿੱਚ ਸੀ। ਦਸਵੀਂ ਕਲਾਸ ਦਾ ਇੱਕ ਵਿੱਦਿਆਰਥੀ ਬੜਾ ਸ਼ਰਾਰਤੀ ਸੀ ਉਨ੍ਹਾਂ ਸਮਿਆਂ ਵਿੱਚ ਇੱਕ ਹੀ ਟੀਚਰ ਨੂੰ ਕਈ ਕਈ ਵਿਸ਼ੇ ਪੜ੍ਹਾਉਣੇ ਪੈਂਦੇ ਸਨ। ਮੈਨੂੰ ਵੀ ਅੰਗਰੇਜ਼ੀ,ਪੰਜਾਬੀ,ਹਿੰਦੀ,ਭੂਗੋਲ,ਇਤਿਹਾਸ ਅਤੇ ਨਾਗਰਿਕ ਸ਼ਾਸਤਰ ਦੀਆਂ ਕਲਾਸਾਂ ਲੈਣੀਆਂ ਪੈਂਦੀਆਂ ਸਨ। ਇੱਕ ਦਿਨ ਉਸ ਵਿੱਦਿਆਰਥੀ ਨੇ ਕੋਈ ਸ਼ਰਾਰਤ ਕੀਤੀ ਸੀ ਜਿਸ ਤੋਂ ਮੈਨੂੰ ਬਹੁਤ ਗੁੱਸਾ ਆ ਗਿਆ ਸੀ। ਮੈਂ ਸੋਟੀ ਨਾਲ ਉਸ ਨੂੰ ਏਨਾਂ ਕੁੱਟਿਆ ਸੀ ਕਿ ਉਸ ਦੇ ਹੱਥ ਵੀ ਸੁੱਜ ਗਏ ਸਨ। ਅੱਜ ਦਾ ਜ਼ਮਾਨਾ ਹੁੰਦਾ ਤਾਂ ਉਸ ਦੇ ਮਾਪੇ ਮੇਰੇ 'ਤੇ ਸ਼ਾਇਦ ਕੇਸ ਹੀ ਕਰ ਦਿੰਦੇ। ਪਰ ਉਸ ਦੇ ਮਾਪਿਆਂ ਨੇ ਇੱਕ ਵੇਰਾਂ ਵੀ ਆ ਕੇ ਮੈਨੂੰ ਨਹੀਂ ਸੀ ਪੁੱਛਿਆ ਕਿ ਮੈਂ ਉਸ ਨੂੰ ਕਿਉਂ ਮਾਰਿਆ ਹੈ। ਕਾਫ਼ੀ ਸਮੇਂ ਪਿੱਛੋਂ ਜਦੋਂ ਕਿ ਮੈਂ ਵੀ ਸੇਵਾ ਮੁਕਤ ਹੋ ਚੁੱਕਾ ਸਾਂ,ਇੱਕ ਦਿਨ ਅਚਾਨਕ ਇੱਕ ਨੌਜਵਾਨ ਨੇ ਮੇਰੇ ਆ ਪੈਰ ਛੂਹੇ ਸਨ। ਮੈਂ ਹੈਰਾਨ ਰਹਿ ਗਿਆ ਸਾਂ ਕਿ ਇਹ ਕੌਣ ਹੈ ਜਿਹੜਾ ਮੇਰੇ ਪੈਰ ਛੂਹ ਰਿਹਾ ਹੈ। ਮੈਨੂੰ ਹੈਰਾਨ ਵੇਖ ਕੇ ਉਹ ਬੋਲਿਆ ਸੀ," ਸਰ ਜੀ, ਪਹਿਚਾਨਿਆ ਨਹੀਂ ਜੇ? ਮੈਂ ਹਾਂ, ਤੁਹਾਡਾ ਉਹੀ ਵਿੱਦਿਆਰਥੀ ਜਿਸ ਨੂੰ ਤੁਸਾਂ ਬਹੁਤ ਕੁੱਟਿਆ ਸੀ। ਮੈਨੂੰ ਤੁਹਾਡੀ ਉਸ ਦਿਨ ਦੀ ਮਾਰ ਨੇ ਬਣਾ ਦਿੱਤਾ ਜੇ। ਮੇਰਾ ਜੀਵਨ ਹੀ ਸੁਆਰ ਦਿੱਤਾ ਹੈ ਉਸ ਮਾਰ ਨੇ। ਮੈਂ ਅੱਜ ਕੱਲ੍ਹ ਮਿਲਟਰੀ ਵਿੱਚ ਕੈਪਟਨ ਹਾਂ।" ਉਸ ਸਮੇਂ ਤਾਂ ਮੈਂ ਵੀ ਬਹੁਤ ਦੁੱਖੀ ਹੋਇਆ ਸਾਂ ਕਿ ਉਸ ਨੂੰ ਕਿਉਂ ਮਾਰਿਆ ਹੈ ਪਰ ਅੱਜ ਸੋਚਦਾ ਹਾਂ ਕਿ ਮੇਰੀ ਮਾਰ ਨੇ ਉਸ ਦੇ ਜੀਵਨ ਦੀ ਧਾਰਾ ਹੀ ਬਦਲ ਕੇ ਰੱਖ ਦਿੱਤੀ ਸੀ। ਇਹ ਘਟਨਾ ਯਾਦ ਕਰਕੇ ਖੁਸ਼ੀ ਵੀ ਮਿਲਦੀ ਹੈ ਅਤੇ ਅਫ਼ਸੋਸ ਵੀ ਹੁੰਦਾ ਹੈ।

**ਪ੍ਰਸ਼ਨ:** ਸਰਕਾਰੀ ਨੌਕਰੀ ਤੋਂ ਸੇਵਾ ਮੁਕਤ ਹੋਣ ਉਪਰੰਤ ਆਪ ਨੇ ਆਪਣੇ ਜੀਵਨ ਨੂੰ ਕਿਹੜੀਆਂ ਲੀਹਾਂ ਤੇ ਤੋਰਿਆ ਹੈ ? ਮੇਰਾ ਭਾਵ ਤੁਹਾਡੇ ਅੱਜ ਕੱਲ੍ਹ ਦੇ ਰੁਝੇਵਿਆਂ ਤੋਂ ਹੈ ?

**ਉੱਤਰ:** ਸਾਹਿਤ ਨਾਲ ਪਿਆਰ ਤਾਂ ਨੌਕਰੀ ਸਮੇਂ ਤੋਂ ਹੀ ਸੀ, ਇਸ ਲਈ ਮੈ ਆਪਣੇ ਕੁਝ ਸਾਥੀਆਂ ਨਾਲ ਰਲ ਕੇ ਜੰਡਿਆਲਾ ਗੁਰੂ ਵਿੱਚ ਇੱਕ ਸਾਹਿਤ ਸਭਾ ਦਾ ਅਰੰਭ ਕੀਤਾ। ਇਹ ਮੇਰਾ ਇੱਕ ਉਪਰਾਲਾ ਸੀ,ਸਾਹਿਤ ਜਗਤ ਨਾਲ ਜੁੜੇ ਰਹਿਣ ਦਾ ਅਤੇ ਖ਼ਾਸ ਕਰਕੇ ਮਾਂ ਬੋਲੀ ਪੰਜਾਬੀ ਦੀ ਸੇਵਾ ਕਰਨ ਦਾ। ਅਸੀਂ ਹਰ ਮਹੀਨੇ ਇਕੱਠੇ ਹੁੰਦੇ ਸਾਂ ਅਤੇ ਆਪਣੀਆਂ ਕਿਰਤਾਂ ਇੱਕ ਦੂਸਰੇ ਨੂੰ ਸੁਣਾ ਕੇ ਆਪਣੇ ਖਿਆਲ ਸਾਂਝੇ ਕਰਦੇ ਰਹਿੰਦੇ ਸਾਂ।

**"ਘਰ ਸੇ ਅਕੇਲਾ ਹੀ ਚਲਾ ਥਾ ਮੰਜ਼ਿਲ ਕੀ ਜਾਨਬ।**
**ਲੋਗ ਮਿਲਤੇ ਗਏ ਕਾਰਵਾਂ ਬਨਤਾ ਗਿਆ।"**

**ਪ੍ਰਸ਼ਨ:** ਆਪਣੀਆਂ ਸਾਹਿਤਕ ਪ੍ਰਾਪਤੀਆਂ ਬਾਰੇ ਵੀ ਕੁਝ ਦੱਸੋ ?

**ਉੱਤਰ:** ਇਹ ਕਹਿੰਦਿਆਂ ਹੋਇਆਂ ਮੈਂ ਮਾਣ ਮਹਿਸੂਸ ਕਰਦਾ ਹਾਂ ਕਿ ਮੈਂ ਇਸ ਖ਼ੇਤਰ ਵਿੱਚ ਜੀਅ ਜਾਨ ਨਾਲ ਕੰਮ ਕੀਤਾ ਹੈ ਅਤੇ ਸਾਹਿਤ ਦੇ ਖ਼ਜਾਨੇ ਵਿੱਚ ਆਪਣਾ ਯਥਾਯੋਗ ਹਿੱਸਾ ਪਾਇਆ ਹੈ। ਮੈ ਹੁਣ ਤੱਕ ਸਾਹਿਤ ਦੀ ਝੋਲੀ 54 ਪੁਸਤਕਾਂ ਪਾਈਆਂ ਹਨ ਜਿਨ੍ਹਾਂ ਵਿੱਚ ਸਾਹਿਤ ਦੀਆਂ ਵੱਖ-ਵੱਖ ਵੰਨਗੀਆਂ ਰੇਖਾ ਚਿੱਤ੍ਰ,ਜੀਵਨੀਆਂ,ਸਫ਼ਰਨਾਮੇ,ਨਿਬੰਧ,ਗ਼ਜ਼ਲ,ਮਿੰਨੀ ਕਹਾਣੀਆਂ,ਮਿੰਨੀ ਸਫ਼ਰਨਾਮੇ, ਸਾਂਝੇ ਸੰਗ੍ਰਹਿ,ਪੱਤਰ ਸਾਹਿਤ ਅਤੇ ਅਭੀਨੰਦਨ ਸ਼ਾਮਲ ਹਨ। ਹੁਣੇ ਹੁਣੇ ਮੈਂ ਸੈਰ-ਏ-ਹਿਮਾਚਲ (ਸਫ਼ਰਨਾਮਾ) ਪਾਠਕਾਂ ਦੀ ਝੋਲੀ ਪਾਇਆ ਹੈ।ਇਸ ਵਿੱਚ ਮੈਂ ਆਪਣੀ ਕਾਂਗੜਾ ਯਾਤਰਾ ਦਾ ਵਰਨਣ ਕੀਤਾ ਹੈ।

ਪ੍ਰਸ਼ਨ: ਤੁਹਾਡਾ ਸਾਹਿਤ ਸਭਾ ਦਾ ਉਪਰਾਲਾ ਕਿੱਥੋਂ ਤੱਕ ਸਫਲ ਰਿਹਾ ਹੈ ?

ਉੱਤਰ: ਇਹ ਸਾਹਿਤ ਸਭਾ "ਸ਼੍ਰੋਮਣੀ ਪੰਜਾਬੀ ਸਾਹਿਤ ਸਭਾ ਦੇ ਨਾਂ ਹੇਠਾਂ ਜੰਡਿਆਲਾ ਗੁਰੂ" ਵਿੱਚ ਪੂਰੀ ਤਰ੍ਹਾਂ ਚੱਲ ਰਹੀ ਹੈ ਜਿਸ ਵਿੱਚ ਇਸ ਸਮੇਂ 32 ਮੈਂਬਰ ਹਨ। ਸਾਰਿਆਂ ਦੇ ਸਹਿਯੋਗ ਨਾਲ ਤ੍ਰੈ ਮਾਸਿਕ ਮੈਗਜ਼ੀਨ "ਰਾਹ ਦਸੇਰਾ" ਆਪਣੀ ਸਿਲਵਰ ਜੁਬਲੀ ਮਨਾ ਚੁੱਕਾ ਹੈ। ਇਹ ਮੈਗਜ਼ੀਨ ਦੇਸ਼ ਵਿਦੇਸ਼ ਵਿੱਚ ਵੀ ਬਹੁਤ ਸਲਾਹਿਆ ਜਾ ਰਿਹਾ ਹੈ ਅਤੇ ਇਸ ਦੇ ਇੱਕ ਹਜ਼ਾਰ ਵੱਧ ਮੈਂਬਰ ਅਤੇ ਹਜ਼ਾਰਾਂ ਹੀ ਪਾਠਕ ਹਨ।ਮੈਨੂੰ ਹਰ ਤਰ੍ਹਾਂ ਦੀ ਸੰਤੁਸ਼ਟੀ ਹੈ। ਮੈਂ ਜ਼ਿੰਦਗੀ ਗੁਜ਼ਾਰੀ ਨਹੀਂ ਮਾਣੀ ਹੈ।ਇਸ ਗੱਲ ਦੀ ਤਰਜ਼ਮਾਨੀ ਕਰਦੇ ਹਨ ਇੱਕ ਸ਼ਾਇਰ ਦੇ ਇਹ ਸ਼ੇਅਰ:

**" ਇਕਬਾਲ ਤੇਰੇ ਇਸ਼ਕ ਨੇ ਸਭ ਬਲ ਦੀਏ ਨਿਕਾਲ।**
**ਮੁੱਦਤ ਸੇ ਆਰਜ਼ੂ ਥੀ ਕਿ ਸੀਧਾ ਕਰੇ ਕੋਈ।"**

ਹੋਰ

**"ਐ ਗ਼ਰਦਸ਼ੇ! ਐ ਅਯਾਮ! ਤੇਰਾ ਸ਼ੁਕਰੀਆ।**
**ਹਮ ਨੇ ਹਰ ਪਹਿਲੂ ਸੇ ਦੁਨੀਆਂ ਦੇਖ ਲੀ।"**

ਅਧਿਆਪਕ,ਸਾਹਿਤਕਾਰ, ਪੱਤਰਕਾਰ, ਕਵੀ, ਗੱਲ ਕੀ ਇੱਕ ਬਹੁ-ਪੱਖੀ ਸ਼ਖਸੀਅਤ ਆਪਣੇ ਜੀਵਨ ਦੇ 76 ਸਿਆਲ-ਹੁਨਾਲ ਹੰਢਾ ਚੁੱਕੀ ਹੈ। ਇਹ ਇਨਸਾਨ ਅਜੇ ਵੀ ਜੀਵਨ ਸੰਗਰਾਮ ਵਿੱਚ ਤਰੋਤਾਜ਼ਾ ਅਤੇ ਸ਼ਕਤੀ ਭਰਪੂਰ ਸਾਹਸ ਨਾਲ ਅੱਗੇ ਵੱਧ ਰਿਹਾ ਹੈ। ਸਾਡੇ ਸਮਾਜ ਨੂੰ ਅਜਿਹੀਆਂ ਸ਼ਖਸੀਅਤਾਂ ਦੀ ਅਜੇ ਬਹੁਤ ਲੋੜ ਹੈ। ਰੱਬ ਕਰੇ ਇਹ ਰਾਹ ਦਸੇਰਾ ਬਣ ਕੇ ਨਵੀਂ ਪੀੜ੍ਹੀ ਦਾ ਮਾਰਗ ਦਰਸ਼ਨ ਕਰਦਾ ਰਹੇ।

ਆਮੀਨ!

***

**ਇੱਕ ਡਾਕਟਰ :**

## ਮੇਰੀ ਛਿਪੇ ਰਹਿਣ ਦੀ ਚਾਹ



**ਡਾ. ਨਿਰਮਲ ਸਿੰਘ ਲਾਂਬੜਾ**

ਕੁਝ ਘਟਨਾਵਾਂ ਬੜੇ ਹੀ ਅਜ਼ੀਬ ਢੰਗ ਨਾਲ ਵਾਪਰ ਜਾਂਦੀਆਂ ਹਨ ਜਿਸ ਦੀ ਅਸੀਂ ਕਦੇ ਆਸ ਵੀ ਨਹੀਂ ਕੀਤੀ ਹੁੰਦੀ। ਇਹ ਘਟਨਾ ਵੀ ਕੁਝ ਇਸੇ ਤਰ੍ਹਾਂ ਹੀ ਵਾਪਰੀ ਸੀ। ਸ੍ਰ. ਨਿਰੰਜਨ ਸਿੰਘ ਜੀ ਢੇਸੀ ਜਿਹੜੇ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਤੋਂ ਪੰਜਾਬੀ ਦੇ ਪ੍ਰੋਫੈਸਰ ਦੀ ਪਦਵੀ ਤੋ ਸੇਵਾ ਮੁਕਤ ਹੋਏ ਹਨ ਅਤੇ ਮੇਰੇ ਪ੍ਰਮ-ਮਿੱਤਰ ਵੀ ਹਨ ਨਾਲ ਮੈਨੂੰ ਕੋਈ ਜ਼ਰੂਰੀ ਕੰਮ ਸੀ। ਮੈਂ ਉਨ੍ਹਾ ਨੂੰ ਮਿਲਣ ਜਲੰਧਰ ਗਿਆ ਹੋਇਆ ਸਾਂ, ਗੱਲਾਂ ਗੱਲਾਂ ਵਿੱਚ ਹੀ ਡਾ. ਨਿਰਮਲ ਸਿੰਘ ਜੀ ਬਾਰੇ ਗੱਲ ਸ਼ੁਰੂ ਹੋ ਗਈ ਸੀ। ਇਸ ਤੋਂ ਪਹਿਲਾਂ ਮੈਂ ਕਦੇ ਵੀ ਡਾਕਟਰ ਸਾਹਿਬ ਨੂੰ ਨਹੀਂ ਸਾਂ ਮਿਲਿਆ। ਉਸ ਹਸਤੀ ਬਾਰੇ ਜਿਸ ਤਰ੍ਹਾਂ ਢੇਸੀ ਜੀ ਨੇ ਚਰਚਾ ਕੀਤੀ ਸੀ ਤੋਂ ਇਸ ਗੱਲ ਦੀ ਝਲਕ ਮਿਲਦੀ ਸੀ ਕਿ ਇਹ ਇਨਸਾਨ ਆਪਣੇ ਅੰਦਰ ਅਨੇਕਾਂ ਹੀ ਗੁਣ ਸੰਭਾਲੀ ਬੈਠਾ ਹੈ। ਜਾਂ ਇੰਝ ਕਹਿ ਲਵੋ ਕਿ ਉਸ ਬਾਰੇ ਕੀਤੀ ਗਈ ਚਰਚਾ ਦਾ ਸਾਰਅੰਸ਼ ਇਹ ਸੀ ਕਿ ਇਹ ਇਨਸਾਨ ਗੁਣਾਂ ਦੀ ਗੁੱਥਲੀ ਹੈ। ਇਤਨੇ ਗੁਣ ਹੁੰਦਿਆਂ ਹੋਇਆ ਵੀ ਉਹ ਹਉਮੈ ਦੀ ਲੇਸ ਤੋਂ ਬਚਿਆ ਹੋਇਆ ਸੀ।

ਮੇਰੇ ਅੰਦਰ ਉਸ ਇਨਸਾਨ ਨੂੰ ਮਿਲਣ ਦੀ ਤਲਬ ਜਾਗ ਉੱਠੀ ਸੀ। ਮੈਂ ਢੇਸੀ ਜੀ ਨੂੰ ਕਿਹਾ ਸੀ ਕਿ ਕਿਸੇ ਦਿਨ ਮੈਨੂੰ ਵੀ ਡਾਕਟਰ ਜੀ ਨਾਲ ਮਿਲਾਓ। "ਅੱਜ ਹੀ ਕਿਉਂ ਨਹੀਂ? ਮੈਂ ਵੀ ਉਨ੍ਹਾਂ ਨੂੰ ਮਿਲਣ ਜਾਣਾ ਹੈ। ਜੇਕਰ ਤੇਰੇ ਕੋਲ ਸਮਾਂ ਹੈ ਤਾਂ ਚੱਲ ਅੱਜ ਹੀ ਮਿਲ ਆਉਂਦੇ ਹਾਂ।ਜਲੰਧਰੋਂ ਨੇੜੇ ਹੀ ਏ ਲਾਂਬੜਾ।" ਮੈਂ ਹਾਂ ਕਰ ਦਿੱਤੀ ਅਤੇ ਅਸੀਂ ਦੋਵੇਂ ਹੀ ਪਹੁੰਚ ਗਏ ਸਾਂ ਡਾਕਟਰ ਸਾਹਿਬ ਦੇ ਟਿਕਾਣੇ 'ਮਾਲਵਾ ਹਸਪਤਾਲ' ਲਾਂਬੜੇ। ਉੱਥੇ ਕੁਝ ਮਰੀਜ਼ ਅਤੇ ਕੁਝ ਸੱਥਾਂ ਦੇ ਕਾਰਕੁੰਨ ਬੈਠੇ ਹੋਏ ਸਨ। ਇਹ ਸੀ ਮੇਰੀ ਪਹਿਲੀ ਮਿਲਣੀ ਡਾਕਟਰ ਨਿਰਮਲ ਸਿੰਘ ਜੀ ਨਾਲ। ਮੈਂ ਜਦੋਂ ਕਦੇ ਵੀ ਉਨ੍ਹਾਂ ਨੂੰ ਮਿਲਣ ਲਾਂਬੜੇ ਜਾਇਆ ਕਰਦਾ ਸਾਂ ਹਰ ਵਾਰ ਉਨ੍ਹਾਂ ਅੰਦਰਲੇ ਮਨੁੱਖ ਦੀ ਵਿਲੱਖਣਤਾ ਵੇਖਣ ਨੂੰ ਮਿਲਦੀ ਸੀ। ਇਹ ਮਿਲਣੀਆਂ ਹੁਣ ਦੋਸਤੀ ਵਿੱਚ ਬਦਲ ਗਈਆਂ ਸਨ ਅਤੇ ਮੈਂ ਉਨ੍ਹਾਂ ਦੇ ਸੱਥ ਪਰਿਵਾਰ ਦਾ ਮੈਂਬਰ ਬਣ ਗਿਆ ਸਾਂ। ਹੱਥਲੀ ਕਿਤਾਬ ਵਾਸਤੇ ਮੈਂ ਇੱਕ ਡਾਕਟਰ ਦਾ ਇੰਟਰਵਿਊ ਰੀਕਾਰਡ ਕਰਨਾ ਸੀ ਇਸ ਲਈ ਮੇਰੀ ਚੋਣ ਵਿੱਚ ਡਾਕਟਰ ਨਿਰਮਲ ਸਿੰਘ ਹੀ ਠੀਕ ਬੈਠਦੇ ਸਨ। ਇੱਕ ਦਿਨ ਮੈਂ ਪਹੁੰਚ ਗਿਆ ਲਾਂਬੜੇ ਡਾਕਟਰ ਸਾਹਿਬ ਦੇ ਡੇਰੇ ਅਤੇ ਸ਼ੁਰੂ ਹੋ ਗਿਆ ਸੀ ਸਾਡਾ ਸੁਆਲਾਂ ਜੁਆਬਾਂ ਦਾ ਸਿਲਸਿਲਾ ਜਿਸ ਦਾ ਨਿਚੋੜ ਇਸ ਤਰ੍ਹਾਂ ਹੈ:

**ਸੁਆਲ:** ਡਾਕਟਰ ਸਾਹਿਬ ਤੁਹਾਡਾ ਜਨਮ ਕਦੋਂ ਅਤੇ ਕਿੱਥੇ ਹੋਇਆ ? ਕੀ ਇਸ ਦੇ ਨਾਲ ਨਾਲ ਕੁਝ ਪਰਿਵਾਰਕ ਜਿੰਦਗੀ ਬਾਰੇ ਵੀ ਚਾਨਣਾ ਪਾਓਗੇ?

**ਜੁਆਬ:** ਤੀਰ ਜੀ,ਮੇਰਾ ਜੀਵਨ ਇੱਕ ਖੁੱਲ੍ਹੀ ਕਿਤਾਬ ਵਰਗਾ ਹੈ।ਜਿਹੋ ਜਿਹਾ ਮੈਂ ਬਾਹਰੋਂ ਦਿੱਸਦਾ ਹਾਂ ਉਵੇਂ ਦਾ ਹੀ ਮੈਂ ਅੰਦਰੋ ਹਾਂ।ਫਿਰ ਵੀ ਮੈਂ ਆਪਣੇ ਬਾਰੇ ਲੋਕ ਜਾਣਕਾਰੀ ਹਿੱਤ ਦੱਸਦਾ ਹਾਂ। ਮੇਰਾ ਜਨਮ 8 ਜੁਲਾਈ,1942 ਨੂੰ ਸਵਰਗਵਾਸੀ ਸਰਦਾਰਨੀ ਮਾਤਾ ਹਰਨਾਮ ਕੌਰ ਜੀ ਦੀ ਕੁੱਖੋਂ ਸ. ਕਰਤਾਰ ਸਿੰਘ ਜੀ ਦੇ ਗ੍ਰਹਿ ਵਿਖੇ ਨਾਨਕੇ ਪਿੰਡ ਪਿੰਡ 'ਅਜਨੇਰ' (ਜਿਹੜਾ ਕਿ ਉਦੋਂ ਤਹਿਸੀਲ ਸਮਰਾਲਾ,ਜ਼ਿਲ੍ਹਾ ਲੁਧਿਆਣਾ ਵਿੱਚ ਪੈਂਦਾ ਸੀ। ਪਰ ਨਵੀਂ ਹੱਦਬੰਦੀ ਹੋਣ ਉਪਰੰਤ ਹੁਣ ਇਹ ਪਿੰਡ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੀ ਤਹਿਸੀਲ ਖਮਾਣੋ ਵਿੱਚ ਪੈਂਦਾ ਹੈ) ਵਿੱਚ ਹੋਇਆ। ਮੇਰੀਆਂ ਚਾਰ ਭੈਣਾਂ ਅਤੇ ਇੱਕ ਭਰਾ ਹੈ। ਮੈਂ ਉਨ੍ਹਾਂ ਸਭਨਾਂ 'ਚੋਂ ਵੱਡਾ ਹਾਂ। ਸਾਡਾ ਜੱਦੀ ਪਿੰਡ ਬਰਵਾਲੀ ਖ਼ੁਰਦ ਹੈ।

**ਸੁਆਲ:**ਤੁਸੀਂ ਆਪਣੇ ਪਰਿਵਾਰਕ ਵੇਰਵੇ ਤਾਂ ਦੱਸ ਦਿੱਤੇ ਹਨ, ਹੁਣ ਆਪਣੀ ਵਿੱਦਿਆ ਪ੍ਰਾਪਤੀ ਬਾਰੇ ਵੀ ਦੱਸੋ ਕਿ ਕਦੋਂ ਕਦੋਂ ਅਤੇ ਕਿੱਥੋਂ ਕਿੱਥੋਂ ਪ੍ਰਾਪਤ ਕੀਤੀ ਹੈ?

**ਜੁਆਬ:** ਮੈਂ ਚੌਥੀ ਜਮਾਤ ਤੱਕ ਦੀ ਪੜ੍ਹਾਈ ਡੀ.ਬੀ. ਪ੍ਰਾਇਮਰੀ ਸਕੂਲ ਸਰਵਰਪੁਰ (ਪਿੰਡ ਤੋਂ ਦੋ ਕਿਲੋ ਮੀਟਰ ਦੀ ਦੂਰੀ ਹੈ)ਤੋਂ,ਲੋਅਰ ਮਿਡਲ ਭਾਵ ਛੇਵੀਂ ਤੱਕ ਦੀ ਪੜ੍ਹਾਈ ਡੀ.ਬੀ. ਲੋਅਰ ਮਿਡਲ ਸਕੂਲ

ਚੜੀ,ਜਿਹੜਾ ਮੇਰੇ ਪਿੰਡ ਤੋਂ ਤਿੰਨ ਕਿਲੋ ਮੀਟਰ ਦੀ ਦੂਰੀ ਤੇ ਸੀ ਅਤੇ ਦਸਵੀਂ ਤੱਕ ਦੀ ਵਿੱਦਿਆ ਮੈਂ ਗੁਰੂ ਅਰਜਨ ਦੇਵ ਖਾਲਸਾ ਹਾਈ ਸਕੂਲ ਭੜੀ,ਪਿੰਡ ਤੋਂ ਛੇ ਕਿਲੋ ਮੀਟਰ ਦੀ ਦੂਰੀ ਤੇ ਵਾਕਿਆ ਹੈ,ਪ੍ਰਾਪਤ ਕੀਤੀ। ਤੁਹਾਨੂੰ ਇਹ ਜਾਣ ਕੇ ਸ਼ਾਇਦ ਹੈਰਾਨੀ ਹੋਵੇਗੀ ਕਿ ਇਨ੍ਹਾਂ ਸਕੂਲਾਂ ਵਿੱਚ ਸਮੇਂ ਸਮੇਂ ਪੜ੍ਹਨ ਜਾਣ ਲਈ ਮੇਰੇ ਕੋਲ ਸਾਈਕਲ ਵਰਗਾ ਸਾਧਨ ਵੀ ਨਹੀਂ ਸੀ ਹੁੰਦਾ।ਮੈਂ ਪੈਦਲ ਤੁਰ ਕੇ ਹੀ ਸਕੂਲਾਂ ਵਿੱਚ ਜਾਂਦਾ ਰਿਹਾ ਹਾਂ।

ਮੁੱਢਲੀ ਪੜ੍ਹਾਈ ਕਰਨ ਉਪਰੰਤ ਮੈਂ ਅਗਲੇਰੀ ਉੱਚ ਵਿੱਦਿਆ ਪ੍ਰਾਪਤੀ ਵਾਸਤੇ ਕਾਲਜ ਵਿੱਚ ਦਾਖ਼ਲਾ ਲੈ ਲਿਆ। ਐਫ.ਐਸ.ਸੀ ਖਾਲਸਾ ਕਾਲਜ ਅੰਮ੍ਰਿਤਸਰ ਤੋਂ(ਸੰਨ,1959ਵਿੱਚ), ਬੀ.ਐਸ.ਸੀ. ਦਾ ਇੱਕ ਸਾਲ ਵੀ ਇਸੇ ਕਾਲਜ ਵਿੱਚ ਲਾਇਆ, ਐਲ.ਐਸ.ਐਮ.ਐਫ. ਦਯਾ ਨੰਦ ਮੈਡੀਕਲ ਕਾਲਜ ਲੁਧਿਆਣਾ ਤੋਂ(ਸੰਨ 1965 ਵਿੱਚ),ਐਮ.ਬੀ.ਬੀ.ਐਸ.ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੌਰਮਿੰਟ ਮੈਡੀਕਲ ਕਾਲਜ ਤੋਂ(1968 ਵਿੱਚ),ਐਮ.ਏ.(ਪੰਜਾਬੀ ਵਿਸ਼ੇ ਵਿੱਚ) ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ (ਸੰਨ 1979 ਵਿੱਚ) ਅਤੇ ਐਮ.ਡੀ.(ਆਰਟਰਨੇਟਿਵ ਮੈਡੀਸਨ) ਦੀ ਪੜ੍ਹਾਈ ਕਲਕੱਤਾ ਤੋਂ ਸੰਨ 1983-84 ਵਿੱਚ ਕੀਤੀ ਹੈ।

**ਸੁਆਲ:** ਹੁਣ ਕੁਝ ਆਪਣੇ ਵਿਆਹੁਤਾ ਜੀਵਨ ਬਾਰੇ ਵੀ ਦੱਸੋ ਕਿ ਤੁਹਾਡੀ ਸ਼ਾਦੀ ਕਦੋਂ ਹੋਈ ਅਤੇ ਬਾਗ਼ ਪਰਿਵਾਰ ਵਿੱਚ ਕੌਣ ਕੌਣ ਹਨ?

**ਜੁਆਬ:** ਮੇਰੀ ਸ਼ਾਦੀ 14 ਸਤੰਬਰ,1969 ਵਿੱਚ ਪ੍ਰੋਫੈਸਰ ਦਵਿੰਦਰ ਕੌਰ ਸਪੁੱਤਰੀ ਸ: ਸਾਧੂ ਸਿੰਘ ਜੀ ਵਾਸੀ ਜਲੰਧਰ ਨਾਲ ਹੋਈ। ਮੇਰੀ ਪਤਨੀ ਵਿੱਦਿਅਕ ਖ਼ੇਤਰ ਵਿੱਚ ਬਤੌਰ ਪੰਜਾਬੀ ਲੈਕਚਰਾਰ ਰਹੇ ਹਨ। ਉਨ੍ਹਾਂ ਨੇ ਐਮ.ਏ ਤੱਕ ਦੀ ਪੜ੍ਹਾਈ ਵੀ ਖਾਲਸਾ ਕਾਲਜ ਜਲੰਧਰ ਤੋਂ ਹੀ ਕੀਤੀ ਅਤੇ ਫਿਰ ਉਹ ਸਾਰਾ ਸਮਾਂ ਇਸੇ ਕਾਲਜ ਵਿੱਚ ਹੀ ਪੜ੍ਹਾਉਂਦੇ ਰਹੇ। ਹੁਣ ਉਹ ਵੀ ਸੇਵਾ ਮੁਕਤ ਹੋ ਚੁੱਕੇ ਹਨ। ਸੰਤਾਨ ਵਜੋਂ ਮੇਰਾ ਇੱਕੋ ਇੱਕ ਲੜਕਾ ਅਨੂਪ ਸਿੰਘ ਹੈ,ਜਿਸ ਦੀ ਸ਼ਾਦੀ ਬੀਬੀ ਜਸਵੰਤ ਕੌਰ ਸਪੁੱਤਰੀ ਸ੍ਰ.ਅਜੀਤ ਸਿੰਘ ਜੀ ਨਾਲ ਹੋ ਚੁੱਕੀ ਹੈ ਅਤੇ ਅੱਜ ਕੱਲ੍ਹ ਉਹ ਬਰੈਪਟਨ (ਕੈਨੇਡਾ) ਵਿੱਚ ਰਹਿ ਰਹੇ ਹਨ।

**ਸੁਆਲ:** ਡਾਕਟਰੀ ਦੀ ਪੜ੍ਹਾਈ ਕਰ ਲੈਣ ਉਪਰੰਤ ਕੀ ਤੁਸੀਂ ਕੋਈ ਸਰਕਾਰੀ ਨੌਕਰੀ ਵੀ ਕੀਤੀ ਜਾਂ ਆਪਣੀ ਪ੍ਰਾਈਵੇਟ ਪ੍ਰੈਕਟਿਸ ਨੂੰ ਹੀ ਅਪਣਾਇਆ ਹੈ?

**ਜੁਆਬ:** ਮੈਂ ਬਤੌਰ ਸਰਕਾਰੀ ਡਾਕਟਰ,ਦਿਹਾਤੀ ਡਿਸਪੈਂਸਰੀ ਬੁਤਾਲਾ ਜ਼ਿਲ੍ਹਾ ਅੰਮ੍ਰਿਤਸਰ (1968-74 ਤੱਕ),ਪ੍ਰਾਇਮਰੀ ਹੈਲਥ ਸੈਂਟਰ ਬਿਲਗਾ,ਜ਼ਿਲ੍ਹਾ ਜਲੰਧਰ (1974-75) ਅਤੇ ਸਰਕਾਰੀ ਡਿਸਪੈਂਸਰੀ ਚਿੱਟੀ,ਜ਼ਿਲ੍ਹਾ ਜਲੰਧਰ ਵਿੱਚ 1975 ਤੋਂ 1977 ਤੱਕ ਨੌਕਰੀ ਕੀਤੀ ਹੈ। ਇਸ ਤਰ੍ਹਾਂ ਲੱਗ ਭਗ 10 ਸਾਲ ਦੇ ਸਮੇਂ ਤੱਕ ਮੈਂ ਸਰਕਾਰੀ ਨੌਕਰੀ ਵਿੱਚ ਰਿਹਾ ਹਾਂ। ਫਿਰ ਮੈਂ ਨੌਕਰੀ ਨੂੰ ਤਿਲਾਂਜ਼ਲੀ ਦੇ ਕੇ 'ਮਾਲਵਾ ਹਸਪਤਾਲ ਲਾਂਬੜਾ' ਦੇ ਨਾਂ ਹੇਠਾਂ ਆਪਣਾ ਨਿੱਜੀ ਕਲੀਨਿਕ ਖੋਲ੍ਹ ਕੇ ਪ੍ਰਾਈਵੇਟ ਪ੍ਰੈਕਟਿਸ ਆਰੰਭ ਦਿੱਤੀ ਸੀ, ਜਿਹੜੀ ਕਿ ਅੱਜ ਤੱਕ ਜਾਰੀ ਹੈ।

**ਸੁਆਲ:** ਲੋਕ ਤਾਂ ਸਰਕਾਰੀ ਨੌਕਰੀਆਂ ਲੱਭਦੇ ਫਿਰਦੇ ਹਨ ਪਰ ਤੁਸਾਂ ਸਰਕਾਰੀ ਨੌਕਰੀ ਤਿਆਗ ਦਿੱਤੀ। ਇਸ ਪਿੱਛੇ ਕੀ ਕਾਰਨ ਸਨ?

**ਜੁਆਬ:** ਮੈਂ ਬਚਪਨ ਤੋਂ ਹੀ ਥੋੜ੍ਹਾ ਬਹੁਤ ਜਜ਼ਬਾਤੀ ਅਤੇ ਕੁਝ ਆਦਰਸ਼ਵਾਦੀ ਕਿਸਮ ਦਾ ਆਦਮੀ ਹਾਂ। ਮੇਰਾ ਡਾਕਟਰੀ ਜੀਵਨ ਬਣਾਉਣ ਵਿੱਚ ਮੇਰੇ ਮਾਪਿਆਂ,ਸਮਾਜ,ਦੇਸ਼,ਹਲਾਤਾਂ ਅਤੇ ਸਹਿਯੋਗੀਆਂ ਦਾ ਵੱਡਾ ਹੱਥ ਹੈ। ਜੇ ਕਰ ਇਨ੍ਹਾਂ ਤਿੰਨ੍ਹਾਂ ਨੂੰ ਜੀਵਨ 'ਚੋਂ ਮਨਫੀ ਕਰ ਦਿੱਤਾ ਜਾਵੇ ਤਾਂ ਮੇਰੀ ਹੋਂਦ ਸਿਫ਼ਰ ਰਹਿ ਜਾਂਦੀ ਹੈ। ਮਨੁੱਖਤਾ ਦੀ ਸੇਵਾ ਕਰਨ ਦਾ ਜਜ਼ਬਾ ਮੇਰੇ ਅੰਦਰ ਬਚਪਨ ਤੋਂ ਹੀ ਸੀ। ਡਾਕਟਰੀ ਦੀ ਪੜ੍ਹਾਈ ਕਰਦਿਆਂ ਮੈਂ ਆਪਣੇ ਅੰਦਰ ਦੁਖੀ ਲੁਕਾਈ ਦੇ ਦਰਦ ਨੂੰ ਨਿਵਾਰਨ ਦੀ ਰੀਝ ਪਾਲਦਾ ਰਿਹਾ ਹਾਂ। ਮੈਂ ਜਾਣਦਾ ਸਾਂ ਕਿ ਆਮ ਲੋਕ ਜਿਹੜੇ ਇਸ ਗੱਲ ਦੇ ਸਮਰੱਥ ਨਹੀਂ ਕਿ ਉਹ ਮਹਿੰਗੀਆਂ ਦਵਾਈਆਂ ਲੈ ਕੇ ਆਪਣਾ ਜਾਂ ਆਪਣਿਆਂ ਦਾ ਇਲਾਜ ਕਰਵਾ ਸਕਣ ਜ਼ਿਆਦਾ ਕਰਕੇ ਪਿੰਡਾਂ ਵਿੱਚ ਵੱਸਦੇ ਹਨ।

ਤੁਸੀਂ ਵੇਖਿਆ ਹੋਵੇਗਾ ਨਵੇਂ ਨਵੇਂ ਬਣੇ ਡਾਕਟਰ ਜ਼ਿਆਦਾ ਕਰਕੇ ਸ਼ਹਿਰਾਂ ਵਿੱਚ ਨੌਕਰੀ ਕਰਨਾ ਪਸੰਦ ਕਰਦੇ ਹਨ। ਉਹ ਪਿੰਡਾਂ ਵੱਲ ਮੂੰਹ ਵੀ ਨਹੀਂ ਕਰਦੇ। ਮੈਂ ਨੌਕਰੀ ਦੌਰਾਨ ਸਾਰੀ ਸੇਵਾ ਪਿੰਡਾਂ ਵਿੱਚ ਹੀ ਕੀਤੀ ਹੈ। ਨੌਕਰੀ ਦਾ ਤਿਆਗ ਕਰਨ ਉਪਰੰਤ ਮੈਂ ਜਲੰਧਰ ਸ਼ਹਿਰ ਵਿੱਚ ਵੀ ਆਪਣਾ ਹਸਪਤਾਲ ਖੋਲ੍ਹ ਸਕਦਾ ਸੀ। ਇਸ ਨਾਲ ਮੈਂ ਆਪਣੀ ਪਤਨੀ ਅਤੇ ਬੱਚਿਆਂ ਨਾਲ ਸੁੱਖਮਈ ਜੀਵਨ ਜੀਉ ਸਕਦਾ ਸੀ। ਪਰ ਮੈਂ ਜਲੰਧਰ ਸ਼ਹਿਰ ਤੋਂ ਕੁਝ ਦੂਰ ਲਾਂਬੜਾ ਕਸਬੇ ਨੂੰ ਚੁਣਿਆ।ਇਸ ਪਿੱਛੇ ਵੱਡਾ ਕਾਰਨ ਇਹ ਸੀ ਕਿ ਇਸ ਕਸਬੇ ਦੇ ਆਲੇ ਦੁਆਲੇ ਦੇ ਪਿੰਡਾਂ ਦੇ ਦੁਖੀ ਲੋਕਾਂ ਦੀ ਸੇਵਾ ਕਰਨ ਦੀ ਮੇਰੀ ਸੇਵਾ ਭਾਵਨਾ ਦੀ ਪੂਰਤੀ ਵੀ ਹੁੰਦੀ ਸੀ।ਮੇਰੀ ਘਰਵਾਲੀ ਦੀ ਨੌਕਰੀ ਵੀ ਨੇੜੇ ਈ ਸੀ।

ਸਰਕਾਰੀ ਨੌਕਰੀ ਛੱਡਣ ਪਿੱਛੇ ਇੱਕ ਹੋਰ ਵੱਡਾ ਕਾਰਨ ਵੀ ਸੀ। ਨੌਕਰੀ ਵਿੱਚ ਰਹਿੰਦਿਆਂ ਨਾ ਤਾਂ ਤੁਸੀਂ ਆਪਣੇ ਕਿੱਤੇ ਨਾਲ ਇਨਸਾਫ਼ ਕਰ ਸਕਦੇ ਹੋ ਅਤੇ ਨਾ ਹੀ ਆਪਣੀ ਜ਼ਮੀਰ ਨਾਲ। ਸਰਕਾਰੀ ਨੌਕਰੀ

ਤੁਹਾਨੂੰ ਹੱਡ-ਹਰਾਮੀ ਬਣਾ ਦਿੰਦੀ ਹੈ। ਅੱਜ ਦੇ ਸੰਸਾਰੀਕਰਣ ਦੇ ਦੌਰ ਵਿੱਚ ਸੇਵਾ ਭਾਵਨਾ ਟੁੱਟ ਰਹੀ ਹੈ। ਨਿਰੀਆਂ ਭਾਵਨਾਵਾਂ ਸਾਨੂੰ ਜੀਵਨ ਦੇ ਯਥਾਰਥ ਨਾਲੋਂ ਨਿਖੇੜ ਦਿੰਦੀਆਂ ਹਨ ਅਤੇ ਇਖ਼ਲਾਕੀ ਊਣਤਾਈ ਵਾਲੀ ਸੇਵਾ ਆਖ਼ਿਰਕਾਰ ਮੁਨਾਫ਼ੇਖੋਰੀ ਵਾਲਾ ਧੰਦਾ ਬਣ ਜਾਂਦੀ ਹੈ। ਡਾਕਟਰੀ ਪੇਸ਼ੇ ਨਾਲ ਭਾਵੇਂ ਸਦੀਆਂ ਤੋਂ ਮਾਨਵੀ ਕਦਰਾਂ ਕੀਮਤਾਂ ਜੁੜੀਆਂ ਹੋਈਆਂ ਨੇ ਪਰ ਅੱਜ ਦੇ ਬਾਜ਼ਾਰੂ ਅਤੇ ਚਕਾਚੌਂਧ ਵਾਲੇ ਸਮੇਂ ਵਿੱਚ ਇਹ ਪਾਕ ਪਵਿੱਤਰ ਸਮਝਿਆ ਜਾਂਦਾ ਕਿੱਤਾ ਬਹੁਤ ਵੱਡਾ ਮੁਨਾਫ਼ੇ ਵਾਲਾ ਵਪਾਰ ਬਣ ਕੇ ਰਹਿ ਗਿਆ ਹੈ। ਮੇਰੀ ਮੁੱਢ ਤੋਂ ਹੀ ਇਹ ਕੋਸ਼ਿਸ਼ ਰਹੀ ਹੈ ਕਿ ਪੈਸੇ ਦੀ ਗ਼ੁਲਾਮੀ ਤੋਂ ਬਚਿਆ ਜਾਵੇ। ਉਂਝ ਭੁੱਖਿਆਂ ਤੋਂ ਭਗਤੀ ਵੀ ਨਹੀਂ ਹੁੰਦੀ। ਸਰਕਾਰੀ ਚਾਕਰੀ ਦਾ ਜੂਲਾ ਲਾਹ ਕੇ,ਮਾਇਆ ਦੇ ਡੰਗ ਤੋਂ ਬਚਦਿਆਂ ਵਿਚਰਨ ਵਾਲਾ ਜੀਵਨ ਢੰਗ ਚੰਗਾ ਲੱਗਾ 'ਤੇ ਰੁਖ਼ ਏਧਰ ਮੋੜ ਲਿਆ। ਨਿਰਖ ਪਰਖ਼ ਤਾਂ ਸਮਾਜ ਦੇ ਸੂਝਵਾਨਾਂ ਕਰਨੀ ਹੁੰਦੀ ਹੈ।

**ਸੁਆਲ:** ਲੋਕ ਧਾਰਨਾ ਅਨੁਸਾਰ ਰੱਬ ਤੋਂ ਪਿੱਛੋਂ ਡਾਕਟਰ ਦਾ ਦਰਜ਼ਾ ਮੰਨਿਆ ਜਾਂਦਾ ਹੈ।ਕੀ ਅੱਜ ਦਾ ਡਾਕਟਰ ਲੋਕਾਂ ਦੀ ਸੋਚ 'ਤੇ ਪੂਰਾ ਉੱਤਰਦਾ ਹੈ?

**ਜੁਆਬ:** ਸਮੁੱਚੇ ਤੌਰ 'ਤੇ ਵੇਖਿਆ ਜਾਵੇ ਤਾਂ ਬਹੁ_ਗਿਣਤੀ ਡਾਕਟਰ ਪੂਰੇ ਨਹੀਂ ਉੱਤਰਦੇ। ਲੋਕਾਂ ਦੀ ਸੋਚ ਵਿੱਚੋਂ ਵੀ ਆਦਰਸ਼ਵਾਦ ਝਲਕਦਾ ਹੈ, ਜਿਹੜਾ ਸਦਾ ਹੀ ਅਸਫ਼ਲਤਾਵਾਂ ਦੀਆਂ ਘੁੰਮਣਘੇਰੀਆਂ ਵਿੱਚ ਫਸਿਆ ਰਹਿੰਦਾ ਹੈ। ਸਿਧਾਂਤ ਅਤੇ ਅਮਲ ਵਿੱਚ ਹਮੇਸ਼ਾ ਹੀ ਫ਼ਰਕ ਹੁੰਦਾ ਹੈ। ਰੱਬੀ ਸੋਚ ਅਤੇ ਸ਼ੈਤਾਨੀ ਅਮਲਾਂ ਵਿੱਚ ਹਰ ਵੇਲੇ ਟਕਰਾਅ ਚੱਲਦਾ ਹੀ ਰਹਿੰਦਾ ਹੈ। ਕੁਝ ਕੁ ਡਾਕਟਰਾਂ ਨੂੰ ਛੱਡ ਕੇ ਬਾਕੀ ਸਭ ਖ਼ਪਤਵਾਦ ਅਤੇ ਭੋਗਵਾਦ ਦੇ ਬੇੜੇ ਦੇ ਅਸਵਾਰ ਹਨ। ਝੱਟ ਪੱਟ ਅਮੀਰ ਹੋਣ 'ਤੇ ਸ਼ੋਹਰਤ ਵਾਲੀ ਜੀਵਨ ਸ਼ੈਲੀ ਨੇ ਸਮੁੱਚੇ ਮਾਨਵੀ ਸਮਾਜ ਨੂੰ ਆਪਣੀ ਜਕੜ ਵਿੱਚ ਕੱਸ ਕੇ ਫੜਿਆ ਹੋਇਆ ਹੈ। ਡਾਕਟਰ ਵੀ 'ਤੇ ਸਮਾਜ ਦਾ ਹੀ ਹਿੱਸਾ ਹਨ। ਉਹ ਉਸ ਹਨੇਰੀ ਤੋਂ ਕਿਵੇਂ ਅਛੋਹ ਰਹਿ ਸਕਦੇ ਹਨ? ਇਸ ਗੱਲ ਨੂੰ ਸਪੱਸ਼ਟ ਕਰਨ ਲਈ ਇੱਕੋ ਹੀ ਉਦਾਹਰਣ ਕਾਫੀ ਹੈ। ਅੱਜ ਤੋਂ ਸਿਰਫ਼ ਚਾਲੀ ਕੁ ਸਾਲ ਪਹਿਲਾਂ ਡਾਕਟਰ ਕਦੀ ਲੋਕਾਂ ਕੋਲੋਂ ਕੁੱਟ ਨਹੀਂ ਸਨ ਖਾਂਦੇ। ਅੱਜ ਡਾਕਟਰਾਂ ਦੀ ਕੁੱਟਮਾਰ 'ਤੇ ਹਸਪਤਾਲਾਂ ਦੀ ਭੰਨ ਤੋੜ ਅਕਸਰ ਹੀ ਅਖ਼ਬਾਰਾਂ ਦੀਆਂ ਖ਼ਬਰਾਂ ਬਣਦੀਆਂ ਨੇ। ਅੱਜ ਦਾ ਡਾਕਟਰ ਆਪਣਾ ਸਤਿਕਾਰ ਕਾਇਮ ਰੱਖਣ ਵਿੱਚ ਸਫ਼ਲ ਨਹੀਂ। ਲੋਕਾਂ ਦੀ ਸੋਚ ਵਿੱਚ ਵੀ ਉਲਾਰ ਅਤੇ ਨਜ਼ਰ ਵਿੱਚ ਟੀਰ ਆ ਗਿਆ ਹੈ। ਦੂਸਰੇ ਪਾਸੇ ਡਾਕਟਰਾਂ ਦੇ ਕਿਰਦਾਰ ਵਿੱਚੋਂ ਇਨਸਾਨੀਅਤ ਦੀ ਥਾਂ ਸ਼ੈਤਾਨੀਅਤ ਪਰਤੱਖ ਨਜ਼ਰੀਂ ਪੈਂਦੀ ਹੈ।

**ਸੁਆਲ:** ਕੀ ਇਹ ਠੀਕ ਹੈ ਕਿ ਅੱਜ ਦਾ ਡਾਕਟਰ, ਡਾਕਟਰ ਨਹੀਂ ਰਿਹਾ ਸਗੋਂ ਲੋਕਾਂ ਦੀ ਨਜ਼ਰ ਵਿੱਚ ਕਸਾਈ ਬਣ ਗਿਆ ਹੈ? ਉਸ ਦਾ ਮੁੱਖ ਮੁੱਦਾ ਕਮਾਈ ਕਰਨਾ ਬਣਦਾ ਜਾ ਰਿਹਾ ਹੈ, ਸੇਵਾ ਨਹੀਂ?

**ਜੁਆਬ:** ਅਸਲ ਵਿੱਚ ਕਸਾਈਆਂ ਦਾ ਅਤੇ ਡਾਕਟਰਾਂ ਦਾ ਪੇਸ਼ਾ ਲੱਗ ਭਗ ਇੱਕੋ ਜਿਹਾ ਹੈ। ਦੋਵੇਂ ਹੀ ਚਾਕੂ ਛੁਰੀਆਂ ਨਾਲ ਵੱਢ-ਟੁੱਕ ਕਰਕੇ ਆਪਣਾ ਕਿੱਤਾ ਕਰਦੇ ਹਨ। ਇਹ ਵੱਖਰੀ ਗੱਲ ਹੈ ਕਿ ਕਸਾਈ ਜੀਵਾਂ ਨੂੰ ਮਾਰ ਕੇ ਲੋਕਾਂ ਨੂੰ ਸਿਹਤਮੰਦ ਰੱਖਣ ਲਈ ਛੁਰੀ ਚਲਾਉਂਦਾ ਹੈ ਅਤੇ ਡਾਕਟਰ ਜਿਉਂਦਿਆਂ ਨੂੰ ਰੋਗ ਰਹਿਤ ਕਰ ਕੇ ਤੰਦਰੁਸਤੀ ਬਖ਼ਸ਼ਣ ਲਈ।ਨਾ ਹੀ ਸਾਰੇ ਕਸਾਈ ਘਿਰਣਾ ਦੇ ਪਾਤਰ ਹਨ,ਨਾ ਹੀ ਸਾਰੇ ਡਾਕਟਰ ਰੱਬ ਦਾ ਰੂਪ ਹਨ। ਲੁਕਮਾਨ ਹਕੀਮ ਅਤੇ ਸਧਨੇ ਕਸਾਈ ਨੂੰ ਵੀ ਇਤਿਹਾਸ ਨੇ ਸਨਮਾਨਯੋਗ ਅਸਥਾਨ ਦਿੱਤਾ ਹੋਇਆ ਹੈ।

ਜਦੋਂ ਸਿਆਸਤਦਾਨ,ਘੁਟਾਲੇਬਾਜ਼,ਅਫ਼ਸਰਸ਼ਾਹੀ,ਰਿਸ਼ਵਤਖ਼ੋਰ,ਸਮਾਜਿਕ ਆਗੂ,ਘੜੰਮ ਚੌਧਰੀ,ਧਾਰਮਿਕ ਰਹਿਬਰ,ਠੇਕੇਦਾਰ ਅਤੇ ਅੰਧਵਿਸ਼ਵਾਸ ਫੈਲਾਉਣ ਵਾਲੇ ਹੋਣ ਤਾਂ ਇਕੱਲੇ ਡਾਕਟਰ ਤੋਂ ਦੇਵਤਾ ਬਣੇ ਰਹਿਣ ਦੀ ਆਸ ਉਮੀਦ ਰੱਖਣੀ ਬੇਤੁਕੀ 'ਤੇ ਅਰਥਹੀਨ ਹੈ। ਡਾਕਟਰੀ ਪੇਸ਼ੇ ਦਾ ਕਮਾਈ ਦੇ ਹੀ ਚੱਕਰਵਿਊ ਵਿੱਚ ਫਸਣ ਦਾ ਇੱਕੋ ਇੱਕ ਕਾਰਨ,ਸਮੁੱਚੇ ਸਮਾਜਿਕ ਤਾਣੇ-ਬਾਣੇ ਦਾ ਵਿਨਾਸ਼ਕਾਰੀ,ਮਲੀਨ,ਪ੍ਰਦੂਸ਼ਿਤ ਸੋਚ ਵਾਲੇ ਰਾਹ ਪੈਣਾ ਹੈ। ਇਹ ਬਿਮਾਰੀ ਓਨੀਂ ਦੇਰ ਫੈਲਦੀ ਹੀ ਰਹੇਗੀ ਜਦੋਂ ਤੀਕ ਸਮਾਜ ਸੱਚੀ ਸੁੱਚੀ ਕਿਰਤ ਨਾਲੋਂ ਟੁੱਟਿਆ ਰਹੇਗਾ ਅਤੇ ਉਸ ਨਾਲ ਹੱਥ ਮਲਾਉਣ ਤੋਂ ਬਿਨਾਂ ਹੀ ਅਮੀਰ ਹੋਣ ਲਈ ਹੁਸ਼ਿਆਰੀ ਨੂੰ ਸਮਝਦਾਰੀ ਸਮਝ ਕੇ ਮਾਣ ਸਤਿਕਾਰ ਦਿੰਦਾ ਰਹੇਗਾ।

**ਸੁਆਲ:** ਇਸ ਪੇਸ਼ੇ ਵਿੱਚ ਰਹਿ ਕੇ ਤੁਸੀਂ ਕਿੰਨੀ ਕੁ ਮਾਨਸਿਕ ਸੰਤੁਸ਼ਟੀ ਅਨੁਭਵ ਕਰਦੇ ਹੋ? ਕੀ ਤੁਸੀਂ ਦੁੱਖੀ ਮਰੀਜ਼ ਦਾ ਦਰਦ ਵੇਖ ਕੇ ਪਸੀਜ਼ ਜਾਂਦੇ ਹੋ ਜਾਂ ਨਹੀਂ? ਸੱਚੋ ਸੱਚ ਦਸਣਾ।

**ਜੁਆਬ:** ਜੇ ਇਸ ਪੇਸ਼ੇ ਵਿੱਚੋਂ ਮਾਨਸਿਕ ਸੰਤੁਸ਼ਟੀ ਨਾ ਮਿਲਦੀ ਹੁੰਦੀ ਤਾਂ ਲੱਗ ਭਗ ਅੱਧੀ ਸਦੀ ਇਹਦੇ ਨਾਲ ਚਿੰਬੜੇ ਰਹਿਣਾ ਸੰਭਵ ਨਹੀਂ ਸੀ। ਇਸ ਪੇਸ਼ੇ ਦੀ ਚੋਣ ਵੀ ਮੇਰੀ ਆਪਣੀ ਸੀ ਅਤੇ ਏਸ ਰਾਹ 'ਤੇ ਤੁਰਦਿਆਂ ਅਨੇਕਾਂ ਔਕੜਾਂ ਦੇ ਬਾਵਜੂਦ ਮੈਨੂੰ ਰਤੀ ਭਰ ਵੀ ਅਫ਼ਸੋਸ ਨਹੀਂ। ਮੈਂ ਜੋ ਕੁਝ ਵੀ ਹਾਂ ਇਸੇ ਕਿੱਤੇ ਦੀ ਬਦੌਲਤ ਹਾਂ। ਮਰੀਜ਼ ਦੀ ਹਾਲਤ ਵੇਖ ਕੇ ਪਸੀਜ਼ਣ ਨਾਲੋਂ ਵੀ ਵੱਧ ਆਪਣੇ ਆਪ ਨੂੰ ਓਸ ਥਾਂ 'ਤੇ ਰੱਖ ਕੇ ਸੋਚਣਾ ਹੁੰਦਾ ਹੈ।

ਮੈਂ ਮਰੀਜ਼ ਨਾਲ ਓਹੋ ਜਿਹਾ ਵਰਤਾਉ ਕਰਨ ਦਾ ਯਤਨ ਕਰਦਾ ਹਾਂ ਜਿਹੋ ਜਿਹਾ ਮੈਂ ਖ਼ੁਦ ਮਰੀਜ਼ ਹੋਣ ਦੀ ਹਾਲਤ ਵਿੱਚ ਕਿਸੇ ਡਾਕਟਰ ਕੋਲੋਂ ਕੀਤੇ ਜਾਣ ਦੀ ਆਸ ਰੱਖਦਾ ਹਾਂ। ਮੇਰੇ ਮਨ ਵਿੱਚ ਇਨਸਾਨੀ

ਹਮਦਰਦੀ ਤਾਂ ਹਰ ਮਨੁੱਖ ਵਾਂਗ ਹੁੰਦੀ ਹੈ ਪਰ ਉਹਨੂੰ ਮੈਂ ਅਸਲੀਅਤ ਜਾਂ ਹਕੀਕਤ ਨਾਲ ਜੋੜ ਕੇ ਫ਼ੈਸਲਾ ਕਰਦਾ ਹਾਂ। ਦੁਖੀ ਦੀ ਆਰਥਿਕ,ਸਮਾਜਿਕ ਹਾਲਤ,ਉਹਦੀ ਉਮਰ,ਆਮ ਸਰੀਰਕ ਤੰਦਰੁਸਤੀ,ਸੁਭਾਅ ਅਤੇ ਕੰਮ ਧੰਦੇ ਨੂੰ ਵੇਖ ਕੇ ਹੀ ਪਸੀਜ਼ਣ ਦੀ ਨੌਬਤ ਆਉਂਦੀ ਹੈ। ਨਸ਼ੇੜੀਆਂ,ਖ਼ੁਦਕਸ਼ੀ ਦੀ ਕੋਸ਼ਿਸ਼ ਕਰਨ ਵਾਲਿਆਂ ਅਤੇ ਵਾਲ ਦੀ ਖ਼ੱਲ ਲਾਹੁਣ ਵਾਲਿਆਂ ਨਾਲ ਕੀਤੀ ਹੋਈ ਹਮਦਰਦੀ ਉਲਟਾ ਅਸਰ ਕਰਦੀ ਹੈ। ਬਜ਼ੁਰਗਾਂ, ਮਸੂਮਾਂ ਅਤੇ ਨੂੰਹਾਂ ਧੀਆਂ ਨਾਲ ਮੇਰਾ ਵਤੀਰਾ ਬਹੁਤੀ ਵਾਰ ਹਾਂ ਪੱਖੀ ਹੀ ਹੁੰਦਾ ਹੈ। ਸਮੂਹਕ ਰੂਪ ਵਿੱਚ ਸਾਰਿਆਂ ਨੂੰ ਹੀ ਇੱਕੋ ਅੱਖ ਨਾਲ ਵੇਖਣ ਵਾਲੀ ਸੋਚ ਮੈਨੂੰ ਇੱਕ ਪਾਸੜ ਅਤੇ ਉਲਾਰ ਜਾਪਦੀ ਹੈ। ਹਰ ਇੱਕ ਦੀ ਆਪੋ ਆਪਣੀ ਹੋਂਦ ਹਸਤੀ ਹੁੰਦੀ ਹੈ। ਸਾਰਿਆਂ ਨੂੰ ਇੱਕੋ ਰੱਸੇ ਨਾਲ ਨਹੀਂ ਬੰਨ੍ਹਿਆ ਜਾ ਸਕਦਾ।

**ਸੁਆਲ:** ਤੁਹਾਡੇ ਕੋਲ ਆਉਣ ਵਾਲਾ ਮਰੀਜ਼ ਜੇਕਰ ਤੁਹਾਡੀ ਫ਼ੀਸ ਅਤੇ ਦਵਾਈਆਂ ਦੇ ਖ਼ਰਚੇ ਦੇਣ ਦੇ ਸਮਰੱਥ ਨਹੀਂ ਹੁੰਦਾ ਤਾਂ ਉਸ ਹਾਲਤ ਵਿੱਚ ਤੁਹਾਡੀ ਮਨੋਦਸ਼ਾ ਕਿਹੋ ਜਿਹੀ ਹੁੰਦੀ ਹੈ?

**ਜੁਆਬ:** ਅਜਿਹੇ ਮਰੀਜ਼ਾਂ ਵਾਸਤੇ ਮੈਂ ਇੱਕ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਨਾਲ ਰਲ ਕੇ ਐਤਵਾਰੀ ਮੁਫ਼ਤ ਡਿਸਪੈਂਸਰੀ ਅੱਜ ਤੋਂ 35 ਸਾਲ ਪਹਿਲਾਂ ਚਾਲੂ ਕਰਵਾਈ ਸੀ। ਉੱਥੇ ਮੈਂ ਕੋਈ ਦਸ ਕੁ ਸਾਲ ਸੇਵਾ ਵੀ ਕੀਤੀ ਸੀ। ਉਹ ਤਜ਼ਰਬਾ ਅੱਜ ਵੀ ਸਫ਼ਲਤਾ ਪੂਰਵਕ ਚੱਲ ਰਿਹਾ ਹੈ। ਅੱਖਾਂ ਦੇ ਕੈਂਪ ਅਤੇ ਬਾਕੀ ਰੋਗਾਂ ਲਈ ਕੈਂਪ ਲਾਉਣ ਦੇ ਉਪਰਾਲੇ ਵੀ ਲਗਾਤਾਰ ਚੱਲਦੇ ਰਹੇ ਹਨ। ਸਮੁੱਚੇ ਸਮਾਜ ਨੂੰ ਹਰ ਪਾਸਿਓਂ ਵੇਖਿਆਂ ਨਿਰਾਸ਼ਾ ਹੀ ਪੱਲੇ ਪਈ ਹੈ। ਗਰੀਬਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਉਹ ਬਿਮਾਰੀਆਂ ਦੀ ਹਨ੍ਹੇਰੀ ਨੇ ਦਬੋਚ ਲਏ ਹਨ। ਸਰਕਾਰੀ ਹਸਪਤਾਲ ਫੇਲ੍ਹ ਹੋ ਗਏ ਨੇ। ਨਿੱਜੀ ਮਹਿੰਗੀਆਂ ਇਲਾਜ ਸਹੂਲਤਾਂ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹਨ। ਅਸੀਂ ਚਾਹੁੰਦਿਆਂ ਹੋਇਆਂ ਵੀ ਇਸ ਪਹਾੜ ਜਿੱਡੀ ਔਕੜ ਨੂੰ ਸਰ ਨਹੀਂ ਕਰ ਸਕਦੇ। ਅਜਿਹੇ ਮੌਕਿਆਂ 'ਤੇ ਫ਼ੈਸਲਾ ਆਪਣੇ ਸਾਧਨਾਂ ਦੇ ਸੋਮਿਆਂ ਨੂੰ ਮੁੱਖ ਰੱਖ ਕੇ ਹੀ ਕਰਨਾ ਪੈਂਦਾ ਹੈ।

**ਸੁਆਲ:** ਮੇਰੀ ਜਾਣਕਾਰੀ ਅਨੁਸਾਰ ਹਰ ਡਾਕਟਰ ਨੂੰ ਪੜ੍ਹਾਈ ਮੁਕੰਮਲ ਕਰ ਲੈਣ ਉਪਰੰਤ, ਮਨੁੱਖ ਮਾਤਰ ਦੀ ਸੇਵਾ ਦੀ ਸਹੁੰ ਚੁੱਕਣੀ ਪੈਂਦੀ ਹੈ। ਕਿੰਨੇ ਕੁ ਡਾਕਟਰ ਇਸ ਦੀ ਪਾਲਣਾ ਕਰਦੇ ਹਨ?

**ਜੁਆਬ:** ਆਖਣ ਨੂੰ, ਵਿਖਾਵੇ ਦੇ ਤੌਰ 'ਤੇ ਸਾਰੇ ਹੀ ਪਾਲਣਾ ਕਰਨ ਦਾ ਦਮ ਭਰਦੇ ਹਨ। ਅਸਲੀਅਤ ਵਿੱਚ ਵਿਰਲੇ-ਵਾਂਝੇ ਹੀ ਨਿਭਾਉਂਦੇ ਹਨ। ਜਦੋਂ ਕਾਇਦੇ ਕਾਨੂੰਨਾਂ ਦੇ ਹੁੰਦਿਆਂ-ਸੁੰਦਿਆਂ ਜੀਵਨ ਦੇ ਹਰ ਪਾਸਾਰ ਵਿੱਚ ਇਖ਼ਲਾਕੀ ਕਦਰਾਂ ਕੀਮਤਾਂ ਦਾ ਘਾਣ ਹੁੰਦਾ ਪ੍ਰਤੱਖ ਦਿਖਾਈ ਦੇ ਰਿਹਾ ਹੋਵੇ ਤਾਂ ਸਿਰਫ਼ ਡਾਕਟਰਾਂ ਤੋਂ ਹੀ ਉਮੀਦ ਰੱਖਣੀ ਕਿ ਉਹ ਦੁੱਧ ਧੋਤੇ ਅਤੇ ਧਰਮ ਪੁੱਤਰ ਬਣ ਕੇ ਵਿਚਰਣ,ਹਾਸੋਹੀਣੀ ਸੋਚ ਹੈ। ਡਾਕਟਰ ਵੀ ਉਸੇ ਸਮਾਜ ਦਾ ਹਿੱਸਾ ਹਨ ਜਿੱਥੇ ਸਰਕਾਰਾਂ ਆਪਣੇ ਬਣਾਏ ਅਤੇ ਪਾਸ ਕੀਤੇ ਕਨੂੰਨਾਂ ਦੀਆਂ ਧੱਜੀਆਂ ਖ਼ੁਦ ਉਡਾ ਰਹੀਆਂ ਹੋਣ। ਅਦਾਲਤਾਂ ਆਪ ਰਿਸ਼ਵਤਖ਼ੋਰੀ ਵਿੱਚ ਖੁੱਭੀਆਂ ਹੋਣ। ਸਿਆਸਤਦਾਨ ਫ਼ਰੇਬੀ ਅਤੇ ਮਕਾਰੀ ਕਿਰਦਾਰ ਨੂੰ ਰਾਜਨੀਤੀ ਆਖਦੇ ਹੋਣ। ਚਾਰੇ ਪਾਸੇ ਹਨ੍ਹੇਰ ਗਰਦੀ ਪਸਰੀ ਹੋਵੇ। ਡਾਕਟਰ ਵਿਚਾਰੇ ਕਿਹੜੇ ਬਾਗ਼ ਦੀ ਮੂਲੀ ਹਨ?

**ਸੁਆਲ:** ਡਾਕਟਰੀ ਪ੍ਰੈਕਟਿਸ ਤੋਂ ਇਲਾਵਾ ਤੁਹਾਡੀ ਆਪਣੀ ਜਿੰਦਗੀ ਵਿੱਚ ਕੋਈ ਹੋਰ ਰੁਝੇਵੇਂ ਜਾਂ ਸ਼ੌਂਕ ਵੀ ਹਨ ? ਸਮੁੱਚੇ ਤੌਰ ਤੇ ਤੁਹਾਡੀ ਜੀਵਨ ਸ਼ੈਲੀ ਕਿਹੋ ਜਿਹੀ ਹੈ?

**ਜੁਆਬ:** ਮੈਂ ਡਾਕਟਰ ਹੋਣ ਦੇ ਨਾਲ ਨਾਲ ਇੱਕ ਇਨਸਾਨ ਵੀ ਹਾਂ। ਮੇਰਾ ਆਪਾ ਵੀ ਤਾਂ ਇਸ ਸਮਾਜ ਦਾ ਹਿੱਸਾ ਹੈ। ਮੈ ਇਸ ਸਮਾਜ ਵਿੱਚ ਵਿਚਰਦਿਆਂ ਹੋਇਆਂ ਇਸ ਤੋਂ ਵੱਖ ਕਿਵੇਂ ਰਹਿ ਸਕਦਾ ਹਾਂ? ਮਨੁੱਖਤਾ ਦੀ ਸੇਵਾ ਲਈ ਕੁਝ ਕਰਨਾ ਤਾਂ ਡਾਕਟਰ ਦਾ ਪਹਿਲਾ ਫ਼ਰਜ਼ ਹੈ ਹੀ, ਲੋਕ ਭਲਾਈ ਦੇ ਕੰਮਾਂ ਵਿੱਚ ਵੀ ਹਿੱਸਾ ਲੈਣਾ ਮੈਂ ਆਪਣਾ ਧਰਮ ਸਮਝਦਾ ਹਾਂ। ਤੁਸੀਂ ਸੁਣਿਆ ਹੀ ਹੋਵੇਗਾ ਜਿਹੜੀ ਕਾਲੀ ਵੇਈਂ ਸੁਲਤਾਨਪੁਰ ਨੇੜਿਓਂ ਵਹਿੰਦੀ ਹੈ ਉਸ ਦਾ ਪਾਣੀ ਲੋਕਾਂ ਦੀ ਸੌੜੀ ਸੋਚ ਦੀ ਬਦੌਲਤ ਪ੍ਰਦੂਸ਼ਿਤ ਹੋ ਚੁੱਕਾ ਸੀ,ਜਿਸ ਦੀ ਸਫ਼ਾਈ ਦੇ ਕੰਮ ਦਾ ਬੀੜਾ ਸਮਾਜ ਸੇਵੀ ਬਾਬਾ ਬਲਬੀਰ ਸਿੰਘ ਜੀ ਸੀਚੇਵਾਲ ਨੇ ਚੁੱਕਿਆ ਅਤੇ ਉਸ ਦੀ ਕਾਰ ਸੇਵਾ ਦਾ ਮਹਾਂ-ਕੁੰਭ ਆਰੰਭਿਆ। ਮੈਂ ਅਤੇ ਮੇਰੇ ਹਮ-ਖ਼ਿਆਲ ਸਾਥੀਆਂ ਨੇ ਇਸ ਕਾਰਜ਼ ਨੂੰ ਸ਼ੁਰੂ ਕਰਨ ਲਈ ਮਿਤੀ 15-07-2000 ਨੂੰ ਇੱਕ ਵੱਡਾ ਇਕੱਠ ਕਰ ਕੇ ਬਾਬਾ ਜੀ ਨੂੰ ਬੇਨਤੀ ਕੀਤੀ ਸੀ।ਮੈਂ ਵੀ ਇਸ ਕਾਰਜ਼ ਵਿੱਚ ਤਨ,ਮਨ ਅਤੇ ਧਨ ਨਾਲ ਥੋੜ੍ਹਾ ਬਹੁਤ ਆਪਣਾ ਹਿੱਸਾ ਪਾਇਆ ਹੈ।

**ਸੁਆਲ:** ਕੀ ਤੁਸੀਂ ਕਦੇ ਆਪਣੇ ਖ਼ਿਆਲਾਂ ਨੂੰ ਜੱਗ ਜ਼ਾਹਰਾ ਕਰਨ ਲਈ ਸਾਹਿਤਕ ਜਾਂ ਸਭਿਆਚਾਰਕ ਗਤੀ ਵਿੱਧੀਆਂ ਦਾ ਵੀ ਸਹਾਰਾ ਲਿਆ ਹੈ?

**ਜੁਆਬ:** ਤੁਹਾਡੇ ਅੰਦਰ ਜੋ ਕੁਝ ਉਛਾਲੇ ਮਾਰਦਾ ਹੈ ਜੇਕਰ ਤੁਸੀਂ ਉਸ ਨੂੰ ਦੂਸਰੇ ਲੋਕਾਂ ਨਾਲ ਸਾਂਝਾ ਨਹੀਂ ਕਰਦੇ ਤਾਂ ਕੀ ਫ਼ਾਇਦਾ ਹੈ ਉਸ ਉਛਾਲੇ ਦਾ। ਜੇਕਰ ਤੁਹਾਡੇ ਅੰਦਰਲਾ ਜੋਸ਼ ਹੋਸ਼ ਨਾਲ ਰਲ ਕੇ ਦੂਸਰਿਆਂ ਦੇ ਕੰਮ ਆ ਸਕੇ ਤਾਂ ਮੈਂ ਸਮਝਦਾ ਹਾਂ ਇਹ ਲੋਕ ਭਲਾਈ ਦਾ ਹੀ ਇੱਕ ਰੂਪ ਹੈ। ਮੈਂ ਰੇਡੀਓ ਤੋਂ ਸਿਹਤ,ਸਾਹਿਤ,ਸਭਿਆਚਾਰ ਅਤੇ ਵਾਤਾਵਰਣ ਸਬੰਧੀ ਪ੍ਰਸਾਰਿਤ ਹੋਣ ਵਾਲੇ ਪ੍ਰੋਗਰਾਮਾਂ ਵਿੱਚ ਸੰਨ 1975 ਤੋਂ

ਹਿੱਸਾ ਲੈ ਰਿਹਾ ਹਾਂ ਅਤੇ ਸਿਹਤ ਸਬੰਧੀ ਹੋਣ ਵਾਲੇ ਪ੍ਰੋਗਰਾਮਾਂ ਦਾ ਸਲਾਹਕਾਰ ਵੀ ਰਿਹਾ ਹਾਂ। ਦੂਰਦਰਸ਼ਨ ਜਲੰਧਰ ਤੋਂ '**ਚਿੱਟੀ ਵੇਈਂ ਕਾਲਾ ਸੰਤਾਪ**' ਟੈਲੀ ਫਿਲਮ, 'ਕਾਲੀ ਵੇਈਂ ਦੀ ਕਾਰ ਸੇਵਾ ਦਾ ਮਹਾਂ-ਕੁੰਭ'ਟੈਲੀ ਫ਼ਿਲਮ ਦਾ ਅੰਗਰੇਜ਼ੀ ਸਕਰਿਪਟ ਅਤੇ ਪੰਜਾਬੀ ਆਲੇਖ ਵਿੱਚ ਵੀ ਆਪਣਾ ਯਥਾ-ਯੋਗ ਯੋਗਦਾਨ ਪਾਇਆ ਹੈ। ਗਾਹੇ-ਬਗਾਹੇ ਦੂਰਦਰਸ਼ਨ ਤੋਂ ਸਾਹਿਤ,ਵਾਤਾਵਰਣ,ਸਭਿਆਚਾਰ ਸਬੰਧੀ ਪ੍ਰਸਾਰਿਤ ਹੋਣ ਵਾਲੇ ਪ੍ਰੋਗਰਾਮਾਂ ਵਿੱਚ ਹਿੱਸਾ ਵੀ ਲਿਆ ਹੈ।

**ਸੁਆਲ:** ਕੀ ਤੁਸੀਂ ਡਾਕਟਰੀ ਪੇਸ਼ੇ ਨਾਲ ਸਬੰਧਤ ਦੇਸ ਤੋਂ ਬਾਹਰ ਹੋਣ ਵਾਲੇ ਪ੍ਰੋਗਰਾਮਾ ਵਿੱਚ ਵੀ ਕਦੇ ਹਿੱਸਾ ਲਿਆ ਹੈ?

**ਜੁਆਬ:** ਨਹੀਂ। ਅਜਿਹੇ ਪ੍ਰੋਗਰਾਮਾ ਵਿੱਚ ਹਿੱਸਾ ਤਾਂ ਨਹੀਂ ਲਿਆ ਪਰ ਜਦੋਂ ਮੈਂ ਮੈਡੀਕਲ ਦੀ ਪੜ੍ਹਾਈ ਕਰ ਰਿਹਾ ਸੀ ਤਾਂ ਸਟੱਡੀ ਟੂਰ ਤੇ ਸ਼੍ਰੀ ਲੰਕਾ ਜਰੂਰ ਗਿਆ ਸੀ। ਸੰਨ 1959 ਵਿੱਚ ਸ਼੍ਰੀ ਲੰਕਾ ਜਾਣ ਪਿੱਛੇ ਕੁਝ ਹੋਰ ਕਾਰਨ ਵੀ ਸਨ। ਮੇਰੇ ਅੰਦਰ ਬਚਪਨ ਤੋਂ ਪਲ ਰਹੇ ਕੁਝ ਸੁਆਲ ਸਨ ਜਿੰਨ੍ਹਾਂ ਦੇ ਜੁਆਬ ਮੈਂ ਲੱਭਣਾ ਚਾਹੁੰਦਾ ਸਾਂ। ਰਾਮ ਵੱਲੋਂ ਰਾਵਣ ਨਾਲ ਲੜਾਈ ਕਰਨ ਵਾਸਤੇ ਸਮੁੰਦਰ ਤੇ ਬਣਾਏ ਗਏ ਪੁਲ ਨੂੰ ਵੇਖਣਾ ਚਾਹੁੰਦਾ ਸਾਂ ਕਿ ਇਹ ਕਿਵੇ ਬਣਿਆ ਸੀ ਆਦਿ। ਮੈਂ ਆਪਣੇ ਨਿੱਜੀ ਦੌਰਿਆਂ ਤੇ ਪਾਕਿਸਤਾਨ ਦੇ ਲਹਿੰਦਾ ਪੰਜਾਬ (ਸੰਨ 1957 ਅਤੇ 1983 ਵਿੱਚ),ਕੈਨੇਡਾ,ਇੰਗਲੈਂਡ ਅਤੇ ਜਰਮਨੀ (1981), ਕੈਨੇਡਾ, ਇੰਗਲੈਂਡ ਅਤੇ ਅਮਰੀਕਾ (1994,1996,1998ਅਤੇ 2004 ਵਿੱਚ) ਅਤੇ 2006,2009 ਅਤੇ 2010 ਵਿੱਚ ਕੈਨੇਡਾ ਅਮਰੀਕਾ ਅਤੇ ਇੰਗਲੈਂਡ ਦੇ ਦੌਰਿਆਂ ਤੇ ਜਾ ਆਇਆ ਹਾਂ।

ਜਿੱਥੋਂ ਤੱਕ ਮੇਰੇ ਸ਼ੌਂਕ ਦਾ ਸਬੰਧ ਹੈ ਮੈਂ ਧਰਮ,ਕਵਿਤਾ,ਕਹਾਣੀ,ਨਾਵਲ,ਪੁਰਾਤੱਤਵ,ਵਾਤਾਵਰਣ ਜੰਗਲੀ ਜੀਵਨ ਅਧਿਅਨ,ਇਤਿਹਾਸ,ਭੂਗੋਲ,ਕਿੱਸਾ ਸਾਹਿਤ, ਅਤੇ ਕੁਦਰਤੀ ਨਜ਼ਾਰਿਆਂ ਨੂੰ ਮਾਨਣ ਦਾ ਸ਼ੌਕੀਨ ਹਾਂ। ਮੈਂ ਸਾਦ-ਮੁਰਾਦੀ ਖੁਰਾਕ ਖਾਣ ਵਿੱਚ ਵਿਸ਼ਵਾਸ ਰੱਖਦਾ ਹਾਂ। ਆਪਣੀ ਹੁਣ ਤੱਕ ਦੀ ਜ਼ਿੰਦਗੀ ਵਿੱਚ ਮੈਂ ਨਸ਼ੇ ਕਦੇ ਵੀ ਨਹੀਂ ਵਰਤੇ। ਮੈਂ ਬਿਲਕੁਲ ਸ਼ਾਕਾਹਾਰੀ ਹਾਂ। ਪਹਿਨਣ-ਪਰਚਣ ਵਿੱਚ ਪੰਜਾਬੀ ਪਹਿਰਾਵਾ,ਦੇਸੀ ਜੁੱਤੀ ਪਾਉਣੀ ਪਸੰਦ ਕਰਦਾ ਹਾਂ। ਟਾਈ ਬੰਨ੍ਹਣ ਤੋਂ ਗ਼ੁਰੇਜ ਕਰਦਾ ਹਾਂ। ਲੋਕ ਸੰਗੀਤ,ਕਦੇ ਕਦੇ ਸ਼ਾਸਤਰੀ ਸੰਗੀਤ ਸੁਣਨਾ ਪਸੰਦ ਕਰਦਾ ਹਾਂ। ਅਧੁਨਿਕ ਅਖਾਉਤੀ ਰੌਲਾ ਰੱਪਾ ਮੈਨੂੰ ਬਿਲਕੁਲ ਚੰਗਾ ਨਹੀਂ ਲਗਦਾ।

**ਸੁਆਲ:** ਡਾਕਟਰ ਸਾਹਿਬ,ਜਿਸ ਤਰ੍ਹਾਂ ਤੁਸੀਂ ਦੱਸਿਆ ਹੈ,ਸਾਹਿਤ,ਵਿਗਿਆਨ,ਭੂਗੋਲ,ਇਤਿਹਾਸ ਅਤੇ ਦੂਸਰੇ ਧਰਮਾਂ ਬਾਰੇ ਬਹੁਤ ਕੁਝ ਪੜ੍ਹਿਆ ਅਤੇ ਜਾਣਿਆ ਹੈ। ਤੁਸੀਂ ਵੱਖ ਵੱਖ ਦੇਸ਼ਾਂ ਦਾ ਵੀ ਭਰਮਣ ਕੀਤਾ ਹੈ। ਅੰਦਰ ਇੰਨਾ ਕੁਝ ਹੋਣ ਦੇ ਬਾਵਜ਼ੂਦ ਵੀ ਤੁਸੀਂ ਆਪਣਾ ਜੀਵਨ ਸਾਧੂਆਂ ਸੰਤਾਂ ਵਾਂਗ ਲੁਕ-ਛਿੱਪ ਕੇ ਗੁਜ਼ਾਰਨਾ ਕਿਉਂ ਲੋਚਦੇ ਹੋ?

**ਜੁਆਬ:** ਫੋਟੋਆਂ ਖਿਚਵਾਉਣੀਆਂ,ਅਖ਼ਬਾਰਾਂ ਵਿੱਚ ਨਾਂ ਲਿਖਵਾਉਂਣੇ,ਪ੍ਰਧਾਨਗੀਆਂ ਕਰਨੀਆਂ,ਸਟੇਜਾਂ ਤੇ ਸੱਜ ਕੇ ਬੈਠਣਾ,ਗਲੇ ਵਿੱਚ ਹਾਰ ਪਵਾਉਣੇ,ਸਿਆਸੀ ਪਾਰਟੀਆਂ 'ਚ ਜਾਣ ਤੋਂ ਇਲਾਵਾ ਆਪਣੀ ਸਿਫ਼ਤ ਸੁਣਨਾ ਜਾਂ ਲਿਖੀ ਹੋਈ ਪੜ੍ਹਨੀ ਮੈਨੂੰ ਚੰਗੀ ਨਹੀਂ ਲੱਗਦੀ। ਮੇਰੀ ਇੱਕੋ ਇੱਕ ਖ਼ਾਹਸ਼ ਹੈ ਕਿ ਮੈਂ ਜਿਹੜੀ ਮਿੱਟੀ ਵਿੱਚੋਂ ਵਿਗਸਿਆ ਹਾਂ ਉਸ ਦੀ,ਆਪਣੀ ਮਾਂ ਬੋਲੀ ਦੀ ਅਤੇ ਆਪਣੇ ਸਭਿਆਚਾਰ ਦੀ ਆਪਣੀ ਸਮਝ-ਸੋਝੀ ਅਤੇ ਵਿਤ ਮੁਜ਼ਬ ਸੇਵਾ ਕਰਨ ਦੇ ਮੌਕੇ ਮਿਲਦੇ ਰਹਿਣ। ਸ਼ੋਹਰਤ,ਵਿਖਾਵੇ,ਹਉਮੈ,ਹੰਕਾਰ ਤੋਂ ਕਿਸੇ ਵੀ ਤਰ੍ਹਾਂ ਬਚਿਆ ਰਵ੍ਹਾਂ। ਕੰਮ ਕਿਸੇ ਅਜਿਹੇ ਮੰਤਵ ਲਈ ਕਰਾਂ ਜਿੱਥੇ ਸਿਰਫ਼ ਮਨੁੱਖ ਦਾ ਹੀ ਨਹੀਂ ਸਰਬੱਤ ਦਾ ਭਲਾ ਹੋਵੇ। ਮੈਂ ਆਪਣੀ ਵਾਹ ਵਾਹ ਜਾਂ ਬੱਲੇ ਬੱਲੇ ਸੁਣਨੀਂ ਕਦੇ ਵੀ ਨਹੀਂ ਲੋਚਦਾ।

ਡਾ. ਨਿਰਮਲ ਸਿੰਘ ਨਾਲ ਬੈਠ ਕੇ, ਗੱਲਬਾਤ ਕਰਕੇ, ਦਿਲਾਂ ਦੀ ਭੜਾਸ ਕੱਢ ਕੇ ਅਤੇ ਨਿਰਮਲ ਸਿੰਘ ਦੇ ਅੰਦਰ ਝਾਤ ਮਾਰ ਕੇ ਮੈਨੂੰ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਜਿਸ ਤਰ੍ਹਾਂ ਉਹ ਸਮੁੱਚੀ ਮਨੁੱਖਤਾ ਦਾ ਦਰਦ ਆਪਣੇ ਸੀਨੇ ਵਿੱਚ ਲਈ ਬੈਠਾ ਹੋਵੇ। ਉਸ ਦਾ ਆਪਾ ਵਿੱਤ ਤੋਂ ਬਾਹਰਾ ਕਰਨ ਲਈ ਉੱਸਲ ਵੱਟੇ ਲੈ ਰਿਹਾ ਸੀ ਪਰ ਸਾਧਨਾ ਦੀ ਘਾਟ ਉਸ ਦੇ ਪੈਰਾਂ ਨੂੰ ਸੰਗਲ ਮਾਰੀ ਬੈਠੀ ਸੀ। ਉਹ ਹਰ ਮੁਸ਼ਕਲ ਨੂੰ ਸਰ ਕਰ ਲੈਣ ਦਾ ਇਰਾਦਾ ਮਨ ਵਿੱਚ ਲਈ ਆਸ ਦੀ ਕਿਰਨ ਵੱਲ ਝਾਕ ਰਿਹਾ ਸੀ। ਗਿਆਨ ਦਾ ਭੰਡਾਰ ਹੁੰਦਿਆਂ ਹੋਇਆਂ ਵੀ ਉਹ ਲੁਕ ਕੇ ਜੀਊਣ ਦੀ ਚਾਹ ਰੱਖਦਾ ਹੈ।ਰੱਬ ਕਰੇ ਹਰ ਡਾਕਟਰ ਇਸੇ ਤਰ੍ਹਾਂ ਦੀ ਸੋਚ ਦਾ ਧਾਰਨੀ ਬਣ ਜਾਵੇ ਅਤੇ ਦੁਖੀ ਦਿਲਾਂ 'ਤੇ ਮਰਹਮ ਲਗਾ ਕੇ ਡਾਕਟਰੀ ਪੇਸ਼ੇ ਨੂੰ ਰੱਬ ਦਾ ਰੂਪ ਬਣਾ ਦੇਵੇ।

ਆਮੀਨ!

***

**ਇੱਕ ਸੁਤੰਤਰਤਾ ਸੰਗ੍ਰਾਮੀ :**

## ਦੇਸ਼ ਪ੍ਰੇਮ ਦਾ ਠਾਠਾਂ ਮਾਰਦਾ ਸਾਗ਼ਰ



**ਸ੍ਰ. ਸੁਰਿੰਦਰ ਸਿੰਘ ਜੀ 'ਕੰਵਲ'**

ਆਸਮਾਨ ਦੀ ਖੁੱਲ੍ਹੀ ਫਿਜ਼ਾ ਵਿੱਚ ਭੁੱਖੇ ਢਿੱਡ ਪ੍ਰਵਾਜ਼ ਭਰ ਰਿਹਾ ਪੰਛੀ ਉਸ ਪੰਛੀ ਨਾਲੋਂ ਹਜ਼ਾਰ ਗੁਣਾਂ ਜ਼ਿਆਦਾ ਆਨੰਦਤ ਹੁੰਦਾ ਹੈ ਜਿਹੜਾ ਪਿੰਜ਼ਰੇ ਦੀਆਂ ਸਖ਼ਤ ਸੀਖਾਂ ਪਿੱਛੇ ਬੈਠਾ ਚੂਰੀ ਖਾ ਰਿਹਾ ਹੁੰਦਾ ਹੈ। ਆਸਮਾਨ ਵਿੱਚ ਉੱਡਣ ਵਾਲੇ ਪੰਛੀ ਕੋਲ ਆਜ਼ਾਦੀ ਹੁੰਦੀ ਹੈ। ਉਹ ਜਿਸ ਰੁੱਖ ਦੀ ਟਹਿਣੀ 'ਤੇ ਚਾਹੇ ਬੈਠ ਸਕਦਾ ਹੈ,ਜਿੱਧਰ ਚਾਹੇ ਆਪਣੀ ਮਰਜ਼ੀ ਨਾਲ ਉੱਡ ਸਕਦਾ ਹੈ ਪਰ ਪਿੰਜ਼ਰੇ ਦਾ ਕੈਦੀ ਪੰਛੀ ਇਨ੍ਹਾਂ ਗੱਲਾਂ ਤੋਂ ਵਾਂਝਾ ਹੁੰਦਾ ਹੈ। ਉਸ ਦੀ ਆਪਣੀ ਕੋਈ ਮਰਜ਼ੀ ਨਹੀਂ ਹੁੰਦੀ। ਉਹ ਤਾਂ ਗ਼ੁਲਾਮ ਹੁੰਦਾ ਹੈ ਆਪਣੇ ਮਾਲਿਕ ਦੀ ਮਰਜ਼ੀ ਦਾ। ਜਦੋਂ ਉਸ ਦਾ ਮਾਲਿਕ ਚਾਹੇ ਉਸ ਨੂੰ ਖਾਣ ਲਈ ਦੇਵੇ, ਜਦੋਂ ਚਾਹੇ ਉਸ ਦਾ ਪਿੰਜ਼ਰਾ ਖੋਲ੍ਹ ਕੇ ਉਸ ਨੂੰ ਆਪਣੇ ਹੱਥਾਂ ਵਿੱਚ ਚੋਗ ਚੁਗਾਵੇ। ਉਹ ਦੂਸਰੇ ਦੇ ਰਹਿਮੋ-ਕਰਮ ਤੇ ਪਲ ਰਿਹਾ ਹੁੰਦਾ ਹੈ। ਜਿਸ ਨੇ ਵੀ ਆਜ਼ਾਦੀ ਦਾ ਰਸ ਚੱਖਿਆ ਹੁੰਦਾ ਹੈ ਉਸ ਲਈ ਗ਼ੁਲਾਮ ਦੀ ਜ਼ਿੰਦਗੀ ਜੀਊਣਾ ਮੌਤ ਤੋਂ ਵੀ ਬਦਤਰ ਹੁੰਦੀ ਹੈ।

ਪੰਜਾਬ ਵਾਸੀਆਂ ਨੇ ਆਪਣੇ ਰਾਜ ਦਾ ਆਨੰਦ ਮਾਣਿਆ ਸੀ। ਘਰ ਦੀ ਫੁੱਟ ਨੇ ਅਤੇ ਸ਼ਾਤਰ ਦਿਮਾਗ ਡੋਗਰਿਆਂ ਦੀਆਂ ਕੂਟ ਚਾਲਾਂ ਨੇ ਇਸ ਪੰਜਾਬ ਦੇ ਲੋਕਾਂ ਦੇ ਗਲ ਗ਼ੁਲਾਮੀ ਦੀ ਜ਼ੰਜੀਰ ਪੁਵਾ ਦਿੱਤੀ ਸੀ। ਮਹਾਰਾਜਾ ਰਣਜੀਤ ਸਿੰਘ ਦੇ ਮਰਨ ਪਿੱਛੋਂ ਉਸ ਦੇ ਕਮਜ਼ੋਰ ਵਾਰਿਸ ਇਸ ਰਾਜ ਨੂੰ ਸੰਭਾਲ ਨਹੀਂ ਸਨ ਸਕੇ। ਪੰਜਾਬ ਵੀ ਪੂਰੇ ਭਾਰਤ ਵਾਂਗ ਅੰਗਰੇਜ਼ ਦਾ ਗ਼ੁਲਾਮ ਹੋ ਕੇ ਰਹਿ ਗਿਆ ਸੀ। ਪੰਜਾਬ ਦੇ ਸੂਰਬੀਰ ਅਤੇ ਸਿਰਲੱਥ ਸੂਰਮੇ ਫਿਰ ਆਜ਼ਾਦ ਜ਼ਿੰਦਗੀ ਜੀਊਣ ਲਈ ਤਿਲਮਿਲਾ ਰਹੇ ਸਨ। ਸ਼ਾਇਦ ਇਹੀ ਕਾਰਨ ਸੀ ਕਿ ਮੁੜ ਆਜ਼ਾਦੀ ਪ੍ਰਾਪਤੀ ਦੇ ਘੋਲ ਵਿੱਚ ਕੁਰਬਾਨੀਆਂ ਦਾ ਅਨੁਪਾਤ ਦੂਸਰੇ ਲੋਕਾਂ ਨਾਲੋਂ ਪੰਜਾਬੀਆਂ ਦਾ ਜ਼ਿਆਦਾ ਰਿਹਾ ਹੈ। ਹੱਸਦੇ ਹੱਸਦੇ ਫ਼ਾਂਸੀਆਂ 'ਤੇ ਝੂਲ ਜਾਣ ਵਾਲੇ ਕੌਮੀਂ ਪ੍ਰਵਾਨਿਆਂ ਵਿੱਚ ਪੰਜਾਬੀਆਂ ਦਾ ਯੋਗਦਾਨ 90% ਰਿਹਾ ਹੈ ਜਦੋ ਕਿ ਕੁਲ ਕਾਲੇ ਪਾਣੀ ਦੀ ਸਜ਼ਾ ਭੁਗਤਣ ਵਾਲਿਆਂ ਵਿੱਚ 95% ਪੰਜਾਬੀ ਹੀ ਸਨ।

ਸੂਬਾ ਪੰਜਾਬ ਦੇ ਸ਼ਹਿਰ ਤਰਨ ਤਾਰਨ, ਜਿਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚਰਨ ਛੋਹ ਹੀ ਪ੍ਰਾਪਤ ਨਹੀਂ ਸਗੋਂ ਇਸ ਗੱਲ ਦਾ ਵੀ ਮਾਣ ਹਾਸਲ ਹੈ ਕਿ ਇਸ ਨਗਰੀ ਨੂੰ ਉਨ੍ਹਾਂ ਵੱਲੋਂ ਹੀ ਵਸਾਇਆ ਗਿਆ ਸੀ,ਇੱਕ ਸਵਤੰਤਰਤਾ ਸੰਗ੍ਰਾਮ ਦਾ ਸੈਨਾਨੀ ਸ. ਸੁਰਿੰਦਰ ਸਿੰਘ ਜੀ 'ਕੰਵਲ' ਉਮਰ ਦੇ 91 ਸਾਲ ਬਤੀਤ ਕਰਕੇ ਇਸੇ ਹੀ ਸ਼ਹਿਰ ਵਿੱਚ ਨਿਵਾਸ ਕਰ ਰਿਹਾ ਹੈ। ਉਸ ਨੇ ਆਜ਼ਾਦੀ ਦੀ ਲੜਾਈ ਵਿੱਚ ਆਪਣਾ ਯੋਗਦਾਨ ਹੀ ਨਹੀਂ ਪਾਇਆ ਸਗੋਂ ਇਸ ਇਲਾਕੇ ਦੇ ਸਮਾਜ ਸੇਵੀ ਕਾਰਜ਼ਾਂ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਲਿਆ ਹੈ। ਸਾਡੇ ਕੋਲ ਅੱਜ ਬਹੁਤ ਥੋੜ੍ਹੇ ਅਜਿਹੇ ਆਜ਼ਾਦੀ ਘੁਲਾਟੀਏ ਰਹਿੰਦੇ ਜਾ ਰਹੇ ਹਨ ਜਿਨ੍ਹਾਂ ਦੇ ਸੀਨੇ ਵਿੱਚ ਉਸ ਸਮੇਂ ਦਾ ਇਤਿਹਾਸ ਦਫਨ ਹੈ। ਮੈਂ ਕੰਵਲ ਜੀ ਨਾਲ ਆਜ਼ਾਦੀ ਪ੍ਰਾਪਤੀ ਬਾਰੇ ਜੋ ਚਰਚਾ ਕੀਤੀ ਹੈ ਉਸ ਦਾ ਸਾਰਅੰਸ਼ ਇੱਕ ਇੰਟਰਵਿਊ ਦੀ ਸ਼ਕਲ ਵਿੱਚ ਪਾਠਕਾਂ ਨਾਲ ਸਾਂਝਾ ਕਰ ਰਿਹਾ ਹਾਂ। ਸਾਡੀ ਅਜੋਕੀ ਪੀੜ੍ਹੀ ਜਿਸ ਨੇ ਸੰਨ 1947 ਤੋਂ ਬਾਅਦ ਜਨਮ ਲਿਆ ਹੈ ਉਹ ਸਵਤੰਰਤਾ ਸੰਗ੍ਰਾਮ ਬਾਰੇ ਜ਼ਿਆਦਾ ਨਹੀਂ ਜਾਣਦੇ। ਇਹ ਚਰਚਾ ਉਨ੍ਹਾਂ ਦੇ ਗਿਆਨ ਵਿੱਚ ਵੀ ਵਾਧਾ ਕਰੇਗਾ।

**ਪ੍ਰਸ਼ਨ:** ਇਸ ਤੋਂ ਪਹਿਲਾਂ ਕਿ ਮੈਂ ਤੁਹਾਡੇ ਨਾਲ ਤੁਹਾਡੀ ਜ਼ਿੰਦਗੀ ਬਾਰੇ ਚਰਚਾ ਕਰਾਂ, ਇਹ ਜਾਨਣਾ ਚਾਹੁੰਦਾ ਹਾਂ ਕਿ ਤੁਹਾਡੇ ਨਾਂ ਨਾਲ ਜਿਹੜਾ ਉਪਨਾਮ "ਕੰਵਲ" ਜੁੜਿਆ ਹੋਇਆ ਹੈ ਉਸ ਪਿੱਛੇ ਕੀ ਰਾਜ਼ ਹੈ? ਕੀ ਤੁਸੀ ਸਾਹਿਤਕਾਰ ਹੋ ਜਾਂ ਇਸ ਉਪਨਾਮ ਪਿੱਛੇ ਕੋਈ ਹੋਰ ਕਾਰਨ ਹੈ?

**ਉੱਤਰ:** ਜਦੋਂ ਸਾਡਾ ਜਮਾਨਾ ਸੀ ਤਾਂ ਸਕੂਲੇ ਦਸਵੀਂ ਜਮਾਤ ਵਿੱਚ ਪੜ੍ਹਨ ਵਾਲੇ ਮੇਰੇ ਸਹਿਪਾਠੀ ਮੁੰਡੇ ਆਪਣੇ ਨਾਂ ਨਾਲ ਕੋਈ ਨਾ ਕੋਈ ਤਖ਼ੱਲਸ (ਉਪਨਾਮ) ਲਿਖਿਆ ਕਰਦੇ ਸਨ। ਮੈਂ ਉਦੋਂ ਦਸਵੀਂ ਜਮਾਤ

ਵਿੱਚ ਪੜ੍ਹਦਾ ਸਾਂ ਜਦੋਂ ਮੈਂ ਵੀ ਆਪਣੇ ਨਾਂ ਨਾਲ ਉਪਨਾਮ ਵਜੋਂ 'ਦੁਖੀ' ਲਿਖਿਆ ਕਰਦਾ ਸਾਂ। ਜਦੋਂ ਮੇਰੇ ਪਿਤਾ ਜੀ ਨੂੰ ਇਸ ਬਾਰੇ ਪਤਾ ਲੱਗਾ ਕਿ ਮੈਂ ਆਪਣੇ ਨਾਂ ਨਾਲ ਦੁਖੀ ਉਪਨਾਮ ਵਜੋਂ ਲਿਖਦਾ ਹਾਂ ਤਾਂ ਉਹਨਾਂ ਨੇ ਮੈਨੂੰ ਕੋਲ ਬੁਲਾ ਕੇ ਬੜੇ ਪਿਆਰ ਨਾਲ ਕਿਹਾ," ਮੇਰਾ ਪੁੱਤਰ ਦੁੱਖੀ ਕਿਉਂ ਹੋਵੇ? ਮੈਂ ਚਾਹੁੰਦਾ ਹਾਂ ਉਹ ਫੁੱਲਾਂ ਵਾਗੂੰ ਮਹਿਕੇ। ਮੇਰਾ ਪੁੱਤਰ ਤਾਂ ਕੰਵਲ ਦੇ ਫੁੱਲ ਵਾਂਗ ਟਹਿਕੇਗਾ।" ਬੱਸ ਉਸੇ ਦਿਨ ਤੋਂ ਹੀ ਮੈਂ ਆਪਣੇ ਨਾਮ ਨਾਲ 'ਕੰਵਲ' ਸ਼ਬਦ ਉਪਨਾਮ ਵਜੋਂ ਲਿਖਣਾ ਸ਼ੁਰੂ ਕਰ ਦਿੱਤਾ ਸੀ। ਇਹੀ ਕਾਰਨ ਜੇ ਮੇਰੇ ਨਾਂ ਨਾਲ 'ਕੰਵਲ' ਸ਼ਬਦ ਜੁੜਨ ਦਾ।

**ਪ੍ਰਸ਼ਨ:** ਕੰਵਲ ਜੀ, ਕੀ ਤੁਸੀਂ ਆਪਣੇ ਬਚਪਨ ਅਤੇ ਆਪਣੇ ਪਰਿਵਾਰ ਸਬੰਧੀ ਵੇਰਵੇ ਮੇਰੇ ਨਾਲ ਸਾਂਝੇ ਕਰਨਾ ਪਸੰਦ ਕਰੋਗੇ?

**ਉੱਤਰ:** ਮੇਰਾ ਜਨਮ 15 ਸਤੰਬਰ,1920 ਨੂੰ ਸ੍ਰ. ਰਲਾ ਸਿੰਘ ਜੀ ਦੇ ਗ੍ਰਹਿ ਵਿਖੇ ਸ੍ਰੀਮਤੀ ਮੇਹਰਬਾਨ ਕੌਰ ਜੀ ਦੀ ਕੁੱਖੋਂ ਤਰਨ ਤਾਰਨ ਵਿੱਚ ਹੋਇਆ ਹੈ। ਤਰਨ ਤਾਰਨ ਮੇਰਾ ਨਾਨਕਾ ਸ਼ਹਿਰ ਹੈ। ਮੇਰਾ ਜਨਮ ਆਪਣੇ ਨਾਨਕਾ ਘਰ ਵਿੱਚ ਹੀ ਹੋਇਆ ਸੀ। ਅਸੀਂ ਤਿੰਨ ਭਰਾ ਸਾਂ। ਮੇਰੇ ਛੋਟੇ ਭਰਾ ਸ੍ਰ. ਇੰਦਰਜੀਤ ਸਿੰਘ ਦਾ ਦੇਹਾਂਤ ਤਾਂ ਛੋਟੀ ਉਮਰ ਵਿੱਚ ਹੀ ਹੋ ਗਿਆ ਸੀ ਜਦੋਂ ਕਿ ਦੂਸਰੇ ਭਰਾ ਦਾ ਵੀ ਪਿੱਛੇ ਜਿਹੇ ਦੇਹਾਂਤ ਹੋ ਗਿਆ ਹੈ। ਸਾਡੀਆਂ ਦੋ ਭੈਣਾਂ ਵੀ ਸਨ ਪਰ ਹੁਣ ਉਹ ਦੋਵੇਂ ਵੀ ਨਹੀਂ ਰਹੀਆਂ। ਭੈਣ ਭਰਾਵਾਂ 'ਚੋਂ ਮੈਂ ਹੁਣ ਇਕੱਲਾ ਹੀ ਰਹਿ ਗਿਆ ਹਾਂ।

**ਪ੍ਰਸ਼ਨ:** ਕੰਵਲ ਜੀ ਕੀ ਤੁਸੀਂ ਆਪਣੀ ਵਿੱਦਿਅਕ ਯੋਗਤਾ ਬਾਰੇ ਵੀ ਚਾਨਣਾ ਪਾਓ?

**ਉੱਤਰ:** ਮੈਂ ਆਪਣੀ ਪ੍ਰਾਇਮਰੀ ਤੱਕ ਦੀ ਪੜ੍ਹਾਈ ਸੰਤ ਸਿੰਘ ਸੁੱਖਾ ਸਿੰਘ ਸਕੂਲ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ ਹੈ। ਫਿਰ ਮੈਂ ਤਰਨ ਤਾਰਨ ਸ਼ਹਿਰ ਦੇ ਸ੍ਰੀ ਗੁਰੂ ਅਰਜਨ ਦੇਵ ਖਾਲਸਾ ਹਾਈ ਸਕੂਲ ਵਿੱਚ ਦਾਖ਼ਲ ਹੋ ਗਿਆ ਸਾਂ ਜਿੱਥੋਂ ਸੰਨ 1937 ਵਿੱਚ ਮੈਟਰਿਕ ਪਾਸ ਕੀਤੀ। ਇਸ ਤੋਂ ਅੱਗੇ ਦੀ ਪੜ੍ਹਾਈ ਲਈ ਮੈਂ ਕਾਲਜ ਨਹੀਂ ਸਾਂ ਜਾ ਸਕਿਆ ਅਤੇ ਐਫ.ਏ. ਅੰਗਰੇਜ਼ੀ ਦੀ ਪੜ੍ਹਾਈ ਪ੍ਰਾਈਵੇਟ ਵਿੱਦਿਆਰਥੀ ਵਜੋਂ ਹੀ ਕੀਤੀ ਹੈ। ਗਿਆਨੀ ਦੀ ਪ੍ਰੀਖਿਆ ਮੈਂ 1940 ਵਿੱਚ ਪਾਸ ਕੀਤੀ।

ਵਿੱਦਿਆਰਥੀ ਜੀਵਨ ਵੀ ਜ਼ਿਦਗੀ ਦਾ ਅਜ਼ੀਬ ਸਮਾਂ ਹੁੰਦਾ ਹੈ। ਮੈਨੂੰ ਯਾਦ ਹੈ ਮੇਰਾ ਛੋਟਾ ਭਰਾ ਇੰਦਰਜੀਤ ਸਿੰਘ ਬਹੁਤ ਬੀਮਾਰ ਪੈ ਗਿਆ ਸੀ। ਉਸ ਵਾਸਤੇ ਅੰਮ੍ਰਿਤਸਰ ਦੇ ਸਾਰੇ ਸਰੋਵਰਾਂ ਦਾ ਜਲ ਲਿਆਉਣ ਲਈ ਘਰ ਦਿਆਂ ਵੱਲੋਂ ਮੇਰੀ ਡੀਊਟੀ ਲਾਈ ਗਈ। ਮੈਂ ਸਕੂਲ ਚੋਂ ਛੁੱਟੀ ਲਏ ਬਗੈਰ ਹੀ ਅੰਮ੍ਰਿਤਸਰ ਚਲਾ ਗਿਆ। ਅਗਲੇ ਦਿਨ ਜਦੋਂ ਮੈਂ ਸਕੂਲ ਗਿਆ ਤਾਂ ਕਲਾਸ ਟੀਚਰ ਨੇ ਮੇਰੇ ਕੋਲੋਂ ਗੈਰਹਾਜ਼ਰ ਰਹਿਣ ਦਾ ਕਾਰਨ ਜਾਣੇ ਬਿਨਾਂ ਹੀ ਮੈਨੂੰ ਕਲਾਸ ਵਿੱਚ ਖੜਾ ਕਰ ਦਿੱਤਾ। ਸਬੱਬ ਨਾਲ ਉੱਧਰੋਂ ਹੈਡਮਾਸਟਰ ਸਾਹਿਬ ਲੰਘ ਰਹੇ ਸਨ। ਮੈਨੂੰ ਕਲਾਸ ਵਿੱਚ ਖੜਾ ਕੀਤਾ ਵੇਖ ਕੇ ਉਹ ਕਲਾਸ ਵਿੱਚ ਆ ਗਏ ਅਤੇ ਕਲਾਸ ਟੀਚਰ ਤੋਂ ਮੈਨੂੰ ਖੜਾ ਕਰਨ ਦਾ ਕਾਰਨ ਪੁੱਛਿਆ। ਕਲਾਸ ਟੀਚਰ ਨੇ ਦੱਸਿਆ ਸੀ ਕਿ ਇਹ ਕੱਲ੍ਹ ਸਕੂਲ ਤੋਂ ਗੈਰਹਾਜ਼ਰ ਰਿਹਾ ਹੈ। ਹੈਡਮਾਸਟਰ ਸਾਹਿਬ ਨੇ ਟੀਚਰ ਨੂੰ ਕਿਹਾ ਕਿ ਉਸ ਨੂੰ ਚਾਹੀਦਾ ਸੀ ਕਿ ਉਹ ਗੈਰਹਾਜ਼ਰ ਰਹਿਣ ਦਾ ਕਾਰਨ ਤਾਂ ਪੁੱਛਦਾ। ਫਿਰ ਅਫ਼ਸੋਸ ਨਾਲ ਉਨ੍ਹਾਂ ਨੇ ਟੀਚਰ ਨੂੰ ਦੱਸਿਆ ਕਿ ਇਹ(ਸੁਰਿੰਦਰ) ਆਪਣੇ ਛੋਟੇ ਭਰਾ ਵਾਸਤੇ ਜਿਹੜਾ ਕਿ ਬੀਮਾਰ ਸੀ, ਅੰਮ੍ਰਿਤਸਰ ਦੇ ਸਾਰੇ ਸਰੋਵਰਾਂ ਦਾ ਜਲ ਲੈਣ ਗਿਆ ਸੀ ਅੱਜ ਉਸ ਦੀ ਮੌਤ ਹੋ ਗਈ ਹੈ। ਕਲਾਸ ਟੀਚਰ ਨੂੰ ਆਪਣੇ ਕੀਤੇ 'ਤੇ ਬਹੁਤ ਅਫ਼ਸੋਸ ਹੋਇਆ ਸੀ।

**ਪ੍ਰਸ਼ਨ:** ਕੰਵਲ ਜੀ, ਹੁਣ ਤੁਸੀਂ ਆਪਣੇ ਵਿਅਹੁਤਾ ਜੀਵਨ ਬਾਰੇ ਵੀ ਕੁਝ ਗੱਲਾਂ ਸਾਡੇ ਨਾਲ ਸਾਂਝੀਆਂ ਕਰਨੀਆਂ ਚਾਹਵੋਗੇ?

**ਉੱਤਰ:** ਮੇਰੀ ਸ਼ਾਦੀ ਸ਼੍ਰੀਮਤੀ ਜਸਵਿੰਦਰ ਕੌਰ ਸਪੁੱਤਰੀ ਲਾਲਾ ਕੇਸਰ ਮੱਲ ਜੀ ਸਹਿਜਧਾਰੀ ਸਿੱਖ,ਜਿਹੜੇ ਕਿ ਗੁਜਰਾਂਵਾਲਾ (ਹੁਣ ਪਾਕਿਸਤਾਨ) ਦੇ ਰਹਿਣ ਵਾਲੇ ਸਨ,ਨਾਲ ਸੰਨ 1940 ਵਿੱਚ ਹੋਈ। ਮੇਰੀ ਸ਼ਾਦੀ ਹੋਣ ਨਾਲ ਵੀ ਇੱਕ ਘਟਨਾ ਜੁੜੀ ਹੋਈ ਹੈ। ਮੇਰਾ ਇੱਕ ਦੋਸਤ ਸੀ ਜਿਹੜਾ ਚਾਹੁੰਦਾ ਸੀ ਕਿ ਮੇਰੀ ਸ਼ਾਦੀ ਉਸ ਦੀ ਭੈਣ ਨਾਲ ਹੋਵੇ ਪਰ ਉਸ ਦੀ ਮਾਂ ਇੱਕ ਕੱਟੜ ਅਕਾਲੀ ਪਰਿਵਾਰ ਦੀ ਸੀ। ਕੁਝ ਕਾਰਨਾਂ ਕਰਕੇ ਮੇਰੀ ਸ਼ਾਦੀ ਉੱਥੇ ਨਹੀਂ ਸੀ ਹੋ ਸਕੀ। ਬਾਅਦ ਵਿੱਚ ਮੇਰਾ ਵਿਆਹ ਲਾਲਾ ਕੇਸਰ ਮੱਲ ਜੀ ਦੀ ਲੜਕੀ ਨਾਲ ਹੋ ਗਿਆ ਸੀ। ਮੇਰੀ ਸੰਤਾਨ ਵਜੋਂ ਮੇਰੇ ਚਾਰ ਲੜਕੇ ਅਤੇ ਇੱਕ ਲੜਕੀ ਹੈ। ਸਾਰੇ ਬੱਚੇ ਹੀ ਚੰਗੇ ਪੜ੍ਹੇ-ਲਿਖੇ ਹਨ। ਮੇਰਾ ਸਭ ਤੋਂ ਵੱਡਾ ਲੜਕਾ ਨਿਰਪਿੰਦਰ ਸਿੰਘ M.A.(Army),M.M.S, ਅਰਵਿੰਦਰ ਕੌਰ M.A. ਵਾਇਸ ਪ੍ਰਿਸੀਪਲ ਮਾਤਾ ਗੰਗਾ ਗਰਲਜ ਕਾਲਜ ਤਰਨ ਤਾਰਨ,ਗੁਰਬਰਿੰਦਰ ਸਿੰਘ B.A.,L.L.B ਐਡਵੋਕੇਟ (ਜਿਸ ਨੂੰ ਸਾਰੇ ਪਿਆਰ ਨਾਲ ਪ੍ਰਿੰਸ ਕਹਿਦੇ ਸਨ ਅਤੇ ਜਿਹੜਾ ਪੇਸ਼ੇ ਪੱਖੋਂ ਵਕੀਲ ਸੀ,ਉਸ ਦਾ ਵੀ ਹੁਣ ਦੇਹਾਂਤ ਹੋ ਚੁੱਕਾ ਹੈ),ਸਰਬਰਿੰਦਰ ਸਿੰਘ B.A.,ਹਰਬਰਿੰਦਰ ਸਿੰਘ M.A., B.SC.,B.ED ਵਿੱਦਿਆ ਪ੍ਰਾਪਤ ਹਨ। ਕੁਲ ਮਿਲਾ ਕੇ ਕਹਿ ਸਕਦਾ ਹਾਂ ਕਿ ਮੇਰਾ ਪਰਿਵਾਰ ਇੱਕ ਸੁਖੀ ਪਰਿਵਾਰ ਹੈ।

**ਪ੍ਰਸ਼ਨ:** ਤੁਸੀਂ ਇੱਕ ਸੰਵਤੰਤਰਤਾ ਸੈਨਾਨੀ ਵਜੋਂ ਜਾਣੇ ਜਾਂਦੇ ਹੋ। ਕੀ ਤੁਸੀਂ ਦੱਸੋਗੇ ਕਿ ਤੁਹਾਨੂੰ ਦੇਸ਼ ਭਗਤੀ ਦੀ ਚੇਟਕ ਕਿਵੇਂ ਲੱਗੀ? ਕੀ ਇਸ ਪਿੱਛੇ ਕੋਈ ਘਟਨਾ ਸੀ ਜਾਂ ਕਿਸੇ ਵਿਅਕਤੀ ਦਾ ਪ੍ਰਭਾਵ ਜਿਸ ਨੇ ਤੁਹਾਨੂੰ ਇਧਰ ਆਉਣ ਲਈ ਪਰੇਰਿਆ ਸੀ?

**ਉੱਤਰ:** ਜਿਵੇਂ ਕਿ ਮੈਂ ਪਹਿਲਾਂ ਵੀ ਦੱਸਿਆ ਹੈ ਕਿ ਸਾਡਾ ਪ੍ਰਿੰਟਿੰਗ ਪ੍ਰੈਸ ਬਜ਼ਾਰ ਮਾਈ ਸੇਵਾਂ ਵਿੱਚ ਹੁੰਦਾ ਸੀ। ਇਹ ਦੁਕਾਨਾਂ ਸਾਡੀਆਂ ਆਪਣੀਆਂ ਸਨ। ਜਦੋਂ ਅਕਾਲੀ ਜਥੇ ਗ੍ਰਿਫਤਾਰੀ ਵਾਸਤੇ ਸਾਡੀ ਦੁਕਾਨ ਦੇ ਅੱਗਿਓਂ ਲੰਘਿਆ ਕਰਦੇ ਸਨ ਤਾਂ ਮੈਂ ਦੁਕਾਨ ਤੇ ਬੈਠਾ ਹੋਇਆ ਅਕਸਰ ਹੀ ਉਨ੍ਹਾਂ ਨੂੰ ਵੇਖਿਆ ਕਰਦਾ ਸਾਂ। ਬਜ਼ਾਰ ਮਾਈ ਸੇਵਾਂ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨੇੜੇ ਹੀ ਹੈ। ਉਨ੍ਹਾਂ ਜੱਥਿਆਂ ਵਿੱਚ ਜੋਸ਼ ਵੇਖ ਕੇ ਮੇਰਾ ਮਨ ਵੀ ਕਰਿਆ ਕਰਦਾ ਸੀ ਕਿ ਮੈਂ ਵੀ ਦੇਸ਼ ਦੀ ਆਜ਼ਾਦੀ ਵਾਸਤੇ ਆਪਣੀ ਗ੍ਰਿਫ਼ਤਾਰੀ ਦੇਵਾਂ। ਸ਼ਹੀਦ ਭਗਤ ਸਿੰਘ ਜੀ ਨੂੰ ਜਦੋਂ ਫਾਂਸੀ ਲੱਗੀ ਸੀ ਤਾਂ ਮੈਂ ਉਸ ਸਮੇਂ ਚੌਥੀ ਵਿੱਚ ਪੜ੍ਹਦਾ ਸਾਂ। ਅਗਲੇ ਦਿਨ ਜਲ੍ਹਿਆਂਵਾਲੇ ਬਾਗ਼ ਵਿੱਚ ਇੱਕ ਬਹੁਤ ਵੱਡਾ ਇਕੱਠ ਹੋਇਆ। ਸ਼ਹਿਰ ਵਿੱਚੋਂ ਨਿਕਲਣ ਵਾਲੇ ਜਲੂਸ ਵਿੱਚ ਵੀ ਮੈਂ ਸ਼ਾਮਲ ਹੋਇਆ ਸਾਂ। ਮੈਂ ਵੇਖਿਆ ਸੀ ਕਿ ਜਲੂਸ ਵਿੱਚ ਸ਼ਾਮਲ ਲੋਕੀਂ ਆਪਣੀਆਂ ਛਾਤੀਆਂ ਪਿੱਟਦੇ ਸਨ, ਰੋਂਦੇ ਸਨ ਅਤੇ ਨਾਲੇ ਇਹ ਗ਼ੀਤ ਗਾਉਂਦੇ ਸਨ। ਉਹ ਗ਼ੀਤ ਮੈਨੂੰ ਅੱਜ ਵੀ ਯਾਦ ਹੈ:-

**"ਭਾਰਤ ਮਾਤਾ ਪੁਕਾਰਦੀ ਆਜਾ ਭਗਤ ਸਿੰਘ ਪਿਆਰਿਆ।**
**ਹਾਏ! ਰੋ ਰੋ ਕੇ ਰਾਤਾਂ ਗੁਜ਼ਾਰਦੀ ਆਜਾ ਅੱਖਾਂ ਦੇ ਤਾਰਿਆ।**
**ਤੇਈ ਤਰੀਕ ਦੇ ਸਤ ਵਜੇ ਸ਼ੇਰਾਂ ਨੂੰ ਫਾਂਸੀ ਤੇ ਚਾੜ੍ਹਿਆ।**
**ਹਾਏ!ਸਤਲੁਜ ਦੇ ਕੰਢੇ ਤੇ ਜਾਏ ਕੇ ਮਿੱਟੀ ਦੇ ਤੇਲ ਨਾਲ ਸਾੜਿਆ।**
**ਹੁਣ ਲਹੂ ਤੇਰਾ ਪੀਵਾਂਗੇ, ਫਾਂਸੀ ਤੇ ਚਾੜ੍ਹਨ ਵਾਲਿਆ।"**

ਇਹ ਗੀਤ ਅੱਜ ਵੀ ਮੇਰੇ ਕੰਨਾਂ ਵਿੱਚ ਗੂੰਜਦਾ ਹੈ। ਜਲੂਸ ਵਿੱਚ ਸ਼ਾਮਲ ਮੈਂ ਵੀ ਉਨ੍ਹਾਂ ਨਾਲ ਇਹ ਗੀਤ ਗਾਉਂਦਾ ਹੁੰਦਾ ਸਾਂ। ਮੇਰੇ ਮਨ ਵਿੱਚ ਆਉਣ ਵਾਲੇ ਜਜ਼ਬਾਤਾਂ ਦਾ ਮੇਰੇ ਮਨ ਤੇ ਵੀ ਡਾਢਾ ਅਸਰ ਸੀ ਜਿਸ ਨੇ ਮੇਰੀ ਸੋਚ ਦੀ ਮੁਹਾਰ ਇਸ ਸੰਗ੍ਰਾਮ ਵਿੱਚ ਕੁੱਦ ਜਾਣ ਵੱਲ ਮੋੜੀ ਸੀ।

**ਪ੍ਰਸ਼ਨ:** ਜਿੱਥੋਂ ਤੱਕ ਮੈਂ ਜਾਣਦਾ ਹਾਂ, ਤਰਨ ਤਾਰਨ ਸ਼ਹਿਰ ਦੇ ਹੀ ਰਹਿਣ ਵਾਲੇ ਸ. ਅਰਜਨ ਸਿੰਘ ਜੀ 'ਗੜਗੱਜ'ਵੀ ਸਵਤੰਤਰਤਾ ਸੰਗਰਾਮ ਦੇ ਮੋਢੀਆਂ ਵਿੱਚੋਂ ਇੱਕ ਸਨ ਅਤੇ ਉਹ ਅੰਮ੍ਰਿਤਸਰ ਤੋਂ ਨਿਕਲਣ ਵਾਲੇ 'ਕਿਰਤੀ' ਅਖ਼ਬਾਰ ਦੇ ਐਡੀਟਰ ਵੀ ਸਨ। ਇਹ ਵੀ ਕਿਹਾ ਜਾਂਦਾ ਹੈ ਕਿ ਸ਼ਹੀਦ ਸ. ਭਗਤ ਸਿੰਘ ਜੀ ਨੇ ਉਨ੍ਹਾਂ ਨਾਲ ਇਸ ਅਖ਼ਬਾਰ ਦੇ ਦਫ਼ਤਰ ਵਿੱਚ ਵੀ ਕੰਮ ਕੀਤਾ ਸੀ। ਕੀ ਤੁਹਾਡਾ ਵੀ ਕਦੇ ਸ. ਭਗਤ ਸਿੰਘ ਜੀ ਨਾਲ ਮੇਲ ਹੋਇਆ ਸੀ ਜਾਂ ਨਹੀਂ? ਜੇ ਹਾਂ ਤਾਂ ਉਨ੍ਹਾਂ ਨਾਲ ਹੋਈ ਗੱਲਬਾਤ ਬਾਰੇ ਦੱਸੋ?

**ਉੱਤਰ:** ਸ. ਅਰਜਨ ਸਿੰਘ 'ਗੜਗੱਜ' ਤਰਨ ਤਾਰਨ ਸ਼ਹਿਰ ਦੇ ਹੀ ਰਹਿਣ ਵਾਲੇ ਸਨ। ਉਨ੍ਹਾਂ ਦਾ ਮਕਾਨ ਦਰਬਾਰ ਸਾਹਿਬ ਦੇ ਨੇੜੇ ਹੀ ਨੂਰਦੀ ਬਜ਼ਾਰ ਵਾਲੇ ਪਾਸੇ ਸੀ। ਉਹ ਸਾਨੂੰ ਆਪਣੇ ਨਾਲ ਦਰਬਾਰ ਸਾਹਿਬ ਤਰਨ ਤਾਰਨ ਦੀ ਪ੍ਰਕਰਮਾ ਵਿੱਚ ਲੈ ਜਾਇਆ ਕਰਦੇ ਸਨ ਅਤੇ ਦੇਸ਼ ਦੀ ਆਜ਼ਾਦੀ ਵਾਸਤੇ ਜੂਝ ਰਹੇ ਕੌਮੀ ਪ੍ਰਵਾਨਿਆਂ ਦੀਆਂ ਅਤੇ ਦੂਸਰੇ ਦੇਸ਼ਾਂ ਦੇ ਕ੍ਰਾਂਤੀਕਾਰੀਆਂ ਦੀਆਂ ਗੱਲਾਂ ਸੁਣਾਇਆ ਕਰਦੇ ਸਨ। ਮੇਰਾ ਉਨ੍ਹਾਂ ਨਾਲ ਸਾਥ ਉਨ੍ਹਾਂ ਦੀ ਮੌਤ ਤੱਕ ਰਿਹਾ ਹੈ। ਇਹ ਠੀਕ ਹੈ ਉਨ੍ਹਾਂ ਦੇ ਸਾਥੀ ਵਜੋਂ ਸ. ਭਗਤ ਸਿੰਘ ਜੀ ਵੀ ਉਨ੍ਹਾਂ ਨਾਲ ਵਿਚਰੇ ਸਨ ਪਰ ਮੈਨੂੰ ਕਦੇ ਵੀ ਸ਼ਹੀਦ ਭਗਤ ਸਿੰਘ ਨਾਲ ਮਿਲਣ ਦਾ ਮੌਕਾ ਨਹੀਂ ਸੀ ਮਿਲਿਆ ਕਿਉਂਕਿ ਉਸ ਸਮੇਂ ਮੇਰੀ ਉਮਰ ਬਹੁਤ ਛੋਟੀ ਸੀ। ਮੈਂ ਅਜੇ ਚੌਥੀ ਜਮਾਤ ਵਿੱਚ ਹੀ ਸਾਂ ਜਦੋਂ ਸ. ਭਗਤ ਸਿੰਘ ਜੀ ਨੂੰ ਫ਼ਾਂਸੀ ਹੋ ਗਈ ਸੀ।

**ਪ੍ਰਸ਼ਨ:** ਕੰਵਲ ਜੀ ਕੀ ਤੁਸੀਂ ਦੱਸੋਗੇ ਕਿ ਆਜ਼ਾਦੀ ਸੰਗ੍ਰਾਮ ਵਿੱਚ ਤੁਹਾਡਾ ਕੀ ਯੋਗਦਾਨ ਰਿਹਾ ਹੈ? ਮੈਂ ਜਾਨਣਾ ਚਾਹੁੰਦਾ ਹਾਂ ਤੁਸਾਂ ਆਜ਼ਾਦੀ ਪ੍ਰਾਪਤੀ ਲਈ ਕੀ ਕੀਤਾ ਹੈ ਜਿਸ ਦੇ ਆਧਾਰ ਤੇ ਤੁਹਾਨੂੰ ਸਵਤੰਤਰਤਾ ਸੈਨਾਨੀ ਦੇ ਤੌਰ 'ਤੇ ਜਾਣਿਆ ਜਾਂਦਾ ਹੈ?

**ਉੱਤਰ:** ਮੈਂ ਤੁਹਾਨੂੰ ਪਹਿਲਾਂ ਵੀ ਦੱਸਿਆ ਹੈ ਕਿ ਬਚਪਨ ਵਿੱਚ ਜਦੋਂ ਅਕਾਲੀ ਜਥੇ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਗ੍ਰਿਫਤਾਰੀ ਲਈ ਜਾਇਆ ਕਰਦੇ ਸਨ ਤਾਂ ਮੈਂ ਆਪਣੀ ਦੁਕਾਨ ਤੇ ਬੈਠਾ ਉਨ੍ਹਾਂ ਨੂੰ ਵੇਖਿਆ ਕਰਦਾ ਸਾਂ। ਉਨ੍ਹਾਂ ਦੇ ਜ਼ੋਸ਼ ਨੂੰ ਵੇਖ ਕੇ ਮੇਰਾ ਬਾਲ ਮਨ ਵੀ ਦੇਸ਼ ਦੀ ਆਜ਼ਾਦੀ ਵਿੱਚ ਕੁਝ ਕਰਨ ਲਈ ਮਚਲਦਾ ਰਹਿੰਦਾ ਸੀ। ਜਦੋਂ ਮੈਂ ਜਵਾਨ ਹੋ ਗਿਆ ਤਾਂ ਮੈਂ ਕਾਂਗਰਸ ਜਮਾਤ ਵੱਲੋਂ ਭਾਰਤ ਮਾਤਾ ਦੀ ਆਜ਼ਾਦੀ ਲਈ ਦਿੱਤੀ ਹੋਈ ਹਰ ਕਾਲ ਤੇ ਅੱਗੇ ਵੱਧ ਕੇ ਕੰਮ ਕੀਤਾ ਹੈ। ਉਸ ਸਮੇਂ ਅੰਗਰੇਜ਼ ਲੜਾਈਆਂ ਵਿੱਚ ਉਲਝਿਆ ਹੋਇਆ ਸੀ। ਸਾਡੇ ਲੀਡਰਾਂ ਦੀ ਸੋਚ ਸੀ ਕਿ ਅਸੀਂ ਹੁਣ ਅੰਗਰੇਜ਼ ਨਾਲ ਫੈਸਲਾਕੁਨ ਲੜਾਈ ਲੜਨੀ ਹੈ ਅਤੇ ਆਜ਼ਾਦੀ ਪ੍ਰਾਪਤੀ ਲਈ ਇਹ ਲੜਾਈ ਸਾਡੀ ਆਖ਼ਰੀ ਹੋਵੇਗੀ। ਮੋਰਚਾ ਅਜੇ ਲੱਗਾ ਨਹੀਂ ਸੀ ਕਿ ਇੱਕ ਦਿਨ ਮੈਂ ਆਪਣੇ ਪਿਤਾ ਜੀ ਨੂੰ ਕਿਹਾ,"ਪਿਤਾ ਜੀ ਮੈਂ ਵੀ ਆਜ਼ਾਦੀ ਸੰਗ੍ਰਾਮ ਵਿੱਚ ਗ੍ਰਿਫਤਾਰੀ ਦੇਣੀ ਹੈ।" ਉਨ੍ਹਾਂ ਦਾ ਕਹਿਣਾ ਸੀ ਕਿ "ਪੁੱਤਰਾ! ਇਹ ਹੀ ਸਮਾਂ ਹੈ ਸਵਾਹ ਤੋਂ ਸੋਨਾ ਬਣਾਉਣ ਦਾ। ਜੇਕਰ ਜ਼ਿੰਦਗੀ ਵਿੱਚ ਤੂੰ ਕੁਝ ਕਮਾਉਣਾ ਚਾਹੁੰਦਾ ਏਂ ਤਾਂ ਨਿਠ ਕੇ ਕੰਮ ਵੱਲ ਧਿਆਨ ਦੇ।" ਮੈਂ ਉਨ੍ਹਾਂ

ਦੀ ਇਸ ਦਲੀਲ ਨਾਲ ਸਹਿਮਤ ਨਾ ਹੁੰਦਿਆਂ ਹੋਇਆਂ ਕਿਹਾ ਸੀ,"ਪਿਤਾ ਜੀ, ਜ਼ਿੰਦਗੀ ਵਿੱਚ ਪੈਸੇ ਕਮਾਉਣ ਦੇ ਮੌਕੇ ਤਾਂ ਬਹੁਤ ਮਿਲ ਜਾਣਗੇ ਪਰ ਦੇਸ਼ ਲਈ ਕੁਝ ਕਰਨ ਦਾ ਮੌਕਾ ਵਾਰ ਵਾਰ ਨਹੀਂ ਲੱਭਣਾ। ਦੇਸ਼ ਲਈ ਕੁਝ ਕਰਨ ਦੀ ਦਿੱਤੀ ਹੋਈ ਕਾਲ ਤਾਂ ਰੋਜ਼ ਰੋਜ਼ ਨਹੀਂ ਆਉਣੀ।" ਮੇਰਾ ਦ੍ਰਿੜ ਨਿਸਚਾ ਵੇਖ ਕੇ ਉਨ੍ਹਾਂ ਦਾ ਜਵਾਬ ਸੀ, "ਠੀਕ ਆ, ਮੈਂ ਤੈਨੂੰ ਇੱਕ ਸ਼ਰਤ ਤੇ ਇਜ਼ਾਜਤ ਦੇ ਸਕਦਾ ਹਾਂ। ਤੂੰ ਮੁਆਫ਼ੀ ਮੰਗ ਕੇ ਨਹੀਂ ਆਵੇਂਗਾ। ਜੇਕਰ ਮੁਆਫ਼ੀ ਮੰਗ ਕੇ ਆਇਆ ਤਾਂ ਮੈਂ ਤੈਨੂੰ ਕਦੇ ਵੀ ਮੁਆਫ਼ ਨਹੀਂ ਕਰਾਂਗਾ। ਸਗੋਂ ਸਜ਼ਾ ਦੇਵਾਂਗਾ ਅਤੇ ਘਰੋਂ ਬੇਦਖ਼ਲ ਕਰ ਦੇਵਾਂਗਾ।"

**ਪ੍ਰਸ਼ਨ:** ਮੈਂ ਜਾਣਦਾ ਹਾਂ ਕਿ ਸ਼ਹਿਰ ਤਰਨ ਤਾਰਨ ਵਿੱਚ ਤੁਹਾਡਾ ਪ੍ਰਿੰਟਿੰਗ ਪਰੈਸ "ਪੰਜਾਬ ਕੁਮਰਸ਼ਲ ਪਰੈਸ" ਹੈ। ਕੀ ਤੁਸੀਂ ਆਜ਼ਾਦੀ ਸੰਗਰਾਮ ਸਮੇਂ ਇਸ ਨੂੰ ਲੋਕ ਚੇਤਨਾ ਵਾਸਤੇ ਛਪਣ ਵਾਲੇ ਪਰਚਿਆਂ ਲਈ ਵੀ ਵਰਤਦੇ ਸੀ? ਮੇਰਾ ਭਾਵ ਹੈ ਕਿ ਤੁਹਾਡੇ ਪ੍ਰੈਸ ਤੋਂ ਕ੍ਰਾਂਤੀਕਾਰੀ ਸਾਹਿਤ ਦੀ ਵੀ ਪ੍ਰਕਾਸ਼ਨਾ ਹੁੰਦੀ ਸੀ ਜਾਂ ਇਹ ਤੁਹਾਡੇ ਰੁਜ਼ਗਾਰ ਦਾ ਹੀ ਸਾਧਨ ਰਿਹਾ ਹੈ?

**ਉੱਤਰ:** ਮੇਰੇ ਪਿਤਾ ਜੀ ਨੇ ਇਹ ਪ੍ਰਿੰਟਿੰਗ ਪ੍ਰੈਸ ਅੰਮ੍ਰਿਤਸਰ ਸ਼ਹਿਰ ਵਿੱਚ 07 ਜੁਲਾਈ,1906 ਨੂੰ ਲਾਇਆ ਸੀ। ਉਸ ਸਮੇਂ ਅੰਮ੍ਰਿਤਸਰ ਵਿੱਚ ਕੇਵਲ ਤਿੰਨ ਹੀ ਪ੍ਰੈਸ ਸਨ ਜਿਨ੍ਹਾਂ 'ਚੋਂ ਇੱਕ ਇਹ ਵੀ ਸੀ। ਇਸ ਪ੍ਰੈਸ ਤੋਂ ਭਾਈ ਰਲਾ ਸਿੰਘ ਐਂਡ ਸੰਨਜ਼ ਦੇ ਨਾਂ ਹੇਠਾਂ ਹੀ ਪ੍ਰਕਾਸ਼ਨਾ ਹੁੰਦੀ ਸੀ। ਅੰਮ੍ਰਿਤਸਰ ਤੋਂ ਤਰਨ ਤਾਰਨ ਪ੍ਰੈਸ ਤਬਦੀਲ ਕਰਨ ਪਿੱਛੇ ਵੱਡਾ ਕਾਰਨ ਇਹ ਸੀ ਕਿ ਮੇਰੇ ਪਿਤਾ ਜੀ ਨੂੰ ਰੋਜ਼ਾਨਾ ਹੀ ਤਰਨ ਤਾਰਨ ਤੋਂ ਅੰਮ੍ਰਿਤਸਰ ਪ੍ਰੈਸ ਦੇ ਕਾਰੋਬਾਰੀ ਸਿਲਸਲੇ ਵਿੱਚ ਜਾਣਾ ਪੈਂਦਾ ਸੀ। ਅਖ਼ੀਰ ਫ਼ੈਸਲਾ ਹੋਇਆ ਕਿ ਇਸ ਰੋਜ਼ ਦੀ ਭੱਜ ਨੱਠ ਤੋਂ ਛੁਟਕਾਰਾ ਪਾਇਆ ਜਾਵੇ। ਅੰਮ੍ਰਿਤਸਰ ਕਮਾ ਕੇ ਤਰਨ ਤਾਰਨ ਲਿਆ ਕੇ ਖਾਣ ਵਿੱਚ ਵੀ ਤਾਂ ਕੋਈ ਤੁਕ ਨਹੀਂ ਹੈ। ਜਾਂ ਤਾਂ ਅੰਮ੍ਰਿਤਸਰ ਸ਼ਿਫਟ ਕਰ ਲਿਆ ਜਾਵੇ ਜਾਂ ਫਿਰ ਪ੍ਰੈਸ ਨੂੰ ਹੀ ਤਰਨ ਤਾਰਨ ਸ਼ਿਫਟ ਕਰ ਲਿਆ ਜਾਵੇ। ਉਸ ਸਮੇਂ ਮੈਂ ਦਸਵੀਂ ਜਮਾਤ ਪਾਸ ਕਰ ਲਈ ਸੀ ਅਤੇ ਮੈਂ ਵੀ ਰੋਜ਼ ਹੀ ਪਿਤਾ ਜੀ ਨਾਲ ਅੰਮ੍ਰਿਤਸਰ ਜਾਇਆ ਕਰਦਾ ਸਾਂ।ਰੋਜ਼ਾਨਾ ਅੰਮ੍ਰਿਤਸਰ ਜਾਣ ਆਉਣ ਵਿੱਚ ਮੈਨੂੰ ਵੀ ਥਕਾਵਟ ਹੋ ਜਾਂਦੀ ਸੀ ਅਤੇ ਮੈਨੂੰ ਸਿਰ ਦਰਦ ਹੋਣ ਲੱਗ ਪੈਂਦੀ ਸੀ। ਬਾਅਦ ਵਿੱਚ ਅਸੀਂ ਇਹ ਪ੍ਰੈਸ 08 ਮਈ,1938 ਨੂੰ ਤਰਨ ਤਾਰਨ ਸ਼ਹਿਰ ਵਿੱਚ ਲਾ ਲਿਆ ਸੀ।

ਪ੍ਰੈਸ ਦਾ ਸਾਰੇ ਕੰਮ ਦੀ ਦੇਖਭਾਲ ਮੇਰੇ ਪਿਤਾ ਜੀ ਹੀ ਕਰਦੇ ਸਨ। ਸਾਡੇ ਪ੍ਰੈਸ ਤੇ ਜ਼ਿਆਦਾ ਕਰਕੇ ਛਪਾਈ ਇਸ਼ਤਿਹਾਰ ਆਦਿ ਦੀ ਹੁੰਦੀ ਸੀ,ਜਿਹੜੀ ਕਿ ਸਾਡੇ ਰੁਜ਼ਗਾਰ ਦਾ ਵਸੀਲਾ ਸੀ। ਮੇਰੇ ਪਿਤਾ ਜੀ ਨੇ ਸ਼ਾਇਦ ਇਹ 1906 ਦੀ ਗੱਲ ਹੀ ਹੈ, ਇੱਕ ਪੱਤਰਕਾ ਜਿਸ ਦਾ ਨਾਂ ਸੀ "ਪੰਜਾਬ ਕੇਸਰੀ" ਛਾਪਣਾ ਸ਼ੁਰੂ ਕੀਤਾ ਸੀ ਜਿਸ ਵਿੱਚ ਸਰਕਾਰ ਵਿਰੋਧੀ ਮਸਾਲਾ ਛੱਪਦਾ ਹੁੰਦਾ ਸੀ। ਇਸ ਦੇ ਤਿੰਨ ਕੁ ਅੰਕ ਹੀ ਛਪੇ ਸਨ ਕਿ ਸਾਡੇ ਰਿਸ਼ਤੇਦਾਰਾਂ ਦੇ ਕਹਿਣ ਤੇ ਪਿਤਾ ਜੀ ਨੇ ਇਸ ਨੂੰ ਬੰਦ ਕਰ ਦਿੱਤਾ ਸੀ। ਸੱਚ ਤਾਂ ਇਹੀ ਹੈ ਕਿ ਇਹ ਜ਼ਿਆਦਾ ਕਰਕੇ ਸਾਡੀ ਰੋਜ਼ੀ ਰੋਟੀ ਦਾ ਵਸੀਲਾ ਹੀ ਸੀ। ਕ੍ਰਾਂਤੀਕਾਰੀ ਸਾਹਿਤ ਦੀ ਛਪਾਈ ਬਾਰੇ ਮੈਂ ਕਹਾਂਗਾ ਨਹੀਂ।

**ਪ੍ਰਸ਼ਨ:** ਕੀ ਤੁਸੀਂ ਆਪਣੀਆਂ ਸਿਆਸੀ ਗਤੀਵਿੱਧੀਆਂ ਬਾਰੇ ਵੀ ਚਾਨਣਾ ਪਾਵੋਗੇ?

**ਉੱਤਰ:** ਸੰਨ 1938 ਵਿੱਚ ਮੈਂ ਭਰ ਜਵਾਨੀ ਵਿੱਚ ਸਾਂ ਅਤੇ ਮੇਰੀ ਉਮਰ ਵੀ ਅਠਾਰਾਂ ਸਾਲ ਦੀ ਹੋ ਗਈ ਸੀ। ਮੇਰੇ ਅੰਦਰ ਵੀ ਦੇਸ਼ ਪਿਆਰ ਦਾ ਜਜ਼ਬਾ ਠਾਠਾਂ ਮਾਰਦਾ ਸੀ। ਜਦੋਂ ਵੀ ਜਲਸੇ ਜਲੂਸ ਨਿਕਲਦੇ ਵੇਖਦਾ ਹੁੰਦਾ ਸਾਂ ਤਾਂ ਮੇਰਾ ਮਨ ਵੀ ਦੇਸ਼ ਲਈ ਕੁਝ ਕਰਨ ਲਈ ਉੱਸਲ ਵੱਟੇ ਲੈਂਦਾ ਰਹਿੰਦਾ ਸੀ। ਇਸੇ ਸਾਲ (1938 ਈ:) ਵਿੱਚ ਹੀ ਅਕਾਲੀ ਜਥਾ ਤਰਨ ਤਾਰਨ ਸਰਕਲ ਦਾ ਜਨਰਲ ਸਕੱਤਰ ਬਣਿਆ। ਜਦੋਂ ਤੱਕ ਅਕਾਲੀ ਦਲ ਦਾ ਵਿਭਾਜਨ ਨਹੀਂ ਸੀ ਹੋ ਗਿਆ ਮੈਂ ਅਕਾਲੀ ਦਲ ਦਾ ਡੈਲੀਗੇਟ ਰਿਹਾ। ਉਸ ਸਮੇਂ ਹਰ ਅਕਾਲੀ,ਕਾਂਗਰਸ ਪਾਰਟੀ ਦਾ ਮੈਂਬਰ ਵੀ ਹੁੰਦਾ ਸੀ। ਅਜ਼ਾਦੀ ਸੰਗ੍ਰਾਮ ਬਾਰੇ ਸਾਨੂੰ ਪਹਿਲਾਂ ਤਾਂ ਕੋਈ ਜ਼ਿਆਦਾ ਜਾਣਕਾਰੀ ਨਹੀਂ ਸੀ ਹੁੰਦੀ ਪਰ ਜਦੋਂ ਅਸੀਂ ਜੇਲ੍ਹ ਵਿੱਚ ਸਾਂ ਤਾਂ ਸ. ਭਗਤ ਸਿੰਘ ਜੀ ਸ਼ਹੀਦ ਦੇ ਉਸਤਾਦ ਜੈ ਦੇਵ ਵਿੱਦਿਆ ਅਲੰਕਾਰ ਜੇਲ੍ਹ ਵਿੱਚ ਸਾਡੀ ਕਲਾਸ ਲਾਇਆ ਕਰਦੇ ਸਨ ਅਤੇ ਸਾਨੂੰ ਦੁਨੀਆਂ ਦੇ ਕ੍ਰਾਂਤੀਕਾਰੀ ਅੰਦੋਲਨਾਂ ਦੀਆਂ ਗੱਲਾਂ ਸੁਣਾਇਆ ਕਰਦੇ ਸਨ। ਮੈਂ ਹੋਰ ਤਾਂ ਜ਼ਿਆਦਾ ਕੰਮ ਨਹੀਂ ਕਰ ਸਕਿਆ ਪਰ ਕਾਂਗਰਸ ਪਾਰਟੀ ਦੇ ਹਰ ਬੁਲਾਵੇ ਤੇ ਹਰ ਕੰਮ ਤਨ,ਮਨ ਅਤੇ ਧਨ ਨਾਲ ਸ਼ਾਮਲ ਹੋ ਕੇ ਕੰਮ ਕੀਤਾ ਹੈ।

ਮੇਰੀ ਯਾਦ ਸ਼ਕਤੀ ਅਨੁਸਾਰ ਸ਼ਾਇਦ ਸੰਨ 1940 ਵਿੱਚ 'ਬੁਲੰਦ ਸ਼ਹਿਰ' ਵਿੱਚ ਅਕਾਲੀ ਕਾਨਫਰੰਸ ਬੁਲਾਈ ਗਈ ਸੀ। ਸਾਨੂੰ ਵੀ ਉਸ ਵਿੱਚ ਸ਼ਾਮਲ ਹੋਣ ਦਾ ਸੱਦਾ ਮਿਲਿਆ ਸੀ ਅਤੇ ਨਾਲ ਹੀ ਦੱਸਿਆ ਗਿਆ ਸੀ ਉੱਥੇ ਗੋਲੀ ਵੀ ਚੱਲ ਸਕਦੀ ਹੈ, ਲਾਠੀਚਾਰਜ਼ ਵੀ ਹੋ ਸਕਦਾ ਹੈ, ਸੰਗੀਨਾਂ ਨਾਲ ਵਿੰਨ੍ਹੇ ਵੀ ਜਾ ਸਕਦੇ ਹੋ। ਜਿਸ ਦਾ ਮਨ ਮੰਨਦਾ ਹੈ ਸ਼ਾਮਲ ਹੋਵੇ। ਜਦੋਂ ਅਸੀਂ ਉੱਥੇ ਪਹੁੰਚੇ ਸਾਂ ਤਾਂ ਸਿਪਾਹੀ ਬਦੂੰਕਾਂ ਤਾਣ ਕੇ ਖੜੇ ਸਨ। ਮੈਂ ਉਸ ਕਾਨਫਰੰਸ ਵਿੱਚ ਸ਼ਾਮਲ ਹੋਇਆ ਸਾਂ ਅਤੇ ਜਲੂਸ ਦੀ ਪਹਿਲੀ ਕਤਾਰ ਵਿੱਚ ਸਾਂ। ਉਸ ਸਮੇਂ ਉੱਥੇ ਅਹਿਰਾਰੀਆਂ ਦਾ ਬੜਾ ਜ਼ੋਰ ਸੀ। ਕੋਈ ਵੀ ਦੁਖਾਂਤਕ ਘਟਨਾ ਘਟ

ਸਕਦੀ ਸੀ। ਸ਼ਹਿਰ ਵਿੱਚ ਦਫ਼ਾ 144 ਲੱਗੀ ਹੋਈ ਸੀ। ਉੱਥੇ ਮਾਸਟਰ ਤਾਰਾ ਸਿੰਘ ਜੀ ਵੀ ਪਹੁੰਚੇ ਸਨ। ਸਰਕਾਰ ਨੇ ਮੌਕੇ ਦੀ ਨਜ਼ਾਕਤ ਸਮਝਦਿਆਂ ਹੋਇਆ ਦਫ਼ਾ 144 ਚੁੱਕ ਦਿੱਤੀ ਸੀ ਅਤੇ ਅਮਨ ਇਮਾਨ ਨਾਲ ਅਕਾਲੀ ਕਾਨਫਰੰਸ ਹੋ ਗਈ ਸੀ।

16 ਅਗਸਤ, 1942 ਨੂੰ ਕਾਂਗਰਸ ਦੀ ਅਜ਼ਾਦੀ ਲਹਿਰ ਨੇ ਕਰੋ ਜਾਂ ਮਰੋ (Do or Die) ਦਾ ਨਾਹਰਾ ਦਿੱਤਾ ਸੀ ਜਿਸ ਤਹਿਤ ਮੈਂ ਆਪਣੀ ਗ੍ਰਿਫ਼ਤਾਰੀ ਦਿੱਤੀ ਸੀ ਅਤੇ ਕਿਲ੍ਹਾ ਗੋਬਿੰਦਗੜ੍ਹ,ਸਬ ਜੇਲ੍ਹ ਅੰਮ੍ਰਿਤਸਰ,ਓਲਡ ਸੈਂਟਰਲ ਜੇਲ੍ਹ ਮੁਲਤਾਨ,ਬੋਸਟਲ ਜੇਲ੍ਹ ਲਾਹੌਰ,ਸਬ ਜੇਲ੍ਹ ਸ਼ਾਹਪੁਰ ਅਤੇ ਫਿਰ ਓਲਡ ਸੈਂਟਰਲ ਜੇਲ੍ਹ ਮੁਲਤਾਨ ਵਿੱਚ ਕੈਦ ਰਿਹਾ। ਦੋ ਸਾਲ ਦੀ ਕੈਦ ਕੱਟਣ ਉਪਰੰਤ ਹੀ ਮੈਨੂੰ ਰਿਹਾ ਕੀਤਾ ਗਿਆ ਸੀ। ਸੰਨ 1944 ਵਿੱਚ ਕਾਂਗਰਸ ਵੱਲੋਂ ਬਣਾਈ ਗਈ ਕਾਂਗਰਸ ਅਸੈਂਬਲੀ ਪਾਰਟੀ ਦਾ ਮੈਨੂੰ ਜਿਲ੍ਹਾ ਮੀਤ ਪ੍ਰਧਾਨ ਥਾਪਿਆ ਗਿਆ ਅਤੇ ਉਸੇ ਸਾਲ ਹੀ ਕਾਂਗਰਸ ਕਮੇਟੀ ਤਰਨ ਤਾਰਨ ਦਾ ਜਨਰਲ ਸਕੱਤਰ ਵੀ ਬਣਾ ਦਿੱਤਾ ਗਿਆ ਸੀ।

**ਪ੍ਰਸ਼ਨ:** ਕੰਵਲ ਜੀ, ਸੰਨ 1947 ਵਿੱਚ ਜਦੋਂ ਭਾਰਤ-ਪਾਕ ਵੰਡ ਹੋਈ ਸੀ ਤਾਂ ਤੁਸੀਂ ਭਰ ਜਵਾਨੀ ਵਿੱਚ ਸੀ। ਉਹ ਸਮਾਂ ਵੀ ਬੜਾ ਭਿਆਨਕ ਸਮਾਂ ਸੀ। ਹਿੰਦੂ-ਮੁਸਲਮਾਨ ਫ਼ਸਾਦ ਆਮ ਹੋ ਰਹੇ ਸਨ। ਇਸ ਸਮੇਂ ਤੁਹਾਡਾ ਰੋਲ ਕਿਹੋ ਜਿਹਾ ਰਿਹਾ ਹੈ?

**ਉੱਤਰ:** ਇਹ ਵੇਖ ਕੇ ਮੈਨੂੰ ਬੜਾ ਦੁੱਖ ਹੁੰਦਾ ਸੀ ਕਿ ਉਹ ਲੋਕ ਜਿਨ੍ਹਾਂ ਦਾ ਰੋਟੀ ਬੇਟੀ ਦਾ ਰਿਸ਼ਤਾ ਸੀ ਕਿਉਂ ਏਡੀ ਛੇਤੀ ਇੱਕ ਦੂਸਰੇ ਦੇ ਲਹੂ ਦੇ ਪਿਆਸੇ ਹੋ ਗਏ ਸਨ। ਕਤਲੋ ਗ਼ਾਰਦ ਦਾ ਦੌਰ ਸੀ। ਬਹੂ-ਬੇਟੀਆਂ ਦੀ ਅਸਮਤ ਲੁੱਟੀ ਜਾ ਰਹੀ ਸੀ। ਇਨ੍ਹਾਂ ਹਲਾਤਾਂ 'ਤੇ ਕਾਬੂ ਪਾਉਣ ਲਈ ਤਰਨ ਤਾਰਨ ਸ਼ਹਿਰ ਵਿੱਚ ਸਰਕਾਰ ਨੇ ਇੱਕ ਪੀਸ ਕਮੇਟੀ,ਡਿਫੈਂਸ ਕਮੇਟੀ ਅਤੇ ਸ਼ਰਨਾਰਥੀਆਂ ਦੇ ਵਸੇਬੇ ਦਾ ਪ੍ਰਬੰਧ ਕਰਨ ਵਾਸਤੇ ਜਿਹੜੀਆਂ ਕਮੇਟੀਆਂ ਬਣਾਈਆਂ ਗਈਆਂ ਸਨ ਮੈਂ ਉਨ੍ਹਾਂ ਵਿੱਚ ਤਨਦੇਹੀ ਨਾਲ ਦਿਨ ਰਾਤ ਕੰਮ ਕੀਤਾ। ਇਹ ਦੱਸਣਾ ਚਾਹਵਾਂਗਾ ਕਿ ਜਿਹੜੀ ਸ਼ਹਿਰ ਦੀ ਪੀਸ ਕਮੇਟੀ ਬਣਾਈ ਗਈ ਸੀ ਉਸ ਵਿੱਚ ਤਿੰਨ ਹਿੰਦੂ,ਤਿੰਨ ਮੁਸਲਮਾਨ ਅਤੇ ਤਿੰਨ ਸਿੱਖ ਕਮੇਟੀ ਦੇ ਮੈਂਬਰਾਂ ਵਜੋਂ ਲਏ ਗਏ ਸਨ। ਇਸ ਪੀਸ ਕਮੇਟੀ ਵਿੱਚ ਇਨ੍ਹਾਂ ਤਿੰਨ ਸਿੱਖਾਂ 'ਚੋਂ ਇੱਕ ਮੈਂ ਵੀ ਸਾਂ। ਅਸੀਂ ਸਾਰਿਆਂ ਨੇ ਉਸ ਭਿਆਨਕ ਸਮੇਂ ਇਹ ਕਸਮਾਂ ਖਾਧੀਆਂ ਸਨ ਕਿ ਤਰਨ ਤਾਰਨ ਸ਼ਹਿਰ ਵਿੱਚ ਕੋਈ ਖ਼ੂਨ ਖਰਾਬਾ ਨਹੀਂ ਹੋਣ ਦੇਣਾ। ਤਰਨ ਤਾਰਨ ਦਾ ਜਿਹੜਾ ਇਹ ਭਾਈਚਾਰਾ ਹੈ ਇਸ ਨੂੰ ਨਹੀਂ ਟੁੱਟਣ ਦੇਣਾ। ਇਹ ਰੀਕਾਰਡ ਹੈ ਕਿ ਤਰਨ ਤਾਰਨ ਸ਼ਹਿਰ ਵਿੱਚ ਕਿਸੇ ਵੀ ਮੁਸਲਮਾਨ ਦਾ ਖ਼ੂਨ ਨਹੀਂ ਸੀ ਡੁੱਲ੍ਹਿਆ। ਅਸੀਂ ਉਨ੍ਹਾਂ ਨੂੰ ਏਥੋਂ ਸੁਰੱਖਿਅਤ ਤੋਰਿਆ ਸੀ।

ਇੱਕ ਹੋਰ ਗੱਲ ਜਿਹੜੀ ਮੈਂ ਤੁਹਾਡੇ ਨਾਲ ਸਾਂਝੀ ਕਰਨਾ ਚਾਹੁੰਦਾ ਹਾਂ, ਉਹ ਇਹ ਕਿ ਮੈਨੂੰ ਕਿਹਾ ਗਿਆ ਸੀ ਕਿ ਮੈਂ ਕੋਈ ਸਿੱਖ ਜਥੇਬੰਦੀ ਬਣਾਵਾਂ। ਮੈਂ ਸ਼ਹਿਰ ਦੇ ਦੋ ਸੌ ਤੋਂ ਵੱਧ ਨੌਜਵਾਨਾਂ ਦੀ ਇੱਕ "ਅਕਾਲ ਰੈਜ਼ਮੈਂਟ" ਬਣਾਈ ਜਿਸ ਨੂੰ ਬੰਦੂਕਾਂ ਦੇ ਕੇ ਜਬੋਵਾਲ ਤੋਂ ਮਿਲਟਰੀ ਟਰੇਨਿੰਗ ਦਿੱਤੀ ਗਈ ਸੀ।

**ਪ੍ਰਸ਼ਨ:** ਤੁਸੀਂ ਕਿਸ ਪਾਰਟੀ ਵਿੱਚ ਦੇਸ਼ ਸੇਵਾ ਦਾ ਕੰਮ ਕੀਤਾ ਹੈ? ਮੇਰਾ ਭਾਵ ਹੈ ਕਿ ਤੁਸੀਂ ਬਤੌਰ ਕਾਂਗਰਸੀ ਵਰਕਰ ਜਾਣੇ ਜਾਂਦੇ ਹੋ ਕਿ ਅਕਾਲੀ?

**ਉੱਤਰ:** ਸ਼ੁਰੂ ਸ਼ੁਰੂ ਵਿੱਚ ਤਾਂ ਮੈਂ ਅਕਾਲੀ ਹੀ ਸਾਂ। ਉਸ ਵੇਲੇ ਹਰ ਅਕਾਲੀ,ਕਾਂਗਰਸੀ ਵੀ ਹੁੰਦਾ ਸੀ। ਸ਼ਹਿਰ ਵਿੱਚ ਇੱਕ ਮੀਟਿੰਗ ਹੋਈ ਸੀ ਜਿਸ ਵਿੱਚ ਮੈਨੂੰ ਅਕਾਲੀ ਪਾਰਟੀ ਦਾ ਜਨਰਲ ਸਕੱਤਰ ਚੁਣਿਆ ਗਿਆ ਸੀ। ਮੀਟਿੰਗ ਵਿੱਚੋਂ ਹੀ ਕਿਸੇ ਨੇ ਕਿਹਾ ਸੀ ਕਿ ਇਹ ਤਾਂ ਕਾਂਗਰਸੀ ਹੈ ਇਸ ਨੂੰ ਕਾਂਗਰਸ ਦਾ ਜਨਰਲ ਸਕੱਤਰ ਕਿਉਂ ਚੁਣਦੇ ਹੋ? ਮਹਾਸ਼ਾ ਗੋਬਿੰਦ ਰਾਮ ਜੀ ਜਿਹੜੇ ਕਿ ਉਸ ਮੀਟਿੰਗ ਵਿੱਚ ਹਾਜ਼ਰ ਸਨ,ਨੇ ਕਿਹਾ ਸੀ ਕਿ ਮੌਕਾ ਆਵੇਗਾ ਜਦੋਂ ਇਹ ਕਾਂਗਰਸੀ ਹੀ ਹੋਵੇਗਾ। ਸੰਨ 1950 ਵਿੱਚ ਜਦੋਂ ਪਾਰਟੀ ਵੰਡ ਹੋਈ ਸੀ ਤਾਂ ਅਕਾਲੀ ਹਾਈ ਕਮਾਂਡ ਨੇ ਇਹ ਫੈਸਲਾ ਕੀਤਾ ਸੀ ਕਿ ਜਿਨ੍ਹਾਂ ਨੇ ਦੇਸ਼ ਸੇਵਾ ਦਾ ਕੰਮ ਕਰਨਾ ਹੈ ਉਹ ਕਾਂਗਰਸ ਵਿੱਚ ਚਲੇ ਜਾਵੋ ਅਤੇ ਜਿਨ੍ਹਾਂ ਨੇ ਪੰਥ ਦੀ ਸੇਵਾ ਕਰਨੀ ਹੈ ਉਹ ਅਕਾਲੀ ਪਾਰਟੀ ਵਿੱਚ ਰਹਿ ਜਾਵੋ। ਉਸ ਸਮੇਂ ਸਾਡੇ ਜ਼ਿਲ੍ਹੇ ਦੇ 34 ਡੈਲੀਗੇਟ ਸਨ। ਉਦੋਂ ਡੈਲੀਗੇਟ ਚੁਣੇ ਜਾਂਦੇ ਸਨ, ਉਨ੍ਹਾਂ ਦੀ ਨੌਮੀਨੇਸ਼ਨ(Nomination) ਨਹੀਂ ਸੀ ਹੁੰਦੀ।

ਸੰਨ 1951-52 ਵਿੱਚ ਜਦੋਂ ਸ੍ਵ ਸ਼੍ਰੀ ਪਰਤਾਪ ਸਿੰਘ ਜੀ ਕੈਰੋਂ,ਜਥੇਦਾਰ ਊਧਮ ਸਿੰਘ ਜੀ ਨਾਗੋਕੇ,ਗਿਆਨੀ ਗੁਰਮੁਖ ਸਿੰਘ ਜੀ ਮੁਸਾਫਰ,ਈਸ਼ਰ ਸਿੰਘ ਜੀ ਮਝੈਲ ਅਤੇ ਦਰਸ਼ਨ ਸਿੰਘ ਜੀ ਫੇਰੂਮਾਨ ਨੇ ਸ਼੍ਰੋਮਣੀ ਅਕਾਲੀ ਦਲ ਵਿੱਚੋਂ ਆਪਣੇ ਅਸਤੀਫੇ ਦਿੱਤੇ ਸਨ ਤਾਂ ਅੰਮ੍ਰਿਤਸਰ ਜ਼ਿਲ੍ਹੇ ਦੇ ਕੁਲ 34 ਡੈਲੀਗੇਟਾਂ ਵਿੱਚੋਂ 32 ਡੈਲੀਗੇਟ ਉਨ੍ਹਾਂ ਨਾਲ ਕਾਂਗਰਸ ਵਿੱਚ ਚਲੇ ਗਏ ਸਨ ਜਿਨ੍ਹਾਂ ਵਿੱਚੋਂ ਇੱਕ ਮੈਂ ਵੀ ਸਾਂ। ਉਦੋਂ ਤੋਂ ਹੀ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਮੈਂ ਪੱਕੇ ਤੌਰ ਤੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਿਆ ਸਾਂ। ਸੰਨ 1956 ਵਿੱਚ ਜਦੋਂ ਸਰਬ ਹਿੰਦ ਕਾਂਗਰਸ ਦਾ ਇਜਲਾਸ ਹੋਇਆ ਸੀ ਤਾਂ ਮੈਂ ਉਸ ਵਿੱਚ 100 ਕਾਂਗਰਸ ਸੇਵਾ ਦਲ ਦੇ ਵਾਲੰਟੀਅਰਜ਼ ਲੈ ਕੇ ਸ਼ਾਮਲ ਹੋਇਆ। ਮੈਂ ਕਾਂਗਰਸ ਪ੍ਰਧਾਨ ਹਾਊਸ ਦੇ ਇੰਨਚਾਰਜ਼ ਵਜੋਂ ਵੀ ਸੇਵਾ ਨਿਭਾਈ ਹੈ। ਮੈਂ ਪੰਜਾਬ ਪ੍ਰਦੇਸ਼ ਕਾਂਗਰਸ ਦਾ ਮੈਂਬਰ ਵੀ ਰਿਹਾ ਹਾਂ।

**ਪ੍ਰਸ਼ਨ:** ਲੋਕ ਸੇਵਾ ਕਰਨ ਦਾ ਜਜ਼ਬਾ ਤੁਹਾਡੇ ਅੰਦਰ ਹੈ। ਕੀ ਤੁਸੀ ਆਪਣੇ ਇਲਾਕੇ ਦੇ ਭਲੇ ਲਈ ਵੀ ਕੋਈ ਕਾਰਜ਼ ਕੀਤਾ ਹੈ ?

**ਉੱਤਰ:** ਇੱਥੇ ਇਹ ਗੱਲ ਦੱਸਦਾ ਜਾਵਾਂ ਕਿ ਮੈਨੂੰ ਵਿੱਦਿਆ ਦੇ ਕਾਰਜ਼ਾਂ ਨਾਲ ਦਿਲੋਂ ਪਿਆਰ ਹੈ। ਇਸ ਕੰਮ ਲਈ ਮੈਂ ਹਰ ਵੇਲੇ ਤੱਤਪਰ ਰਹਿੰਦਾ ਹਾਂ। ਮੈਨੂੰ ਇਸ ਗੱਲ ਦਾ ਮਾਣ ਹੈ ਕਿ ਸੰਨ 1950 ਵਿੱਚ ਸ੍ਰੀ ਗੁਰੂ ਅਰਜਨ ਦੇਵ ਖਾਲਸਾ ਗਰਲਜ਼ ਬੋਰਡਿੰਗ ਹਾਊਸ ਦਾ ਨੀਂਹ ਪੱਥਰ ਰੱਖਣ ਦਾ ਸੁਭਾਗ ਮੈਨੂੰ ਪ੍ਰਾਪਤ ਹੋਇਆ ਹੈ। ਅੱਜ ਜਿਸ ਬਿਲਡਿੰਗ ਵਿੱਚ ਸ੍ਰੀ ਗੁਰੂ ਅਰਜਨ ਦੇਵ ਸਰਕਾਰੀ ਕਾਲਜ ਹੈ ਪਹਿਲਾਂ ਇਸ ਵਿੱਚ ਸ੍ਰੀ ਗੁਰੂ ਅਰਜਨ ਦੇਵ ਖਾਲਸਾ ਸਕੂਲ ਹੁੰਦਾ ਸੀ। ਇਸ ਸਕੂਲ ਦੇ ਬਾਨੀਂ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ ਸਨ। ਉਹ ਸਾਰੀ ਉਮਰ ਇਸ ਦੇ ਸਕੱਤਰ ਅਤੇ ਮੈਨੇਜਰ ਰਹੇ ਹਨ। ਮੈਂ ਜਿਸ ਸਕੂਲ ਦਾ ਦਸਵੀਂ ਤੱਕ ਵਿਦਿਆਰਥੀ ਰਿਹਾ ਹਾਂ, ਉਸ ਦੇ ਮੈਂ ਮੈਨੇਜਰ ਅਤੇ ਸਕੱਤਰ ਦੇ ਅਹੁਦੇ ਤੇ ਰਹਿ ਕੇ 25 ਸਾਲ ਤੱਕ ਸੇਵਾ ਨਿਭਾਈ ਹੈ। ਮੌਜੂਦਾ ਸ੍ਰੀ ਗੁਰੂ ਅਰਜਨ ਦੇਵ ਖਾਲਸਾ ਸਕੂਲ ਦੀ ਇਮਾਰਤ ਬਾਅਦ ਵਿੱਚ ਤਿਆਰ ਕਰਕੇ ਇਸ ਨੂੰ ਦੋ-ਮੰਜ਼ਿਲਾ ਬਣਾਕੇ ਇਸ ਦੀ ਦੂਸਰੀ ਮੰਜ਼ਿਲ ਤੇ 90 ਫੁੱਟ X 38 ਫੁੱਟ ਦਾ ਹਾਲ ਵੀ ਬਣਵਾਇਆ ਹੈ।

ਮੈਂ ਇਸ ਸੰਸਥਾ ਦੀ 1950ਈ: ਤੋਂ 1975 ਤੱਕ ਬਤੌਰ ਆਨਰੇਰੀ ਮੈਨੇਜਰ ਸੇਵਾ ਵੀ ਕੀਤੀ ਹੈ। ਇਸ ਤੋਂ ਇਲਾਵਾ ਸ੍ਰੀ ਗੁਰੂ ਅਰਜਨ ਦੇਵ ਗਰਲਜ਼ ਮਿਡਲ ਸਕੂਲ(1939),ਮਾਤਾ ਗੰਗਾ ਗਰਲਜ਼ ਕਾਲਜ(1963),ਸ੍ਰੀ ਗੁਰੂ ਅਰਜਨ ਦੇਵ ਕਾਲਜ(1966),ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ(1974),ਸ੍ਰੀ ਗੁਰੂ ਅਰਜਨ ਦੇਵ ਪਬਲਿਕ ਸਕੂਲ(1983) ਤੋਂ ਇਲਾਵਾ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ,ਬੁਰਜ ਮਰਹਾਣਾ,ਆਸਲ ਉਤਾੜ,ਝਬਾਲ ਅਤੇ ਘਸੀਟਪੁਰਾ ਦੇ ਬਾਨੀਆਂ ਵਿੱਚ ਮੇਰਾ ਨਾਮ ਬੋਲਦਾ ਹੈ। ਮਾਤਾ ਗੰਗਾ ਗਰਲਜ਼ ਕਾਲਜ ਦੀ ਬਿਲਡਿੰਗ ਵਾਸਤੇ ਮਾਇਆ ਇਕੱਤਰ ਕਰਨ ਲਈ ਆਪਣੇ ਹਮ-ਖ਼ਿਆਲ ਸਾਥੀਆਂ ਨਾਲ ਮਲਾਇਆ,ਸਿੰਗਾਪੁਰ ਅਤੇ ਥਾਈਲੈਂਡ ਆਪਣੇ ਖ਼ਰਚੇ ਤੇ ਜਾ ਕੇ ਇਮਾਰਤ ਲਈ ਮਾਇਆ ਇਕੱਠੀ ਕਰਨ ਦਾ ਉਪਰਾਲਾ ਕੀਤਾ ਹੈ।

ਇਹ ਗੱਲ ਨਹੀਂ ਕਿ ਮੈਂ ਕੇਵਲ ਵਿੱਦਿਅਕ ਸੰਸਥਾਵਾਂ ਨਾਲ ਹੀ ਜੁੜਿਆ ਰਿਹਾ ਹਾਂ। ਮੈਂ ਧਾਰਮਿਕ ਕਾਰਜ਼ ਖ਼ੇਤਰ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਲਿਆ ਹੈ। ਸਮੇਂ ਸਮੇਂ ਮੈਨੂੰ ਇਨ੍ਹਾਂ ਆਸ਼ਰਮਾਂ/ਭਵਨਾਂ ਦੀ ਸੇਵਾ ਵਿੱਚ ਵੀ ਹਿੱਸਾ ਲੈਣ ਦਾ ਅਵਸਰ ਮਿਲਿਆ ਹੈ। ਖਾਲਸਾ ਪ੍ਰਚਾਰਕ ਵਿਦਿਆਲਾ ਤਰਨ ਤਾਰਨ,ਖਾਲਸਾ ਸੈਂਟਰਲ ਹਸਪਤਾਲ ਤਰਨ ਤਾਰਨ, ਭਾਈ ਵੀਰ ਸਿੰਘ ਬਿਰਧ ਘਰ ਤਰਨ ਤਾਰਨ,ਸ੍ਰ.ਚੈਨ ਸਿੰਘ ਗੰਢ ਮੈਮੋਰੀਅਲ ਟਰਸਟ ਦਾ ਸਕੱਤਰ,ਕਾਂਗਰਸ ਭਵਨ ਟਰਸਟ ਤਰਨ ਤਾਰਨ ਦਾ ਚੇਅਰਮੈਨ,ਸ੍ਰੀ ਗੁਰੂ ਤੇਗ਼ ਬਹਾਦਰ ਤਿੰਨ ਸੌ ਸਾਲਾ ਸ਼ਹੀਦੀ ਕਮੇਟੀ ਦੇ ਕਨਵੀਨਰ ਵਜੋਂ ਵੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ।

**ਪ੍ਰਸ਼ਨ:** ਕੀ ਤੁਹਾਨੂੰ ਸਾਹਿਤਕ ਮੱਸ ਵੀ ਰਹੀ ਹੈ?

**ਉੱਤਰ:** ਜਦੋਂ ਮੈਂ ਜੇਲ੍ਹ ਵਿੱਚ ਸਾਂ ਤਾਂ ਅਸਾਨੂੰ ਅਖ਼ਬਾਰ ਪੜ੍ਹਨ ਵਾਸਤੇ ਨਹੀਂ ਸੀ ਦਿੱਤਾ ਜਾਂਦਾ। ਉਸ ਸਮੇਂ ਅਖ਼ਬਾਰ ਦੀ ਕੀਮਤ ਇੱਕ ਆਨਾ ਹੁੰਦੀ ਸੀ। ਅਸੀਂ ਰਲ ਕੇ ਇੱਕ ਰੁਪਏ ਦੀਆਂ ਅਖ਼ਬਾਰਾਂ ਖਰੀਦਦੇ ਅਤੇ ਬੈਰਕਾਂ ਦੇ ਇੰਨਚਾਰਜ਼ ਸਾਥੀ ਉਨ੍ਹਾਂ ਨੂੰ ਪੜ੍ਹ ਕੇ ਆਪਣੀ ਆਪਣੀ ਬੈਰਕ ਦੇ ਕੈਦੀ ਸਾਥੀਆਂ ਨੂੰ ਰਾਤ ਸਮੇਂ ਸੁਣਾਇਆ ਕਰਦੇ ਸਨ। ਜੇਲ੍ਹ ਵਿੱਚ ਮੈਨੂੰ ਇੱਕ ਕਿਤਾਬ ਪੜ੍ਹਨ ਲਈ ਮਿਲੀ ਜਿਹੜੀ ਕਿ ਪੰਡਿਤ ਜਵਾਹਰ ਲਾਲ ਨਹਿਰੂ ਜੀ ਦੇ ਜੀਵਨ ਬਾਰੇ ਸੀ। ਉਹ ਕਿਤਾਬ ਹਿੰਦੀ ਲਿੱਪੀ ਵਿੱਚ ਸੀ। ਮੈਂ ਹਿੰਦੀ ਜਾਣਦਾ ਨਹੀਂ ਸਾਂ। ਜੇਲ੍ਹ ਵਿੱਚ ਹੀ ਇੱਕ ਸੱਜਣ ਸਨ ਜਿਹੜੇ ਪ੍ਰੀਤ ਨਗਰ ਵੱਲ ਦੇ ਸੀ। ਉਹ ਹਿੰਦੀ ਜਾਣਦਾ ਸੀ। ਮੈਂ ਉਸ ਨੂੰ ਕਿਹਾ ਕਿ ਉਹ ਮੈਨੂੰ ਹਿੰਦੀ ਪੜ੍ਹਨੀ ਸਿਖਾ ਦੇਵੇ। ਉਸ ਨੇ ਮੈਨੂੰ ਹਿੰਦੀ ਪੜ੍ਹਨੀ ਸਿਖਾਈ ਸੀ ਅਤੇ ਮੈਂ ਅਭਿਆਸ ਕਰਕੇ ਹਿੰਦੀ ਪੜ੍ਹਨ ਲੱਗ ਪਿਆ।

ਮੈਂ ਆਪਣੇ ਮਨ ਵਿੱਚ ਸੋਚਦਾ ਹੁੰਦਾ ਸੀ ਕਿ ਅਜਿਹੀਆਂ ਕਹਾਣੀਆਂ ਪੰਜਾਬੀ ਭਾਸ਼ਾ ਵਿੱਚ ਕਿਉਂ ਨਹੀਂ ਲਿਖੀਆਂ ਜਾਂਦੀਆਂ। ਜੇਲ੍ਹ ਤੋਂ ਵਾਪਿਸ ਆਉਣ 'ਤੇ ਮੈਂ ਹਿੰਦੀ ਭਾਸ਼ਾ ਦਾ ਹੋਰ ਅਭਿਆਸ ਕਰਕੇ ਹਿੰਦੀ ਭਾਸ਼ਾ ਦੀਆਂ ਕਹਾਣੀਆਂ ਦਾ ਅਨੁਵਾਦ ਕਰਦਾ ਰਿਹਾ ਹਾਂ। ਉਦੋਂ ਮੈਂ ਹਿੰਦੀ ਦੇ ਮੈਗਜ਼ੀਨ 'ਮਾਇਆ' ਅਤੇ 'ਮਨੋਹਰ ਕਹਾਣੀਆਂ'ਬੜੇ ਸ਼ੌਂਕ ਨਾਲ ਪੜ੍ਹਿਆ ਕਰਦਾ ਸਾਂ। ਮੈਂ ਹਿੰਦੀ ਕਹਾਣੀਆਂ ਦਾ ਅਨੁਵਾਦ ਕਰਕੇ ਕਈ ਸਾਲਾਂ ਤੱਕ ਹਰ ਮਹੀਨੇ ਛਪਣ ਵਾਸਤੇ ਭੇਜਦਾ ਰਿਹਾ ਸਾਂ।ਅੰਮ੍ਰਿਤਸਰ ਤੋਂ ਸ. ਜਗਮੀਤ ਸਿੰਘ ਜੀ "ਕੰਵਲ" ਨਾਂ ਦਾ ਇੱਕ ਰਸਾਲਾ ਕੱਢਦੇ ਹੁੰਦੇ ਸਨ। ਉਹ ਮੇਰੇ ਮਿੱਤਰ ਸਨ। ਮੈਂ ਆਪਣੀਆਂ ਉਲਥਾਈਆਂ ਹੋਈਆਂ ਕਹਾਣੀਆਂ ਉਸ ਰਸਾਲੇ ਵਿੱਚ ਛਪਣ ਲਈ ਭੇਜਦਾ ਰਿਹਾ ਹਾਂ। ਲਾਹੌਰ ਤੋਂ ਛਪਣ ਵਾਲੇ ਮੈਗਜ਼ੀਨ "ਪ੍ਰੀਤਮ" ਵਿੱਚ ਵੀ ਮੇਰੀਆਂ ਕਹਾਣੀਆਂ ਛੱਪਦੀਆਂ ਰਹੀਆਂ ਹਨ।

ਇਹ ਸ਼ੌਂਕ ਹੌਲੀ ਹੌਲੀ ਵੱਧਦਾ ਗਿਆ। ਫਿਰ ਮੇਰਾ ਰੁਝਾਨ ਦੇਸ਼ ਭਗਤੀ ਦੀਆਂ ਕਹਾਣੀਆਂ ਵੱਲ ਮੁੜਿਆ। ਮੈਂ ਦੇਸ਼ ਭਗਤੀ ਦੀਆਂ ਕਹਾਣੀਆਂ ਨੂੰ ਕਿਤਾਬ ਰੂਪ ਦੇਣ ਦਾ ਉਪਰਾਲਾ ਕੀਤਾ, ਜਿਸ ਦਾ ਮੁੱਖ ਬੰਦ ਸ. ਨਰਿੰਦਰ ਸਿੰਘ ਜੀ 'ਸੋਚ' ਨੇ ਲਿਖਿਆ ਸੀ ਜਿਹੜੇ ਕਿ ਸ. ਹਰਭਜਨ ਸਿੰਘ ਜੀ 'ਸੋਚ' ਦੇ ਪਿਤਾ

ਜੀ ਸਨ। ਮੇਰੀ ਦੂਸਰੀ ਕਿਤਾਬ ਸੀ 'ਸਰਵ ਸੁੰਦਰੀ'। ਜਦੋਂ ਮੈਂ ਉਸ ਕਿਤਾਬ ਨੂੰ ਛਪਵਾਉਣ ਲਈ ਪਬਲਿਸ਼ਰ ਕੋਲ ਗਿਆ ਤਾਂ ਸਬੱਬ ਨਾਲ ਉੱਥੇ ਸ. ਜਸਵੰਤ ਸਿੰਘ ਜੀ ਕੰਵਲ ਵੀ ਆਏ ਹੋਏ ਸਨ। ਉਸ ਦੁਕਾਨਦਾਰ ਨੇ ਜਸਵੰਤ ਸਿੰਘ ਜੀ 'ਕੰਵਲ' ਨੂੰ ਸੰਬੋਧਿਤ ਹੁੰਦਿਆਂ ਹੋਇਆ ਕਿਹਾ ਸੀ,"ਕੰਵਲ ਜੀ, ਸਾਡੇ ਕੋਲ ਵੀ ਇੱਕ ਕੰਵਲ ਹੈਗਾ ਜੇ।" ਇਸ ਤਰ੍ਹਾਂ ਪਹਿਲੀ ਵਾਰ ਮੇਰੀ ਮੁਲਾਕਾਤ ਸ. ਜਸਵੰਤ ਸਿੰਘ 'ਕੰਵਲ' ਜੀ ਨਾਲ ਹੋਈ ਸੀ।

ਮੇਰੀਆਂ ਕੁਝ ਅਨੁਵਾਦਿਤ ਪੁਸਤਕਾਂ ਦਾ ਵੇਰਵਾ ਇਸ ਤਰ੍ਹਾਂ ਹੈ: ਬਿਖੜਾ ਪੈਂਡਾ,ਲਾਲ ਪੰਜਾ,ਸਰਬ ਸੁੰਦਰੀ,ਟਾਰਜ਼ਨ ਅਤੇ ਮ੍ਰਿਤੂ ਕਿਰਨ(ਚਾਰ ਭਾਗਾਂ ਵਿੱਚ)। ਸਫ਼ੈਦ ਸ਼ੈਤਾਨ (ਚਾਰ ਭਾਗ) ਅਤੇ ਲਾਟਾਂ ਮੇਰੀਆ ਅਣਛਪੀਆਂ ਪੁਸਤਕਾਂ ਵਿੱਚ ਸ਼ਾਮਲ ਹਨ। ਮੇਰੇ ਕੋਲ ਜਿਹੜੀਆਂ ਕਿਤਾਬਾਂ ਦੇ ਖਰੜੇ ਪਏ ਹਨ ਮੈਂ ਉਨ੍ਹਾਂ ਨੂੰ ਛਾਪਣ ਦਾ ਖ਼ਿਆਲ ਹੀ ਛੱਡ ਦਿੱਤਾ ਹੈ। ਕੌਣ ਪੈਸੇ ਲਾ ਕੇ ਫਿਰ ਰੁਪਈਆ ਰੁਪਈਆ ਇਕੱਠਾ ਕਰਦਾ ਫਿਰੇ। ਹੁਣ ਮੈਂ ਲਿਖਣ ਜਾਂ ਛਾਪਣ ਦਾ ਖ਼ਿਆਲ ਹੀ ਮਨ ਵਿੱਚੋਂ ਕੱਢ ਦਿੱਤਾ ਹੈ। ਸਿਹਤ ਅਤੇ ਉਮਰ ਵੀ ਇਜ਼ਾਜਤ ਨਹੀਂ ਦਿੰਦੀ। ਉਮਰ ਵੀ 91 ਸਾਲ ਦੀ ਹੋ ਗਈ ਹੈ।

**ਪ੍ਰਸ਼ਨ:** ਸਵਤੰਤਰਤਾ ਸੈਨਾਨੀ ਅਤੇ ਸਮਾਜ ਸੇਵਾ ਨੂੰ ਮੁੱਖ ਰੱਖ ਕੇ ਕੀ ਤੁਹਾਨੂੰ ਕਦੇ ਸਰਕਾਰ ਜਾਂ ਕਿਸੇ ਸੰਸਥਾ ਵੱਲੋਂ ਸਨਮਾਨਿਆ ਵੀ ਗਿਆ ਹੈ ਜਾਂ ਨਹੀਂ?

**ਉੱਤਰ:** ਸੰਨ 1972 ਵਿੱਚ ਇੰਦਰਾ ਜੀ ਰੂਸ ਦੇਸ਼ ਦੇ ਦੌਰੇ ਤੇ ਗਏ ਸਨ। ਉਨ੍ਹਾਂ ਨੇ ਉੱਥੇ ਵੇਖਿਆ ਕਿ ਉਸ ਦੇਸ਼ ਵਿੱਚ ਜੁਝਾਰੂਆਂ (War Heros) ਨੂੰ ਉੱਥੇ ਬਹੁਤ ਮਾਣ ਸਨਮਾਨ ਮਿਲਦਾ ਹੈ। ਉਨ੍ਹਾਂ ਨੂੰ ਹੋਟਲਾਂ 'ਚ ਖਾਣਾ ਫ਼ਰੀ, ਬੱਸਾਂ ਵਿੱਚ ਸਫ਼ਰ ਫ਼ਰੀ, ਰੇਲ ਵਿੱਚ ਸਫ਼ਰ ਫਰੀ ਕਰਨ ਦੀ ਸਹੂਲਤ ਪ੍ਰਾਪਤ ਹੈ। ਜਦੋਂ ਉਹ ਵਾਪਿਸ ਆਏ ਤਾਂ ਉਨ੍ਹਾਂ ਦੇ ਮਨ ਵਿੱਚ ਵੀ ਇਹ ਰੀਝ ਸੀ ਮੈਂ ਵੀ ਆਪਣੇ ਦੇਸ਼ ਦੇ ਆਜ਼ਾਦੀ ਘੁਲਾਟੀਆਂ ਨੂੰ ਇਹ ਸਭ ਸਹੂਲਤਾਂ ਦੇਵਾਂ। ਗਿਆਨੀ ਜੈਲ ਸਿੰਘ ਜੀ ਮੁੱਖ ਮੰਤਰੀ ਪੰਜਾਬ ਦੇ ਸਮੇਂ ਸੰਨ 1974 ਵਿੱਚ ਸਰਕਾਰ ਵੱਲੋਂ ਮੈਨੂੰ ਫ਼ਰੀਡਮ ਫਾਈਟਰ ਦੇ ਤੌਰ ਤੇ ਤਾਮਰ ਪੱਤਰ ਦੇ ਕੇ ਸਨਮਾਨਿਆ ਗਿਆ ਸੀ।

ਸਭ ਤੋਂ ਵੱਡਾ ਸਨਮਾਨ ਜਿਹੜਾ ਮੈਂ ਸਮਝਦਾ ਹਾਂ ਮੈਨੂੰ ਮਿਲਿਆ ਹੈ ਅਤੇ ਅੱਜ ਵੀ ਮਿਲ ਰਿਹਾ ਹੈ ਉਹ ਹੈ ਲੋਕਾਂ ਦਾ ਪਿਆਰ। ਸ਼ਹਿਰ ਦੇ ਹੀ ਕੀ ਮੇਰੇ ਇਲਾਕੇ ਦੇ ਲੋਕ ਅੱਜ ਵੀ ਮੇਰਾ ਸਨਮਾਨ ਕਰਦੇ ਹਨ। ਮੈਂ ਲੋਕਾਂ ਵਾਸਤੇ ਜੀਵਿਆ ਹਾਂ। 9 ਅਗਸਤ,2007 ਨੂੰ ਮੌਜੂਦਾ ਰਾਸ਼ਟਰਪਤੀ ਸ੍ਰੀਮਤੀ ਪ੍ਰਤਿਭਾ ਪਾਟਿਲ ਜੀ ਨੇ ਦੇਸ਼ ਦੇ ਸਵਤੰਤਰਤਾ ਸੈਨਾਨੀਆਂ ਨੂੰ ਬੁਲਾਇਆ ਸੀ ਜਿਸ ਵਿੱਚ ਹਰ ਇੱਕ ਪ੍ਰਾਂਤ ਵਿੱਚੋਂ ਤਿੰਨ ਤਿੰਨ ਅਜ਼ਾਦੀ ਘੁਲਾਟੀਆਂ ਨੂੰ ਸੱਦਾ ਮਿਲਿਆ ਸੀ। ਪੰਜਾਬ ਵਿੱਚੋਂ ਅਨੰਦਪੁਰ ਸਾਹਿਬ, ਫਿਰੋਜਪੁਰ ਅਤੇ ਤਰਨ ਤਾਰਨ ਤੋਂ ਜਾਣ ਦਾ ਸੁਭਾਗ ਮੈਨੂੰ ਪ੍ਰਾਪਤ ਹੋਇਆ ਹੈ। ਉਨ੍ਹਾਂ ਵੱਲੋਂ ਸਾਡਾ ਸਨਮਾਨ ਕੀਤਾ ਗਿਆ ਸੀ।

ਠੀਕ ਹੈ ਜੀਉਂਦੇ ਜੀਅ ਫਰੀਡਮ ਫਾਈਟਰਜ਼ ਨੂੰ ਸਨਮਾਨਿਆ ਜਾਂਦਾ ਹੈ ਪਰ ਜਿਹੜਾ ਸਨਮਾਨ ਉਨ੍ਹਾਂ ਨੂੰ ਮਿਲਣਾ ਚਾਹੀਦਾ ਹੈ ਜਾਂ ਉਹ ਜਿਸ ਸਨਮਾਨ ਦੇ ਹੱਕਦਾਰ ਹਨ ਉਹ ਉਨ੍ਹਾਂ ਨੂੰ ਨਹੀਂ ਮਿਲ ਰਿਹਾ। ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਵਾਸਤੇ ਘਰ ਬਾਹਰ ਛੱਡ ਕੇ,ਅੰਗਰੇਜ਼ ਸਰਕਾਰ ਦਾ ਤਸ਼ੱਦਦ ਸਹਿ ਕੇ ਅਤੇ ਨਿਰਸਵਾਰਥ ਹੋ ਕੇ ਇਸ ਘੋਲ ਵਿੱਚ ਆਪਣਾ ਯੋਗਦਾਨ ਪਾਇਆ ਹੈ। ਜੇਕਰ ਕੋਈ ਅਸਰ ਰਾਸੂਖ਼ ਵਾਲਾ ਮਰ ਜਾਂਦਾ ਹੈ ਤਾਂ ਉਸ ਨੂੰ ਤਾਂ ਗਾਰਡ ਆਫ ਆਨਰ ਦਿੱਤਾ ਜਾਂਦਾ ਹੈ। ਰਾਈਫਲਾਂ ਦੇ ਫਾਇਰ ਕਰਕੇ ਸਲਾਮੀ ਦਿੱਤੀ ਜਾਂਦੀ ਹੈ ਪਰ ਇੱਕ ਸਵਤੰਤਰਤਾ ਸੈਨਾਨੀ ਨੂੰ ਕੋਈ ਅਜਿਹਾ ਸਨਮਾਨ ਨਹੀਂ ਮਿਲਦਾ। ਜ਼ਿਆਦਾ ਕਰਕੇ ਤਾਂ ਉਹ ਅਣਗੌਲਿਆ ਹੀ ਤੁਰ ਜਾਂਦਾ ਹੈ।

**ਪ੍ਰਸ਼ਨ:** ਕੀ ਤੁਸੀਂ ਅਜਿਹੀ ਘਟਨਾ,ਜਦੋਂ ਆਜ਼ਾਦੀ ਪ੍ਰਾਪਤੀ ਲਈ ਸਾਰੇ ਹੀ ਦੇਸ਼ ਪ੍ਰੇਮੀ ਜੂਝ ਰਹੇ ਸਨ,ਤੁਹਾਡੇ ਜੀਵਨ ਵਿੱਚ ਵਾਪਰੀ ਹੋਵੇ ਜਿਹੜੀ ਤੁਹਾਨੂੰ ਅੱਜ ਵੀ ਯਾਦ ਆਉਣ 'ਤੇ ਤੁਹਾਡੇ ਮਨ ਵਿੱਚ ਰਸਕ ਭਰ ਦਿੰਦੀ ਹੋਵੇ ਸਾਂਝੀ ਕਰੋਗੇ?

**ਉੱਤਰ:** ਸ. ਗੁਰਦਿਆਲ ਸਿੰਘ ਜੀ ਢਿੱਲੋਂ ਦੀ ਇਲੈਕਸ਼ਨ ਦੇ ਸਬੰਧ ਵਿੱਚ ਜਦੋਂ ਇੰਦਰਾ ਗਾਂਧੀ ਜੀ ਨੇ ਪੰਜਾਬ ਦਾ ਦੌਰਾ ਕੀਤਾ ਸੀ ਤਾਂ ਉਹ ਸ਼ਹਿਰ ਤਰਨ ਤਾਰਨ ਵਿੱਚ ਆਏ ਸਨ। ਉਨ੍ਹਾਂ ਨੇ ਦਰਬਾਰ ਸਾਹਿਬ ਤਰਨ ਤਾਰਨ ਮੱਥਾ ਟੇਕਣ ਜਾਣਾ ਸੀ। ਢਿੱਲੋਂ ਸਾਹਿਬ ਨੇ ਦਰਬਾਰ ਸਾਹਿਬ ਦੇ ਅੰਦਰ ਦੇ ਸਾਰੇ ਪ੍ਰਬੰਧ ਦੀ ਜ਼ਿਮੇਵਾਰੀ ਮੈਨੂੰ ਸੌਂਪੀ ਸੀ। ਸੁਰੱਖਿਆ ਦੇ ਖ਼ਿਆਲ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਅਸੀਂ ਇੰਦਰਾ ਜੀ ਨੂੰ ਮੁੱਖ ਬਾਜ਼ਾਰ ਦੀ ਬਜਾਏ ਜਿੱਧਰ ਲੰਗਰ ਹਾਲ ਹੈ ਉਸ ਰਸਤੇ ਤੋਂ ਅੰਦਰ ਲੈ ਕੇ ਗਏ ਸਾਂ। ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚ ਢਿੱਲੋਂ ਸਾਹਿਬ ਨੇ ਇੰਦਰਾ ਜੀ ਨੂੰ ਕਿਹਾ,"ਮੈਡਮ ਜੀ,ਇਹ ਕੰਵਲ ਜੀ ਹਨ। ਇਹ ਮੇਰੇ ਛੋਟੇ ਭਰਾ ਹਨ ਪਰ ਤੁਹਾਡੇ ਇਹ ਕੁੜਮ ਲੱਗਦੇ ਹਨ।" ਇਹ ਗੱਲ ਸੁਣ ਕੇ ਹੈਰਾਨ ਹੁੰਦੇ ਹੋਏ ਇੰਦਰਾ ਜੀ ਝੱਟ ਬੋਲ ਪਏ ਸਨ,"ਵੁਹ ਕੈਸੇ?" ਜਵਾਬ ਵਿੱਚ ਢਿੱਲੋਂ ਸਾਹਿਬ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਕੰਵਲ ਜੀ ਮੇਨਕਾ ਗਾਂਧੀ ਦੇ ਮਾਮਾ ਜੀ ਲਗਦੇ ਹਨ। ਇਸ ਤੋਂ ਪਿੱਛੋਂ ਇੰਦਰਾ ਜੀ ਜਿੰਨਾ ਸਮਾਂ ਵੀ ਦਰਬਾਰ ਸਾਹਿਬ ਰਹੇ ਮੇਰੇ ਨਾਲ ਹੀ ਗੱਲਾਂ ਕਰਦੇ ਰਹੇ ਸਨ। ਇੱਕ ਪਾਸੇ ਖਲੋਤੀਆਂ ਔਰਤਾਂ ਵੱਲ ਇਸ਼ਾਰਾ ਕਰਦਿਆਂ ਹੋਇਆ ਮੈਂ ਇੰਦਰਾ ਜੀ ਨੂੰ ਦੱਸਿਆ ਸੀ ਕਿ ਉੱਧਰ ਮੇਰੇ ਮਾਤਾ ਜੀ ਖੜੇ ਹਨ। ਉਹ ਸਾਰੀਆਂ

ਜਨਾਨੀਆਂ ਵਿੱਚੋਂ ਦੀ ਹੁੰਦੇ ਹੋਏ ਮੇਰੀ ਮਾਤਾ ਜੀ ਕੋਲ ਪਹੁੰਚ ਗਏ ਸਨ ਅਤੇ ਉਨ੍ਹਾਂ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ ਸੀ। ਆਪਣੇ ਜੀਵਨ ਦੀ ਇਹ ਅਭੁੱਲ ਘਟਨਾ ਅੱਜ ਵੀ ਮੈਂ ਜਦੋਂ ਯਾਦ ਕਰਦਾ ਹਾਂ ਤਾਂ ਸਾਰਾ ਸੀਨ ਮੇਰੀਆਂ ਅੱਖਾਂ ਅੱਗੇ ਘੁੰਮ ਜਾਂਦਾ ਹੈ ਅਤੇ ਮੇਰੀ ਛਾਤੀ ਮਾਣ ਨਾਲ ਚੌੜੀ ਹੋ ਜਾਂਦੀ ਹੈ।

**ਪ੍ਰਸ਼ਨ:** ਕੰਵਲ ਜੀ ਤੁਸਾਂ ਇੱਕ ਲੰਮਾ ਜੀਵਨ ਜੀਵਿਆ ਹੈ। ਸਵਤੰਤਰਤਾ ਸੰਗ੍ਰਾਮ ਵਿੱਚ ਵੀ ਤੁਸੀ ਇੱਕ ਜੁਝਾਰੂ ਦੀ ਤਰ੍ਹਾਂ ਵਿਚਰੇ ਹੋ। ਗੱਲ ਕੀ ਤੁਸੀ ਜੀਵਨ ਦਾ ਹਰ ਰੰਗ ਵੇਖਿਆ ਹੈ। ਕੀ ਤੁਸੀਂ ਅੱਜ ਦੇ ਨੌਜਵਾਨਾਂ ਨੂੰ ਕੋਈ ਸੁਨੇਹਾ ਦੇਣਾ ਚਾਹੋਗੇ?

**ਉੱਤਰ:** ਮੈਂ ਤਾਂ ਬੱਚਿਆਂ ਨੂੰ ਇਹੀ ਕਹਾਂਗਾ,ਜਿਹੜਾ ਕਿ ਮੈਂ ਸਾਰੀ ਉਮਰ ਕਹਿੰਦਾ ਆਇਆ ਹਾਂ। ਹਮੇਸ਼ਾਂ ਇਹ ਸਕੂਲਾਂ ਕਾਲਜਾਂ ਵਿੱਚ ਕਹਿੰਦਾ ਆਇਆ ਹਾਂ ਕਿ ਬੱਚਿਓ,ਸਿੱਖ ਬਣੋ ਪਰ ਸਭ ਤੋਂ ਪਹਿਲਾਂ ਭਾਰਤੀ ਬਣੋ। ਸਾਡੇ ਬੱਚਿਆਂ ਵਿੱਚ ਨਸ਼ਿਆ ਦਾ ਰੁਝਾਨ ਦਿਨੋ ਦਿਨ ਵੱਧਦਾ ਜਾ ਰਿਹਾ ਹੈ। ਬੱਚਿਓ ਨਸ਼ੇ ਛੱਡੋ। ਜੇਕਰ ਨਸ਼ੇ ਛੱਡੋਗੇ ਤਾਂ ਹੀ ਤੁਹਾਡਾ ਜੀਵਨ ਬਣਨਾ ਜੇ। ਅੱਜ ਜੋ ਦੇਸ਼ ਦੀ ਹਾਲਤ ਹੈ, ਜਿਹੜਾ ਨਿਘਾਰ ਦੇਸ਼ ਵਿੱਚ ਆ ਰਿਹਾ ਹੈ ਉਸ ਵਿੱਚ ਨਸ਼ਿਆਂ ਦਾ ਵੱਡਾ ਹੱਥ ਹੈ। ਪਾਕਿਸਤਾਨ ਆਪਣੀ ਲੜਾਈ ਜਿੱਤਣ ਵਾਸਤੇ ਕਈ ਤਰ੍ਹਾਂ ਦੇ ਨਸ਼ੇ ਸਾਡੇ ਦੇਸ਼ ਦੇ ਨੌਜਵਾਨਾਂ ਵਿੱਚ ਵੰਡ ਰਿਹਾ ਹੈ ਤਾਂ ਜੋ ਭਾਰਤ ਦਾ ਨੌਜਵਾਨ ਨਸ਼ਿਆਂ ਵਿੱਚ ਲੱਗ ਜਾਵੇ ਅਤੇ ਦੇਸ਼ ਕਮਜ਼ੋਰ ਹੋ ਜਾਵੇ। ਨੌਜਵਾਨਾ ਨੂੰ ਨੌਕਰੀਆਂ ਨਾ ਮਿਲਣ ਕਰਕੇ ਉਨ੍ਹਾਂ ਦਾ ਰੁਝਾਨ ਗਲਤ ਪਾਸੇ ਵੱਲ ਜਾ ਰਿਹਾ ਹੈ।

ਮੈਂ ਇੱਕ ਗੱਲ ਹੋਰ ਕਹਿਣਾ ਚਾਹਵਾਂਗਾ। ਉਦੋਂ ਰਾਜੀਵ ਗਾਂਧੀ ਜੀ ਪ੍ਰਧਾਨ ਮੰਤਰੀ ਸਨ ਅਤੇ ਸਾਡਾ ਡੈਲੀਗੇਸ਼ਨ ਉਨ੍ਹਾਂ ਨੂੰ ਮਿਲਣ ਦਿੱਲੀ ਗਿਆ ਸੀ। ਗੱਲਬਾਤ ਹੋਣ ਪਿੱਛੋਂ ਜਦੋਂ ਅਸੀਂ ਚਾਹ ਦੀ ਟੇਬਲ 'ਤੇ ਗਏ ਤਾਂ ਮੈਂ ਸੋਚਿਆ ਕਿ ਚਾਹ ਤਾਂ ਰੋਜ਼ ਹੀ ਪੀਂਦੇ ਰਹੀਦਾ ਹੈ, ਕਿਉਂ ਨਾ ਰਾਜੀਵ ਜੀ ਨਾਲ ਆਪਣੇ ਪੰਜਾਬ ਦੀ ਹਾਲਤ ਬਾਰੇ ਵੀ ਕੁਝ ਚਰਚਾ ਕੀਤੀ ਜਾਵੇ। ਮੈਂ ਰਾਜੀਵ ਜੀ ਨੂੰ ਕਿਹਾ ਸੀ, "ਰਾਜੀਵ ਜੀ, ਕੀ ਤੁਹਾਨੂੰ ਪਤਾ ਹੈ ਕਿ ਅਜ਼ਾਦੀ ਪ੍ਰਾਪਤ ਕਰਨ ਲਈ ਫ਼ਾਂਸੀਆਂ ਤੇ ਚੜ੍ਹਣ ਵਾਲਿਆਂ 'ਚੋਂ 90% ਪੰਜਾਬੀ ਫ਼ਾਂਸੀਆਂ 'ਤੇ ਝੂਲੇ ਹਨ। ਕਾਲੇ ਪਾਣੀ ਦੀ ਸਜ਼ਾ ਭੁਗਤਣ ਵਾਲਿਆਂ ਵਿੱਚ 95% ਪੰਜਾਬੀਆਂ ਸਨ। ਅਸਲੀ ਗੱਲ ਹੈ ਪੰਜਾਬੀਆਂ ਨੇ ਰਾਜ ਕੀਤਾ ਹੈ। ਉਨ੍ਹਾਂ ਨੇ ਰਾਜ ਦਾ ਸੁਆਦ ਚੱਖਿਆ ਹੈ। ਗੁਲਾਮ ਰਹਿਣਾ ਉਨ੍ਹਾਂ ਦੇ ਖ਼ੂਨ ਵਿੱਚ ਨਹੀਂ। ਜਦੋਂ ਅੰਗਰੇਜ਼ਾਂ ਦਾ ਪੰਜਾਬ ਉੱਤੇ ਕਬਜ਼ਾ ਹੋ ਗਿਆ ਸੀ ਤਾਂ ਉਸ ਸਮੇਂ ਪੰਜਾਬ ਦੇ ਗਵਰਨਰ ਨੇ ਫ਼ੌਜ ਦਾ ਰੁੱਖਾ ਵਤੀਰਾ ਵੇਖ ਕੇ ਆਪਣਾ ਅਸਤੀਫ਼ਾ ਦੇ ਦਿੱਤਾ ਸੀ। ਵਾਇਸਰਾਏ ਦੇ ਏ.ਡੀ.ਸੀ ਕਨਿੰਘਮ ਨੇ ਗਵਰਨਰ ਨੂੰ ਚਿੱਠੀ ਲਿਖੀ ਸੀ ਕਿ ਪੰਜਾਬੀਆਂ ਨੂੰ ਫ਼ੌਜ ਵਿੱਚ ਭਰਤੀ ਕਰ। ਇਨ੍ਹਾਂ ਨੂੰ ਨੌਕਰੀਆਂ ਦਿਉ। ਰਾਜੀਵ ਜੀ, ਪੰਜਾਬੀ ਹੀ ਭਾਰਤ ਦੀ ਖ਼ੜਗ-ਭੁਜਾ ਹਨ। ਇਹ ਹੀ ਦੇਸ਼ ਦੇ ਅਸਲੀ ਅਰਥਾਂ ਵਿੱਚ ਰੱਖਿਅਕ ਹਨ। ਇਨ੍ਹਾਂ ਨੂੰ ਨੌਕਰੀਆਂ ਦਿਉ। ਨੌਜਵਾਨਾਂ ਨੂੰ ਰੁਜ਼ਗਾਰ ਦਿਉ।

ਕੰਵਲ ਜੀ ਨਾਲ ਆਜ਼ਾਦੀ ਦੇ ਘੋਲ ਸਬੰਧੀ, ਉਨ੍ਹਾਂ ਦੇ ਜੀਵਨ ਸਬੰਧੀ, ਉਨ੍ਹਾਂ ਦੇ ਪ੍ਰੀਵਾਰਕ ਰੁਝੇਵਿਆਂ ਸਬੰਧੀ, ਉਨ੍ਹਾਂ ਦੀਆਂ ਦੇਸ਼ ਪ੍ਰਤੀ ਭਾਵਨਾਵਾਂ ਸਬੰਧੀ, ਉਨ੍ਹਾਂ ਦੀ ਨੌਜਵਾਨਾਂ ਪ੍ਰਤੀ ਸੋਚ ਸਬੰਧੀ ਜਾਣ ਕੇ ਲੱਗਦਾ ਸੀ ਜਿਵੇਂ ਮੈਂ ਇੱਕ ਸਮੁੰਦਰ ਵਿੱਚ ਤਰ ਰਿਹਾ ਹੋਵਾਂ। ਉਨ੍ਹਾਂ ਅੰਦਰਲਾ ਕੰਵਲ ਮੈਨੂੰ ਉਨ੍ਹਾਂ ਦੀ 91 ਸਾਲ ਦੀ ਉਮਰ ਵਿੱਚ ਵੀ ਤਰੋ-ਤਾਜ਼ਾ ਮਹਿਕ ਅਤੇ ਟਹਿਕ ਰਿਹਾ ਪ੍ਰਤੀਤ ਹੁੰਦਾ ਸੀ। ਜਿਉਂ ਜਿਉਂ ਉਹ ਦੇਸ਼ ਆਜ਼ਾਦੀ ਦੀਆਂ ਗੱਲਾਂ ਕਰਦੇ ਜਾਂਦੇ ਸਨ ਉਨ੍ਹਾਂ ਦਾ ਚਿਹਰਾ ਲਾਲ ਹੁੰਦਾ ਜਾਂਦਾ ਸੀ। ਮੈਨੂੰ ਇੰਜ ਜਾਪਣ ਲੱਗਾ ਸੀ ਜਿਵੇਂ ਹੁਣੇ ਹੀ ਉਨ੍ਹਾਂ ਦੇ ਅੰਦਰਲਾ ਸੁਰਿੰਦਰ ਸਿੰਘ ਕੰਵਲ ਬੋਲ ਉੱਠੇਗਾ,

**"ਸਰ ਫ਼ਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ।**
**ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂ-ਏ-ਕਾਤਿਲ ਮੇਂ ਹੈ।**
**ਵਕਤ ਆਨੇ ਪੇ ਬਤਾ ਦੇਂਗੇ ਤੁਝੇ ਐ! ਆਸਮਾਂ,**
**ਹਮ ਅਭੀ ਸੇ ਕਯਾ ਬਤਾਏਂ ਕਯਾ ਹਮਾਰੇ ਦਿਲ ਮੇਂ ਹੈ।"**

ਸਾਡੇ ਪੀਣ ਵਾਸਤੇ ਜਿਹੜੀ ਚਾਹ ਲਿਆਂਦੀ ਗਈ ਸੀ ਉਹ ਵੀ ਪਈ ਪਈ ਠੰਢੀ ਹੋ ਗਈ ਸੀ। ਮੈਂ ਸੋਚਦਾ ਸਾਂ ਕਿ ਚਾਹ ਤਾਂ ਰੋਜ਼ ਹੀ ਪੀਂਦੇ ਰਹੀਦਾ ਹੈ,ਅਜਿਹਾ ਇਨਸਾਨ ਜਿਸ ਦੇ ਦਿਲ ਵਿੱਚ ਅੱਜ ਵੀ ਦੇਸ਼ ਪਿਆਰ ਦਾ ਸਾਗ਼ਰ ਠਾਠਾਂ ਮਾਰ ਰਿਹਾ ਹੈ ਕਦੋਂ ਰੋਜ਼ ਰੋਜ਼ ਮਿਲਦਾ ਹੈ। ਵਾਹਿਗੁਰੂ ਅੱਗੇ ਅਰਦਾਸ ਹੈ ਕਿ ਉਹ ਕੰਵਲ ਜੀ ਨੂੰ ਹੋਰ ਲੰਮੀ ਉਮਰ ਬਖ਼ਸ਼ੇ ਤਾਂ ਜੋ ਅਸੀਂ ਉਨ੍ਹਾਂ ਦੀ ਬੋਹੜ ਵਰਗੀ ਠੰਢੀ ਅਤੇ ਮਿੱਠੀ ਛਾਂ ਹੇਠਾਂ ਆਨੰਦ ਮਾਣਦੇ ਰਹੀਏ ਅਤੇ ਆਜ਼ਾਦੀ ਸੰਗ੍ਰਾਮ ਦਾ ਇਹ ਸੈਨਾਨੀ ਸਾਡਾ ਮਾਰਗ ਦਰਸ਼ਨ ਕਰਦਾ ਰਹੇ।

ਅਮੀਨ!

***

ਇੱਕ ਪੱਤਰਕਾਰ :

**ਲੋਕ ਆਵਾਜ਼ ਬਣਨ ਦੀ ਸੋਚ ਵਾਲਾ ਮਨੁੱਖ**



**ਸ੍ਰ. ਜਸਮੇਲ ਸਿੰਘ 'ਚੀਦਾ'**

'ਨਸ਼ਾ' ਭਾਵ ਅਮਲ ਸ਼ਬਦ ਜ਼ਿਹਨ ਵਿੱਚ ਆਉਂਦਿਆ ਹੀ ਸਾਡੀ ਸੋਚ ਦੀ ਸੂਈ ਪੋਸਤ, ਭੰਗ, ਅਫ਼ੀਮ ਅਤੇ ਸ਼ਰਾਬ ਵੱਲ ਘੁੰਮ ਜਾਂਦੀ ਹੈ। ਪਹਿਲੇ ਸਮਿਆਂ ਵਿੱਚ ਮੁੱਖ ਤੌਰ ਤੇ ਇਹਨਾਂ ਚਾਰ ਵਸਤਾਂ ਨੂੰ ਹੀ ਨਸ਼ੇੜੀ (ਅਮਲੀ) ਦੀ ਨਸ਼ਾ ਪੂਰਤੀ ਵਾਸਤੇ ਵਰਤਿਆ ਜਾਂਦਾ ਸਮਝਿਆ ਜਾਂਦਾ ਸੀ। ਨਸ਼ਾ ਕਰਨ ਵਾਲੇ ਇਨਸਾਨ ਦੀ ਸੋਚ ਹਮੇਸ਼ਾਂ ਹੀ ਨਸ਼ੇ ਦੀ ਪ੍ਰਾਪਤੀ ਦੇ ਸਾਧਨ ਜੁਟਾਉਣ ਵੱਲ ਹੀ ਲੱਗੀ ਰਹਿੰਦੀ ਹੈ। ਨਸ਼ੇ ਦੀ ਤੋਟ ਆਓਣ 'ਤੇ ਉਹ ਪਾਗਲਾਂ ਵਾਂਗ ਆਪਣੀ ਨਸ਼ਾ-ਤ੍ਰਿਪਤੀ ਲਈ ਨਸ਼ੇ ਦੀ ਭਾਲ ਵਿੱਚ ਦੌੜਿਆ ਫਿਰਦਾ ਹੈ।

ਅੱਜ ਦਾ ਮਨੁੱਖ ਇਨ੍ਹਾਂ ਚਾਰ ਕਿਸਮ ਦੇ ਨਸ਼ਿਆਂ ਤੱਕ ਹੀ ਸੀਮਿਤ ਨਹੀਂ ਰਹਿ ਗਿਆ। ਉਸ ਦੇ ਨਸ਼ਿਆਂ ਦੀ ਸੂਚੀ ਵਿੱਚ ਚੋਖਾ ਵਾਧਾ ਹੋ ਗਿਆ ਹੈ ਅਤੇ ਇਨ੍ਹਾਂ ਨਸ਼ਿਆਂ ਵਿੱਚ ਮਾਰੂ ਨਸ਼ੇ ਵੀ ਆਣ ਸ਼ਾਮਲ ਹੋਏ ਹਨ। ਚਰਸ, ਕੁਕੀਨ ਅਤੇ ਹੈਰੋਇਨ (Brown Sugar) ਵਰਗੇ ਘਰ ਉਜਾੜੂ ਨਸ਼ਿਆਂ ਦੇ ਨਾਲ ਨਾਲ ਬੀਮਾਰੀਆਂ ਦੇ ਇਲਾਜ ਵਾਸਤੇ ਵਰਤੀਆਂ ਜਾਣ ਵਾਲੀਆਂ ਅੰਗਰੇਜ਼ੀ ਦਵਾਈਆਂ ਵੀ ਨਸ਼ੇੜੀਆਂ ਨੇ ਨਸ਼ਾ-ਤ੍ਰਿਪਤੀ ਲਈ ਵਰਤਣੀਆਂ ਸ਼ੁਰੂ ਕਰ ਦਿੱਤੀਆਂ ਹਨ। ਅੰਗਰੇਜ਼ੀ ਟੌਨਿਕ 'ਗਲਾਈਕੋਡੀਨ' ਜਿਹੜੀ ਕਦੇ ਡਾਕਟਰ ਖਾਂਸੀ ਨਿਵਾਰਣ ਲਈ ਮਰੀਜ਼ ਨੂੰ ਦਿਆ ਕਰਦੇ ਸਨ ਹੁਣ ਅਮਲੀਆਂ ਨੇ ਆਪਣੇ ਨਸ਼ੇ ਲਈ ਵਰਤਣੀ ਸ਼ੁਰੂ ਕਰ ਦਿੱਤੀ ਹੈ। ਗੱਲ ਇੱਥੇ ਹੀ ਨਹੀਂ ਮੁੱਕਦੀ, ਨਸ਼ੇ ਦੇ ਆਦੀ ਲੋਕ ਨਸ਼ੇ ਦੀਆਂ ਗੋਲੀਆਂ ਅਤੇ ਟੀਕਿਆਂ ਦੀ ਵਰਤੋਂ ਵੀ ਖੁਲ੍ਹ ਕੇ ਕਰਨ ਲੱਗ ਪਏ ਹਨ ਅਤੇ ਆਪਣੇ ਸਰੀਰ ਨੂੰ ਸਿਰੰਜ਼ਾਂ ਦੀਆਂ ਸੂਈਆਂ ਨਾਲ ਵਿੰਨ੍ਹੀ ਜਾ ਰਹੇ ਹਨ। ਨਸ਼ਿਆਂ ਦੀ ਸੂਚੀ ਰੋਜ਼ ਦੀ ਰੋਜ਼ ਲੰਮੀ ਤੋਂ ਲੰਮੇਰੀ ਹੁੰਦੀ ਜਾ ਰਹੀ ਹੈ। ਨਸ਼ਾ ਕਰਨ ਵਾਲਿਆਂ ਦਾ ਝੱਸ ਇੱਥੋਂ ਤੱਕ ਵੱਧ ਗਿਆ ਹੈ ਕਿ ਉਹ 'ਆਈਓਡੈਕਸ' ਮਲ੍ਹਮ ਨੂੰ ਵੀ ਬਰੈਡ-ਪੀਸਾਂ ਤੇ ਲਾ ਕੇ ਖਾਈ ਜਾ ਰਹੇ ਹਨ। ਰੱਬ ਖੈਰ ਕਰੇ! ਨਸ਼ੇ ਦੀ ਗੱਲ ਤੁਰੀ ਹੈ ਤਾਂ ਮੈ ਕਹਾਂਗਾ ਕਿ ਹਰ ਇਨਸਾਨ ਹੀ ਨਸ਼ੇ ਦੀ ਮਾਰ ਹੇਠਾਂ ਜੀਉ ਰਿਹਾ ਹੈ। ਰੋਜ਼ਾਨਾ ਰੋਟੀ ਖਾਣਾ ਵੀ ਤਾਂ ਇੱਕ ਤਰ੍ਹਾਂ ਦਾ ਨਸ਼ਾ ਹੀ ਹੈ। ਕਿਸੇ ਨੂੰ ਆਪਣੀ ਜਵਾਨੀ ਦਾ ਨਸ਼ਾ ਹੈ,ਕਿਸੇ ਨੂੰ ਆਪਣੀ ਸੁੰਦਰਤਾ ਦਾ ਨਸ਼ਾ ਹੈ,ਕਿਸੇ ਨੂੰ ਤਾਕਤ ਦਾ ਨਸ਼ਾ ਹੈ, ਕਿਸੇ ਨੂੰ ਦੌਲਤ ਦਾ ਨਸ਼ਾ ਹੈ, ਕਿਸੇ ਨੂੰ ਕੁਰਸੀ ਦਾ ਨਸ਼ਾ ਹੈ, ਕਿਸੇ ਨੂੰ ਪਿਆਰ ਦਾ ਨਸ਼ਾ ਹੈ। ਗੱਲ ਕੀ ਹਰ ਕੋਈ ਨਸ਼ੇ ਦੀ ਲੋਰ ਵਿੱਚ ਜੀਉ ਰਿਹਾ ਹੈ। ਇਨ੍ਹਾਂ ਸਾਰਿਆਂ ਨਸ਼ਿਆਂ ਤੋਂ ਜ਼ਰਾ ਹਟ ਕੇ ਇੱਕ ਹੋਰ ਨਸ਼ਾ ਵੀ ਹੈ, ਜਿਸ ਵੱਲ ਸ਼ਾਇਦ ਤੁਹਾਡੀ ਨਿਗਾਹ ਹੀ ਨਾ ਗਈ ਹੋਵੇ। ਉਹ ਨਸ਼ਾ ਹੈ ਅਖ਼ਬਾਰ ਪੜ੍ਹਨ ਦਾ ਨਸ਼ਾ। ਰੋਜ਼ਾਨਾ ਅਖ਼ਬਾਰ ਪੜ੍ਹਨ ਵਾਲੇ ਲੋਕਾਂ ਨੂੰ ਜਿੰਨਾਂ ਚਿਰ ਅਖ਼ਬਾਰ ਨਹੀਂ ਮਿਲ ਜਾਂਦਾ ਉਹ ਬੁਝੇ-ਬੁਝੇ ਅਤੇ ਉਦਾਸ ਨਜ਼ਰੀਂ ਪੈਂਦੇ ਹਨ ਜਿਵੇ ਉਨ੍ਹਾਂ ਦਾ ਕੁਝ ਗੁਆਚ ਗਿਆ ਹੋਵੇ।

ਖ਼ਬਰਾਂ ਦਾ ਸੰਗ੍ਰਹਿ ਹੀ ਅਖ਼ਬਾਰ ਅਖਵਾਉਂਦਾ ਹੈ ਜਿਸ ਵਿੱਚ ਦੇਸ-ਵਿਦੇਸ ਅਤੇ ਹਰ ਪ੍ਰਕਾਰ ਦੀ ਜਾਣਕਾਰੀ ਪ੍ਰਕਾਸ਼ਿਤ ਹੋ ਕੇ ਪਾਠਕ ਤੱਕ ਪਹੁੰਚਦੀ ਹੈ। ਖ਼ਬਰ ਨੂੰ ਅੰਗਰੇਜ਼ੀ ਭਾਸ਼ਾ ਵਿੱਚ ਅਸੀਂ 'NEWS' ਕਹਿੰਦੇ ਹਾਂ। ਜੇਕਰ ਜ਼ਰਾ ਧਿਆਨ ਨਾਲ ਵਾਚਿਆ ਜਾਵੇ ਤਾਂ ਇਹ ਅੰਗਰੇਜ਼ੀ ਦੇ ਚਾਰ ਸ਼ਬਦ ਚਾਰ ਦਿਸ਼ਾਵਾਂ N-North(ਉੱਤਰ), E-East(ਪੂਰਬ), W-West(ਪੱਛਮ) ਅਤੇ S-South(ਦੱਖਣ) ਦੇ ਸੂਚਿਕ ਹਨ। ਤੱਥ ਇਹ ਹੋਇਆ ਕਿ ਓਂਸ਼ ਚਾਰੇ ਦਿਸ਼ਾਵਾਂ ਦਾ ਗਿਆਨ ਅਤੇ ਸੂਚਨਾਵਾਂ ਪਾਠਕਾਂ ਤੱਕ ਪੁੱਜਦੀਆਂ ਕਰਦੀਆਂ ਹਨ। ਇਨ੍ਹਾਂ ਸਾਰੀਆਂ ਅਤੇ ਸਾਰੀਆਂ ਦਿਸ਼ਾਵਾਂ ਤੋਂ ਪ੍ਰਾਪਤ ਹੋਣ ਵਾਲੀਆਂ ਖ਼ਬਰਾਂ ਵਾਸਤੇ ਅਖ਼ਬਾਰਾਂ ਦੇ ਸੰਪਾਦਕ/ਮਾਲਕ ਆਪਣੇ ਪੱਤਰਕਾਰਾਂ (Press Repoters) ਦੀਆਂ ਸੇਵਾਵਾਂ ਲੈਂਦੇ ਹਨ ਤਾਂ ਜਾ ਕੇ ਅਖ਼ਬਾਰ ਰੂਪ ਵਿੱਚ ਇਹ ਖ਼ਬਰਾਂ ਪਾਠਕਾਂ ਦੀਆਂ ਦਹਿਲੀਜ਼ਾਂ ਤੱਕ ਪੁੱਜਦੀਆਂ ਹਨ। ਅੱਜ ਇੱਕ

ਪੱਤਰਕਾਰ ਕੋਲੋਂ ਇਸ ਬਾਰੇ ਲਈ ਹੋਈ ਅੰਦਰਲੀ-ਬਾਹਰਲੀ ਜਾਣਕਾਰੀ ਇੱਕ ਇੰਟਰਵਿਊ ਰੂਪ ਵਿੱਚ ਪਾਠਕਾਂ ਸਾਹਮਣੇ ਪੇਸ਼ ਕਰ ਰਿਹਾ ਹਾਂ ਜਿਸ ਦਾ ਸਾਰਅੰਸ਼ ਇੰਜ ਹੈ:-

**ਸੁਆਲ:** ਪੱਤਰਕਾਰ ਸ੍ਰ. ਜੀ ਤੁਹਾਡਾ ਕੀ ਨਾਮ ਹੈ?

**ਜੁਆਬ:** ਮੇਰਾ ਨਾਮ ਜਸਮੇਲ ਸਿੰਘ 'ਚੀਦਾ' ਹੈ।

**ਸੁਆਲ:** ਤੁਸੀਂ ਆਪਣੇ ਨਾਂ ਨਾਲ ਜਿਹੜਾ ਉਪਨਾਮ ਵਜੋਂ ਸ਼ਬਦ 'ਚੀਦਾ' ਲਿਖਦੇ ਹੋ ਕੀ ਇਹ ਤੁਹਾਡਾ ਤਖ਼ੱਲਸ ਹੈ ਜਾਂ ਕੋਈ ਹੋਰ ਗੱਲ ਹੈ ? ਇਸ ਬਾਰੇ ਚਾਨਣਾ ਪਾਓ।

**ਜੁਆਬ:** ਇਹ ਚੀਦਾ ਸ਼ਬਦ ਮੇਰੇ ਪਿੰਡ ਦਾ ਨਾਂ ਹੈ ਜੋ ਮੈਂ ਆਪਣੇ ਨਾਂ ਨਾਲ ਲਿਖਦਾ ਹਾਂ।

**ਸੁਆਲ:** ਚੀਦਾ ਜੀ ਕੀ ਤੁਸੀਂ ਆਪਣੇ ਜਨਮ ਅਤੇ ਪ੍ਰੀਵਾਰ ਸਬੰਧੀ ਵੇਰਵੇ ਸਾਹਿਤ ਦੱਸੋਗੇ?

**ਜੁਆਬ:** 'ਤੀਰ' ਜੀ, ਮੇਰਾ ਜਨਮ ਮਿਤੀ 17 ਜੂਨ,1952 ਨੂੰ ਸ. ਬਲਵੰਤ ਸਿੰਘ ਜੀ ਦੇ ਗ੍ਰਹਿ ਵਿੱਖੇ ਮਾਤਾ ਨਿਰੰਜਨ ਕੌਰ ਜੀ ਦੀ ਕੁੱਖੋਂ ਪਿੰਡ 'ਚੀਦਾ',ਜਿਹੜਾ ਕਿ ਜ਼ਿਲ੍ਹਾ ਫਰੀਦਕੋਟ ਵਿੱਚ ਪੈਂਦਾ ਹੈ ਹੋਇਆ। ਅਸੀਂ ਤਿੰਨ ਭਰਾ ਹਾਂ ਅਤੇ ਮੇਰੀਆਂ ਤਿੰਨ ਹੀ ਭੈਣਾਂ ਹਨ,ਜਿਹੜੀਆਂ ਕਿ ਸਾਰੀਆਂ ਹੀ ਮੈਥੋਂ ਵੱਡੀਆਂ ਹਨ। ਮੇਰੇ ਦੋਵੇਂ ਹੀ ਭਰਾ ਮੈਥੋਂ ਛੋਟੇ ਸਨ। ਇੱਥੇ ਇਹ ਦੱਸਦਿਆਂ ਹੋਇਆਂ ਦਿਲ ਵਿੱਚ ਰੁੱਗ ਜਿਹਾ ਭਰਿਆ ਜਾਂਦਾ ਹੈ ਕਿ ਉਹ ਦੋਵੇਂ ਹੀ ਵਿਚਾਰੇ ਗ਼ੁਰਬਤ ਦੀ ਬਲੀ ਚੜ੍ਹ ਗਏ ਸਨ।ਪੈਸੇ ਦੀ ਥੁੜ੍ਹ ਕਾਰਨ ਉਨ੍ਹਾਂ ਦਾ ਚੰਗੀ ਤਰ੍ਹਾਂ ਇਲਾਜ ਵੀ ਨਹੀਂ ਹੋ ਸਕਿਆ।ਮੇਰੇ ਪਿਤਾ ਜੀ ਵੀ ਦੋ ਭਰਾ ਸਨ।

**ਸੁਆਲ:** ਕੀ ਤੁਸੀਂ ਆਪਣੀ ਵਿੱਦਿਅਕ ਯੋਗਤਾ ਬਾਰੇ ਦੱਸਦਿਆਂ ਹੋਇਆਂ ਇਹ ਵੀ ਦੱਸੋਗੇ ਕਿ ਤੁਸੀਂ ਕਦੋਂ ਕਦੋਂ ਅਤੇ ਕਿੱਥੋਂ ਕਿੱਥੋਂ ਵਿੱਦਿਆ ਪ੍ਰਾਪਤ ਕੀਤੀ?

**ਜੁਆਬ:** ਮੈਂ ਦਸਵੀਂ ਤੱਕ ਦੀ ਪੜ੍ਹਾਈ ਸਰਕਾਰੀ ਹਾਈ ਸਕੂਲ ਬੰਬੀਹਾ ਭਾਈ ਤੋਂ ਪ੍ਰਾਪਤ ਕੀਤੀ ਹੈ ਜਦੋਂ ਕਿ ਉੱਚ ਵਿੱਦਿਆ ਲਈ ਮੈਂ ਬਰਜਿੰਦਰਾ ਕਾਲਜ ਕੋਟ ਕਪੂਰਾ,ਜ਼ਿਲ੍ਹਾ ਫਰੀਦਕੋਟ ਵਿੱਚ ਗਿਆ ਸੀ ਪਰ ਕੁਝ ਕਾਰਨਾ ਕਰਕੇ ਮੈਂ ਆਪਣੀ ਪੜ੍ਹਾਈ ਜ਼ਾਰੀ ਨਹੀਂ ਸਾਂ ਰੱਖ ਸਕਿਆ ਅਤੇ ਮੈਨੂੰ ਇਹ ਅੱਧਵਾਟੇ ਹੀ ਛੱਡਣੀ ਪਈ ਸੀ।

**ਸੁਆਲ:** ਕੀ ਤੁਸੀਂ ਦੱਸੋਗੇ ਕਿ ਤੁਹਾਡੇ ਮੁੱਢਲੇ ਜੀਵਨ ਵਿੱਚ ਤੁਹਾਡੀ ਘਰੇਲੂ ਆਰਥਿਕ ਕਿਹੋ ਜੇਹੀ ਸੀ?

**ਜੁਆਬ:** ਕਹਿੰਦੇ ਹਨ ਕਿ ਜਦੋਂ ਕਿਸੇ ਵਕੀਲ ਕੋਲ ਜਾਵੋ ਜਾਂ ਡਾਕਟਰ ਕੋਲ ਜਾਵੋ ਤਾਂ ਸਾਫ਼ ਸਾਫ਼ ਅਤੇ ਸੱਚ ਹੀ ਕਹਿਣਾ ਚਾਹੀਦਾ ਹੈ। ਅੱਜ ਤੁਸੀਂ ਵੀ ਅਦਾਲਤ ਲਾਈ ਹੋਈ ਹੈ। ਅਦਾਲਤ ਵਿੱਚ ਤਾਂ ਪਹਿਲਾਂ ਸਹੁੰ ਚੁਕਾਈ ਜਾਂਦੀ ਹੈ ਕਿ ਜੋ ਕਹਾਂਗਾ ਸੱਚ ਕਹਾਂਗਾ, ਸੱਚ ਦੇ ਸਵਾਏ ਕੁਝ ਨਹੀਂ ਕਹਾਂਗਾ। ਮੈਂ ਬਿਨਾ ਕਹਿਣਦੇ ਹੀ ਇਹ ਅਹਿਦ ਕਰਦਾ ਹਾਂ ਕਿ ਤੁਹਾਡੇ ਸਾਰੇ ਸੁਆਲਾਂ ਦੇ ਜੁਆਬ ਸੱਚੋ ਸੱਚ ਦੇਵਾਂਗਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜਦੋਂ ਮੈਂ ਅਜੇ ਛੋਟਾ ਹੀ ਸਾਂ ਤਾਂ ਘਰੇਲੂ ਹਾਲਾਤ ਜ਼ਿਆਦਾ ਚੰਗੀ ਨਹੀਂ ਸੀ। ਘਰ ਵਿੱਚ ਗ਼ੁਰਬਤ ਦਾ ਆਲਮ ਸੀ। ਮੈਨੂੰ ਇਹ ਕਹਿਣ ਤੋਂ ਵੀ ਕੋਈ ਗ਼ੁਰੇਜ ਨਹੀਂ ਕਿ **'ਡਾਂਗ 'ਤੇ ਡੇਰੇ'** ਵਾਲੀ ਹਾਲਾਤ ਸੀ।ਬੇਸ਼ਕ ਇੱਕ ਪਾਸੇ ਇਹ ਹਾਲਤ ਸੀ ਤਾਂ ਇਸ ਦਾ ਮੁਕਾਬਲਾ ਕਰਨ ਲਈ ਪ੍ਰੀਵਾਰਕ ਸੋਚ ਕਾਫ਼ੀ ਬੁਲੰਦ ਸੀ। ਮਨ ਵਿੱਚ ਹਰ ਵੇਲੇ ਇਹ ਹੀ ਸੋਚ ਰਹਿੰਦੀ ਸੀ ਕਿ ਇਸ ਤੋਂ ਵੱਧ ਹੋਰ ਕੀ ਗ਼ਰੀਬੀ ਹੋ ਜਾਵੇਗੀ। ਮਰੋ ਜਾਂ ਕਰੋ ਵਰਗਾ ਜਜ਼ਬਾ ਪ੍ਰਧਾਨ ਸੀ। ਸਮੁਚੇ ਤੌਰ 'ਤੇ ਇਹ ਕਹਿ ਸਕਦੇ ਹਾਂ ਕਿ ਤਖ਼ਤ ਜਾਂ ਤਖ਼ਤਾ ਹੀ ਹਰ ਵੇਲੇ ਦਿਲ ਨੂੰ ਡੋਲਣ ਨਹੀਂ ਸੀ ਦਿੰਦਾ।

**ਸੁਆਲ:** ਜਦੋਂ ਕੋਈ ਇਨਸਾਨ ਅਜਿਹੀ ਸਥਿੱਤੀ 'ਚੋਂ ਗੁਜ਼ਰ ਰਿਹਾ ਹੁੰਦਾ ਹੈ ਤਾਂ ਸ਼ਾਇਦ ਇਹ ਕੁਦਰਤ ਦਾ ਹੀ ਅਸੂਲ ਹੈ ਕਿ ਕੋਈ ਨਾ ਕੋਈ ਅਜਿਹਾ ਇਸਾਨ ਵੀ ਹੁੰਦਾ ਹੈ ਜਿਹੜਾ ਇਸ ਭਵਜਲ 'ਚੋਂ ਬੇੜਾ ਪਾਰ ਲਾਉਣ ਦਾ ਸਾਧਨ ਬਣਦਾ ਹੈ। ਕੀ ਤੁਹਾਡੇ ਪ੍ਰੀਵਾਰ ਵਿੱਚ ਵੀ ਕੋਈ ਅਜਿਹਾ ਆਦਮੀ ਸੀ ਜਿਹੜਾ ਇਸ ਪ੍ਰੀਵਾਰ ਲਈ ਪ੍ਰੇਰਨਾ ਸਰੋਤ ਬਣਿਆ ਹੋਏ ਜਾਂ ਜਿਸ ਨੂੰ ਤੁਸੀ ਅੱਗ ਆਉਣ ਵਾਲੀ ਜ਼ਿੰਦਗੀ ਦਾ ਰਾਹ ਦਸੇਰਾ ਮੰਨਿਆ ਹੋਵੇ?

**ਜੁਆਬ:** ਤੁਸੀਂ ਠੀਕ ਕਿਹਾ ਹੈ। ਅਜਿਹਾ ਇੱਕ ਇਨਸਾਨ ਸਾਡੇ ਪ੍ਰੀਵਾਰ ਵਿੱਚ ਸੀ, ਜਿਸ ਨੇ ਸਾਰੇ ਪ੍ਰੀਵਾਰ ਦਾ ਦਿਸ਼ਾ ਨਿਰਦੇਸ਼ ਕਰਕੇ ਅੱਗੇ ਵੱਧਣ ਲਈ ਮਾਰਗ ਦਰਸ਼ਨ ਕੀਤਾ ਸੀ। ਉਹ ਸੀ ਮੇਰੇ ਤਾਇਆ, ਸ. ਦੀਦਾਰ ਸਿੰਘ ਜੀ ਜਿਹੜੇ ਕਿ ਕਮਿਊਨਿਸਟ ਪਾਰਟੀ ਸੀ.ਪੀ.ਆਈ (C.P.I)ਦੇ ਸਰਕਰਦਾ ਮੈਂਬਰ ਸਨ। ਉਨ੍ਹਾਂ ਦੀ ਆਪਣੀ ਕੋਈ ਸੰਤਾਨ ਨਹੀਂ ਸੀ। ਮੈਨੂੰ ਉਨ੍ਹਾਂ ਨੇ ਆਪਣਾ ਮਤਵੰਨਾ ਬਣਾ ਲਿਆ ਸੀ। ਇਸ ਤਰ੍ਹਾਂ ਮੈਨੂੰ ਉਨ੍ਹਾਂ ਦੀ ਛਾਂ ਹੇਠਾਂ ਪਲਣ ਦਾ ਅਵਸਰ ਮਿਲਿਆ ਸੀ। ਉਨ੍ਹਾਂ ਦੀ ਸਾਂਝੀਵਾਲਤਾ ਦੀ ਸੋਚ ਦਾ ਮੇਰੇ ਮਨ ਤੇ ਡਾਢਾ ਪ੍ਰਭਾਵ ਪਿਆ ਸੀ। ਉਨ੍ਹਾਂ ਦੇ ਇਸ ਸਿਆਸੀ ਖ਼ੇਤਰ ਵਿੱਚ ਵਿਚਰਨ ਕਰਕੇ ਆਮ ਕਰਕੇ ਇਸ ਪਾਰਟੀ ਨਾਲ ਸਬੰਧਤ ਵਰਕਰ ਅਤੇ ਦੂਸਰੇ ਕਰਕੁਨ ਘਰ ਵਿੱਚ ਆਉਂਦੇ-ਜਾਂਦੇ ਰਹਿੰਦੇ ਸਨ। ਉਨ੍ਹਾਂ ਦੀਆਂ ਹੋਣ ਵਾਲੀਆਂ ਮੀਟਿੰਗਾਂ ਵਿੱਚ ਵਿਚਾਰੇ ਜਾਣ ਵਾਲੇ ਮਸਲਿਆਂ ਦੀ ਤੋੜ-ਮਰੋੜ ਦਾ ਮੇਰੇ ਮਨ ਤੇ ਬਹੁਤ ਪ੍ਰਭਾਵ ਪੈਂਦਾ ਸੀ। ਉਨ੍ਹਾਂ ਦਾ ਇਲਾਕੇ ਵਿੱਚ ਬਹੁਤ ਮਾਣ ਸਤਿਕਾਰ ਸੀ। ਉਹ ਘਰ ਵਿੱਚ ਗਰੀਬੀ ਦਾ ਬੋਲਬਾਲਾ ਹੁੰਦਿਆਂ ਹੋਇਆਂ ਵੀ ਉਹ C.P.I ਪਾਰਟੀ ਦੀ ਟਿਕਟ ਤੇ ਹਲਕਾ ਬਾਘਾ ਪੁਰਾਣਾ ਤੋਂ ਸੰਨ 1962

ਵਿੱਚ ਪੰਜਾਬ ਵਿਧਾਨ ਸਭਾ ਦੀ ਚੋਣ ਲੜੇ ਸਨ ਅਤੇ ਐਮ.ਐਲ.ਏ ਚੁਣੇ ਗਏ ਸਨ। ਸੱਚ ਤਾਂ ਇਹ ਹੈ ਕਿ ਉਹ ਮੇਰੇ ਲਈ ਮੇਰੀ ਆਉਣ ਵਾਲੀ ਜ਼ਿਦਗੀ ਲਈ ਮੇਰੇ ਸਿਆਸੀ ਗੁਰੂ ਸਨ।

**ਸੁਆਲ:** ਤੁਸੀਂ ਪ੍ਰੀਵਾਰ ਸਮੇਤ ਅੱਜ ਕੱਲ੍ਹ ਤਰਨ ਤਾਰਨ ਰਹਿ ਰਹੇ ਹੋ, ਜਦੋਂ ਕਿ ਤੁਹਾਡਾ ਜਨਮ ਅਸਥਾਨ ਤਾਂ ਤੁਹਾਡੇ ਦੱਸਣ ਅਨੁਸਾਰ ਚੀਦਾ ਪਿੰਡ ਹੈ। ਤੁਹਾਨੂੰ ਆਪਣੇ ਪਿੰਡ ਤੋਂ ਕਿਹੜੇ ਕਾਰਨਾਂ ਕਰਕੇ ਹਿਜ਼ਰਤ ਕਰ ਇੱਥੇ ਆਉਣਾ ਪਿਆ?

**ਜੁਆਬ:** ਤੀਰ ਜੀ, ਇਹ ਵੀ ਇੱਕ ਲੰਮੀ ਕਹਾਣੀ ਹੈ। ਇਹ ਠੀਕ ਹੈ ਕਿ ਚੀਦਾ ਪਿੰਡ ਵਿੱਚ ਮੇਰਾ ਜਨਮ ਹੋਇਆ ਸੀ ਪਰ ਅਸਲ ਵਿੱਚ ਚੀਦਾ ਵੀ ਸਾਡਾ ਪਹਿਲਾ ਪਿੰਡ ਨਹੀਂ ਹੈ। ਸਾਡੇ ਵੱਡੇ ਵਡੇਰਿਆਂ 'ਚੋਂ ਮੇਰੇ ਦਾਦਾ ਸ੍ਰ. ਚਰਨ ਸਿੰਘ ਜੀ ਸੂਬੇਦਾਰ ਪਿੰਡ 'ਖ਼ਰੜ ਅੱਛਰਵਾਲ' ਜਿਹੜਾ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਹੈ ਰਹਿੰਦੇ ਸਨ। ਉਸ ਸਮੇਂ ਇਹ ਚੰਗਾ ਖਾਂਦਾ-ਪੀਂਦਾ ਪ੍ਰੀਵਾਰ ਸੀ। ਭਲਿਆਂ ਸਮਿਆਂ ਵਿੱਚ ਉਨ੍ਹਾਂ ਕੋਲ ਸਭ ਕੁਝ ਸੀ। ਸਿਆਣੇ ਕਹਿੰਦੇ ਹਨ ਜਦੋਂ ਮਾੜੇ ਦਿਨ ਸ਼ੁਰੂ ਹੁੰਦੇ ਹਨ ਤਾਂ ਉਹ ਆਪਣੇ ਨਾਲ ਹੋਰ ਕਈ ਮੁਸੀਬਤਾਂ ਲੈ ਕੇ ਆਉਂਦੇ ਹਨ। ਸਾਡੇ ਘਰ ਚੋਰੀ ਹੋ ਗਈ ਸੀ ਅਤੇ ਚੋਰ ਸਾਰਾ ਗਹਿਣਾ-ਗੱਟਾ ਲੈ ਗਏ ਸਨ। ਛੇਤੀ ਜੀ ਮੇਰੇ ਦਾਦਾ-ਦਾਦੀ ਜੀ ਵੀ ਵਹਿਗੁਰੂ ਨੂੰ ਪਿਆਰੇ ਹੋ ਗਏ। ਮੇਰੇ ਤਾਇਆ ਜੀ ਅਤੇ ਮੇਰੇ ਪਿਤਾ ਜੀ ਇਕੱਲੇ ਰਹਿ ਗਏ ਸਨ। ਘਰ ਵਿੱਚ ਗ਼ੁਰਬਤ ਦਾ ਦੌਰ ਸ਼ੁਰੂ ਹੋ ਗਿਆ ਸੀ। ਸਾਡੇ ਹੀ ਪਿੰਡ ਦਾ ਵਸਨੀਕ ਬੂੜ ਸਿੰਘ ਜਿਹੜਾ ਕਿ ਆਮ ਕਰਕੇ ਚੋਰੀਆਂ ਡਾਕਿਆਂ ਦਾ ਕੰਮ ਕਰਦਾ ਸੀ, ਉਸ ਦਾ ਪਿੰਡ ਚੀਦਾ ਦੇ ਇੱਕ ਆਦਮੀ ਨਾਲ ਜਿਹੜਾ ਕਿ ਚੰਗਾ ਇਨਸਾਨ ਸੀ ਚੰਗਾ ਗੂੜ੍ਹ ਸੀ। ਬੂੜ ਸਿੰਘ ਆਪਣੇ ਆਪ ਨੂੰ ਸਾਡਾ ਵੀ ਹਮਦਰਦ ਸਮਝਦਾ ਸੀ। ਦਾਦਾ ਦਾਦੀ ਦੀ ਮੌਤ ਪਿੱਛੋਂ ਉਹ ਸਾਨੂੰ ਚੀਦਾ ਪਿੰਡ ਉਸ ਨੇਕ ਇਨਸਾਨ ਕੋਲ ਛੱਡ ਆਇਆ ਸੀ। ਇਸ ਤਰ੍ਹਾਂ ਅਸੀਂ ਖਰੜ ਅੱਛਰਵਾਲ ਤੋਂ ਚੀਦਾ ਪਿੰਡ ਆ ਵੱਸੇ ਸਾਂ।

ਤੁਸੀਂ ਜਾਨਣਾ ਚਾਹੁੰਦੇ ਹੋ ਕਿ ਅਸੀਂ ਤਰਨ ਤਾਰਨ ਕਿਵੇਂ ਆ ਗਏ। ਮੇਰੇ ਪਿਤਾ ਜੀ ਤਰਨ ਤਾਰਨ ਵਿਆਹੇ ਹੋਏ ਸਨ। ਤਾਇਆ ਜੀ ਦੇ ਜੀਵਨ ਬਾਰੇ ਤਾਂ ਮੈਂ ਪਹਿਲਾਂ ਹੀ ਤੁਹਾਨੂੰ ਦੱਸ ਚੁੱਕਾ ਹਾਂ ਕਿ ਉਹ ਪੂਰਨ ਰੂਪ ਵਿੱਚ ਹੀ ਕਮਿਊਨਿਸਟ ਪਾਰਟੀ ਨੂੰ ਸਮਰਪਿਤ ਸਨ। ਉਨ੍ਹਾਂ ਨੇ ਆਪਣਾ ਸਾਰਾ ਜੀਵਨ ਬੇਲਾਗ਼ ਅਤੇ ਬੇਦਾਗ਼ ਬਤੀਤ ਕੀਤਾ ਸੀ। ਐਮ.ਐਲ.ਏ ਹੁੰਦਿਆਂ ਹੋਇਆਂ ਵੀ ਉਨ੍ਹਾਂ ਨੇ ਅੱਜ ਕੱਲ੍ਹ ਦੇ ਵਜੀਰਾਂ ਵਾਂਗ ਮਹਿਲ-ਮਾੜੀਆਂ ਨਹੀ ਸਨ ਖੜੇ ਕੀਤੇ ਸਗੋਂ ਉਨ੍ਹਾਂ ਨੇ ਇੱਕ ਦਰਵੇਸ਼ ਸਿਆਸਤਦਾਨ ਦੀ ਜ਼ਿੰਦਗੀ ਜੀਵੀ ਸੀ। ਘਰ ਦੀ ਹਾਲਤ ਵਿੱਚ ਕੋਈ ਜ਼ਿਆਦਾ ਸੁਧਾਰ ਨਾ ਹੁੰਦਾ ਵੇਖ ਮੇਰੇ ਮਾਮੇ ਅਸਾਨੂੰ ਤਰਨ ਤਾਰਨ ਲੈ ਆਏ ਸਨ। ਇਸ ਤਰ੍ਹਾਂ ਇਸ ਪ੍ਰੀਵਾਰ ਦਾ ਕਾਰਵਾਂ ਇੱਕ ਥਾਂ ਤੋਂ ਦੂਸਰੇ ਅਤੇ ਦੂਸਰੇ ਤੋਂ ਤੀਸਰੇ ਹੁੰਦਾ ਹੋਇਆ ਆਖ਼ਿਰ ਸੰਨ 1969-70 ਵਿੱਚ ਗੁਰੂ ਦੀ ਨਗਰੀ ਤਰਨ ਤਾਰਨ ਆ ਡੇਰੇ ਲਾਏ ਹਨ।

**ਸੁਆਲ:** ਚੀਦਾ ਜੀ ਤੁਹਾਡੇ ਨਾਲ ਤੁਹਾਡੇ ਪਿਛੋਕੜ ਬਾਰੇ ਮੇਰੀ ਜਾਚੇ ਕਾਫ਼ੀ ਚਰਚਾ ਹੋ ਗਈ ਹੈ। ਹੁਣ ਤੁਸੀਂ ਆਪਣੇ ਵਿਆਹੁਤਾ ਜੀਵਨ ਬਾਰੇ ਕੁਝ ਚਾਨਣਾ ਪਾਓ?

**ਜੁਆਬ:** ਮੇਰੀ ਸ਼ਾਦੀ 15 ਦਸੰਬਰ,1977 ਨੂੰ ਸ. ਗੁਰਦਿਆਲ ਸਿੰਘ ਜੀ ਵਾਸੀ ਪਿੰਡ ਕੰਦੋਵਾਲੀ ਜ਼ਿਲ੍ਹਾ ਅੰਮ੍ਰਿਤਸਰ ਦੀ ਸਪੁਤਰੀ ਸਤਨਾਮ ਕੌਰ ਨਾਲ ਹੋਈ ਹੈ। ਮੇਰੀ ਗ੍ਰਹਿਸਤ ਬਗੀਚੀ ਵਿੱਚ ਇਸ ਸਮੇਂ ਤਿੰਨ ਫੁੱਲ ਅਤੇ ਇੱਕ ਕਲੀ ਦੇ ਰੂਪ ਵਿੱਚ ਤਿੰਨ ਲੜਕੇ ਅਤੇ ਇੱਕ ਲੜਕੀ ਹੈ। ਵੱਡੇ ਲੜਕੇ ਦੀ ਸ਼ਾਦੀ ਹੋ ਗਈ ਹੈ ਅਤੇ ਕਰੋਬਾਰੀ ਕੰਮਾਂ ਤੋਂ ਹੋਇਆ ਸਾਰੇ ਦਿਨ ਦਾ ਮੇਰਾ ਥਕੇਵਾਂ ਲਾਹੁਣ ਵਾਸਤੇ ਮੇਰਾ ਇੱਕ ਪੋਤਰਾ ਅਤੇ ਇੱਕ ਪੋਤਰੀ ਹੈ(ਇਹ ਦੋਵੇਂ ਹੀ ਜੁੜਵਾ ਹਨ)।

**ਸੁਆਲ:** ਅੱਜ ਕੱਲ੍ਹ ਤੁਸੀਂ ਜ਼ਿਲ੍ਹਾ ਤਰਨ ਤਾਰਨ ਤੋਂ 'ਚੰਡੀਗੜ੍ਹ-ਪੰਜਾਬ ਯੂਨੀਅਨ ਆਫ ਜਨਰਲਿਸਟ' ਦੇ ਪ੍ਰਧਾਨ ਹੋ। ਦੂਸਰੇ ਲਫ਼ਜਾਂ ਵਿੱਚ ਪੱਤਰਕਾਰ ਜਗਤ ਦੇ ਜ਼ਿਲ੍ਹਾ ਪ੍ਰਧਾਨ ਹੋ। ਪੱਤਰਕਾਰੀ ਖ਼ੇਤਰ ਵਿੱਚ ਵਾਪਰਨ ਵਾਲੀਆਂ ਗੁੰਝਲਾਂ ਬਾਰੇ ਜਾਨਣ ਤੋਂ ਪਹਿਲਾਂ ਇਹ ਜਾਨਣਾ ਚਾਹਵਾਂਗਾ ਕਿ ਪੱਤਰਕਾਰ ਬਣਨਾ ਤੁਹਾਡਾ ਸ਼ੌਂਕ ਸੀ, ਕੋਈ ਮਜ਼ਬੂਰੀ ਜਾਂ ਕੁਝ ਹੋਰ?

**ਜੁਆਬ:** ਪੱਤਰਕਾਰ ਬਣਨਾ ਮੇਰਾ ਕੋਈ ਸ਼ੌਂਕ ਨਹੀਂ ਸੀ ਅਤੇ ਨਾ ਹੀ ਕੋਈ ਮਜ਼ਬੂਰੀ ਸੀ ਸਗੋਂ ਮੈਂ ਸਮਝਦਾ ਸਾਂ ਕਿ ਇਹ ਇੱਕ ਐਸਾ ਹੱਥਿਆਰ ਹੈ ਜਿਸ ਰਾਹੀਂ ਮੈਂ ਸਮਾਜ ਵਿੱਚ ਦੱਬੇ-ਕੁਚਲੇ ਲੋਕਾਂ ਦੀਆਂ ਸਹੀ ਮਾਅਨਿਆਂ ਵਿੱਚ ਤਰਜ਼ਮਾਨੀ ਕਰ ਕੇ ਉਨ੍ਹਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰ ਸਕਦਾ ਹਾਂ। ਮੈਂ ਗ਼ਰੀਬੀ 'ਚੋਂ ਉੱਠਿਆ ਹੋਇਆ ਇਨਸਾਨ ਹਾਂ। ਮੈਂ ਆਪਣੇ ਤਾਇਆ ਜੀ ਨਾਲ ਰਹਿੰਦਿਆ ਹੋਇਆਂ ਗ਼ਰੀਬਾਂ ਦੇ ਦੁੱਖ ਦਰਦ,ਸਿਸਕੀਆਂ,ਦਾਣੇ ਦਾਣੇ ਨੂੰ ਤਰਸਣਾ,ਬੁਰਜਵਾਜ਼ੀ ਲੋਕਾਂ ਦੀ ਧੱਕੇਸ਼ਾਹੀ ਅਤੇ ਧੌਂਸ ਨੂੰ ਨੇੜੇ ਤੋਂ ਵੇਖਿਆ,ਸੁਣਿਆ ਅਤੇ ਮਹਿਸੂਸ ਕੀਤਾ ਹੈ। ਮੇਰੇ ਅੰਦਰ ਇੱਕ ਚੀਸ ਜਿਹੀ ਭਰੀ ਹੋਈ ਹੈ ਜਿਹੜੀ ਹਰ ਵੇਲੇ ਮੇਰੇ ਕੰਨਾਂ ਵਿੱਚ ਗੂੰਜਦੀ ਰਹਿੰਦੀ ਹੈ। ਗੱਲ ਕੀ ਇਹ ਸਭ ਕੁਝ ਮੈਂ ਆਪ ਆਪਣੇ ਪਿੰਡੇ 'ਤੇ ਹੰਡਾਇਆ ਹੈ। ਮੈਂ ਸਮਝਦਾ ਸਾਂ ਕਿ ਪੱਤਰਕਾਰੀ ਹੀ ਅਜਿਹਾ ਮਾਧਿਅਮ ਹੈ ਜਿਸ ਰਾਹੀਂ ਲੋਕਾਂ ਦੀ ਆਵਾਜ਼ ਨੂੰ ਸਰਕਾਰ ਦੇ ਬੋਲੇ ਕੰਨਾਂ ਤੱਕ ਪਹੁੰਚਾਇਆ ਜਾ ਸਕਦਾ ਹੈ। ਇਸੇ ਕਰਕੇ ਮੈਂ ਇਸ ਖ਼ੇਤਰ ਵਿੱਚ ਆਇਆ ਹਾਂ।

**ਸੁਆਲ:** ਕਿਹਾ ਜਾਂਦਾ ਹੈ ਕਿ ਅਖ਼ਬਾਰਾਂ ਲੋਕਾਂ ਦੇ ਦੁੱਖ ਤਕਲੀਫ ਦੀ ਤਰਜ਼ਮਾਨੀ ਕਰਦੀਆਂ ਹਨ। ਇਨ੍ਹਾਂ ਰਾਹੀਂ ਆਮ ਆਦਮੀ ਦੀ ਆਵਾਜ਼ ਸਰਕਾਰ ਤੱਕ ਪਹੁੰਚ ਸਕਦੀ ਹੈ। ਕੀ ਅੱਜ ਦਾ ਪੱਤਰਕਾਰ ਇਸ ਗੱਲ ਦੀ ਪੂਰਤੀ ਕਰਦਾ ਹੈ? ਜਾਂ ਉਹ 'ਪੈਸਾ ਫੈਂਕੋ ਤਮਾਸ਼ਾ ਵੇਖੋ' ਦੇ ਸਿਧਾਂਤ ਵਿੱਚ ਵਿਸ਼ਵਾਸ ਰੱਖਦਾ ਹੈ?

**ਜੁਆਬ:** ਮੈਂ ਸਮਝਦਾ ਹਾਂ ਕਿ ਅੱਜ ਦੇ ਪੱਤਰਕਾਰ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਲੈਕਟ੍ਰਾਨਿਕ ਮੀਡੀਆ ਅਤੇ ਪ੍ਰਿੰਟ ਮੀਡੀਆ ਅਜ਼ਾਰੇਦਾਰਾਂ ਦੇ ਹੱਥਾਂ ਵਿੱਚ ਹੈ।ਅੱਜ ਕੰਪੀਟੀਸ਼ਨ ਦਾ ਜ਼ਮਾਨਾ ਹੈ ਅਤੇ ਹਰ ਕੋਈ ਇੱਕ ਦੂਸਰੇ ਤੋਂ ਅੱਗੇ ਨਿਕਲਣ ਦੀ ਕੋਸ਼ਿਸ਼ ਕਰ ਰਿਹਾ ਹੈ। ਜੇ ਮੈਂ  ਸੱਚ ਕਹਾਂ ਤਾਂ ਸਹੀ, ਸੱਚੀਆਂ ਅਤੇ ਭਰੋਸੇਮੰਦ ਖ਼ਬਰਾਂ ਲੋਕਾਂ ਤੱਕ ਪੁੱਜਦੀਆਂ ਹੀ ਨਹੀਂ।

ਇਹ ਠੀਕ ਹੈ ਕਿ ਅਖ਼ਬਾਰਾਂ ਚਲਾਉਣ ਲਈ ਪੈਸੇ ਦੀ ਲੋੜ ਹੈ ਅਤੇ ਇਸ਼ਤਿਹਾਰ ਵੀ ਅਖ਼ਬਾਰਾਂ ਲਈ ਬੇਹੱਦ ਜ਼ਰੂਰੀ ਹਨ। ਪਰ ਤੁਸੀਂ ਵੇਖਦੇ ਹੋਵੋਗੇ ਕਿ ਤਕਰੀਬਨ ਤਕਰੀਬਨ ਅਖ਼ਬਾਰਾਂ ਇਸ਼ਤਿਹਾਰਾਂ ਨਾਲ ਹੀ ਭਰੀਆਂ ਹੁੰਦੀਆਂ ਹਨ। ਸਭ ਤੋਂ ਵੱਡੀ ਦੁੱਖ ਦੀ ਗੱਲ ਇਹ ਹੈ ਕਿ ਪੇਡ(Paid) ਖ਼ਬਰਾਂ ਨੇ ਪੱਤਰਕਾਰਾਂ ਦੇ ਪਵਿੱਤਰ ਕਾਰਜ਼ ਨੂੰ ਕਲੰਕਿਤ ਕਰਕੇ ਰੱਖ ਦਿੱਤਾ ਹੈ। ਅਖ਼ਬਾਰਾਂ ਦੇ ਮਾਲਕ ਵੱਧ ਤੋਂ ਵੱਧ ਪੈਸਾ ਕਮਾਉਂਣਾ ਚਾਹੁੰਦੇ ਹਨ। ਇਸ ਲਈ ਪੱਤਰਕਾਰ ਭਾਈਚਾਰੇ ਤੇ ਪੇਡ ਖ਼ਬਰਾਂ ਲਈ ਖ਼ੁਦ ਅਖ਼ਬਾਰਾਂ ਦੇ ਮਾਲਕ ਹੀ ਦਬਾਅ ਪਾਉਂਦੇ ਹਨ।

ਚੋਣਾਂ ਦੇ ਦਿਨਾਂ ਵਿੱਚ ਤੁਸੀਂ ਅਕਸਰ ਵੇਖਦੇ ਹੋਵੋਗੇ ਕਿ ਅਖ਼ਬਾਰ ਦੇ ਪਹਿਲੇ ਪੰਨੇ 'ਤੇ ਇੱਕ ਖ਼ਬਰ ਵਿੱਚ ਇੱਕ ਪਾਰਟੀ ਵਿਸ਼ੇਸ਼ ਨੂੰ ਜੇਤੂ ਦਸਰਾਏ ਜਾਣ ਦੀ ਖ਼ਬਰ ਲੱਗੀ ਹੁੰਦੀ ਹੈ ਜਦ ਕਿ ਉਸ ਖ਼ਬਰ ਦੇ ਬਿਲਕੁਲ ਨਾਲ ਹੀ ਦੂਸਰੀ ਖ਼ਬਰ ਵਿੱਚ ਵਿਰੋਧੀ ਪਾਰਟੀ ਨੂੰ ਜੇਤੂ ਅਤੇ ਹੂੰਝਾਫੇਰ ਜਿੱਤ ਰਾਹੀਂ ਅੱਗੇ ਦੱਸਿਆ ਗਿਆ ਹੁੰਦਾ ਹੈ। ਇੱਥੇ ਹੀ ਬੱਸ ਨਹੀਂ ਕਈ ਅਖ਼ਬਾਰਾਂ ਜੋ ਚੋਣ ਰੈਲੀ ਜਾਂ ਮੀਟਿੰਗ ਦੀ ਫੋਟੋ ਪ੍ਰਕਾਸ਼ਿਤ ਕਰਦੀਆਂ ਹਨ ਉਸ ਦੁਆਰਾ ਲੱਖਾਂ ਲੋਕਾਂ ਦਾ ਇਕੱਠ ਦਿਖਾਇਆ ਗਿਆ ਹੁੰਦਾ ਹੈ, ਭਾਵੇਂ ਕਿ ਰੈਲੀ ਜਾਂ ਮੀਟਿੰਗ ਵਿੱਚ ਗਿਣਤੀ ਮਿਣਤੀ ਦੇ ਬੰਦੇ ਹੀ ਕਿਉਂ ਨਾ ਹੋਣ। ਇਨ੍ਹਾਂ ਖ਼ਬਰਾਂ ਜਾਂ ਫੋਟੋਆਂ ਦੀ ਆਖ਼ਰੀ ਨੁਕਰ 'ਤੇ Advt. ਲਫ਼ਜ਼ ਲਿਖਿਆ ਹੁੰਦਾ ਹੈ ਜਿਸ ਤੋਂ ਸਾਫ਼ ਹੋ ਜਾਂਦਾ ਹੈ ਕਿ ਇਹ ਇਸ਼ਤਿਹਾਰ ਹੈ। ਇਸੇ ਤਰ੍ਹਾਂ ਹੀ ਕਈ ਵੈਦ,ਨੀਮ ਹਕੀਮ ਜਾਂ ਜਾਦੂ ਟੂਣਿਆਂ ਦੀਆਂ ਖ਼ਬਰਾਂ ਨੂੰ ਵੀ ਇਸ਼ਤਿਹਾਰ ਦੀ ਸ਼ਕਲ ਦੇ ਕੇ ਅਖ਼ਬਾਰਾਂ ਵਿੱਚ ਲਗਾਇਆ ਜਾਂਦਾ ਹੈ। ਜਿਸ ਕਰਕੇ ਪਾਠਕ ਭੰਬਲਭੂਸੇ ਵਿੱਚ ਪੈ ਜਾਂਦੇ ਹਨ।

ਇਹ ਸੱਚ ਹੈ ਕਿ ਲੋਕ ਅਖ਼ਬਾਰਾਂ ਦੀਆਂ ਖ਼ਬਰਾਂ ਨੂੰ ਬਹੁਤ ਜ਼ਿਆਦਾ ਮਾਨਤਾ ਦਿੰਦੇ ਹਨ ਅਤੇ ਅਖ਼ਬਾਰ ਦੀ ਖ਼ਬਰ ਤੇ ਵਿਸ਼ਵਾਸ ਵੀ ਕਰਦੇ ਹਨ। ਪਰ ਇਹ ਅਖ਼ਬਾਰਾਂ ਦੇ ਮਾਲਕਾਂ ਦੀ ਜ਼ਿਮੇਂਵਾਰੀ ਵੀ ਬਣਦੀ ਹੈ ਕਿ ਉਹ ਸਹੀ ਅਤੇ ਸੱਚੀਆਂ ਖ਼ਬਰਾਂ ਹੀ ਪਾਠਕਾਂ ਤੱਕ ਪਹੁੰਚਾਉਂਣ ਦੇ ਉਪਰਾਲੇ ਕਰਨ। ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਪੱਤਰਕਾਰ ਨੂੰ ਸਿਰਫ਼ ਪਤਰਕਾਰ ਹੀ ਰਹਿਣ ਦਿੱਤਾ ਜਾਵੇ ਤਾਂ ਜੋ ਉਹ ਸਹੀ ਅਤੇ ਸੱਚੀਆਂ ਖ਼ਬਰਾਂ ਪਾਠਕਾਂ ਤੱਕ ਪਹੁੰਚਾਵੇ।

**ਸੁਆਲ:** ਇਹ ਵੀ ਸੁਣਨ ਵਿੱਚ ਆਉਂਦਾ ਹੈ ਕਿ  ਪੈਸੇ ਲੈ ਕੇ ਪੱਤਰਕਾਰ (ਪੱਤਰਪ੍ਰੇਰਕ) ਗ਼ਲਤ ਤੱਥਾਂ ਦਾ ਉਲੇਖ ਆਮ ਕਰ ਰਹੇ ਹਨ। ਜੇ ਅਜਿਹਾ ਹੈ ਤਾਂ ਬਤੌਰ ਜ਼ਿਲ੍ਹਾ ਪ੍ਰਧਾਨ ਤੁਸੀਂ ਕਿੱਦਾਂ ਸੋਚਦੇ ਹੋ?

**ਜੁਆਬ:** ਤੀਰ ਜੀ, ਇਹ ਇੱਕ ਬਹੁਤ ਵੱਡ ਸਮੱਸਿਆ ਹੈ ਅਤੇ ਇਸ ਗੱਲ ਲਈ ਅਖ਼ਬਾਰਾਂ ਦੇ ਮਾਲਿਕ ਵੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਜ਼ਿਮੇਵਾਰ ਹਨ। ਇਸ ਲਈ ਇਹ ਜ਼ਰੂਰੀ ਹੈ ਕਿ ਸਮੇਂ ਸਮੇਂ ਤੇ ਪੱਤਰਕਾਰਾਂ ਦੀ ਸਕੂਲਿੰਗ ਕੀਤੀ ਜਾਵੇ,ਜਿਸ ਵਿੱਚ ਉੱਘੇ ਪੱਤਰਕਾਰ,ਸਾਹਿਤਕਾਰ ਅਤੇ ਸਰਕਾਰ ਦੇ ਨੁਮਾਇੰਦੇ ਵੀ ਸ਼ਾਮਲ ਹੋਣ ਅਤੇ ਇਨ੍ਹਾਂ ਸਾਰਿਆਂ ਮਸਲਿਆਂ ਖੁੱਲ੍ਹ ਕੇ ਚਰਚਾ ਕੀਤੀ ਜਾਵੇ। ਇਸ ਤਰ੍ਹਾਂ ਹੋਣ ਨਾਲ ਪੱਤਰਕਾਰਾਂ ਨੂੰ ਆਪਣੇ ਅਧਿਕਾਰਾਂ, ਫ਼ਰਜ਼ਾਂ ਅਤੇ ਆਪਣੀਆਂ ਸੀਮਾਵਾਂ ਦੀ ਜਾਣਕਾਰੀ ਪ੍ਰਾਪਤ ਹੁੰਦੀ ਰਹੇਗੀ। ਉਨ੍ਹਾਂ ਨੂੰ ਆਪਣੀ ਸਵੈ-ਪੜਚੋਲ ਕਰਨ ਦਾ ਮੌਕਾ ਵੀ ਮਿਲੇਗਾ ਅਤੇ ਉਹ ਆਪਣੇ ਕਾਰਜ਼ਾਂ ਨੂੰ ਲੋਕ ਹਿਤ ਲਈ ਕਰਨ ਵੱਲ ਪ੍ਰੇਰਿਤ ਹੋਣਗੇ।

**ਸੁਆਲ:** ਪੱਤਰਕਾਰੀ ਤੁਹਾਡਾ ਕਮਾਈ ਦਾ ਸਾਧਨ ਹੈ ਜਾਂ ਤੁਸੀਂ ਮਨੁੱਖਤਾ ਦੀ ਸੇਵਾ ਦਾ ਨਿਸਚਾ ਲੈ ਕੇ ਇਸ ਖ਼ੇਤਰ ਵਿੱਚ ਆਏ ਹੋ?

**ਜੁਆਬ:** ਮੈਂ ਤਾਂ ਮਨੁੱਖਤਾ ਦੀ ਸੇਵਾ ਦਾ ਨਿਸਚਾ ਲੈ ਕੇ ਹੀ ਪੱਤਰਕਾਰਤਾ ਨੂੰ ਅਪਣਾਇਆ ਹੈ ਪਰ ਪੱਤਰਕਾਰਾਂ ਨੇ ਵੀ ਆਪਣੇ ਪ੍ਰੀਵਾਰ ਦਾ ਢਿੱਡ ਭਰਨਾ ਹੈ। ਇਸ ਲਈ ਸਰਕਾਰ ਨੂੰ ਵੇਜ਼ ਬੋਰਡ ਦਾ ਗਠਿਨ ਕਰਕੇ ਪੱਤਰਕਾਰਾਂ ਨੂੰ ਸਾਰੀਆਂ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ ਤਾਂ ਕਿ ਪੱਤਰਕਾਰ ਵਰਗ ਸਹੀ ਮਾਅਨਿਆਂ ਵਿੱਚ ਪੱਤਰਕਾਰੀ ਕਰ ਸਕਣ।

**ਸੁਆਲ:** ਜੇਕਰ ਕੋਈ ਤੁਹਾਡੀ ਮੁੱਠੀ ਗਰਮ ਕਰਕੇ ਆਪਣੇ ਹੱਕ ਵਿੱਚ ਖ਼ਬਰ ਲਵਾਉਂਣਾ ਲੋਚਦਾ ਹੈ ਤਾਂ ਉਸ ਹਾਲਤ ਵਿੱਚ ਤੁਸੀਂ ਕੀ ਕਰੋਗੇ?

**ਜੁਆਬ:** ਮੈਂ ਕਦੀ ਵੀ ਅਜਿਹਾ ਨਹੀਂ ਕਰਾਂਗਾ ਸਗੋਂ ਅਜਿਹੇ ਸਮਾਜ ਵਿਰੋਧੀ ਅਨਸਰ ਨੂੰ ਕਟਹਿਰੇ ਵਿੱਚ ਖੜਾ ਕਰਨ ਲਈ ਯਤਨ ਕਰਾਂਗਾ ਤਾਂ ਜੋ ਦੂਸਰੇ ਉਸ ਤੋਂ ਸਬਕ ਲੈਣ ਅਤੇ ਅਜਿਹਾ ਕਰਨ ਦਾ ਸੋਚ ਵੀ ਨਾ ਸਕਣ।

**ਸੁਆਲ:** ਕੀ ਤੁਹਾਡੇ ਜੀਵਨ ਵਿੱਚ ਕੋਈ ਐਸੀ ਘਟਨਾ ਹੋਈ ਹੈ ਜਿਸ ਨੇ ਤੁਹਾਡੇ ਅੰਦਰਲੇ ਮਨੁੱਖ ਨੂੰ ਝੰਜੋੜ ਕੇ ਰੱਖ ਦਿੱਤਾ ਹੋਵੇ ਅਤੇ ਅੱਜ ਵੀ ਯਾਦ ਆ ਜਾਣ 'ਤੇ ਤੁਹਾਡੇ ਰੌਂਗਟੇ ਖੜੇ ਹੋ ਜਾਂਦੇ ਹੋਣ?

**ਜੁਆਬ:** ਤੀਰ ਜੀ, ਮੈਂ ਇੱਕ ਬਹੁਤ ਹੀ ਗਰੀਬ ਪ੍ਰੀਵਾਰ ਨਾਲ ਸਬੰਧ ਰੱਖਦਾ ਹਾਂ। ਇਸ ਲਈ ਮੇਰਾ ਜੀਵਨ ਤਾਂ ਘਟਨਾਵਾਂ ਨਾਲ ਹੀ ਭਰਿਆ ਹੋਇਆ ਹੈ। ਫਿਰ ਵੀ ਮੈਂ ਇੱਕ ਘਟਨਾ ਬਾਰੇ ਤੁਹਾਨੂੰ ਦੱਸਦਾ ਹਾਂ। ਮੈਂ ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਵਿੱਚ ਕੰਮ ਕਰਦਾ ਹੁੰਦਾ ਸੀ। ਸਰਕਾਰ ਵੱਲੋਂ ਬੱਸਾਂ ਦੇ ਕਿਰਾਏ-ਭਾੜੇ ਵਧਾਏ ਜਾਣ ਦੇ ਵਿਰੋਧ ਵਿੱਚ ਅੰਦੋਲਨ ਛੇੜਿਆ ਹੋਇਆ ਸੀ। ਮੈਂ ਆਪਣੇ ਸਾਥੀਆਂ ਸਵਗਵਾਸੀ ਦੀਪਕ ਧਵਨ ਸਮੇਤ ਪੁਲਿਸ ਦੀ ਗ੍ਰਿਫ਼ਤਾਰੀ ਦੇ ਡਰੋਂ ਪਰ ਲੋਕਾਂ ਨੂੰ ਜਾਗਰਤ ਕਰਨ ਲਈ ਪਾਰਟੀ ਆਦੇਸ਼ਾ ਅਨੁਸਾਰ ਰੂਪੋਸ਼ ਹੋ ਗਿਆ ਸੀ। ਉਸ ਸਮੇਂ ਮੇਰੀ ਪਤਨੀ ਦੇ ਬੱਚਾ ਹੋਣ ਵਾਲਾ ਸੀ। ਇੱਹ ਗੱਲ ਸ਼ਾਇਦ 1982 ਦੀ ਹੈ ਜਾਂ ਇਸ ਦੇ ਨੇੜੇ-ਤੇੜੇ ਦੀ ਹੈ, ਇਸ ਵੇਲੇ ਸੰਨ ਤਾਂ ਪੂਰੀ ਤਰ੍ਹਾਂ ਯਾਦ ਨਹੀਂ। ਔਰਤਾਂ ਦੇ ਡਲਿਵਰੀ ਕੇਸ ਕਰਨ ਲਈ ਆਪਣੇ ਸ਼ਹਿਰ ਵਿੱਚ ਇੱਕੋ ਇੱਕ ਅਜਿਹਾ ਹਸਤਪਾਲ ਹੁੰਦਾ ਸੀ ਜਿਸ ਨੂੰ 'ਮਿਸ਼ਨ ਹਸਪਤਾਲ' ਕਹਿੰਦੇ ਹਨ। ਇਸ ਮਿਸ਼ਨ ਹਸਪਤਾਲ ਜਿਸ ਦਾ ਪੂਰਾ ਨਾਂ 'ਸੇਂਟ ਮੇਰੀ ਹਸਪਤਾਲ' ਹੈ, ਦੀ ਮੈਡੀਕਲ ਸੁਪਰਡੈਂਟ ਡਾ. ਐਸ.ਐਮ. ਕਰੰਜ਼ੀਆ ਨਾਲ ਮੇਰੇ ਸਬੰਧ ਕੋਈ ਜ਼ਿਆਦਾ ਚੰਗੇ ਨਹੀਂ ਸਨ, ਕਿਉਂਕਿ ਉਸ ਨੇ ਇੱਕ ਨਰਸ ਨੂੰ ਨੌਕਰੀ ਤੋਂ ਕੱਢ ਦਿੱਤਾ ਸੀ ਜਿਸ ਕਰਕੇ ਅਸੀਂ ਟਰੇਡ ਯੂਨੀਅਨ ਵੱਲੋਂ ਡਾਕਟਰ ਦੇ ਖ਼ਿਲਾਫ ਤਕਰੀਬਨ ਦੋ ਮਹੀਨੇ ਤੱਕ ਲੰਮੀ ਲੜਾਈ ਲੜੀ ਸੀ। ਇਸ ਸੰਘਰਸ਼ ਵਿੱਚ ਅਸੀਂ ਭੁੱਖ ਹੜਤਾਲ ਕਰਕੇ ਉਸ ਨਰਸ ਨੂੰ ਮੁੜ ਉਸੇ ਨੌਕਰੀ ਤੇ ਬਹਾਲ ਕਰਵਾਇਆ ਸੀ। ਇਸੇ ਕਰਕੇ ਉਹ ਮੈਡੀਕਲ ਸੁਪਰਡੈਂਟ ਮੇਰੇ ਨਾਲ ਰੰਜ਼ਿਸ਼ ਰੱਖਦੀ ਸੀ।

ਇੱਕ ਮੈਂ ਰੂਪੋਸ਼ ਸੀ ਦੂਸਰਾ ਮੇਰੀ ਉਸੇ ਡਾਕਟਰ ਨਾਲ ਰੰਜਿਸ਼ ਸੀ ਜਿਸ ਦੇ ਹਸਪਤਾਲ ਵਿੱਚ ਮੇਰੀ ਪਤਨੀ ਦਾਖ਼ਲ ਸੀ। ਉਸੇ ਹਸਪਤਾਲ ਵਿੱਚ ਦਾਖ਼ਲ ਕਰਵਾਉਣ ਤੋਂ ਬਿਨਾ ਹੋਰ ਕੋਈ ਚਾਰਾ ਵੀ ਨਹੀਂ ਸੀ। ਮੈਂ ਆਪਣੀ ਪਤਨੀ ਨਾਲ ਆਪਣੀਆਂ ਭੈਣਾਂ ਨੂੰ ਭੇਜ ਦਿੱਤਾ ਤਾਂ ਜੋ ਉਸ ਨੂੰ ਇਹ ਪਤਾ ਨਾ ਲੱਗੇ ਕਿ ਉਹ ਮੇਰੀ ਪਤਨੀ ਹੈ। ਮੇਰੀਆਂ ਭੈਣਾਂ ਨੇ ਮੇਰਾ ਨਾਂ ਦੱਸੇ ਬਗੈਰ ਜਾਂ ਕੋਈ ਹੋਰ ਨਾਂ ਦੱਸ ਕੇ ਮੇਰੀ ਘਰਵਾਲੀ ਨੂੰ ਡਲਿਵਰੀ ਲਈ ਦਾਖ਼ਲ ਕਰਵਾ ਦਿੱਤਾ ਸੀ। ਮੈਨੂੰ ਚੈਨ ਨਾ ਆਵੇ। ਮੈਂ ਅਗਲੇ ਹੀ ਦਿਨ ਆਂਪਣੀ ਪਤਨੀ ਦਾ ਹਾਲਚਾਲ ਜਾਨਣ ਲਈ ਲੁਕ-ਛਿੱਪ ਕੇ ਹਸਪਤਾਲ ਪਹੁੰਚ ਗਿਆ। ਕਿਸੇ ਨਾ ਕਿਸੇ ਤਰ੍ਹਾਂ ਡਾਕਟਰ ਨੂੰ ਇਹ ਪਤਾ ਲੱਗ ਹੀ ਗਿਆ ਕਿ ਉਹ ਮੇਰੀ ਪਤਨੀ ਹੈ।

ਹਸਪਤਾਲ 'ਚੋਂ ਜਾਣ ਉਪਰੰਤ ਡਾਕਟਰ ਨੇ ਤਰੁੰਤ ਮੇਰੀਆਂ ਭੈਣਾਂ ਨੂੰ ਦਫ਼ਤਰ ਵਿੱਚ ਬੁਲਾ ਕੇ ਕਿਹਾ ਕਿ ਮਰੀਜ਼ ਦੀ ਹਾਲਤ ਨਾਜ਼ੁਕ ਹੈ ਅਤੇ ਬੱਚਾ ਵੀ ਵੱਡੇ ਉਪਰੇਸ਼ਨ ਨਾਲ ਹੋਵੇਗਾ। ਇਹ ਉਪਰੇਸ਼ਨ ਅੰਮ੍ਰਿਤਸਰ ਕਿਸੇ ਵੱਡੇ ਹਸਪਤਾਲ ਵਿੱਚ ਹੀ ਸੰਭਵ ਹੈ। ਡਾਕਟਰ ਨੇ ਇਸ ਨਾਜ਼ੁਕ ਹਾਲਤ ਵਿੱਚ ਮੇਰੀ ਪਤਨੀ ਨੂੰ ਜੁਆਬ ਦੇ ਦਿੱਤਾ ਅਤੇ ਹਸਪਤਾਲ ਦੀ ਐਂਬੂਲੈਂਸ ਰਾਹੀਂ ਅੰਮ੍ਰਿਤਸਰ ਲਈ ਰਵਾਨਾ ਕਰ ਦਿੱਤਾ। ਦਰਅਸਲ ਮੇਰੀ ਘਰ ਵਾਲੀ ਦੀ ਹਾਲਤ ਬਿਲਕੁਲ ਠੀਕ ਸੀ ਅਤੇ ਡਾਕਟਰ ਨੇ ਮੇਰੇ ਗੁੱਸੇ ਤੋਂ ਡਰਦਿਆਂ ਹੀ ਜੁਆਬ ਦੇ ਦਿੱਤਾ ਸੀ। ਤਰਨ ਤਾਰਨ ਤੋਂ ਅੰਮ੍ਰਿਤਸਰ ਜਾਂਦਿਆਂ ਹੋਇਆਂ ਰਸਤੇ ਵਿੱਚ ਬਾਬਾ ਨੌਧ ਸਿੰਘ ਜੀ ਸ਼ਹੀਦ ਦੀ ਸਮਾਧ ਕੋਲ ਹੀ ਮੇਰੀ ਪਤਨੀ ਨੇ ਐਂਬੂਲੈਂਸ ਵਿੱਚ ਹੀ ਇੱਕ ਤੰਦਰੁਸਤ ਅਤੇ ਬਹੁਤ ਹੀ ਸੋਹਣੇ ਲੜਕੇ ਨੂੰ ਜਨਮ ਦੇ ਦਿੱਤਾ।

ਮੇਰੀਆਂ ਦੋਵੇਂ ਭੈਣਾਂ ਘਬਰਾ ਗਈਆਂ ਅਤੇ ਸਮਾਧ ਦੇ ਨੇੜੇ ਹੀ ਇੱਕ ਹਸਪਤਾਲ ਵਿੱਚ ਲੈ ਗਈਆਂ। ਹਸਪਤਾਲ ਦੇ ਅਨ੍ਹਾੜੀ ਡਾਕਟਰ ਨੇ ਉਨ੍ਹਾਂ ਨੂੰ ਦੱਸਿਆ ਕਿ ਇੱਕ ਬੱਚਾ ਹੋਰ ਹੋਣ ਵਾਲਾ ਹੈ। ਮੂਰਖ ਡਾਕਟਰ ਨੇ ਪਹਿਲੇ ਬੱਚੇ ਦਾ ਨਾੜੂ ਕੱਟ ਦਿੱਤਾ ਪਰ ਦਾਗੇ ਨਾਲ ਨਾ ਬੰਨ੍ਹਿਆ। ਮੇਰਾ ਉਹ ਸੋਹਣਾ ਅਤੇ ਤੰਦਰੁਸਤ ਬੱਚਾ ਜਿਸ ਨੇ ਅਜੇ ਅੱਖਾਂ ਵੀ ਨਹੀਂ ਸਨ ਖੋਲ੍ਹੀਆਂ ਸਦਾ ਲਈ ਸਾਥੋਂ ਵਿੱਛੜ ਗਿਆ। ਜਦੋਂ ਮੇਰੀ ਪਤਨੀ ਦੀ ਹੁਣ ਸੱਚ ਮੁੱਚ ਹੀ ਹਾਲਤ ਜ਼ਿਆਦਾ ਖ਼ਰਾਬ ਹੋ ਗਈ ਤਾਂ ਉਸ ਅਨ੍ਹਾੜੀ ਡਾਕਟਰ ਨੇ ਜੁਆਬ ਦੇ ਦਿੱਤਾ। ਮੇਰੀਆਂ ਭੈਣਾਂ ਮੇਰੀ ਘਰਵਾਲੀ ਨੂੰ ਲੈ ਕੇ ਅੰਮ੍ਰਿਤਸਰ ਪਹੁੰਚ ਗਈਆਂ। ਜਦੋਂ ਮੈਨੂੰ ਇਸ ਸਾਰੀ ਕਹਾਣੀ ਦਾ ਪਤਾ ਲੱਗਾ ਤਾਂ ਮੈਂ ਵੀ ਅੰਮ੍ਰਿਤਸਰ ਪਹੁੰਚ ਗਿਆ। ਉੱਥੇ ਡਾਕਟਰਾਂ ਨੇ ਪੂਰੀ ਵਾਹ ਲਾ ਕੇ ਮੇਰੀ ਪਤਨੀ ਦੀ ਜਾਨ ਬਚਾਈ। ਤੀਰ ਜੀ, ਸੱਚ ਜਾਣਿਓ ਹੁਣ ਵੀ ਜਦੋਂ ਮੈਨੂੰ ਉਹ ਘਟਨਾ ਮੇਰੀਆਂ ਅੱਖਾਂ ਸਾਹਮਣੇ ਯਾਦ ਆਉਂਦੀ ਹੈ ਤਾਂ ਮੇਰੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ।

**ਸੁਆਲ:** ਤੁਸੀਂ ਬਤੌਰ ਪ੍ਰਧਾਨ ਆਪਣੇ ਪੱਤਰਕਾਰ ਭਰਾਵਾਂ ਨੂੰ ਕੀ ਸੁਨੇਹਾ ਦੇਣਾ ਚਾਹੋਗੇ? ਕੀ ਆਮ ਆਦਮੀ ਲਈ ਵੀ ਤੁਸੀਂ ਕੋਈ ਰਾਏ ਦੇਣਾ ਪਸੰਦ ਕਰੋਗੇ?

**ਜੁਆਬ:** ਪੱਤਰਕਾਰ ਭਾਈਚਾਰੇ ਨੂੰ ਚਾਹੀਦਾ ਹੈ ਕਿ ਉਹ ਆਪਣੀ ਕਲਮ ਦੀ ਸਹੀ ਵਰਤੋਂ ਕਰਨ,ਤਾਂ ਜੋ ਨਿਰੋਏ ਅਤੇ ਸਿਹਤਮੰਦ ਸਮਾਜ ਦੀ ਸਿਰਜਨਾ ਹੋ ਸਕੇ। ਅੱਜ ਸਾਡੇ ਸਾਹਮਣੇ ਭਰੂਣ ਹੱਤਿਆ, ਦਹੇਜ਼ ਪ੍ਰਥਾ ਅਤੇ ਨਸ਼ਿਆਂ ਦੀ ਲੱਤ ਇੱਕ ਵੱਡੀ ਚਣੌਤੀ ਹੈ। ਜੇਕਰ ਅਸੀਂ ਲੋਕਾਂ ਖ਼ਾਸ ਕਰਕੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਆਦਿ ਤੋਂ ਛੁਟਕਾਰਾਂ ਦਵਾਉਣ ਲਈ ਹੁਣ ਤੋਂ ਹੀ ਕੋਈ ਉਪਰਾਲਾ ਨਾ ਕੀਤਾ ਤਾਂ ਭਵਿੱਖ ਸਾਨੂੰ ਮੁਆਫ਼ ਨਹੀਂ ਕਰੇਗਾ। ਇਨ੍ਹਾਂ ਬਾਰੇ ਆਮ ਲੁਕਾਈ ਨੂੰ ਸੁਚੇਤ ਕਰਨਾ ਵੀ ਪੱਤਰਕਾਰ ਦੀ ਜ਼ਿੰਮੇਂਵਾਰੀ ਬਣਦੀ ਹੈ।

***

ਇੱਕ ਵਕੀਲ :

## ਨਾਰੀ ਜਾਤੀ ਦੇ ਹੱਕਾਂ ਦਾ ਪਹਿਰੇਦਾਰ



**ਸ੍ਰ: ਇਕਬਾਲ ਸਿੰਘ ਐਡਵੋਕੇਟ**

ਮੈਂ ਸ੍ਰ: ਇਕਬਾਲ ਸਿੰਘ ਜੀ ਨੂੰ ਪਹਿਲੀ ਵੇਰਾਂ ਪੰਜਾਬੀ ਸਾਹਿਤ ਸਭਾ ਅਤੇ ਸਭਿਆਚਾਰਕ ਕੇਂਦਰ ਤਰਨ ਤਾਰਨ ਦੀ ਮੀਟਿੰਗ ਵਿੱਚ ਮਿਲਿਆ ਸਾਂ। ਸਭਾ ਵਿੱਚ ਲੱਗ ਭੱਗ ਸਾਰੇ ਹੀ ਮੈਂਬਰ ਕਵੀ ਸਨ, ਜਦੋ ਕਿ ਇਹ ਇਕੱਲੇ ਹੀ ਵਾਰਤਿਕ ਲਿਖਾਰੀ ਸਨ। ਉਮਰ ਪੱਖੋਂ ਵੀ ਉਹ ਸਭ ਤੋਂ ਵੱਡੇ ਸਨ। ਉਹ ਪੇਸ਼ੇ ਤੋਂ ਵਕੀਲ ਹੁੰਦੇ ਹੋਏ ਵੀ ਵਕੀਲ ਨਹੀ ਸਨ ਜਾਪਦੇ ਕਿਉਂਕਿ ਵਕੀਲਾਂ ਵਾਲੀ ਫਿਤਰਤ ਉਹਨਾਂ ਵਿੱਚ ਨਹੀ ਸੀ ਜਾਪਦੀ। ਉਹ ਆਪਣੀ ਗੱਲ ਇਸ ਅੰਦਾਜ਼ ਨਾਲ ਕਰਦੇ ਹਨ ਕਿ ਸੁਣਨ ਵਾਲਾ ਕਈ ਵੇਰਾਂ ਸੋਚਦਾ ਹੀ ਰਹਿ ਜਾਂਦਾ ਹੈ ਕਿ ਉਹਨਾਂ ਮਖੌਲ ਕੀਤਾ ਹੈ ਜਾਂ ਵਾਕਿਆ ਹੀ ਉਹ ਸੰਜੀਦਾ ਹਨ। ਜਦੋਂ ਉਹਨਾਂ ਨੂੰ ਸਭਾ ਦੇ ਪ੍ਰਧਾਨ ਜੀ ਨੇ 'ਬਾਬਾ ਬੋਹੜ' ਕਹਿ ਕੇ ਬੁਲਾਇਆ ਸੀ ਤਾਂ ਮੈਂ ਸਮਝ ਗਿਆ ਸਾਂ ਕਿ ਇਹ ਕਾਲੇ ਕੋਟ ਵਿੱਚ ਲੁਕਿਆ ਹੋਇਆ ਇਨਸਾਨ ਖਾਸ ਗੁਣਾਂ ਦਾ ਮਾਲਿਕ ਹੈ ਜੋ ਉਸ ਦੀ ਗ਼ੁਫਤਗੂ ਤੋਂ ਸਾਫ ਝਲਕਦੀ ਸੀ। ਇਹ ਨੇੜਤਾ ਵਧਦੀ ਗਈ ਅਤੇ ਮੇਰੀ ਰੁਚੀ ਵੀ ਉਹਨਾਂ ਵਿੱਚ ਵਧਦੀ ਗਈ। ਮੈਂ ਵੇਖਿਆ ਕਿ ਉਹਨਾਂ ਅੰਦਰਲਾ ਮਨੁੱਖ ਬਹੁਤ ਹੀ ਸੰਜੀਦਾ ਅਤੇ ਸਵੈ-ਵਿਸ਼ਵਾਸ਼ ਨਾਲ ਲਬਰੇਜ਼ ਹੈ।ਉਹਨਾਂ ਦੀ ਸਖਸ਼ੀਅਤ ਦੀਆਂ ਤਹਿਆਂ ਪਰਤ-ਦਰ-ਪਰਤ ਮੇਰੇ ਸਾਹਮਣੇ ਖੁਲ੍ਹਦੀਆਂ ਗਈਆਂ ਅਤੇ ਉਸ ਦੇ ਅੰਦਰਲੇ ਆਦਮੀ ਦੀ ਵਿਅਕਤੀਗਤ ਤਸਵੀਰ ਹੋਰ ਨਿੱਖਰ ਕੇ ਮੇਰੇ ਸਾਹਮਣੇ ਆਉਂਦੀ ਗਈ। ਉਸ ਨਾਲ ਮੈਨੂੰ ਮੋਹ ਜਿਹਾ ਹੋਣ ਲੱਗਾ। ਮੇਰੇ ਮਨ ਵਿੱਚ ਵਿਚਾਰ ਬਣਿਆ ਕਿ ਇਸ ਇਨਸਾਨ ਨੂੰ ਕਿਉਂ ਨਾ ਸਾਹਿਤਕ ਜਗਤ ਵਿੱਚ ਪੇਸ਼ ਕਰਨ ਲਈ ਇਸ ਦਾ ਇੰਟਰਵੀਊ ਲਿਆ ਜਾਵੇ। ਬਸ ਫੇਰ ਕੀ ਸੀ ਮੈਂ ਉਠਿਆ ਤੇ ਪਹੁੰਚ ਗਿਆ ਉਹਨਾਂ ਦੇ ਵਕਾਲਤਖ਼ਾਨੇ ਉਹਨਾਂ ਨਾਲ ਚੁੰਝ ਚਰਚਾ ਕਰਨ। ਉਹਨਾਂ ਨਾਲ ਦੁਆ ਸਲਾਮ ਹੋਈ ਅਤੇ ਉਹਨਾਂ ਨੇ ਆਪਣੀ ਆਦਤ ਅਨੁਸਾਰ ਚਾਹ ਦਾ ਆਰਡਰ ਛੱਡ ਦਿੱਤਾ।

" ਚਾਹ ਤਾਂ ਅੱਜ ਜਰੂਰ ਪੀਵਾਂਗਾ ਪਰ ਇੱਕ ਸ਼ਰਤ ਤੇ।"

"ਚਾਹ ਵਿੱਚ ਸ਼ਰਤ ਘੋਲ ਕੇ ਚਾਹ ਦਾ ਸੁਆਦ ਕੌੜਾ ਨਾ ਕਰੋ। ਉਂਜ ਤੁਸੀਂ ਜੋ ਕਹੋਗੇ ਸਿਰ ਮੱਥੇ।"

"ਅੱਜ ਮੈਂ ਤੁਹਾਡਾ ਇੰਟਰਵਿਊ ਲੈਣਾ ਹੈ। ਬਹੁਤ ਕੁਝ ਜਾਨਣਾ ਹੈ ਤੁਹਾਡੀ ਨਿੱਜੀ ਜਿੰਦਗੀ ਬਾਰੇ।"

"ਇੰਟਰਵਿਊ ਲਈਦਾ ਹੁੰਦਾ ਏ, ਵੱਡਿਆਂ ਬੰਦਿਆਂ ਦਾ। ਮੇਰੇ ਵਿੱਚ ਤਾਂ ਕੋਈ ਅਜਿਹੀ ਗੱਲ ਨਹੀਂ ਜਿਹੜੀ ਇੰਟਰਵਿਊ ਲੈਣ ਦਾ ਕਾਰਨ ਬਣ ਸਕੇ।" ਵਕੀਲ ਸਾਹਿਬ ਨੇ ਬੜੇ ਹੀ ਸ਼ਾਤ ਚਿੱਤ ਸਭ ਕੁਝ ਕਹਿ ਦਿੱਤਾ।ਚਾਹ ਆ ਗਈ। ਅਸਾਂ ਦੋਹਾਂ ਨੇ ਪੀ ਲਈ ਅਤੇ ਮੈਂ ਉਹਨਾਂ ਤੇ ਸਿੱਧਾ ਸੁਆਲ ਕਰ ਦਿੱਤਾ।

**ਸੁਆਲ:-** ਤੁਹਾਡੇ ਪਿਤਾ ਜੀ ਅਤੇ ਮਾਤਾ ਦਾ ਨਾਮ ?

**ਜੁਆਬ:-** ਸ੍ਰ: ਚਾਨਣ ਸਿੰਘ ਜੀ ਅਤੇ ਮਾਤਾ ਸ੍ਰੀਮਤੀ ਬਲਵੰਤ ਕੌਰ ਜੀ।

**ਸੁਆਲ:-** ਤੁਸੀਂ ਕਿੰਨੇ ਭੈਣ ਭਰਾ ਹੋ ?

**ਜੁਆਬ-** ਮੇਰੀਆਂ ਚਾਰ ਭੈਣਾਂ ਹਨ ਅਤੇ ਅਸੀਂ ਚਾਰ ਹੀ ਭਰਾ ਹਾਂ। ਸਭ ਤੋਂ ਵੱਡੀ ਭੈਣ ਤੋਂ ਬਾਅਦ ਮੈਂ ਦੂਸਰੇ ਥਾਂ ਤੇ ਹਾਂ।

**ਸੁਆਲ:-** ਤੁਹਾਡਾ ਜਨਮ ਕਦੋਂ ਅਤੇ ਕਿੱਥੇ ਹੋਇਆ ?

**ਜੁਆਬ:-** ਮੇਰਾ ਜਨਮ ਪਾਕਿਸਤਾਨ ਦੇ ਪਿੰਡ ਪਢਾਣਾ ਤਹਿਸੀਲ ਅਤੇ ਜ਼ਿਲ੍ਹਾ ਲਾਹੌਰ ਵਿੱਚ ਪਹਿਲੀ ਅਪਰੈਲ, 1934 ਨੂੰ ਹੋਇਆ ਸੀ।ਭਾਰਤ ਦੀ ਵੰਡ ਉਪਰੰਤ ਅਸੀਂ ਇੱਧਰ ਆ ਕੇ ਤਰਨ ਤਾਰਨ ਵੱਸ ਗਏ ਸੀ।

**ਸੁਆਲ:-** ਤੁਹਾਡੇ ਜਨਮ ਸਮੇਂ ਤੁਹਾਡੀ ਆਰਥਿਕ ਹਾਲਤ ਕਿੱਦਾਂ ਦੀ ਸੀ ?

**ਜੁਆਬ:–** ਪਾਕਿਸਤਾਨ ਬਣਨ ਤੋਂ ਪਹਿਲਾਂ ਤਾਂ ਸਾਡੀ ਆਰਥਿਕ ਹਾਲਤ ਬਹੁਤ ਵਧੀਆ ਸੀ ਪਰ ਇਸ ਵੰਡ ਵਿੱਚ ਸਾਨੂੰ ਸਭ ਕੁਝ ਛੱਡ-ਛੁਡਾ ਕੇ ਇਧਰ ਆਉਣਾ ਪਿਆ ਸੀ,ਜਿਸ ਕਰਕੇ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੋ ਗਏ ਸਾਂ। ਘਰ ਵਿੱਚ ਇਕੱਲੇ ਪਿਤਾ ਜੀ ਹੀ ਕਮਾਉਣ ਵਾਲੇ ਸਨ ਜੋ ਏਡੇ ਵੱਡੇ ਟੱਬਰ ਦੀ ਪਾਲਣਾ ਕਰਨ ਵਾਲੇ ਸਨ। ਮੰਦਹਾਲੀ ਦਾ ਬੋਲਬਾਲਾ ਸੀ।

**ਸੁਆਲ:**- ਆਪਣੀ ਵਿੱਦਿਅਕ ਪ੍ਰਾਪਤੀ ਤੇ ਵੀ ਕੁਝ ਚਾਨਣਾ ਪਾਓ ?

**ਜੁਆਬ:–** ਬੇਸ਼ਕ ਘਰ ਵਿੱਚ ਆਰਥਿਕ ਮੰਦਹਾਲੀ ਸੀ ਪਰ ਪੜ੍ਹਨ ਵਿੱਚ ਮੇਰੀ ਬਹੁਤ ਰੁਚੀ ਸੀ। ਮੈਂ ਦਸਵੀਂ ਜਮਾਤ ਐਮ. ਬੀ. ਹਾਈ ਸਕੂਲ(ਜਿਸ ਨੂੰ ਮੰਡੀ ਵਾਲਾ ਸਕੂਲ ਵੀ ਕਹਿੰਦੇ ਹਨ) ਤਰਨ ਤਾਰਨ ਤੋਂ ਕੀਤੀ। ਆਰਥਿਕ ਮੰਦਹਾਲੀ ਦਾ ਜ਼ਿਕਰ ਤਾਂ ਮੈਂ ਪਹਿਲਾਂ ਹੀ ਕਰ ਚੁੱਕਾ ਹਾਂ,ਸਾਰੇ ਟੱਬਰ ਨੂੰ ਪਾਲਣਾ ਅਤੇ ਨਾਲ ਨਾਲ ਪੜ੍ਹਾਈ ਦੇ ਖਰਚ ਦਾ ਬੋਝ ਇਕੱਲੇ ਪਿਤਾ ਜੀ ਦੇ ਵੱਸੋਂ ਬਾਹਰਾ ਸੀ। ਇਸ ਲਈ ਮੈਂ ਦਸਵੀ ਜਮਾਤ ਤੋਂ ਪਿੱਛੋਂ ਕਾਲਜ ਨਹੀਂ ਸਾਂ ਜਾ ਸਕਿਆ। ਦਸਵੀ ਜਮਾਤ ਪਾਸ ਕਰਨ ਉਪਰੰਤ ਸੰਨ 1953 ਵਿੱਚ ਮੈਂ ਕਰਨਾਲ ਤੋਂ ਜੇ. ਬੀ ਟੀ. ਕਰਕੇ ਟੀਚਰ ਦੀ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ। ਪੜ੍ਹਨ ਦੀ ਲਗਨ ਸੀ ਇਸ ਲਈ ਹੋਰ ਰਸਤਾ ਲਭ ਗਿਆ। ਮੈਂ ਗਿਆਨੀ ਦੀ ਪ੍ਰੀਖਿਆ ਪਾਸ ਕਰਕੇ ਪ੍ਰਈਵੇਟ ਵਿਦਿਆਰਥੀ ਵਜੋਂ ਸਤੰਬਰ 1957 ਵਿੱਚ ਬੀ.ਏ.(ਪ੍ਰਾਈਵੇਟ) ਕਰ ਲਈ ਸੀ ਅਤੇ ਇਸ ਦੇ ਨਾਲ ਹੀ ਸਤੰਬਰ,1958 ਵਿੱਚ B.Ed ਵੀ ਕਰ ਲਈ ਸੀ। ਮੇਰਾ ਪੜ੍ਹਾਈ ਦਾ ਕਾਰਵਾਂ ਇੱਥੇ ਹੀ ਨਹੀਂ ਰੁਕਿਆ ਸਗੋਂ ਮੈਂ ਸੰਨ 1967 ਵਿੱਚ ਐਮ. ਏ. ਅੰਗਰੇਜ਼ੀ ਵਿਸ਼ੇ ਵਿੱਚ ਕਰਨ ਦੇ ਨਾਲ ਨਾਲ ਵਾਧੂ ਵਿਸ਼ੇ ਵਜੋਂ ਐਮ. ਏ. ਇਤਿਹਾਸ ਅਤੇ ਐਜੂਕੇਸ਼ਨ (M,Ed) ਵੀ ਕਰ ਲਈ ਸੀ। ਮੈਂ ਇਹ ਵੀ ਤੁਹਾਡੇ ਧਿਆਨ ਵਿੱਚ ਲਿਆ ਦਿਆਂ ਕਿ ਮੈਂ ਅੰਗਰੇਜੀ,ਪੰਜਾਬੀ, ਉਰਦੂ ਅਤੇ ਹਿੰਦੀ ਚਾਰ ਭਾਸ਼ਾਵਾਂ ਦਾ ਗਿਆਤਾ ਹਾਂ। ਇਹ ਸਾਰਾ ਵਿਦਿਅਕ ਸਫ਼ਰ ਮੈਂ ਆਪਣੇ ਬਲਬੂਤੇ ਤੇ ਹੀ ਕੀਤਾ ਹੈ ਅਤੇ ਨਾਲ ਨਾਲ ਨੌਕਰੀ ਕਰਦਿਆਂ ਹੋਇਆਂ ਪਿਤਾ ਜੀ ਨਾਲ ਟੱਬਰ ਦੀ ਪਾਲਣਾ ਵਿੱਚ ਸਹਿਯੋਗੀ ਵੀ ਬਣਿਆ ਸਾਂ। ਮੈਂ ਇਹ ਦੱਸਣ ਵਿੱਚ ਫ਼ਖਰ ਮਹਿਸੂਸ ਕਰਦਾ ਹਾਂ ਕਿ ਮੈਂ ਦਸ ਸਾਲਾਂ ਤੱਕ ਐਫ.ਏ. ਬੀ.ਏ. ਅਤੇ ਐਮ.ਏ. ਤੱਕ ਦੀਆਂ ਕਲਾਸਾਂ ਦੇ ਵਿਦਿਆਰਥੀਆਂ ਦੀਆਂ ਕੋਚਿੰਗ ਕਲਾਸਾਂ ਵੀ ਪੜ੍ਹਾਉਂਦਾ ਰਿਹਾ ਹਾਂ। ਵਿੱਦਿਅਕ ਵਿਭਾਗ ਵਿੱਚੋਂ ਮੈਂ ਬਤੌਰ ਮਾਸਟਰ 31 ਮਾਰਚ,1992 ਨੂੰ ਸਰਕਾਰੀ ਹਾਈ ਸਕੂਲ ਜਵੰਧਾ ਕਲਾਂ ਤੋਂ ਸੇਵਾ ਮੁਕਤ ਹੋਇਆ ਹਾਂ।

**ਸੁਆਲ:–** ਕੋਈ ਖਾਸ ਸਖ਼ਸ਼ੀਅਤ ਜਿਸ ਦਾ ਅਸਰ ਤੁਹਾਡੀ ਜਿੰਦਗੀ ਤੇ ਆਪਣਾ ਅਸਰ ਛੱਡ ਗਿਆ ਹੋਵੇ ?

**ਜੁਆਬ:–** ਹਾਂ, ਹੈ।ਮੇਰੀ ਜਿੰਦਗੀ ਵਿੱਚ ਤਿੰਨ ਅਜਿਹੇ ਸੱਜਣ ਹਨ ਜਿਹਨਾਂ ਦਾ ਪ੍ਰਭਾਵ ਮੇਰੀ ਜਿੰਦਗੀ ਤੇ ਬਹੁਤ ਪਿਆ ਹੈ।ਉਹਨਾਂ ਨਾਲ ਮੇਲ ਮਿਲਾਪ ਨੇ ਮੇਰੀ ਸੋਚ ਨੂੰ ਨਵੀਂ ਦਿਸ਼ਾ ਦਿੱਤੀ ਸੀ। ਮੇਰਾ ਸੋਚਣ ਦਾ ਨਜ਼ਰੀਆ ਹੀ ਬਦਲ ਕੇ ਰੱਖ ਦਿੱਤਾ ਸੀ।ਸ੍ਰ: ਬਲਬੀਰ ਸਿੰਘ ਜੀ ਪਿੰਡ ਅਲਾਦੀਨਪੁਰ, ਸ੍ਰ: ਹਰਭਜਨ ਸਿੰਘ ਜੀ ਪਿੰਡ ਸ਼ਹੀਦ ਅਤੇ ਸ੍ਰ: ਮੰਗਲ ਸਿੰਘ ਜੀ ਪਿੰਡ ਕੱਦ ਗਿੱਲ। ਇਹਨਾਂ ਦੇ ਸੱਚੇ-ਸੁੱਚੇ ਅਤੇ ਇਮਾਨਦਾਰ ਕਿਰਦਾਰ ਨੇ ਮੇਰੇ ਮਨ ਤੇ ਬਹੁਤ ਗਹਿਰਾ ਪ੍ਰਭਾਵ ਛੱਡਿਆ ਸੀ।ਇਹਨਾਂ ਨਾਲ ਵਿਚਰਦਿਆਂ ਹੋਇਆ ਮੈਂ ਉਹਨਾਂ ਦੇ ਪ੍ਰਭਾਵ ਹੇਠ ਸਮਾਜ ਵਿਚਲੀ ਲੁੱਟ-ਖਸੁੱਟ ਅਤੇ ਬੇਇਨਸਾਫੀ ਵਿਰੁੱਧ ਡਟਣ ਦਾ ਮਨ ਬਣਾ ਲਿਆ ਸੀ।ਇਹਨਾਂ ਨਾਲ ਮੇਰੀ ਜਿੰਦਗੀ ਭਰ ਦੀ ਸਾਂਝ ਬਣ ਗਈ ਹੈ।

**ਸੁਆਲ:**- ਵਾਕਿਆ ਹੀ ਤੁਹਾਡਾ ਵਿਦਿਅਕ ਸਫ਼ਰ ਬਹੁਤ ਹੀ ਸੰਘਰਸ਼ਾਂ ਭਰਿਆ ਹੈ। ਇਸ ਤੇ ਮਾਣ ਕੀਤਾ ਜਾ ਸਕਦਾ ਹੈ ਅਤੇ ਅਜੋਕੀ ਪਨੀਰੀ ਨੂੰ ਇਸ ਤੋਂ ਸਬਕ ਲੈਣਾ ਚਾਹੀਦਾ ਹੈ।ਕੀ ਤੁਸੀਂ ਕੁਝ ਆਪਣੀ ਵਿਆਹੁਤਾ ਜਿੰਦਗੀ ਬਾਰੇ ਵੀ ਕੁਝ ਚਾਨਣਾ ਪਾਓਗੇ?

**ਜੁਆਬ:–** ਜਰੂਰ। ਸੰਨ 1954 ਵਿੱਚ ਮੇਰੀ ਸ਼ਾਦੀ ਅੰਮ੍ਰਿਤਸਰ ਵਾਸੀ ਸ੍ਰੀਮਤੀ ਅਮਰਜੀਤ ਕੌਰ ਸਪੁੱਤਰੀ ਸ੍ਰ: ਪ੍ਰੇਮ ਸਿੰਘ ਜੀ ਨਾਲ ਹੋਈ ਹੈ। ਮੇਰੀ ਸੰਤਾਨ ਵਜੋਂ ਇੱਕ ਲੜਕੀ ਅਤੇ ਦੋ ਲੜਕੇ ਹਨ।

**ਸੁਆਲ:**- ਸਾਹਿਤਕ ਖੇਤਰ ਵਿੱਚ ਤੁਹਾਡੀਆਂ ਪ੍ਰਾਪਤੀਆਂ ਅਤੇ ਇਸ ਕੰਮ ਲਈ ਜੀਵਨ ਸਾਥਣ ਦਾ ਯੋਗਦਾਨ ?

**ਜੁਆਬ:**- ਮੈਂ ਕੇਵਲ ਤੇ ਕੇਵਲ ਵਾਰਤਿਕ ਲਿਖਾਰੀ ਹੀ ਹਾਂ। ਵਾਰਤਿਕ ਵੰਨਗੀਆਂ ਵਿੱਚ ਨਾਵਲ,ਨਾਟਕ,ਮਿੰਨੀ ਕਹਾਣੀ, ਇਕਾਂਗੀ,ਨਿਬੰਧ ਅਤੇ ਸੂਖਸ਼ਮ ਨਿਬੰਧ,ਯਾਤਰਾਵਾਂ, ਪੜਚੋਲ,ਅਤੇ ਹਾਸਵਿਅੰਗ ਦਾ ਯੋਗਦਾਨ ਹੈ। ਆਮ ਕਰਕੇ ਲਿਖਾਰੀ ਨੂੰ ਇਸ ਪੱਖੋਂ ਸਹਿਯੋਗ ਘੱਟ ਹੀ ਮਿਲਦਾ ਹੈ। ਇਸ ਕੰਮ ਨੂੰ ਵਿਹਲੜਾਂ ਦਾ ਕੰਮ ਹੀ ਗਰਦਾਨਿਆ ਜਾਂਦਾ ਹੈ।ਪਰ ਮੈਂ ਇਸ ਪੱਖੋਂ ਖ਼ੁਸ਼ਕਿਸਮਤ ਹਾਂ। ਮੈਨੂੰ ਹਾਂ ਪੱਖੀ ਹੁੰਗਾਰਾ ਮਿਲਿਆ ਹੈ। ਮੇਰੀ ਪਤਨੀ ਨੇ ਮੇਰੇ ਦੁਆਲੇ ਸ਼ਾਤ ਅਤੇ ਅਨਕੂਲ ਵਾਤਾਵਰਣ ਸਿਰਜ ਕੇ ਮੇਰੇ ਲਈ ਸਦਾ ਉਸਾਰੂ ਸੋਚਾਂ ਦਾ ਸੰਸਾਰ ਸਿਰਜਿਆ ਹੈ। ਇੱਥੋਂ ਤੱਕ ਕਿ ਉਸ ਨੇ ਮੈਨੂੰ ਘਰੇਲੂ ਜਿਮੇਵਾਰੀਆਂ ਤੋਂ ਵੀ ਮੁਕਤੀ ਪ੍ਰਦਾਨ ਕਰ ਰੱਖੀ ਹੈ। ਉਸ ਦੇ ਇਸ ਯੋਗਦਾਨ ਦਾ ਮੈਂ ਰਿਣੀ ਹਾਂ।

**ਸੁਆਲ**: ਕੀ ਤੁਸੀਂ ਅੱਜ ਤੱਕ ਦੀਆਂ ਕੀਤੀਆਂ ਰਚਨਾਵਾਂ ਸਬੰਧੀ ਦੱਸੋਗੇ?

**ਜੁਆਬ:**- 'ਤਿੜਕੀਆਂ ਵੰਙਾਂ', 'ਪੀਲੇ ਪੱਤਿਆਂ ਦੀ ਖ਼ੁਸ਼ਬੂ', 'ਪ੍ਰਛਾਵਿਆਂ ਦੇ ਉਹਲੇ' ਅਤੇ 'ਵਲੂੰਧਰੀਆਂ ਸਧਰਾਂ' ਇਹ ਚਾਰ ਮੇਰੇ ਕਹਾਣੀ ਸੰਗ੍ਰਹਿ ਛਪ ਚੁੱਕੇ ਹਨ।ਮੇਰੀ ਕਹਾਣੀ 'ਹੱਸਦੀ ਮੌਤ' ਅਤੇ ਇੱਕ ਇਕਾਂਗੀ 'ਅਣ-ਜੰਮਿਆ ਰਹਿਬਰ' ਆਲ ਇੰਡੀਆ ਰੇਡੀਓ ਸਟੇਸ਼ਨ ਜਲੰਧਰ ਤੋਂ ਸੰਨ 1981,82 ਵਿੱਚ ਪ੍ਰਸਾਰਿਤ ਵੀ ਹੋ ਚੁੱਕੇ ਹਨ। ਮੈਂ ਇੱਕ ਇਕਾਂਗੀ ਸੰਗ੍ਰਹਿ 'ਚੱਕਰ ਵਿੱਚ ਚੱਕਰ' ਵੀ ਲਿਖਿਆ ਹੈ। ਸੰਨ 1958 ਵਿੱਚ ਸ੍ਰ: ਅਵਤਾਰ ਸਿੰਘ ਜੀ 'ਅਨਭੋਲ' ਵੱਲੋਂ ਸੰਪਾਦਿਤ ਪੁਸਤਕ 'ਸਾਹਿਤ ਧਾਰਾ' ਵਿੱਚ ਮੇਰੀ ਪਹਿਲੀ ਕਹਾਣੀ 'ਕਲਾਕਾਰੋਂ ਕੇ ਨਾਮ'ਸੰਨ 1958 ਵਿੱਚ ਦਰਜ ਹੋਈ ਸੀ। ਸੰਨ 1983 ਵਿੱਚ ਨੀਲਮਣੀ ਮੈਗਜੀਨ ਵੱਲੋਂ All India Short Stories Competetion ਕਰਵਾਇਆ ਸੀ ਜਿਸ ਵਿੱਚ ਮੇਰੀ **ਕਹਾਣੀ 'ਜਦ ਓਸ ਮੇਰੀ ਤਸਵੀਰ ਮੰਗੀ'** ਨੂੰ ਦੂਸਰੇ ਸਥਾਨ ਤੇ ਆਉਣ ਤੇ ਇਨਾਮ ਮਿਲਿਆ ਸੀ।

**ਸੁਆਲ:**- ਤੁਸੀਂ ਸਾਹਿਤਕ ਲਿਖਤਾਂ ਦਾ ਆਦਰਸ਼ ਕਿਸ ਨੂੰ ਮੰਨਦੇ ਹੋ ?

**ਜੁਆਬ:**- ਮੈਂ ਨਾਨਕ ਸਿੰਘ ਜੀ ਨਾਵਲਿਸਟ ਦੇ ਨਾਵਲ 'ਪਵਿਤਰ ਪਾਪੀ' ਅਤੇ ਸ੍ਰ: ਗੁਰਬਖਸ਼ ਸਿੰਘ ਜੀ ਪ੍ਰੀਤਲੜੀ ਦੀ ਕਹਾਣੀ 'ਪ੍ਰੀਤਾਂ ਦੀ ਪਹਿਰੇਦਾਰ' ਤੋਂ ਪ੍ਰਭਾਵਿਤ ਹੋ ਕੇ ਨਾਰੀ ਪੱਖ ਨੂੰ ਉਸ ਤੇ ਹੋ ਰਹੇ ਜੁਲਮਾਂ ਦਾ ਵਿਸ਼ਾ ਬਣਾਇਆ ਹੈ।

**ਸੁਆਲ:–** ਤੁਸੀਂ ਕਿਸੇ ਸਾਹਿਤ ਸਭਾ ਨਾਲ ਵੀ ਜੁੜੇ ਹੋਏ ਹੋ ?

**ਜੁਆਬ:**- ਮੈਂ ਪੰਜਾਬੀ ਸਾਹਿਤ ਸਭਾ ਅਤੇ ਸਭਿਆਚਾਰਕ ਕੇਂਦਰ ਤਰਨ ਤਾਰਨ ਅਤੇ ਸ਼੍ਰੋਮਣੀ ਪੰਜਾਬੀ ਸਾਹਿਤ ਸਭਾ ਜੰਡਿਆਲਾ ਗੁਰੂ ਦਾ ਵੀ ਮੈਂਬਰ ਹਾਂ।

**ਸੁਆਲ:**- ਤੁਹਾਡੇ ਨਾਲ ਸਾਹਿਤਕ ਪੱਖ ਤੇ ਤਾਂ ਬਹੁਤ ਕੁਝ ਪੁੱਛਿਆ ਦੱਸਿਆ ਗਿਆ ਹੈ ਪਰ ਇਹ ਜੋ ਤੁਸੀ ਵਕਾਲਤ ਦਾ ਬਸਤਾ ਖੋਲ੍ਹੀ ਬੈਠੇ ਹੋ ਇਸ ਬਾਰੇ ਵੀ ਦੱਸ ਦਿਓ ਕਿ ਤੁਸੀਂ ਐਲ. ਐਲ. ਬੀ ਕਦੋਂ ਕੀਤੀ ਅਤੇ ਵਕਾਲਤ ਕਦੋ ਤੋਂ ਕਰਨੀ ਸ਼ੁਰੂ ਕੀਤੀ ਹੈ। ਕੀ ਇਸ ਦਾ ਤਾਲਮੇਲ ਸਾਹਿਤਕ ਸੋਚ ਨਾਲ ਠੀਕ ਬੈਠ ਰਿਹਾ ਹੈ ?

**ਜੁਆਬ:**-ਮੈਂ ਆਪਣੀ ਨੌਕਰੀ ਦੌਰਾਨ ਹੀ ਐਲ.ਐਲ.ਬੀ ਦੀ ਪ੍ਰੀਖਿਆ ਸੰਨ 1977 ਵਿੱਚ ਪਾਸ ਕਰ ਲਈ ਸੀ।ਮੈਨੂੰ ਕਈਆਂ ਨੇ ਸਲਾਹ ਦਿੱਤੀ ਸੀ ਕਿ ਮੈਂ ਟੀਚਿੰਗ ਲਾਈਨ ਛੱਡ ਕੇ ਇੱਧਰ ਆ ਜਾਵਾਂ ਪਰੰਤੂ ਮੇਰੀ ਅੰਤਰ ਆਤਮਾ ਇਸ ਲਈ ਤਿਆਰ ਨਹੀਂ ਸੀ ਹੋਈ ਕਿਉਂਕਿ ਜਿਸ ਰਾਹੀਂ ਮੈਨੂੰ ਔਖੇ ਸਮੇਂ ਰੋਜੀ ਰੋਟੀ ਮਿਲੀ ਸੀ ਉਸ ਦਾ ਪੱਲਾ ਨਹੀਂ ਸੀ ਛੱਡਣਾ ਚਾਹੁੰਦਾ। ਇਸ ਲਈ ਮਨ ਨਾਲ ਫੈਸਲਾ ਕੀਤਾ ਸੀ ਕਿ ਇਸ ਦਾ ਲਾਭ ਮੈਂ ਸੇਵਾਮੁਕਤੀ ਦੇ ਵਿਹਲੇ ਸਮੇਂ ਵਿੱਚ ਲਵਾਂਗਾ। ਇਸ ਤਰ੍ਹਾਂ ਇੱਕ ਤੀਰ ਨਾਲ ਦੋ ਨਿਸ਼ਾਨੇ ਹੋ ਸਕਣਗੇ,ਇੱਕ ਤਾਂ ਵਿਹਲੇ ਸਮੇਂ ਦਾ ਸਤਿ-ਉਪਯੋਗ ਹੋਵੇਗਾ ਅਤੇ ਦੂਸਰਾ ਨਾਲ ਦੀ ਨਾਲ ਆਰਥਿਕ ਸਹਾਰਾ ਵੀ ਮਿਲਦਾ ਰਹੇਗਾ। ਮੈਂ ਇਸ ਸਮੇਂ ਸਾਹਿਤ ਅਤੇ ਵਕਾਲਤ ਨੂੰ ਜੁੜਵਾ ਬੱਚਿਆਂ ਵਾਂਗ ਗਲ ਨੂੰ ਲਾਈ ਪਾਲ ਰਿਹਾ ਹਾਂ ਅਤੇ ਸੰਤੁਸ਼ਟ ਹਾਂ।

**ਸੁਆਲ:–** ਤੁਸੀਂ ਆਪਣੀਆਂ ਰਚਨਾਵਾਂ ਰਾਹੀਂ ਸਮਾਜ ਨੂੰ ਕੀ ਸਾਹਿਤਕ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਹੈ?

**ਜੁਆਬ:–** ਔਰਤ ਜਾਤੀ ਤੇ ਹੋ ਰਹੇ ਜੁਲਮੋਂ-ਸਿਤਮ ਬੰਦ ਹੋਣ।ਔਰਤ ਜਾਤੀ ਆਪਣੀ ਸਖ਼ਤ ਮਿਹਨਤ ਅਤੇ ਯੋਗਤਾ ਨਾਲ ਸਮਾਜ ਵਿੱਚ ਆਪਣੇ ਪੈਰੀਂ ਖੜੇ ਹੋਣ ਦਾ ਉਪਰਾਲਾ ਕਰੇ।ਸਾਹਿਤਕਾਰ ਵੀ ਨਾਰੀ ਦੀ ਦੁਰਦਸ਼ਾ ਨੂੰ ਅਨੁਭਵ ਕਰਦਿਆਂ ਮੇਰੇ ਨਾਲ ਸਹਿਯੋਗ ਕਰਨ। ਭਰੂਣ ਹੱਤਿਆ ਕਾਰਨ ਨਾਰੀ ਦਾ ਡਿੱਗ ਰਿਹਾ ਅੰਕੜਾ-ਗ੍ਰਾਫ ਸੋਚ ਦਾ ਵਿਸ਼ਾ ਹੈ ਜਿਸ ਸਬੰਧੀ ਮੈਂ ਅੱਜ ਤੋਂ 37 ਸਾਲ ਪਹਿਲਾਂ ਆਏ ਮਨ ਵਿਚਲੇ ਅਨੁਭਵ ਦੇ ਅਧਾਰ ਤੇ 'ਹਾਏ ਲੜਕੀ' ਨਾਮ ਦੀ ਕਹਾਣੀ ਦੀ ਰਚਨਾ ਵੀ ਕੀਤੀ ਸੀ।

**ਸੁਆਲ:–** ਵਕੀਲ ਸਾਹਿਬ, ਪੇਸ਼ੇ ਪੱਖੋਂ ਤੁਸੀਂ ਅੱਜ ਕੱਲ੍ਹ ਵਕੀਲ ਹੋ ਅਤੇ ਅਦਾਲਤੀ ਕਾਰਵਾਈ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹੋ। ਜਦੋਂ ਵੀ ਅਦਾਲਤ ਵਿੱਚ ਕਿਸੇ ਦੇ ਬਿਆਨ ਕਲਮਬੰਦ ਕੀਤੇ ਜਾਂਦੇ ਹਨ ਤਾਂ ਪਹਿਲਾਂ ਉਸ ਦੇ ਧਰਮ ਅਨੁਸਾਰ ਧਰਮ ਗ੍ਰੰਥ (ਗੀਤਾ,ਕੁਰਾਨ ਜਾਂ ਬਾਈਬਲ) ਤੇ ਉਸ ਦਾ ਹੱਥ ਰਖਵਾ ਕੇ ਉਸ ਤੋਂ ਅਹਿਦ ਲਿਆ ਜਾਂਦਾ ਹੈ ਭਾਵ ਸਹੁੰ ਚੁਕਵਾਈ ਜਾਂਦੀ ਹੈ ਕਿ "ਉਹ ਜੋ ਕੁਝ ਵੀ ਕਹੇਗਾ,ਸੱਚ ਕਹੇਗਾ। ਸੱਚ ਤੋਂ ਸਿਵਾਏ ਕੁਝ ਨਹੀਂ ਕਹੇਗਾ।" ਕੀ ਤੁਸੀਂ ਵੀ ਅਜਿਹਾ ਅਹਿਦ ਕਰੋਗੇ ਕਿ ਜੋ ਵੀ ਉੱਤਰ ਤੁਸੀਂ ਮੇਰੇ ਸਵਾਲਾਂ ਦਾ ਦੇਵੋਗੇ ਸੱਚ ਸੱਚ ਦੇਵੋਗੇ ਅਤੇ ਸੱਚ ਤੋਂ ਸਿਵਾਏ ਕੁਝ ਨਹੀਂ ਕਹੋਗੇ?

**ਜੁਆਬ:**- ਮੈਂ ਅਹਿਦ ਕਰਦਾ ਹਾਂ ਕਿ "ਜੋ ਵੀ ਕਹਾਂਗਾ ਸੱਚ ਕਹਾਂਗਾ। ਸੱਚ ਤੋਂ ਸਿਵਾਏ ਕੁਝ ਨਹੀਂ ਕਹਾਂਗਾ।"

**ਸੁਆਲ:–**ਜੇਕਰ ਮੈਂ ਇਹ ਕਹਾਂ ਕਿ ਤੁਸੀਂ ਦੋ ਜੀਵਨ ਜੀਵੇ ਹਨ ਤਾਂ ਮੇਰੀ ਜਾਚੇ ਕੋਈ ਅਤਿਕਥਨੀ ਤਾਂ ਨਹੀਂ ਹੋਵੇਗੀ। ਪਹਿਲੀ ਜਿੰਦਗੀ ਵਿੱਚ ਬਤੌਰ ਅਧਿਆਪਕ ਬੱਚਿਆਂ ਵਿੱਚ ਉਨ੍ਹਾਂ ਦੇ ਵਿੱਦਿਆ ਗੁਰੂ ਬਣ ਕੇ ਵਿਚਰੇ ਹੋ ਅਤੇ ਦੂਸਰੀ ਜਿੰਦਗੀ ਆਪਣੀ ਸੇਵਾ ਮੁਕਤੀ ਉਪਰੰਤ ਵਕੀਲ ਦੀ ਜੀਊ ਰਹੇ ਹੋ। ਇਨ੍ਹਾਂ ਦੋਵਾਂ ਧਾਰਾਵਾਂ ਵਿੱਚੋਂ ਤੁਸੀਂ ਕਿਹੜੀ ਜੀਵਨ ਧਾਰਾ ਨੂੰ ਅਸਲੀ ਜੀਵਨ ਜੀਵਿਆ ਮੰਨਦੇ ਹੋ ਅਤੇ ਕਿਉਂ?

**ਜੁਆਬ:**- ਤੀਰ ਜੀ, ਤੁਹਾਡਾ ਇਹ ਕਹਿਣਾ ਕਿ ਮੈਂ ਦੋ ਜੀਵਨ ਜੀਵਿਆ ਹਾਂ ਕੁਝ ਹੱਦ ਤੱਕ ਤਾਂ ਠੀਕ ਹੈ ਪਰ ਇਹ ਪੂਰੀ ਤਰ੍ਹਾਂ ਠੀਕ ਨਹੀਂ।ਜੇਕਰ ਮੈਂ ਆਪਣੀ ਜਿੰਦਗੀ ਵਿੱਚ ਦੋ ਜੀਵਨ ਹੀ ਜੀਵੇ ਹਨ ਨੂੰ ਮੰਨ ਲਵਾਂ ਤਾਂ ਮੇਰੀ ਜਿੰਦਗੀ ਨਾਲ ਪੂਰਨ ਇਨਸਾਫ ਹੋਇਆ ਨਹੀਂ ਜਾਪੇਗਾ। ਸਗੋਂ ਮੈਂ ਤਿੰਨ ਜੀਵਨ ਜੀਵੇ ਹਨ-
(**ੳ)** ਪਹਿਲੇ ਵਿੱਚ ਮੈਂ ਪੇਂਡੂ ਤੇ ਗਰੀਬੜਾ, ਉਹ ਵੀ ਅਤਿ ਸੰਘਰਸ਼ ਭਰਪੂਰ ਜਿਸ ਅਨੁਸਾਰ ਪਹਿਲੀ ਸ਼੍ਰੇਣੀ ਤੋਂ ਚੌਥੀ ਸ਼੍ਰੇਣੀ ਤੱਕ ਹਰ ਵੇਲੇ ਨੰਗੇ ਪੈਰੀਂ ਤੇ ਬਗੈਰ ਪਜਾਮੇ ਦੇ ਆਪਣੇ ਜੱਦੀ ਪਿੰਡ 'ਪਢਾਣੇ',ਪੰਜਵੀਂ ਰਾਏਵਿੰਡ, ਛੇਵੀਂ-ਘਵਿੰਡ ਜ਼ਿਲ੍ਹਾ ਲਾਹੌਰ (ਪਾਕਿਸਤਾਨ), ਸਤਵੀਂ ਮੀਆਂਵਿੰਡ ਤੇ ਕੰਗ ਜ਼ਿਲ੍ਹਾ ਅੰਮ੍ਰਿਤਸਰ ਅਤੇ ਅਠਵੀਂ ਤੋਂ ਦਸਵੀਂ ਤੱਕ ਮੰਡੀ ਵਾਲਾ ਸਕੂਲ ਤਰਨ ਤਾਰਨ। ਫਿਰ ਜੇ.ਬੀ.ਟੀ ਕਰਨਾਲ ਤੋਂ, ਗਿਆਨੀ, ਐਫ.ਏ, ਬੀ ਏ ਪ੍ਰਾਈਵੇਟ ਪੰਜਾਬ ਯੂਨੀਵਰਸਿਟੀ ਤੋਂ। ਜੀਵਨ ਦੇ ਇਸ ਪੰਧ ਵਿੱਚ ਛੋਲਿਆਂ ਦੀਆਂ ਘੁੰਗਣੀਆਂ ਵੇਚਣੀਆਂ,ਕਰੇਲੇ ਅਤੇ ਹੋਰ ਸਬਜੀਆਂ ਵੇਚਣੀਆਂ,ਪੱਗਾਂ ਰੰਗਣੀਆਂ,ਪੰਦਰਾਂ ਸਾਲ ਤੱਕ ਕਿਤਾਬਾਂ ਦੀਆਂ ਜਿਲਦਾਂ ਬੰਨ੍ਹਣ ਦੇ ਕੰਮ ਦੇ ਨਾਲ ਨਾਲ ਮੱਝ ਲਈ ਪੱਠੇ ਲਿਆਉਣੇ ਵੀ ਮੇਰੇ ਜੀਵਨ ਦਾ ਹਿੱਸਾ ਰਿਹਾ ਹੈ। ਮੈਂ ਇਹ ਪਹਿਲਾ ਜੀਵਨ ਜੀਵਿਆ ਹੈ।
**(ਅ)** ਦੂਸਰੇ ਜੀਵਨ ਵਿੱਚ ਵਿਆਹੁਤਾ ਜੀਵਨ ਅਤੇ ਅਧਿਅਨ ਦੇ ਨਾਲ ਨਾਲ ਐਗਰੀਕਲਚਰ ਦਾ ਕੋਰਸ,ਬੀ.ਐਡ,ਐਮ ਐਡ, ਇਤਿਹਾਸ,ਅੰਗਰੇਜੀ ਦੀ ਪੜ੍ਹਾਈ ਅਤੇ ਐਲ.ਐਲ.ਬੀ ਪਾਸ ਕਰਨੀ, ਸਵੇਰੇ ਤੜਕੇ ਤੋਂ ਦੇਰ ਰਾਤ ਤੱਕ ਐਫ.ਏ,ਬੀ.ਏ ਅਤੇ ਐਮ.ਏ ਦੀਆਂ ਕਲਾਸਾਂ ਨੂੰ 10 ਸਾਲ ਤੱਕ ਘਰ ਵਿੱਚ ਕੋਚਿੰਗ ਦਾ ਕੰਮ ਕਰਨਾ ਸ਼ਾਮਲ ਹੈ। ਅਠਵੀਂ ਤੋਂ ਦਸਵੀਂ ਕਲਾਸ ਦੇ ਬੱਚਿਆਂ ਨੂੰ ਸਿਆਲ ਦੇ ਤਿੰਨ ਮਹੀਨੇ ਸਕੂਲ ਵਿੱਚ ਰਾਤ ਵੇਲੇ ਫਰੀ ਕੋਚਿੰਗ ਦੇਣਾ। ਇਸੇ ਸਮੇਂ ਦੇ ਵਿੱਚ ਹੀ ਵਾਰਤਾ ਦੇ ਨਿੱਕੀ ਕਹਾਣੀ, ਇਕਾਂਗੀ,ਨਾਟਕ,ਮਿੰਨੀ ਕਹਾਣੀ, ਵਿਅੰਗ ਅਤੇ ਸੂਖ਼ਸ਼ਮ ਨਿਬੰਧ ਲਿਖਣੇ ਅਤੇ ਪੰਜ ਪੁਸਤਕਾਂ ਨੂੰ ਛਪਵਾਉਣਾ ਵੀ ਸ਼ਾਮਲ ਹੈ। ਇਹ ਜੀਵਨ ਵੀ ਅਤਿ ਸੰਘਰਸ਼ਮਈ ਪਰ ਸੰਤੁਸ਼ਟਤਾ ਭਰਪੂਰ ਰਿਹਾ ਹੈ ਜਿਸ ਵਿੱਚ ਝੂਠ ਨਾ ਬੋਲਣਾ, ਬੇਈਮਾਨੀ, ਬਦਕਾਰੀ ਅਤੇ ਕਿਸੇ ਨੂੰ ਧੋਖੇ ਵਿੱਚ ਨਾ ਰੱਖਣ ਦਾ ਭਰਪੂਰ ਲਾਹਾ ਖੱਟਿਆ ਹੈ।
(**ੲ)** ਇਸ ਤੀਸਰੇ ਅਤੇ ਆਖਰੀ ਜੀਵਨ ਵਿੱਚ ਭਾਵੇਂ ਮੈਂ ਆਪਣੇ ਇਖਲਾਕ ਦੇ ਉਕਿਤ ਗੁਣਾਂ ਨੂੰ ਹੱਥੋਂ ਨਹੀਂ ਛੱਡਿਆ ਤੇ ਇਸ ਸਮੇਂ ਵਿੱਚ ਦਰਬਾਰ ਸਾਹਿਬ ਜਾਣਾ, ਗੁਰਬਾਣੀ ਨੂੰ ਸਵੇਰੇ ਸ਼ਾਮ ਟੀ.ਵੀ ਤੋਂ ਸਰਵਣ ਕਰਨਾ ਅਤੇ ਪੂਜਾ ਪਾਠ ਦੀ ਵਿਵਸਥਾ ਕਾਫੀ ਵਧਦੀ ਰਹੀ ਹੈ ਪਰ ਮਨ ਨੂੰ ਪ੍ਰਸੰਨਤਾ,ਸੰਤੁਸ਼ਟੀ ਅਤੇ ਆਰਾਮਦੇਹੀ ਵਿੱਚ ਕੋਈ ਵਾਧਾ ਨਹੀਂ ਹੋਇਆ ਸਗੋਂ ਹਾਰਟ ਟਰਬਲ,ਬਲੱਡ ਪ੍ਰੈਸ਼ਰ, ਤੇ ਸਰੀਰਕ ਨਿਘਾਰ ਜੇਹੀਆਂ ਔਕੜਾਂ ਨੇ ਪੂਰਨ ਢਾਹ ਲਾਈ ਹੈ। ਪਰ ਸਤਿਗੁਰੂ ਨੇ ਪਤਾ ਨਹੀਂ ਕਿਹੜਿਆਂ ਗੁਣਾਂ ਕਰਕੇ ਆਪਣਾ ਨਾਂ ਦਿਲੋਂ ਨਹੀਂ ਭੁਲਾਉਣ ਦਿੱਤਾ। ਵੈਸੇ ਕਚਹਿਰੀ ਵਿੱਚ ਆ ਕੇ ਵਿਚਰਨ ਵਾਲੇ ਲੋਕਾਂ ਦੇ ਫ਼ਰੇਬਾਂ,ਮਕਾਰੀਆਂ,ਸਰਾਸਰ ਝੂਠ,ਅਨਰਥ ਵੇਖ ਕੇ ਕ੍ਰੋਧ ਅਤੇ ਪ੍ਰੇਸ਼ਾਨੀ ਵੱਧਦੀ ਜਾ ਰਹੀ ਹੈ। ਆਖ਼ਰੀ ਜੀਵਨ ਵਿੱਚ ਸਮਾਜਿਕ ਅਤੇ ਘਰੋਗੀ ਜਿਮੇਂਵਾਰੀਆਂ-ਪ੍ਰੇਸ਼ਾਨੀਆਂ ਪੈਰੋ-ਪੈਰ ਸਰੀਰ ਨੂੰ ਘੁਣ ਵਾਂਗ ਲਗਾਤਾਰ ਖਾਈ ਜਾ ਰਹੀਆਂ ਹਨ, ਜਿਨ੍ਹਾਂ ਪ੍ਰਤੀ ਮੇਰੀ ਨਫ਼ਰਤ ਭਾਵੇਂ ਵੱਧਦੀ ਜਾ ਰਹੀ ਹੈ ਫਿਰ ਵੀ ਸਮਾਜ ਅਤੇ ਜੀਵਨ ਵਾਸਤੇ ਖਟਾਸ ਵਾਹਿਗੁਰੂ ਨੇ ਨਹੀਂ ਆਉਣ ਦਿੱਤੀ।

ਮੈਂ ਆਪਣੇ ਪਹਿਲੇ ਦੋ ਜੀਵਨਾਂ ਨੂੰ ਸੰਤੁਸ਼ਟਤਾ ਨਾਲ ਜੀਵਿਆ ਮੰਨਦਾ ਹਾਂ। ਭਾਵੇਂ ਕਿ ਉਹ ਮੇਰੇ ਲਈ ਤਪਦੇ ਤੰਦੂਰ ਵਾਂਗੂੰ ਸਨ। ਮੈਨੂੰ ਉਕਿਤ ਦੱਸੇ ਅਨੁਸਾਰ ਇਸ ਸਮਾਜ,ਲੋਕ ਪਸਾਰਾ ਅਤੇ ਧਾਰਮਿਕ ਬਦਇਖ਼ਲਾਕੀ ਤੋਂ ਏਨੀਂ ਘਿਰਣਾ ਨਹੀਂ ਹੁੰਦੀ ਜਿੰਨੀਂ ਮੁਕਾਬਲਤਨ ਆ ਚੁੱਕੀ ਹੈ। ਮੈਂ ਸਮਝਦਾ ਹਾਂ ਕਿ ਨਾ ਸਮਾਜ, ਨਾ ਸਰਕਾਰ ਅਤੇ ਨਾ ਹੀ ਸਿੱਖਿਆ ਪ੍ਰਨਾਲੀ ਸਮੇਤ ਰਾਜਨੀਤਿਕ ਪਿੜ ਜਿਆਦਾ ਕਸੂਰਵਾਰ ਜਾਪਦੇ ਹਨ। ਕਿਉਂਕਿ ਮੇਰੀ ਸਮਝ ਅਨੁਸਾਰ ਤਿੰਨੇਂ 'ਸੱਸੇ' (ਪੰਜਾਬੀ ਦੀ ਪੈਂਤੀ ਅੱਖਰੀ ਵਾਲਾ'ਸ')ਸਮਾਜ,ਸਿੱਖਿਆ ਅਤੇ ਸਰਕਾਰ ਹਰ ਵੇਲੇ (ਹਰ ਦਿਨ,ਹਰ ਘੜੀ ਅਤੇ ਹਰ ਪਲ) ਇੱਕ ਦੂਜੇ ਤੇ ਤਕੜਾ ਪ੍ਰਭਾਵ ਪਾ ਕੇ "ਇੱਕੋ-ਜਿੱਕੇ" ਕਰੀ ਆਉਂਦੇ ਹਨ। ਜੇਕਰ ਸਰਕਾਰ ਨਹੀਂ ਚੰਗੀ ਤਾਂ ਉਸੇ ਡਿਗਰੀ ਨਾਲ ਸਿੱਖਿਆ ਅਤੇ ਸਮਾਜ ਵੀ ਨਿਘਾਰ ਵੱਲ ਵੱਧਦੇ ਜਾ ਰਿਹੇ ਹਨ। ਇਸ ਲਈ ਮੇਰੀ ਸੋਚ ਹੈ ਕਿ ਡੈਮੋਕ੍ਰੈਟਿਕ ਪ੍ਰਬੰਧ ਵਿੱਚ ਕਦੇ ਵੀ ਕੁਝ ਚੰਗਾ ਨਹੀਂ ਹੋ ਸਕਦਾ।ਰੱਬ ਅੱਗੇ ਅਰਦਾਸ ਕਰੋ ਕਿ ਇਸ ਨਿਘਾਰ ਦੀ ਸਥਿਤੀ ਹੋਰ ਵੱਧਣੋ ਰੁਕੀ ਰਵ੍ਹੇ। ਅਦਾਲਤਾਂ-ਕਚਹਿਰੀਆਂ ਵਿੱਚ ਝੂਠ,ਉਪੱਦਰ,ਮਕਾਰੀਆਂ-ਬਦਕਾਰੀਆਂ ਦੇ ਮੁਕਾਬਲੇ ਬਹੁਤ ਕੁਝ ਹੋਰ ਵੀ ਦੁੱਖਦਾਇਕ ਹਨ। ਇਸੇ ਲਈ ਬਹੁਤ ਖਰਾਬ ਸਥਿੱਤੀ ਵੀ ਮੈਨੂੰ ਕਚਹਿਰੀ ਦਾ ਜੀਵਨ ਤਿਆਗਣ ਲਈ ਮਜਬੂਰ ਨਹੀਂ ਕਰ ਰਹੀ।
**ਸੁਆਲ:-** ਵਕੀਲ ਸਾਹਿਬ, ਲੋਕਾਂ ਦੀ ਆਮ ਰਾਏ ਹੈ ਕਿ ਵਕੀਲ ਇਸੇ ਹੀ ਆਸ਼ੇ ਨਾਲ ਜੀਊਂਦੇ ਹਨ ਕਿ **"ਲਾਗੀਆਂ ਨੇ ਤਾਂ ਲਾਗ ਲੈਣਾ ਹੈ ਭਾਵੇਂ ਜਾਂਦੀ ਹੀ ਰੰਡੀ ਹੋ ਜਾਵੇ।"** ਜਦੋਂ ਕੋਈ ਦੁੱਖੀ ਤੁਹਾਡੇ ਕੋਲ ਕੇਸ ਕਰਨ ਲਈ ਆਉਂਦਾ ਹੈ ਤਾਂ ਉਸ ਸਮੇਂ ਤੁਹਾਡੇ ਅੰਦਰਲੇ ਮਨੁੱਖ ਦੀਆਂ ਕੇਹੋ ਜਿਹੀਆਂ ਭਾਵਨਾਵਾਂ ਹੁੰਦੀਆਂ ਹਨ?

**ਜੁਆਬ:–** ਭਾਵੇਂ ਅੱਧ-ਪਚੱਧੇ ਵਕੀਲ ਇਸੇ ਭਾਵਨਾਂ ਨਾਲ ਜੀਉਂਦੇ ਹੋਣਗੇ ਕਿ """ਲਾਗੀਆਂ ਨੇ ਤਾਂ ਲਾਗ ਲੈਣਾ ਹੈ ਭਾਵੇਂ ਜਾਂਦੀ ਹੀ ਰੰਡੀ ਹੋ ਜਾਵੇ" ਪਰ ਇਸ ਦੇ ਮੁਕਾਬਲੇ ਵਿਉਪਾਰੀ,ਸਿਆਸੀ ਘੁਟਾਲੇ,ਤਹਿਸੀਲਾਂ, ਥਾਣਿਆਂ, ਸਰਕਾਰੀ ਕਰਮਚਾਰੀਆਂ ਦੀ ਸੋਚ, ਵਜੀਰਾਂ ਦੀ ਲੁੱਟ-ਖਸੁੱਟ ਅਤੇ ਰਿਸ਼ਵਤਖੋਰੀ ਨਾਲੋਂ ਵਕੀਲਾਂ ਦੀ ਇਹ ਸੋਚ ਜਿਆਦਾ ਖਰ੍ਹਵੀ ਨਹੀਂ ਜਾਪਦੀ। ਕਿਸੇ ਵੀ ਚੀਜ ਦਾ ਬੀਜ ਨਾਸ ਨਹੀਂ ਹੁੰਦਾ। ਕੁਝ ਖੁਦਾ ਦਾ ਡਰ ਰੱਖਣ ਵਾਲੇ ਅਤੇ ਮਨ ਵਿੱਚ ਤਰਸ ਰੱਖਣ ਵਾਲੇ ਵਾਹਿਗੁਰੂ ਦੇ ਪਿਆਰੇ ਵੀ ਜਰੂਰ ਹਨ। ਬੇਸ਼ਕ ਉਹ ਥੋੜ੍ਹੇ ਹੀ ਹੋਣ। ਕਲਾਇੰਟ ਦੇ ਆਉਣ ਤੇ ਮੇਰਾ ਅੰਦਰਲਾ ਮਨੁੱਖ ਅਜੇ ਵੀ ਉਸ ਦੇ ਦੁੱਖ ਤੋਂ ਪ੍ਰਭਾਵਿਤ ਹੁੰਦਾ ਹੈ।

**ਸੁਆਲ:–** ਕੀ ਇਹ ਠੀਕ ਹੈ ਕਿ ਜਿਆਦਾ ਕਰਕੇ ਵਕੀਲ ਦੂਸਰੀ ਪਾਰਟੀ ਕੋਲ ਵਿਕ ਵੀ ਜਾਂਦੇ ਹਨ?

**ਜੁਆਬ:**- ਤੁਹਾਡਾ ਇਹ ਦੂਸ਼ਣ 100% ਠੀਕ ਨਹੀਂ ਹੈ। ਮਹਿੰਗਾਈ,ਥੋੜ੍ਹੀ ਕਮਾਈ ਅਤੇ ਪ੍ਰਚਲਤ ਸਮਾਜਿਕ ਬਦਕਾਰੀਆਂ ਤੋਂ ਪ੍ਰਭਾਵਿਤ ਸਥਿਤੀ ,ਕੁਝ ਥੋੜ੍ਹੇ ਪ੍ਰਤੀਸ਼ਤ ਵਕੀਲਾਂ ਨੂੰ ਮਜਬੂਰ ਭਾਵੇਂ ਕਰ ਦੇਵੇ ਪਰ ਜਿਆਦਾ ਕਰਕੇ ਵਕੀਲਾਂ ਦੇ ਘਰਾਂ ਵਿੱਚ ਪਸਰ ਰਹੇ ਦੁੱਖ-ਕਲੇਸ਼,ਪ੍ਰੇਸ਼ਾਨੀਆਂ ਅਤੇ ਬਿਮਾਰੀਆਂ ਉਹਨਾਂ ਨੂੰ ਨਿਰੰਤਰ ਟੁੰਬਦੀਆਂ ਰਹਿਣ ਕਰਕੇ ਉਕਿਤ ਦੋਸ਼ ਤੋਂ ਮੁਕਤ ਕਰਦੀਆਂ ਹੀ ਰਹਿੰਦੀਆਂ ਹਨ, ਭਾਵੇਂ ਸਾਰੇ ਕਦਾਚਿਤ ਏਦਾਂ ਨਹੀਂ ਕਰਦੇ।

**ਸੁਆਲ:–** ਕਈ ਵੇਰਾਂ ਤੁਹਾਡੇ ਕੋਲ ਅਜਿਹੇ ਕਲਾਇੰਟ ਵੀ ਆ ਜਾਂਦੇ ਹੋਣਗੇ ਜਿਨ੍ਹਾਂ ਬਾਰੇ ਤੁਸੀਂ ਜਾਣਦੇ ਹੁੰਦੇ ਹੋ ਕਿ ਉਹ ਕਸੂਰਵਾਰ ਹਨ ਫਿਰ ਵੀ ਉਸ ਨੂੰ ਬੇਕਸੂਰ ਸਾਬਿਤ ਕਰਨ ਲਈ ਤੁਸੀਂ ਉਸ ਦਾ ਕੇਸ ਲੜਦੇ ਹੋ। ਕੀ ਉਸ ਸਮੇਂ ਤੁਹਾਡੀ ਜ਼ਮੀਰ ਤੁਹਾਨੂੰ ਅਜਿਹਾ ਕਰਨ ਤੋਂ ਨਹੀਂ ਵਰਜਦੀ?

**ਜੁਆਬ:**- ਕਸੂਰਵਾਰ ਕਲਾਇੰਟ ਨੂੰ ਜਾਣਦਿਆਂ ਹੋਇਆਂ ਬੇਕਸੂਰ ਸਿੱਧ ਕਰਦੇ ਸਮੇਂ ਜ਼ਮੀਰ ਕਿਉਂ ਨਹੀਂ ਵਰਜਦੀ? ਮੇਰੇ ਪਿਆਰੇ,ਸੂਝਵਾਨ ਅਤੇ ਉੱਤਮ ਪ੍ਰਕਾਰ ਦੇ ਸਾਹਿਤਕਾਰ ਸ: ਰਘਬੀਰ ਸਿੰਘ 'ਤੀਰ' ਜੀ,ਜਾਣਦੇ ਬੁੱਝਦੇ ਹੋਏ ਕਸੂਰਵਾਰ ਕਲਾਇੰਟ ਨੂੰ ਵੀ ਤਾਂ ਉਸੇ ਪ੍ਰਮਾਤਮਾ ਨੇ ਪੈਦਾ ਕੀਤਾ ਹੈ। ਉਹ (ਪ੍ਰਭੂ) ਹਜ਼ਾਰਾਂ ਕਾਤਲਾਂ, ਬਲਾਤਕਾਰਾਂ,ਘੁਟਾਲੇਬਾਜਾਂ,ਚੋਰਾਂ ਅਤੇ ਠੱਗਾਂ ਨੂੰ ਜਿਸ ਪ੍ਰਕਾਰ ਬਰਾਬਰ ਦਾ ਭੋਜਨ ਅਤੇ ਜੀਵਨ ਬਖ਼ਸ਼ਦਾ ਹੈ, ਉਸ ਦੀ ਰਖ਼ਸ਼ਾ ਹਿਤ ਉਸ ਨੇ ਉਸ ਨੂੰ ਬੇਕਸੂਰ ਸਿੱਧ ਕਰਨ ਵਾਸਤੇ ਅਜਿਹੇ ਵਕੀਲ ਵੀ ਪੈਦਾ ਕਰ ਰੱਖੇ ਹਨ ਜਿਨ੍ਹਾਂ ਨੂੰ ਮਹਿੰਗਾਈ ਵਿੱਚ ਟੱਬਰ ਪਾਲਣਾ ਅਤੇ ਸਟੈਂਡਰ ਦਾ ਜੀਵਨ ਬਤੀਤ ਕਰਨ ਲਈ ਅਜਿਹੀ ਕਮਾਈ ਕਰਨ ਲਈ ਮਜਬੂਰ ਕੀਤਾ ਹੋਇਆ ਹੈ। ਵਕੀਲ ਵੀ ਸਮਾਜ ਵਿੱਚਲੀਆਂ ਪ੍ਰਚਲਤ ਬਦਕਾਰੀਆਂ ਨੂੰ ਵੇਖਦਿਆਂ ਸੋਚਦਾ ਹੈ "ਜੇਕਰ ਮੈਂ ਲੋਕਾਂ ਨਾਲੋਂ ਵੱਧ ਕਰਾਂਗਾ ਤਾਂ ਹੀ ਕਸੂਰਵਾਰ ਹੋਵਾਂਗਾ। ਏਨਾਂ ਕੁ ਤਾਂ ਕਰ ਲੈਣਾ ਜਾਇਜ਼ ਹੀ ਹੈ।" ਹਜ਼ਾਰਾਂ 'ਚੋਂ ਭਾਵੇਂ 15/20 ਹੀ ਅਜਿਹੇ ਵੀ ਜਰੂਰ ਹਨ ਜੋ ਕਸੂਰਵਾਰ ਦਾ ਕੇਸ ਨਹੀਂ ਲੈਂਦੇ।

**ਸੁਆਲ:**- ਅਦਾਲਤਾਂ ਵਿੱਚ ਲੋਕੀਂ ਨਾ ਰੁਲਣ, ਇਸ ਬਾਰੇ ਤੁਹਾਡੇ ਕੀ ਸੁਝਾਓ ਹਨ? ਕੀ ਕਾਰਨ ਹੈ ਲੋਕੀਂ ਇਸ ਦਲਦਲ ਵਿੱਚ ਧੱਸਦੇ ਹੀ ਜਾ ਰਹੇ ਹਨ? ਤੁਹਾਡੀ ਸੋਚ ਅਨੁਸਾਰ ਕੀ ਕਤਲ ਹੋਣੋਂ ਰੁਕ ਨਹੀਂ ਸਕਦੇ?

**ਜੁਆਬ:**-ਕਨੂੰਨੀ ਥਿਊਰੀ ਕਹਿੰਦੀ ਹੈ, "ਜੇਕਰ ਤੁਸੀਂ ਇਨਸਾਫ ਚਾਹੁੰਦੇ ਹੋ ਤਾਂ ਤਨ ਮਨ ਸੁੱਥਰਾ ਲੈ ਕੇ ਆਓ" ਜੋ ਕਿ ਅੱਜ ਦੀ ਅਪਰਾਧਿਕ ਦੁਨੀਆਂ ਵਿੱਚ ਔਖਾ ਹੈ। 70% ਲੋਕ ਅੰਦਰੋਂ ਜਾਣਦੇ ਹਨ ਕਿ ਮੈਂ ਸੁੱਥਰਾ ਨਹੀਂ। ਮੈਨੂੰ ਕੋਈ ਹੱਕ ਨਹੀਂ ਪਹੁੰਚਦਾ ਕਿ ਮੈਂ ਕੇਸ ਪਾਵਾਂ ਪਰ ਪੁਰਾਣੀਆਂ ਖੌਰ੍ਹਾਂ ਕੱਢਣ ਕਰਕੇ, ਦੁਸ਼ਮਣ ਦੇ ਘਰ ਵਿੱਚ ਸ਼ਾਂਤੀ ਨਾ ਵੱਸਣ ਦੇਣ ਲਈ ਅਤੇ ਸ਼ਾਇਦ ਅਦਾਲਤਾਂ ਟਪਲਾ ਖਾ ਜਾਣ ਤੇ ਮੈਨੂੰ ਨਜਾਇਜ ਫਾਇਦਾ ਮਿਲ ਜਾਵੇ, ਵਿਹਲੜ ਆਪਣੇ **'ਹਲਵੇ ਮੰਡੇ'** ਲਈ ਵਕੀਲਾਂ ਪਾਸੋਂ ਦਲਾਲੀ ਖਾਣ ਹਿੱਤ ਅਜਿਹੇ ਕੇਸ ਪਾ ਜਾਂ ਪੁਵਾ ਦਿੰਦੇ ਹਨ। ਮੇਰੀ ਸਮਝ ਅਨੁਸਾਰ ਜਿੰਨਾਂ ਚਿਰ ਪਹਿਲਾਂ ਦੱਸੇ ਤਿੰਨ ਸੱਸੇ ਸਾਫ ਨਹੀਂ ਹੁੰਦੇ ਮੇਰਾ ਕੋਈ ਸੁਝਾਓ ਸਫਲ ਨਹੀਂ ਹੋਵੇਗਾ। ਜਦ ਸਮਾਜ ਵਿੱਚ ਕੋਈ ਨੁਕਸ ਪੈਦਾ ਹੋ ਗਿਆ ਤਾਂ ਉਹ ਸਰਕਾਰ ਅਤੇ ਸਿੱਖਿਆ ਨੂੰ ਪ੍ਰਦੂਸ਼ਤ ਕਰੇਗਾ। ਇਵੇਂ ਹੀ ਸਰਕਾਰ ਅਤੇ ਸਮਾਜ ਨੂੰ ਪ੍ਰਦੂਸ਼ਤ ਵਿੱਦਿਆ ਨੁਕਸਾਨ ਪਹੁੰਚਾਵੇਗੀ। ਗੱਲ ਕੀ ਇਹ ਤਿੰਨੇ ਹੀ ਇੱਕ ਦੂਸਰੇ ਤੇ ਆਪਣਾ ਪ੍ਰਭਾਵ ਪਾਉਂਦੇ ਹਨ। ਇਸ ਅਪਰਾਧਾਂ ਭਰੀ ਦੁਨੀਆਂ ਵਿੱਚ ਗੁਨਾਹਾਂ ਦੀ ਸਜ਼ਾ ਭੁਗਤਣ ਹਿੱਤ ਲੋਕ ਇਸ ਦਲਦਲ ਵਿੱਚ ਹੋਰ ਧੱਸਦੇ ਹੀ ਜਾਣਗੇ। ਇਨ੍ਹਾਂ ਤਿੰਨ੍ਹਾਂ ਸੱਸਿਆਂ ਦੀ ਹੋਰ ਵੱਧਦੀ ਹੋਈ ਗੰਦਗੀ ਕਾਰਨ 'ਜ਼ਰ,ਜ਼ੋਰੂ ਅਤੇ ਜ਼ਮੀਨ(ਜ਼ਾਇਦਾਦ) ਦੀ ਅਣਚਾਹੀ ਭੁੱਖ ਨੂੰ ਮਿਟਾਉਣ ਲਈ ਕਤਲ ਹੋਰ ਵੱਧਦੇ ਜਾਣਗੇ,ਘੱਟਣਗੇ ਨਹੀਂ। ਕਿਉਂਕਿ ਲੋਕ ਗੁਰਬਾਣੀ ਤੋਂ ਦੂਰ ਭੱਜੀ ਜਾਣ ਕਰਕੇ ਹੰਕਾਰ,ਝੂਠੀ ਉਸਤਤ ਅਤੇ ਮਾਇਆ ਲਈ ਵੱਧਦੀ ਭੁੱਖ ਦੀ ਲਪੇਟ ਵਿੱਚ ਵਲੀਦੇ ਜਾ ਰਹੇ ਹਨ। ਜਿੰਨਾਂ ਚਿਰ ਇਸ ਨੂੰ ਠੱਲ੍ਹ ਨਹੀਂ ਪੈਂਦੀ ਸੁਧਾਰ ਮੁਸ਼ਕਲ ਹੀ ਜਾਪਦਾ ਹੈ।

**ਸੁਆਲ:–** ਤੁਸੀਂ ਆਪਣੇ ਵਕੀਲ ਭਰਾਵਾਂ ਨੂੰ ਕੋਈ ਸੁਨੇਹਾ ਦੇਣਾ ਚਾਹਵੋਗੇ?

**ਜੁਆਬ:**- ਮੈਂ ਆਪਣੇ ਵਕੀਲ ਭਰਾਵਾਂ ਨੂੰ ਏਦਾਂ ਸੁਝਾਅ ਦੇਣਾ ਪਸੰਦ ਕਰਾਂਗਾ ਕਿ ਉਹ ਜੀਵਨ ਦਾਤਾ ਪ੍ਰਮਾਤਮਾ ਦੇ ਹੁਕਮ ਨੂੰ ਪਛਾਨਣ। ਜਿੰਨਾਂ ਉਹ ਗੁਰਬਾਣੀ ਅਤੇ ਦੂਸਰੇ ਧਾਰਮਿਕ ਗ੍ਰੰਥਾਂ ਨੂੰ ਪੜ੍ਹਨਗੇ ਉਨਾਂ ਹੀ ਉਨ੍ਹਾਂ ਦੇ ਅੰਦਰ ਸੋਝੀ ਆਵੇਗੀ। ਉਹ ਇਸ ਗੱਲ ਦੇ ਧਾਰਨੀ ਬਣਨ ਦੀ ਕੋਸ਼ਿਸ਼ ਕਰਨ ਕਿ:-

1. ਮੈਂ ਝੂਠਾ ਕੇਸ ਨਹੀਂ ਲੈਣਾ। 2. ਮੈਂ ਕੇਸ ਨੂੰ ਨਜਾਇਜ ਨਹੀਂ ਲਮਕਾਉਣਾ। 3. ਮੈਂ ਗੁਨਾਹਗਾਰ ਨੂੰ ਮਿਲਣ ਵਾਲੀ ਸਜ਼ਾ ਦੇ ਰਸਤੇ ਵਿੱਚ ਰੋੜਾ ਨਹੀਂ ਬਣਨਾ। 4. ਮੈਂ ਵਿਰੋਧੀ ਵਕੀਲ ਨਾਲ ਨਹੀਂ ਰਲਣਾ। 5. ਮੈਂ ਇੱਕ ਕੇਸ ਵਿੱਚੋਂ ਕਈ ਕੇਸ (ਆਪਣੀ ਆਮਦਨੀ ਲਈ) ਨਹੀਂ ਬਣਾਵਾਂਗਾ। 6. ਮੈਂ ਵਹਿਗੁਰੂ ਵੱਲੋਂ ਬਖਸ਼ੀ ਗਈ ਮਾਇਆ ਨਾਲ ਹੀ ਸਾਦਾ ਜੀਵਨ ਗੁਜਾਰਾਂਗਾ। 7. ਜੇ ਕਲਾਇੰਟ ਨੇ ਮੈਨੂੰ ਇਨਸਾਫ ਦਾ ਖ਼ੁਦਾ ਮੰਨ ਹੀ ਲਿਆ ਹੈ ਤਾਂ ਉਸ ਲਈ ਸਖਤ ਤੇ ਜਾਇਜ਼ ਘੋਲ ਕਰਾਂਗਾ। 8. ਮੈਂ ਕਿਸੇ ਕਲਾਇੰਟ ਨੂੰ ਜਾਣਦਿਆਂ ਹੋਇਆਂ ਵੀ ਕੁਰਾਹੇ ਨਹੀਂ ਪਾਵਾਂਗਾ। 9. ਕੇਸ ਦੀ ਨੁਹਾਰ ਅਨੁਸਾਰ ਬਣਦੇ ਜਾਇਜ਼ ਪੈਸੇ ਹੀ ਲਵਾਂਗਾ।
'ਤੀਰ' ਸਾਹਿਬ, ਤੁਸੀਂ ਬਹੁਤ ਚਲਾਕ ਨਿਕਲੇ! ਤੁਸੀਂ ਆਪਣੇ ਜੀਵਨ ਦੇ ਤਜ਼ਰਬੇ ਭਰੀ ਸਿਆਣਪ ਅਤੇ ਚੁਸਤ ਦਿਮਾਗੀ ਨਾਲ ਮੇਰੇ ਕੋਲੋਂ ਉਹ ਕੁਝ ਉਗਲਵਾ ਲਿਆ ਹੈ ਜਿਸ ਨੂੰ ਮੈਂ ਵਕੀਲਾਂ ਵਾਲੀ ਚੁਸਤੀ ਵਰਤ ਕੇ ਲੁਕਾਉਣਾ ਚਾਹੁੰਦਾ ਸੀ। ਮੈਂ ਤੁਹਾਡੇ ਵੱਲੋਂ ਪੁੱਛੇ ਗਏ ਸੁਆਲਾਂ ਦੇ ਆਪਣੇ ਉੱਤਰਾਂ ਵਿੱਚ ਛੋਟਾ-ਮੋਟਾ ਪਰਦਾ ਪਾਉਣਾ ਚਾਹਿਆ ਸੀ ਪਰ ਤੁਸੀਂ ਮੇਰੇ ਕੋਲੋਂ ਉਹ ਪਰਦਾ ਵੀ ਚੁੱਕਵਾ ਲਿਆ ਹੈ।

ਇੱਕ ਲੰਮੀ ਪਰ ਅਰਥ ਭਰਪੂਰ ਸੁਆਲਾਂ ਜੁਆਬਾਂ ਦੀ ਕੜੀ ਨੂੰ ਬੰਦ ਕਰਕੇ ਮੈਂ ਪਾਠਕਾਂ ਵਾਸਤੇ ਇੱਕ ਵਕੀਲ ਦੀਆਂ ਅੰਤਰੀਵ ਭਾਵਨਾਵਾਂ ਨੂੰ ਉਨ੍ਹਾਂ ਸਾਹਮਣੇ ਉਜਾਗਰ ਕਰਨ ਦਾ ਉਪਰਾਲਾ ਕੀਤਾ ਹੈ ਕਿ ਬਾਹਰੀ ਸਥੂਲ ਸਰੀਰ ਵਿੱਚ ਕਾਰਜਸ਼ੀਲ ਇਨਸਾਨ ਅਤੇ ਉਸ ਅੰਦਰਲੇ ਸੂਖ਼ਸ਼ਮ ਸਰੀਰ ਵਾਲੇ ਇਨਸਾਨ (ਅੰਦਰਲਾ ਮਨੁੱਖ) ਵਿੱਚ ਕੀ ਅੰਤਰ ਹੈ। ਵਕੀਲ ਆਖ਼ਿਰ ਵਕੀਲ ਹੀ ਹੁੰਦਾ ਹੈ। ਉਹ ਆਪਣੇ ਦਾਅਵਾਂ-ਪੇਚਾਂ ਦੀ ਵਰਤੋਂ ਕਰਨੋਂ ਕਦੋਂ ਟਲਦਾ ਹੈ। ਮੈਂ ਬੇਸ਼ਕ ਵਕੀਲ ਸਾਹਿਬ ਨੂੰ ਆਪਣੇ ਵਲੇਵੇਂ ਵਿੱਚ ਲਿਆ ਕੇ ਸੱਚ ਬਾਹਰ ਕੱਢਣ ਦਾ ਪੂਰਨ ਯਤਨ ਕੀਤਾ ਹੈ ਫਿਰ ਵੀ ਉਹ ਆਪਣੇ ਭੇਦ ਲੁਕਾਉਣ ਵਿੱਚ ਕਾਮਯਾਬ ਹੋਇਆ ਜਾਪਦਾ ਹੈ।

***

ਇੱਕ ਸਿਆਸਤਦਾਨ :

## ਸਿਆਸਤ ਦੀ ਕਾਲਖ਼ ਤੋਂ ਅਲੇਪ ਮਨੁੱਖ



**ਸ੍ਰ. ਗੁਰਮਿੰਦਰ ਸਿੰਘ ਜੀ 'ਰਟੌਲ'**

ਸਿਆਸਤ ਦੀ ਖੇਡ ਵੀ ਸ਼ਤਰੰਜ਼ ਦੀ ਖੇਡ ਵਰਗੀ ਖੇਡ ਹੈ ਜਿਸ ਵਿੱਚ ਇੱਕ ਧਿਰ ਦੂਸਰੀ ਵਿਰੋਧੀ ਧਿਰ 'ਤੇ ਹਾਵੀ ਹੋਣ ਲਈ ਸਾਰੇ ਦਾਅ ਪੇਚਾਂ ਨਾਲ ਲੈਸ ਹੋ ਕੇ ਮੈਦਾਨ ਵਿੱਚ ਉੱਤਰਦੀ ਹੈ। ਰਾਜਨੀਤੀ ਦਾ ਗੁਰੂ ਚਾਣਕੀਆ ਨੂੰ ਮੰਨਿਆ ਜਾਂਦਾ ਹੈ ਜਿਸ ਨੇ ਰਾਜਨੀਤੀ ਦੇ ਸਿਧਾਤਾਂ ਦਾ ਵਰਨਣ ਆਪਣੀ ਪੁਸਤਕ ਚਾਨਕੀਆ ਨੀਤੀ ਵਿੱਚ ਕੀਤਾ ਹੈ। ਇਸ ਖੇਡ ਵਿੱਚ ਕਿਸੇ ਤੇ ਵੀ ਇਤਬਾਰ ਨਹੀਂ ਕੀਤਾ ਜਾਂਦਾ ਅਤੇ ਤੁਸੀਂ ਜਿਸ ਉੱਤੇ ਇਤਬਾਰ ਕਰ ਰਹੇ ਹੁੰਦੇ ਹੋ ਕਈ ਵੇਰਾਂ ਉਹੀ ਤੁਹਾਡੇ ਭਰੋਸੇ ਦਾ ਆਦਮੀ,ਪਤਾ ਹੀ ਨਹੀਂ ਚੱਲਦਾ ਕਦੋਂ ਤੁਹਾਨੂੰ ਠਿੱਬੀ ਲਾ ਕੇ ਤੁਹਾਡਾ ਪਾਸਾ ਹੀ ਪਲਟ ਦਿੰਦਾ ਹੈ। ਸ਼ਾਇਦ ਇਸੇ ਕਰਕੇ ਹੀ ਸਿਆਸਤ ਨੂੰ ਗੰਦੀ ਖੇਡ (Politics is a dirty game) ਦਾ ਨਾਮ ਦਿੱਤਾ ਗਿਆ ਹੈ।

ਜੇਕਰ ਇਹ ਸੱਚ ਹੈ ਕਿ ਰਾਜਨੀਤੀ ਖ਼ੇਤਰ ਤਿਲਕਣਬਾਜ਼ੀ ਅਤੇ ਬੇਭਰੋਸਗੀ ਦਾ ਖ਼ੇਤਰ ਹੈ ਤਾਂ ਇਹ ਵੀ ਸੱਚ ਹੈ ਕਿ ਸੱਚ ਅਤੇ ਚੰਗਿਆਈ ਦਾ ਕਦੇ ਵੀ ਬੀਜ਼ ਨਾਸ ਨਹੀਂ ਹੁੰਦਾ। ਕੰਵਲ ਦਾ ਫੁੱਲ ਚਿੱਕੜ ਵਿੱਚੋਂ ਹੀ ਤਾਂ ਪੈਦਾ ਹੁੰਦਾ ਹੈ ਪਰ ਉਹ ਚਿੱਕੜ ਤੋਂ ਸਦਾ ਅਲੇਪ ਰਹਿੰਦਾ ਹੈ। ਰਾਜਨੀਤੀ ਦੇ ਖ਼ੇਤਰ ਵਿੱਚ ਅੱਜ ਵੀ ਕੁਝ ਅਜਿਹੇ ਇਨਸਾਨ ਮਿਲਦੇ ਹਨ ਜਿਹੜੇ ਸਿਆਸਤ ਦੀ ਸੌੜੀ ਸੋਚ ਤੋਂ ਉੱਪਰ ਉੱਠ ਕੇ ਅਤੇ ਇਸ ਦੀ ਕਾਲਖ਼ ਤੋਂ ਅਲੇਪ ਰਹਿ ਕੇ ਸੱਚੀ ਸੁੱਚੀ ਸੋਚ ਦਾ ਪੱਲਾ ਫੜ੍ਹੀ ਇਸ ਖ਼ੇਤਰ ਵਿੱਚ ਵਿਚਰ ਰਹੇ ਹਨ। ਅਜਿਹੇ ਹੀ ਇੱਕ ਇਨਸਾਨ ਨਾਲ ਅਜੋਕੀ ਰਾਜਨੀਤੀ ਬਾਰੇ ਕੀਤੀ ਚਰਚਾ ਦਾ ਸਾਰਅੰਸ਼ ਇੰਟਰਵਿਊ ਰੂਪ ਵਿੱਚ ਦਰਸ਼ਕਾਂ ਦੀ ਨਜ਼ਰ ਹੈ:-

**ਸੁਆਲ:** ਸ. ਗੁਰਮਿੰਦਰ ਸਿੰਘ ਜੀ ਅੱਜ ਮੈਂ ਤੁਹਾਡੇ ਨਾਲ ਤੁਹਾਡੇ ਹੀ ਜੀਵਨ ਦੀਆਂ ਕੁਝ ਗੱਲਾਂ ਕਰ ਕੇ ਤੁਹਾਡੇ ਬਚਪਨ ਦੀਆਂ ਯਾਦਾਂ ਵਿੱਚੋਂ ਤੁਹਾਨੂੰ ਕੁਝ ਪੁੱਛਣਾ ਚਾਹੁੰਦਾ ਹਾਂ। ਕੀ ਤੁਸੀਂ ਆਪਣੇ ਜੀਵਨ ਬਾਰੇ ਕੁਝ ਦੱਸੋਗੇ?

**ਜੁਆਬ:** ਮੇਰਾ ਜਨਮ 17 ਅਕਤੂਬਰ,1958 ਨੂੰ ਸ. ਗੁਰਦੀਪ ਸਿੰਘ ਜੀ ਰਟੌਲ ਦੇ ਗ੍ਰਹਿ ਵਿਖੇ ਮਾਤਾ ਚਰਨਜੀਤ ਕੌਰ ਜੀ ਦੀ ਕੁੱਖੋਂ ਪਿੰਡ ਰਟੌਲ ਜ਼ਿਲ੍ਹਾ ਤਰਨ ਤਾਰਨ ਵਿੱਚ ਹੋਇਆ। ਅਸੀਂ ਤਿੰਨ ਭਰਾ ਹਾਂ ਅਤੇ ਸਾਡੀ ਇੱਕੋ ਇੱਕ ਭੈਣ ਹੈ। ਮੇਰੇ ਦੋ ਭਰਾ ਇਸ ਸਮੇਂ ਦੇਸ਼ ਤੋਂ ਬਾਹਰ ਬਰੈਪਟਨ,ਟਰਾਂਟੋ (ਕਨੇਡਾ) ਵਿੱਚ ਵੱਸਦੇ ਹਨ ਅਤੇ ਕਰਮਵਾਰ "ਭਾਰਤੀ ਓਵਰਸੀਜ਼ ਕਾਂਗਰਸ"(Indian Overseas Congress) ਦੇ ਪ੍ਰਧਾਨ ਅਤੇ ਮੀਤ ਪ੍ਰਧਾਨ ਵਜੋਂ ਸੇਵਾ ਨਿਭਾ ਰਹੇ ਹਨ।

**ਸੁਆਲ:** ਤੁਸੀਂ ਆਪਣੀ ਵਿੱਦਿਆ ਪ੍ਰਾਪਤੀ ਬਾਰੇ ਵੀ ਕੁਝ ਚਾਨਣਾ ਪਾਓ ਕਿ ਕਿੱਥੋਂ ਕਿਥੋਂ ਵਿੱਦਿਆ ਪ੍ਰਾਪਤ ਕੀਤੀ ਹੈ?

**ਜੁਆਬ:** ਮੈਂ ਆਪਣੀ ਮੁੱਢਲੀ ਪ੍ਰਾਇਮਰੀ ਦੀ ਵਿੱਦਿਆ ਆਪਣੇ ਪਿੰਡ ਰਟੌਲ ਦੇ ਸਕੂਲ ਤੋਂ ਹੀ ਪ੍ਰਾਪਤ ਕੀਤੀ ਹੈ। ਅਠਵੀਂ ਜਮਾਤ ਮੈਂ ਸ੍ਰੀ ਗੁਰੂ ਅਰਜਨ ਦੇਵ ਖਾਲਸਾ ਸਕੂਲ ਤਰਨ ਤਾਰਨ ਤੋਂ ਅਤੇ ਦਸਵੀਂ ਜਮਾਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਰਨ ਤਾਰਨ ਤੋਂ ਕਰਨ ਉਪਰੰਤ ਉਚੇਰੀ ਵਿੱਦਿਆ ਪ੍ਰਾਪਤੀ ਲਈ ਸਪੋਰਟਸ ਕਾਲਜ ਜਲੰਧਰ ਵਿੱਚ ਦਾਖਲਾ ਲੈ ਲਿਆ ਸੀ ਜਿੱਥੋਂ ਮੈਂ ਪ੍ਰੈਪ ਪਾਸ ਕੀਤੀ। ਬੀ.ਏ. ਦਾ ਪਹਿਲਾ ਸਾਲ ਡੀ.ਏ.ਵੀ ਕਾਲਜ ਅੰਮ੍ਰਿਤਸਰ ਤੋਂ ਕਰ ਕੇ ਬੀ.ਏ ਫਾਇਨਲ ਦੀ ਡਿਗਰੀ ਸ੍ਰੀ ਗੁਰੂ ਅਰਜਨ ਦੇਵ ਗੌਰਮਿੰਟ ਕਾਲਜ ਤਰਨ ਤਾਰਨ(ਗੁਰੂ ਨਾਨਕ ਦੇਵ ਯੂਨੀਵਰਸਿਟੀ,ਅੰਮ੍ਰਿਤਸਰ) ਤੋਂ ਪ੍ਰਾਪਤ ਕੀਤੀ ਹੈ। ਇਹ ਹੀ ਅਤੇ ਏਨਾਂ ਹੀ ਮੇਰਾ ਵਿੱਦਿਅਕ ਸਫ਼ਰ ਹੈ।

**ਸੁਆਲ:** ਰਟੌਲ ਸਾਹਿਬ, ਕੀ ਤੁਸੀਂ ਆਪਣੇ ਵਿਆਹੁਤਾ ਜੀਵਨ ਬਾਰੇ ਵੀ ਕੁਝ ਦਸੋਗੇ?

**ਜੁਆਬ:** ਮੇਰੀ ਸ਼ਾਦੀ ਸੰਨ 1982 ਵਿੱਚ ਸਰਦਾਰਨੀ ਤੇਜਿੰਦਰ ਕੌਰ ਸਪੁੱਤਰੀ ਸ. ਦਲਬੀਰ ਸਿੰਘ ਜੀ ਵਾਸੀ ਨਾਗੋਕੇ ਜ਼ਿਲ੍ਹਾ ਤਰਨ ਤਾਰਨ,ਜਿਹੜੇ ਕਿ ਖੇਡ ਜਗਤ ਵਿੱਚ ਗੋਲਾ ਸੁੱਟਣ ਵਿੱਚ ਉਲੰਪੀਅਨ ਸਨ ਨਾਲ ਹੋਈ। ਇਹ ਪਰਿਵਾਰ ਜਥੇਦਾਰ ਊਧਮ ਸਿੰਘ ਜੀ ਨਾਗੋਕੇ ਦਾ ਪਰਿਵਾਰ ਹੈ ਜਿਸ ਨੇ ਸਿੱਖ ਜਗਤ ਵਿੱਚ ਗੁਰਦੁਆਰਾ ਸੁਧਾਰ ਲਹਿਰਾਂ ਦੇ ਸੰਘਰਸ਼ ਵਿੱਚ ਵੱਡਾ ਯੋਗਦਾਨ ਪਾਇਆ ਹੈ। ਜਥੇਦਾਰ ਊਧਮ ਸਿੰਘ ਜੀ ਨਾਗੋਕੇ ਕਿਸੇ ਜਾਣ ਪਹਿਚਾਣ ਦੇ ਮੁਥਾਜ਼ ਨਹੀਂ ਹਨ। ਮੇਰੇ ਪਰਿਵਾਰ ਵਿੱਚ ਮੇਰੇ ਦੋ ਬੇਟੇ ਹਨ ਅਤੇ ਇੱਕ ਬੇਟੀ ਹੈ। ਦੋਹਾਂ ਹੀ ਬੇਟਿਆਂ ਨੇ ਇਲੈਕਟਰੀਕਲ ਇੰਜੀਨੀਰਿੰਗ ਕੀਤੀ ਹੋਈ ਹੈ ਅਤੇ ਬੇਟੀ ਨੇ ਬੀ ਐਸ ਸੀ. ਕੰਪਿਊਟਰ ਇੰਜੀਨੀਰਿੰਗ ਕੀਤੀ ਹੋਈ ਹੈ। ਮੇਰੇ ਬੱਚੇ ਇਸ ਵੇਲੇ ਕਨੇਡਾ ਵਿੱਚ ਪੱਕੇ ਤੌਰ ਤੇ ਵੱਸੇ ਹੋਏ ਹਨ ਅਤੇ ਕਨੇਡੀਅਨ ਸਿਟੀਜ਼ਨ ਹਨ। ਪਰਿਵਾਰਕ ਜੀਵਨ ਵਿੱਚ ਮੈਂ ਪੂਰੀ ਤਰ੍ਹਾਂ ਸੰਤੁਸ਼ਟ ਹਾਂ।

**ਸੁਆਲ:** ਰਟੌਲ ਜੀ, ਤੁਸੀਂ ਇਸ ਇਲਾਕੇ ਵਿੱਚ ਸਿਆਸਤ ਖ਼ੇਤਰ ਵਿੱਚ ਇੱਕ ਸੁਲਝੇ ਹੋਏ ਅਤੇ ਸਰਗਰਮ ਸਿਆਸਤਦਾਨ ਵਜੋਂ ਜਾਣੇ ਜਾਂਦੇ ਹੋ ਅਤੇ ਤੁਹਾਡਾ ਸਿਆਸੀ ਜੀਵਨ ਵੀ ਕਾਫੀ ਲੰਮੇਰਾ ਹੈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਸਿਆਸਤ ਵਿੱਚ ਆਉਣਾ ਕੀ ਤੁਹਾਡਾ ਸ਼ੌਂਕ ਸੀ ਜਾਂ ਕਿਸੇ ਸਿਆਸੀ ਵਿਅਕਤੀ ਤੋਂ ਪ੍ਰਭਾਵਿਤ ਹੋ ਕੇ ਤੁਸੀ ਸਿਆਸੀ ਖ਼ੇਤਰ ਵਿੱਚ ਆਏ ਹੋ?

**ਜੁਆਬ:** ਸਾਡੇ ਪਰਿਵਾਰ ਵਿੱਚ ਸਾਡੇ ਬਾਬਾ,ਸ. ਸਰਦਾਰਾ ਸਿੰਘ ਜੀ ਰਟੌਲ ਦਾ ਵਿੱਦਿਅਕ ਖ਼ੇਤਰ ਵਿੱਚ ਬਹੁਤ ਵੱਡਾ ਯੋਗਦਾਨ ਰਿਹਾ ਹੈ। ਉਨ੍ਹਾਂ ਨੇ ਕਾਫੀ ਕਿਤਾਬਾਂ ਵੀ ਲਿਖੀਆਂ ਅਤੇ ਨੈਸ਼ਨਲ ਪੱਧਰ ਦੇ ਅਵਾਰਡ ਵੀ ਪ੍ਰਾਪਤ ਕੀਤੇ। ਮੈਂ ਉਨ੍ਹਾਂ ਦੇ ਹੱਥਾਂ ਵਿੱਚ ਪਲਿਆ ਹਾਂ ਅਤੇ ਉਨ੍ਹਾਂ ਦੇ ਜੀਵਨ ਦਾ ਮੇਰੇ ਤੇ ਬਹੁਤ ਵੱਡਾ ਪ੍ਰਭਾਵ ਰਿਹਾ ਹੈ। ਉਨ੍ਹਾਂ ਕੋਲ ਰਹਿੰਦਿਆਂ ਹੋਇਆਂ ਹੀ ਮੇਰੇ ਅੰਦਰ ਲੋਕ ਸੇਵਾ ਦੀ ਭਾਵਨਾ ਪ੍ਰਫੁਲਤ ਹੋਈ ਹੈ। ਉਨ੍ਹਾਂ ਦੀ ਸਰਪਰਸਤੀ ਅਤੇ ਦਿਸ਼ਾ ਨਿਰਦੇਸ਼ਾਂ ਦਾ ਸਦਕਾ ਹੀ ਮੇਰੇ ਅੰਦਰ ਕੁਝ ਕਰਨ ਦੀ ਭਾਵਨਾ ਨੇ ਜਨਮ ਲਿਆ। ਮੈਂ ਬਚਪਨ ਤੋਂ ਹੀ ਚਾਹੁੰਦਾ ਸਾਂ ਕਿ ਕੁਝ ਅਜਿਹਾ ਕਰਾਂ ਜਿਸ ਨਾਲ ਸਮਾਜ ਸੇਵਾ ਵੀ ਹੋ ਸਕੇ,ਲੋਕਾਂ ਨਾਲ ਮੇਰੇ ਚੰਗੇ ਸਬੰਧ ਵੀ ਬਣਨ ਅਤੇ ਆਪਣੇ ਪਰਿਵਾਰ ਦਾ ਨਾਂ ਵੀ ਉੱਚਾ ਹੋਵੇ। ਇਸ ਤਰ੍ਹਾਂ ਕਹਿ ਲਵੋ ਕਿ ਸਿਆਸਤ ਦੀ ਰੀਝ ਮੈਨੂੰ ਵਿਰਸੇ ਵਿੱਚ ਹੀ ਮਿਲੀ ਹੈ ਅਤੇ ਇਹ ਮੇਰੇ ਖ਼ੂਨ ਵਿੱਚ ਹੀ ਹੈ।

**ਸੁਆਲ:** ਪਹਿਲਵਾਨੀ ਜਗਤ ਵਿੱਚ ਪਹਿਲਵਾਨੀ ਦੇ ਗੁਰ ਸਿੱਖਣ ਵਾਸਤੇ ਕੋਈ ਨਾ ਕੋਈ ਗੁਰੂ ਧਾਰਨਾ ਪੈਂਦਾ ਹੈ। ਇਸੇ ਤਰ੍ਹਾਂ ਹੀ ਸਿਆਸੀ ਅਖਾੜੇ ਲਈ ਵੀ ਕੋਈ ਗੁਰੂ ਧਾਰਨਾ ਪੈਂਦਾ ਹੋਵੇਗਾ। ਮੈਂ ਜਾਣਨਾ ਚਾਹੁੰਦਾ ਹਾਂ ਕਿ ਤੁਹਾਡਾ ਸਿਆਸੀ ਗੁਰੂ ਕੌਣ ਹੈ?

**ਜੁਆਬ:** ਆਪਣਾ ਸਿਆਸੀ ਗੁਰੂ ਮੈਂ ਸ. ਦਿਲਬਾਗ ਸਿੰਘ ਜੀ ਡਾਲੇਕੇ ਨੂੰ ਮੰਨਦਾ ਹਾਂ। ਸੰਨ 1992 ਵਿੱਚ ਜਦੋਂ ਉਹ ਤਰਨ ਤਾਰਨ ਹਲਕੇ ਤੋਂ ਬਿਨਾਂ ਮੁਕਾਬਲਾ ਪੰਜਾਬ ਅਸੈਂਬਲੀ ਲਈ ਜਿੱਤ ਕੇ ਗਏ ਸਨ ਤਾਂ ਮੈਨੂੰ ਉਨ੍ਹਾਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਮੈਂ ਉਨ੍ਹਾਂ ਦੇ ਕੰਮ ਕਰਨ ਦੇ ਤਰੀਕੇ ਨੂੰ ਅਪਣਾਇਆ। ਜਦੋਂ ਅਸੀਂ ਪਿੰਡਾਂ ਵਿੱਚ ਜਾ ਕੇ ਲੋਕਾਂ ਦੀਆਂ ਤਕਲੀਫਾਂ ਸੁਣਦੇ ਸਾਂ ਤਾਂ ਮੇਰੇ ਅੰਦਰ ਸਮਾਜ ਸੇਵਾ ਕਰਨ ਦਾ ਜ਼ਜਬਾ ਹੋਰ ਪੱਕਾ ਹੁੰਦਾ ਜਾਂਦਾ ਸੀ। ਉਨ੍ਹਾਂ ਦੇ ਦਿਸ਼ਾ ਨਿਰਦੇਸ਼ਾਂ ਸਦਕਾ ਹੀ ਮੈਂ ਸਿਆਸੀ ਜੀਵਨ ਵਿੱਚ ਪੈਰ ਪਾਇਆ ਹੈ। ਮੇਰੀ ਲਗਨ,ਇਮਾਨਦਾਰੀ ਅਤੇ ਮਿਹਨਤ ਵੇਖ ਕੇ ਹੀ ਉਨ੍ਹਾਂ ਨੇ ਸੰਨ 1994 ਵਿੱਚ ਮੈਨੂੰ ਜ਼ਿਲ੍ਹਾ ਕਾਂਗਰਸ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਅਤੇ ਫਿਰ ਜਦੋਂ ਸੰਨ 1997 ਵਿੱਚ ਉਹ ਪੰਜਾਬ ਵਿਧਾਨ ਸਭਾ ਦੇ ਸਪੀਕਰ ਬਣੇ ਤਾਂ ਉਨ੍ਹਾਂ ਨੇ ਮੈਨੂੰ ਸਰਕਾਰ ਦੀ ਮਨਜ਼ੂਰੀ ਨਾਲ ਆਪਣਾ ਪੁਲੀਟੀਕਲ ਸੈਕਟਰੀ ਨਿਯੁਕਤ ਕਰ ਲਿਆ ਸੀ। ਇਸ ਤਰ੍ਹਾਂ ਮੈਂ ਆਪਣਾ ਸਿਆਸੀ ਜੀਵਨ ਆਰੰਭਿਆ ਹੈ।

**ਸੁਆਲ:** ਸਿਆਸਤ ਨੂੰ ਗੰਦੀ ਖੇਡ ਕਿਹਾ ਜਾਂਦਾ ਹੈ। ਫਿਰ ਤੁਸੀਂ ਇਸ ਖੇਡ ਨੂੰ ਖੇਡਣਾ ਕਿਉਂ ਪਸੰਦ ਕੀਤਾ ਹੈ? ਮੇਰਾ ਮਤਲਬ ਹੈ ਤੁਸੀਂ ਇਸ ਖ਼ੇਤਰ ਨੂੰ ਕਿਉਂ ਚੁਣਿਆ?

**ਜੁਆਬ:** ਇਹ ਬਿਲਕੁਲ ਹੀ ਸੱਚੀ ਗੱਲ ਹੈ ਕਿ ਸਿਆਸਤ ਇੱਕ ਗੰਦੀ ਖ਼ੇਡ ਹੈ। ਇਹ ਇੱਕ ਦਲਦਲ ਹੈ ਅਤੇ ਜਦੋਂ ਕੋਈ ਬੰਦਾ ਇੱਕ ਵਾਰ ਇਸ ਵਿੱਚ ਵੜ ਜਾਂਦਾ ਹੈ ਤਾਂ ਉਸ ਦਾ ਨਿਕਲਣਾ ਮੁਸ਼ਕਲ ਹੋ ਜਾਂਦਾ ਹੈ। ਉਹ ਦਲਦਲ ਵਿੱਚ ਧੱਸਦਾ ਹੀ ਜਾਂਦਾ ਹੈ। ਸਿਆਸਤ ਵਿੱਚ ਆਉਣ ਦਾ ਮੇਰਾ ਨਜ਼ਰੀਆ ਦੂਸਰੇ ਸਿਆਸਤਦਾਨਾਂ ਨਾਲੋਂ ਕੁਝ ਵੱਖਰਾ ਹੈ। ਮੈਂ ਆਪਣੀ ਸੱਚੀ ਸੁੱਚੀ ਸਿਆਸਤ ਰਾਹੀਂ ਲੋਕਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਿਆਸਤ ਚੰਗੇ ਤਰੀਕੇ ਨਾਲ ਵੀ ਕੀਤੀ ਜਾ ਸਕਦੀ ਹੈ। ਇਮਾਨਦਾਰੀ ਨਾਲ ਲੋਕਾਂ ਦੀ ਸੇਵਾ ਵੀ ਕੀਤੀ ਜਾ ਸਕਦੀ ਹੈ ਅਤੇ ਉਸ ਨਾਲ ਪ੍ਰਸਿੱਧੀ ਵੀ ਮਿਲ ਸਕਦੀ ਹੈ। ਇਹ ਜ਼ਰੂਰੀ ਨਹੀਂ ਕਿ ਸਾਰੇ ਬੰਦੇ ਹੀ ਗੰਦੇ ਹੁੰਦੇ ਹਨ। ਉਨ੍ਹਾਂ ਵਿੱਚ ਸਾਫ਼ ਸੁਥਰੇ ਅਕਸ ਵਾਲੇ ਬੰਦੇ ਵੀ ਹੋ ਸਕਦੇ ਹਨ। ਮੈਂ ਇਸ ਆਸ਼ੇ ਨਾਲ ਸਿਆਸਤ ਵਿੱਚ ਆਇਆ ਹਾਂ ਕਿ ਲੋਕ ਸੇਵਾ ਕਰਨ ਵਾਸਤੇ ਸਾਫ ਸੁੱਥਰੀ ਸਿਆਸਤ ਕਰਾਂ।

**ਸੁਆਲ:** ਸਿਆਸਤ ਵਿੱਚ ਆਮ ਕਰਕੇ ਵੇਖਿਆ ਗਿਆ ਹੈ ਕਿ ਇਸ ਖੇਡ ਵਿੱਚ ਕੋਈ ਵੀ ਕਿਸੇ ਦਾ ਨਹੀਂ ਹੁੰਦਾ। ਪਿਉ ਪੁੱਤਰ ਦੇ ਖ਼ਿਲਾਫ ਚੋਣ ਲੜਦਾ ਵੇਖਿਆ ਗਿਆ ਹੈ। ਪਤਨੀ ਪਤੀ ਦੇ ਮੁਕਾਬਲੇ ਵਿੱਚ ਚੋਣ ਲੜਦੀ ਵੇਖੀ ਗਈ ਹੈ। ਕੀ ਇਸ ਤਰ੍ਹਾਂ ਦੀ ਪ੍ਰਥਾ ਤੁਹਾਡੇ ਖਿਆਲ ਅਨੁਸਾਰ ਕੋਈ ਸੁਚਾਰੂ ਜਾਂ ਚੰਗੀ ਪ੍ਰਥਾ ਹੈ?

**ਜੁਆਬ:** ਇਹ ਬਹੁਤ ਹੀ ਮਾੜੀ ਪ੍ਰਥਾ ਹੈ ਜੀ। ਹਮੇਸ਼ਾ ਹੀ ਸੱਚ ਦਾ ਸਾਥ ਦੇਣਾ ਚਾਹੀਦਾ ਹੈ। ਲੋਕਾਂ ਨੂੰ ਚਾਹੀਦਾ ਹੈ ਕਿ ਉਹ ਚੰਗੇ ਬੰਦਿਆਂ ਦੀ ਚੋਣ ਕਰਨ ਅਤੇ ਜਿਸ ਤਰ੍ਹਾਂ ਦੀ ਉਹ ਡਿਵੈਲਪਮੈਂਟ ਕਰਵਾਉਣੀ ਉਹ ਉਨ੍ਹਾਂ ਕੋਲੋਂ ਲੋਚਦੇ ਹਨ ਉਸ ਦੀ ਪੂਰਤੀ ਲਈ ਉਨ੍ਹਾਂ ਚੰਗਿਆਂ ਬੰਦਿਆ ਦਾ ਸਾਥ ਵੀ ਦੇਣ ਅਤੇ ਉਨ੍ਹਾਂ ਦੇ ਪਾਏ ਹੋਏ ਪਦ-ਪੂਰਨਿਆਂ ਤੇ ਚੱਲਣ।

**ਸੁਆਲ:** ਸਿਆਸੀ ਵਿਰੋਧੀ ਪਾਰਟੀਆਂ ਚੋਣਾਂ ਦੇ ਸਮੇਂ ਇੱਕ ਦੂਸਰੇ 'ਤੇ ਦੂਸ਼ਣਬਾਜ਼ੀ ਦਾ ਚਿੱਕੜ ਕਿਉਂ ਸੁੱਟਦੀਆਂ ਹਨ? ਕੀ ਇਹ ਉਸਾਰੂ ਪੱਖ ਹੈ? ਜਿਨ੍ਹਾਂ ਲੋਕਾਂ ਨੇ ਆਪਣਾ ਵੋਟ ਦੇ ਕੇ ਉਨ੍ਹਾਂ ਨੂੰ ਅੱਗੇ ਲਿਆਉਣਾ ਹੁੰਦਾ ਹੈ ਕੀ ਉਹ ਇਨ੍ਹਾਂ ਤੋਂ ਆਸ ਰੱਖ ਸਕਦੇ ਹਨ ਕਿ ਇਹੋ ਜਿਹੇ ਕਿਰਦਾਰ ਵਾਲੇ ਲੋਕ ਉਨ੍ਹਾਂ ਦਾ ਕੁਝ ਭਲਾ ਕਰ ਸਕਣਗੇ?

**ਜੁਆਬ:** ਸਿਆਸਤ ਵਿੱਚ ਸਾਫ ਸੁੱਥਰੇ ਕਿਰਦਾਰ ਵਾਲਾ ਹੋਣਾ ਸਭ ਤੋਂ ਮੁੱਢਲਾ ਅਤੇ ਜ਼ਰੂਰੀ ਸਿਧਾਂਤ ਹੈ ਪਰ ਦੁੱਖ ਦੀ ਗੱਲ ਹੈ ਕਿ ਪਿਛਲੇ ਕੁਝ ਸਮੇਂ ਤੋਂ ਇਸ ਵਿੱਚ ਬਹੁਤ ਗਿਰਾਵਟ ਆਈ ਹੈ। ਸਿਆਸਤ ਵਿੱਚ ਆਈ ਇਸ ਗਿਰਾਵਟ ਕਰਕੇ ਹੀ ਲੋਕੀਂ ਸਿਆਸਤ ਨੂੰ ਨਫ਼ਰਤ ਕਰਨ ਲੱਗ ਪਏ ਹਨ। ਜਵਾਹਰ ਲਾਲ ਜੀ ਨਹਿਰੂ ਅਤੇ ਮਹਾਤਮਾ ਗਾਂਧੀ ਜੀ ਵਰਗੇ ਸਾਫ਼ ਸੁੱਥਰੇ ਅਕਸ ਵਾਲੇ ਲੀਡਰ ਵੀ ਹੋਏ ਹਨ ਅਤੇ ਉਨ੍ਹਾ ਨੇ ਚੰਗੇ ਕਿਰਦਾਰ ਦਾ ਪ੍ਰਦਰਸ਼ਨ ਕਰਦਿਆਂ ਹੋਇਆਂ ਹੀ ਦੇਸ਼ ਦੀ ਸੇਵਾ ਕੀਤੀ ਹੈ। ਸਿਆਸਤ ਦੇ ਖ਼ੇਤਰ ਵਿੱਚ ਅੱਜ ਵੀ ਸ੍ਰ. ਮਨਮੋਹਨ ਸਿੰਘ ਜੀ ਮੌਜੂਦਾ ਪ੍ਰਧਾਨ ਮੰਤਰੀ,ਸ੍ਰ. ਮਨੋਹਰ ਸਿੰਘ ਜੀ ਗਿੱਲ, ਸ੍ਰ. ਮਨਟੇਕ ਸਿੰਘ ਜੀ ਆਹਲੂਵਾਲੀਆ ਵਰਗੇ ਚੰਗੇ ਕਿਰਦਾਰ ਵਾਲੇ ਅਤੇ ਸੱਚੀ-ਸੁੱਚੀ ਸੋਚ ਦੀ ਸਿਆਸਤ ਵਿੱਚ ਵਿਸ਼ਵਾਸ਼ ਰੱਖਣ ਵਾਲੇ ਸਿਆਸਤਦਾਨ ਮੌਜੂਦ ਹਨ। ਉਨ੍ਹਾਂ ਦੀ ਸੁਚੱਜੀ ਅਤੇ ਸਾਫ ਸੁਥਰੀ ਸਿਆਸਤ ਸਦਕਾ ਹੀ ਉਹ ਅੱਜ ਦੇਸ਼ ਦੇ ਉੱਚ ਅਹੁਦਿਆਂ ਤੇ ਬਿਰਾਜਮਾਨ ਹਨ। ਮੈਂ ਵੀ ਉਨ੍ਹਾਂ ਦੇ ਪਦ-ਚਿੰਨ੍ਹਾਂ ਤੇ ਚੱਲਦਿਆਂ ਹੋਇਆਂ ਆਪਣਾ ਸਿਆਸੀ ਜੀਵਨ ਸਾਫ਼ ਸੁੱਥਰੀ ਸਿਆਸਤ ਦੇ ਅਰਪਣ ਕਰਨਾ ਚਾਹੁੰਦਾ ਹਾਂ।

**ਸੁਆਲ:** ਚੋਣਾਂ ਦੇ ਸਮੇਂ ਜਦੋਂ ਕੋਈ ਸਿਆਸੀ ਲੀਡਰ ਵੋਟਰ ਕੋਲੋਂ ਵੋਟ ਮੰਗਣ ਜਾਂਦਾ ਹੈ ਤਾਂ ਉਸ ਸਮੇਂ ਉਸ ਦੀ ਮਨੋਦਸ਼ਾ ਕਿਹੋ ਜਿਹੀ ਹੁੰਦੀ ਹੈ? ਕੀ ਉਹ ਬਹੁਤ ਹੀ ਡਿੱਗ ਕੇ ਅਤੇ ਆਪਣੇ ਕਿਰਦਾਰ ਨੂੰ ਹੇਠਾਂ ਸੁੱਟ ਕੇ ਭਾਵ ਇੱਕ ਮੰਗਤਾ ਜਿਹਾ ਬਣ ਕੇ ਵੋਟ ਦੀ ਮੰਗ ਨਹੀਂ ਕਰ ਰਿਹਾ ਹੁੰਦਾ?

**ਜੁਆਬ:** ਇਹ ਵੀ ਇੱਕ ਬਹੁਤ ਹੀ ਮਾੜੀ ਗੱਲ ਹੈ ਕਿ ਆਪਾਂ ਵੋਟਾਂ ਲੈਣ ਵੇਲੇ ਲੋਕਾਂ ਨੂੰ ਝੂਠੇ ਲਾਰੇ ਲਾ ਕੇ ਅਤੇ ਸਬਜ਼ਬਾਗ਼ ਦਿਖਾ ਕੇ ਵੋਟਾਂ ਦੇਣ ਲਈ ਪ੍ਰੇਰਦੇ ਹਾਂ। ਵੋਟਾਂ ਲੈਣ ਪਿੱਛੋਂ ਆਪਾਂ ਉਨ੍ਹਾਂ ਨੂੰ ਅਤੇ ਉਨ੍ਹਾਂ ਨਾਲ ਕੀਤੇ ਵਾਅਦਿਆਂ ਨੂੰ ਵੀ ਭੁਲ ਜਾਂਦੇ ਹਾਂ। ਅਸੀਂ ਉਨਾਂ ਲੋਕਾਂ ਨੂੰ ਵੀ ਗਿਨੋਰਏ ਕਰ ਜਾਂਦੇ ਹਾਂ ਜਿਨ੍ਹਾ ਨਾਲ ਅਸੀਂ ਕਈ ਵਾਅਦੇ ਕੀਤੇ ਹੁੰਦੇ ਹਨ।ਸਾਨੂੰ ਉਹ ਹੀ ਗੱਲ ਕਰਨੀ ਚਾਹੀਦੀ ਹੈ ਜਿਹੜੀ ਅਸੀਂ ਪੂਰੀ ਕਰ ਸਕਦੇ ਹਾਂ। ਉਨ੍ਹਾਂ ਨੂੰ ਸਮਝਾਉਣਾ ਚਾਹੀਦਾ ਹੈ ਕਿ ਇਹ ਕੰਮ ਕਨੂੰਨ ਅਨੁਸਾਰ ਹੋ ਸਕਦਾ ਹੈ ਜਾਂ ਨਹੀਂ। ਆਪਾਂ ਫੇਰ ਵੀ ਇੱਕ ਦੂਸਰੇ ਦੇ ਮੂੰਹ ਮੱਥੇ ਲੱਗਣਾ ਹੈ ਜੇਕਰ ਝੂਠੀ ਗੱਲ ਕਰਾਂਗੇ ਤਾਂ ਆਪਾਂ ਫਿਰ ਇੱਕ ਦੂਸਰੇ ਦੇ ਮੱਥੇ ਨਹੀਂ ਲੱਗ ਸਕਦੇ। ਮੈਂ ਸਮਝਦਾ ਹਾਂ ਕਿ ਇਸ ਹੱਦ ਤੱਕ ਗਿਰਾਵਟ ਵਿੱਚ ਜਾ ਕੇ ਵੋਟ ਦੀ ਮੰਗ ਕਰਨਾ ਮੇਰੇ ਖ਼ਿਆਲ ਨਾਲ ਗਲਤ ਹੈ ਅਤੇ ਇਸ ਤਰ੍ਹਾਂ ਦੀ ਸਿਆਸਤ ਨਹੀਂ ਕਰਨੀ ਚਾਹੀਦੀ। ਸੱਚ ਨੂੰ ਹੱਥੋਂ ਨਹੀਂ ਛੱਡਣਾ ਚਾਹੀਦਾ। ਆਪਣੀ ਜ਼ਮੀਰ ਦੀ ਆਵਾਜ਼ ਸੁਣਨੀ ਚਾਹੀਦੀ ਹੈ। ਉਨ੍ਹਾਂ ਨੂੰ ਸਮਝਾਓ ਕਿ ਸਾਰੇ ਕੰਮ ਰੂਲਜ਼ ਅਨੁਸਾਰ ਹੀ ਹੁੰਦੇ ਹਨ। ਉਨ੍ਹਾਂ ਨੂੰ ਹਨ੍ਹੇਰੇ ਵਿੱਚ ਨਾ ਰੱਖੋ। ਮੈਂ ਤਾਂ ਅਜਿਹੀ ਸਾਫ਼ ਸੁੱਥਰੀ ਸਿਆਸਤ ਕਰਨ ਵਿੱਚ ਹੀ ਆਪਣਾ ਵਿਸ਼ਵਾਸ ਰੱਖਦਾ ਹਾਂ।

**ਸੁਆਲ:** ਰਟੌਲ ਸਾਹਿਬ, ਇਸ ਵਿੱਚ ਤਾਂ ਕੋਈ ਦੂਸਰੀ ਰਾਏ ਨਹੀਂ ਕਿ ਸਾਡੇ ਦੇਸ਼ ਨੂੰ ਆਜ਼ਾਦ ਹੋਇਆਂ 64 ਸਾਲ ਹੋ ਗਏ ਹਨ ਪਰ ਅਜੇ ਵੀ ਸਾਡੇ ਦੇਸ਼ ਵਿੱਚ ਜ਼ਿਆਦਾ ਕਰਕੇ ਲੋਕ ਆਰਥਿਕ ਪੱਖੋਂ ਗਰੀਬ ਹਨ। ਕੁਝ ਲੋਕ ਤਾਂ ਇਸ ਹਾਲਤ ਵਿੱਚ ਵੀ ਹਨ ਜਿਹੜੇ ਰਾਤ ਨੂੰ ਆਪਣਾ ਪੂਰਾ ਢਿੱਡ ਭਰ ਕੇ ਵੀ ਨਹੀਂ ਸੌਂਦੇ। ਮੈਂ ਜਾਣਨਾ ਚਾਹਵਾਂਗਾ ਕਿ ਚੋਣਾਂ ਲੜਨ ਵਾਲੇ ਉਮੀਦਵਾਰ ਚੋਣਾਂ ਸਮੇਂ ਆਪਣੀ ਕਾਮਯਾਬੀ ਵਾਸਤੇ ਇਸ਼ਤਿਹਾਰਬਾਜ਼ੀ,ਚੋਣ ਪਰਚਾਰ ਅਤੇ ਜਲਸੇ-ਜਲੂਸਾਂ ਉੱਤੇ ਪੈਸਾ ਪਾਣੀ ਵਾਂਗੂੰ ਰੋੜ੍ਹਦੇ ਹਨ। ਜੇਕਰ ਇਹੀ ਧਨ ਉਨ੍ਹਾਂ ਗਰੀਬ ਲੋਕਾਂ ਦੀ ਭਲਾਈ ਵਾਸਤੇ ਖ਼ਰਚਿਆ ਜਾਵੇ ਤਾਂ ਕੀ ਇਹ ਠੀਕ ਨਹੀਂ ਹੋਵੇਗਾ?

**ਜੁਆਬ:** ਇਹ ਇੱਕ ਉਸਾਰੂ ਸੋਚ ਹੈ। ਲੇਕਿਨ ਕੁਝ ਲੋਕ ਜਿਨ੍ਹਾਂ ਕੋਲ ਕਾਲਾ ਧਨ ਹੈ ਉਹ ਇਸ ਕਾਲੇ ਧਨ ਦੇ ਬਲਬੂਤੇ ਤੇ ਵੋਟਾਂ ਲੈਣ ਲਈ ਲੋਕਾਂ ਵਿੱਚ ਸ਼ਰਾਬ, ਅਫੀਮ ਅਤੇ ਭੁੱਕੀ ਆਦਿ ਨਸ਼ੇ ਵੰਡਦੇ ਹਨ। ਕਈ ਵੇਰਾਂ ਤਾਂ ਉਹ ਭਾਂਡੇ, ਕਪੜੇ ਅਤੇ ਹੋਰ ਲੀੜਾ ਲੱਤਾ ਵੀ ਲੋਕਾਂ ਵਿੱਚ ਵੰਡਦੇ ਵੇਖੇ ਗਏ ਹਨ। ਇਹ ਇੱਕ ਮਾੜੀ ਗੱਲ ਹੈ। ਚੋਣਾਂ ਜਿੱਤ ਜਾਣ ਪਿੱਛੋਂ ਇਹੀ ਲੋਕ ਆਪਣਾ ਖ਼ਰਚਿਆ ਹੋਇਆ ਪੈਸਾ ਇਕੱਠਾ ਕਰਨ ਵਿੱਚ ਪੰਜ ਸਾਲ ਲੱਗੇ ਰਹਿੰਦੇ ਹਨ। ਅਖ਼ੀਰ ਇਨ੍ਹਾਂ ਲੋਕਾਂ ਦਾ ਵੀ ਹਸ਼ਰ ਮਾੜਾ ਈ ਹੋਵੇਗਾ। ਪੈਸੇ ਦੇ ਕੇ ਵੋਟਾਂ ਖਰੀਦਣੀਆਂ ਇੱਕ ਤਰ੍ਹਾਂ ਨਾਲ ਲਾਹਨਤ ਹੈ ਅਤੇ ਕਿਸੇ ਦੀ ਗਰੀਬੀ ਦਾ ਮਜ਼ਾਕ ਉਡਾਉਣਾ ਹੁੰਦਾ ਹੈ, ਜਿਹੜਾ ਕੋਈ ਚੰਗੀ ਗੱਲ ਨਹੀਂ। ਇਸ ਤਰ੍ਹਾਂ ਪੈਸੇ ਵੰਡ ਕੇ ਵੋਟਾਂ ਲੈਣੀਆਂ ਕੋਈ ਚੰਗੀ ਸਿਆਸਤ ਨਹੀਂ ਕਹੀ ਜਾ ਸਕਦੀ। ਕਾਲੇ ਧਨ ਦੀ ਵਰਤੋਂ ਕਰ ਕੇ ਇਹ ਲੋਕ ਜਿੱਤ ਤਾਂ ਜਾਂਦੇ ਹਨ ਪਰ ਜਿਨ੍ਹਾਂ ਲੋਕਾਂ ਨੇ

ਇਨ੍ਹਾਂ ਨੂੰ ਵੋਟਾਂ ਪਾਈਆਂ ਹੁੰਦੀਆਂ ਹਨ ਉਹ ਆਪਣੇ ਕੰਮ ਕਰਵਾਉਣ ਲਈ ਇਨ੍ਹਾਂ ਦੇ ਮਗਰ ਗੇੜੇ ਮਾਰਦੇ ਫਿਰਦੇ ਹਨ। ਫਿਰ ਇਹ ਉਨਾਂ ਨੂੰ ਪੱਲਾ ਨਹੀਂ ਫੜਾਉਂਦੇ। ਉਨ੍ਹਾਂ ਲੋਕਾਂ ਵਿੱਚ ਨਿਰਾਸਤਾ ਛਾ ਜਾਂਦੀ ਹੈ ਅਤੇ ਉਹ ਦੂਸਰੀ ਸਰਕਾਰ ਦੇ ਬਣਨ ਦੀ ਉਡੀਕ ਕਰਦੇ ਰਹਿੰਦੇ ਹਨ। ਇਸ ਤਰ੍ਹਾ ਦੀਆਂ ਬਣੀਆਂ ਸਰਕਾਰਾਂ ਲੋਕਾਂ ਨੂੰ ਪੰਜ ਸਾਲ ਲੁੱਟਦੀਆਂ ਰਹਿੰਦੀਆਂ ਹਨ ਅਤੇ ਲੋਕ ਉਡੀਕ ਕਰਦੇ ਰਹਿੰਦੇ ਹਨ ਕਿ ਕਦੋਂ ਊਠ ਦਾ ਬੁੱਲ੍ਹ ਡਿੱਗੇਗਾ। ਅਜਿਹੀ ਗੰਦੀ ਸਿਆਸਤ ਕਰਨ ਵਾਲਿਆਂ ਦਾ ਅੰਤ ਵੀ ਆਖ਼ਿਰ ਮਾੜਾ ਈ ਹੋਵੇਗਾ।

**ਸੁਆਲ:** ਮੀਡੀਆ ਅੱਜ ਕੱਲ੍ਹ ਬੁਲੰਦੀਆਂ ਤੇ ਹੈ ਅਤੇ ਟੈਲੀਵੀਜਨ ਤੇ ਵੇਖਦੇ ਹਾਂ ਕਿ ਬਾਹਰਲੇ ਮੁਲਕਾਂ ਵਿੱਚ ਰਾਜਸੀ ਪਾਰਟੀਆਂ ਦੇ ਨੁਮਾਇੰਦੇ ਟੈਲੀਵੀਜਨ ਤੇ ਹੀ ਆਪਣਾ ਚੋਣ ਮੈਨੀਫੈਸਟੋ ਲੋਕਾਂ ਨੂੰ ਦੱਸ ਕੇ ਆਪਣੀ ਪਾਰਟੀ ਵਾਸਤੇ ਵੋਟਾਂ ਦੀ ਮੰਗ ਕਰਦੇ ਹਨ,ਜਦੋਂ ਕਿ ਭਾਰਤ ਵਿੱਚ ਇਸੇ ਕੰਮ ਲਈ ਸਮੇਂ ਅਤੇ ਧਨ ਦੋਹਾਂ ਦਾ ਉਜਾੜਾ ਕੀਤਾ ਜਾਂਦਾ ਹੈ। ਕੀ ਉੱਥੋਂ ਵਰਗੀ ਚੋਣ ਪ੍ਰਕਿਰਿਆ ਭਾਰਤ ਵਿੱਚ ਲਾਗੂ ਨਹੀਂ ਕੀਤੀ ਜਾ ਸਕਦੀ?

**ਜੁਆਬ:** ਮੈਨੂੰ ਬਾਹਰ ਜਾਣ ਦਾ ਅਵਸਰ ਬਹੁਤ ਵਾਰ ਮਿਲਿਆ ਹੈ। ਸਾਲ 2008 ਵਿੱਚ ਵੀ ਮੈਂ ਅਲੈਕਸ਼ਨਾਂ ਦੇ ਸਮੇਂ ਜਾ ਕੇ ਉੱਥੇ ਵੇਖਿਆ ਅਤੇ ਸੰਨ 2000 ਵਿੱਚ ਵੀ ਗਿਆ ਸਾਂ। ਹੁਣ ਫਿਰ ਕਨੇਡਾ ਵਿੱਚ ਅਲੈਕਸ਼ਨਾਂ ਹੋ ਰਹੀਆਂ ਹਨ। ਮੈਂ ਵੇਖਿਆ ਹੈ ਕਿ ਉੱਥੇ ਵੀ ਹਾਲਤ ਮਾੜੀ ਹੁੰਦੀ ਜਾ ਰਹੀ ਹੈ। ਉੱਥੇ ਵੀ ਮਾੜੀ ਪ੍ਰਵਿਰਤੀ ਸ਼ੁਰੂ ਹੋ ਚੁੱਕੀ ਹੈ ਅਤੇ ਇਥੋਂ ਵਾਂਗ ਹੀ ਉਹ ਲੋਕ ਵੀ ਵੋਟਰਾਂ ਨੂੰ ਸ਼ਾਮ ਨੂੰ ਸ਼ਰਾਬਾਂ ਪਿਆਉਂਦੇ ਹਨ,ਝੂਠੇ ਲਾਰੇ ਲਾਉਂਦੇ ਹਨ,ਗੁਮਰਾਹ ਕਰਦੇ ਹਨ ਅਤੇ ਇਸ ਦੇ ਪ੍ਰਭਾਵ ਹੇਠਾਂ ਅਲੈਕਸ਼ਨਾਂ ਜਿੱਤ ਰਹੇ ਹਨ। ਇਹ ਮਾੜੀ ਪ੍ਰਵਿਰਤੀ ਆਲ ਓਵਰ ਵਰਡ ਹੀ ਸ਼ੁਰੂ ਹੋ ਚੁੱਕੀ ਹੈ। ਮੈਂ ਸਮਝਦਾ ਹਾਂ ਕਿ ਜਾਂ ਤਾਂ ਸਾਡੇ ਐਜੂਕੇਸ਼ਨ ਸਿਸਟਮ ਵਿੱਚ ਹੀ ਕਿੱਧਰੇ ਕੋਈ ਘਾਟ ਹੈ ਜਾਂ ਸਾਡੀ ਮੁੱਢਲੀ ਐਜੂਕੇਸ਼ਨ ਵਿੱਚ ਕਿੱਧਰੇ ਕੋਈ ਤਰੁਟੀ ਰਹਿ ਗਈ ਹੈ,ਜਿਸ ਕਰਕੇ ਲੋਕਾਂ ਦੀ ਸੋਚ ਵਿੱਚ ਨਿਘਾਰ ਆ ਰਿਹਾ ਹੈ। ਸਾਡੀ ਮੁੱਢਲੀ ਸਿੱਖਿਆ ਵਿੱਚ ਹੀ ਸਾਨੂੰ ਇਮਾਨਦਾਰੀ ਦਾ ਪਾਠ ਪੜ੍ਹਾਇਆ ਜਾਣਾ ਚਾਹੀਦਾ ਹੈ।

ਮੈਂ ਸਮਝਦਾ ਹਾਂ ਕਿ ਸਿਆਣੇ ਬੰਦੇ ਜਾਂ ਸਿਆਣੇ ਲੀਡਰ ਅੱਗੇ ਲੱਗਣ ਜਿਹੜੇ ਇਸ ਪ੍ਰਵਿਰਤੀ ਨੂੰ ਬਦਲ ਸਕਣ। ਕਿਉਂਕਿ ਚੰਗੇ ਬੰਦਿਆਂ ਕੋਲ ਅਲੈਕਸ਼ਨਾਂ ਤੇ ਪੈਸਾ ਪਾਣੀ ਵਾਂਗ ਖਰਚਣ ਲਈ ਕਾਲਾ ਧਨ ਨਹੀਂ ਹੁੰਦਾ ਜਿਸ ਕਰਕੇ ਉਹ ਅਲੈਕਸ਼ਨਾਂ ਵਿੱਚ ਹਾਰ ਜਾਂਦੇ ਹਨ ਅਤੇ ਕਾਲੇ ਧਨ ਵਾਲੇ ਆਪਣੇ ਕਾਲੇ ਧਨ ਦੇ ਜ਼ੋਰ ਤੇ ਅਲੈਕਸ਼ਨਾਂ ਜਿੱਤ ਜਾਂਦੇ ਹਨ। ਚੋਣਾਂ ਜਿੱਤਣ ਪਿੱਛੋਂ ਵੀ ਉਹ ਝੂਠੇ ਲਾਰੇ ਲਾ ਕੇ ਲੋਕਾਂ ਨੂੰ ਪੰਜ ਸਾਲ ਤੱਕ ਮਗਰ ਲਾ ਛੱਡਦੇ ਹਨ। ਜਦੋਂ ਲੋਕ ਇਹ ਵੇਖਦੇ ਹਨ ਕਿ ਉਨ੍ਹਾਂ ਜਿਹੜੀਆਂ ਗੱਲਾਂ ਕੀਤੀਆਂ ਸਨ ਉਹ ਝੂਠੀਆਂ ਨਿਕਲਦੀਆਂ ਹਨ ਤਾਂ ਲੋਕੀਂ ਉਨ੍ਹਾਂ ਤੋਂ ਨਿਰਾਸ ਹੋ ਦੂਸਰੀ ਸਰਕਾਰ ਬਣਨ ਦੀ ਆਸ ਵਿੱਚ ਬੈਠ ਜਾਂਦੇ ਹਨ। ਮੈਂ ਸਮਝਦਾ ਹਾਂ ਇਹ ਪ੍ਰਵਿਰਤੀ ਬਹੁਤ ਹੀ ਮਾੜੀ ਹੈ। ਹਰ ਵਾਰ ਇਸੇ ਤਰ੍ਹਾਂ ਹੀ ਹੁੰਦਾ ਰਹਿੰਦਾ ਹੈ। ਜਦੋਂ ਦੂਸਰੇ ਦੇ ਹੱਥ ਰਾਜ ਭਾਗ ਆਉਂਦਾ ਹੈ ਤਾਂ ਉਹ ਪਹਿਲਿਆਂ ਵਾਂਗ ਲੋਕਾਂ ਨੂੰ ਬੇਵਕੂਫ ਬਣਾ ਕੇ ਲੁੱਟ-ਖ਼ਸੁੱਟ ਕਰ ਕੇ ਆਪਣੀਆਂ ਤਜ਼ੌਰੀਆਂ ਭਰਨ ਵਿੱਚ ਜੁੱਟ ਜਾਂਦੇ ਹਨ। ਅੱਜ ਕੱਲ੍ਹ ਤਾਂ ਟੱਬਰ ਪਾਲੂ ਪ੍ਰਵਿਰਤੀ ਵੀ ਜ਼ੋਰ ਫੜ੍ਹਦੀ ਜਾ ਰਹੀ ਹੈ। ਗੱਲ ਕੀ ਹਰ ਪਾਸੇ ਗਰੀਬ ਹੀ ਲੁੱਟਿਆ ਅਤੇ ਕੁੱਟਿਆ ਜਾ ਰਿਹਾ ਹੈ। ਗਰੀਬ ਦੀ ਹੀ ਲੁੱਟ ਹੋ ਰਹੀ ਹੈ।

ਸੁਆਲ: ਰਟੌਲ ਸਾਹਿਬ, ਤੁਸੀਂ ਜਿਸ ਪਾਰਟੀ ਵਿੱਚ ਹੋ,ਕੀ ਤੁਸੀ ਸੋਚਦੇ ਹੋ ਕਿ ਇਹ ਪਾਰਟੀ ਤੁਹਾਡੀਆਂ ਸੋਚਾਂ ਅਨੁਸਾਰ ਦੇਸ਼ ਨੂੰ ਉਨਤੀ ਦੇ ਮਾਰਗ ਤੇ ਲੈ ਜਾ ਸਕਦੀ ਹੈ?

**ਜੁਆਬ:** ਮੈਂ ਕਾਂਗਰਸ ਪਾਰਟੀ ਨਾਲ ਸਬੰਧ ਰੱਖਦਾ ਹਾਂ ਜਿਹੜੀ ਕਿਸੇ ਵੇਲੇ ਮਹਾਤਮਾ ਗਾਂਧੀ,ਜਵਾਹਰ ਲਾਲ ਨਹਿਰੂ ਅਤੇ ਮੋਤੀ ਲਾਲ ਜੀ ਨਹਿਰੂ ਵਰਗੇ ਨੇਤਾਵਾਂ ਨੇ ਦੇਸ਼ ਦੀ ਆਜ਼ਾਦੀ ਵਾਸਤੇ ਹੋਂਦ ਵਿੱਚ ਲਿਆ ਕੇ ਆਜ਼ਾਦੀ ਦਾ ਸੰਘਰਸ਼ ਸ਼ੁਰੂ ਕੀਤਾ ਸੀ। ਉਨ੍ਹਾਂ ਦੀ ਸੋਚ ਨੂੰ ਅਪਣਾਉਦਿਆਂ ਹੋਇਆਂ ਹੀ ਮੈਂ ਇਸ ਪਾਰਟੀ ਵਿੱਚ ਆਇਆ ਹਾਂ। ਛੋਟੀਆਂ ਪਾਰਟੀਆਂ ਜਿਨ੍ਹਾਂ ਨੂੰ ਖੇਤਰੀ ਪਾਰਟੀਆਂ ਕਿਹਾ ਜਾਂਦਾ ਹੈ,ਉਹ ਲੋਕਾਂ ਨੂੰ ਵਰਗਲਾਉਂਦੀਆਂ ਹਨ। ਨੈਸ਼ਨਲ ਪੱਧਰ ਉੱਤੇ ਉਨ੍ਹਾਂ ਦਾ ਕੋਈ ਆਧਾਰ ਨਹੀਂ ਹੁੰਦਾ। ਇਹ ਪਾਰਟੀ ਨੈਸ਼ਨਲ ਪੱਧਰ ਦੀ ਪਾਰਟੀ ਹੈ ਅਤੇ ਇਸ ਪਾਰਟੀ ਦੀ ਸੋਚ ਅਤੇ ਆਸ਼ਿਆਂ ਦਾ ਉਨ੍ਹਾਂ ਪਾਰਟੀਆਂ ਨਾਲੋਂ ਜ਼ਮੀਨ ਅਸਮਾਨ ਦਾ ਫਰਕ ਹੈ। ਇਹ ਪਾਰਟੀ ਲੋਕਾਂ ਨੂੰ ਨਾਲ ਲੈ ਕੇ ਖ਼ਾਸ ਕਰਕੇ ਗਰੀਬ ਵਰਗ ਦੇ ਲੋਕਾਂ ਨੂੰ ਨਾਲ ਲੈ ਕੇ ਚੱਲਦੀ ਹੈ। ਮੈਂ ਕਾਂਗਰਸ ਪਾਰਟੀ ਦੀ ਇਸੇ ਸੋਚ ਦੇ ਆਧਾਰ ਨੂੰ ਮੁੱਖ ਰੱਖ ਕੇ ਹੀ ਇਸ ਪਾਰਟੀ ਵਿੱਚ ਸ਼ਾਮਲ ਹੋਇਆ ਹਾਂ।

**ਸੁਆਲ:** ਆਪਾਂ ਪੰਜਾਬੀ ਹਾਂ ਅਤੇ ਪੰਜਾਬੀ ਕਹਾਵਤਾਂ ਬਾਰੇ ਚੰਗੀ ਤਰ੍ਹਾਂ ਜਾਣਦੇ ਹਾਂ। ਰਟੌਲ ਸਾਹਿਬ, ਸਾਡੇ ਪੰਜਾਬ ਦੀ ਇੱਕ ਕਹਾਵਤ ਹੈ ਕਿ **"ਦੋ ਸਾਹਨਾਂ ਦੇ ਭੇੜ ਵਿੱਚ ਨੁਕਸਾਨ ਫਸਲਾਂ ਦਾ ਹੀ ਹੁੰਦਾ ਹੈ।"** ਮੇਰਾ ਭਾਵ ਹੈ ਚੋਣਾਂ ਦੀ ਜੰਗ ਵਿੱਚ ਕਈ ਬੇਦੋਸ਼ੇ ਲੋਕ ਧੜੇਬੰਦੀ ਦਾ ਸ਼ਿਕਾਰ ਹੋ ਕੇ ਮਾਰੇ ਜਾਂਦੇ ਹਨ। ਤੁਸੀਂ ਇਸ ਵਾਪਰਨ ਵਾਲੇ ਦੁਖ਼ਾਂਤ ਬਾਰੇ ਕੁਝ ਕਹਿਣਾ ਚਾਹਵੋਗੇ?

**ਜੁਆਬ:** ਇਸ ਦੁਖਾਂਤ ਨਾਲ ਮੇਰਾ ਨੇੜੇ ਦਾ ਸਬੰਧ ਰਿਹਾ ਹੈ। ਮੈਂ ਤਾਂ ਸਭ ਨੂੰ ਹੀ ਇਹ ਕਹਿੰਦਾ ਹਾਂ ਕਿ ਸਾਨੂੰ ਸਿਆਸਤ ਨੂੰ ਸਿਆਸਤ ਤੱਕ ਹੀ ਰਹਿਣ ਦੇਣਾ ਚਾਹੀਦਾ ਹੈ। ਸਿਆਸਤ ਨੂੰ ਨਿੱਜੀ ਲੜਾਈ ਦਾ ਰੂਪ

ਨਹੀਂ ਦੇਣਾ ਚਾਹੀਦਾ। ਸਿਆਸਤ ਦੀ ਦੌੜ ਚੋਣਾਂ ਦੇ ਦਿਨ ਤੱਕ ਹੀ ਰਹਿਣ ਦਿੱਤੀ ਜਾਣੀ ਚਾਹੀਦਾ ਹੈ। ਉਸ ਤੋਂ ਪਿੱਛੋਂ ਸਾਰਿਆਂ ਨੂੰ ਬੱਚਿਆਂ ਵਾਂਗ ਸਮਝਣਾ ਚਾਹੀਦਾ ਹੈ। ਇਹ ਗੱਲ ਮਨ ਵਿੱਚੋਂ ਕੱਢ ਦੇਣੀ ਚਾਹੀਦੀ ਹੈ ਕਿ ਇਸ ਨੇ ਮੈਨੂੰ ਵੋਟ ਨਹੀਂ ਸੀ ਪਾਈ ਇਸ ਦਾ ਕੰਮ ਨਹੀਂ ਕਰਨਾ। ਸਗੋਂ ਸਾਰਿਆਂ ਦੇ ਹੀ ਕੰਮ ਕਰਨੇ ਚਾਹੀਦੇ ਹਨ। ਮਨ ਵਿੱਚੋਂ ਤੇਰ ਮੇਰ ਨੂੰ ਕੱਢ ਕੇ ਸਾਰਿਆਂ ਦੇ ਹੀ ਕੰਮ ਕਰਨੇ ਚਾਹੀਦੇ ਹਨ। ਜੇਕਰ ਮਨਾਂ ਵਿੱਚ ਤੇਰ ਮੇਰ ਰਹੇਗੀ ਤਾਂ ਪਿੰਡਾਂ ਵਿੱਚ ਵੈਰ ਵਿਰੋਧ ਵੱਧਣਗੇ ਅਤੇ ਇਸ ਵਿੱਚ ਫਿਰ ਬੇਦੋਸ਼ੇ ਤਾਂ ਮਾਰੀਦੇ ਹੀ ਰਹਿਣਗੇ। ਮੈਂ ਤਾਂ ਚਾਹੁੰਦਾ ਹਾਂ ਕਿ ਵੋਟਾਂ ਲੈਣ ਦੀ ਸਾਰੀ ਪ੍ਰਕਿਰਿਆ ਵੋਟਾਂ ਦੇ ਦਿਨ ਤੱਕ ਹੀ ਰਹਿਣੀ ਚਾਹੀਦੀ ਹੈ ਅਤੇ ਉਦੋਂ ਵੀ ਮੂੰਹ ਨਾਲ ਸਮਝਾ ਕੇ ਹੀ ਵੋਟਾਂ ਮੰਗਣੀਆਂ ਚਾਹੀਦੀਆਂ ਹਨ ਨਾ ਕਿ ਡਾਂਗ-ਸੋਟਿਆਂ ਦੀ ਵਰਤੋਂ ਕਰਕੇ ਜਾਂ ਡਰਾ ਧਮਕਾ ਕੇ ਵੋਟਾਂ ਲੈਣੀਆਂ ਚਾਹੀਦੀਆਂ ਹਨ। ਮੈਂ ਸਮਝਦਾ ਹਾਂ ਕਿ ਪ੍ਰੇਮ ਨਾਲ ਪ੍ਰੇਮ ਵੱਧਦਾ ਹੈ ਅਤੇ ਵੈਰ ਨਾਲ ਵੈਰ ਵੱਧਦਾ ਹੈ। ਸਾਨੂੰ ਪ੍ਰੇਮ ਨੂੰ ਵਧਾਉਣਾ ਚਾਹੀਦਾ ਹੈ ਅਤੇ ਧੜੇਬੰਦੀ ਤੋਂ ਦੂਰ ਰਹਿਣਾ ਚਾਹੀਦਾ ਹੈ। ਇਸ ਨਾਲ ਹੀ ਇਲਾਕੇ ਵਿੱਚ ਸ਼ਾਂਤੀ ਆਵੇਗੀ।

**ਸੁਆਲ:** ਸਿਆਸੀ ਜੀਵਨ ਵਿੱਚ ਤੁਸੀਂ ਆਪਣੇ ਆਪ ਨੂੰ ਆਮ ਆਦਮੀ ਨਾਲ ਜੁੜਿਆ ਅਨੁਭਵ ਕਰਦੇ ਹੋ। ਕੀ ਤੁਸੀਂ ਅਜਿਹਾ ਮਹਿਸੂਸ ਨਹੀਂ ਕਰਦੇ ਕਿ ਸਿਆਸੀ ਖੇਤਰ ਵਿੱਚ ਪੈ ਕੇ ਤੁਸੀਂ ਦੋਸਤ ਘੱਟ ਅਤੇ ਵੈਰੀ ਭਾਵ ਵਿਰੋਧੀ ਜ਼ਿਆਦਾ ਪੈਦਾ ਕਰ ਲਏ ਹਨ?

**ਜੁਆਬ:** ਹਮੇਸ਼ਾ ਹੀ ਗਰੀਬ ਆਦਮੀ ਦੀ ਮਦਦ ਕਰਨੀ ਚਾਹੀਦੀ ਹੈ। ਜੇਕਰ ਗਰੀਬ ਆਦਮੀ ਦੀ ਮਦਦ ਕਰਦਿਆਂ ਕਿਸੇ ਅਮੀਰ ਆਦਮੀ ਨਾਲ ਦੁਸ਼ਮਣੀ ਵੱਧਦੀ ਹੈ ਤਾਂ ਮੇਰੀ ਸੋਚ ਹੈ ਕਿ ਇਸ ਗੱਲ ਤੋਂ ਡਰ ਕੇ ਆਪਣੇ ਨਿਸ਼ਾਨੇ ਤੋਂ ਪਿੱਛੇ ਨਹੀਂ ਹੱਟਣਾ ਚਾਹੀਦਾ। ਹਮੇਸ਼ਾਂ ਹੀ ਗਰੀਬ ਆਦਮੀ ਦੀ, ਲੋੜਵੰਦ ਦੀ ਅਤੇ ਸੱਚੇ ਬੰਦੇ ਦੀ ਮਦਦ ਕਰਨੀ ਚਾਹੀਦੀ ਹੈ। ਜੇ ਫਿਰ ਵੀ ਦੁਸ਼ਮਣੀ ਵੱਧਦੀ ਹੈ ਤਾਂ ਵੱਧ ਜਾਵੇ। ਕੋਈ ਗੱਲ ਨਹੀਂ। ਮੇਰੀ ਸੋਚ ਹੈ ਕਿ ਜੇਕਰ ਤੁਸੀਂ ਚੰਗੇ ਲੋਕਾਂ ਦੀ ਮਦਦ ਨਹੀਂ ਕਰ ਸਕਦੇ ਤਾਂ ਫਿਰ ਸਿਆਸਤ ਵਿੱਚ ਆਉਣ ਦਾ ਵੀ ਕੋਈ ਫਾਇਦਾ ਨਹੀਂ।

**ਸੁਆਲ:** ਜਿਵੇਂ ਮੈਂ ਜਾਣਦਾ ਹਾਂ, ਤੁਸੀ ਸਿਆਸੀ ਜੀਵਨ ਦੇ ਨਾਲ ਨਾਲ ਲੋਕ ਭਲਾਈ ਦੇ ਕੰਮਾਂ ਵਿੱਚ ਵੀ ਦਿਲਚਸਪੀ ਰੱਖਦੇ ਹੋ। ਸ਼ਾਇਦ ਇਸੇ ਗੱਲ ਦਾ ਹੀ ਫਲ ਹੈ ਕਿ ਤੁਸੀਂ ਮਾਰਕੀਟ ਕਮੇਟੀ ਦੇ ਚੇਅਰਮੈਨ ਵੀ ਰਹਿ ਚੁੱਕੇ ਹੋ। ਕੀ ਤੁਸੀਂ ਆਪਣੇ ਸਿਆਸੀ ਪੈਂਡੇ ਵਿੱਚ ਹੁਣ ਤੱਕ ਕੋਈ ਹੋਰ ਪ੍ਰਾਪਤੀ ਵੀ ਕੀਤੀ ਹੈ?

**ਜੁਆਬ:** ਸਭ ਤੋਂ ਪਹਿਲਾਂ ਸੰਨ 1993 ਵਿੱਚ ਜਦੋਂ ਸ਼ਹਿਰ ਤਰਨ ਤਾਰਨ ਦੀ ਸਿਟੀਜਨ ਕੌਂਸਲ ਦੀ ਸਥਾਪਨਾ ਕੀਤੀ ਗਈ ਸੀ ਤਾਂ ਉਸ ਦਾ ਏਜੰਡਾ ਤਿਆਰ ਕੀਤਾ ਗਿਆ ਸੀ। ਮੈਂ ਉਸ ਦੇ ਮੁੱਢਲੇ ਮੈਂਬਰਾਂ ਵਿੱਚੋਂ ਇੱਕ ਸਾਂ। ਇਸ ਸੰਸਥਾ ਵੱਲੋਂ ਹੁਣ ਤੱਕ 300 ਤੋਂ ਵੱਧ ਗਰੀਬ ਅਤੇ ਲੋੜਵੰਦ ਕੰਨਿਆਵਾਂ ਦੀਆਂ ਸ਼ਾਦੀਆਂ ਕੀਤੀਆਂ ਜਾ ਚੁੱਕੀਆਂ ਹਨ। ਇਸ ਸੰਸਥਾ ਵਿੱਚ ਮੈਂ ਸੱਤ ਸਾਲ ਤੱਕ ਰਹਿ ਕੇ ਲੋਕ ਸੇਵਾ ਕੀਤੀ ਹੈ। ਲੋਕਾਂ ਵਿੱਚ ਵਿਚਰਿਆ ਹਾਂ। ਜ਼ਿਲ੍ਹਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਾ 1994 ਤੋਂ 2000 ਤੱਕ ਜਨਰਲ ਸਕੱਤਰ, ਪੰਜਾਬ ਪ੍ਰਦੇਸ਼ ਕਾਂਗਰਸ ਦਾ ਸਕੱਤਰ 2002 ਤੋਂ 2006 ਤੱਕ, ਸੰਨ 1998 ਤੋਂ 2003 ਤੱਕ ਸ੍ਰੀ ਗੁਰੂ ਅਰਜਨ ਦੇਵ ਸੀਨੀਅਰ ਸੈਕੰਡਰੀ ਸਕੂਲ ਦਾ ਮੈਨੇਜਰ ਅਤੇ ਲਾਇਫ ਮੈਂਬਰ, ਸ੍ਰੀ ਗੁਰੂ ਅਰਜਨ ਦੇਵ ਸੀਨੀਅਰ ਸੈਕੰਡਰੀ ਗਰਲਜ ਸਕੂਲ ਦਾ 2005 ਤੋਂ ਪ੍ਰਧਾਨ,ਸੰਨ 1990 ਤੋਂ ਮਾਝਾ ਰੰਗ ਮੰਚ ਦਾ ਸੀਨੀਅਰ ਮੀਤ ਪ੍ਰਧਾਨ, ਮਰਹੂਮ ਸ੍ਰ. ਦਿਲਬਾਗ ਸਿੰਘ ਜੀ ਡਾਲੇਕੇ ਸਪੀਕਰ ਪੰਜਾਬ ਵਿਧਾਨ ਸਭਾ ਦਾ ਪੁਲੀਟਕਲ ਸੈਕਟਰੀ ਵੀ ਰਿਹਾ ਹਾਂ ਅਤੇ ਹੁਣ ਨਵੇਂ ਬਣੇ ਜ਼ਿਲ੍ਹਾ ਤਰਨ ਤਾਰਨ ਦੇ ਜ਼ਿਲ੍ਹਾ ਪਲੈਨਿੰਗ ਬੋਰਡ ਦਾ ਮੈਂਬਰ ਨਾਮਜ਼ਦ ਕੀਤਾ ਗਿਆ ਹਾਂ।

ਮੈਂ ਜ਼ਿੰਦਗੀ ਵਿੱਚ ਇੱਕ ਹੀ ਉਦੇਸ਼ ਲੈ ਕੇ ਚੱਲਿਆ ਹਾਂ ਅਤੇ ਉਹ ਹੈ ਇਮਾਨਦਾਰੀ ਦਾ ਮਾਰਗ। ਇਹੀ ਕਾਰਨ ਹੈ ਕਿ ਮੈਂ 14 ਸਾਲਾਂ ਤੱਕ ਆੜ੍ਹਤੀਆਂ ਐਸੋਸੀਏਸ਼ਨ ਤਰਨ ਤਾਰਨ ਦਾ ਪ੍ਰਧਾਨ ਰਿਹਾ ਹਾਂ। ਜਦੋਂ ਮੈਂ ਤਰਨ ਤਾਰਨ ਮਾਰਕੀਟ ਕਮੇਟੀ ਦਾ ਚੇਅਰਮੈਨ ਬਣਿਆ ਤਾਂ ਇਹ ਪਹਿਲੀ ਵਾਰ ਹੋਇਆ ਕਿ ਸਾਰੀਆਂ ਮਾਰਕੀਟ ਕਮੇਟੀਆਂ ਦੇ ਚੇਅਰਮੈਨਾਂ ਨੇ ਮੈਨੂੰ ਆਪਣਾ ਸਰਪਰਸਤ ਚੁਣਿਆ ਅਤੇ ਮੰਗ ਕੀਤੀ ਕਿ ਉਨ੍ਹਾਂ ਦੀਆਂ ਹੱਕੀ ਮੰਗਾਂ ਜਿਹੜੀਆਂ ਲੰਮੇ ਸਮੇਂ ਤੋਂ ਲਟਕ ਰਹੀਆਂ ਹਨ ਉਨ੍ਹਾਂ ਦੀ ਪੂਰਤੀ ਲਈ ਸਾਡੀ ਆਵਾਜ਼ ਸਰਕਾਰ ਤੱਕ ਪਹੁੰਚਾਈ ਜਾਵੇ। ਉਨ੍ਹਾਂ ਨੇ ਮੇਰੇ ਵਿੱਚ ਆਪਣਾ ਵਿਸ਼ਵਾਸ ਪ੍ਰਗਟ ਕੀਤਾ ਸੀ। ਉਹ ਮੰਗਾਂ ਸਰਕਾਰ ਤੱਕ ਪਹੁੰਚਾਈਆਂ ਹੀ ਨਹੀਂ ਉਨ੍ਹਾਂ ਨੂੰ ਮਨਵਾਇਆ ਵੀ ਸੀ। ਪਿੰਡਾਂ ਦੀਆਂ ਸੜਕਾਂ ਬਣਾਉਣ ਦਾ ਕੰਮ ਵੀ ਮਾਰਕੀਟ ਕਮੇਟੀਆਂ ਦੇ ਅਧਿਕਾਰ ਖੇਤਰ ਵਿੱਚ ਹੀ ਆਉਂਦਾ ਹੈ। ਜਦੋਂ ਪਿੰਡਾਂ ਦੀਆਂ ਸੜਕਾਂ ਬਣ ਰਹੀਆਂ ਸਨ ਤਾਂ ਗੌਰਮਿੰਟ ਨੇ ਹਰ ਮਾਰਕੀਟ ਕਮੇਟੀ ਨੂੰ ਪੈਂਤੀ ਪੈਂਤੀ ਕਿਲੋ ਮੀਟਰ ਸੜਕ ਬਣਾਉਣ ਦਾ ਟੀਚਾ ਦਿੱਤਾ ਸੀ। ਪਰ ਮੈਂ ਆਪਣੇ ਅਸਰ ਰਸੂਖ਼ ਨਾਲ ਆਪਣੇ ਹਲਕੇ ਵਿੱਚ 118 ਕਿਲੋ ਮੀਟਰ ਲੰਮੀਆਂ ਨਵੀਆਂ ਸੜਕਾਂ ਬਣਵਾਈਆਂ। ਇਸ ਤੋਂ ਇਲਾਵਾ 65 ਕਿਲੋ ਮੀਟਰ ਪੁਰਾਣੀਆਂ ਸੜਕਾਂ ਦੀ ਮੁਰੰਮਤ ਕਰਵਾਈ।

ਇਥੇ ਹੀ ਬੱਸ ਨਹੀਂ ਸ੍ਰ. ਮਨੋਹਰ ਸਿੰਘ ਜੀ ਗਿੱਲ ਜਿਹੜੇ ਕੇਂਦਰੀ ਮੰਤਰੀ ਰਹੇ ਹਨ ਉਨ੍ਹਾਂ ਦੇ ਦਿਸ਼ਾ ਨਿਰਦੇਸ਼ਾਂ ਤੇ 450 ਸਕੂਲਾਂ ਵਿੱਚ ਦੋ ਦੋ ਕਮਰੇ ਬਣਵਾ ਕੇ ਦਿੱਤੇ ਹਨ। 150 ਧਰਮਸ਼ਾਲਾ ਬਣਵਾ ਕੇ ਦਿੱਤੀਆਂ ਹਨ। ਅੱਜ ਕੱਲ੍ਹ ਅਸੀਂ ਸਪੋਰਸ ਕਲੱਬਾਂ ਦੀ ਮਦਦ ਵੀ ਕਰ ਰਹੇ ਹਾਂ ਤਾਂ ਜੋ ਬੱਚਿਆਂ ਨੂੰ ਨਸ਼ਿਆਂ ਵੱਲੋਂ ਹਟਾ ਕੇ ਖੇਡਾਂ ਵਾਲੇ ਪਾਸੇ ਪ੍ਰੇਰਿਤ ਕੀਤਾ ਜਾ ਸਕੇ। ਇਸੇ ਤਰ੍ਹਾਂ ਤਰਨ ਤਾਰਨ ਸ਼ਹਿਰ ਵਿੱਚ ਜਿਹੜਾ ਲੜਕੀਆਂ ਦਾ ਸਕੂਲ ਹੈ, ਮੈਂ ਉਸ ਸਕੂਲ ਦੀ ਮੈਨਜ਼ਿੰਗ ਕਮੇਟੀ ਦਾ ਵੀ ਪਿਛਲੇ ਸੱਤ ਸਾਲਾਂ ਤੋਂ ਮੈਂਬਰ ਚੱਲਿਆ ਆ ਰਿਹਾ ਹਾਂ। ਅਸੀਂ ਲੜਕੀਆਂ ਨੂੰ No Profit No Loss ਦੇ ਆਧਾਰ 'ਤੇ ਹੋਸਟਲ ਵਿੱਚ ਰਹਿਣ ਦੀ ਸਹੂਲਤ ਦੇ ਰਹੇ ਹਾਂ ਤਾਂ ਜੋ ਉਹ ਵਿੱਦਿਆ ਪ੍ਰਾਪਤ ਕਰ ਸਕਣ। ਅਸੀਂ ਚਾਹੁੰਦੇ ਹਾਂ ਕਿ ਉਹ ਵਿੱਦਿਅਕ ਖ਼ੇਤਰ ਵਿੱਚ ਲੰਮੀਆਂ ਪਲਾਂਘਾਂ ਪੁਟਣ। ਅਸੀਂ ਪਿੰਡੋ ਪਿੰਡੀ ਜਾ ਕੇ ਜਿਨ੍ਹਾਂ ਲੋਕਾਂ ਦੀਆਂ ਪੈਨਸ਼ਨਾਂ ਰੁਕੀਆਂ ਹੋਈਆਂ ਹਨ ਜਾਂ ਜਿਨ੍ਹਾਂ ਨੂੰ ਸ਼ਗਨ ਸਕੀਮ ਤਹਿਤ ਮਦਦ ਨਹੀਂ ਮਿਲ ਰਹੀ ਉਨ੍ਹਾਂ ਦੀਆਂ ਇਹ ਮੁਸ਼ਕਲਾਂ ਦੂਰ ਕਰਨ ਦੇ ਉਪਰਾਲੇ ਕਰ ਰਹੇ ਹਾਂ। ਇਹਦੇ ਨਾਲ ਮੇਰੇ ਮਨ ਨੂੰ ਖੁਸ਼ੀ ਮਿਲਦੀ ਹੈ ਕਿ ਚਲੋ ਮੇਰੇ ਜੀਵਨ ਦਾ ਮਨੋਰਥ ਪੂਰਾ ਹੋ ਰਿਹਾ ਹੈ ਅਤੇ ਮੈਂ ਲੋਕਾਂ ਨਾਲ ਕੀਤੇ ਹੋਏ ਵਾਅਦੇ ਪੂਰੇ ਕਰ ਰਿਹਾ ਹਾਂ।

**ਸੁਆਲ:** ਸਿਆਸਤ ਇੱਕ ਜੂਆ ਹੈ। ਜੇਕਰ ਕੋਈ ਇਸ ਵਿੱਚ ਚੱਲ ਗਿਆ ਉਹ ਹੀਰੋ ਜਿਹੜਾ ਨਾ ਚੱਲ ਸਕਿਆ ਉਹ ਜ਼ੀਰੋ। ਤੁਸੀਂ ਇਸ ਬਾਰੇ ਕੀ ਕਹੋਗੇ?

**ਜੁਆਬ:** ਸਿਆਸਤ ਵਿੱਚ ਸਾਨੂੰ ਉਸਾਰੂ ਸੋਚ ਨਾਲ ਚੱਲਣਾ ਚਾਹੀਦਾ। ਜੇ ਅਸੀਂ ਇਹੀ ਸੋਚੀਏ ਕਿ ਸਾਨੂੰ ਹਰ ਅਹੁਦਾ ਮਿਲਣਾ ਚਾਹੀਦਾ। ਮੈਂ ਸਮਝਦਾ ਹਾਂ ਕਿ ਨਿਰਾ ਅਹੁਦਿਆਂ ਦੀ ਦੌੜ ਵਿੱਚ ਹੀ ਉਲਝੇ ਨਹੀਂ ਰਹਿਣਾ ਚਾਹੀਦਾ। ਜੇਕਰ ਸਾਡੀ ਇਹ ਖ਼ਾਹਸ਼ ਨੂੰ ਫਲ ਨਹੀਂ ਵੀ ਪੈਂਦਾ ਤਾਂ ਵੀ ਸਾਨੂੰ ਨਿਰਾਸ਼ਾਵਾਦੀ ਨਹੀਂ ਹੋਣਾ ਚਾਹੀਦਾ। ਕਰਮ ਕਰੋ ਫਲ ਦੀ ਪ੍ਰਾਪਤੀ ਵਾਹਿਗੁਰੂ ਤੇ ਛੱਡ ਦਿਉ। ਤਨੋ ਮਨੋ ਲੋਕਾਂ ਦੀ ਸੇਵਾ ਕਰਦੇ ਰਹੋ। ਉਸ ਦੇ ਘਰ ਦੇਰ ਹੈ ਅੰਧੇਰ ਨਹੀਂ, ਅਜਿਹੀ ਮੇਰੀ ਸੋਚ ਹੈ। ਤੁਹਾਡੀ ਸੇਵਾ ਨਿਹਫ਼ਲ ਨਹੀਂ ਜਾਵੇਗੀ। ਪ੍ਰਮਾਤਮਾ ਕਦੇ ਨਾ ਕਦੇ ਉਸ ਦਾ ਫਲ ਜ਼ਰੂਰ ਦੇਂਦਾ ਹੈ।

**ਸੁਆਲ:** ਸਿਆਸਤ ਵਿੱਚ ਆਮ ਕਰਕੇ ਵੇਖਿਆ ਜਾਂਦਾ ਹੈ ਕਿ ਸਿਆਸਤ ਵਿੱਚ ਜ਼ਿਆਦਾ ਕਰਕੇ ਬਿਰਧ ਵਿਅਕਤੀ ਹੀ ਮਿਲਦੇ ਹਨ। ਅਜਿਹੇ ਸਿਆਸਤਦਾਨ ਮਰਦੇ ਦਮ ਤੱਕ ਕੁਰਸੀ ਨੂੰ ਕਿਉਂ ਚੰਬੜੇ ਰਹਿਣਾ ਚਾਹੁੰਦੇ ਹਨ? ਜੇਕਰ ਨੌਜਵਾਨ ਵਰਗ ਅੱਗੇ ਆਵੇ ਤਾਂ ਤੁਹਾਨੂੰ ਉਨ੍ਹਾਂ ਤੋਂ ਕਿਹੋ ਜਿਹੀਆਂ ਆਸਾਂ ਹਨ?

**ਜੁਆਬ:** ਇਹ ਬਹੁਤ ਜ਼ਰੂਰੀ ਹੋ ਗਿਆ ਹੈ। ਨਵੇਂ ਜ਼ਮਾਨੇ ਦੇ ਨੌਜਵਾਨ ਲੋਕ ਨਵੀਆਂ ਸੋਚਾਂ ਹਨ ਅਤੇ ਨਵੇਂ ਸਿਸਟਮ ਦੇ ਅਨੁਸਾਰ ਜਿਹੜੀ ਉਸ ਦੀ ਉਸਾਰੂ ਸੋਚ ਹੈ। ਇਨ੍ਹਾਂ ਬੰਦਿਆਂ ਨੂੰ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਜਦੋਂ ਸਾਡਾ ਯੂਥ ਅੱਗੇ ਆਵੇਗਾ। ਨੌਜਵਾਨ ਦੇ ਅੱਗੇ ਆਉਣ ਨਾਲ ਸਾਡਾ ਦੇਸ਼ ਤਰੱਕੀ ਕਰ ਸਕੇਗਾ। ਕਈ ਵੇਰਾਂ ਪੁਰਾਣੀ ਉਮਰ ਦੇ ਨਾਲ ਸੋਚ ਵੀ ਪੁਰਾਣੀ ਹੋ ਜਾਂਦੀ ਹੈ। ਅਧੁਨਿਕ ਸਮਾਜ ਦੀ ਸੋਚ ਦੇ ਨਾਲ ਪੁਰਾਣੇ ਬੰਦਿਆਂ ਦੀ ਸੋਚ ਮੇਲ ਨਹੀਂ ਖਾਂਦੀ। ਇਸ ਕਰਕੇ ਮੈਂ ਸੋਚਦਾ ਹਾਂ ਕਿ ਨੌਜਵਾਨ ਵਰਗ ਨੂੰ ਮੌਕਾ ਮਿਲਣਾ ਚਾਹੀਦਾ ਹੈ ਕਿਉਂਕਿ ਅੱਗੇ ਚੱਲ ਕੇ ਉਨ੍ਹਾਂ ਹੀ ਦੇਸ਼ ਦੀ ਵਾਗ ਡੋਰ ਸੰਭਾਲਣੀ ਹੈ। ਜੇਕਰ ਉਨ੍ਹਾਂ ਨੂੰ ਹੁਣ ਤੋਂ ਹੀ ਮੌਕਾ ਮਿਲੇਗਾ ਤਾਂ ਉਹ ਚੰਗੇ ਰਹਿਬਰ ਬਣ ਸਕਣਗੇ। ਉਨ੍ਹਾਂ ਨੂੰ ਜਦੋਂ ਦੇਸ਼ ਉਸਾਰੀ ਦੇ ਕੰਮ ਕਰਨ ਦਾ ਮੌਕਾ ਮਿਲੇਗਾ ਤਾਂ ਉਹ ਛੋਟੀ ਉਮਰ ਤੋਂ ਹੀ ਤਜਰਬਾ ਹਾਸਲ ਕਰ ਸਕਣਗੇ ਅਤੇ ਪਿਛਲੇ ਸਮੇਂ ਵਿੱਚ ਜਿਹੜੀਆਂ ਮਾੜੀਆਂ ਗੱਲਾਂ ਹੋਈਆਂ ਹਨ ਉਨ੍ਹਾਂ ਪ੍ਰਤੀ ਸੁਚੇਤ ਹੋ ਸਕਣਗੇ। ਮੇਰੇ ਅਨੁਸਾਰ ਇਕੱਲੀ ਸਿਆਸਤ ਹੀ ਨਹੀਂ ਸਗੋਂ ਦੇਸ਼ ਉਸਾਰੀ ਦੇ ਹਰ ਕੰਮ ਵਿੱਚ ਨੌਜਵਾਨ ਵਰਗ ਦੀ ਸ਼ਮੂਲੀਅਤ ਹੋਣੀ ਸਮੇਂ ਦੀ ਮੰਗ ਹੈ,ਲੋੜ ਹੈ। ਇਸ ਤਰ੍ਹਾਂ ਉਹ ਵੀ ਦੇਸ਼ ਉਸਾਰੀ ਦੇ ਕੰਮ ਕਰਨ ਦਾ ਮੌਕਾ ਮਿਲੇਗਾ ਤਾਂ ਉਹ ਛੋਟੀ ਉਮਰ ਤੋਂ ਹੀ ਤਜਰਬਾ ਹਾਸਲ ਕਰ ਸਕਣਗੇ ਅਤੇ ਪਿਛਲੇ ਸਮੇਂ ਵਿੱਚ ਜਿਹੜੀਆਂ ਮਾੜੀਆਂ ਗੱਲਾਂ ਹੋਈਆਂ ਹਨ ਉਨ੍ਹਾਂ ਪ੍ਰਤੀ ਸੁਚੇਤ ਹੋ ਸਕਣਗੇ। ਮੇਰੇ ਅਨੁਸਾਰ ਇਕੱਲੀ ਸਿਆਸਤ ਹੀ ਨਹੀਂ ਸਗੋਂ ਦੇਸ਼ ਉਸਾਰੀ ਦੇ ਹਰ ਕੰਮ ਵਿੱਚ ਨੌਜਵਾਨ ਵਰਗ ਦੀ ਸ਼ਮੂਲੀਅਤ ਹੋਣੀ ਸਮੇਂ ਦੀ ਮੰਗ ਹੈ, ਲੋੜ ਹੈ। ਇਸ ਤਰ੍ਹਾਂ ਉਹ ਵੀ ਦੇਸ਼ ਦੀ,ਸਮਾਜ ਦੀ ਨਵ ਸਿਰਜਣਾ ਵਿੱਚ ਹਿੱਸਾ ਪਾ ਸਕਣਗੇ।

**ਸੁਆਲ:** ਅੱਜ ਕੱਲ੍ਹ ਭ੍ਰਿਸ਼ਟਾਚਾਰ ਸਾਡੇ ਦੇਸ਼ ਦਾ ਮੁੱਖ ਮੁੱਦਾ ਬਣ ਗਿਆ ਹੈ।ਸਾਡੀ ਸਾਰੀ ਸੋਚ ਭਾਵੇਂ ਉਹ ਬੁੱਧੀਜੀਵੀ ਵੀ ਨੇ ਉਨ੍ਹਾਂ ਦੀ ਸੋਚ ਇਸ ਦੇ ਦੁਆਲੇ ਹੀ ਘੁੰਮਦੀ ਹੈ ਕਿ ਅਖ਼ਿਰ ਇਸ ਭ੍ਰਿਸ਼ਟਾਚਾਰ ਨੂੰ ਨੱਥ ਕਿਵੇਂ ਪਵੇਗੀ? ਪਿਛਲੇ ਦਿਨੀਂ ਅੰਨਾ ਹਜ਼ਾਰੇ ਜੀ ਨੇ ਭ੍ਰਿਸ਼ਟਾਚਾਰ ਵਿਰੁੱਧ ਮਰਨ ਵਰਤ ਰੱਖ ਕੇ ਲੋਕਾਂ ਨੂੰ ਜਾਗ੍ਰਿਤ ਕਰ ਆਪਣੇ ਨਾਲ ਜੋੜਿਆ ਹੈ। ਕੀ ਤੁਹਾਡੀ ਨਜ਼ਰ ਵਿੱਚ ਜਾਂ ਤੁਹਾਡੀ ਸੋਚ ਅਨੁਸਾਰ ਲੋਕ ਪਾਲ ਬਿੱਲ ਪਾਸ ਹੋ ਜਾਣ ਨਾਲ ਭ੍ਰਿਸ਼ਟਾਚਾਰ ਨੂੰ ਨੱਥ ਪੈ ਸਕੇਗੀ?

**ਜੁਆਬ:** ਬਿਲਕੁਲ ਜੀ। ਇਹ ਬਹੁਤ ਜ਼ਰੂਰੀ ਹੈ। ਲੋਕਪਾਲ ਬਿੱਲ ਦਾ ਪਾਸ ਹੋਣਾ ਬਹੁਤ ਜ਼ਰੂਰੀ ਹੈ। ਸਾਨੂੰ ਸਾਰਿਆਂ ਨੂੰ ਅੰਨਾਂ ਹਜ਼ਾਰੇ ਜੀ ਦੀ ਸੋਚ ਦਾ ਨਿਰਾ ਸਮੱਰਥਨ ਹੀ ਨਹੀਂ ਕਰਨਾ ਚਾਹੀਦਾ ਸਗੋਂ ਉਨ੍ਹਾਂ ਦੇ ਪਦ-ਚਿੰਨ੍ਹਾਂ ਤੇ ਚੱਲਦਿਆਂ ਹੋਇਆਂ ਉਨ੍ਹਾਂ ਦੇ ਇਸ ਕੰਮ ਵਿੱਚ ਉਨ੍ਹਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲਣਾ ਚਾਹੀਦਾ ਹੈ। ਇਸ ਭ੍ਰਿਸ਼ਟਾਚਾਰ ਨੇ ਸਾਡੇ ਸਮਾਜ ਨੂੰ ਖੋਖਲਾ ਕਰ ਦਿੱਤਾ ਹੈ। ਇਹ ਇੱਥੋਂ ਤੱਕ ਵੱਧ ਚੁੱਕਾ

ਹੈ ਕਿ ਇਸ ਨੇ ਕਿਸੇ ਨੂੰ ਨਹੀਂ ਬਖ਼ਸ਼ਿਆ। ਇਸ ਨੇ ਮਾਂ, ਭੈਣ, ਭਰਾ,ਬਾਪੂ ਕਿਸੇ ਨੂੰ ਵੀ ਨਹੀਂ ਬਖ਼ਸ਼ਿਆ। ਅੰਨਾ ਹਜ਼ਾਰਾ ਜੀ ਨੇ ਜਿਹੜਾ ਇਸ ਸੋਚ ਤੋਂ ਉੱਚਾ ਉੱਠ ਕੇ ਇਹ ਕੰਮ ਕਰਨ ਦਾ ਬੀੜਾ ਚੁਕਿਆ ਹੈ ਮੈਂ ਤਾਂ ਉਨ੍ਹਾਂ ਦੀ ਇਸ ਸੋਚ ਤੇ ਪਹਿਰਾ ਦੇਣ ਦੀ ਕੋਸ਼ਿਸ਼ ਕਰਾਂਗਾ। ਮੈਂ ਤਾਂ ਇਸ ਦਾ ਪ੍ਰਚਾਰ ਪਿੰਡ ਪੱਧਰ ਤੇ ਵੀ ਕਰਾਂਗਾ ਤਾਂ ਜੋ ਉਨ੍ਹਾਂ ਵਰਗੀ ਸੋਚ ਦੇ ਹੋਰ ਬੰਦੇ ਉੱਠਣ ਅਤੇ ਭ੍ਰਿਸ਼ਟਾਚਾਰ ਨੂੰ ਨੱਥ ਪੈ ਸਕੇ। ਮੇਰੀ ਤਾਂ ਇਹ ਵੀ ਸੋਚ ਹੈ ਕਿ ਭ੍ਰਿਸ਼ਟ ਲੋਕਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਉਨ੍ਹਾਂ ਨੂੰ ਚੁਰਾਹਿਆਂ ਵਿੱਚ ਖੜਾ ਕਰਕੇ ਸਾਜ਼ਵਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਉਨ੍ਹਾਂ ਦਾ ਮਾੜਾ ਹਸ਼ਰ ਹੁੰਦਾ ਵੇਖ ਕੇ ਦੂਸਰੇ ਲੋਕ ਉਨ੍ਹਾਂ ਨੂੰ ਘਿਰਣਾ ਕਰਨ ਅਤੇ ਸਬਕ ਲੈ ਸਕਣ ਕਿ ਭ੍ਰਿਸ਼ਟ ਲੋਕਾਂ ਦਾ ਹਸ਼ਰ ਮਾੜਾ ਹੀ ਹੁੰਦਾ ਹੈ ਅਤੇ ਉਹ ਵੀ ਅਜਿਹੇ ਬਣਨ ਤੋਂ ਤੋਬਾ ਕਰਨ। ਇਹ ਲੋਕ ਸਮਾਜ ਦੇ ਦੁਸ਼ਮਣ ਹਨ। ਇਨ੍ਹਾਂ ਨੇ ਸਮਾਜ ਨੂੰ ਲੁੱਟਿਆ ਹੈ ਅਤੇ ਇਹ ਲੋਕ ਨਫ਼ਰਤ ਦੇ ਪਾਤਰ ਹਨ। ਇਨ੍ਹਾਂ ਨੇ ਦੇਸ਼ ਅਤੇ ਸਮਾਜ ਦੀ ਆਰਥਿਕਤਾ ਨੂੰ ਢਾਹ ਲਾਈ ਹੈ ਇਸ ਲਈ ਇਨ੍ਹਾਂ ਨੂੰ ਸਮਾਜ ਤੋਂ ਦੂਰ ਹੀ ਰੱਖਣਾ ਹੈ।

**ਸੁਆਲ:** ਇਸ ਵਿੱਚ ਤਾਂ ਕੋਈ ਦੂਸਰੀ ਰਾਏ ਨਹੀਂ ਕਿ ਜੀਹਦੇ ਕੋਲ ਪੈਸਾ ਹੋਵੇਗਾ ਉਹ ਹੀ ਅਲੈਕਸ਼ਨ ਲੜ ਸਕੇਗਾ। ਇਹ ਵੀ ਸਾਹਮਣੇ ਹੈ ਕਿ ਚੋਣਾਂ ਵਿੱਚ ਕਾਲੇ ਧਨ ਦੀ ਖੁੱਲ੍ਹ ਵੇ ਵਰਤੋਂ ਹੁੰਦੀ ਹੈ। ਕੀ ਤੁਸੀਂ ਸਮਝਦੇ ਹੋ ਕਿ ਚੋਣਾਂ ਵਿੱਚ ਕਾਲੇ ਧਨ ਦੀ ਵਰਤੋਂ ਖੁੱਲ੍ਹ ਕੇ ਹੁੰਦੀ ਹੈ ਅਤੇ ਕੀ ਇਸ ਤਰ੍ਹਾਂ ਹੋਣਾ ਠੀਕ ਹੈ?

**ਜੁਆਬ:** ਇਹ ਬਿਲਕੁਲ ਸੱਚ ਹੈ ਕਿ ਚੋਣਾਂ ਵਿੱਚ ਉਨ੍ਹਾਂ ਲੋਕਾਂ ਦਾ ਬੋਲਬਾਲਾ ਰਹਿੰਦਾ ਹੈ ਜਿਨ੍ਹਾਂ ਕੋਲ ਕਾਲਾ ਧਨ ਹੁੰਦਾ ਹੈ। ਉਨ੍ਹਾਂ ਦੀ ਲਾਲਸ ਹੁੰਦੀ ਹੈ ਕਿ ਲੋਕ ਸਾਡੇ ਕਾਲੇ ਧਨ ਕਰਕੇ ਸਾਨੂੰ ਨਫ਼ਰਤ ਨਾ ਕਰਨ ਸਗੋਂ ਸਾਨੂੰ ਸਲਾਮਾਂ ਕਰਨ। ਉਹ ਆਪਣੀ ਇਸ ਭੁੱਖ ਦੀ ਪੂਰਤੀ ਆਪਣੇ ਕਾਲੇ ਧਨ ਦੇ ਬਲਬੂਤੇ ਤੇ ਪੂਰੀ ਕਰਦੇ ਹਨ। ਉਨ੍ਹਾਂ ਦੇ ਏਜੰਟ ਚੋਣ ਪ੍ਰਕਿਰਿਆ ਸ਼ੁਰੂ ਹੋਣ ਤੋਂ ਪਹਿਲਾਂ ਹੀ ਪਿੰਡਾਂ ਵਿੱਚ ਆ ਡੇਰੇ ਲਾਉਂਦੇ ਹਨ ਅਤੇ ਅਤੇ ਆਪਣੇ ਰਾਸੂਖ਼ ਵਾਲਿਆਂ ਲੋਕਾਂ ਰਾਹੀਂ ਪਿੰਡ ਦੇ ਲੋਕਾਂ ਵਿੱਚ ਨਸ਼ਿਆਂ ਦੀ ਵਰਤੋਂ ਸ਼ੁਰੂ ਕਰ ਦਿੰਦੇ ਹਨ। ਇਸ ਤਰ੍ਹਾਂ ਉਹ ਇੱਕ ਤੀਰ ਨਾਲ ਦੋ ਨਿਸ਼ਾਨੇ ਕਰ ਰਹੇ ਹੁੰਦੇ ਹਨ। ਕਾਲੇ ਧਨ ਦੀ ਵਰਤੋਂ ਵੀ ਹੋ ਜਾਂਦੀ ਹੈ ਅਤੇ ਉਨ੍ਹਾਂ ਦਾ ਪਿੰਡਾਂ ਵਿੱਚ ਦਬਦਬਾ ਵੀ ਬਣ ਜਾਂਦਾ ਹੈ।

ਜਿਹੜੇ ਲੋਕ ਇਨ੍ਹਾਂ ਦੇ ਇਸ ਜਾਲ ਵਿੱਚ ਫਸ ਜਾਂਦੇ ਹਨ ਉਨ੍ਹਾਂ ਰਾਹੀਂ ਪਿੰਡਾਂ ਵਿੱਚ ਧੜੇਬੰਦੀਆਂ ਬਣ ਜਾਂਦੀਆਂ ਹਨ ਜਿਹੜੀਆਂ ਅੱਗੇ ਚੱਲ ਕੇ ਲੜਾਈ ਝਗੜੇ,ਕਤਲ, ਮੁਕਦਮੇ, ਕਚਹਿਰੀਆਂ ਦੀ ਖੱਜਲ ਖ਼ੁਆਰੀ ਬਣ ਜਾਂਦੀ ਹੈ। ਉਹ ਲੋਕ ਜਿਹੜੇ ਪਹਿਲਾਂ ਇੱਜ਼ਤ ਦੀ ਰੋਟੀ ਖਾਂਦੇ ਸਨ ਧੜੇਬੰਦੀਆਂ ਵਿੱਚ ਫਸ ਚੁਕੇ ਹੁੰਦੇ ਹਨ। ਮੁਕਦਮਿਆਂ ਵਿੱਚ ਫਸੇ ਲੋਕ ਇਨ੍ਹਾਂ ਦੇ ਚੁੰਗਲ ਵਿੱਚ ਫਸ ਚੁੱਕੇ ਹੁੰਦੇ ਹਨ ਅਤੇ ਉਹ ਇਨ੍ਹਾਂ ਲੋਕਾਂ ਦੇ ਰਹਿਮੋ-ਕਰਮ ਤੇ ਹੋ ਜਾਂਦੇ ਹਨ। ਉਹ ਜਾਣਦਿਆਂ ਹਇਆ ਵੀ ਕਿ ਇਹ ਮਾੜੇ ਲੋਕ ਹਨ ਇਨ੍ਹਾਂ ਦੇ ਖਿਲਾਫ਼ ਆਵਾਜ਼ ਨਹੀਂ ਕੱਢ ਸਕਦੇ। ਮੇਰਾ ਸੋਚਣਾ ਹੈ ਕਿ ਸਾਨੂੰ ਅਜਿਹੇ ਅੰਸਰਾਂ ਦੇ ਵਿਰੁੱਧ ਇੱਕ ਮੁੱਠ ਹੋ ਕੇ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ ਅਤੇ ਅਜਿਹੇ ਲੋਕਾਂ ਨੂੰ, ਕਾਲੇ ਧਨ ਵਾਲਿਆ ਨੂੰ ਜੱਗ ਜ਼ਾਹਰਾ ਕਰਨਾ ਚਾਹੀਦਾ ਹੈ। ਜਦੋਂ ਤੱਕ ਕਾਲੇ ਧਨ ਦੇ ਨਾਗ਼ ਦਾ ਸਿਰ ਨਹੀਂ ਕੁਚਲਿਆ ਜਾਂਦਾ, ਸਾਡਾ ਦੇਸ਼ ਤਰੱਕੀ ਨਹੀਂ ਕਰ ਸਕਦਾ।

**ਸੁਆਲ:** ਪਾਰਟੀ ਵਿੱਚ ਕੰਮ ਕਰ ਰਿਹਾ ਹਰ ਵਰਕਰ ਇਸ ਗੱਲ ਦੀ ਆਸ ਰੱਖਦਾ ਹੈ ਕਿ ਉਸ ਨੂੰ ਵੀ ਸਮੇਂ ਸਮੇਂ ਤੇ ਪਾਰਟੀ ਵਿੱਚ ਕੋਈ ਅਹੁਦਾ ਮਿਲੇ। ਉਮੀਦਵਾਰ ਦੀ ਚੋਣ ਸਮੇਂ ਟਿਕਟਾਂ ਦੀ ਵੰਡ ਪ੍ਰਕਿਰਿਆ ਦੇ ਪਰਦੇ ਪਿੱਛੇ ਕੀ ਹੁੰਦਾ ਹੈ ਅਤੇ ਉਮੀਦਵਾਰ ਦੀ ਚੋਣ ਲਈ ਕੀ ਮਾਪਦੰਡ ਵਰਤੇ ਜਾਂਦੇ ਹਨ? ਕੀ ਤੁਸੀਂ ਅਜੋਕੇ ਵਰਤੇ ਜਾਂਦੇ ਮਾਪਦੰਡਾਂ ਨਾਲ ਸਹਿਮਤ ਹੋ?

**ਜੁਆਬ:** ਮੈਂ ਬਿਲਕੁਲ ਸਹਿਮਤ ਨਹੀਂ ਹਾਂ ਜੀ। ਉੱਤੇ ਬੈਠੇ ਪਹਿਲਾਂ ਚੁਣੇ ਗਏ ਭ੍ਰਿਸ਼ਟ ਲੀਡਰ ਜਿਹੜੇ ਪਹਿਲਾਂ ਹੀ ਬੈਠੇ ਹਨ ਉਨ੍ਹਾਂ ਨੇ ਆਪਣੇ ਵਰਗੇ ਹੀ ਸਮਾਜ ਸਿਰਜਣ ਦੀ ਗੱਲ ਕਰਨੀ ਹੁੰਦੀ ਹੈ। ਉਹ ਆਪਣੇ ਵਰਗੇ ਹੀ ਉਮੀਦਵਾਰ ਲੱਭਦੇ ਹਨ ਜਿਹੜੇ ਹੇਠੋਂ ਲੋਕਾਂ ਤੋਂ ਲੁੱਟ-ਖਸੁੱਟ ਕਰਕੇ ਪੈਸੇ ਲੁੱਟ ਕੇ ਲਿਆਉਣ ਅਤੇ ਉਨ੍ਹਾਂ ਦੀਆਂ ਜ਼ੇਬਾਂ ਭਰਨ। ਉਹ ਉਨ੍ਹਾਂ ਨੂੰ ਹੀ ਟਿਕਟ ਦੇਣ ਦੀ ਹਮੇਸ਼ਾਂ ਕੋਸ਼ਿਸ਼ ਕਰਦੇ ਹਨ। ਜ਼ਿਆਦਾ ਕਰਕੇ ਲੋਕਾਂ ਨੂੰ ਇਸ ਪ੍ਰਕਿਰਿਆ ਚੋਂ ਲੰਘਣਾ ਪੈਂਦਾ ਹੈ। ਸਾਨੂੰ ਵੀ ਅਜਿਹੀ ਪ੍ਰਕਿਰਿਆ ਨੂੰ ਨੇੜਿਓ ਹੋ ਕੇ ਵੇਖਣ ਦਾ ਮੌਕਾ ਮਿਲਿਆ ਹੈ। ਮੈਂ ਸਮਝਦਾ ਹਾਂ ਸਾਨੂੰ ਅਜਿਹੇ ਭ੍ਰਿਸ਼ਟ ਲੋਕਾਂ ਤੋਂ ਬਚਣ ਦੀ ਲੋੜ ਹੈ ਅਤੇ ਉਮੀਦਵਾਰਾਂ ਨੂੰ ਆਪਣੀ ਸੋਚ ਬਦਲਣ ਦੀ ਲੋੜ ਹੈ। ਕੋਈ ਲੋੜ ਨਹੀਂ ਪੈਸੇ ਖ਼ਰਚ ਕੇ ਟਿਕਟਾਂ ਲੈਣ ਦੀ। ਪੈਸੇ ਖ਼ਰਚ ਕੇ ਟਿਕਟ ਲੈ ਕੇ ਫਿਰ ਪੰਜ ਸਾਲਾਂ ਤੱਕ ਪੈਸੇ ਇਕੱਠੇ ਕਰਦੇ ਰਹੋ। ਇਸ ਨਾਲ ਭ੍ਰਿਸ਼ਟਾਚਾਰ ਫੈਲਦਾ ਹੈ। ਇਸ ਤੋਂ ਬਚਣ ਦੀ ਜ਼ਰੂਰਤ ਹੈ।

**ਸੁਆਲ:** ਵਿਦੇਸ਼ਾਂ ਵਿੱਚ ਉਮੀਦਵਾਰ ਚੁਣਨ ਲਈ ਪਾਰਟੀ ਅੰਤਰ ਮੁਕਾਬਲਾ ਹੋਣ ਪਿੱਛੋਂ ਹੀ ਉਮੀਦਵਾਰ ਦੀ ਚੋਣ ਨੂੰ ਅੰਤਿਮ ਰੂਪ ਦਿੱਤਾ ਜਾਂਦਾ ਹੈ। ਭਾਰਤ ਵਿੱਚ ਅਜਿਹਾ ਕਿਉਂ ਨਹੀਂ ਹੁੰਦਾ ?

**ਜੁਆਬ:** ਕਾਫੀ ਵੇਰਾਂ ਇਸ ਤਰ੍ਹਾਂ ਕਰਨ ਲਈ ਸਾਡੀਆਂ ਪਾਰਟੀਆਂ ਨੇ ਰਲ ਕੇ ਵਿਚਾਰਿਆ ਸੀ ਕਿ ਹਿੰਦੁਸਤਾਨ ਵਿੱਚ ਵੀ ਬਾਹਰਲੇ ਦੇਸ਼ਾਂ ਵਾਂਗ ਦੋ ਪਾਰਟੀ ਸਿਸਟਮ ਹੋ ਜਾਵੇ ਪਰ ਪਤਾ ਨਹੀਂ ਕਿਹੜੇ ਕਾਰਨਾਂ

ਕਰਕੇ ਲਾਗੂ ਨਹੀਂ ਸੀ ਹੋ ਸਕਿਆ। ਜੇਕਰ ਇਹ ਪ੍ਰਕਿਰਿਆ ਭਾਰਤ ਵਿੱਚ ਵੀ ਲਾਗੂ ਹੋ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਬਹੁਤ ਵਧੀਆ ਗੱਲ ਹੈ। ਕਨੇਡਾ ਵਿੱਚ ਚੋਣ ਲੜਨ ਲਈ ਚੁਣੇ ਜਾਣ ਵਾਲੇ ਉਮੀਦਵਾਰ ਨੂੰ ਹੇਠਾਂ ਤੋਂ ਅੰਤ ਤੱਕ ਇਸ ਪ੍ਰਕਿਰਿਆ ਚੋਂ ਗੁਜ਼ਰ ਕੇ ਆਉਂਣਾ ਪੈਂਦਾ ਹੈ। ਇਸ ਤਰ੍ਹਾਂ ਡੈਲੀਗੇਟ ਨੂੰ ਆਪਣੀ ਲੋਕ ਪ੍ਰਿਯਤਾ ਦਾ ਪਤਾ ਲੱਗ ਜਾਂਦਾ ਹੈ ਕਿ ਲੋਕਾਂ ਵਿੱਚ ਉਸ ਦੀ ਸਾਖ ਕਿੰਨੀ ਕੁ ਹੈ। ਇਸ ਦੇ ਨਾਲ ਨਾਲ ਉਸ ਦੇ ਲੋਕਾਂ ਨਾਲ ਸਬੰਧ ਤਾਂ ਬਣ ਹੀ ਜਾਂਦੇ ਹਨ ਉਹ ਲੋਕਾਂ ਦੀਆਂ ਮੁਸ਼ਕਲਾਂ ਤੋਂ ਵੀ ਜਾਣੂ ਹੋ ਜਾਂਦਾ ਹੈ। ਜਦੋਂ ਉਹ ਉਮੀਦਵਾਰ ਜਿੱਤ ਕੇ ਵਿਧਾਨ ਸਭਾ ਵਿੱਚ ਪਹੁੰਚ ਜਾਂਦਾ ਹੈ ਤਾਂ ਉਸ ਨੂੰ ਲੋਕਾਂ ਦਾ ਪ੍ਰਤੀਨਿਧੀ ਦੇ ਰੂਪ ਵਿੱਚ ਲੋਕਾਂ ਦੀ ਆਵਾਜ਼ ਬਣ ਕੇ ਉਨ੍ਹਾਂ ਦੀਆਂ ਤਕਲੀਫਾਂ ਪੇਸ਼ ਕਰਨਾ ਸੌਖਾ ਵੀ ਹੋ ਜਾਂਦਾ ਹੈ। ਪਰ ਦੁੱਖ ਦੀ ਗੱਲ ਹੈ ਕਿ ਭਾਰਤ ਵਿੱਚ,ਜਿਵੇਂ ਕਿ ਮੈਂ ਪਹਿਲਾਂ ਹੀ ਦੱਸ ਚੁੱਕਾਂ ਹਾਂ ਕਿ ਜਿਹੜੇ ਕਾਲੇ ਧਨ ਵਾਲੇ ਲੋਕ ਹੁੰਦੇ ਹਨ ਜਾਂ ਸਮਗਲਰ ਬਿਰਤੀ ਵਾਲੇ ਲੋਕ ਹੁੰਦੇ ਹਨ ਉਹ ਆਪਣੇ ਕਾਲੇ ਧਨ ਦੇ ਜ਼ੋਰ ਤੇ ਸਿੱਧੇ ਹੀ ਆ ਕੇ, ਚੁਣੇ ਜਾਣ ਵਾਲੇ ਚੰਗੇ ਉਮੀਦਾਵਰ ਨੂੰ ਪਿੱਛੇ ਧੱਕ ਕੇ ਅੱਗੇ ਆ ਜਾਂਦੇ ਹਨ। ਆ ਕੀ ਜਾਂਦੇ ਹਨ ਲੋਕਾਂ ਦੇ ਸਿਰ ਤੇ ਠੋਸੇ ਜਾਂਦੇ ਹਨ। ਇਸ ਦਾ ਨਤੀਜਾ ਕੋਈ ਜ਼ਿਆਦਾ ਚੰਗਾ ਨਹੀਂ ਹੁੰਦਾ।

**ਸੁਆਲ:** ਕੀ ਸਿਆਸੀ ਜੀਵਨ ਜੀਉਂਦਿਆਂ ਕਿਸੇ ਸਿਆਸੀ ਵਿਅਕਤੀ ਦਾ ਘਰੇਲੂ ਜੀਵਨ ਬਿਖਰ ਕੇ ਤਾਂ ਨਹੀਂ ਰਹਿ ਜਾਂਦਾ? ਤੁਸੀਂ ਵੀ ਦੋ ਜੀਵਨ ਜਿਉ ਰਹੇ ਹੋ। ਇੱਕ ਸਿਆਸੀ ਜੀਵਨ ਹੈ ਜਿਹੜਾ ਤੁਸੀਂ ਬਾਹਰ ਲੋਕਾਂ ਵਿੱਚ ਜਿਉਂਦੇ ਹੋ ਅਤੇ ਦੂਸਰਾ ਹੈ ਤੁਹਾਡਾ ਘਰੇਲੂ ਜੀਵਨ,ਜਿਹੜਾ ਤੁਸੀਂ ਆਪਣੇ ਪਰਿਵਾਰ ਨਾਲ ਜੀਉਂਦੇ ਹੋ। ਤੁਸੀਂ ਆਪਣੇ ਇਨ੍ਹਾਂ ਦੋਹਾਂ ਜੀਵਨਾਂ ਨੂੰ ਕਿੱਦਾਂ ਸੰਭਾਲਿਆ ਹੋਇਆ ਹੈ?

**ਜੁਆਬ:** ਮੈਨੂੰ ਇਸ ਸਿਆਸੀ ਜੀਵਨ ਵਿੱਚ ਮੇਰਾ ਪਰਿਵਾਰ ਪੂਰਾ ਪੂਰਾ ਸਹਿਯੋਗ ਦੇ ਰਿਹਾ ਹੈ। ਇਹ ਗੱਲ ਜ਼ਰੂਰ ਹੈ ਕਿ ਮੈਨੂੰ ਪਰਿਵਾਰਕ ਸਹਿਯੋਗ ਤਾਂ ਮਿਲ ਰਿਹਾ ਹੈ ਪਰ ਇਸ ਦੇ ਨਾਲ ਹੀ ਮੇਰੇ ਬੱਚਿਆਂ ਦਾ ਕਹਿਣਾ ਹੈ ਅਤੇ ਬਜ਼ੁਰਗਾਂ ਦੀ ਤਾੜਨਾ ਹੈ ਕਿ ਜਿੰਨਾਂ ਚਿਰ ਸਿਆਸਤ ਖ਼ੇਤਰ ਵਿੱਚ ਰਹਿਣਾ ਹੈ ਇਮਾਨਦਾਰੀ ਨਾਲ ਰਹਿਣਾ ਹੈ। ਕੋਈ ਅਜਿਹਾ ਕੰਮ ਨਹੀਂ ਕਰਨਾ ਜਿਸ ਨਾਲ ਪਰਵਿਾਰ ਦੇ ਨਾਂ ਤੇ ਦਾਗ਼ ਲੱਗੇ। ਬਾਬਿਆਂ-ਦਾਦਿਆਂ ਦੇ ਵੇਲੇ ਤੋਂ ਇਸ ਪਰਿਵਾਰ ਨੇ ਜਿਹੜੀ ਇੱਜ਼ਤ ਕਮਾਈ ਹੈ ਜੇਕਰ ਉਹ ਹੋਰ ਅੱਗੇ ਵਧਾਈ ਨਹੀਂ ਜਾ ਸਕਦੀ ਤਾਂ ਘੱਟੋ ਘੱਟ ਉਸ ਨੂੰ ਘਟਾਇਆ ਤਾਂ ਨਾ ਜਾਵੇ। ਉਸ ਬਣੀ ਹੋਈ ਇਜ਼ਤ ਨੂੰ ਉੱਚਾ ਚੁੱਕਣ ਲਈ ਮੇਰਾ ਪਰਿਵਾਰ ਮੇਰਾ ਸਾਥ ਦੇ ਰਿਹਾ ਹੈ। ਮੈਂ ਸਮਝਦਾ ਹਾਂ ਕਿ ਮੈਂ ਦੋਵੇਂ ਹੀ ਜੀਵਨ ਬੜੀ ਸੰਤੁਸ਼ਟੀ ਨਾਲ ਜੀਉ ਰਿਹਾ ਹਾਂ। ਮੇਰੇ ਘਰੇਲੂ ਜੀਵਨ ਵਿੱਚ ਕੋਈ ਬਿਖ਼ੇਰਾ ਵੀ ਨਹੀਂ ਅਤੇ ਬਿਖੇੜਾ ਵੀ ਨਹੀਂ।

**ਸੁਆਲ:** ਮੈਂ ਜਾਣਦਾ ਹਾਂ ਕਿ ਸਿਆਸੀ ਜੀਵਨ ਵਿੱਚ ਵਿਚਰਦਿਆਂ ਹੋਇਆਂ ਕਈ ਅਜਿਹੀਆਂ ਘਟਨਾਵਾਂ ਘਟ ਜਾਂਦੀਆਂ ਹਨ ਜਾਂ ਉਨ੍ਹਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਹੜੀਆਂ ਜੀਵਨ ਦੀਆਂ ਅਭੁੱਲ ਯਾਦਾਂ ਬਣ ਜਾਂਦੀਆਂ ਹਨ। ਕੀ ਤੁਸੀਂ ਆਪਣੇ ਸਿਆਸੀ ਜੀਵਨ ਵਿੱਚ ਵਾਪਰੀ ਕਿਸੇ ਅਜਿਹੀ ਘਟਨਾ ਨੂੰ ਸਾਡੇ ਨਾਲ ਸਾਝਾ ਕਰਨਾ ਚਾਹੋਗੇ ਜਿਹੜੀ ਅੱਜ ਵੀ ਤੁਹਾਨੂੰ ਟੁੰਬਦੀ ਹੋਵੇ?

**ਜੁਆਬ:** ਮੈਨੂੰ ਯਾਦ ਹੈ ਅਸੀਂ ਇੱਕ ਸਿਆਸੀ ਮੁਹਿੰਮ ਤੇ ਗਏ ਸੀ। ਇਹ ਗੱਲ ਕੋਈ 14 ਕੁ ਸਾਲ ਪੁਰਾਣੀ ਹੈ। ਸੰਨ 1997 ਵਿੱਚ ਸਾਡੀ ਡਿਊਟੀ ਲੱਗੀ ਸੀ ਕਿ ਅਸੀਂ ਚੋਣ ਪ੍ਰਕਿਰਿਆ ਤੇ ਨਿਗਰਾਨੀ ਰੱਖੀਏ। ਅਸੀਂ ਜਦੋਂ ਪਿੰਡ ਰਾਜਾਸਾਂਸੀ, ਜਿਹੜਾ ਕਿ ਤਹਿਸੀਲ ਅਜਨਾਲਾ ਵਿੱਚ ਪੈਂਦਾ ਹੈ, ਗਏ ਤਾਂ ਵੇਖਿਆ ਕਿ ਵਿਰੋਧੀ ਪਾਰਟੀ ਦੇ ਕੁਝ ਲੋਕ 'ਸਾਂਸੀ' ਬਰਾਦਰੀ ਦੇ ਵੋਟਰਾਂ ਤੋਂ ਉਨ੍ਹਾਂ ਦੀਆਂ ਵੋਟਾਂ ਖਰੀਦ ਰਹੇ ਸੀ ਅਤੇ ਉਨ੍ਹਾਂ ਦੇ ਰਾਸ਼ਨ ਕਾਰਡ ਜਿਹੜੇ ਕਿ ਸ਼ਨਾਖ਼ਤ ਵਜੋਂ ਵਰਤੇ ਜਾਣੇ ਸਨ,ਆਪਣੇ ਹੱਥਾਂ ਵਿੱਚ ਫੜ੍ਹੇ ਹੋਏ ਸਨ। ਉਹ ਉਨ੍ਹਾਂ ਦੀਆਂ ਵੋਟਾਂ ਜਬਰਦਸਤੀ ਆਪਣੇ ਹੱਕ ਵਿੱਚ ਆਪ ਪਾਉਂਣ ਦੀ ਕੋਸ਼ਿਸ਼ ਕਰ ਰਹੇ ਸਨ। ਜਦੋਂ ਅਸੀਂ ਉਨ੍ਹਾਂ ਨੂੰ ਇਸ ਤਰ੍ਹਾਂ ਕਰਨ ਤੋਂ ਰੋਕਿਆ ਤਾਂ ਝਗੜਾ ਹੋ ਗਿਆ,ਡਾਂਗ ਸੋਟਾ ਖੜਕਿਆ,ਕਾਰਾਂ ਦੀ ਭੰਨਤੋੜ ਹੋ ਗਈ। ਪੁਲਿਸ ਚੁੱਪਚਾਪ ਮੂਕ ਦਰਸ਼ਕ ਬਣੀ ਤਮਾਸ਼ਾ ਵੇਖਦੀ ਰਹੀ। ਸਮਾਜ ਦੇ ਅਮੀਰ ਲੋਕਾਂ ਨੇ ਗਰੀਬਾਂ ਨੂੰ ਵਰਗਲਾ ਕੇ ਅਤੇ ਗਲਤ ਤਰੀਕਿਆਂ ਰਾਹੀਂ ਉਨ੍ਹਾਂ ਦੀਆਂ ਵੋਟਾਂ ਹਥਿਆਈਆਂ ਅਤੇ ਧੱਕੇ ਨਾਲ ਹੀ ਉਸ ਮਿਊਂਸਪਲ ਕਮੇਟੀ ਤੇ ਕਬਜਾ ਕੀਤਾ। ਇਸ ਧੱਕੇਸ਼ਾਹੀ ਦੇ ਵਿਰੋਧ ਵਿੱਚ ਲੋਕਾਂ ਨੇ ਧਰਨਾ ਦਿੱਤਾ, ਸੜਕ ਵਿੱਚ ਇੱਟਾਂ ਲਾ ਕੇ ਰਸਤਾ ਰੋਕਿਆ, ਮੁਜ਼ਾਹਰਾ ਹੋਇਆ। ਆਖ਼ਿਰ ਲੋਕ ਸੰਘਰਸ਼ ਦਾ ਜ਼ੋਸ਼ ਵੇਖਦਿਆਂ ਹੋਇਆਂ ਸਰਕਾਰ ਨੂੰ ਝੁਕਣਾ ਪਿਆ ਸੀ ਅਤੇ ਲੋਕਾਂ ਦੀ ਦੁਬਾਰਾ ਵੋਟਾਂ ਪਵਾਉਣ ਦੀ ਮੰਗ ਪ੍ਰਵਾਨ ਕਰਨੀ ਪਈ ਸੀ। ਇਹ ਸਭ ਕੁਝ ਵੇਖ ਕੇ ਮੈਨੂੰ ਸੰਜ ਪੈ ਗਈ ਸੀ ਕਿ ਸੱਚੇ ਲੋਕ ਸੰਘਰਸ਼ ਅੱਗੇ ਕੋਈ ਨਹੀਂ ਟਿਕ ਸਕਦਾ। ਇਸ ਘਟਨਾ ਨੇ ਮੈਨੂੰ ਜੀਵਨ ਵਿੱਚ ਇੱਕ ਉਸਾਰੂ ਅਤੇ ਸੁਚਾਰੂ ਸੇਧ ਪ੍ਰਦਾਨ ਕੀਤੀ ਸੀ ਜਿਸ ਕਰਕੇ ਮੈਨੂੰ ਇਹ ਘਟਨਾ ਨਹੀਂ ਭੁੱਲਦੀ।

**ਸੁਆਲ:** ਕੀ ਤੁਸੀਂ ਆਪਣੇ ਸਿਆਸੀ ਤਜ਼ਰਬਿਆਂ ਵਿੱਚੋਂ ਨੌਜਵਾਨਾਂ ਨੂੰ ਖ਼ਾਸ ਕਰਕੇ ਅਤੇ ਸਮੁੱਚੇ ਲੋਕਾਂ ਨੂੰ ਕੋਈ ਸੰਦੇਸ਼ ਦੇਣਾ ਪਸੰਦ ਕਰੋਗੇ?

**ਜੁਆਬ:**ਮੇਰੇ ਮਨ ਸੋਚ ਹੀ ਨਹੀਂ ਸਦਾ ਇਹ ਰੀਝ ਰਹੀ ਹੈ ਕਿ ਇੱਕ ਚੰਗੇ ਸਮਾਜ ਦੀ ਸਿਰਜਣਾ ਵਾਸਤੇ ਸਾਨੂੰ ਰਲ ਕੇ ਇੱਕ ਦੂਸਰੇ ਦਾ ਸਾਥ ਦੇ ਖ਼ੁਸ਼ਹਾਲ ਸਮਾਜ ਦੀ ਸਿਰਜਣਾ ਕਰਨੀ ਚਾਹੀਦੀ ਹੈ। ਇਸੇ ਸੋਚ ਅਧੀਨ ਹੀ ਮੈਂ ਪਿੰਡਾਂ ਵਿੱਚ ਜਾ ਕੇ ਸਾਫ਼ ਸੁਧਰੇ ਖ਼ਿਆਲਾਂ ਨਾਲ ਲੋਕਾਂ ਵਿੱਚ ਆਪਣਾ ਕੰਮ ਕਰ ਰਿਹਾ ਹਾਂ। ਇਮਾਨਦਾਰੀ ਹੀ ਮੇਰਾ ਮਾਟੋ ਹੈ। ਮੈਂ ਇਮਾਨਦਾਰੀ ਦਾ ਪੱਲਾ ਕਿਸੇ ਵੀ ਕੀਮਤ ਤੇ ਨਹੀਂ ਛੱਡਣਾ ਚਾਹੁੰਦਾ। ਪ੍ਰਮਾਤਮਾ ਤੋਂ ਵੀ ਹਮੇਸ਼ਾ ਇਸੇ ਗੱਲ ਦੀ ਮੰਗ ਕਰਦਾ ਰਹਿੰਦਾ ਹਾਂ ਕਿ ਹੇ ਸੱਚੇ ਪਾਤਸ਼ਾਹ! ਕਦੇ ਵੀ ਮਨ ਵਿੱਚ ਮਾਣ ਅਤੇ ਹੰਕਾਰ ਨਾ ਆਵੇ। ਮੇਰੇ ਕੋਲੋਂ ਕਿਸੇ ਦਾ ਬੁਰਾ ਨਾ ਹੋਵੇ। ਹੋ ਸਕੇ ਤਾਂ ਕਿਸੇ ਦਾ ਭਲਾ ਹੀ ਕਰਵਾਈ। ਮੈਂ ਤਾਂ ਸਭ ਨੂੰ ਇਹੀ ਕਹਾਂਗਾ ਕਿ ਇਸ ਤਰ੍ਹਾਂ ਦਾ ਜੀਵਨ ਜੀਉ ਜਾਵੇ ਕਿ ਤੁਹਾਨੂੰ ਕੋਈ ਯਾਦ ਕਰੇ। ਅੱਜ ਦਾ ਨੌਜਵਾਨ ਕੱਲ੍ਹ ਦਾ ਭਵਿੱਖ ਹੈ। ਦੇਸ਼ ਨੂੰ ਇਸ ਤੋਂ ਆਸਾਂ ਹਨ। ਨੌਜਵਾਨਾਂ ਨੂੰ ਆਪਣੇ ਆਪ ਨੂੰ ਨਸ਼ਿਆਂ ਤੋਂ ਦੂਰ ਰੱਖਣਾ ਚਾਹੀਦਾ ਹੈ ਅਤੇ ਸਮਾਜ ਦੇ ਨਵ ਨਿਰਮਾਣ ਦਾ ਭਾਰ ਆਪਣੇ ਮੋਢਿਆਂ ਤੇ ਲੈਣਾ ਚਾਹੀਦਾ ਹੈ। ਇਹ ਹੀ ਮੇਰੀ ਸੋਚ ਹੈ ਅਤੇ ਇਹ ਹੀ ਮੇਰੀ ਸਿਆਸਤ।

ਗੁਰਮਿੰਦਰ ਸਿੰਘ ਰਟੌਲ ਨਾਲ ਗੱਲਾਂ ਕਰਦਿਆਂ ਜਾਪ ਹੀ ਨਹੀਂ ਸੀ ਰਿਹਾ ਕਿ ਮੈਂ ਕਿਸੇ ਸਿਆਸਤਦਾਨ ਨਾਲ ਗੱਲਾਂ ਕਰ ਰਿਹਾ ਹਾਂ। ਉਹ ਤਾਂ ਕਿਸੇ ਸਾਧੂ ਵਾਂਗ ਜਾਪ ਰਿਹਾ ਸੀ ਜਿਹੜਾ ਸੋਝੀ ਅਤੇ ਗਿਆਨ ਦਾ ਪ੍ਰਕਾਸ਼ ਬਿਖੇਰ ਰਿਹਾ ਹੋਵੇ। ਉਸ ਵੱਲੋਂ ਮੈਨੂੰ ਹਰ ਸਵਾਲ ਦਾ ਜੁਆਬ ਉਸ ਦੇ ਅੰਦਰਲੇ ਮਨੁੱਖ ਵੱਲੋਂ ਦਿੱਤਾ ਗਿਆ ਅਨੁਭਵ ਹੋ ਰਿਹਾ ਸੀ। ਸਿਆਸਤ ਦੇ ਵਲ-ਪੇਚ ਉਸ ਦੇ ਬੋਲਾਂ ਵਿੱਚ ਕਿੱਧਰੇ ਵੀ ਨਜ਼ਰੀਂ ਨਹੀਂ ਸਨ ਪੈਂਦੇ। ਮੈਂ ਸੋਚ ਰਿਹਾ ਸਾਂ ਕਿ ਜੇਕਰ ਸਿਆਸਤਦਾਨ ਇਹੋ ਜਿਹੇ ਹੋ ਜਾਣ ਤਾਂ ਫਿਰ ਸਿਆਸਤ ਗੰਦੀ ਖੇਡ ਕਿਵੇਂ ਹੋ ਸਕਦੀ ਹੈ। ਜਿਸ ਨੇ ਇਮਾਨਦਾਰੀ ਦਾ ਪੱਲਾ ਫੜ੍ਹਿਆ ਹੈ ਉਹ ਭਲਾ ਭਟਕ ਕਿਵੇਂ ਸਕਦਾ ਹੈ। ਰੱਬ ਕਰੇ ਸਾਰੇ ਹੀ ਸਿਆਸਤਦਾਨ ਉਸ ਦੀਆਂ ਪਾਈਆਂ ਪੈੜਾਂ ਤੇ ਤੁਰਨ। ਮੈਂ ਦਾਵੇ ਨਾਲ ਕਹਿ ਸਕਦਾ ਹਾਂ ਕਿ ਜੇਕਰ ਸਮਾਜ ਸੇਵਾ ਦੀ ਸੋਚ ਦਾ ਚਲਨ ਹੋ ਜਾਵੇ ਤਾਂ ਅੰਨਾਂ ਹਜ਼ਾਰੇ ਵਰਗੇ ਲੋਕ ਸੇਵਕਾਂ ਨੂੰ ਫਿਰ ਮਰਨ ਵਰਤ ਨਹੀਂ ਰੱਖਣੇ ਪੈਣਗੇ।

ਆਮੀਨ!

***

**ਇੱਕ ਪ੍ਰਵਾਸੀ:**

## ਦਿਲ 'ਚ ਵਤਨ ਦੀ ਮਹਿਕ ਰੱਖਣ ਵਾਲਾ ਮਨੁੱਖ



**ਸ੍ਰ. ਮਨਜੀਤ ਸਿੰਘ 'ਕਮਲਾ'**

ਸ੍ਰ. ਮਨਜੀਤ ਸਿੰਘ ਜੀ 'ਕਮਲਾ' ਨਾਲ ਮੇਰੀ ਪਹਿਲੀ ਮੁਲਾਕਤ ਪੰਜਾਬੀ ਸੱਥ ਲਾਂਬੜਾ ਦੇ ਸਾਲਾਨਾ ਸਨਮਾਨ ਸਮਾਰੋਹ ਵਿੱਚ ਲਾਂਬੜਾ ਵਿਖੇ ਪਿਛਲੇ ਸਾਲ (2010) ਵਿੱਚ ਹੋਈ ਸੀ।ਉਦੋਂ ਤੱਕ ਮੈਂ ਨਹੀਂ ਸਾਂ ਜਾਣਦਾ ਕਿ ਉਹ ਮੇਰੇ ਹੀ ਇਲਾਕੇ ਤਰਨ ਤਾਰਨ ਸ਼ਹਿਰ ਦੇ ਰਹਿਣ ਵਾਲੇ ਹਨ। ਜਦੋਂ ਉਨ੍ਹਾਂ ਨੇ ਅਚਾਨਕ ਆ ਕੇ ਮੇਰੇ ਮੋਢੇ 'ਤੇ ਹੱਥ ਰੱਖ ਕੇ ਮੈਨੂੰ ਮੇਰਾ ਨਾਂ ਲੈ ਕੇ ਸੰਬੋਧਨ ਕੀਤਾ ਸੀ ਤਾਂ ਮੈਂ ਹੈਰਾਨ ਰਹਿ ਗਿਆ ਸਾਂ। ਉਨ੍ਹਾਂ ਮੈਨੂੰ ਦੱਸਿਆ ਕਿ ਉਨ੍ਹਾਂ ਨੂੰ ਮੇਰੇ ਬਾਰੇ ਡਾ. ਨਿਰਮਲ ਸਿੰਘ ਜੀ ਕੋਲੋਂ ਹੀ ਪਤਾ ਲੱਗਾ ਸੀ ਕਿ ਮੈਂ ਵੀ ਤਰਨ ਤਾਰਨ ਦਾ ਹੀ ਵਾਸੀ ਹਾਂ। ਸੇਵਾ ਮੁਕਤੀ ਉਪਰੰਤ ਮੈਂ ਜ਼ਿਆਦਾ ਸਮਾਂ ਸ਼ਹਿਰ ਦੇ ਦੋਸਤਾਂ ਮਿੱਤਰਾਂ ਵਿੱਚ ਹੀ ਗੁਜ਼ਾਰਦਾ ਹਾਂ ਪਰ ਸ਼ਹਿਰ ਵਿੱਚ ਉਨ੍ਹਾਂ ਨੂੰ ਕਦੇ ਨਹੀਂ ਸੀ ਵੇਖਿਆ। ਵੇਖਦਾ ਵੀ ਕਿੱਦਾਂ, ਉਹ ਤਾਂ ਲੰਮੇ ਸਮੇਂ ਤੋਂ ਇੰਗਲੈਂਡ ਵਿੱਚ ਰਹਿੰਦੇ ਹਨ। ਇਹ ਅਸਾਡੀ ਪਹਿਲੀ ਮੁਲਾਕਾਤ ਸੀ।

ਇੱਕ ਦਿਨ ਮੈਂ ਬਾਜ਼ਾਰ ਵਿੱਚੋਂ ਲੰਘ ਰਿਹਾ ਸਾਂ ਕਿ ਅਚਾਨਕ ਮੇਰੇ ਕੰਨੀਂ ਆਵਾਜ਼ ਪਈ 'ਤੀਰ' ਜੀ। ਮੈਂ ਸੜਕ ਦੇ ਦੂਸਰੇ ਪਾਸੇ ਵੇਖਿਆ, ਮਨਜੀਤ ਸਿੰਘ 'ਕਮਲਾ' ਮੈਨੂੰ ਪੁਕਾਰ ਰਿਹਾ ਸੀ। ਉਹ ਬੜੇ ਹੀ ਪਿਆਰ ਅਤੇ ਉਤਸ਼ਾਹ ਨਾਲ ਜੱਫੀ ਪਾ ਕੇ ਮੈਨੂੰ ਮਿਲਿਆ। ਉਸ ਨੇ ਦੱਸਿਆ ਕਿ ਕੁਝ ਮਿੰਟ ਪਹਿਲਾਂ ਹੀ ਉਹ ਮੈਨੂੰ ਮਿਲਣ ਬਾਰੇ ਸੋਚ ਰਿਹਾ ਸੀ ਕਿ ਮੈਂ ਉਸ ਨੂੰ ਆਉਂਦਾ ਹੋਇਆ ਦਿੱਸ ਪਿਆ ਹਾਂ। ਸੁੱਖ ਸਾਂਦ ਪੁੱਛਣ ਪਿੱਛੋਂ ਉਸ ਦੱਸਿਆ ਕਿ ਉਹ ਪਿਛਲੇ ਕੁਝ ਦਿਨਾਂ ਤੋਂ ਆਪਣੇ ਕਿਸੇ ਨਿੱਜੀ ਕੰਮ ਲਈ ਤਰਨ ਤਾਰਨ ਆਇਆ ਹੋਇਆ ਹੈ। ਉਸ ਨੇ ਜਦੋਂ ਮੈਨੂੰ ਮੇਰੀਆਂ ਅੱਜ ਕੱਲ੍ਹ ਦੀਆਂ ਸਾਹਿਤਕ ਗਤੀਵਿੱਧੀਆਂ ਬਾਰੇ ਪੁੱਛਿਆ ਤਾਂ ਮੈਂ ਉਸ ਨੂੰ ਦੱਸਿਆ ਸੀ ਕਿ ਮੈਂ ਇੱਕ ਕਿਤਾਬ ਲਿਖਣ ਦੇ ਚੱਕਰ ਵਿੱਚ ਹਾਂ ਅਤੇ ਉਸ ਕਿਤਾਬ ਦੇ ਵਿਸ਼ੇ ਅਨੁਸਾਰ ਮੈਂ ਉਸ ਵਿੱਚ ਇੱਕ ਪ੍ਰਵਾਸੀ ਦਾ ਸ਼ਬਦ ਚਿੱਤਰਣ ਕਰਨਾ ਹੈ। ਰੱਬ ਨੇ ਤੇਰਾ ਆਪੇ ਹੀ ਮੇਲ ਕਰਵਾ ਦਿੱਤਾ ਹੈ। ਮੈਂ ਉਸ ਨੂੰ ਪੁੱਛਿਆ ਸੀ ਕਿ ਜੇਕਰ ਉਸ ਨੂੰ ਇਤਰਾਜ਼ ਨਾ ਹੋਵੇ ਤਾਂ ਕੀ ਮੈਂ ਉਸ ਦਾ ਸ਼ਬਦ ਚਿੱਤਰਣ ਕਰ ਸਕਦਾ ਹਾਂ? ਉਸ ਨੇ ਹੱਸ ਕੇ ਇਸ ਦੀ ਪ੍ਰਵਾਨਗੀ ਦੇ ਦਿੱਤੀ ਸੀ। ਸਮਾਂ ਅਤੇ ਅਸਥਾਨ ਤਹਿ ਹੋ ਜਾਣ ਤੇ ਉਹ ਸਮੇਂ ਸਿਰ ਮੇਰੇ ਘਰ ਆ ਗਿਆ ਸੀ। ਚਾਹ ਪਾਣੀ ਪੀਣ ਉਪਰੰਤ ਸਾਡਾ ਸੁਆਲਾਂ-ਜਵਾਬਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ ਜਿਸ ਦਾ ਸਾਰਅੰਸ਼ ਹੇਠ ਅਨੁਸਾਰ ਹੈ:

**ਸੁਆਲ:** ਮਨਜੀਤ ਜੀ ਕੀ ਤੁਸੀਂ ਆਪਣੇ ਬਚਪਨ ਅਤੇ ਪ੍ਰੀਵਰਕ ਵੇਰਵੇ ਦੱਸਣਾ ਪਸੰਦ ਕਰੋਗੇ?

**ਜੁਆਬ:** ਮੇਰਾ ਜਨਮ ਸ. ਕਰਤਾਰ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਠਾਕੁਰ ਕੌਰ ਦੀ ਕੁੱਖੋਂ 10 ਮਈ 1943 ਨੂੰ ਤਰਨ ਤਾਰਨ ਸ਼ਹਿਰ ਵਿੱਚ ਹੋਇਆ ਹੈ। ਮੇਰੀ ਇਹ ਜਨਮ ਮਿਤੀ ਮੇਰੇ ਪਾਸਪੋਰਟ ਅਨੁਸਾਰ ਹੈ ਜਦੋਂ ਕਿ ਮੇਰਾ ਜਨਮ ਸੰਨ 1939 ਵਿੱਚ ਹੋਇਆ ਸੀ। ਪਹਿਲਾਂ ਅਕਸਰ ਇਸ ਤਰ੍ਹਾਂ ਹੁੰਦਾ ਸੀ ਕਿ ਮਾਵਾਂ ਆਪਣੇ ਬੱਚਿਆਂ ਨੂੰ ਸਕੂਲੇ ਦਾਖ਼ਲ ਕਰਵਾਉਣ ਜਾਂਦੀਆਂ ਸਨ ਤਾਂ ਅਧਿਆਪਕ ਦੇ ਜਨਮ ਮਿਤੀ ਪੁੱਛਣ 'ਤੇ ਉਹ ਕਹਿ ਦਿਆ ਕਰਦੀਆਂ ਸਨ ਕਿ ਸੁੱਖ ਨਾਲ ਏਹ ਛੇਆਂ ਕੁ ਸਾਲਾ ਦਾ ਹੋ ਗਿਆ ਹੈ। ਸ਼ਾਇਦ ਉਸ ਸਮੇਂ ਜਨਮ ਸਰਟੀਫੀਕੇਟ ਲਿਆ ਹੀ ਨਹੀਂ ਸੀ ਜਾਂਦਾ। ਅੱਗੋਂ ਅਧਿਆਪਕ ਵੀ ਅਟਾ-ਸਟਾ ਲਾ ਕੇ ਦਾਖ਼ਲ ਹੋਣ ਆਏ ਵਿੱਦਿਆਰਥੀ ਦੀ ਜਨਮ ਮਿਤੀ ਰਜਿਸਟਰ ਵਿੱਚ ਦਰਜ ਕਰ ਲੈਂਦੇ ਸਨ। ਇਹ ਹੀ ਕਾਰਨ ਰਿਹਾ ਹੋਵੇਗਾ ਮੇਰੀ ਜਨਮ ਮਿਤੀ ਸਹੀ ਨਾ ਲਿਖੇ ਜਾਣ ਦਾ। ਅਸੀਂ ਤਿੰਨ ਭਰਾ ਸਾਂ। ਹੁਣ ਦੋ ਹੀ ਰਹਿ ਗਏ ਹਾਂ ਕਿਉਂਕਿ ਸਾਡਾ ਇੱਕ ਭਰਾ,ਜਿਸ ਦਾ ਨਾਂ ਜਸਵਿੰਦਰ ਸਿੰਘ 'ਐਲੀਅਨ' ਸੀ ਰੱਬ ਨੂੰ ਪਿਆਰਾ ਹੋ ਚੁੱਕਾ ਹੈ। ਮੇਰੀ ਇੱਕ ਹੀ ਭੈਣ ਸੀ,ਜਿਹੜੀ ਹੁਣ ਸੁਰਗਵਾਸ ਹੋ ਚੁੱਕੀ ਹੈ।

**ਸੁਆਲ:** ਕੀ ਤੁਸੀਂ ਇਸ ਗੱਲ 'ਤੇ ਵੀ ਚਾਨਣਾ ਪਾਓਗੇ ਕਿ ਤੁਹਾਡੇ ਬਚਪਨ ਸਮੇਂ ਤੁਹਾਡੀ ਘਰੇਲੂ ਆਰਥਿਕ ਹਾਲਤ ਕਿਹੋ ਜਿਹੀ ਸੀ?

ਜੁਆਬ: ਤੀਰ ਜੀ, ਸਾਡੀ ਘਰੇਲੂ ਆਰਥਿਕ ਹਾਲਤ ਕੋਈ ਜ਼ਿਆਦਾ ਚੰਗੀ ਨਹੀਂ ਸੀ। ਦਰਮਿਆਨੇ ਦਰਜ਼ੇ ਦਾ ਹੀ ਸਾਡਾ ਪ੍ਰੀਵਾਰ ਸੀ। ਇਸ ਨੂੰ ਆਪਾਂ ਇੰਜ ਵੀ ਕਹਿ ਸਕਦੇ ਹਾਂ ਕਿ **'ਡਾਂਗ 'ਤੇ ਡੇਰੇ'** ਵਾਲੀ ਹੀ ਸਥਿਤੀ ਸੀ।

ਸੁਆਲ: ਕੀ ਤੁਸੀਂ ਆਪਣੀ ਵਿੱਦਿਅਕ ਯੋਗਤਾ ਬਾਰੇ ਵੀ ਕੁਝ ਦੱਸਗੇ?

**ਜੁਆਬ:** ਮੇਰੀ ਵਿੱਦਿਅਕ ਯੋਗਤਾ ਦਸਵੀਂ ਜਮਾਤ ਤੱਕ ਹੀ ਹੈ।ਦਸਵੀਂ ਜਮਾਤ ਮੈਂ ਖ਼ਾਲਸਾ ਹਾਈ ਸਕੂਲ ਤਰਨ ਤਾਰਨ ਤੋਂ ਕੀਤੀ ਹੈ।ਮੈਨੂੰ ਪੜ੍ਹਨ ਦਾ ਤਾਂ ਬਹੁਤ ਸ਼ੌਂਕ ਸੀ ਪਰ ਘਰੇਲੂ ਮਜ਼ਬੂਰੀਆਂ ਅਤੇ ਆਰਥਿਕ ਤੰਗੀਆਂ-ਤੁਰਸ਼ੀਆਂ ਨੇ ਮੇਰੀ ਇਹ ਰੀਝ ਪੂਰੀ ਨਹੀਂ ਸੀ ਹੋਣ ਦਿੱਤੀ। ਫਿਰ ਵੀ ਮੈਂ ਇਹ ਦੱਸਣਾ ਚਾਹਵਾਂਗਾ ਕਿ ਮੈਂ ਸਰਵਿਸ ਕਰਨ ਦੇ ਨਾਲ ਨਾਲ ਗਿਆਨੀ ਪਾਸ ਕਰ ਲਈ ਸੀ।

**ਸੁਆਲ:** ਤੁਹਾਡੇ ਦੱਸਣ ਅਨੁਸਾਰ ਦਸਵੀਂ ਜਮਾਤ ਪਾਸ ਕਰ ਲੈਣ ਉਪਰੰਤ ਤੁਸਾਂ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ ਸੀ। ਕੀ ਤੁਸੀ ਕੋਈ ਪ੍ਰਾਈਵੇਟ ਨੌਕਰੀ ਕੀਤੀ ਹੈ ਜਾਂ ਉਹ ਸਰਕਾਰੀ ਸੀ?

**ਜੁਆਬ:** ਮੈਂ ਰੇਲਵੇ ਵਿਭਾਗ ਵਿੱਚ ਬਤੌਰ ਫਾਇਰਮੈਨ ਭਰਤੀ ਹੋਇਆ ਸੀ ਅਤੇ ਕੁਝ ਸਮੇਂ ਪਿੱਛੋਂ ਮੈਂ ਫਾਇਰਮੈਨ ਗਰੇਡ ਏ ਬਣ ਗਿਆ ਸੀ। ਇਸ ਸਮੇਂ ਹੀ ਮੈਂ ਨੌਕਰੀ ਕਰਨ ਦੇ ਨਾਲ ਨਾਲ ਗਿਆਨੀ ਦੀ ਪ੍ਰੀਖਿਆ ਵੀ ਪਾਸ ਕਰ ਲਈ ਸੀ।

**ਸੁਆਲ:** ਤੁਹਾਡੀ ਸ਼ਾਦੀ ਕਦੋਂ ਹੋਈ ਹੈ? ਜ਼ਰਾ ਵਿਸਥਾਰ ਨਾਲ ਆਪਣੀ ਵਿਆਹੁਤਾ ਜ਼ਿੰਦਗੀ ਬਾਰੇ ਵੀ ਦੱਸੋ।

**ਜੁਆਬ:** ਸੰਨ 1957 ਵਿੱਚ ਮੇਰੀ ਸ਼ਾਦੀ ਸਰਦਾਰਨੀ ਮਹਿੰਦਰ ਕੌਰ ਸਪੁਤਰੀ ਸ. ਬਿਸ਼ਨ ਸਿੰਘ ਵਾਸੀ ਕਰਤਾਰਪੁਰ ਜ਼ਿਲ੍ਹਾ ਜਲੰਧਰ ਨਾਲ ਹੋਈ ਹੈ। ਵਿਆਹੁਤਾ ਜੀਵਨ ਖ਼ੁਸ਼ੀਆਂ ਭਰਿਆ ਹੈ ਅਤੇ ਸੰਤਾਨ ਵਜੋਂ ਮੇਰੇ ਦੋ ਬੇਟੇ ਅਤੇ ਦੋ ਹੀ ਬੇਟੀਆਂ ਹਨ।

**ਸੁਆਲ:** ਮੇਰੀ ਜਾਣਕਾਰੀ ਵਿੱਚ ਹੈ ਕਿ ਤੁਸੀਂ ਅੱਜ ਕੱਲ੍ਹ ਇੰਗਲੈਂਡ ਵਾਸੀ ਹੋ। ਇਹ ਜਾਣਨਾ ਚਾਹਵਾਂਗਾ ਕਿ ਬਾਹਰ ਜਾਣਾ ਤੁਹਾਡਾ ਸ਼ੌਂਕ ਸੀ ਜਾਂ ਕੋਈ ਮਜ਼ਬੂਰੀ?

**ਜੁਆਬ:** ਦੇਸ਼ ਤੋਂ ਬਾਹਰ ਜਾ ਕੇ ਵੱਸਣਾ ਨਾ ਤਾਂ ਮੇਰਾ ਸ਼ੌਂਕ ਸੀ ਅਤੇ ਨਾ ਹੀ ਕੋਈ ਮਜ਼ਬੂਰੀ। ਇਹ ਇੱਕ ਸਬੱਬ ਹੀ ਸੀ। ਮੈਂ ਪੜ੍ਹਾਈ ਖ਼ਤਮ ਕਰਨ ਉਪਰੰਤ ਸਰਵਿਸ ਕਰ ਰਿਹਾ ਸੀ ਅਤੇ ਆਪਣੇ ਪਿਤਾ ਜੀ ਨਾਲ ਘਰ ਚਲਾਉਣ ਲਈ ਆਰਥਿਕ ਮਦਦ ਵੀ ਕਰਨ ਲੱਗ ਪਿਆ ਸਾਂ। ਘਰ ਦੀ ਹਾਲਤ ਸੁਧਰ ਰਹੀ ਸੀ। ਮੇਰੀ ਪਤਨੀ ਦੇ ਵੱਡੇ ਭਾਈ ਸਾਹਿਬ ਸ.ਪਿਆਰਾ ਸਿੰਘ ਜੀ ਪ੍ਰੀਵਾਰ ਸਮੇਤ ਇੰਗਲੈਂਡ ਵਿੱਚ ਰਹਿੰਦੇ ਹਨ। ਉਨ੍ਹਾਂ ਦਾ 17 ਸਾਲ ਦਾ ਲੜਕਾ ਸੁਰਿੰਦਰ ਸਿੰਘ(ਸ਼ਿੰਦੀ) ਵੀ ਇੱਕ ਫ਼ਰਮ ਵਿੱਚ ਕੰਮ ਕਰਦਾ ਹੈ। ਉਸ ਫ਼ਰਮ ਦੇ ਮਾਲਕ ਨੇ ਸ਼ਿੰਦੀ ਦੇ ਕੰਮ 'ਤੇ ਖ਼ੁਸ਼ ਹੋ ਕੇ ਇੱਕ ਦਿਨ ਉਸ ਨੂੰ ਕਿਹਾ ਸੀ ਕਿ ਉਸ ਨੂੰ ਇੱਕ ਵੋਚਰ (Voucher) ਦੇਣਾ ਚਾਹੁੰਦਾ ਹੈ ਜਿਸ ਤੇ ਉਹ ਕਿਸੇ ਇੱਕ ਆਦਮੀ ਨੂੰ ਲਗਵਾ ਸਕਦਾ ਹੈ। ਇਹ ਗੱਲ 1967-68 ਦੀ ਹੈ। ਸੁਰਿੰਦਰ ਨੇ ਆਪਣੇ ਮਾਲਕ ਨੂੰ ਉਸੇ ਵੇਲੇ ਤਾਂ ਕੋਈ ਜਵਾਬ ਨਾ ਦਿੱਤਾ ਪਰ ਇਹ ਕਹਿ ਕੇ ਟਾਲ ਦਿੱਤਾ ਕਿ ਉਹ ਆਪਣੇ ਪਿਤਾ ਜੀ ਨਾਲ ਗੱਲ ਕਰਕੇ ਦੱਸੇਗਾ। ਜਿਸ ਨੂੰ ਅੱਜ ਕੱਲ੍ਹ ਵਰਕ ਪ੍ਰਮਿੱਟ ਆਖਦੇ ਹਨ ਉਸ ਨੂੰ ਉਦੋਂ ਵੋਚਰ ਕਿਹਾ ਜਾਂਦਾ ਸੀ। ਸ. ਪਿਆਰਾ ਸਿੰਘ ਹੁਰਾਂ ਇਹ ਕਿਹਾ ਕਿ ਜੇਕਰ ਤੇਰਾ ਮਾਲਕ ਵੋਚਰ ਦੇਣਾ ਹੀ ਚਾਹੁੰਦਾ ਹੈ ਤਾਂ ਇੱਕ ਨਹੀਂ ਤਿੰਨ ਵੋਚਰ ਦੇਵੇ। ਉਸ ਦੇ ਮਾਲਕ ਨੇ ਸੁਰਿੰਦਰ ਨੂੰ ਤਿੰਨ ਵੋਚਰ ਹੀ ਜ਼ਾਰੀ ਕਰ ਦਿੱਤੇ ਸਨ। ਇਹ ਮੇਰੀ ਜ਼ਿੰਦਗੀ ਦਾ ਇੱਕ ਮੋੜ ਸੀ ਕਿ ਮੈਂ ਉਸ ਵੋਚਰ 'ਤੇ ਸੰਨ 1968 ਵਿੱਚ ਇੰਗਲੈਂਡ ਪਹੁੰਚ ਗਿਆ ਸਾਂ।

**ਸੁਆਲ:** ਪ੍ਰਦੇਸ ਵਿੱਚ ਮਾਂ ਤਾਂ ਨਹੀਂ ਬੈਠੀ ਹੁੰਦੀ,ਜਿਹੜੀ ਤੁਹਾਡਾ ਖ਼ਿਆਲ ਰੱਖੇਗੀ। **'ਲੋਕ ਪਰਾਏ ਦੇਸ ਬੇਗਾਨਾ'** ਹੋਣ ਕਰਕੇ ਬਾਹਰ ਜਾਣ ਵਾਲੇ ਨੂੰ ਅਨੇਕਾਂ ਮੁਸੀਬਤਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੋਵੇਗਾ। ਤੁਹਾਡੇ ਨਾਲ ਕਿੰਝ ਵਾਪਰੀ ਸੀ?

**ਜੁਆਬ:** ਇਹ ਸੱਚ ਹੈ ਕਿ ਆਪਣਿਆਂ ਦੀ ਘਾਟ ਦਾ ਅਹਿਸਾਸ ਆਪਣਿਆਂ ਤੋਂ ਦੂਰ ਹੋ ਕੇ ਹੁੰਦਾ ਹੈ। ਮੈਂ ਇਸ ਗੱਲ ਤੋਂ ਇਸ ਕਰਕੇ ਬਚ ਗਿਆ ਸਾਂ ਕਿਉਂਕਿ ਮੇਰੀ ਪਤਨੀ ਦਾ ਭਰਾ ਉੱਥੇ ਸੀ ਜਿਸ ਕੋਲ ਮੇਰਾ ਠਹਿਰਨ ਦਾ ਪ੍ਰਬੰਧ ਹੋ ਗਿਆ ਸੀ। ਤੁਹਾਡੀ ਇਹ ਗੱਲ ਸੱਚ ਹੈ ਕਿ ਉਸ ਆਦਮੀ ਲਈ ਤਾਂ ਮੁਸੀਬਤਾਂ ਹੀ ਮੁਸੀਬਤਾਂ ਹੁੰਦੀਆਂ ਹਨ, ਜਿਸ ਦਾ ਕੋਈ ਜਾਣਕਾਰ ਜਾਂ ਰਿਸ਼ਤੇਦਾਰ ਉੱਥੇ ਨਹੀਂ ਹੁੰਦਾ। ਸਭ ਤੋਂ ਵੱਡੀ ਔਕੜ ਤਾਂ ਰਹਿਣ ਦੀ ਹੁੰਦੀ ਹੈ। ਮੈਂ ਉੱਥੇ ਅਜਿਹੇ ਲੋਕਾਂ ਨੂੰ ਵੀ ਵੇਖਿਆ ਹੈ ਜੋ ਇਸ ਮੁਸੀਬਤ ਦੀ ਮਾਰ ਸਹਿ ਰਹੇ ਸਨ।

**ਸੁਆਲ:** ਪ੍ਰਦੇਸ ਵਿੱਚ ਰਹਿੰਦਿਆਂ ਹੋਇਆਂ ਜਦੋਂ ਪਿੱਛੇ ਆਪਣੇ ਵਤਨ ਵਿੱਚ ਕੋਈ ਦੁੱਖ-ਸੁੱਖ ਵਾਪਰ ਜਾਂਦਾ ਸੀ ਤਾਂ ਤੁਹਾਡੀ ਮਨੋ-ਦਸ਼ਾ ਕਿਸ ਤਰ੍ਹਾਂ ਦੀ ਹੋ ਜਾਂਦੀ ਸੀ? ਮੇਰਾ ਭਾਵ ਹੈ ਕਿ ਕੀ ਤੁਸੀਂ ਸਾਰੇ ਬੰਧਨ ਤੋੜ ਕੇ ਵਾਪਸ ਆਪਣੇ ਵਤਨ ਮੁੜ ਆਉਣ ਲਈ ਨਹੀਂ ਸੀ ਕਦੇ ਸੋਚਿਆ?

**ਜੁਆਬ:** (ਇੱਕ ਆਹ ਭਰ ਕੇ ਅਤੇ ਕੁਝ ਸਮੇਂ ਲਈ ਰੁਕ ਕੇ) ਕੀ ਪੁੱਛਦੇ ਹੋ? ਅਜਿਹਾ ਹੋਇਆ ਸੀ ਮੇਰੇ ਨਾਲ ਵੀ। ਇਹ ਉਹ ਸਮਾਂ ਸੀ ਜਦੋਂ ਮੇਰੇ ਭਰਾ ਸ. ਜਸਵਿੰਦਰ ਸਿੰਘ 'ਐਲੀਅਨ' ਦੀ ਮੌਤ ਦੀ ਖ਼ਬਰ ਮਿਲੀ ਸੀ। ਜੀਅ ਕਰਦਾ ਸੀ ਕਿ ਉੱਡ ਕੇ ਤਰਨ ਤਾਰਨ ਪਹੁੰਚ ਜਾਵਾਂ। ਪਰ ਮਜ਼ਬੂਰੀ ਸੀ ਏਡੀ ਛੇਤੀ ਕਿਵੇਂ ਪਹੁੰਚ ਜਾਂਦਾ! ਅਹਿਸਾਸ ਅਤੇ ਬੇਬਸੀ ਦੇ ਉਹ ਪਲ ਅੱਜ ਵੀ ਯਾਦ ਆਉਣ 'ਤੇ ਅੱਖਾਂ ਭਰ ਆਉਂਦੀਆਂ ਹਨ। ਇੱਕ ਸਾਲ ਉੱਥੇ ਨੌਕਰੀ ਕਰਨ ਪਿੱਛੋਂ ਮੈਂ ਵਾਪਸ ਵਤਨ ਆਇਆ ਸੀ। ਜਿਸ ਫੈਕਟਰੀ ਵਿੱਚ ਮੈਂ ਕੰਮ ਕਰਦਾ ਸੀ ਉਸ ਦਾ ਕੰਮ ਖ਼ਤਮ ਹੋ ਗਿਆ ਸੀ ਜਿਸ ਕਰਕੇ ਸਾਡੀ ਛੁੱਟੀ ਹੋ ਗਈ ਸੀ।
**ਸੁਆਲ:** ਕੀ ਤੁਸੀਂ ਪੱਕੇ ਤੌਰ ਤੇ ਹੀ ਇੰਗਲੈਂਡ ਨੂੰ ਅਲਵਿਦਾ ਕਹਿ ਆਏ ਸੀ ਜਾਂ ਦੁਬਾਰਾ ਗਏ ਸੀ?
**ਜੁਆਬ:** ਜਿਨ੍ਹਾ ਦੋਸਤਾਂ ਨਾਲ ਮੈਂ ਕੰਮ ਕਰਦਾ ਸੀ ਉਨ੍ਹਾਂ ਨੂੰ ਕਹਿ ਆਇਆ ਸਾਂ ਕਿ ਜਦੋਂ ਕਿਸੇ ਹੋਰ ਚੰਗੀ ਫ਼ਰਮ ਵਿੱਚ ਨੌਕਰੀ ਨਿਕਲੇ ਮੈਨੂੰ ਸੂਚਿਤ ਕਰ ਦੇਣਾ ਮੈਂ ਆ ਜਾਵਾਂਗਾ। ਇੱਕ ਸਾਲ ਆਪਣੇ ਪ੍ਰੀਵਾਰ ਨਾਲ ਰਹਿਣ ਪਿੱਛੋਂ ਮੈਨੂੰ ਇਤਲਾਹ ਮਿਲੀ ਸੀ ਕਿ ਇੱਕ ਚੰਗੀ ਫ਼ਰਮ ਵਿੱਚ ਨੌਕਰੀ ਨਿਕਲੀ ਹੈ। ਸੋ ਮੈਂ ਦੁਬਾਰਾ ਇੰਗਲੈਂਡ ਚਲਾ ਗਿਆ ਸੀ ਅਤੇ "ਵੈਨਜ਼ਬਰੀ ਟਿਯੂਬ ਫ਼ੈਕਟਰੀ" ਵਿੱਚ ਨੌਕਰੀ ਕਰ ਲਈ ਸੀ। ਇਸ ਫ਼ੈਕਟਰੀ ਵਿੱਚ ਤਾਂਬੇ ਦੀਆਂ ਟਿਯੂਬਾਂ ਬਣਦੀਆਂ ਸਨ। ਇਸ ਫ਼ਰਮ ਵਿੱਚ ਮੈਂ ਤੀਹ ਸਾਲ ਨੌਕਰੀ ਕਰਨ ਪਿੱਛੋਂ ਸੇਵਾ ਮੁਕਤ ਹੋਇਆ ਹਾਂ।
**ਸੁਆਲ:** ਤੁਸੀਂ ਲੰਮੇ ਸਮੇ ਤੋਂ ਇੰਗਲੈਂਡ ਵਿੱਚ ਹੋ। ਕੀ ਦੱਸ ਸਕਦੇ ਹੋ ਕਿ ਉਨ੍ਹਾਂ ਲੋਕਾਂ ਦੀ ਸਾਡੇ ਉੱਥੇ ਗਏ ਲੋਕਾਂ ਬਾਰੇ ਸੋਚ ਕਿਹੋ ਜਿਹੀ ਹੈ?
**ਜੁਆਬ:** ਸੰਨ 1950-1980 ਦੇ ਸਮੇਂ ਵਿੱਚ ਉੱਥੇ ਜਾਣ ਵਾਲੇ ਲੋਕ ਜ਼ਿਆਦਾ ਕਰਕੇ ਅਨਪੜ੍ਹ ਸਨ। ਉਹ ਮਿਹਨਤ ਮਜ਼ਦੂਰੀ ਕਰਨ ਵਾਲਿਆਂ 'ਚ ਸ਼ਾਮਲ ਸਨ। ਇਹ ਇੱਕ ਵੱਡਾ ਕਾਰਨ ਸੀ ਕਿ ਉੱਥੋਂ ਦੇ ਮੂਲ ਵਾਸੀ ਸਾਨੂੰ ਉਜੱਡ ਅਤੇ ਗਵਾਰ ਸਮਝਦੇ ਸਨ। ਉਨ੍ਹਾਂ ਦੀ ਸੋਚ ਸੀ ਕਿ ਅਸੀਂ ਅਸਭਿਯ ਲੋਕ ਹਾਂ। ਇਸੇ ਕਰਕੇ ਉਹ ਸਾਨੂੰ ਨਫ਼ਰਤ ਕਰਦੇ ਸਨ। ਸਾਡੇ ਵਾਸਤੇ ਉਹ ਲਫ਼ਜ਼ **"ਬਲੈਕੀ"** ਦੀ ਵਰਤੋਂ ਕਰਦੇ ਸਨ। ਅੱਜ ਕੱਲ੍ਹ ਬਹੁਤ ਤਬਦੀਲੀ ਆ ਗਈ ਹੈ।
**ਸੁਆਲ:** ਅਜੋਕੀ ਨਸਲ ਵਿੱਚ ਬਾਹਰ ਜਾਣ ਦੀ ਇੱਕ ਤਰ੍ਹਾਂ ਨਾਲ ਹੋੜ੍ਹ ਜਿਹੀ ਲੱਗੀ ਹੋਈ ਹੈ। ਗੱਲ ਕੀ ਭੇਡਚਾਲ ਜੇਹੀ ਬਣ ਗਈ ਹੈ ਕਿ ਮੈਂ ਵੀ ਬਾਹਰ ਜਾਣਾ ਹੈ। ਪੰਜਾਬੀ ਦੀ ਕਹਾਵਤ ਹੈ ਨਾ **"ਤਾਏ ਦੀ ਧੀ ਚੱਲੀ ਮੈਂ ਕਿਉਂ ਰਵ੍ਹਾਂ ਇਕੱਲੀ।"** ਤੁਹਾਡਾ ਕੀ ਵਿਚਾਰ ਹੈ ਕਿ ਇਹ ਠੀਕ ਹੈ ਜਾਂ ਨਹੀਂ?
**ਜੁਆਬ:** ਤੁਹਾਡੀ ਗੱਲ ਠੀਕ ਹੈ ਅਜਿਹਾ ਅੱਜਕੱਲ੍ਹ ਹੋ ਰਿਹਾ ਹੈ। ਬਾਹਰ ਜਾਣਾ ਕੋਈ ਗੁਨਾਹ ਵੀ ਨਹੀਂ ਪਰ ਲੋੜ ਇਹ ਵੇਖਣ ਦੀ ਹੈ ਕਿ ਕੀ ਜਾਣਾ ਜ਼ਰੂਰੀ ਹੈ? ਕੁਝ ਲੋਕਾਂ ਕੋਲ ਇੱਥੇ ਸਾਰੇ ਸਾਧਨ ਮੌਜੂਦ ਹਨ ਜਿਸ ਨਾਲ ਉਹ ਚੰਗਾ ਜੀਵਨ ਜੀਉ ਸਕਦੇ ਹਨ। ਓਹੁ ਵੀ ਬਾਹਰ ਬਾਹਰ ਕਰੀ ਜਾ ਰਹੇ ਹਨ। ਕਈਆਂ ਨੂੰ ਭੁਲੇਖਾ ਹੈ ਕਿ ਬਾਹਰ ਪੈਸੇ ਦਾ ਮੀਂਹ ਪੈਂਦਾ ਹੈ। ਉਹ ਬੋਰੀਆਂ ਭਰ ਕੇ ਲੈ ਆਉਣਗੇ। ਉੱਥੇ ਹੱਡ ਭੰਨ੍ਹ ਕੇ ਮਿਹਨਤ ਕਰਨੀ ਪੈਂਦੀ ਹੈ ਤਾਂ ਹੀ ਗੁਜ਼ਾਰਾ ਹੁੰਦਾ ਹੈ। ਅਜਿਹੇ ਲੋਕਾਂ ਨੂੰ ਬਾਹਰ ਜਾ ਕੇ ਮਜ਼ਦੂਰੀ ਕਰਨ ਦੀ ਕੋਈ ਤੁਕ ਨਹੀਂ ਬਣਦੀ ਜਿਨ੍ਹਾਂ ਕੋਲ ਇੱਧਰ ਹੀ ਜੀਊਣ ਦੇ ਸਾਧਨ ਹਨ। ਹਾਂ, ਜਿਨ੍ਹਾਂ ਕੋਲ ਕੋਈ ਸਾਧਨ ਨਹੀਂ ਹਨ ਉਨ੍ਹਾਂ ਲਈ ਬਾਹਰ ਜਾ ਕੇ ਕਮਾਈ ਕਰਨਾ ਮੇਰੀ ਜਾਚੇ ਕੋਈ ਗੁਨਾਹ ਨਹੀਂ ਹੈ। ਵੇਖਣ ਵਿੱਚ ਆਇਆ ਹੈ ਕਿ ਚੰਗੇ ਭਲੇ,ਰੱਜੇਪੁਜੇ ਅਤੇ ਘਰੋਂ ਸੌਖੇ ਲੋਕ ਵੀ ਆਪਣੀ ਜ਼ਮੀਨ ਵੇਚ ਕੇ ਬਾਹਰ ਤੁਰੇ ਜਾ ਰਹੇ ਹਨ। ਮਿਹਨਤ ਕਰਨ ਵਾਲੇ ਇਨਸਾਨ ਨੂੰ ਇੱਥੇ ਵੀ ਕੋਈ ਘਾਟਾ ਨਹੀਂ ਹੈ। ਲੋੜ ਹੈ ਵਿਚਾਰਨ ਦੀ ਕਿ ਕੀ ਠੀਕ ਹੈ ਅਤੇ ਕੀ ਗ਼ਲਤ।
**ਸੁਆਲ:** ਮੈਂ ਜਾਣਦਾ ਹਾਂ ਕਿ ਤੁਸੀਂ ਨਿਰਾ ਵਰਕਰ ਹੀ ਨਹੀਂ ਹੋ, ਤੁਹਾਡੇ ਅੰਦਰ ਇੱਕ ਕਵੀ ਦੀ ਰੂਹ ਵੀ ਵੱਸਦੀ ਹੈ। ਦੱਸੋਗੇ ਕਿ ਤੁਸੀਂ ਕਵੀ ਕਿਵੇਂ ਬਣ ਗਏ?
**ਜੁਆਬ:** ਮੇਰੇ ਜੀਵਨ ਵਿੱਚ ਅਚਾਨਕ ਘਟਣ ਵਾਲੀਆਂ ਘਟਨਾਵਾਂ ਦਾ ਬਹੁਤ ਵੱਡਾ ਰੋਲ ਹੈ। ਜਿਸ ਤਰ੍ਹਾਂ ਬਾਹਰ ਜਾਣਾ ਵੀ ਇੱਕ ਸਬੱਬ ਹੀ ਸੀ ਇਵੇਂ ਹੀ ਮੇਰੀ ਪ੍ਰਵਿਰਤੀ ਦਾ ਲਿਖਣ ਵੱਲ ਮੁੜ ਜਾਣਾ ਵੀ ਇੱਕ ਸਬੱਬ ਹੀ ਕਿਹਾ ਜਾ ਸਕਦਾ ਹੈ। ਮੈਂ ਜਿਸ ਫ਼ੈਕਟਰੀ ਵਿੱਚ ਕੰਮ ਕਰਦਾ ਸਾਂ ਉਸੇ ਫ਼ੈਕਟਰੀ ਵਿੱਚ ਹੀ ਇੱਕ ਹੋਰ ਵਰਕਰ ਮੇਰੀ ਮਸ਼ੀਨ ਤੋਂ ਕੁਝ ਹੀ ਗਜ਼ਾਂ ਦੇ ਫ਼ਾਸਲੇ ਤੇ ਕੰਮ ਕਰਦਾ ਹੁੰਦਾ ਸੀ। ਜਦੋਂ ਉਹ ਕੰਮ ਕਰ ਰਿਹਾ ਹੁੰਦਾ ਸੀ ਤਾਂ ਨਾਲ ਨਾਲ ਹੀ ਆਪਣੇ ਮੂੰਹ ਵਿੱਚ ਕੁਝ ਨਾ ਕੁਝ ਗੁਣਗੁਣਾਉਂਦਾ ਰਹਿੰਦਾ ਸੀ। ਇੱਕ ਦਿਨ ਮੈਂ ਉਸ ਕੋਲ ਗਿਆ ਅਤੇ ਪੁੱਛਿਆ ਕਿ ਭਾਈ ਸਾਹਿਬ ਤੁਸੀਂ ਕੀ ਗੁਣਗੁਣਾਉਂਦੇ ਰਹਿੰਦੇ ਹੋ? ਉਸ ਨੇ ਮੈਨੂੰ ਦੱਸਿਆ ਕਿ ਉਹ ਗੀਤ ਲਿਖਦਾ ਹੈ।ਉਸ ਨੇ ਮੈਨੂੰ ਆਪਣੇ ਗੀਤ ਦੇ ਕੁਝ ਬੋਲ ਸੁਣਾਏ ਵੀ ਸਨ। ਮੈਨੂੰ ਮੇਰੇ ਅੰਦਰਲਾ ਕਵੀ ਵੀ ਜਾਗ ਉੱਠਿਆ ਜਾਪਿਆ। ਮੈਂ ਗਿਆਨੀ ਵਿੱਚ ਪੜ੍ਹਦਿਆਂ ਕਵਿਤਾ ਬਾਰੇ ਤਾਂ ਪਹਿਲਾਂ ਹੀ ਪੜ੍ਹਿਆ ਹੋਇਆ ਸੀ। ਅਗਲੇ ਦਿਨ ਮੈਂ ਵੀ ਇੱਕ ਗੀਤ ਦੀਆਂ ਕੁਝ ਸਤਰਾਂ ਉਸ ਨੂੰ ਲਿਖ ਕੇ ਵਿਖਾਈਆਂ ਤਾਂ ਉਸ ਨੇ ਕਿਹਾ ਕਿ ਥੋੜ੍ਹੀ ਮਿਹਨਤ ਦੀ ਲੋੜ ਹੈ। ਇਸ ਤਰ੍ਹਾਂ ਮੇਰਾ ਰੁਝਾਨ ਇਸ ਖ਼ੇਤਰ ਵੱਲ ਮੁੜ ਪਿਆ।

**ਸੁਆਲ:** ਕੀ ਤੁਸੀਂ ਆਪਣੀਆਂ ਕਵਿਤਾਵਾਂ/ਗੀਤਾਂ ਨੂੰ ਕਿਤਾਬੀ ਰੂਪ ਵੀ ਦਿੱਤਾ ਹੈ?
ਜੁਆਬ: ਹਾਂ।" ਮੇਰੀ ਸਭ ਤੋਂ ਪਹਿਲਾਂ ਜਿਹੜੀ ਕਿਤਾਬ ਪਾਠਕਾਂ ਦੇ ਦਰਬਾਰ ਵਿੱਚ ਪੇਸ਼ ਹੋਈ ਹੈ ਉਸ ਦਾ ਨਾਂ ਹੈ 'ਗੁਰੂ ਨਾਨਕ ਤੇਰੇ ਦਰ ਉੱਤੇ'। ਇਹ ਧਾਰਮਿਕ ਗੀਤਾਂ ਦੀ ਪੁਸਤਕ ਹੈ। ਇਸ ਪੁਸਤਕ ਦਾ ਹੀ ਇੱਕ ਧਾਰਮਿਕ ਕਵਿਤਾ 'ਕੈਨਿਕਰੋਡ ਗੁਰਦੁਆਰੇ' ਵਿੱਚ ਪੜ੍ਹਿਆ ਸੀ। ਜ਼ਿੰਦਗੀ ਦਾ ਇਹ ਮੇਰੀ ਪਹਿਲੀ ਕਵਿਤਾ ਸੀ ਜਿਸ ਨੂੰ ਮੈਂ ਆਮ ਜਨਤਾ ਸਾਹਮਣੇ ਬੋਲਿਆ ਸੀ।ਇਸ ਕਵਿਤਾ ਦੇ ਬੋਲ ਸਨ:

**"ਗੁਰੂ ਨਾਨਕ ਤੇਰੇ ਦਰ ਉੱਤੇ, ਮੈਨੂੰ ਸੀਸ ਝੁਕਾਉਣਾ ਆ ਜਾਵੇ।**
**ਤੇਰੀ ਅੰਮ੍ਰਿਤ ਰੂਪੀ ਬਾਣੀ ਨੂੰ ਹਿਰਦੇ 'ਚ ਵਸਾਉਣਾ ਆ ਜਾਵੇ।"**

ਮੇਰੀ ਇਸ ਕਵਿਤਾ ਨਾਲ ਹੀ ਮੇਰੀ ਮੁਲਾਕਾਤ 'ਮਾਹੀ ਮੁਕੰਦਪੁਰੀ' ਜੀ ਨਾਲ ਹੋਈ ਸੀ, ਜਿਹੜਾ ਕਿ ਗ਼ਜ਼ਲ ਲਿਖਦਾ ਹੁੰਦਾ ਸੀ। ਉਸ ਦੇ ਸੰਗ ਵਿੱਚ ਆਉਣ ਕਰਕੇ ਹੀ ਮੇਰਾ ਵੀ ਗ਼ਜ਼ਲ ਲਿਖਣ ਵੱਲ ਝੁਕਾਓ ਹੋਇਆ ਸੀ। 'ਵੇ ਰਾਤੀਂ ਸਿਨਮਾ ਵੇਖਣ ਗਿਓਂ' ਇਸ ਦੇ ਪੂਰੇ ਬੋਲ ਹਨ "ਵੇ ਰਾਤੀਂ ਸਿਨਮਾ ਵੇਖਣ ਗਿਓਂ, ਨਾ ਗਿਓਂ ਦੱਸ ਕੇ"। ਇਸ ਗ਼ੀਤ ਨੂੰ ਪੰਜਾਬ ਦੀ 'ਕੋਇਲ' ਗਾਇਕਾ ਸੁਰਿੰਦਰ ਕੌਰ ਨੇ ਆਪਣੀ ਸੁਰੀਲੀ ਆਵਾਜ਼ ਵਿੱਚ ਗਾਇਆ ਵੀ ਹੈ।
"ਲਾਈਂ ਹੋਰ ਨਾ ਵੈਰੀਆ ਲਾਰਾ" (ਗ਼ੀਤ)
ਅੱਖਾਂ ਵਿੱਚ ਆਉਣ ਅੱਥਰੂ (ਗ਼ੀਤ)
ਇਸ ਗੀਤ ਨੂੰ ਵੀ ਸੁਰਿਦਰ ਕੌਰ ਨੇ ਆਪਣੀ ਆਵਾਜ਼ ਦਿੱਤੀ ਸੀ। ਸੱਚ ਜਾਣਿਓ ਇਹ ਗੀਤ ਮੇਰੇ ਜੀਵਨ ਦੀ ਕਮਾਈ ਸੀ। ਇਹ ਗੀਤ ਦੇ ਕੁਝ ਬੋਲ ਮੈਂ ਤੁਹਾਨੂੰ ਗਾ ਕੇ ਸੁਣਾਉਂਣਾ ਚਾਹਵਾਂਗਾ। ਸਾਡੇ ਲੋਕਾਂ ਵਿੱਚ ਆਪਣੀਆਂ ਧੀਆਂ ਪ੍ਰਦੇਸ ਵਿੱਚ ਵਿਆਹ ਕੇ ਤਾਂ ਮਨ ਦਾ ਸਕੂਨ ਮਿਲਦਾ ਹੋਵੇਗਾ ਪਰ ਉਸ ਧੀ ਨੂੰ ਜਿਹੜੇ ਦੁੱਖ ਸਹਿਣੇ ਪੈਂਦੇ ਹਨ ਮੈਂ ਉਨ੍ਹਾਂ ਨੂੰ ਇਸ ਗ਼ੀਤ ਵਿੱਚ ਬਿਆਨ ਕੇ ਉਸ ਦੀ ਤਰਜ਼ਮਾਨੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਬੋਲ ਹਨ:

**"ਅੱਖਾਂ ਵਿੱਚ ਆਉਣ ਅੱਥਰੂ,ਜਦੋਂ ਯਾਦ ਪੇਕਿਆਂ ਦੀ ਆਏ!**
**ਮਾਏਂ ਤੇਰੀ ਧੀ ਲਾਡਲੀ, ਪਈ ਕੂੰਜ ਵਾਂਗ ਕੁਰਲਾਏ!**
**ਲ਼ੱਖਾਂ ਹੀ ਵਲੈਤ ਵਿੱਚ ਏਥੇ ਭਾਵੇਂ ਸੁੱਖ ਨੀਂ!**
**ਝੱਲਿਆ ਨਾ ਜਾਂਦਾ ਇਹ ਵਿਛੋੜੇ ਵਾਲਾ ਦੁੱਖ ਨੀਂ!"**

ਇਸੇ ਹੀ ਗ਼ੀਤ ਵਿੱਚ ਅੱਗੇ ਚੱਲ ਕੇ ਉਸ ਗੱਲ ਦਾ ਜ਼ਿਕਰ ਹੁੰਦਾ ਹੈ ਜਿਸ ਬਾਰੇ ਤੁਸਾਂ ਆਪਣੇ ਸੁਆਲ ਵਿੱਚ ਪੁੱਛਿਆ ਸੀ ਕਿ ਦਿਲ ਤੇ ਕੀ ਬੀਤਦੀ ਹੈ ਜਦੋਂ ਆਪਣੇ ਵਤਨ ਵਿੱਚ ਸੁੱਖ-ਦੁੱਖ ਵਾਪਰ ਰਹੇ ਹੁੰਦੇ ਹਨ ਅਤੇ ਇੱਕ ਇਨਸਾਨ ਪ੍ਰਦੇਸ ਵਿੱਚ ਬੈਠਾ ਹੁੰਦਾ ਹੈ।ਸੁਣਨਾ:

**"ਬਾਬਲੇ ਨੇ ਵਿਆਹ ਜਦੋਂ ਵੀਰੇ ਦਾ ਰਚਾਇਆ ਸੀ,**
**ਦਿਲ ਜਾਣੇ ਦਿਲ ਮੇਰਾ ਕਿੰਜ ਕੁਰਲਾਇਆ ਸੀ!**
**ਨਾ ਮੈਂ ਨੱਚੀ ਨਾ ਮੈਂ ਸ਼ਗਨ ਮਨਾਏ,**
**ਅੱਖਾਂ ਵਿੱਚ ਆਉਣ ਅੱਥਰੂ,ਜਦੋਂ ਯਾਦ ਪੇਕਿਆ ਦੀ ਆਏ!"**

**"ਕਦੇ ਤਾਂ ਪੁਜਾਊ ਰੱਬ ਦਿਲ ਦੀ ਜੋ ਆਸ ਆ!**
**ਧੀਆਂ ਪ੍ਰਦੇਸਣਾਂ ਦਾ ਏਹੀਓ ਅਹਿਸਾਸ ਆ!**
**ਸਦਾ ਲੋਚੇ ਮਨ 'ਕਮਲਾ' ਠੰਢੀ ਵਾਅ ਪੇਕਿਆਂ ਦੀ ਆਏ!**
**ਅੱਖਾਂ ਵਿੱਚ ਆਉਣ ਅੱਥਰੂ,ਜਦੋਂ ਯਾਦ ਪੇਕਿਆ ਦੀ ਆਏ!"**

ਅਤੇ ਮੇਰੀਆਂ ਬਾਕੀ ਪੁਸਤਕਾਂ ਦਾ ਵੇਰਵਾ ਇਸ ਤਰ੍ਹਾਂ ਹੈ:-
ਜਦੋਂ ਬਾਪੂ ਬਾਪੂ ਕਹਿੰਦੇ ਸੀ (ਗ਼ੀਤ)
ਸਭਿਅਤਾ ਦੇ ਰਾਖੇ (ਕਵਿਤਾਵਾਂ)
ਖ਼ੁਸ਼ਬੋਆਂ (ਗ਼ਜ਼ਲ ਸੰਗ੍ਰਹਿ)
ਕਿਰਨਾਂ (ਗ਼ਜ਼ਲ ਸੰਗ੍ਰਹਿ)
ਸੱਚ ਛੁਪਾਉਣਾ ਠੀਕ ਨਹੀਂ (ਮਹਾਂ ਕਾਵਿ)
ਸਤਿਗੁਰੂ ਰਵੀਦਾਸ ਜੀ (ਮਹਾਂ ਕਾਵਿ)
ਆਖ਼ਰੀ ਮੰਜ਼ਿਲ (ਸੰਪਾਦਨਾ)
ਜੈ ਗੁਰਦੇਵ ਬੁਲਾਉਂਦੇ ਚੱਲੋ
ਨੀ ਚਮਕੌਰ ਐ ਸਰਹੰਦੇ

**ਸੁਆਲ:** ਕੀ ਤੁਹਾਡੀ ਕੋਈ ਅਜਿਹੀ ਰੀਝ ਸੀ ਪੂਰੀ ਨਹੀਂ ਹੋ ਸਕੀ ਅਤੇ ਜਿਸ ਲਈ ਤੁਸੀਂ ਅੱਜ ਵੀ ਸਹਿਕਦੇ ਹੋ?

**ਜੁਆਬ:** ਹਾਂ। ਇਸ ਗੱਲ ਦਾ ਅਰਮਾਨ ਅੱਜ ਵੀ ਦਿਲ ਵਿੱਚ ਚੀਸ ਬਣ ਕੇ ਚੁੱਭਦਾ ਹੈ ਕਿ ਕਾਸ਼! ਅੱਜ ਮਾਂ-ਪਿਉਂ ਜਿੰਦਾ ਹੁੰਦੇ ਅਤੇ ਜਿਹੜੀਆਂ ਚੀਜ਼ਾਂ ਲਈ ਉਹ ਤਰਸਦੇ ਹੀ ਇਸ ਜ਼ਹਾਨੋਂ ਤੁਰ ਗਏ ਹਨ, ਹੁਣ ਮੈਂ ਜਦੋਂ ਕਿ ਉਹ ਉਪਲੱਭਦ ਕਰਵਾਉਣ ਦੇ ਸਮਰੱਥ ਹੋ ਗਿਆ ਹਾਂ, ਉਨ੍ਹਾਂ ਦੇ ਚਰਨਾਂ ਵਿੱਚ ਰੱਖਦਾ।

**ਸੁਆਲ:** ਕੀ ਤੁਸਾਂ ਸਾਰਾ ਲਿਟਰੇਚਰ ਧਾਰਮਿਕ ਹੀ ਲਿਖਿਆ ਹੈ ਜਾਂ ਹੋਰ ਵਿਸ਼ਿਆਂ 'ਤੇ ਵੀ ਆਪਣੀ ਕਲਮ ਚਲਾਈ ਹੈ?

**ਜੁਆਬ:** ਮੈਂ ਹਰ ਤਰ੍ਹਾਂ ਦੇ ਵਿਸ਼ਿਆਂ ਤੇ ਲਿਖਿਆ ਹੈ।

**ਸੁਆਲ:** ਕੀ ਤੁਸੀਂ ਭਾਰਤ ਵਿੱਚ ਵੱਸਣ ਵਾਲੇ ਨੌਜਵਾਨਾਂ ਨੂੰ ਕੋਈ ਸੁਨੇਹਾ ਦੇਣਾ ਚਾਹੋਗੇ?ਜੁਆਬ: ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਆਪਣੇ ਦੇਸ਼ ਨਾਲ ਦੀ  ਰੀਸ ਨਹੀਂ। ਜਿਹੜਾ ਇਨਸਾਨ ਇੱਥੇ ਹੱਡ ਭੰਨ ਕੇ ਮਿਹਨਤ ਕਰ ਸਕਦਾ ਹੈ ਉਹ ਭੁੱਖਾ ਨਹੀਂ ਮਰ ਸਕਦਾ। ਵਿਹਲੜ ਵਾਸਤੇ ਬਾਹਰਲੇ ਮੁਲਕਾਂ ਵਿੱਚ ਵੀ ਕੋਈ ਥਾਂ ਨਹੀਂ। ਮਿਹਨਤ ਹੀ ਸਫ਼ਲਤਾ ਦੀ ਕੁੰਜੀ ਹੈ। ਇਸ ਤੋਂ ਜੀਅ ਨਾ ਚੁਰਾਓ। ਜੇਕਰ ਤੁਹਾਡੇ ਕੋਲ ਇੱਧਰ ਕੋਈ ਸਾਧਨ ਜਾਂ ਵਸੀਲਾ ਨਹੀਂ ਹੈ ਰੋਟੀ-ਰੋਜ਼ੀ ਦਾ, ਤਾਂ ਬਾਹਰ ਕਿਸਮਤ ਅਜ਼ਮਾ ਲੈਣਾਂ ਗੁਨਾਹ ਵੀ ਨਹੀਂ ਹੈ। ਪਰ ਜਿਹੜੇ ਲੋਕ ਇਸ ਖ਼ੁਸ਼ਫਹਿਮੀ 'ਚ ਹਨ ਕਿ ਬਾਹਰ ਮੌਜ਼ਾਂ ਹੀ ਮੌਜ਼ਾਂ ਹਨ, ਉਹ ਸੁਪਨਿਆਂ ਦਾ ਸੰਸਾਰ ਸਿਰਜ਼ ਰਹੇ ਹਨ ਜਿਸ ਵਿੱਚੋਂ ਕੁਝ ਵੀ ਹੱਥ ਪੱਲੇ ਨਹੀਂ ਪੈਂਦਾ। ਜੀਵਨ ਫੁੱਲਾਂ ਦੀ ਸੇਜ਼ ਨਹੀਂ ਹਕੀਕਤਾ ਦਾ ਕੰਡਿਆਂ ਭਰਿਆ ਰਾਹ ਹੈ। ਜੀਵਨ ਨੂੰ ਸੁਖਾਵਾਂ ਅਤੇ ਸੁਨਿਹਰੀ ਬਣਾਉਣ ਲਈ ਮਿਹਨਤ ਤੋਂ ਬਿਨਾਂ ਹੋਰ ਕੋਈ ਦੂਸਰਾ ਰਾਹ ਨਹੀਂ ਹੈ। ਸਾਡੀ ਇਸ ਛੋਟੀ ਜਿਹੀ ਪਰ ਅਰਥ ਭਰਪੂਰ ਮੁਲਾਕਾਤ ਦਾ ਸਾਰਅੰਸ਼ ਇਹ ਹੀ ਸੀ ਕਿ 'ਕਮਲਾ' ਜੀ ਨੇ ਆਪਣਾ ਅੰਦਰਲਾ ਆਪਾ ਬਿਨਾਂ ਕਿਸੇ ਝਿਜਕ ਮੇਰੇ ਅੱਗੇ ਖੋਲ੍ਹ ਕੇ ਅਜੋਕੇ ਨੌਜਵਾਨਾਂ ਨੂੰ ਬਾਹਰ ਦੀ ਜਿੰਦਗੀ ਦਾ ਸੱਚ ਦੱਸ ਦਿੱਤਾ ਸੀ ਕਿ ਰੀਸੋ ਰੀਸੀ ਬਾਹਰਲੇ ਮੁਲਕਾਂ ਵੱਲ ਦੌੜਨਾ ਕੋਈ ਸਿਆਣਪ ਨਹੀਂ ਹੈ। ਇਹ ਕਹਿ ਕੇ 'ਜੋ ਸੁਖ ਛੱਜੂ ਦੇ ਚੁਬਾਰੇ, ਉਹ ਬਲਖ਼ ਨਾ ਬੁਖ਼ਾਰੇ' 'ਕਲਮਾ' ਜੀ ਨੇ ਮੇਰੇ ਕੋਲੋਂ ਵਿਦਾ ਲੈ ਲਈ ਸੀ ਅਤੇ ਫਿਰ ਮਿਲਣ ਦਾ ਵਾਅਦਾ ਵੀ ਕੀਤਾ ਸੀ। ਰੱਬ ਕਰੇ ਅਜਿਹੀ ਸੋਚ ਦਾ ਮਾਲਕ ਨੌਜਵਾਨਾਂ ਲਈ ਹਮੇਸ਼ਾਂ ਪੱਥ ਦਰਸ਼ਕ ਬਣਦਾ ਰਹੇ।

ਆਮੀਨ!

***

**ਇੱਕ ਸੈਨਿਕ :**

## ਮੌਤ ਦੀਆਂ ਅੱਖਾਂ ਵਿੱਚ ਅੱਖਾਂ ਪਾਉਣ ਵਾਲਾ



**ਕੈਪਟਨ ਸ੍ਰ. ਪਿਆਰਾ ਸਿੰਘ**

ਮੰਨੂੰ ਸਿਮ੍ਰਤੀ ਕੋਈ ਜਾਤ ਵੰਡ ਨਹੀਂ ਸੀ ਸਗੋਂ ਇਹ ਤਾਂ ਸਮੇਂ ਦੀ ਲੋੜ ਅਨੁਸਾਰ ਕੇਵਲ 'ਤੇ ਕੇਵਲ ਕੰਮ ਵੰਡ ਸੀ ਤਾਂ ਜੋ ਸਮਾਜ ਦੇ ਕੰਮਾਂ ਦੀ ਸਹੀ ਢੰਗ ਨਾਲ ਸੰਚਾਲਣਾ ਕੀਤੀ ਜਾ ਸਕੇ। ਇਸੇ ਲਈ ਸਮਾਜ ਨੂੰ ਚਾਰ ਹਿੱਸਿਆਂ ਵਿੱਚ ਵੰਡਿਆ ਗਿਆ ਸੀ। ਉਸ ਸਮੇਂ ਦੇ ਬੁੱਧੀਜੀਵੀਆਂ ਨੂੰ ਸਮਾਜ਼ ਵਿੱਚ ਗਿਆਨ ਦੇ ਪ੍ਰਕਾਸ਼ ਫੈਲਾਉਣ ਭਾਵ ਵਿੱਦਿਆ ਦੇਣ ਦਾ ਕੰਮ ਸੌਂਪਿਆ ਗਿਆ ਸੀ। ਲੋਕਾਂ ਦੀ ਪੇਟ ਪੂਰਤੀ ਦਾ ਉਪਰਾਲਾ ਕਰਨਾ ਵੀ ਅਤਿ ਲੋੜੀਂਦਾ ਕੰਮ ਸੀ ਜਿਸ ਲਈ ਜਿਨ੍ਹਾਂ ਲੋਕਾਂ ਨੂੰ ਖ਼ੇਤੀਬਾੜੀ ਦਾ ਕੰਮ ਸੌਂਪਿਆ ਗਿਆ ਸੀ ਉਹ ਸ਼੍ਰੇਣੀ ਵੰਡ ਵਿੱਚ ਦੂਸਰੇ ਦਰਜੇ ਤੇ ਆਉਂਦੇ ਸਨ। ਇਨ੍ਹਾਂ ਦੋਹਾਂ ਕੰਮਾਂ ਉਪਰੰਤ ਲੋੜ ਸੀ ਆਪਣੇ ਦੇਸ਼ ਦੀ ਰਖਵਾਲੀ ਦੀ ਜਿਸ ਲਈ ਰੱਖ਼ਿਅਕਾਂ ਦੀ ਇੱਕ ਸ਼੍ਰੇਣੀ ਨੂੰ ਇਹ ਕੰਮ ਸੌਂਪਿਆ ਗਿਆ ਸੀ। ਕਹਿਦੇ ਹਨ ਜਦੋਂ ਕੁੱਤਾ ਵੀ ਬੈਠਦਾ ਹੈ ਤਾਂ ਆਪਣੀ ਪੂਛ ਨਾਲ ਪਹਿਲਾਂ ਥਾਂ ਸਾਫ਼ ਕਰ ਲੈਂਦਾ ਹੈ। ਹੁਣ ਅਜਿਹੀ ਕਾਮਾ (Labour) ਸ਼੍ਰੇਣੀ ਦੀ ਵੀ ਲੋੜ ਸੀ ਜਿਹੜੀ ਇਹ ਕੰਮ ਨਿਭਾ ਸਕੇ। ਲੋੜ ਨੂੰ ਮੁੱਖ ਰੱਖਦਿਆਂ ਹੋਇਆਂ ਇਹ ਕੰਮ (ਕਾਮਾ/Labour) ਬਾਕੀ ਬਚੇ ਲੋਕਾਂ ਨੂੰ ਸੌਂਪ ਦਿੱਤਾ ਗਿਆ ਸੀ।

ਸਮਾਂ ਆਪਣੀ ਤੋਰੇ ਤੁਰਦਾ ਗਿਆ ਅਤੇ ਆਪਣੇ ਨਾਲ ਪ੍ਰੀਵਰਤਨ ਦੇ ਬੀਜ਼ ਵੀ ਬੀਜ਼ਦਾ ਗਿਆ। ਕੰਮ ਵੰਡ ਜਾਤੀ ਵੰਡ ਵਿੱਚ ਤਬਦੀਲ ਹੋਣੀ ਸ਼ੁਰੂ ਹੋ ਗਈ ਸੀ ਜਿਹੜੀ ਅੱਗੇ ਚੱਲ ਕੇ ਇੰਨੀਂ ਪੱਕੀ ਹੋ ਗਈ ਸੀ, ਕਿ ਉਸ 'ਚੋਂ ਨਫ਼ਰਤ ਅਤੇ ਛੂਤਛਾਤ ਦੇ ਕੰਡੇ ਨਿਕਲਣੇ ਸ਼ੁਰੂ ਹੋ ਗਏ ਸਨ। ਬ੍ਰਾਹਮਣ ਲੋਕ ਆਪਣੇ ਆਪ ਨੂੰ ਉੱਚ ਜਾਤੀ ਦੇ ਸਮਝਣ ਲੱਗ ਪਏ ਸਨ।ਵਿੱਦਿਆ ਦੇਣਾ ਜਾਂ ਲੈਣਾ ਉਹ ਉੱਚ ਜਾਤੀ ਦੇ ਲੋਕਾਂ ਦਾ ਹੱਕ ਸਮਝਣ ਲੱਗ ਪਏ ਸਨ। ਜੇਕਰ ਕੋਈ ਦੂਸਰੀ ਜਾਤੀ ਦਾ ਮਨੁੱਖ ਉਚਾਰੇ ਗਏ ਵੇਦ ਮੰਤਰਾਂ ਨੂੰ ਸੁਣ ਵੀ ਲੈਂਦਾ ਸੀ ਤਾਂ ਸਜ਼ਾ ਵਜੋਂ ਪਿਘਲਿਆ ਹੋਇਆ ਸਿੱਕਾ ਉਸ ਦੇ ਕੰਨਾਂ ਵਿੱਚ ਪਾ ਦਿੱਤਾ ਜਾਂਦਾ ਸੀ ਤਾਂ ਜੋ ਦੂਸਰੀ ਜਾਤੀ ਦੇ ਲੋਕ ਇਸ ਤੋਂ ਸਬਕ ਲੈ ਸਕਣ ਕਿ ਵਿੱਦਿਆ ਪ੍ਰਾਪਤ ਕਰਨਾ ਉਨ੍ਹਾਂ ਦਾ ਹੱਕ ਨਹੀਂ ਹੈ। ਚੌਥੀ ਸ਼੍ਰੇਣੀ (ਸ਼ੂਦਰ) ਦੇ ਲੋਕਾਂ ਨੂੰ ਘਿਰਣਾ ਦੀ ਨਜ਼ਰ ਨਾਲ ਵੇਖਣਾ ਸ਼ੁਰੂ ਹੋ ਗਿਆ ਸੀ। ਅਸਲ ਵਿੱਚ ਇਸ ਸ਼੍ਰੇਣੀ ਦੇ ਲੋਕ ਦੂਸਰੇ ਕਾਰਜ਼ਾ ਵਿੱਚ ਸਹਾਇਕ ਵਜੋਂ ਕੰਮ ਕਰਦੇ ਸਨ। ਮਿਸਾਲ ਵਜੋਂ ਜ਼ਿਮੀਦਾਰ ਨੂੰ ਵਾਹੀ ਵਾਸਤੇ ਸੰਦਾਂ ਦੀ ਲੋੜ ਸੀ ਜਿਹੜਾ ਕਿ ਲੁਹਾਰ ਉਸ ਨੂੰ ਮੁਹਈਆ ਕਰਦਾ ਸੀ। ਘਰਾਂ ਵਿੱਚ ਪਾਣੀ ਦੀ ਲੋੜ ਨੂੰ ਪੂਰਾ ਕਰਨ ਲਈ ਘੁਮਾਰ ਘੜੇ ਬਣਾ ਕੇ ਅਤੇ ਪੈਰੀਂ ਪਾਉਣ ਲਈ ਜੁੱਤੀਆਂ ਚੁਮਾਰ ਬਣਾਉਂਦਾ ਸੀ। ਇਹ ਸਾਰੇ ਕਾਮੇ ਸਨ ਜਿਨ੍ਹਾਂ ਨੂੰ ਕੰਮੀ ਦਾ ਨਾਂ ਦੇ ਕੇ ਦੁਰਕਾਰਿਆ ਜਾਣ ਲੱਗਾ ਸੀ। ਲੁਹਾਰ, ਘੁਮਾਰ, ਚਮਾਰ ਆਦਿ ਸ਼ਬਦਾਂ ਨੂੰ ਨੀਵੀਂ ਜਾਤ ਦਾ ਪ੍ਰਤੀਕ ਮੰਨਿਆ ਜਾਣ ਲੱਗਾ ਸੀ। ਕਰਮ(ਕੰਮ) ਵੰਡ ਵਰਣ-ਵੰਡ ਵਿੱਚ ਤਬਦੀਲ ਹੋ ਗਈ ਸੀ-ਬ੍ਰਾਹਮਣ, ਖ਼ਤਰੀ, ਵੈਸ਼ ਅਤੇ ਸ਼ੂਦਰ। ਮੇਰੇ ਵਿਸ਼ੇ ਦਾ ਨਾਇਕ ਉਸ ਸ਼੍ਰੇਣੀ 'ਚੋਂ ਹੈ ਜਿਸ ਦੇ ਹਿੱਸੇ ਦੇਸ਼ ਦੀ ਸੁਰੱਖ਼ਿਆ ਦਾ ਕੰਮ ਆਉਂਦਾ ਹੈ। ਇਸ ਵਾਸਤੇ ਮੈਂ ਇੱਕ ਸੈਨਿਕ ਨੂੰ ਚੁਣਿਆ ਹੈ ਜਿਸ ਨਾਲ ਹੋਈ ਮੇਰੀ ਇੰਟਰਵਿਊ ਦਾ ਸਾਰ ਅੰਸ਼ ਇਸ ਤਰ੍ਹਾਂ ਹੈ:

**ਸੁਆਲ:** ਕੈਪਟਨ ਸ. ਪਿਆਰਾ ਸਿੰਘ ਜੀ ਅੱਜ ਮੈਂ ਤੁਹਾਡੇ ਨਾਲ ਤੁਹਾਡੇ ਜੀਵਨ ਸਬੰਧੀ ਕੁਝ ਗੱਲਾਂ ਕਰਨੀਆਂ ਹਨ। ਆਸ ਹੈ ਕਿ ਤੁਸੀਂ ਸੱਚੋ-ਸੱਚ ਉੱਤਰ ਦਿਓਗੇ? ਸਭ ਤੋਂ ਪਹਿਲਾਂ ਕੀ ਤੁਸੀਂ ਆਪਣੇ ਅਤੇ ਪਰਿਵਾਰਕ ਜੀਵਨ ਸਬੰਧੀ ਕੁਝ ਦੱਸਣਾ ਪਸੰਦ ਕਰੋਗੇ?

**ਜੁਆਬ:** ਤੀਰ ਜੀ, ਇਸ ਤੋਂ ਪਹਿਲਾਂ ਕਿ ਮੈਂ ਆਪਣਾ ਬ੍ਰਿਤਾਂਤ ਸ਼ੁਰੂ ਕਰਾਂ ਕੁਝ ਅਜੋਕੇ ਸਮਾਜਿਕ ਢਾਂਚੇ ਬਾਰੇ ਵੀ ਦੱਸਣਾ ਚਾਹੁੰਦਾ ਹਾਂ ਤਾਂ ਜੋ ਤੁਸੀ ਮੇਰੇ ਅੰਦਰਲੇ ਮਨੁੱਖ ਬਾਰੇ ਜਾਣ ਸਕੋ। ਇਹ ਸਾਡੇ ਸਮੇਂ ਦਾ ਇੱਕ ਵੱਡਾ ਦੁਖ਼ਾਂਤ ਹੈ ਕਿ ਮਨੁੱਖ ਸਮੇਂ ਦੀ ਤੇਜ਼ ਗਤੀ 'ਤੇ ਕੁਝ ਹੋਰ ਕਾਰਨਾਂ ਕਰਕੇ ਅੰਦਰੋਂ ਹੋਰ ਅਤੇ ਬਾਹਰੋਂ ਹੋਰ,ਦੋ ਤਰ੍ਹਾਂ ਦਾ ਜੀਵਨ ਜੀਉ ਰਿਹਾ ਹੈ। ਇਸ ਨਾਲ ਸਮੁੱਚੇ ਸਮਾਜ ਵਿੱਚ ਹੌਲਾਪਨ ਤਾਂ ਆਇਆ

ਹੀ ਹੈ, ਮਨੁੱਖ ਆਪਣੀ ਖ਼ੁਸ਼ੀ ਨੂੰ ਵੀ ਗੁਆ ਬੈਠਾ ਹੈ। ਬਹੁਤੀ ਵੇਰਾਂ ਉਹ ਖ਼ੁਸ਼ ਅਤੇ ਸੰਤੁਸ਼ਟ ਹੋਣ ਦਾ ਡਰਾਮਾ ਵੀ ਕਰ ਰਿਹਾ ਹੁੰਦਾ ਹੈ। ਮੈਂ ਅੰਦਰੋਂ ਕਿਹੋ ਜਿਹਾ ਹਾਂ, ਮੈਨੂੰ ਪ੍ਰਮਾਤਮਾ ਨੇ ਜਿਹੜੀ ਸੋਚ ਅਤੇ ਬੁੱਧੀ ਬਖ਼ਸ਼ੀ ਹੈ ਦੇ ਸਹਾਰੇ ਦੱਸਣ ਦਾ ਯਤਨ ਕਰਾਂਗਾ।

ਸਾਡਾ ਪਿਛਲਾ ਪਿੰਡ '**ਉਸਮਾ**' ਹੈ ਜਿੱਥੋਂ ਅਸੀਂ ਉੱਠ ਕੇ ਤਰਨ ਤਾਰਨ ਆ ਵੱਸੇ ਸਾਂ। ਮੇਰਾ ਜਨਮ 20 ਅਕਤੂਬਰ,1934 ਨੂੰ ਮਹੰਤ ਵੀਰ ਸਿੰਘ ਜੀ ਦੇ ਬੁੰਗੇ ਦੇ ਇੱਕ ਕਮਰੇ ਵਿੱਚ ਸ. ਹਜ਼ਾਰਾ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਈਸ਼ਰ ਕੌਰ ਜੀ ਦੀ ਕੁੱਖੋਂ  ਹੋਇਆ। ਮੇਰੇ ਮਾਤਾ ਜੀ ਬਹੁਤ ਹੀ ਧਾਰਮਿਕ ਬਿਰਤੀ ਦੇ ਸਨ। ਬੇਸ਼ਕ ਉਹ ਸਖ਼ਤ ਸੁਭਾਉ ਦੇ ਸਨ ਪਰ ਉਨ੍ਹਾਂ ਦੇ ਮੂੰਹੋਂ ਕਦੇ ਵੀ ਸਖ਼ਤ ਸ਼ਬਦ ਨਹੀਂ ਸਨ ਨਿਕਲੇ। ਮੇਰੇ ਪਿਤਾ ਜੀ ਆਪਣੇ ਭਰਾ ਸ. ਸਾਵਣ ਸਿੰਘ ਜੀ ਤੋਂ ਛੋਟੇ ਸਨ। ਮੇਰੇ ਪਿਤਾ ਜੀ ਵੀ ਦਾਨੀ ਸੱਜਣ ਸਨ। ਉਨ੍ਹਾਂ ਦੇ ਦਾਨੀ ਸੁਭਾਅ ਦਾ ਪਤਾ ਇਸ ਗੱਲੋਂ ਹੀ ਲੱਗ ਜਾਵੇਗਾ ਕਿ ਇੱਕ ਦਿਨ ਕਿਸੇ ਸੱਜਣ ਨੇ ਉਨ੍ਹਾਂ ਤੋਂ ਦੋ ਰੁਪਏ ਆਣ ਮੰਗੇ ਕਿ ਉਸ ਨੂੰ ਬਹੁਤ ਜ਼ਿਆਦਾ ਲੋੜ ਹੈ। ਉਨ੍ਹਾਂ ਨੇ ਜੇਬ ਵੇਖੀ ਉਹ ਤਾਂ ਖਾਲੀ ਸੀ। ਉਹ ਝੱਟ ਉੱਠੇ ਅਤੇ ਬਾਹਰੋਂ ਜਾ ਕੇ ਕਿਸੇ ਹੋਰ ਸੱਜਣ ਤੋਂ ਫੜ੍ਹ ਲਿਆਏ ਅਤੇ ਉਸ ਦੀ ਲੋੜ ਪੂਰੀ ਕਰ ਦਿੱਤੀ।

ਮੇਰੇ ਤਾਇਆ ਜੀ ਦੀਆਂ ਦੋ ਲੜਕੀਆਂ ਸਨ। ਉਹ ਮੇਰੇ ਪਿਤਾ ਜੀ ਨੂੰ ਚਾਚਾ ਜੀ ਕਹਿ ਕੇ ਬੁਲਾਉਂਦੀਆਂ ਹੁੰਦੀਆਂ ਸਨ। ਉਨ੍ਹਾਂ ਦੀ ਰੀਸੋ-ਰੀਸੀ ਅਸੀਂ ਵੀ ਆਪਣੇ ਪਿਤਾ ਜੀ ਨੂੰ 'ਚਾਚਾ ਜੀ' ਹੀ ਕਹਿ ਕੇ ਬੁਲਾਉਣ ਲੱਗ ਪਏ ਸਾਂ। ਮੇਰੇ ਮਾਪਿਆਂ ਦੇ ਦੱਸਣ ਅਨੁਸਾਰ ਮੇਰਾ ਇੱਕ ਵੱਡਾ ਭਰਾ ਵੀ ਸੀ ਜਿਸ ਦਾ ਨਾਂ ਬਲਵੰਤ ਸਿੰਘ ਸੀ। ਮੇਰੇ ਜਨਮ ਤੋਂ ਪਹਿਲਾਂ ਹੀ ਉਹ ਰੱਬ ਨੂੰ ਪਿਆਰਾ ਹੋ ਗਿਆ ਸੀ। ਉਸ ਦੀ ਘਾਟ ਮੈਂ ਅੱਜ ਵੀ ਮਹਿਸੂਸ ਕਰਦਾ ਹਾਂ। ਮੇਰੇ ਤੋਂ ਛੋਟੇ ਮੇਰੇ ਹੋਰ ਤਿੰਨ ਭਰਾ ਹਨ। ਮੇਰੀਆਂ ਦੋ ਛੋਟੀਆਂ ਭੈਣਾਂ ਵੀ ਸਨ ਜਿਨ੍ਹਾਂ 'ਚੋਂ ਇੱਕ ਨਿਰਸੰਤਾਨ ਹੀ ਗੁਜ਼ਰ ਗਈ ਸੀ।

**ਸੁਆਲ:** ਤੁਸੀਂ ਵਿੱਦਿਆ ਕਿੱਥੋਂ ਤੱਕ ਪ੍ਰਾਪਤ ਕੀਤੀ ਹੈ। ਜ਼ਰਾ ਵੇਰਵੇ ਨਾਲ ਦੱਸੋ?

**ਜੁਆਬ:** ਇਸ ਤੋਂ ਪਹਿਲਾਂ ਕਿ ਮੈਂ ਆਪਣੀ ਪੜ੍ਹਾਈ ਬਾਰੇ ਦੱਸਾਂ ਇਹ ਜ਼ਰੂਰੀ ਹੈ ਕਿ ਇਹ ਜ਼ਰੂਰ ਦੱਸਾਂ ਕਿ ਮੇਰੇ ਪਿਤਾ ਜੀ ਬੇਸ਼ਕ ਅਨਪੜ੍ਹ ਸਨ ਪਰ ਉਨ੍ਹਾਂ ਅੰਦਰ ਪੜ੍ਹਾਈ ਦੀ ਮਹੱਤਤਾ ਦਾ ਅਹਿਸਾਸ ਸੀ। ਮੇਰੇ ਪਿਤਾ ਜੀ ਸੰਸਾਰ ਦੀ ਪਹਿਲੀ ਲੜਾਈ (First World War) ਵਿੱਚ ਅੰਗਰੇਜ਼ ਫੌਜ਼ ਵੱਲੋਂ ਲੜੇ ਸਨ। ਇਸ ਜੰਗ ਦੀ ਜਿੱਤ ਦੀ ਖ਼ੁਸ਼ੀ ਵਜੋਂ ਫੁੱਟਬਾਲ ਦਾ ਇੱਕ ਪ੍ਰਦਰਸ਼ਨੀ ਮੈਚ ਖੇਡਿਆ ਗਿਆ ਸੀ। ਉਸ ਮੈਚ ਵਿੱਚ ਉਨ੍ਹਾਂ ਦੇ ਨੱਕ ਦੀ ਹੱਡੀ ਟੁੱਟ ਗਈ ਸੀ।  ਇਸ ਦੇ ਇਲਾਜ ਵਾਸਤੇ ਉਨ੍ਹਾਂ ਨੂੰ ਦੋ ਮਹੀਨੇ ਫਰਾਂਸ ਦੇ ਇੱਕ ਹਸਪਤਾਲ ਵਿੱਚ ਰਹਿਣਾ ਪਿਆ ਸੀ। ਏਥੇ ਰਹਿੰਦਿਆਂ ਹੋਇਆਂ ਹੀ ਉਨ੍ਹਾਂ ਨੇ ਸਕੂਲੀ ਸਿੱਖਿਆ ਦੇ ਮਹੱਤਵ ਨੂੰ ਚੰਗੀ ਤਰ੍ਹਾਂ ਵੇਖਿਆ ਅਤੇ ਸਮਝਿਆ ਸੀ। ਇਸੇ ਸੋਚ ਅਧੀਨ ਹੀ ਉਨ੍ਹਾਂ ਨੇ ਮਨ ਬਣਾ ਲਿਆ ਸੀ ਕਿ ਮੈਂ ਬੇਸ਼ਕ ਨਹੀਂ ਪੜ੍ਹ ਸਕਿਆ ਪਰ ਆਪਣੇ ਬੱਚਿਆਂ ਨੂੰ ਜ਼ਰੂਰ ਪੜ੍ਹਾਉਣਾ ਹੈ। ਜਦੋਂ ਉਹ ਫੌਜ ਵਿੱਚੋਂ ਸੇਵਾ ਮੁਕਤ ਹੋ ਕੇ ਆਏ ਸਨ ਤਾਂ ਬੱਚਿਆਂ ਦੇ ਸੁਨਿਹਰੇ ਭਵਿੱਖ ਲਈ ਉਨ੍ਹਾਂ ਨੇ ਆਪਣੇ ਪਿੰਡ ਉਸਮਾ ਨੂੰ ਛੱਡ ਕੇ ਤਰਨ ਤਾਰਨ ਸ਼ਹਿਰ ਵਿੱਚ ਵਸੋਂ ਕਰ ਲਈ ਸੀ।

ਜਦੋਂ ਮੇਰੀ ਉਮਰ ਚਾਰ ਸਾਲ ਦੀ ਹੋਈ ਤਾਂ ਮੇਰੇ ਮਾਪਿਆਂ ਨੇ ਮੈਨੂੰ ਤਰਨ ਤਾਰਨ ਸ਼ਹਿਰ ਦੇ ਹੀ ਇੱਕ ਸਕੂਲ ਜਿਸ ਨੂੰ 'ਮੁਨਾਰੇ ਵਾਲਾ' ਸਕੂਲ ਕਹਿੰਦੇ ਸਨ ਵਿੱਚ ਪੜ੍ਹਨੇ ਪਾ ਦਿੱਤਾ ਸੀ। ਇਹ ਸਕੂਲ ਦਰਬਾਰ ਸਾਹਿਬ ਦੀ ਇੱਕ ਬਾਹੀ ਜਿੱਧਰ ਮੁਨਾਰਾ ਬਣਿਆ ਹੋਇਆ ਹੈ ਉੱਧਰ ਹੈ ਇਸੇ ਕਰਕੇ ਇਸ ਨੂੰ ਮੁਨਾਰੇ ਵਾਲਾ ਸਕੂਲ ਕਿਹਾ ਜਾਂਦਾ ਹੈ। ਉਸ ਸਮੇਂ ਸਾਡੀ ਕਲਾਸ ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚ ਹੀ ਲੱਗਦੀ ਹੁੰਦੀ ਸੀ। ਉਸ ਸਮੇਂ ਦੇ ਅਧਿਆਪਕ ਵੀ ਬੜੀ ਲਗਨ ਨਾਲ ਵਿਦਿਆਰਥੀਆਂ ਨੂੰ ਪੜ੍ਹਾਇਆ ਕਰਦੇ ਸਨ। ਮੈਨੂੰ ਅੱਜ ਵੀ ਯਾਦ ਹੈ ਸਾਡੇ ਸਕੂਲ ਦੇ ਹੈਡਮਾਸਟਰ ਸ. ਬੂਆ ਸਿੰਘ ਜੀ ਸਨ।

ਪ੍ਰਾਇਮਰੀ ਇਸ ਸਕੂਲ ਤੋਂ ਪਾਸ ਕਰਕੇ ਪੰਜਵੀਂ ਜਮਾਤ ਵਿੱਚ ਮੈਂ ਸ੍ਰੀ ਗੁਰੂ ਅਰਜਨ ਦੇਵ ਖ਼ਾਲਸਾ ਹਾਈ ਸਕੂਲ ਤਰਨ ਤਾਰਨ ਵਿੱਚ ਦਾਖ਼ਲ ਹੋ ਗਿਆ ਸਾਂ। ਸ਼ਹਿਰ ਦੇ ਜਿਸ ਪਾਸੇ ਸਾਡੀ ਰਿਹਾਇਸ਼ ਸੀ ਉੱਥੋਂ ਇਹ ਸਕੂਲ ਬਿਲਕੁਲ ਨੇੜੇ ਹੀ ਪੈਂਦਾ ਸੀ। ਅੱਜ ਕੱਲ੍ਹ ਇਸ ਇਮਾਰਤ ਵਿੱਚ ਸ੍ਰੀ ਗੁਰੂ ਅਰਜਨ ਦੇਵ ਸਰਕਾਰੀ ਕਾਲਜ ਚੱਲ ਰਿਹਾ ਹੈ। ਕਿਉਂਕਿ ਮੇਰੇ ਮਾਤਾ ਜੀ ਧਾਰਮਿਕ ਵਿਚਾਰਾਂ ਦੇ ਧਾਰਨੀ ਸਨ ਇਸ ਲਈ ਉਨ੍ਹਾਂ ਦੀ ਸੋਚ ਦਾ ਰੰਗ ਮੇਰੇ 'ਤੇ ਵੀ ਚੜ੍ਹਦਾ ਜਾ ਰਿਹਾ ਸੀ। ਮੈਂ ਅਜੇ ਸਤਵੀਂ ਜਮਾਤ ਵਿੱਚ ਹੀ ਪੜ੍ਹਦਾ ਸਾਂ ਕਿ ਮੈਂ ਅੰਮ੍ਰਿਤ ਛਕ ਲਿਆ ਸੀ। ਇਸ ਵਿੱਚ ਵੱਡਾ ਪ੍ਰੇਰਨਾ ਸਰੋਤ ਗਿਆਨੀ ਸੇਵਾ ਸਿੰਘ ਜੀ ਜਿਹੜੇ ਕਿ ਸਾਡੇ ਅਧਿਆਪਕ ਸਨ ਬਣੇ ਸਨ। ਦਸਵੀਂ ਜਮਾਤ ਵਿੱਚ ਪੜ੍ਹਾਈ ਦਾ ਜ਼ੋਰ ਕੁਝ ਵੱਧ ਜਾਂਦਾ ਹੈ। ਘਰ ਵਿੱਚ ਇੱਕ ਹੀ ਕਮਰਾ ਸੀ ਅਤੇ ਛੋਟੇ ਭੈਣ ਭਰਾ ਵੀ ਆਪਣੀਆਂ ਖੇਡਾਂ ਵਿੱਚ ਰੌਲਾ ਪਾ ਛੱਡਦੇ ਸਨ। ਬਿਜਲੀ ਦਾ ਚਾਨਣ ਵੀ ਘਰ ਵਿੱਚ ਨਹੀਂ ਸੀ। ਸੜਕ 'ਤੇ ਆਵਾਜ਼ਾਈ ਜਦੋਂ ਘਟ ਜਾਂਦੀ ਤਾਂ ਮੈਂ ਸੜਕ ਕਿਨਾਰੇ ਲੱਗੀ ਲਾਈਟ ਵਿੱਚ ਪੜ੍ਹਨਾ ਸ਼ੁਰੂ ਕੀਤਾ। ਇੱਕ ਡੂੰਘੀ ਸ਼ਾਮ ਜਦੋਂ ਮੈਂ ਇਸ ਤਰ੍ਹਾਂ ਪੜ੍ਹ ਰਿਹਾ ਸਾਂ ਤਾਂ ਸਾਡੇ ਹੈਡਮਾਸਟਰ ਸ੍ਰ. ਸਰਦਾਰਾ ਸਿੰਘ ਜੀ ਬਜ਼ਾਰ ਵਿੱਚੋਂ ਲੰਘ ਰਹੇ ਸਨ। ਉਨ੍ਹਾਂ ਮੈਨੂੰ ਵੇਖ ਲਿਆ। ਅਗਲੇ ਹੀ

ਦਿਨ ਹੋਸਟਲ ਵਿੱਚ ਇੱਕ ਕਮਰਾ ਮੈਨੂੰ ਦੇ ਦਿੱਤਾ ਤਾਂ ਕਿ ਮੈਂ ਬੇਫ਼ਿਕਰੀ ਨਾਲ ਪੜ੍ਹਾਈ ਕਰ ਸਕਾਂ। ਇਸ ਤਰ੍ਹਾਂ ਮੈਂ ਦਸਵੀਂ ਜਮਾਤ ਚੰਗੇ ਨੰਬਰਾਂ ਵਿੱਚ ਪਾਸ ਕਰ ਲਈ ਸੀ।

**ਸੁਆਲ:** ਬਚਪਨ ਸਮੇਂ ਤੁਹਾਡੀ ਆਰਥਿਕ ਹਾਲਤ ਕਿਹੋ ਜਿਹੀ ਸੀ?

**ਜੁਆਬ:** ਮੇਰੇ ਬਚਪਨ ਸਮੇਂ ਘਰ ਦੀ ਮਾਇਕ ਹਾਲਤ ਬਹੁਤ ਵਧੀਆ ਨਹੀਂ ਸੀ ਪਰ ਘਰ ਦੀਆਂ ਲੋੜਾਂ ਪੂਰੀਆਂ ਹੁੰਦੀਆਂ ਸਨ। ਕਦੀ ਵੀ ਐਸਾ ਸਮਾਂ ਨਹੀਂ ਤੱਕਿਆ ਜਦੋਂ ਕਿਸੇ ਘਾਟ ਕਾਰਨ ਕਦੇ ਤਕਲੀਫ਼ ਆਈ ਹੋਵੇ। ਮੈਂ ਸਮਝਦਾ ਹਾਂ ਸ਼ਾਇਦ ਇਹ ਮੇਰੀ ਬੀਬੀ (ਮਾਤਾ ਜੀ) ਜੀ ਦੀ ਧਾਰਮਿਕ ਸੋਚ ਅਤੇ ਗੁਰੂ ਘਰ ਵਿੱਚ ਨਿਸਚੇ ਦਾ ਹੀ ਅਸਰ ਸੀ। ਜਿਵੇਂ ਕਿ ਤੁਸੀ ਜਾਣਦੇ ਹੀ ਹੋ ਕਿ ਤਰਨ ਤਾਰਨ ਮੱਸਿਆ ਦਾ ਮੇਲਾ ਲੱਗਦਾ ਹੈ। ਇਸ ਸਮੇਂ ਮੱਸਿਆ ਵੇਖਣ ਰਿਸ਼ਤੇਦਾਰ ਆਮ ਆ ਜਾਂਦੇ ਹਨ। ਸਾਡੇ ਘਰ ਵੀ ਅਜਿਹਾ ਹੀ ਸੀ। ਮੱਸਿਆ ਤੋਂ ਪਹਿਲਾਂ ਹੀ ਘਰ ਦੀ ਸਾਫ਼-ਸਫ਼ਾਈ ਸ਼ੁਰੂ ਹੋ ਜਾਂਦੀ। ਬੀਬੀ ਜੀ ਸੇਵਾ ਕਰਕੇ ਬਹੁਤ ਖ਼ੁਸ਼ ਹੋਇਆ ਕਰਦੇ ਸਨ ਅਤੇ ਕਿਹਾ ਕਰਦੇ ਸਨ "ਸੱਚੇ ਪਾਤਸ਼ਾਹ! ਸਭ ਦਾ ਭਲਾ ਕਰੀਂ।ਕਿਸੇ ਦੇ ਪੈਰਾਂ ਪਿੱਛੇ ਸਾਡਾ ਗ਼ਰੀਬਾਂ ਦਾ ਵੀ।" ਇਹ ਉਨ੍ਹਾਂ ਦਾ ਤਕੀਆ ਕਲਾਮ ਹੀ ਬਣ ਗਿਆ ਸੀ।

**ਸੁਆਲ:** ਕੈਪਟਨ ਸਾਹਿਬ, ਮਿਲਟਰੀ ਵਿੱਚ ਭਰਤੀ ਹੋਣਾ ਤੁਹਾਡਾ ਸ਼ੌਂਕ ਸੀ ਜਾਂ ਤੁਹਾਡੀ ਮਜ਼ਬੂਰੀ?

**ਜੁਆਬ:** ਸੱਚ ਤਾਂ ਇਹ ਹੈ ਕਿ ਮਿਲਟਰੀ ਵਿੱਚ ਭਰਤੀ ਹੋਣਾ ਨਾ ਹੀ ਮੇਰਾ ਸ਼ੌਂਕ ਸੀ ਅਤੇ ਨਾ ਹੀ ਮਜ਼ਬੂਰੀ। ਇਹ ਤਾਂ ਇੱਕ ਸਬੱਬ ਹੀ ਸੀ। ਜਿਵੇਂ ਕਿ ਮੈਂ ਪਹਿਲਾਂ ਵੀ ਦੱਸ ਚੁੱਕਿਆ ਹਾਂ ਕਿ ਘਰੇਲੂ ਹਾਲਾਤ ਠੀਕ ਠੀਕ ਹੀ ਸਨ। ਏਡੀ ਵੱਡੀ ਕੋਈ ਤੰਗੀ ਵੀ ਨਹੀਂ ਸੀ ਕਿ ਮਿਲਟਰੀ ਵਿੱਚ ਭਰਤੀ ਹੋ ਕੇ ਉਸ ਦੀ ਪੂਰਤੀ ਕਰਦਾ। ਅਚਾਨਕ ਇਹ ਸਭ ਕੁਝ ਵਾਪਰ ਗਿਆ ਸੀ। ਸ਼ਾਇਦ ਮੇਰੀਆਂ ਰੋਟੀਆਂ ਮਿਲਟਰੀ ਦੀ ਮੈੱਸ ਵਿੱਚ ਪਹੁੰਚ ਗਈਆਂ ਸਨ ਜਿਨ੍ਹਾਂ ਨੇ ਮੈਨੂੰ ਉੱਧਰ ਖਿੱਚ ਲਿਆ ਸੀ। ਹੋਇਆ ਇਸ ਤਰ੍ਹਾਂ ਸੀ ਕਿ ਦਸਵੀਂ ਦਾ ਨਤੀਜਾ ਅਜੇ ਨਿਕਲਿਆ ਵੀ ਨਹੀਂ ਸੀ ਕਿ ਸਾਡੇ ਸਕੂਲ ਵਿੱਚ ਫੌਜੀ ਭਰਤੀ ਲਈ ਇੱਕ ਟੀਮ ਆ ਗਈ। ਉਹ 14 ਸਾਲ ਤੋਂ 15 ਸਾਲ ਦੀ ਉਮਰ ਦੇ ਲੜਕੇ ਭਰਤੀ ਕਰਦੇ ਸਨ। ਇਹ ਭਰਤੀ ਬੱਚਾ ਕੰਪਨੀ (Boys regiment) ਵਾਸਤੇ ਸੀ। ਮੈਂ ਵੀ ਭਰਤੀ ਲਈ ਸ਼ਾਮਲ ਹੋ ਗਿਆ ਅਤੇ ਚੁਣਿਆ ਵੀ ਗਿਆ ਸਾਂ। ਇਹ ਸਭ ਅਚਾਨਕ ਹੀ ਹੋ ਗਿਆ ਸੀ। ਨਾ ਤਾਂ ਮੈਂ ਭਰਤੀ ਲਈ ਤਿਆਰ ਸਾਂ ਅਤੇ ਨਾ ਹੀ ਅਜੇ ਕੋਈ ਵਿਚਾਰ ਸੀ। ਸ਼ੁਗਲ ਸ਼ੁਗਲ ਨਾਲ ਹੀ ਭਰਤੀ ਲਈ ਸ਼ਾਮਲ ਹੋਇਆ ਸਾਂ ਅਤੇ ਚੁਣਿਆ ਗਿਆ। ਸਾਡੇ ਸਕੂਲ ਵਿੱਚੋਂ ਹੋਰ ਵੀ ਚਾਰ ਲੜਕੇ ਭਰਤੀ ਹੋਏ ਸਨ। ਸਾਨੂੰ ਤਿੰਨ ਦਿਨਾਂ ਪਿੱਛੋਂ ਚੌਥੇ ਦਿਨ ਮੱਧ ਪ੍ਰਦੇਸ਼ ਦੇ ਸ਼ਹਿਰ ਜਬਲਪੁਰ ਵਿਖੇ ਸਿਗਨਲ ਬੁਆਇਜ਼ ਰੈਜ਼ਮੈਂਟ ਵਿੱਚ ਪਹੁੰਚਣ ਲਈ ਰੇਲਵੇ ਟਿਕਟ ਅਤੇ ਭਰਤੀ ਦੇ ਕਾਗਜ਼ ਦੇ ਦਿੱਤੇ ਗਏ ਸਨ। ਮੇਰੇ ਬੀਬੀ ਜੀ ਜਿਹੜੇ ਮੈਨੂੰ ਬਹੁਤ ਪਿਆਰ ਕਰਦੇ ਸਨ ਬੜੇ ਹੀ ਪ੍ਰੇਸ਼ਾਨ ਸਨ। ਤਿੰਨ ਦਿਨ ਉਨ੍ਹਾਂ ਨੇ ਮੈਨੂੰ ਆਪਣੇ ਲਾਗਿਓ ਹਿੱਲਣ ਨਾ ਦਿੱਤਾ। ਜਦੋਂ ਵੀ ਸਮਾਂ ਮਿਲਦਾ ਮੈਨੂੰ ਆਪਣੀ ਗੋਦੀ ਵਿੱਚ ਲੈ ਕੇ ਬੈਠ ਜਾਂਦੇ। ਆਖ਼ਿਰ 29 ਅਕਤੂਬਰ,1949 ਨੂੰ ਅਸੀਂ ਜਬਲਪੁਰ ਪਹੁੰਚ ਗਏ। ਇਹ ਸਿਗਨਲ ਕੋਰ ਦਾ ਟ੍ਰੇਨਿੰਗ ਸੈਂਟਰ ਹੈ। ਸੋ ਭਰਤੀ ਹੋਣਾ ਨਾ ਹੀ ਮਜ਼ਬੂਰੀ ਸੀ ਅਤੇ ਨਾ ਹੀ ਸ਼ੌਂਕ ਸਗੋਂ ਰਲਵਾਂ ਮਿਲਵਾਂ ਸਬੱਬ ਹੀ ਸੀ।

**ਸੁਆਲ:** ਤੁਹਾਡੀ ਸ਼ਾਦੀ ਕਦੋਂ ਹੋਈ। ਪਤਨੀ ਦਾ ਨਾਂ ਅਤੇ ਸੰਤਾਨ ਸਬੰਧੀ ਵੀ ਕੁਝ ਦੱਸੋ?

**ਜੁਆਬ:** ਸਾਡਾ ਸਮਾਂ ਅੱਜ ਵਰਗਾ ਸਮਾਂ ਨਹੀਂ ਸੀ। ਅੱਜ ਕੱਲ੍ਹ ਤਾਂ ਪਤਾ ਹੀ ਉਦੋਂ ਲੱਗਦਾ ਹੈ ਜਦੋਂ ਮੁੰਡਾ ਕੁੜੀ ਮਾਂ-ਬਾਪੂ ਦੇ ਪੈਰੀਂ ਹੱਥ ਆ ਲਾਉਂਦੇ ਹਨ। ਲੜਕੇ ਲੜਕੀਆਂ ਆਪਣੀ ਮਰਜ਼ੀ ਦਾ ਜੀਵਨ ਸਾਥੀ ਲੱਭਦੇ ਹਨ ਅਤੇ ਮਾਪਿਆਂ ਦੀ ਚੋਣ 'ਤੇ ਨੱਕ ਮੂੰਹ ਵੱਟਦੇ ਹਨ। ਉਦੋਂ ਲੜਕੀਆਂ ਤਾਂ ਕਦੇ ਜ਼ੁਅਰਤ ਵੀ ਨਹੀਂ ਸਨ ਕਰਦੀਆਂ ਕਿ ਇਸ ਵਿਸ਼ੇ 'ਤੇ ਕੋਈ ਗੱਲ ਵੀ ਕਰ ਸਕਣ।

ਇਹ ਗੱਲ ਸੰਨ 1952 ਦੀ ਹੈ। ਅੰਮ੍ਰਿਤ ਵੇਲੇ ਹੀ ਸਾਡੇ ਘਰ ਦਾ ਬੂਹਾ ਖੜਕਿਆ। ਬੂਹਾ ਖੋਲ੍ਹਣ ਤੇ ਵੇਖਿਆ ਕਿ ਮੇਰੇ ਨਾਨਕਿਆਂ ਤੋਂ ਮੇਰੇ ਮਾਮਾ ਜੀ ਦੇ ਚਚੇਰੇ ਭਾਈ ਆਏ ਸਨ। ਉਸ ਨੇ ਆਉਂਦਿਆਂ ਹੀ ਵਧਾਈ ਦੇ ਦਿੱਤੀ। ਬੀਬੀ ਜੀ ਨੇ ਸਮਝਿਆ ਕਿ ਸ਼ਾਇਦ ਉਨ੍ਹਾਂ ਦੀ ਭਰਜਾਈ ਦੇ ਘਰ ਕਾਕਾ ਹੋਇਆ ਹੈ। ਅੱਗੋਂ ਉਨ੍ਹਾਂ ਵੀ ਵਧਾਈ ਦੇ ਦਿੱਤੀ। ਮਾਮਾ ਜੀ ਨੇ ਦੱਸਿਆ ਕਿ ਉਹ ਪਿਆਰਾ ਸਿੰਘ ਲਈ ਸ਼ਗਨ ਲੈ ਕੇ ਆਇਆ ਹੈ। ਉਸ ਨੇ ਪੱਲੇ ਬੱਧੀ ਗੁੜ ਦੀ ਰੋੜੀ ਅਤੇ ਰੁਪਈਆ ਕੱਢ ਕੇ ਅੱਗੇ ਰੱਖ ਦਿੱਤਾ। ਤੁਸੀਂ ਸੁਣ ਕੇ ਹੈਰਾਨ ਹੋਵੋਗੇ ਕਿ ਮੇਰੇ ਵਾਸਤੇ ਆਇਆ ਇਹ ਤੀਸਰਾ ਸ਼ਗਨ ਸੀ। ਉਮਰ ਮੇਰੀ ਉਸ ਸਮੇਂ ਮੁਸ਼ਕਲ ਨਾਲ 18 ਸਾਲਾਂ ਦੀ ਹੀ ਸੀ। ਪਹਿਲੇ ਛੁਹਾਰੇ ਦਾ ਤਾਂ ਮੈਨੂੰ ਪਤਾ ਨਹੀਂ ਪਰ ਪਿਤਾ ਜੀ ਦੱਸਦੇ ਹੁੰਦੇ ਸਨ ਕਿ ਜਦੋਂ ਮੈਂ ਛੋਟਾ ਜਿਹਾ ਸਾਂ ਤਾਂ ਬਾਹਰ ਜਿੱਥੇ ਬੰਦੇ ਬੈਠੇ ਸਨ ਸ਼ਗੁਨ ਲਾਉਣ ਲਈ ਮੈ ਉੱਥੇ ਜਾ ਨਹੀਂ ਸਾਂ ਰਿਹਾ ਅਤੇ ਰੋ ਰਿਹਾ ਸਾਂ। ਇਸ ਗੱਲ ਦੀ ਜ਼ਿਦ ਕਰ ਰਿਹਾ ਸਾਂ ਕਿ ਜੇ ਬੀਬੀ ਜੀ ਨਾਲ ਜਾਣਗੇ ਤਾਂ ਜਾਵਾਂਗਾ। ਫਿਰ ਮੇਰੇ ਰਿਸ਼ਤੇ ਦੀ ਗੱਲ ਉਸੇ ਦੀ ਛੋਟੀ ਭੈਣ ਨਾਲ ਚੱਲੀ ਸੀ ਪਰ ਉਹ ਵੀ ਨੇਪਰੇ ਨਹੀਂ ਸੀ ਚੜ੍ਹੀ ਅਤੇ ਆਖ਼ੀਰ ਤੀਸਰੀ ਥਾਂ ਤੇ ਮੇਰੀ ਸ਼ਾਦੀ 1954 ਈ: ਵਿੱਚ ਵੈਸਾਖੀ ਵਾਲੇ ਦਿਨ ਪ੍ਰਮਿੰਦਰ ਕੌਰ (ਉਸ ਦਾ ਪੇਕਿਆਂ ਦਾ ਨਾਂ ਛਿੰਦੋ ਹੈ) ਸਪੁੱਤਰੀ ਸ੍ਰ. ਸਹਿਜਾ ਸਿੰਘ ਜੀ ਜਿਹੜੇ ਕਿ ਸੱਚਮੁੱਚ ਹੀ ਸਹਿਜ ਅਵਸਥਾ ਵਾਲੇ

ਸਨ ਅਤੇ ਪਿੰਡ ਜਲ੍ਹੇਵਾਲ ਵਾਲੇ ਦੇ ਰਹਿਣ ਵਾਲੇ ਸਨ ਨਾਲ ਹੋ ਗਈ। ਮੇਰੇ ਮਨ ਵਿੱਚ ਸੰਤਾਨ ਸੰਜ਼ਮ ਦਾ ਖਿਆਲ ਪ੍ਰਬਲ ਸੀ ਪਰ ਇਹ ਗੱਲ ਤਾਂ ਦੋਤਰਫ਼ੀ ਸੀ। ਸਾਡੇ ਘਰ ਤਿੰਨ ਲੜਕੀਆਂ ਅਤੇ ਇੱਕ ਲੜਕੇ ਨੇ ਜਨਮ ਲਿਆ। ਮੇਰਾ ਇਹ ਸਵਾ ਲੱਖ (ਇੱਕੋ ਇੱਕ) ਲੜਕਾ ਗੁਰਮੀਤ ਸਿੰਘ ਬੀ.ਏ. ਪਾਸ ਕਰਨ ਉਪਰੰਤ ਸ਼ੇਰੋਂ ਸ਼ੂਗਰ ਮਿੱਲ ਵਿੱਚ ਬਤੌਰ ਇਲੈਕਟ੍ਰੀਸ਼ਨ ਕੰਮ ਕਰਨ ਪਿੱਛੋਂ ਪਿਛਲੇ ਤਿੰਨ ਸਾਲਾਂ ਤੋਂ ਜਰਮਨ ਗਿਆ ਹੋਇਆ ਹੈ।

**ਸੁਆਲ:** ਮਿਲਟਰੀ ਵਿੱਚ ਰਹਿੰਦਿਆਂ ਹੋਇਆਂ ਅਕਸਰ ਤੁਸੀਂ ਪਰਿਵਾਰ ਤੋਂ ਦੂਰ ਹੀ ਹੁੰਦੇ ਸੀ। ਇਹ ਦੂਰੀ ਦਾ ਅਹਿਸਾਸ ਤੁਸੀਂ ਕਿਸ ਤਰ੍ਹਾਂ ਭੋਗਿਆ ਹੈ? ਘਰ ਦੀ ਯਾਦ ਅਤੇ ਬੱਚਿਆਂ ਦਾ ਮੋਹ ਤੁਹਾਡੀ ਨੌਕਰੀ 'ਤੇ ਕੀ ਅਸਰ ਕਰਦਾ ਸੀ? ਇਸ ਅਹਿਸਾਸ ਹੇਠਾਂ ਕੀ ਤੁਸੀਂ ਕਦੇ ਨੌਕਰੀ ਤਿਆਗ ਦੇਣ ਦਾ ਵੀ ਮਨ ਬਣਾਇਆ ਸੀ?

**ਜੁਆਬ:** ਮਿਲਟਰੀ ਵਿੱਚ ਹੋਣ ਕਰਕੇ ਅਤੇ ਘਰੋਂ ਬਾਹਰ ਰਹਿਣ ਕਾਰਨ ਮੇਰਾ ਪ੍ਰਭਾਵ ਬੱਚਿਆਂ 'ਤੇ ਬਹੁਤ ਘੱਟ ਪਿਆ ਹੈ। ਮੇਰੀਆਂ ਬੱਚਿਆਂ ਪ੍ਰਤੀ ਜੋ ਖ਼ਾਹਸ਼ਾਂ ਸਨ ਉਹ ਪੂਰੀਆਂ ਨਹੀਂ ਹੋ ਸਕੀਆਂ। ਮਾਂ ਦਾ ਪ੍ਰਭਾਵ ਵੱਧ ਹੋਣ ਕਾਰਨ ਸਮਾਜਿਕ ਚੇਤਨਾ ਅਤੇ ਨੈਤਿਕਤਾ ਦੇ ਪੱਖੋਂ ਬੱਚੇ ਪਛੜ ਗਏ ਸਨ। ਇਹ ਵੱਖਰੀ ਗੱਲ ਹੈ ਕਿ ਆਮ ਤੌਰ 'ਤੇ ਬਹੁਤ ਹੀ ਘੱਟ ਲੋਕ ਇਹ ਗੱਲਾਂ ਸਮਝ ਸਕੇ ਹਨ (ਸ਼ਾਇਦ ਮਾਂ ਦੀ ਅਨਪੜ੍ਹਤਾ ਇਸ ਦਾ ਕਾਰਨ ਸੀ)। ਮੇਰੀ ਇੱਛਾ ਸੀ ਕਿ ਮੇਰਾ ਪਹਿਲਾ ਬੱਚਾ ਜਦੋਂ ਪੜ੍ਹਨਯੋਗ ਹੋਵੇ ਤਾਂ ਮੇਰੇ ਘਰ ਘੱਟੋ-ਘੱਟ ਤਿੰਨ ਹਜ਼ਾਰ ਕਿਤਾਬਾਂ ਮੇਰੀ ਘਰ ਲਾਇਬ੍ਰੇਰੀ ਵਿੱਚ ਹੋਣ ਤਾਂ ਕਿ ਬੱਚਿਆਂ ਦਾ ਗਿਆਨ ਪੱਧਰ ਵਿਸ਼ਾਲ ਹੋਵੇ। ਮੈਂ ਘਰ ਵਿੱਚ ਅਜਿਹੀ ਲਾਇਬ੍ਰੇਰੀ ਬਣਾਉਣ ਵਿੱਚ ਕਾਫੀ ਹੱਦ ਤੱਕ ਤਾਂ ਕਾਮਯਾਬ ਹੋ ਗਿਆ ਸਾਂ ਪਰ ਬੱਚੇ ਘਰ ਵਿੱਚ ਸਿਰਫ਼ ਸਕੂਲੀ ਕਿਤਾਬਾਂ ਨਾਲ ਹੀ ਚਿੰਬੜੇ ਰਹਿੰਦੇ ਸਨ। ਉਨ੍ਹਾਂ ਨੇ ਮੇਰਾ ਇਕੱਠਾ ਕੀਤਾ ਗਿਆਨ ਭੰਡਾਰ ਫਰੋਲਿਆ ਤੱਕ ਨਹੀਂ ਸੀ। ਇਸ 'ਤੇ ਮੈਨੂੰ ਬਹੁਤ ਨਿਰਾਸ਼ਾ ਹੋਈ ਸੀ। ਇਹ ਠੀਕ ਹੈ ਕਿ ਜ਼ਮਾਨੇ ਦੇ ਹਿਸਾਬ ਨਾਲ ਉਹ ਕਾਮਯਾਬ ਹਨ ਪਰ ਉਨ੍ਹਾਂ ਦਾ ਬੌਧਿਕ ਪੱਧਰ, ਜਿੱਥੇ ਮੈਂ ਉਨ੍ਹਾਂ ਨੂੰ ਵੇਖਣਾ ਚਾਹ ਰਿਹਾ ਸੀ ਉਹ ਨਹੀਂ ਹੋ ਸਕਿਆ।

**ਸੁਆਲ:** ਕੀ ਤੁਹਾਨੂੰ ਕਿਸੇ ਲੜਾਈ ਵਿੱਚ ਹਿਸਾ ਲੈਣ ਦਾ ਵੀ ਮੌਕਾ ਮਿਲਿਆ ਹੈ ਜਾਂ ਨਹੀ?

**ਜੁਆਬ:** ਬੜੀ ਸਿੱਧੀ ਜਿਹੀ ਗੱਲ ਹੈ, ਫੌਜ਼ ਦਾ ਪਹਿਲਾ ਕੰਮ ਹੈ ਦੇਸ਼ ਨੂੰ ਬਾਹਰੀ ਹਮਲੇ ਤੋਂ ਬਚਾ ਕੇ ਰੱਖਣਾ। ਦੂਸਰੇ ਅਰਥਾਂ ਵਿੱਚ ਲੜਾਈ ਲਈ ਹਮੇਸ਼ਾ ਤਿਆਰ ਰਹਿਣਾ। ਜਿਹੜਾ ਵੀ ਫੌਜ਼ ਵਿੱਚ ਭਰਤੀ ਹੋਵੇਗਾ, ਮੁੱਢਲੇ ਤੌਰ 'ਤੇ ਉਸ ਨੂੰ ਇੱਕ ਲੜਾਕੇ ਜਵਾਨ ਦੀ ਮੁੱਢਲੀ ਸਿੱਖਿਆ ਲੈਣੀ ਹੁੰਦੀ ਹੈ। ਇਸ ਤੋਂ ਇਲਾਵਾ ਹੋਰ ਵੀ ਬਹੁਤ ਕੰਮ ਹੁੰਦੇ ਹਨ ਜਿਹੜੇ ਲੜਾਈਆਂ ਸਮੇਂ ਲੜ ਰਹੇ ਜਵਾਨਾਂ ਨੂੰ ਸਹੀ ਰੱਖਣ,ਉਸ ਦੀਆਂ ਲੋੜਾਂ ਨੂੰ ਵੇਖਣਾ ਅਤੇ ਉਸ ਦੇ ਅੱਗੇ ਵੱਧਣ ਦਾ ਰਾਹ ਸੁਖਾਲਾ ਕਰਨਾ। ਇਸ ਤਰ੍ਹਾਂ ਦੇ ਹੋਰ ਵੀ ਬਹੁਤ ਸਾਰੇ ਕਾਰਜ਼ ਹੁੰਦੇ ਹਨ ਜੋ ਲੜ ਰਹੇ ਜਵਾਨਾਂ ਨੂੰ ਚੜ੍ਹਦੀ ਕਲਾ ਵਿੱਚ ਰੱਖਣ ਲਈ ਕੰਮ ਕਰਦੇ ਹਨ। ਅੱਜ ਕੱਲ੍ਹ ਦੀ ਲੜਾਈ ਵਿੱਚ ਜਿੱਤਣ ਜਾਂ ਅੱਗੇ ਵੱਧਣ ਦੇ ਨਾਲ ਨਾਲ ਘੱਟ ਤੋਂ ਘੱਟ ਨੁਕਸਾਨ ਦਾ ਧਿਆਨ ਰੱਖਣ ਲਈ ਕਿਹਾ ਜਾਂਦਾ ਹੈ।

"ਦੇਸ਼ ਦੀ ਡੀਫ਼ੈਂਸ ਉਸ ਦੀਆਂ ਹੱਦਾਂ ਦੇ ਬਾਹਰੋਂ ਹੁੰਦੀ ਹੈ।" ਆਜ਼ਾਦ ਭਾਰਤ ਨੂੰ ਹੁਣ ਤੱਕ ਤਿੰਨ ਵੇਰਾਂ ਬਾਹਰੀ ਹਮਲਿਆਂ ਦਾ ਸਾਹਮਣਾ ਕਰਨਾ ਪਿਆ ਹੈ। ਇੱਕ ਹਮਲਾ ਚੀਨ ਵੱਲੋਂ ਅਤੇ ਦੋ ਹਮਲੇ ਸਾਡੇ ਗੁਆਂਢੀ ਮੁਲਕ ਪਾਕਿਸਤਾਨ ਵੱਲੋਂ ਹੋਏ ਹਨ। ਮੈਨੂੰ ਇੱਕ ਸੈਨਿਕ ਹੋਣ ਦੇ ਨਾਤੇ ਇਸ ਗੱਲ ਦਾ ਮਾਣ ਹਾਸਲ ਹੈ ਕਿ ਮੈਂ ਇਨ੍ਹਾਂ ਤਿੰਨਾਂ ਹੀ ਲੜਾਈਆਂ ਵਿੱਚ ਸ਼ਾਮਲ ਹੋਇਆ ਹਾਂ ਅਤੇ ਤਿੰਨਾਂ ਜੰਗਾਂ ਦੇ ਤਮਗੇ ਮੇਰੀ ਛਾਤੀ 'ਤੇ ਚਮਕਦੇ ਹਨ। ਤਿੰਨਾਂ ਹੀ ਮੌਕਿਆਂ ਤੇ ਸਬੱਬ ਅਜਿਹਾ ਸੀ ਕਿ ਮੈਂ ਉਨ੍ਹਾਂ ਥਾਵਾਂ 'ਤੇ ਹੀ ਪੋਸਟਿਡ ਸਾਂ ਜਿੱਥੋਂ ਅੱਗੇ ਜੰਗ ਲੜੀ ਜਾ ਰਹੀ ਸੀ। ਪਰ ਦੁਸ਼ਮਣ ਦੇ ਆਹਮੋਂ-ਸਾਹਮਣੇ ਹੋਣ ਦਾ ਸਮਾਂ ਨਹੀਂ ਲੱਗਾ ਅਤੇ ਇੱਕ ਵੀ ਗੋਲੀ ਮੈਨੂੰ ਮਿਲੇ ਹਥਿਆਰ ਵਿੱਚੋਂ ਨਹੀਂ ਨਿਕਲੀ। ਫਿਰ ਵੀ ਮੈਨੂੰ ਆਪਣੇ ਹਿੱਸੇ ਆਏ ਅਤੇ ਕੀਤੇ ਕੰਮ 'ਤੇ ਬੜਾ ਮਾਣ ਹੈ।

**ਸੁਆਲ:** ਲੜਾਈ ਵਿੱਚ ਤੁਸੀਂ ਮੌਤ ਨੂੰ ਕਰੀਬ ਤੋਂ ਵੇਖਿਆ ਹੈ। ਤੁਹਾਡੇ ਸਾਹਮਣੇ ਤੁਹਾਡੇ ਸਾਥੀ ਮਰ ਰਹੇ ਹੋਣਗੇ। ਉਸ ਸਮੇਂ ਤੁਹਾਡੇ ਅੰਦਰ ਦੇ ਜਜ਼ਬਾਤ ਕਿਹੋ ਜਿਹੇ ਸਨ?

**ਜੁਆਬ:** ਜਦੋਂ ਲੜਾਈ ਸ਼ੁਰੂ ਹੋ ਜਾਂਦੀ ਹੈ ਤਾਂ ਉਸ ਵਕਤ ਬਹੁਤਾ ਕੁਝ ਸੋਚਣ ਵਾਸਤੇ ਨਹੀਂ ਹੁੰਦਾ। ਕੰਮ ਵੰਡਿਆ ਹੁੰਦਾ ਹੈ।। ਕਿਵੇਂ,ਕਦੋਂ ਅਤੇ ਕਿੱਥੇ ਕੀ ਕਰਨਾ ਹੈ। ਹੁਕਮ ਜਦੋਂ ਮਿਲਦਾ ਹੈ ਅਤੇ ਉਹ ਹੁਕਮ ਜਿਨ੍ਹਾਂ ਵਾਸਤੇ ਹੁੰਦਾ ਹੈ ਉਨ੍ਹਾਂ ਨੇ ਉਹ ਕੰਮ ਪੂਰਾ ਕਰਨਾ ਹੁੰਦਾ ਹੈ। ਘਰ, ਬੱਚੇ ਅਤੇ ਆਪਣੀ ਉਮਰ ਕੁਝ ਵੀ ਯਾਦ ਨਹੀਂ ਰਹਿੰਦਾ। ਦੁਸ਼ਮਣ ਨੂੰ ਮਾਰਨਾ ਹੀ ਇੱਕੋ ਇੱਕ ਗੱਲ ਦਿਮਾਗ਼ ਵਿੱਚ ਰਹਿੰਦੀ ਹੈ। ਇਸ ਦਾ ਕਾਰਨ ਇਹ ਹੁੰਦਾ ਹੈ ਕਿ ਜੇਕਰ ਅਸਾਂ ਦੁਸ਼ਮਣ ਨੂੰ ਨਾ ਮਾਰਿਆ ਤਾਂ ਉਹ ਸਾਨੂੰ ਮਾਰ ਦੇਵੇਗਾ। ਜਦੋਂ ਮੈਂ ਦਸਵੀਂ ਜਮਾਤ ਵਿੱਚ ਪੜ੍ਹਦਾ ਹੁੰਦਾ ਸਾਂ ਤਾਂ ਸਾਡੀ ਅੰਗਰੇਜ਼ੀ ਦੀ ਕਿਤਾਬ ਵਿੱਚ ਇੱਕ ਕਵਿਤਾ ਹੁੰਦੀ ਸੀ ਜਿਸ ਦੇ ਬੋਲ ਇਸ ਤਰ੍ਹਾਂ ਸਨ:

"There is not to reason why.
There is not to make reply.
There is but to do or die."

ਫੌਜ਼ ਦਾ ਇੱਕ ਹੀ ਅਸੂਲ ਹੈ ਹੁਕਮ ਮੰਨਣਾ। ਕੋਈ ਮਿਲੇ ਹੋਏ ਹੁਕਮ ਦੀ ਪਾਲਣਾ ਕਰਨੀ ਅਤੇ ਜਿਹੜਾ ਕੰਮ ਤੁਹਾਨੂੰ ਸੌਂਪਿਆ ਗਿਆ ਹੈ ਉਸ ਨੂੰ ਕਰੋ ਜਾਂ ਮਰੋ। ਹੁਕਮ ਅਦੂਲੀ ਨਾਂ ਦਾ ਸ਼ਬਦ ਫੌਜ਼ ਵਿੱਚ ਕਿਧਰੇ ਨਹੀਂ ਮਿਲਦਾ।

**ਸੁਆਲ:** ਲੜਾਈ ਵਿੱਚ ਲੋਥਾਂ ਤੇ ਲੋਥਾਂ ਅਤੇ ਖੂਨ ਦੇ ਵਹਿੰਦੇ ਦਰਿਆ ਨੇ ਤੁਹਾਡੀ ਜ਼ਮੀਰ ਨੂੰ ਝੰਜੋੜ ਕੇ ਕਦੇ ਤੁਹਾਡੇ ਅੰਦਰ ਇਹ ਅਹਿਸਾਸ ਪੈਦਾ ਨਹੀਂ ਸੀ ਕੀਤਾ ਕਿ ਆਖ਼ਿਰ ਭਰਾ ਭਰਾ ਦਾ ਖ਼ੂਨ ਕਿਉਂ ਡੋਲ੍ਹ ਰਿਹਾ ਹੈ?

**ਜੁਆਬ:** ਲੜਾਈ ਦੇ ਦੌਰਾਨ ਜਾਂ ਉਸ ਤੋਂ ਪਹਿਲਾਂ ਇੱਕ ਤਰ੍ਹਾਂ ਦਾ ਮਾਹੌਲ ਸਿਰਜ ਦਿੱਤਾ ਜਾਂਦਾ ਹੈ ਕਿ ਜ਼ਰੂਰੀ ਹੋ ਗਿਆ ਹੈ, ਬੰਦੂਕਾਂ ਨੂੰ ਚੁੱਕਣਾ ਅਤੇ ਚਲਾਉਣਾ। ਇਹ ਦੇਸ਼ ਦੀ ਪੁਕਾਰ ਹੈ। ਜੇ ਨਾ ਲੜੇ ਤਾਂ ਦੇਸ਼ ਬਰਬਾਦ ਹੋ ਜਾਵੇਗਾ। ਜਦੋਂ ਸਾਥੀ ਡਿੱਗਦੇ ਹਨ, ਬੰਬ ਚਲਦੇ ਹਨ, ਤੋਪਾਂ ਗੋਲੇ ਸੁੱਟਦੀਆਂ ਹਨ ਤਾਂ ਡਰ ਅਤੇ ਭੈਅ ਮੁੱਕ ਜਾਂਦਾ ਹੈ। ਉਸ ਸਮੇਂ ਇਹ ਹਾਲਤ ਹੁੰਦੀ ਹੈ:

**"ਜਬੈ ਬਾਣ ਲਾਗੈ ਤਬੈ ਰੋਸ ਜਾਗੈ"**

**ਸੁਆਲ:** ਕੀ ਤੁਸੀਂ ਸਰਵਿਸ ਦੌਰਾਨ ਕਦੇ ਇਸ ਗੱਲ ਤੋਂ ਦੁੱਖੀ ਹੋਏ ਹੋ ਜਦੋਂ ਤੁਹਾਡਾ ਅਫ਼ਸਰ ਤੁਹਾਨੂੰ ਕੋਈ ਹੁਕਮ ਦਿੰਦਾ ਹੈ ਅਤੇ ਤੁਸੀਂ ਸਮਝਦੇ ਹੋ ਕਿ ਇਹ ਗ਼ਲਤ ਹੈ ਪਰ ਮਜ਼ਬੂਰੀ ਵੱਸ ਤੁਹਾਨੂੰ ਉਸ ਦੀ ਪਾਲਣਾ ਕਰਨੀ ਪੈਂਦੀ ਹੈ?

**ਜੁਆਬ:** ਉਹ ਸਮਾਂ ਅਫ਼ਸੋਸ ਕਰਨ ਦਾ ਜਾਂ ਝੂਰਨ ਦਾ ਨਹੀਂ ਹੁੰਦਾ। ਕਮਾਂਡਰ ਹਰ ਪੱਧਰ 'ਤੇ ਹੌਂਸਲਾ ਵਧਾਉਂਦੇ ਹਨ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ। ਕਈ ਵੇਰਾਂ ਕਿਸੇ ਗ਼ਲਤ ਦਿੱਤੇ ਗਏ ਹੁਕਮ ਨਾਲ ਨੁਕਸਾਨ ਵੀ ਹੁੰਦਾ ਹੈ। ਇਹ ਸਿਰਫ਼ ਉੱਪਰਲੀ ਪੱਧਰ 'ਤੇ ਹੀ ਵਿਚਾਰਨ ਦੀ ਗੱਲ ਹੁੰਦੀ ਹੈ। ਮੇਰੇ ਨਾਲ ਅਜਿਹੀ ਹੀ ਘਟਨਾ ਵਾਪਰੀ ਸੀ। ਮੈਂ ਦੁਸ਼ਮਣ ਦੇ ਵਾਇਰਲੈਸ ਚੈਨਲ ਨੂੰ ਵੇਖ ਰਿਹਾ ਸਾਂ। ਉਸ ਦੀ ਕਮਜ਼ੋਰ ਤਾਕਤ ਕਰਕੇ ਅਤੇ ਕੁਝ ਮੌਸਮ ਦੀ ਖ਼ਰਾਬੀ ਕਰਕੇ ਠੀਕ ਸੁਣਾਈ ਨਹੀਂ ਸੀ ਦੇ ਰਿਹਾ। ਆਪਣੀਆਂ ਮਸ਼ੀਨਾਂ ਨੂੰ ਸੁਧਾਰਨ ਦਾ ਕਾਫ਼ੀ ਯਤਨ ਕੀਤਾ ਗੱਲ ਨਾ ਬਣੀ। ਲਾਗੇ ਇੱਕ ਰੇਡੀਓ ਚੱਲ ਰਿਹਾ ਸੀ ਜਿਸ ਤੋਂ ਗਾਣੇ ਵੱਜ ਰਹੇ ਸਨ। ਮੇਰੀ ਫਰੀਕੂਐਂਸੀ ਵੀ ਨਾਲ ਹੀ ਸੀ। ਕਈ ਵੇਰਾਂ ਰੇਡੀਓ ਸਟੇਸ਼ਨ ਦੀ ਫਰੀਕੂਐਂਸੀ ਹਾਵੀ ਹੋ ਜਾਂਦੀ ਹੈ।

ਸਾਡੇ ਮੁੱਖੀ ਮੇਰੀ ਕੁਰਸੀ ਦੇ ਪਿਛਲੇ ਪਾਸੇ ਖੜੇ ਸਨ ਜਿਨ੍ਹਾਂ ਨੂੰ ਮੈਂ ਨਹੀਂ ਸੀ ਵੇਖਿਆ। ਉਨ੍ਹਾਂ ਨੇ ਮੇਰਾ 'ਹੈੱਡ ਗੀਅਰ' ਆਪੇ ਲਾਹ ਲਿਆ ਅਤੇ ਉਸ ਸਮੇਂ ਉਸ 'ਚੋਂ ਗਾਣੇ ਆਉਣ ਲੱਗ ਪਏ। ਉਨ੍ਹਾਂ ਸੋਚਿਆ ਸ਼ਾਇਦ ਮੈਂ ਗਾਣੇ ਹੀ ਸੁਣ ਰਿਹਾ ਹਾਂ। ਉਹ ਨਰਾਜ਼ ਹੋ ਕੇ ਮੈਨੂੰ ਡਾਂਟਣ ਲੱਗ ਪਏ। ਮੈਂ ਤਾਂ ਪਹਿਲਾਂ ਹੀ ਪ੍ਰੇਸ਼ਾਨ ਸਾ। ਉੱਠ ਕੇ ਖਲੋ ਗਿਆ ਅਤੇ ਪੈਂਦੀ ਸੱਟੇ ਮੇਰੇ ਮੂੰਹੋਂ ਨਿਕਲ ਗਿਆ, "Look Captain, I am not working for you. I am working for the Nation. Had I have been working for you, I would have thrown out the set itself." ਇਸ ਗੁਸਤਾਖ਼ੀ ਭਰੇ ਜਵਾਬ ਨੂੰ ਸੁਣ ਕੇ ਭਲਾ ਕੈਪਟਨ ਸਾਹਿਬ ਕਿਵੇਂ ਸਹਾਰਦੇ? ਉਨ੍ਹਾਂ ਨੇ ਮੇਰੀ ਚਾਰਜ਼ਸ਼ੀਟ ਤਿਆਰ ਕਰਨ ਦਾ ਹੁਕਮ ਦੇ ਦਿੱਤਾ। ਜਿਹੜੀਆਂ ਦਫ਼ਾ ਮੇਰੇ 'ਤੇ ਲਗਾਈਆਂ ਸਨ ਉਹ ਸਨ, ਉਹ ਸਨ ਕੰਮ ਨਾ ਕਰਨਾ,ਧੋਖਾ ਦੇਣਾ, ਸੀਨੀਅਰ ਦਾ ਸਤਿਕਾਰ ਨਾ ਕਰਨਾ ਆਦਿ।

ਦੂਸਰੇ ਦਿਨ ਕਮਾਂਡਿੰਗ ਅਫ਼ਸਰ ਸਾਹਮਣੇ ਮੇਰੀ ਪੇਸ਼ੀ ਹੋਈ। ਪੇਸ਼ੀ ਦਾ ਫੌਜ਼ ਵਿੱਚ ਇੱਕ ਢੰਗ ਹੈ। ਦੋਸ਼ੀ ਦੀ ਬੈਲਟ (Belt) ਉਤਰਵਾ ਲਈ ਜਾਂਦੀ ਹੈ ਅਤੇ ਉਸ ਦੇ ਖੱਬੇ-ਸੱਜੇ ਦੋ ਸ਼ਸਤਰਧਾਰੀ ਜਵਾਨ ਖੜ੍ਹੇ ਹੁੰਦੇ ਹਨ। ਕਮਾਂਡਰ ਦੋਸ਼ ਪੜ੍ਹ ਕੇ ਦੱਸਦਾ ਹੈ ਅਤੇ ਜੁਆਬ ਮੰਗਦਾ ਹੈ। ਮੈਨੂੰ ਆਪਣੀ ਸਚਾਈ ਅਤੇ ਮਿਹਨਤੀ ਹੋਣ 'ਤੇ ਮਾਣ ਸੀ। ਮੇਰਾ ਉੱਤਰ ਸੁਣ ਕੇ ਹੁਕਮ ਕੀਤਾ ਕਿ ਬਾਹਰ ਜਾਓ, ਪੇਟੀ ਪਹਿਨੋਂ ਅਤੇ ਇਕੱਲ੍ਹੇ ਹੀ ਅੰਦਰ ਆਓ। ਕੈਪਟਨ ਸਾਹਿਬ ਨੂੰ ਉਨ੍ਹਾਂ ਨੇ ਬੈਠ ਜਾਣ ਲਈ ਕਹਿ ਦਿੱਤਾ। ਜਦੋਂ ਮੈਂ ਦੁਬਾਰਾ ਅੰਦਰ ਗਿਆ ਤਾਂ ਮੈਨੂੰ ਬੈਠ ਜਾਣ ਲਈ ਕਿਹਾ ਗਿਆ ਅਤੇ ਆਪਣੇ ਉੱਤਰ ਵਿੱਚ ਮੈਂ ਜਿਹੜੀਆਂ ਕਮੀਆਂ ਦੱਸੀਆਂ ਸਨ ਉਨ੍ਹਾਂ ਨੂੰ ਠੀਕ ਕਰਨ ਦਾ ਸੁਝਾਓ ਪੁੱਛਿਆ। ਮੇਰੇ ਵੱਲੋਂ ਦਿੱਤੇ ਗਏ ਸੁਝਾਵਾਂ ਤੋਂ ਉਹ ਬਹੁਤ ਪ੍ਰਸੰਨ ਹੋਏ ਅਤੇ ਉਨ੍ਹਾਂ ਨੂੰ ਠੀਕ ਕਰਨ ਦੀ ਜਿੰਮੇਂਵਾਰੀ ਵੀ ਮੇਰੇ 'ਤੇ ਹੀ ਪਾ ਦਿੱਤੀ ਗਈ ਸੀ। ਤਕਨੀਕੀ ਕੇਸ ਤਕਨੀਕ ਨਾਲ ਹੀ ਨਜਿੱਠੇ ਜਾ ਸਕਦੇ ਹਨ। ਇਹ ਕਹਿਣ 'ਤੇ ਮੇਰੀ ਚਾਰਜ਼ਸ਼ੀਟ ਡਰਾਪ (drop) ਕਰ ਦਿੱਤੀ ਗਈ ਸੀ।

**ਸੁਆਲ:** ਮਿਲਟਰੀ ਵਿੱਚੋਂ ਤੁਸੀਂ ਕਿਸ ਅਹੁਦੇ ਤੋਂ ਸੇਵਾ ਮੁਕਤ ਹੋਏ ਹੋ ਅਤੇ ਤੁਸੀਂ ਕਿੰਨਾਂ ਚਿਰ ਨੌਕਰੀ ਕੀਤੀ ਹੈ?

**ਜੁਆਬ:** ਕੁੱਲ ਮਿਲਾਕੇ ਤੀਹ ਸਾਲ ਨੌਕਰੀ ਕਰਕੇ ਮੈਂ ਬਿਲਕੁਲ ਰਾਜ਼ੀ ਖ਼ੁਸ਼ੀ ਘਰ ਆਇਆ ਹਾਂ। ਮਿਲਟਰੀ ਵਿੱਚ ਸੂਬੇਦਾਰ ਮੇਜ਼ਰ ਦਾ ਅਹੁਦਾ ਹਾਸਲ ਕੀਤਾ। ਅਖ਼ੀਰਲੇ ਸਾਲ ਔਨਰੇਰੀ ਲੈਫਟੀਨੈਂਟ ਦਾ ਮਾਣ ਮਿਲਿਆ। ਸੇਵਾ ਮੁਕਤੀ ਸਮੇਂ ਔਨਰੇਰੀ ਕੈਪਟਨ ਬਣ ਗਿਆ ਸਾਂ। ਇਹ ਤਾਂ ਘਰ ਆ ਕੇ ਮਹਿਸੂਸ ਹੋਇਆ ਕਿ ਜ਼ਿੰਦਗੀ ਦਾ ਸਭ ਤੋਂ ਸੁਨਿਹਰੀ ਭਾਗ ਫੌਜ਼ ਦੇ ਲੇਖੇ ਲਾ ਆਇਆ ਹਾਂ। ਪਰ ਇਹ ਮਾਣ ਵੀ ਘੱਟ ਨਹੀਂ ਕਿ ਸਾਰੀ ਹੀ ਨੌਕਰੀ ਚੰਗੇ ਢੰਗ ਨਾਲ ਕੀਤੀ। ਦੂਸਰੇ ਸ਼ਬਦਾਂ ਵਿੱਚ ਕਹਿ ਸਕਦਾ ਹਾਂ ਕਿ ਪੂਰੇ 'ਟੌਹਰ' ਨਾਲ ਕੀਤੀ।

**ਸੁਆਲ:** ਹੁਣ ਜਦੋਂ ਕਿ ਤੁਸੀਂ ਸੇਵਾ ਮੁਕਤ ਹੋ ਗਏ ਹੋ ਅਤੇ ਇੱਕ ਸਿਵਲੀਅਨ ਦੀ ਜ਼ਿੰਦਗੀ ਜੀਅ ਰਹੇ ਹੋ। ਕੀ ਤੁਸੀਂ ਮਿਲਟਰੀ ਅਤੇ ਸਿਵਲ ਦੀ ਕਾਰਗੁਜ਼ਾਰੀ ਦੇ ਫ਼ਰਕ ਤੇ ਕੁਝ ਚਾਨਣਾ ਪਾਓਗੇ?

**ਜੁਆਬ:** ਫੌਜ਼ ਦੀ ਸਰਵਿਸ ਅਤੇ ਸਿਵਲ ਦਾ ਕਾਫੀ ਅੰਤਰ ਹੈ। ਜੇਕਰ ਇਸ ਅੰਤਰ ਨੂੰ ਮੇਟ ਦਿੱਤਾ ਜਾਂਦਾ ਜਾਂ ਘੱਟ ਕਰ ਦਿੱਤਾ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਦੇਸ਼ ਦੀ ਅੱਜ ਜੋ ਸਿਆਸੀ, ਆਰਥਿਕ ਅਤੇ ਸਮਾਜਿਕ ਦਸ਼ਾ ਹੈ ਉਹ ਬਹੁਤ ਹੀ ਚੰਗੀ ਹੁੰਦੀ।

**(1)** ਸਭ ਤੋਂ ਪਹਿਲਾਂ ਇਹ ਇੱਕ ਸੋਚ ਦਾ ਫ਼ਰਕ ਹੈ। ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਜਾਂ 1950 ਤੱਕ ਜਨਤਾ ਦੀ ਜਿਹੋ ਜਿਹੀ ਸੋਚ ਦੇਸ਼ ਪ੍ਰਤੀ ਸੀ ਉਹ ਸੋਚ ਤਿੰਨਾਂ ਸੈਨਾਵਾਂ ਵਿੱਚ ਤਾਂ ਅੱਜ ਵੀ ਹੈ। ਬੇਸ਼ੱਕ ਸੈਨਾਵਾਂ ਵਿੱਚ ਇਹ ਸੋਚ ਘਟੀ ਜ਼ਰੂਰ ਹੈ ਪਰ ਆਮ ਜਨਤਾ ਵਾਂਗ ਖ਼ਤਮ ਨਹੀਂ ਹੋਈ। ਪ੍ਰਗਤੀ ਦੇ ਖ਼ੇਤਰ ਵਿੱਚ ਦੇਸ਼ ਦੇ ਵਿਕਾਸ ਦੀ ਮੱਧਮ ਗਤੀ ਦਾ ਵੀ ਇਹੋ ਹੀ ਕਾਰਨ ਹੈ।

**(2)** ਜੇਕਰ ਲੋਕਾਂ ਦੀ ਸਮਾਜਿਕ ਚੇਤਨਾ ਦੀ ਗੱਲ ਕਰੀਏ ਤਾਂ ਆਜ਼ਾਦੀ ਪ੍ਰਾਪਤੀ ਤੋਂ ਪਹਿਲਾਂ ਅੰਗਰੇਜ਼ ਹਕੂਮਤ ਨੇ ਧਰਮ ਦੇ ਨਾਂ 'ਤੇ ਲੋਕਾਂ ਵਿੱਚ ਪਾੜਾ ਪਾਉਣ ਦੇ ਯਤਨ ਕੀਤੇ ਸਨ ਪਰ ਆਪਣੇ ਆਸ਼ੇ ਵਿੱਚ ਉਹ ਪੂਰੀ ਤਰ੍ਹਾਂ ਕਾਮਯਾਬ ਨਹੀਂ ਸਨ ਹੋਏ। ਲੋਕਤੰਤਰ ਅਤੇ ਧਰਮ ਨਿਰਪੱਖ ਸੰਵਿਧਾਨ ਦੇ ਬਾਵਜ਼ੂਦ ਹਰ ਸਾਲ ਦੇਸ਼ ਦੇ ਕਿਸੇ ਨਾ ਕਿਸੇ ਹਿੱਸੇ ਵਿੱਚ ਕਤਲੋ-ਗ਼ਾਰਦ ਹੋ ਜਾਂਦੀ ਹੈ। ਫੌਜ਼ ਇਸ ਬਿਮਾਰੀ ਤੋਂ ਮੁਕਤ ਹੈ। ਫੌਜ਼ ਵਿੱਚ ਚਰਚ,ਮੰਦਿਰ ਅਤੇ ਗੁਰਦੁਆਰੇ ਨਾਲ ਨਾਲ ਹੀ ਹੁੰਦੇ ਹਨ। ਉੱਥੇ ਦੂਸਰਿਆਂ ਪ੍ਰਤੀ ਮੰਦਭਾਵਨਾ ਨਹੀਂ ਉਪਜਣ ਦਿੱਤੀ ਜਾਂਦੀ।

**(3)** ਤੀਸਰਾ ਜ਼ਰੂਰੀ ਫ਼ਰਕ ਹੈ ਅਨੁਸ਼ਾਸਨ ਦਾ। ਇਹ ਗੱਲ ਤਾਂ ਆਮ ਸੁਣਨ ਵਿੱਚ ਆਉਂਦੀ ਹੈ ਕਿ ਫੌਜ਼ੀ ਸਮੇਂ ਅਤੇ ਅਨੁਸ਼ਾਸਨ ਦੇ ਬੜੇ ਪਾਬੰਦ ਹੁੰਦੇ ਹਨ। ਕਿਸੇ ਕਾਰਜ਼ ਦੀ ਪੂਰਤੀ ਲਈ ਗ਼ਲਤ ਤਰੀਕਾ ਨਹੀਂ ਵਰਤਦੇ। ਜਦੋਂ ਕਿ ਸਿਵਲ ਦੇ ਲੋਕ ਦੇਰੀ ਨਾਲ ਆਉਣਾ ਅਤੇ ਆਪਣੇ ਕੰਮ ਨੂੰ ਗ਼ਲਤ ਤਰੀਕੇ ਨਾਲ ਨੇਪਰੇ ਚਾੜ੍ਹਨਾ ਉਹ ਆਪਣਾ ਜਨਮ ਸਿੱਧ ਅਧਿਕਾਰ ਸਮਝਦੇ ਹਨ। ਦੇਸ਼ ਅਤੇ ਸਮਾਜ ਪ੍ਰਤੀ ਵਫਾਦਾਰੀ ਦਾ ਗੁਣ ਇੱਕ ਸੈਨਿਕ ਵਿੱਚ ਸਰਵਿਸ ਸਮੇਂ ਵੀ ਅਤੇ ਸੇਵਾ ਮੁਕਤੀ ਉਪਰੰਤ ਵੀ ਬੜਾ ਪ੍ਰਬਲ ਰਹਿੰਦਾ ਹੈ। ਇਸ ਦੇ ਉਲਟ ਇੱਕ ਸਿਵਲੀਅਨ ਨੂੰ ਇਸ ਗੁਣ ਦੀ ਗੁੜ੍ਹਤੀ ਨਹੀਂ ਦਿੱਤੀ ਜਾਂਦੀ।

**ਸੁਆਲ:**ਬਤੌਰ ਸੇਵਾ ਮੁਕਤ ਮਿਲਟਰੀ ਅਫ਼ਸਰ ਕੀ ਤੁਸੀਂ ਦੇਸ਼ ਦੇ ਨੇਤਾਵਾਂ ਨੂੰ ਕੋਈ ਸੁਝਾਓ ਦੇਣਾ ਚਾਹਵੋਗੇ, ਜਿਹੜਾ ਮਿਲਟਰੀ ਅੰਦਰ ਵੱਧ ਰਹੀਆਂ ਕੁਰੀਤੀਆਂ 'ਤੇ ਚਾਨਣਾ ਪਾਉਂਦਾ ਹੋਵੇ?

**ਜੁਆਬ:** ਲੋਕਤੰਤਰ ਵਿੱਚ ਚੰਗੇ ਸੁਝਾਅ ਦੁਰਲੱਭ ਨਹੀਂ ਹੁੰਦੇ। ਕਨੂੰਨਦਾਨਾਂ ਅਤੇ ਸਿਆਸਤਦਾਨਾਂ ਦੇ ਉੱਚੇ ਤੋਂ ਉੱਚੇ ਵਿਚਾਰ ਅਸੈਂਬਲੀ ਵਿੱਚ ਉਪਲਬਦ ਹੁੰਦੇ ਹਨ। ਜੋ ਕੁਝ ਗ਼ਲਤ ਹੁੰਦਾ ਹੈ ਉਸ ਬਾਰੇ ਗ਼ਲਤ ਕਰਨ ਵਾਲੇ ਵੀ ਜਾਣਦੇ ਹੁੰਦੇ ਹਨ ਕਿ ਇਹ ਅਨੈਤਿਕ ਗੱਲ ਹੈ ਫਿਰ ਵੀ ਉਹ ਕਰਦੇ ਹਨ। ਬੁੱਧੀਮਾਨ ਅਖਵਾਉਣ ਵਾਲੇ ਲੀਡਰ ਕਈ ਵੇਰਾਂ ਆਮ ਆਦਮੀ ਦੀ ਸੋਚ ਪੱਧਰ ਤੋਂ ਵੀ ਨੀਵੇਂ ਚਲੇ ਜਾਂਦੇ ਹਨ।

ਨੈਤਿਕ ਸਿੱਖਿਆ ਇੱਕ ਤਰ੍ਹਾਂ ਦਾ ਸਬਕ ਹੈ ਜਿਹੜਾ ਵਡੇਰੀ ਉਮਰ ਦਿਆਂ ਨੂੰ ਨਹੀਂ ਦਿੱਤਾ ਜਾ ਸਕਦਾ। ਭਾਵ ਬੁੱਢੇ ਤੋਤਿਆਂ ਨੂੰ ਨਹੀਂ ਪੜ੍ਹਾਇਆ ਜਾ ਸਕਦਾ। ਨੈਤਿਕਤਾ ਧਰਮ ਨਾਲ ਸਬੰਧਤ ਹੈ। ਨੇਕ ਕਰਮ ਹੀ ਧਰਮ ਹੈ। ਸਾਡੇ ਸਕੂਲਾਂ ਦੇ ਸਿਲੇਬਸ ਵਿੱਚੋਂ ਧਾਰਮਿਕ ਸਿੱਖਿਆ ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਇਹੀ ਕਾਰਨ ਹੈ ਸਾਡੇ ਸਮਾਜ ਵਿੱਚ ਅਨੈਤਿਕਤਾ ਆ ਵੜੀ ਹੈ। ਦੂਸਰਾ ਢੰਗ ਹੈ ਸਖ਼ਤ ਸਜ਼ਾ। ਕੀਤੇ ਜ਼ੁਰਮ ਦੀ ਸਜ਼ਾ ਨਹੀਂ ਹੁੰਦੀ। **"ਕਰੇ ਕੋਈ ਭਰੇ ਕੋਈ"** ਦਾ ਸਿਧਾਂਤ ਚੱਲਦਾ ਹੈ। ਕਤਲ ਕੋਈ ਕਰਦਾ ਹੈ ਸਜ਼ਾ ਕੋਈ ਭੁਗਤਦਾ ਹੈ। ਚੋਰ ਹਿੱਸਾ ਦੇ ਕੇ ਬਚ ਜਾਂਦੇ ਹਨ, ਕੈਦ ਭੁਗਤਦੇ ਹਨ ਵਿਚਾਰੇ ਸਾਧ।

**ਸੁਆਲ:** ਮਿਲਟਰੀ ਸੇਵਾ ਸਮੇਂ ਤੁਸੀਂ ਪੂਰਨ ਤੌਰ 'ਤੇ ਡਿਸਪਲਿਨਡ ਹੁੰਦੇ ਹੋ ਅਤੇ ਇਸ ਤਰ੍ਹਾਂ ਦੇ ਆਦੀ ਹੋ ਜਾਂਦੇ ਹੋ। ਪਰ ਜਦੋਂ ਸੇਵਾ ਮੁਕਤ ਹੋ ਕੇ ਘਰ ਪਰਤਦੇ ਹੋ ਤਾਂ ਇੱਥੋਂ ਦੇ ਘਰੇਲੂ ਮਾਹੌਲ ਨਾਲ ਤੁਹਾਡਾ ਤਾਲਮੇਲ ਨਹੀਂ ਬੈਠਦਾ, ਜਿਸ ਕਾਰਨ ਘਰ ਵਿੱਚ ਖਿੱਚੋਤਾਣ ਦੀ ਸਥਿੱਤੀ ਬਣ ਜਾਂਦੀ ਹੈ। ਤੁਹਾਡਾ ਤਾਲਮੇਲ ਬੈਠ ਗਿਆ ਹੈ ਜਾਂ ਕਿ ਨਹੀਂ?

**ਜੁਆਬ:** ਸੈਨਿਕ ਅਤੇ ਆਮ ਸ਼ਹਿਰੀ (ਸਿਵਲੀਅਨ) ਵਿੱਚ ਅਨੁਸ਼ਾਸਨ ਦਾ ਫਰਕ ਤਾਂ ਜ਼ਰੂਰ ਹੈ। ਇਹ ਫ਼ਰਕ ਮਹਿਸੂਸ ਵੀ ਬਹੁਤ ਹੁੰਦਾ ਹੈ। ਉਸ ਦਾ ਕਾਰਨ ਇਹ ਸੀ ਕਿ ਪਹਿਲੇ ਸਮਿਆਂ ਵਿੱਚ ਸਾਡੇ ਫੌਜ਼ੀ ਜ਼ਿਆਦਾ ਕਰਕੇ ਅਨਪੜ੍ਹ ਹੁੰਦੇ ਸਨ ਜਾਂ ਅੱਧਪੜ੍ਹੇ ਹੁੰਦੇ ਸਨ। ਉਨ੍ਹਾਂ ਨੂੰ ਫੌਜ਼ੀ ਜ਼ਾਬਤੇ ਵਿੱਚ ਰੱਖਣ ਲਈ

ਕਈ ਵੇਰਾਂ ਸਖ਼ਤੀ ਵੀ ਵਰਤੀ ਜਾਂਦੀ ਸੀ। ਜਦੋਂ ਉਹ ਘਰ ਆਉਂਦੇ ਸਨ ਤਾਂ ਆਪਣੀ ਆਦਤ ਅਨੁਸਾਰ 'ਵਿਗੜੀ ਹਿੰਦੀ' ਜਾਂ ਆਪਣੀ ਬੋਲੀ ਵਿੱਚ 'ਹਮਕੀ-ਤੁਮਕੀ' ਮਾਰਦੇ ਸਨ। ਫੌਜ਼ ਤੋਂ ਬਾਹਰ ਦਾ ਸਮਾਜ ਉਨ੍ਹਾਂ ਨੂੰ 'ਕਮਲੇ ਫੌਜ਼ੀ' ਕਹਿੰਦਾ ਸੀ। ਮੇਰਾ ਜ਼ਾਤੀ ਤਜ਼ਰਬਾ ਇਸ ਤਰ੍ਹਾਂ ਦਾ ਨਹੀਂ ਸੀ। ਮੈਂ ਲੰਮੀ ਸਰਵਿਸ ਕਰਕੇ ਵੀ ਉਸ ਤਰ੍ਹਾਂ ਦਾ ਫੌਜ਼ੀ ਨਹੀਂ ਬਣ ਸਕਿਆ ਸਗੋਂ ਇਸ ਗੱਲ ਦੀ ਖ਼ੁਸ਼ੀ ਹੈ ਕਿ ਪੂਰਨ ਤੌਰ 'ਤੇ ਸਿਵਲੀਅਨ ਜ਼ਿੰਦਗੀ ਵਰਗੀ ਹੀ ਜ਼ਿੰਦਗੀ ਮਿਲਟਰੀ ਵਿੱਚ ਵੀ ਜੀਵੀ ਹੈ।

ਘਰੇਲੂ ਜੀਵਨ ਵਿੱਚ ਵੀ ਮੈਂ ਸਮੇਂ ਦੀ ਕਦਰ ਕੀਤੀ ਹੈ ਹਰ ਕੰਮ ਸਮੇਂਬੱਧ ਤਰੀਕੇ ਨਾਲ ਹੀ ਕੀਤਾ ਹੈ। ਜਦੋਂ ਵੀ ਕਿੱਧਰੇ ਜਾਣ ਦਾ ਕੋਈ ਪ੍ਰੋਗਰਾਮ ਬਣਿਆ ਉਸ ਲਈ ਜੋ ਸਮਾਂ ਨਿਸਚਤ ਕੀਤਾ ਗਿਆ ਉਸ ਨੂੰ ਉਸੇ ਹੀ ਸਮੇਂ 'ਤੇ ਕੀਤਾ ਗਿਆ ਹੈ। ਇਸ ਲਈ ਕਿਸੇ ਦਾ ਇੰਤਜ਼ਾਰ ਨਹੀਂ ਕੀਤਾ ਗਿਆ ਭਾਵੇਂ ਉਹ ਕਿੱਡਾ ਵੀ ਨਿੱਜੀ ਸਕਾ-ਸਬੰਧੀ ਕਿਉਂ ਨਾ ਹੋਵੇ। ਮੇਰੇ ਲੜਕੇ ਦੀ ਸ਼ਾਦੀ ਸੀ ਅਤੇ ਸਾਰਿਆਂ ਨੂੰ ਦੱਸ ਦਿੱਤਾ ਗਿਆ ਸੀ ਕਿ ਬਰਾਤ ਨਾਲ ਕੋਈ ਬੱਚਾ ਨਹੀਂ ਜਾਵੇਗਾ। ਮੈਂ ਆਪਣੇ ਦੋਹਤਰੇ ਦੀ ਬਾਂਹ ਪਕੜ ਕੇ ਬੱਸ ਵਿੱਚੋਂ ਉਤਾਰ ਦਿੱਤਾ ਸੀ। ਬੇਟੀ ਦੁੱਖੀ ਤਾਂ ਹੋਈ ਪਰ ਉਸ ਨੂੰ ਸਮਝ ਆ ਗਈ ਸੀ ਕਿ ਰੂਲ ਸਭ ਲਈ ਇੱਕੋ ਜਿਹਾ ਹੁੰਦਾ ਹੈ।

ਅਮਰੀਕਾ ਅਤੇ ਕਈ ਯੂਰਪੀ ਦੇਸ਼ਾਂ ਵਿੱਚ ਸ਼ਾਇਦ ਇਸੇ ਕਰਕੇ ਹੀ ਫੌਜ਼ੀ ਸੇਵਾ ਲਾਜ਼ਮੀ ਹੈ। ਵਿੱਦਿਆ ਦੇ ਪਸਾਰ ਨਾਲ ਹੁਣ ਕੋਈ ਵੱਡਾ ਫ਼ਰਕ ਨਹੀਂ ਰਹਿ ਗਿਆ ਪਰ ਪੁਰਾਣੀਆਂ ਬਣੀਆਂ ਆਦਤਾਂ ਅਤੇ ਇਸ ਖ਼ਿਤੇ ਦੇ ਮਨੁੱਖੀ ਸੁਭਾਅ ਵਿੱਚ ਲਾਪ੍ਰਵਾਹੀ ਤਾਂ ਸਹਿਜੇ ਸਹਿਜੇ ਹੀ ਠੀਕ ਹੋ ਪਾਵੇਗੀ। ਮੈਨੂੰ ਤਸੱਲੀ ਹੈ ਕਿ ਸਮਾਜ ਸਹੀ ਦਿਸ਼ਾ ਵੱਲ ਵੱਧ ਰਿਹਾ ਹੈ, ਚਾਲ ਜ਼ਰੂਰ ਧੀਮੀਂ ਹੈ।

**ਸੁਆਲ:** ਇਸ ਗੱਲ ਦੀ ਚਰਚਾ ਹੁੰਦੀ ਹੈ ਕਿ ਸਿਵਲ ਵਿੱਚ ਕੁਰਪਸ਼ਨ ਹੈ ਜਦੋਂ ਕਿ ਮਿਲਟਰੀ ਇਸ ਬੀਮਾਰੀ ਤੋਂ ਮੁਕਤ ਹੈ। ਹੁਣ ਮਿਲਟਰੀ ਵਿੱਚ ਵੀ ਇਹ ਬੁਰਾਈ ਆਣ ਵੜੀ ਹੈ। ਫੌਜ਼ ਵਿੱਚ ਭਰਤੀ ਹੋਣ ਲਈ ਰਿਸ਼ਵਤ ਮੰਗੀ ਜਾਂਦੀ ਹੈ। ਵੱਡੇ ਵੱਡੇ ਅਫ਼ਸਰ ਵੀ ਇਸ ਦੀ ਲਪੇਟ ਵਿੱਚ ਆ ਗਏ ਹਨ। ਜੇ ਮਿਲਟਰੀ ਵਿੱਚ ਵੀ ਸਿਵਲ ਵਾਂਗ ਰਿਸ਼ਵਤਖ਼ੋਰੀ ਦਾ ਬੋਲਬਾਲਾ ਹੋ ਗਿਆ ਤਾਂ ਤੁਹਾਡੀ ਜਾਚੇ ਮਿਲਟਰੀ ਸਰਵਿਸ ਦਾ ਭਵਿੱਖ ਕਿਹੋ ਜਿਹਾ ਹੋਵੇਗਾ?

**ਜੁਆਬ:** ਬੜੇ ਦੁੱਖ ਦੀ ਗੱਲ ਹੈ ਕਿ ਭਾਰਤੀ ਸੈਨਾਵਾਂ ਵਿੱਚ ਝੂਠ ਅਤੇ ਚੋਰੀ(ਕੁਰਪਸ਼ਨ) ਨੇ ਆਣ ਝਾਤੀ ਪਾਈ ਹੈ। ਪੂਰੇ ਦੇਸ਼ ਨੂੰ ਇਸ ਗੱਲ ਦਾ ਬੜਾ ਮਾਣ ਹੁੰਦਾ ਸੀ ਕਿ ਫੌਜ਼ ਇਨ੍ਹਾਂ ਸਮਾਜਿਕ ਬੁਰਾਈਆਂ ਤੋਂ ਬਹੁਤ ਉੱਪਰ ਹੈ। ਫੌਜ਼ੀ ਸੈਨਿਕ ਆਪ ਵੀ ਇਸ ਗੱਲ ਦਾ ਗਰਵ ਕਰਦੇ ਹੁੰਦੇ ਸਨ। ਇੱਕ ਗੱਲ ਜਿਹੜੀ ਜ਼ਿਆਦਾ ਦੁੱਖਦਾਈ ਹੈ ਕਿ ਝੂਠ ਅਤੇ ਬੇਈਮਾਨੀ ਦੇ ਜੋ ਕੇਸ ਫੜ੍ਹੇ ਗਏ ਹਨ ਉਨ੍ਹਾਂ ਵਿੱਚ ਜ਼ਿਆਦਾ ਸੀਨੀਅਰ ਅਫ਼ਸਰ ਹੀ ਸ਼ਾਮਲ ਹਨ। ਇਸ ਗੱਲ ਦੀ ਖ਼ੁਸ਼ੀ ਵੀ ਹੈ ਕਿ ਸੈਨਿਕ ਕਮਾਂਡ ਨੇ ਇਸ ਦਾ ਫ਼ੌਰੀ ਅਤੇ ਦ੍ਰਿੜਤਾ ਨਾਲ ਸਖ਼ਤ ਕਦਮ ਚੁੱਕ ਕੇ ਬਹੁਤ ਉੱਚੇ ਰੁਤਬਿਆਂ 'ਤੇ ਪਹੁੰਚੇ ਅਫ਼ਸਰਾਂ ਦਾ ਕੋਰਟ ਮਾਰਸ਼ਲ ਬਿਠਾ ਕੇ ਸਜ਼ਾਵਾਂ ਵੀ ਦਿੱਤੀਆਂ ਹਨ। ਫੌਜ਼ ਦੇ ਨਾਂ 'ਤੇ ਧੱਬਾ ਤਾਂ ਲੱਗ ਹੀ ਗਿਆ ਹੈ ਅਤੇ ਇਸ ਨੂੰ ਸਾਫ਼ ਕਰਨ ਵਿੱਚ ਕੁਝ ਸਮਾਂ ਤਾਂ ਲੱਗੇਗਾ ਹੀ। ਉਮੀਦ ਕੀਤੀ ਜਾ ਸਕਦੀ ਹੈ ਕਿ ਸਾਰਾ ਕੁਝ ਛੇਤੀ ਹੀ ਠੀਕ ਹੋ ਜਾਵੇਗਾ। ਜਿਤਨੀ ਹਾਲਤ ਵਿਗੜ ਗਈ ਹੈ ਅਤੇ ਵਿਗੜ ਰਹੀ ਹੈ ਉਸ ਵਿੱਚ ਫੌਜ਼ ਹੀ ਹੈ ਜੋ ਸਹੀ ਰਸਤਾ ਦੱਸ ਰਹੀ ਹੈ। ਜੇ ਕਰ ਇਸ ਨੂੰ ਵਿਗੜਨ ਦਿੱਤਾ ਗਿਆ ਤਾਂ ਫਿਰ ਤਾਂ ਅੱਲ੍ਹਾ ਹੀ ਬਚਾਵੇਗਾ!

**ਸੁਆਲ:** ਮਿਲਟਰੀ 'ਚੋਂ ਸੇਵਾ ਮੁਕਤ ਹੋਣ ਉਪਰੰਤ ਅੱਜ ਕੱਲ੍ਹ ਤੁਹਾਡੇ ਕੀ ਰੁਝੇਵੇਂ ਹਨ? ਮਿਲਟਰੀ ਸੇਵਾ ਦੇ ਤਜ਼ਰਬੇ 'ਚੋਂ ਕੁਝ ਸਾਂਝਾ ਕਰਦਿਆਂ ਹੋਇਆ ਕੋਈ ਸੁਨੇਹਾ ਵੀ ਦੇਣਾ ਚਾਹੋਗੇ ਜਾਂ ਕੋਈ ਅਭੁੱਲ ਯਾਦ ਸਾਂਝੀ ਕਰੋਗੇ?

**ਜੁਆਬ:** 30 ਅਕਤੂਬਰ,1979 ਨੂੰ ਸੈਨਿਕ ਸੇਵਾ ਨੂੰ ਅਲਵਿਦਾ ਕਹਿਣ ਸਮੇਂ ਜਿਹੜੀ ਵਿਦਾਇਗੀ ਪਾਰਟੀ ਦਿੱਤੀ ਗਈ ਸੀ ਉਸ ਵਿੱਚ ਸਾਡੇ ਡਾਇਰੈਕਟਰ ਜਨਰਲ ਸਾਹਿਬ ਵੀ ਸ਼ਾਮਲ ਹੋਏ ਸਨ। ਤਿੰਨਾਂ ਹੀ ਸੈਨਾਵਾਂ (ਥਲ ਸੈਨਾ,ਹਵਾਈ ਸੈਨਾ ਅਤੇ ਜਲ ਸੈਨਾ) ਦਾ ਸਾਂਝਾ ਮੋਮੈਂਟੋ, ਜਿਸ ਵਿੱਚ ਤਿੰਨਾਂ ਹੀ ਸੈਨਾਵਾਂ ਦੇ ਨਿਸ਼ਾਨ ਸਨ, ਮੈਨੂੰ ਸਨਮਾਨ ਚਿੰਨ੍ਹ ਵਜੋਂ ਦਿੱਤਾ ਗਿਆ ਸੀ। ਮੇਰੇ ਗਿਆਨ ਅਨੁਸਾਰ ਥਲ ਸੈਨਾ ਵਿੱਚ ਇਹ ਮਾਣ ਮੇਰੇ ਰੁਤਬੇ ਨੂੰ ਪਹਿਲੀ ਵੇਰਾਂ ਮਿਲਿਆ ਸੀ। ਇਹ ਦਿਨ ਮੇਰੇ ਜੀਵਨ ਦਾ ਮਾਣ ਮੱਤਾ ਅਭੁੱਲ ਦਿਹਾੜਾ ਸੀ।

ਮਨ ਵਿੱਚ ਬੜੀ ਰੀਝ ਹੁੰਦੀ ਸੀ ਕਿ ਘਰ ਜਾਵਾਂਗੇ ਅਤੇ ਰੋਜ਼ਾਨਾ ਸਵੇਰੇ ਦਰਬਾਰ ਸਾਹਿਬ ਜਾਇਆ ਕਰਾਂਗੇ। ਪ੍ਰਭੂ ਨੇ ਬੜੀਆਂ ਅਣਸੁਖਾਵੀਆਂ ਘਟਨਾਵਾਂ 'ਚੋਂ ਬਚਾ ਲਿਆ ਹੈ, ਉਸ ਦੇ ਚਰਨਾਂ ਦੀ ਧੂੜ ਮੱਥੇ 'ਤੇ ਲਾਉਣ ਦਾ ਸਮਾਂ ਆ ਗਿਆ ਹੈ।ਇਸ ਨਾਲ ਪਹਿਚਾਣ ਦਾ ਘੇਰਾ ਵੀ ਵਿਸ਼ਾਲ ਹੋਵੇਗਾ। ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚ ਬੈਠ ਕੇ ਸਹਿ ਦੋਸਤਾਂ ਨਾਲ ਸਮਾਜੀ ਗੱਲਾਂ ਵੀ ਹੁੰਦੀਆਂ ਰਹਿੰਦੀਆਂ ਸਨ। ਚਰਚਾ ਦਾ ਆਮ ਕਰਕੇ ਵਿਸ਼ਾ ਵੱਖ ਵੱਖ ਹੁੰਦਾ ਸੀ: ਨੌਜਵਾਨ ਪੀੜ੍ਹੀ ਦਾ ਪਤਨ, ਉਨ੍ਹਾਂ ਦੀ ਧਰਮ ਤੋਂ ਵੱਧਦੀ ਦੂਰੀ, ਅੱਤਵਾਦ ਦੀ ਭੱਠੀ ਵਿੱਚ ਝੋਕੇ ਗਏ ਨੌਜਵਾਨ,ਪੰਜਾਬ ਦੀ ਸਿਆਸਤ ਅਤੇ ਇਸ ਦਾ ਵਿਗੜ ਰਿਹਾ ਚਿਹਰਾ ਆਦਿ। ਸਾਥੀਆਂ ਦੇ ਵਿਚਾਰਾਂ ਵਿੱਚ ਸੁਭਾਵਕ ਗੱਲਾਂ ਵੀ ਆਉਂਦੀਆਂ। ਵਾਪਰ ਰਹੇ ਦੁਖਾਂਤ

ਦੇ ਕਾਰਨਾਂ ਅਤੇ ਉਸ ਦੇ ਹੱਲ ਢੂੰਡਣ ਲਈ ਸੋਚਾਂ ਦੇ ਘੋੜੇ ਭਜਾਉਂਦੇ ਰਹਿੰਦੇ ਸਾਂ। ਸੇਵਾ ਮੁਕਤ ਹੋਣ ਉਪਰੰਤ ਮੇਰੇ ਰੁਝੇਵੇਂ ਕੁਝ ਇਸ ਤਰ੍ਹਾਂ ਦੇ ਰਹੇ ਹਨ।

ਰੋਜ਼ ਰੋਜ਼ ਸ਼ਾਮ ਨੂੰ ਮਿਲਦੇ ਰਹਿਣਾ ਅਤੇ ਭਖਦੇ ਮਸਲਿਆਂ 'ਤੇ ਵਿਚਾਰ ਕਰਦੇ ਰਹਿਣ ਨਾਲ ਗੱਲ ਏਥੇ ਨਿੱਬੜੀ ਕਿ ਸ਼ਾਇਦ ਅਸੀਂ ਗੁਰੂ ਨਾਨਕ ਦੇਵ ਜੀ ਦੇ ਬਖ਼ਸ਼ੇ ਜੀਵਨ ਜਾਚ ਦੇ ਫ਼ਲਸਫੇ ਨੂੰ ਸਮਝ ਹੀ ਨਹੀਂ ਸਕੇ। ਗੁਰਬਾਣੀ ਦੇ ਚਾਨਣ ਵਿੱਚ ਸਾਨੂੰ ਇਹ ਗੱਲ ਬੜੀ ਠੀਕ ਲੱਗੀ। ਕਿਉਂਕਿ ਨਾ ਤਾਂ ਅਸੀਂ "ਸਭ ਕੋ ਮੀਤ" ਬਣਾ ਸਕੇ ਅਤੇ ਨਾ ਹੀ "ਸਭਨਾ ਕੇ ਸਾਜਣ" ਬਣ ਸਕੇ ਹਾਂ। ਇਹ ਗੱਲ ਸਾਨੂੰ ਭੁੱਲ ਹੀ ਗਈ ਹੈ "ਨਾ ਕੋ ਬੈਰੀ ਨਾਹਿ ਬਿਗਾਨਾ" ਫਿਰ 'ਸਗਲ ਸੰਗ' ਨਾਲ ਕਿਵੇਂ "ਬਣ" ਆਵੇਗੀ?

ਗੁਰਬਾਣੀ,ਗੁਰ ਇਤਿਹਾਸ,ਰਹਿਤ ਮਰਯਾਦਾ ਦਾ ਗਿਆਨ ਅਮਲ ਦੀਆਂ ਪੌੜੀਆਂ ਹਨ। ਅਜੋਕੇ ਪੜ੍ਹੇ ਲਿਖੇ ਸਿਆਣੇ ਲੋਕਾਂ ਲਈ ਹੁਣ ਗਿਆਨ ਕੇਂਦਰ ਚੰਗੀਆਂ ਕਿਤਾਬਾਂ ਹੀ ਹੋ ਸਕਦੀਆਂ ਹਨ। ਸਮੇਂ ਦੀ ਤੇਜ਼ੀ ਨੇ ਏਨਾਂ ਸਮਾਂ ਵੀ ਮਨੁੱਖ ਕੋਲ ਨਹੀਂ ਰਹਿਣ ਦਿੱਤਾ ਕਿ ਉਹ ਨਗਰ ਕੀਰਤਨਾਂ ਦਾ ਭਾਗ ਬਣ ਸਕੇ ਜਾਂ ਘੰਟਿਆਂ ਬੱਧੀ ਦੀਵਾਨ ਦੀ ਰੌਣਕ ਬਣ ਸਕੇ। ਇੱਕੋ ਇੱਕ ਰਾਹ ਬਗੈਰ ਪੈਸੇ ਖਰਚਿਆਂ ਰਹਿ ਗਿਆ ਹੈ ਉਹ ਹੈ ਸੰਗਤ ਨੂੰ ਚੰਗਾ ਸਾਹਿਤ ਪੜ੍ਹਨ ਨੂੰ ਮਿਲੇ। ਸ਼ਹਿਰ ਹੀ ਨਹੀਂ ਸਗੋਂ ਹਰ ਮੁਹੱਲੇ ਨੂੰ ਆਪਣੀ ਲਾਇਬ੍ਰੇਰੀ ਦੀ ਲੋੜ ਹੈ। ਇਸ ਵਿਚਾਰ ਦੀ ਪ੍ਰੋੜਤਾ ਮਗਰੋਂ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ ਦੇ ਸਪੁੱਤਰ ਵੈਦ ਸੁਖਬੀਰ ਸਿੰਘ ਜੀ ਦੀ ਰਹਿਨੁਮਾਈ ਵਿੱਚ ਸਿਰਫ਼ ਡੇਡ਼ ਕੁ ਸੌ ਪੁਸਤਕਾਂ ਨਾਲ ਸੰਗਤੀ ਅਰਦਾਸ ਕਰਕੇ ਇੱਕ ਲਾਇਬਰੇਰੀ ਆਰੰਭ ਕੀਤੀ ਗਈ। ਲਾਇਬਰੇਰੀ ਚਾਲੂ ਕਰਨ ਦਾ ਮੇਰਾ ਸੁਝਾਓ ਪ੍ਰਵਾਨ ਕਰ ਲਿਆ ਗਿਆ ਸੀ।

ਲਾਇਬਰੇਰੀ ਦਾ ਆਗਾਜ਼ ਤਾਂ ਹੋ ਗਿਆ ਸੀ ਹੁਣ ਲੋੜ ਸੀ ਇਸ ਦੀ ਸੇਵਾ ਨਿਭਾਉਣ ਦੀ। ਇਹ ਸੇਵਾ ਵੀ ਮੈਨੂੰ ਹੀ ਸੌਂਪੀ ਗਈ ਹੈ। ਦੋ ਘੰਟੇ ਸਵੇਰੇ ਅਤੇ ਦੋ ਘੰਟੇ ਸ਼ਾਮ ਨੂੰ ਬਤੌਰ ਲਾਇਬਰੇਰੀਅਨ ਮੈਂ ਪਿਛਲੇ ਦਸ ਸਾਲਾਂ ਤੋਂ ਇਹ ਸੇਵਾ ਨਿਭਾ ਰਿਹਾ ਹਾਂ। ਡੇਡ਼ ਸੌ ਪੁਸਤਕਾਂ ਨਾਲ ਜਿਹੜੀ ਲਾਇਬਰੇਰੀ ਦਾ ਆਰੰਭ ਹੋਇਆ ਸੀ ਹੁਣ ਉਸ ਵਿੱਚ ਪੁਸਤਕਾਂ ਦੀ ਗਿਣਤੀ ਹਜ਼ਾਰਾਂ ਤੱਕ ਪਹੁੰਚ ਗਈ ਹੈ। ਪਾਠਕਾਂ ਦੀ ਗਿਣਤੀ ਵੀ ਤਸੱਲੀਬਖ਼ਸ਼ ਹੈ। ਮਾਸਟਰ ਕਸ਼ਮੀਰ ਸਿੰਘ ਜੀ ਜਿਹੜੇ ਤਰਨ ਤਾਰਨ ਜ਼ੋਨ ਦੇ 'ਸਿੱਖ ਮਿਸ਼ਨਰੀ ਕਾਲਜ' ਦੇ ਇਨਚਾਰਜ ਹਨ, ਉਨ੍ਹਾਂ ਨੇ ਮੈਨੂੰ ਵੀ ਸਿੱਖ ਮਿਸ਼ਨਰੀ ਕਾਲਜ ਨਾਲ ਜੋੜ ਲਿਆ ਹੈ। ਇਸ ਤਰ੍ਹਾਂ ਮਿਸ਼ਨਰੀ ਕਾਲਜ ਦਾ ਸਾਰਾ ਲਿਟਰੇਚਰ ਵੀ ਇਸ ਲਾਇਬਰੇਰੀ ਵਿੱਚੋਂ ਉਪਲਬਦ ਹੋਣ ਲੱਗ ਪਿਆ ਹੈ। ਬੱਚਿਆਂ ਨੂੰ ਮੁਫ਼ਤ ਕੀਰਤਨ ਸਿਖਲਾਈ ਦਾ ਪ੍ਰਬੰਧ ਹੋ ਗਿਆ ਹੈ। ਅਕਾਲ ਪੁਰਖ ਦੀ ਕਿਰਪਾ ਨਾਲ ਲਾਇਬਰੇਰੀ ਦੋ ਕਮਰਿਆਂ ਵਿੱਚ ਵੀ ਛੋਟੀ ਪੈਣ ਲੱਗ ਪਈ ਸੀ ਜਿਸ ਕਰਕੇ ਹੁਣ ਇਸ ਵਾਸਤੇ ਹਾਲ ਦੀ ਤਿਆਰੀ ਹੋ ਰਹੀ ਹੈ। ਵਾਹਿਗੁਰੂ ਕਰੇ ਇਹ ਤਰਨ ਤਾਰਨ ਦਾ ਗਹਿਣਾ ਬਣ ਜਾਵੇ ਅਤੇ ਮੇਰਾ ਜ਼ਿੰਦਗੀ ਦਾ ਰਹਿੰਦਾ ਸਮਾਂ ਐਸੀ ਸੇਵਾ ਵਿੱਚ ਹੀ ਨਿਭ ਜਾਵੇ। ਇਹ ਹੀ ਮੇਰੀ ਇੱਛਾ ਹੈ ਅਤੇ ਇਹ ਹੀ ਰੀਝ।

ਕੈਪਟਨ ਸ੍ਰ. ਪਿਆਰਾ ਜੀ ਨਾਲ ਗੱਲ ਬਾਤ ਕਰ ਕੇ ਮਨ ਤਰਿਪਤ ਹੋ ਗਿਆ ਸੀ ਅਤੇ ਇਸ ਗੱਲ ਦਾ ਵੀ ਅਹਿਸਾਸ ਹੋ ਗਿਆ ਸੀ ਕਿ ਅਸੀਂ ਅਜਿਹੇ ਹੀ ਦੇਸ਼ ਪ੍ਰੇਮ ਦਾ ਜਜ਼ਬਾ ਪਾਲਣ ਵਾਲੇ ਸੈਨਿਕਾਂ ਦੀ ਬਦੌਲਤ ਸੁੱਖੀ ਅਤੇ ਫ਼ਿਕਰ ਰਹਿਤ ਜੀਵਨ ਬਤੀਤ ਕਰ ਰਹੇ ਹਾਂ। ਅਸੀਂ ਜਦੋਂ ਰਜਾਈਆਂ ਦਾ ਨਿੱਘ ਮਾਣ ਰਹੇ ਹੁੰਦੇ ਹਾਂ ਇਹ ਵੀਰ ਸੈਨਿਕ ਦੇਸ਼ ਦੀਆਂ ਸਰਹੱਦਾਂ 'ਤੇ ਬਰਫੀਲੀਆਂ ਹਵਾਵਾਂ ਵਿੱਚ ਜਾਗਦੇ ਹੋਏ ਦੇਸ਼ ਦੀਆਂ ਸਰਹੱਦਾਂ ਤੇ ਪਹਿਰਾ ਦੇ ਰਹੇ ਹੁੰਦੇ ਹਨ। ਸਲਾਮ ਹੈ ਅਜਿਹੇ ਸੈਨਿਕਾਂ ਦੇ ਕਰਤਵ ਪਾਲਣ ਨੂੰ।

ਆਮੀਨ!

***

**ਪੁਲਿਸ ਦਾ ਸਿਪਾਹੀ :**

## ਸੱਚੋ ਸੱਚ ਕਹਾਂ ਮੈਂ ਬੋਲ



**ਸ੍ਰ. ਹਰਭਜਨ ਸਿੰਘ**

ਜੇਕਰ ਅਸੀਂ ਡਰ ਦੀ ਪ੍ਰੀਭਾਸ਼ਾ ਕਰਨੀ ਚਾਹੀਏ ਤਾਂ ਇਹ ਗੱਲ ਸਾਹਮਣੇ ਆਵੇਗੀ ਕਿ ਡਰ ਆਪਣੇ ਆਪ ਵਿੱਚ ਕੁਝ ਵੀ ਨਹੀਂ ਹੁੰਦਾ ਸਗੋਂ ਸਾਡੀਆਂ ਕਮਜ਼ੋਰੀਆਂ ਦਾ ਸੰਗ੍ਰਹਿ ਹੀ ਡਰ ਦਾ ਦੂਸਰਾ ਨਾਮ ਹੈ। ਅਸੀਂ ਕੋਈ ਗਲਤ ਕੰਮ ਕਰਦੇ ਹਾਂ ਤਾਂ ਜ਼ਰੂਰੀ ਹੈ ਉਸ ਦਾ ਸਿੱਟਾ ਵੀ ਗਲਤ ਹੀ ਨਿਕਲੇਗਾ। ਜੇਕਰ ਕੋਈ ਕਿੱਕਰ ਦਾ ਬੀਜ਼ ਬੀਜ਼ਦਾ ਹੈ ਤਾਂ ਕਿਸ ਤਰ੍ਹਾਂ ਆਸ ਕੀਤੀ ਜਾ ਸਕਦੀ ਹੈ ਕਿ ਉਸ ਨੂੰ ਅੰਬ ਲੱਗਣਗੇ? ਕਿੱਕਰ ਨੂੰ ਤਾਂ ਕੰਡੇ ਹੀ ਨਿਕਲਣਗੇ।ਸਾਡੇ ਕੀਤੇ ਹੋਏ ਕੁਕਰਮਾਂ ਦਾ ਹੀ ਪ੍ਰਤੀਰੂਪ ਹੈ ਡਰ। ਮਿਸਾਲ ਦੇ ਤੌਰ 'ਤੇ ਇੱਕ ਆਦਮੀ ਕਿਸੇ ਕੋਲੋਂ ਰਿਸ਼ਵਤ ਲੈਂਦਾ ਹੈ ਤਾਂ ਉਸ ਦੇ ਮਨ ਵਿੱਚ ਹਮੇਸ਼ਾਂ ਡਰ ਬਣਿਆ ਰਹੇਗਾ ਕਿਧਰੇ ਮੇਰੇ ਉੱਚ ਅਧਿਕਾਰੀ ਨੂੰ ਇਸ ਗੱਲ ਦਾ ਪਤਾ ਨਾ ਲੱਗ ਜਾਵੇ। ਇਸੇ ਡਰ ਦੀ ਛਾਂ ਹੇਠਾਂ ਉਹ ਦੂਸਰੇ ਦੇ ਜ਼ਾਇਜ ਨਜ਼ਾਇਜ ਹੁਕਮ ਨੂੰ ਮੰਨਣ ਲਈ ਤਿਆਰ ਰਹੇਗਾ। ਦੂਸਰੇ ਪਾਸੇ ਜੇਕਰ ਕੋਈ ਇਨਸਾਨ ਸੱਚ ਦੀ ਰਾਹ 'ਤੇ ਚੱਲ ਰਿਹਾ ਹੈ ਤਾਂ ਉਹ ਕਿਸੇ ਦੀ ਨਜ਼ਾਇਜ ਧੌਂਸ ਨਹੀਂ ਸਹੇਗਾ।ਉਸ ਦਾ ਸੱਚ ਉਸ ਨੂੰ ਬਲ ਦੇਵੇਗਾ ਕਿ ਮੈਂ ਜਦੋਂ ਕੋਈ ਨਜ਼ਾਇਜ ਕੰਮ ਹੀ ਨਹੀਂ ਕੀਤਾ ਫਿਰ ਦੂਸਰੇ ਦੀ ਗਲਤ ਗੱਲ ਕਿਉਂ ਮੰਨਾਂ। ਉਸ ਦਾ ਸਵੈ ਵਿਸ਼ਵਾਸ ਅਤੇ ਸਵੈ ਅਭਿਮਾਨ ਕਦੇ ਨਹੀਂ ਡੋਲੇਗਾ। ਸਿੱਟਾ ਇਹ ਹੋਇਆ ਕਿ ਜਿਹੜਾ ਕਿਸੇ ਗਲਤ ਕੰਮ ਦੀ ਪਕੜ ਵਿੱਚ ਨਹੀਂ ਹੁੰਦਾ ਉਸ ਦਾ ਮਨ ਹਮੇਸ਼ਾਂ ਨਿਰਭੈਅ ਰਹਿੰਦਾ ਹੈ ਅਤੇ ਉਹ ਮਾਨਸਿਕ ਤਨਾਓ ਵਿੱਚ ਨਹੀਂ ਜੀਊਂਦਾ। ਆਪਣੀ ਇਸ ਹੱਥਲੀ ਪੁਸਤਕ ਵਾਸਤੇ ਮੈਨੂੰ ਇੱਕ ਅਜਿਹੇ ਹੀ ਇਨਸਾਨ ਦੀ ਭਾਲ ਸੀ ਜਿਹੜਾ ਅਜਿਹੇ ਖ਼ੇਤਰ ਵਿੱਚ ਰਿਹਾ ਹੋਵੇ ਜਿਸ ਵਿੱਚ ਕੁਰਪਸ਼ਨ ਦਾ ਬੋਲਬਾਲਾ ਹੋਵੇ ਪਰ ਉਹ ਕਾਲਖ਼ ਵਿੱਚ ਰਹਿ ਕੇ ਵੀ ਅਲੇਪ ਅਤੇ ਨਿਰੰਜਨ ਰਿਹਾ ਹੋਵੇ। ਹੋਇਆ ਇਸ ਤਰ੍ਹਾਂ ਸੀ ਕਿ ਮੇਰਾ ਜਿਸ ਦੁਕਾਨ 'ਤੇ ਉੱਠਣਾ-ਬੈਠਣਾ ਹੈ ਉਹ ਕਪੜੇ ਦੀ ਦੁਕਾਨ ਹੈ "ਬਿੱਲੇ ਦੀ ਹੱਟੀ"।ਇੱਕ ਦਿਨ ਦੁਕਾਨ ਦੇ ਮਾਲਕ ਬਸੰਤ ਲਾਲ ਉਰਫ 'ਲਾਟੀ' ਨੇ ਮੈਨੂੰ ਦੱਸਿਆ ਕਿ ਮੈਂ ਜਿਸ ਤਰ੍ਹਾਂ ਦੇ ਇਨਸਾਨ ਦੀ ਭਾਲ ਵਿੱਚ ਹਾਂ ਉਹ ਅਜਿਹੇ ਆਦਮੀ ਨੂੰ ਜਾਣਦਾ ਹੈ ਅਤੇ ਉਸ ਨਾਲ ਮੈਨੂੰ ਮਿਲਾ ਦੇਵੇਗਾ। ਜਿਸ ਇਨਸਾਨ ਦੀ ਮੈਨੂੰ ਭਾਲ ਸੀ ਆਖ਼ਿਰ ਉਹ ਮਿਲ ਹੀ ਗਿਆ।ਉਸ ਨਾਲ ਉਸ ਦੇ ਜੀਵਨ ਦੀਆਂ ਵਾਪਰੀਆਂ ਘਟਨਾਵਾਂ ਸਬੰਧੀ ਕੀਤੇ ਚਰਚੇ ਦਾ ਸਾਰਅੰਸ਼ ਇੱਕ ਇੰਟਰਵਿਊ ਦੇ ਰੂਪ ਵਿੱਚ ਪੇਸ਼ ਹੈ:-

**ਸੁਆਲ:** ਸ.ਹਰਭਜਨ ਸਿੰਘ ਜੀ ਕੀ ਤੁਸੀਂ ਆਪਣੇ ਬਚਪਨ ਅਤੇ ਪ੍ਰੀਵਾਰ ਬਾਰੇ ਦੱਸੋਗੇ?

**ਜੁਆਬ:** ਮੇਰਾ ਜਨਮ ਸ. ਗੁਰਾ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਹਰਬੰਸ ਕੌਰ ਜੀ ਦੀ ਕੁੱਖੋਂ ਮਿਤੀ 08ਮਈ,1952 ਨੂੰ ਪਿੰਡ ਕੈਰੋਵਾਲ,ਜਿਹੜਾ ਕਿ ਤਰਨ ਤਾਰਨ ਤੋਂ ਝਬਾਲ ਜਾਣ ਵਾਲੀ ਸੜਕ 'ਤੇ ਤਰਨ ਤਾਰਨ ਤੋਂ ਕੋਈ ਚਾਰ ਕੁ ਕਿਲੋ ਮੀਟਰ ਦੀ ਦੂਰੀ ਤੇ ਵਾਕਿਆ ਹੈ ਵਿੱਚ ਹੋਇਆ। ਮੇਰੇ ਤਿੰਨ ਭਰਾ ਹਨ ਅਤੇ ਦੋ ਭੈਣਾਂ ਵੀ ਹਨ। ਮੇਰੇ ਪਿਤਾ ਜੀ ਵਾਹੀ ਕਰਦੇ ਹਨ। ਸਾਡਾ ਪ੍ਰੀਵਾਰ ਦਰਮਿਆਨੇ ਦਰਜ਼ੇ ਦਾ ਜਿਮੀਂਦਾਰਾ ਪ੍ਰੀਵਾਰ ਹੈ। ਆਰਥਿਕ ਪੱਖੋਂ ਅਸੀਂ ਕੋਈ ਜ਼ਿਆਦਾ ਤਕੜੇ ਨਹੀਂ ਸਾਂ।

**ਸੁਆਲ:** ਹੁਣ ਕੁਝ ਆਪਣੀ ਵਿੱਦਿਅਕ ਯੋਗਤਾ ਬਾਰੇ ਵੀ ਚਾਨਣਾ ਪਾਓ, ਕਿ ਤੁਸੀਂ ਕਿੱਥੋਂ ਤੱਕ ਪੜ੍ਹੇ ਹੋਏ ਹੋ ਅਤੇ ਇਹ ਕਿੱਥੋਂ ਕਿੱਥੋਂ ਪ੍ਰਾਪਤ ਕੀਤੀ ਹੈ?

**ਜੁਆਬ:** ਪੰਜਵੀਂ ਜਮਾਤ ਤੱਕ ਮੈਂ ਆਪਣੇ ਪਿੰਡ ਦੇ ਸਕੂਲ ਵਿੱਚ ਹੀ ਪੜ੍ਹਿਆ ਹਾਂ। ਛੇਵੀਂ ਤੋਂ ਗਿਆਰ੍ਹਵੀਂ ਜਮਾਤ ਤੱਕ ਦੀ ਪੜ੍ਹਾਈ ਮੈਂ ਗੌਰਮਿੰਟ ਹਾਇਰ ਸੈਕੰਡਰੀ ਸਕੂਲ ਤਰਨ ਤਾਰਨ ਜਿਸ ਨੂੰ ਮੰਡੀ ਵਾਲਾ ਸਕੂਲ ਵੀ ਕਹਿੰਦੇ ਹਨ, ਵਿੱਚੋਂ ਕੀਤੀ ਹੈ। ਬੀ.ਏ. ਪਾਰਟ-I ਤੱਕ ਮੈਂ ਸ੍ਰੀ ਗੁਰੂ ਅਰਜਨ ਦੇਵ ਕਾਲਜ,ਤਰਨ ਤਾਰਨ ਵਿੱਚ ਪੜ੍ਹਿਆ ਹਾਂ।

**ਸੁਆਲ:** ਕੀ ਕਾਰਨ ਸੀ ਤੁਸੀਂ ਆਪਣਾ ਪੜ੍ਹਾਈ ਦਾ ਸਫ਼ਰ ਅਧਵਾਟੇ ਹੀ ਛੱਡ ਦਿੱਤਾ ਸੀ? ਕੀ ਪੜ੍ਹਨ ਵਿੱਚ ਰੁਚੀ ਨਹੀਂ ਸੀ ਜਾਂ ਕੋਈ ਹੋਰ ਕਾਰਨ ਸੀ? ਇਸ ਬਾਰੇ ਵਿਸਥਾਰ ਨਾਲ ਦੱਸੋ।

**ਜੁਆਬ:** ਪੜ੍ਹਨ ਦਾ ਤਾਂ ਮੈਨੂੰ ਬਹੁਤ ਸ਼ੌਂਕ ਸੀ ਪਰ ਪੜ੍ਹਾਈ ਛੱਡਣ ਦਾ ਵੱਡਾ ਕਾਰਨ ਵੀ ਘਰ ਦੀ ਤੰਗੀ-ਤੁਰਸ਼ੀ ਹੀ ਸੀ। ਘਰ ਵਿੱਚ ਕਮਾਉਣ ਵਾਲੇ ਇਕੱਲੇ ਮੇਰੇ ਪਿਤਾ ਜੀ ਹੀ ਸਨ। ਟੱਬਰ ਦੇ ਖਾਣ ਵਾਲੇ ਅਸੀਂ ਸੱਤ ਜੀਅ ਸਾਂ। ਵਾਹੀ ਜੋਤੀ ਘਰ ਦੀਆਂ ਲੋੜਾਂ ਪੂਰੀਆਂ ਨਹੀਂ ਸੀ ਕਰ ਰਹੀ। ਮੇਰੀ ਆਤਮਾ ਨੇ ਮੈਨੂੰ ਇਸ ਗੱਲ ਲਈ ਝੰਜੋੜਿਆ ਕਿ ਹੁਣ ਜਦੋਂ ਕਿ ਮੈਂ ਜਵਾਨ ਹੋ ਗਿਆ ਹਾਂ,ਕਿਉਂ ਨਹੀਂ ਆਪਣੇ ਪਿਤਾ ਦੀ ਬਾਂਹ ਬਣਦਾ ਅਤੇ ਘਰੇਲੂ ਕਾਰਜ਼ਾਂ ਵਿੱਚ ਉਨ੍ਹਾਂ ਦੀ ਮਦਦ ਕਰਦਾ। ਇਹ ਸੋਚ ਕੇ ਹੀ ਮੈਂ ਪੜ੍ਹਾਈ ਛੱਡ ਦਿੱਤੀ ਸੀ।

ਸੁਆਲ: ਪੜ੍ਹਾਈ ਤਿਆਗ ਕੇ ਤੁਸੀਂ ਕਿਹੜਾ ਰਾਹ ਅਪਣਾਇਆ ਸੀ?

ਜੁਆਬ: ਮੈਂ ਸੋਚਿਆ ਸੀ ਕਿ ਜੇ.ਬੀ.ਟੀ ਕਰਕੇ ਟੀਚਰ ਲੱਗ ਜਾਵਾਂ ਪਰ ਮੈਨੂੰ ਜੇ.ਬੀ.ਟੀ ਵਿੱਚ ਦਾਖ਼ਲਾ ਨਹੀਂ ਸੀ ਮਿਲਿਆ। ਮੈਂ ਪੁਲਿਸ ਵਿੱਚ ਭਰਤੀ ਹੋਣ ਲਈ ਆਪਣੀ ਕਿਸਮਤ ਅਜ਼ਮਾਈ ਕੀਤੀ ਤਾਂ ਇੱਥੇ ਕਿਸਮਤ ਮੇਰਾ ਸਾਥ ਦੇ ਗਈ ਅਤੇ ਮੈਂ 19-12-1974 ਨੂੰ ਬਤੌਰ ਸਿਪਾਹੀ ਪੁਲਿਸ ਵਿੱਚ ਭਰਤੀ ਹੋ ਗਿਆ ਸੀ।

**ਸੁਆਲ:** ਪੁਲਿਸ ਵਿੱਚ ਭਰਤੀ ਹੋਣ ਨੂੰ ਤੁਸੀਂ ਕੀ ਆਖੋਗੇ, ਸ਼ੌਂਕ ਜਾਂ ਮਜ਼ਬੂਰੀ?

**ਜੁਆਬ:** ਇਸ ਨੂੰ ਤੁਸੀਂ ਸ਼ੌਂਕ ਵੀ ਕਹਿ ਸਕਦੇ 'ਤੇ ਮਜ਼ਬੂਰੀ ਵੀ। ਜਦੋਂ ਕੋਈ ਇਨਸਾਨ ਅਜਿਹੀ ਸਥਿਤੀ ਵਿੱਚ ਹੁੰਦਾ ਹੈ, ਜਿੱਥੇ ਪਹਿਲੀ ਲੋੜ ਰੋਟੀ ਦੀ ਹੁੰਦੀ ਹੈ ਤਾਂ ਸ਼ੌਂਕ ਕੀ ਅਤੇ ਮਜ਼ਬੂਰੀ ਕੀ? **'ਪੇਟ ਨਾ ਪਈਆਂ ਰੋਟੀਆਂ ਸਭੇ ਗੱਲਾਂ ਖ਼ੋਟੀਆਂ'।** ਕਿਸੇ ਨੇ ਭੁੱਖੇ ਅੱਗੇ ਬਾਤ ਪਾਈ ਤਾਂ ਉਸ ਨੇ ਝੱਟ ਜੁਆਬ ਦਿੱਤਾ ਸੀ 'ਰੋਟੀ'। ਸੋ ਵੀਰ ਮੇਰੇ ਜਿਹੜਾ ਇਨਸਾਨ ਸਮੇਂ ਦੇ ਨਾਲ ਨਹੀਂ ਚੱਲਦਾ ਉਹ ਪਿੱਛੇ ਰਹਿ ਜਾਂਦਾ ਹੈ। ਸਮਾਂ ਉਸ ਨੂੰ ਮੁਆਫ਼ ਨਹੀਂ ਕਰਦਾ। ਪਿਤਾ ਜੀ ਨਾਲ ਮਦਦਗਾਰ ਬਣਨਾ ਸਮੇਂ ਦੀ ਲੋੜ ਸੀ। ਨੌਕਰੀ ਮਿਲ ਗਈ ਸਮਝ ਲਵੋ ਮੇਰਾ ਸ਼ੌਂਕ ਹੋਇਆ, ਨੌਕਰੀ ਕਰਨਾ ਉਸ ਸਮੇਂ ਦੀ ਮਜ਼ਬੂਰੀ ਵੀ ਸੀ।

**ਸੁਆਲ:** ਜੇਕਰ ਤੁਸੀਂ ਪੁਲਿਸ ਵਿੱਚ ਭਰਤੀ ਨਾ ਹੁੰਦੇ ਤਾਂ ਕੀ ਬਣਦੇ?

**ਜੁਆਬ:** ਦੂਸਰਾ ਰਾਹ ਮੇਰੇ ਵਾਸਤੇ ਫ਼ੌਜ ਵਿੱਚ ਭਰਤੀ ਹੋਣਾ ਸੀ। ਜ਼ਿਆਦਾ ਕਰਕੇ ਜ਼ਿਮੀਦਰਾਂ ਦੇ ਮੁੰਡੇ ਫ਼ੌਜ ਵਿੱਚ ਹੀ ਭਰਤੀ ਹੁੰਦੇ ਹਨ। ਉਹ ਜ਼ਿਆਦਾ ਪੜ੍ਹੇ-ਲਿਖੇ ਵੀ ਨਹੀਂ ਹੁੰਦੇ ਮੈਂ ਤਾਂ ਫਿਰ ਵੀ ਬੀ.ਏ. ਪਾਰਟ-1 ਤੱਕ ਪੜ੍ਹਿਆ ਹੋਇਆ ਸਾਂ। ਜੇ.ਬੀ.ਟੀ ਵਿੱਚ ਦਾਖ਼ਲਾ ਨਹੀਂ ਸੀ ਮਿਲਿਆ,ਜੇਕਰ ਪੁਲਿਸ ਵਿੱਚ ਭਰਤੀ ਨਾ ਹੁੰਦਾ ਤਾਂ ਫ਼ੌਜ ਵਿੱਚ ਭਰਤੀ ਹੋਣਾ ਤਾਂ ਵੱਟ 'ਤੇ ਪਿਆ ਸੀ। ਪੁਲਿਸ ਮਹਿਕਮੇ ਦੀਆਂ ਰੋਟੀਆਂ ਨਸੀਬਾਂ ਵਿੱਚ ਸਨ ਇਸ ਲਈ ਇਸ ਵਿੱਚ ਭਰਤੀ ਹੋ ਗਿਆ ਸਾਂ।

**ਸੁਆਲ:** ਤੁਹਾਡੀ ਸ਼ਾਦੀ ਕਦੋਂ ਹੋਈ? ਆਪਣੇ ਵਿਆਹੁਤਾ ਜੀਵਨ ਬਾਰੇ ਵੀ ਕੁਝ ਦੱਸੋ?

**ਜੁਆਬ:** ਸ਼ਇਦ ਸੰਨ 1980 ਜਾਂ 1981(ਥੋੜ੍ਹਾ ਜਿਹਾ ਦਿਮਾਗ਼ 'ਤੇ ਜ਼ੋਰ ਪਾ ਕੇ ਤੇ ਸੋਚ ਕੇ) ਵਿੱਚ ਮੇਰੀ ਸ਼ਾਦੀ ਹੋਈ ਸੀ। ਇਸ ਵੇਲੇ ਸੰਨ ਪੂਰੀ ਤਰ੍ਹਾਂ ਯਾਦ ਨਹੀਂ ਆਉਂਦੀ। ਮੇਰੀ ਸ਼ਾਦੀ ਸਰਦਾਰਨੀ ਜਸਵਿੰਦਰ ਕੌਰ ਸਪੁਤਰੀ ਸ. ਹਰਭਜਨ ਸਿੰਘ ਵਾਸੀ ਪਿੰਡ ਕੋਟ ਮੁਹੰਮਦ ਖ਼ਾਂ (ਨੇੜੇ ਪਿੰਡ ਢੋਟੀਆਂ) ਜ਼ਿਲ੍ਹਾ ਤਰਨ ਤਾਰਨ ਨਾਲ ਹੋਈ ਹੈ। ਮੇਰੀ ਸੰਤਾਨ ਵਜੋਂ ਮੇਰੇ ਦੋ ਲੜਕੇ ਅਤੇ ਇੱਕ ਲੜਕੀ ਹੈ।

**ਸੁਆਲ:** ਤੁਸੀਂ ਪਲਿਸ ਮਹਿਕਮੇ ਵਿੱਚ ਰਹੇ ਹੋ ਅਤੇ ਲੋਕਾਂ ਨਾਲ ਤੁਹਾਡਾ ਆਮ ਵਾਸਤਾ ਰਿਹਾ ਹੈ। ਤੁਹਾਡੀ ਸੋਚ ਅਨੁਸਾਰ ਇੱਕ ਪੁਲਿਸ ਕਰਮਚਾਰੀ ਦਾ ਅਕਸ ਆਮ ਜਨਤਾ ਦੀ ਨਿਗ਼ਾਹ ਵਿੱਚ ਕਿਹੋ ਜਿਹਾ ਹੈ?

**ਜੁਆਬ:** ਪਬਲਿਕ ਇਸ ਨੂੰ ਕੁਰਪਟ ਹੀ ਸਮਝਦੀ ਹੈ। ਪਬਲਿਕ ਵਿੱਚ ਇੱਕ ਪੁਲਿਸਮੈਨ ਦਾ ਅਕਸ ਕੋਈ ਜ਼ਿਆਦਾ ਵਧੀਆ ਨਹੀਂ ਹੈ। ਹੋ ਸਕਦਾ ਹੈ ਸਾਰੇ ਹੀ ਕੁਰਪਟ ਨਾ ਵੀ ਹੋਣ ਪਰ ਜ਼ਿਆਦਾ ਕਰਕੇ ਇਸ ਵਿਭਾਗ ਦੀ ਸੋਚ ਇੱਕ ਨੁਕਾਤੀ ਪ੍ਰੋਗਰਾਮ ਵੱਲ ਹੈ, ਦੂਸਰੇ ਦੀ ਜ਼ੇਬ ਵਿੱਚੋਂ ਪੈਸਾ ਕਿਵੇਂ ਕੱਢਿਆ ਜਾਵੇ। ਇਸੇ ਸੋਚ ਨੇ ਹੀ ਇਸ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਮੱਥੇ
'ਤੇ ਇਹ ਲੇਬਲ ਲਾ ਦਿੱਤਾ ਹੈ, ਕੁਰਪਟ ਹੋਣ ਦਾ ਲੇਬਲ। ਗੱਲ ਇੱਥੋਂ ਤੱਕ ਵਿਚਲ ਗਈ ਹੈ ਕਿ ਕੋਈ ਭਲਾਮਾਨਸ ਆਦਮੀ ਤਾਂ ਇਨ੍ਹਾਂ ਦੇ ਮੂੰਹ ਵੀ ਲੱਗਣਾ ਪਸੰਦ ਨਹੀਂ ਕਰਦਾ। ਇਸ ਵਿਭਾਗ ਦਾ ਤਾਣਾਬਾਣਾ ਹੀ ਇਸ ਤਰ੍ਹਾਂ ਦਾ ਬਣ ਗਿਆ ਹੈ ਕਿ ਜਿਹੜਾ ਰਿਸ਼ਵਤ ਨਹੀਂ ਲੈਂਦਾ, ਉਸ ਦੇ ਦੂਸਰੇ ਸਾਥੀ ਉਸ ਨੂੰ ਮੂਰਖ਼ ਸਮਝਦੇ ਹਨ ਅਤੇ ਜਿਹੜਾ ਰਿਸ਼ਵਤ ਲੈਂਦਾ ਹੈ ਉਸ ਨੂੰ ਲੋਕਾਂ ਕੋਲੋਂ ਕੁਰਪਟ ਹੋਣ ਦਾ ਸਰਟੀਫੀਕੇਟ ਮਿਲ ਜਾਂਦਾ ਹੈ। ਹਾਲਤ ਸੱਪ ਦੇ ਮੂੰਹ ਕੋਹੜ ਕਿਰਲੀ ਵਾਲੀ ਬਣੀ ਹੋਈ ਹੈ। ਮੈਂ ਸਮਝਦਾ ਹਾਂ ਇਸ ਵਿੱਚ ਜ਼ਿਆਦਾ ਕਸੂਰਵਾਰ ਸਾਡਾ ਅਜੋਕਾ ਸਿਸਟਮ ਵੀ ਹੈ।

**ਸੁਆਲ:** ਤੁਹਾਡੇ ਨਾਲ ਇਸ ਵਿਸ਼ੇ 'ਤੇ ਚਰਚਾ ਕਰਦਿਆਂ ਹੋਇਆਂ ਮੈਨੂੰ ਫ਼ਿਲਮ 'ਸ਼ੋਹਲੇ' ਦੇ ਇੱਕ ਡਾਇਲਾਗ਼ ਦਾ ਚੇਤਾ ਆ ਗਿਆ ਹੈ ਜਿਸ ਵਿੱਚ ਇੱਕ ਪਾਤਰ 'ਵੀਰੂ' ਆਪਣੇ ਦੂਸਰੇ ਸਾਥੀ 'ਜਯ' ਨੂੰ ਪੁੱਛਦਾ ਹੈ ਕਿ ਕੀ ਤੈਨੂੰ ਯਾਦ ਹੈ ਜਦੋਂ ਆਪਾਂ ਪਿਛਲੀ ਵਾਰ ਥਾਣੇ ਵਿੱਚ ਬੰਦ ਸੀ ਤਾਂ ਇਹੀ ਥਾਣੇਦਾਰ ਸੀ। ਹੈ, ਨਾ? ਜਯ ਜੁਆਬ ਦਿੰਦਾ ਹੈ ਕਿ ਮੈਨੂੰ ਤਾਂ ਸਾਰੇ ਪੁਲਿਸ ਵਾਲਿਆਂ ਦੀਆਂ ਸ਼ਕਲਾਂ ਇੱਕੋ ਜਿਹੀਆਂ ਹੀ

ਲੱਗਦੀਆਂ ਹਨ। ਮੇਰਾ ਭਾਵ ਹੈ ਕਿ ਅਜਿਹਾ ਕਿਉਂ ਅਨੁਭਵ ਹੁੰਦਾ ਹੈ ਕਿ ਸਾਰੇ ਪੁਲਿਸ ਵਾਲਿਆਂ ਦੀ ਸੋਚ ਲੱਗਭਗ ਇੱਕੋ ਜਿਹੀ ਹੀ ਹੁੰਦੀ ਹੈ?

**ਜੁਆਬ:** ਇਸ ਵਿੱਚ ਕੋਈ ਦੂਸਰੀ ਰਾਏ ਨਹੀਂ ਕਿ ਇਸ ਵਿਭਾਗ ਦੇ ਕਰਮਚਾਰੀ ਚੰਗੀ ਸੋਚ ਦੇ ਮਾਲਕ ਨਹੀਂ ਹਨ। ਆਦਮੀ ਦੇ ਜੋ ਅੰਦਰ ਹੁੰਦਾ ਹੈ ਉਹੀ ਉਸ ਦੇ ਚਿਹਰੇ 'ਤੇ ਹੁੰਦਾ ਹੈ। ਅੰਗਰੇਜ਼ੀ ਵਿੱਚ ਕਹਾਵਤ ਹੈ "Face is the index of mind" ਸਾਡੇ ਅੰਤਾਕਰਣ ਦਾ ਪ੍ਰਛਾਵਾਂ ਹੀ ਸਾਡੇ ਚਿਹਰੇ 'ਤੇ ਪੈਂਦਾ ਹੈ। ਸਾਡੇ ਅੰਦਰਲਾ ਮਨੁੱਖ ਬਾਹਰਲੇ ਨਾਲੋਂ ਵੱਖਰਾ ਹੈ। ਉਹ ਸਾਡੀ ਸੋਚ ਦਾ ਦਰਪਨ ਹੈ। ਕੋਈ ਆਦਮੀ ਜਮਾਂਦਰੂ ਚੋਰ ਨਹੀਂ ਹੁੰਦਾ ਸਗੋਂ ਜ਼ਿਆਦਾ ਕਰਕੇ ਸੰਗਤ ਦੀ ਰੰਗਤ ਹੀ ਉਸ ਦੇ ਚੋਰ ਬਣਨ ਦਾ ਕਾਰਨ ਬਣਦੀ ਹੈ। ਤੁਸੀਂ ਸ਼ਾਇਦ ਇਸ ਤੱਥ ਨੂੰ ਜਾਣਦੇ ਹੋਵੋਗੇ ਕਿ ਜਦੋ ਕੋਈ ਚੋਰੀ ਕਰਨ ਜਾਂਦਾ ਹੈ ਤਾਂ ਉਸ ਦੀ ਅੰਤਰ ਆਤਮਾ ਉਸ ਨੂੰ ਅਜਿਹਾ ਕਰਨ ਤੋਂਰੋਕਦੀ ਹੈ। ਜੇਕਰ ਰੁਕ ਗਿਆ ਤਾਂ ਬਚ ਗਿਆ। ਜੇਕਰ ਨਹੀਂ ਰੁਕਿਆ ਅਤੇ ਵਾਰ ਵਾਰ ਅਜਿਹਾ ਕਰਦਾ ਗਿਆ ਤਾਂ ਉਸ ਦੇ ਅੰਤਾਕਰਣ  ਉੱਤੇ ਹੋਲੀ ਹੌਲੀ ਕੁਕਰਮ ਦੀ ਏਨੀਂ ਮੈਲ ਚੜ੍ਹ ਜਾਂਦੀ ਹੈ ਕਿ ਉਸ ਨੂੰ ਆਪਣੀ ਆਤਮਾ ਦੀ ਆਵਾਜ਼ ਹੀ ਸੁਣਨੋਂ ਹਟ ਜਾਂਦੀ ਹੈ। ਫਿਰ ਉਸ ਦਾ ਚਿਹਰਾ ਉਹੋ ਜਿਹਾ ਬਣ ਜਾਂਦਾ ਹੈ ਜਿਹੋ ਜਿਹਾ ਤੁਸੀਂ ਕਹਿ ਰਹੇ ਹੋ। ਇਹ ਇੱਕ ਪਹਿਲੂ ਹੈ ਜਦੋਂ ਕਿ ਇਸ ਦਾ ਦੂਸਰਾ ਪਹਿਲੂ ਇਹ ਵੀ ਹੈ ਕਿ ਵਰਦੀ ਵਿੱਚ ਸਾਰੇ ਇੱਕੋ ਜਿਹੇ ਹੀ ਜਾਪਦੇ ਹਨ ਪਰ ਚੰਗਿਆਈ ਦਾ ਬੀਜ਼ ਵੀ ਨਾਸ ਨਹੀਂ ਹੈ। ਤੁਹਾਨੂੰ ਮਿਲਣ ਅਤੇ ਉਸ ਨੂੰ ਜਾਨਣ ਪਿੱਛੋਂ ਹੀ ਉਸ ਦਾ ਅਸਲੀ ਚਿਹਰਾ ਦਿੱਸੇਗਾ।

**ਸੁਆਲ:** ਥਾਣਿਆਂ ਦੇ ਅੰਦਰ-ਬਾਹਰ ਇਹ ਸਲੋਗਨ ਲਿਖੇ ਹੁੰਦੇ ਹਨ "**ਪੁਲਿਸ ਤੁਹਾਡੀ ਸੇਵਾ ਵਿੱਚ।**" ਪੁਲਿਸ ਕਿਹੋ ਜੇਹੀ ਸੇਵਾ ਵੱਲ ਇਸ਼ਾਰਾ ਕਰਦੀ ਹੈ? ਕਿੱਧਰੇ ਇਸ ਦੇ ਅਰਥ ਕਿਸੇ ਭਲੇਮਾਣਸ ਦੀ ਮਾਰਕੁਟਾਈ ਵੱਲ ਤਾਂ ਇਸ਼ਾਰਾ ਨਹੀਂ ਕਰਦੇ?

**ਜੁਆਬ:** ਪੁਲਿਸ ਹੀ ਇੱਕਲੀ ਨਹੀਂ, ਲੱਗਭਗ ਸਾਰੇ ਹੀ ਸਰਕਾਰੀ ਅਤੇ ਗ਼ੈਰ ਸਰਕਾਰੀ ਮਹਿਕਮਿਆਂ ਦੇ ਮੁਲਾਜ਼ਮ ਇਸੇ ਤਾਕ ਵਿੱਚ ਰਹਿੰਦੇ ਹਨ ਕਿ ਆਪਣੇ ਕੰਮ ਲਈ ਆਏ ਹੋਏ ਪ੍ਰਾਣੀ ਤੋਂ ਪੈਸੇ ਕਿਸ ਤਰ੍ਹਾਂ ਬਟੋਰਨੇ ਹਨ। ਪੁਲਿਸ ਕੁਝ ਜ਼ਿਆਦਾ ਹੀ ਬਦਨਾਮ ਹੈ। ਮੈਂ ਪਹਿਲਾਂ ਵੀ ਕਿਹਾ ਸੀ ਕਿ ਇਸ ਭ੍ਰਿਸ਼ਟਾਚਾਰ ਵਾਸਤੇ ਸਾਡਾ ਸਿਸਟਮ ਜ਼ਿੰਮੇਂਵਾਰ ਹੈ। ਜਦੋਂ ਕੋਈ ਭਰਤੀ ਹੁੰਦਾ ਹੈ ਤਾਂ ਉਸ ਨੂੰ ਰਿਸ਼ਵਤ ਦੇਣੀ ਪੈਂਦੀ ਹੈ। ਭਰਤੀ ਹੋ ਕੇ ਉਹ ਕੀ ਕਰੇਗਾ? ਉਸ ਤੋਂ ਕੀ ਆਸ  ਰੱਖੀ ਜਾ ਸਕਦੀ ਹੈ? ਉਹ ਵੱਜ ਕੇ ਆਖੇਗਾ, ਪੈਸੇ ਦੇ ਕੇ ਲੱਗੇ ਹਾਂ, ਪੈਸੇ ਕਿਉਂ ਨਾ ਕਮਾਈਏ? ਜਿਹੜਾ ਬੀਜ਼ ਹੀ ਨਿਕੰਮਾ ਹੈ ਉਸ ਬੀਜ਼ ਤੋਂ ਇੱਕ ਚੰਗਾ ਰੁੱਖ ਬਣਨ ਦੀ ਕੀ ਆਸ ਰੱਖੀ ਜਾ ਸਕਦੀ ਹੈ।

**ਸੁਆਲ:** ਦੱਬੀ ਜ਼ਬਾਨ ਨਾਲ ਕਿਹਾ ਜਾਂਦਾ ਹੈ ਕਿ ਚੋਰੀ, ਕਤਲ,ਡਾਕਾ ਜਾਂ ਹੋਰ ਵਾਰਦਾਤ ਹੋਣ ਤੋਂ ਪਹਿਲਾਂ ਹੀ ਪੁਲਿਸ ਨੂੰ ਪਤਾ ਹੁੰਦਾ ਹੈ। ਕੀ ਇਹ ਸੱਚ ਹੈ?

**ਜੁਆਬ:** ਅਜਿਹਾ ਕੇਵਲ 20% ਕੇਸਾਂ ਵਿੱਚ ਮੰਨਿਆ ਜਾ ਸਕਦਾ ਹੈ। ਕੋਈ ਥਾਣੇਦਾਰ ਨਹੀਂ ਚਾਹੁੰਦਾ ਕਿ ਉਸ ਦੇ ਇਲਾਕੇ ਵਿੱਚ ਅਜਿਹੀ ਘਟਨਾ ਵਾਪਰੇ। ਅਜਿਹਾ ਹੋਣ 'ਤੇ ਉਸ ਦੀ ਵੀ ਖ਼ਿਚਾਈ ਹੁੰਦੀ ਹੈ। ਉਸ ਦੀ ਤਰੱਕੀ ਦੇ ਰਾਹ ਵਿੱਚ ਵੀ ਇਹ ਰੋੜਾ ਬਣਦੀ ਹੈ। ਕਤਲ ਦਾ ਕੇਸ ਦਬਾਇਆ ਨਹੀਂ ਜਾ ਸਕਦਾ। ਇਸ ਦਾ ਪਰਚਾ (F.I.R) ਕੱਟਣਾ ਹੀ ਪੈਂਦਾ ਹੈ। ਦੂਸਰੇ ਕੇਸਾਂ ਵਿੱਚ ਇਹ ਗੱਲ ਕੁਝ ਹੱਦ ਤੱਕ ਮੰਨਣਯੋਗ ਹੈ।

**ਸੁਆਲ:** ਇਹ ਕਿਹਾ ਜਾਂਦਾ ਹੈ ਕਿ ਜ਼ੇਬ ਕਤਰੇ,ਨਜਾਇਜ਼ ਸ਼ਰਾਬ ਕੱਢਣ ਵਾਲੇ ਅਤੇ ਹੋਰ ਨਿੱਕੇ-ਮੋਟੇ ਮਾੜੇ ਕੰਮ ਕਰਨ ਵਾਲੇ ਜ਼ਰਾਇਮ ਪੇਸ਼ਾ ਲੋਕ ਤਾਂ ਕੀ ਸਮਗਲਰ ਵੀ ਪੁਲਿਸ ਨੂੰ ਮਹੀਨਾ ਭਰਦੇ ਹਨ। ਕੀ ਇਹ ਠੀਕ ਹੈ?

**ਜੁਆਬ:** ਬਿਲਕੁਲ ਸੱਚ ਹੈ। ਇਹ ਸਭ ਕੁਝ ਹੋ ਰਿਹਾ ਹੈ।

**ਸੁਆਲ:** ਦੱਸਦੇ ਹਨ ਕਿ ਥਾਣਿਆਂ ਦੀ ਦਰਜ਼ਾਬੰਦੀ ਹੋਈ ਹੁੰਦੀ ਹੈ ਅਤੇ ਇਨ੍ਹਾਂ ਵਿੱਚ ਲੱਗਣ ਲਈ ਥਾਣੇਦਾਰ ਵੱਲੋਂ ਬੋਲੀ ਲਗਾਈ ਜਾਂਦੀ ਹੈ। ਕੀ ਇਹ ਵੀ ਠੀਕ ਹੈ?

**ਜੁਆਬ:** ਇਹ ਵੀ ਸੱਚ ਹੈ।

**ਸੁਆਲ:** ਕੀ ਇਹ ਠੀਕ ਹੈ ਕਿ ਪੁਲਿਸ ਦੀ ਕਾਰਗੁਜ਼ਾਰੀ ਵਿੱਚ ਸਿਆਸੀ ਦਖ਼ਲ ਅੰਦਾਜ਼ੀ ਵੀ ਜ਼ੁਰਮ ਨੂੰ ਹੱਲਾਸ਼ੇਰੀ ਮਿਲਣ ਦਾ ਇੱਕ ਕਾਰਨ ਬਣਦਾ ਹੈ?

**ਜੁਆਬ:** ਇਹ ਠੀਕ ਹੈ। ਸਿਆਸੀ ਦਖ਼ਲ ਅੰਦਾਜ਼ੀ ਜ਼ੁਰਮ ਦੀ ਪਿੱਠ ਥਾਪੜਦੀ ਹੈ ਅਤੇ ਜ਼ੁਰਮ ਦੇ ਵੱਧਣ-ਫੁੱਲਣ ਦਾ ਕਾਰਨ ਵੀ ਬਣਦੀ ਹੈ। ਕਾਂਗਰਸ ਸਰਕਾਰ ਵੇਲੇ ਇਹ ਦਖ਼ਲ ਅੰਦਾਜ਼ੀ ਘੱਟ ਸੀ ਜਦੋਂ ਕਿ ਅਕਾਲੀ ਸਰਕਾਰ ਵੇਲੇ ਜ਼ਿਆਦਾ ਹੁੰਦੀ ਹੈ।

**ਸੁਆਲ:** ਅਸੀਂ ਅਕਸਰ ਟੀ.ਵੀ 'ਤੇ ਦੂਸਰੇ ਮੁਲਕਾਂ ਦੀ ਪੁਲਿਸ ਦਾ ਕਿਰਦਾਰ ਵੇਖਦੇ ਹਾਂ, ਤਾਂ ਆਪਣੇ ਦੇਸ਼ ਦੀ ਪੁਲਿਸ ਨਾਲ ਘਿਰਣਾ ਹੁੰਦੀ ਹੈ। ਕੀ ਤੁਸੀਂ ਪੁਲਿਸ, ਖ਼ਾਸ ਕਰਕੇ ਪੰਜਾਬ ਪੁਲਿਸ ਦੇ ਰਵਈਏ ਵਿੱਚ ਕੋਈ ਪ੍ਰੀਵਰਤਨ ਹੋਣ ਦੀ ਕੋਈ ਆਸ ਰੱਖਦੇ ਹੋ?

**ਜੁਆਬ:** ਸਾਡੀ ਪੁਲਿਸ ਭੁੱਖੀ ਹੈ। ਪੁਲਿਸ ਨੂੰ ਸੱਚ ਝੂਠ ਦਾ ਪਤਾ ਹੁੰਦਾ ਹੈ। ਇਸ ਦੇ ਬਾਵਜੂਦ ਵੀ ਉਹ ਆਪਣੇ ਢਿੱਡ ਨੂੰ ਪਹਿਲ ਦਿੰਦੇ ਹਨ। ਕਹਾਵਤ ਹੈ **"ਖੂਹ ਵਿੱਚ ਡਿੱਗੀ ਇੱਟ ਸੁੱਕੀ ਨਹੀਂ ਨਿਕਲਦੀ।"** ਇਸੇ ਤਰ੍ਹਾਂ ਇੱਕ ਭਲਾਮਾਨਸ ਥਾਣੇ ਗਿਆ ਸੁੱਕਾ ਨਹੀਂ ਆ ਸਕਦਾ। ਹਾਂ, ਜੇਕਰ ਉਸ ਕੋਲ ਕੋਈ ਸਿਆਸੀ ਜ਼ੋਰ ਹੈ ਜਾਂ ਕੋਈ ਹੋਰ ਤਕੜਾ ਸਾਧਨ ਹੈ ਤਾਂ ਸ਼ਾਇਦ ਸੁੱਕਾ ਨਿਕਲ ਆਵੇ,ਨਹੀਂ ਤਾਂ ਨਾਮੁਮਕਿਨ। ਬਾਹਰਲੇ ਦੇਸ਼ਾਂ ਦੀ ਪੁਲਿਸ ਦਾ ਕੌਮੀ ਕ੍ਰੈਕਟਰ ਹੈ। ਉਹ ਅਸਲੀ ਅਰਥਾਂ ਵਿੱਚ "ਪੁਲਿਸ ਤੁਹਾਡੀ ਸੇਵਾ ਵਿੱਚ" ਦੀ ਗੱਲ ਨਿਭਾ ਰਹੇ ਹਨ। ਮੇਰੀ ਜਾਚੇ ਇੱਥੇ ਤਾਂ ਅਜੇ ਕੋਈ ਆਸਾਰ ਨਹੀਂ ਦਿੱਸਦੇ ਕਿ ਸੁਧਾਰ ਹੋਵੇਗਾ ਜਦੋਂ ਤੱਕ ਉੱਪਰਲੇ ਆਪ ਨਹੀਂ ਸੁਧਰਦੇ।

**ਸੁਆਲ:** ਤੁਸੀਂ ਪੁਲਿਸ ਵਿਭਾਗ ਵਿੱਚ ਕਿਸ ਕਿਸ ਅਹੁਦੇ 'ਤੇ ਰਹੇ ਹੋ?

**ਜੁਆਬ:** ਮੈਂ ਸੰਨ 1975 ਵਿੱਚ ਨਕੋਦਰ ਵਿੱਚ ਛੋਟਾ ਮੁਨਸ਼ੀ,1976-77 ਰੀਜ਼ਰਵ ਫੋਰਸ ਵਿੱਚ, 1978-79 ਡਵੀਯਨ ਨੰ:3 ਜਲੰਧਰ ਅਤੇ ਡਾਇਰੀ ਮੁਨਸ਼ੀ ਦੇ ਨਾਲ ਨਾਲ ਗੁੰਡਾ ਸਟਾਫ਼ ਜਲੰਧਰ ਵਿੱਚ ਰਿਹਾ ਹਾਂ। 1978 ਵਿੱਚ ਡਾਇਰੀ ਮੁਨਸ਼ੀ ਆਦਮਪੁਰ ਰਿਹਾ ਹਾਂ। ਇੱਥੇ ਨਿਯੁਕਤੀ ਸਮੇਂ ਹੀ ਮੇਰਾ ਐਕਸੀਡੈਂਟ ਹੋ ਗਿਆ ਸੀ ਅਤੇ ਮੇਰੀ ਲੱਤ ਟੁੱਟ ਗਈ ਸੀ। ਮਿਤੀ 31-05-2010 ਨੂੰ ਮੈਂ ਇਸ ਵਿਭਾਗ ਵਿੱਚੋਂ ਸੇਵਾ ਮੁਕਤ ਹੋਇਆ ਹਾਂ।

**ਸੁਆਲ:** ਤੁਸੀਂ ਪੁਲਿਸ ਵਿਭਾਗ ਵਿੱਚ ਰਹੇ ਹੋ ਅਤੇ ਇਸ ਦੀ ਕਾਰਗੁਜ਼ਾਰੀ ਨੂੰ ਨੇੜਿਓਂ ਵੇਖਿਆ ਹੈ। ਇਸ ਵਿਭਾਗ ਦੀ ਕੁਰਪਸ਼ਨ ਦਾ ਵੀ ਤੁਸਾਂ ਖ਼ੁਲਾਸਾ ਕੀਤਾ ਹੈ। ਕੀ ਤੁਸੀਂ ਦੱਸੋਗੇ ਕਿ ਪੁਲਿਸ ਦੇ ਮੈਲੇ ਅਕਸ ਦੇ ਬਾਵਜੂਦ ਵੀ ਤੁਸੀਂ ਇਸ ਵਿੱਚ ਕਿਸ ਤਰ੍ਹਾਂ ਵਿਚਰੇ ਹੋ?

**ਜੁਆਬ:** ਜਦੋਂ ਬਾਕੀ ਸਾਰੀਆਂ ਗੱਲਾਂ ਸੱਚੋ-ਸੱਚ ਹੋਈਆਂ ਹਨ ਤਾਂ ਇਸ ਗੱਲ ਨੂੰ ਵੀ ਕਿਉਂ ਲੁਕਾਵਾਂ। ਸੰਨ 1985 ਤੋਂ ਪਹਿਲਾਂ ਤੱਕ ਮੈਂ ਵੀ ਉਸੇ ਗੰਦੇ ਹਮਾਮ ਵਿੱਚ ਖ਼ੂਬ ਲਿੱਬੜਿਆ ਹਾਂ। ਮੈ ਵੀ ਰੱਜ ਕੇ ਕੁਰਪਸ਼ਨ ਕੀਤੀ ਸੀ। ਮੇਰੀ ਹਵਸ ਇੱਥੋਂ ਤੱਕ ਵਧ ਗਈ ਸੀ ਕਿ ਇੱਕ ਵੇਰਾਂ ਪੈਸੇ ਲੈਣ ਦੀ ਖ਼ਾਤਿਰ ਮੈਂ ਅਤੇ ਮੇਰਾ ਇੱਕ ਸਾਥੀ ਸਿਪਾਹੀ ਇੱਕ 'ਰਾਅ ਸਿੱਖ',ਜਿਹੜੇ ਕਿ ਜ਼ਰਾਇਮ ਪੇਸ਼ਾ ਮੰਨੇ ਜਾਂਦੇ ਹਨ ਨੂੰ ਘੇਰ ਕੇ ਥਾਣੇ ਲੈ ਆਏ ਸੀ ਅਤੇ ਉਸ ਅੱਗੇ ਸ਼ਰਤ ਰੱਖੀ ਸੀ ਕਿ ਜੇਕਰ ਉਹ ਅਸਾਡੀ ਹਥੇਲੀ ਗ਼ਰਮ ਕਰ ਦੇਵੇਗਾ ਤਾਂ ਅਸੀਂ ਉਸ ਨੂੰ ਛੱਡ ਦੇਵਾਂਗੇ ਪਰ ਉਸ ਕੋਲ ਪੈਸੇ ਹੀ ਨਹੀਂ ਸਨ ਇਸ ਲਈ ਅਸੀਂ ਉਸ ਨੂੰ ਛੱਡ ਦੇਣ ਦਾ ਫ਼ੈਸਲਾ ਕਰ ਲਿਆ ਸੀ ਪਰ ਸਾਡ S.H.O.ਅੜ੍ਹ ਗਿਆ ਸੀ ਅਤੇ ਉਸ ਨੇ ਉਸ 'ਤੇ ਸ਼ਰਾਬ ਦੀ ਭੱਠੀ ਪਾ ਦਿੱਤੀ ਸੀ। ਇਹ ਮੇਰੀ ਜ਼ਿੰਦਗੀ ਦਾ ਇੱਕ ਪਹਿਲੂ ਹੈ। ਕਹਿੰਦੇ ਹਨ **"ਸੰਗਤ ਦੀ ਰੰਗਤ"** ਹੁੰਦੀ ਹੈ। ਮੇਰੇ ਮਨ ਵਿੱਚ ਇਸ ਸੋਚ ਨੇ ਜਨਮ ਲੈ ਲਿਆ ਸੀ ਆਖ਼ਿਰ ਮੈਂ ਇਹ ਪਾਪ ਜਿਨ੍ਹਾਂ ਲਈ ਕਰਦਾ ਹਾਂ ਉਨ੍ਹਾਂ ਨੇ ਵੀ ਅੰਤ ਸਮੇਂ ਮੇਰੇ ਬੇਲੀ ਨਹੀਂ ਬਣਨਾ ਫਿਰ ਕਿਉਂ ਅਜਿਹਾ ਕਰ ਰਿਹਾ ਹਾਂ? ਮੇਰਾ ਝੁਕਾਓ ਅਧਿਆਤਮਿਕ ਵੱਲ ਝੁਕਣ ਲੱਗ ਪਿਆ ਸੀ ਜਿਸ ਨੇ ਮੇਰਾ ਕਾਇਆ-ਕਲਪ ਕਰ ਕੇ ਰੱਖ ਦਿੱਤਾ ਸੀ। ਪਹਿਲਾ ਹਰਭਜਨ ਸਿੰਘ, ਸਿਪਾਹੀ ਹਰਭਜਨ ਸਿੰਘ ਮਰ ਚੁੱਕਾ ਸੀ ਅਤੇ ਉਸ ਦੀ ਥਾਂ ਇੱਕ ਰਹਿਮ ਦਿਲ ਹਰਭਜਨ ਸਿੰਘ ਨੇ ਜਨਮ ਲੈ ਲਿਆ ਸੀ। ਮੈਂ ਸੋਚਿਆ ਕਰਦਾ ਸਾਂ ਕਿ ਅੱਗੇ ਜਾ ਕੇ ਜ਼ਮਦੂਤਾਂ ਦੇ ਛਿੱਤਰ ਜੁ ਖਾਣੇ ਹਨ ਇੱਥੇ ਹੀ ਆਪਣੇ ਸੀਨੀਅਰਜ਼ ਦੇ ਗ਼ਲਤ ਕੰਮਾਂ ਵਿੱਚ ਸਾਥ ਦੇਣ ਤੋਂ ਇਨਕਾਰੀ ਹੋ ਕੇ ਉਨ੍ਹਾਂ ਤੋਂ ਖਾ ਲੈਣੇ ਸੌ ਦਰਜ਼ੇ ਚੰਗੇ ਹਨ।

**ਸੁਆਲ:** ਕੀ ਤੁਸੀਂ ਸਮਝਦੇ ਹੋ ਕਿ ਤੁਸੀਂ ਪੁਲਿਸ ਮਹਿਕਮੇ ਦੇ ਫਿੱਟ ਨਹੀਂ ਸੀ?

**ਜੁਆਬ:** ਨਹੀਂ, ਇਹ ਗੱਲ ਇਸ ਤਰ੍ਹਾਂ ਨਹੀਂ। ਮੈਂ ਪੁਲਿਸ ਮਹਿਕਮੇ ਦੇ ਫਿੱਟ ਸੀ ਪਰ ਪੁਲਿਸ ਅਫ਼ਸਰ ਮੇਰੇ ਫਿੱਟ ਨਹੀਂ ਸਨ। ਕਿਉਂਕਿ ਮੈਂ ਇਨਸਾਫ਼ ਪਸੰਦ ਸਾਂ, ਜਦੋਂ ਕਿ ਇਹ ਗੱਲ ਉਨ੍ਹਾਂ ਨੂੰ ਹਜ਼ਮ ਨਹੀਂ ਸੀ ਹੁੰਦੀ।

**ਸੁਆਲ:** ਤੁਸੀਂ ਆਪਣੇ ਅਫ਼ਸਰਾਂ ਦੀ ਸੋਚ ਅਨੁਸਾਰ ਨਹੀਂ ਸੀ ਚੱਲਦੇ ਅਤੇ ਆਪਣੀ ਆਤਮਾ ਦੀ ਆਵਾਜ਼ ਅਨੁਸਾਰ ਕਰਦੇ ਸੀ। ਕੀ ਅਜਿਹਾ ਕਰਨਾ ਤੁਹਾਡੇ ਵਾਸਤੇ ਮੁਸ਼ਕਲਾਂ ਨਹੀਂ ਸੀ ਖੜੀਆਂ ਕਰਦਾ?

**ਜੁਆਬ:** ਦਰਿਆ ਵਿੱਚ ਰਹਿ ਕੇ ਮਗਰਮੱਛ ਨਾਲ ਵੈਰ ਕਮਾਉਣਾ ਕੋਈ ਸੌਖੀ ਗੱਲ ਨਹੀਂ ਹੁੰਦੀ। ਇਸ ਦਾ ਮੈਨੂੰ ਮੁੱਲ ਵੀ ਤਾਰਨਾ ਪਿਆ ਸੀ। ਉਨ੍ਹੀਂ ਦਿਨੀਂ ਅਤਵਾਦ ਦਾ ਜ਼ੋਰ ਸੀ। ਸ਼ਾਇਦ ਤੁਹਾਨੂੰ ਯਾਦ ਹੋਵੇਗਾ ਇੱਕੋਵਾਰੀ ਹੀ 40 ਜਾਂ ਸ਼ਾਇਦ 41 ਰੇਲਵੇ ਸਟੇਸ਼ਨਾਂ ਨੂੰ ਅੱਗ ਲਾਈ ਗਈ ਸੀ। ਸ਼ੱਕ ਦੇ ਆਧਾਰ 'ਤੇ ਇਲਾਕੇ ਦੇ ਕੁਝ ਮੁੰਡਿਆਂ ਨੂੰ ਫੜ੍ਹ ਕੇ ਥਾਣੇ ਲਿਆਂਦਾ ਗਿਆ। ਮੈਨੂੰ ਪਤਾ ਸੀ ਕਿ ਹੁਣ ਇਨ੍ਹਾਂ ਦੀ ਛਿੱਤਰ ਪ੍ਰੇਡ ਕੀਤੀ ਜਾਵੇਗੀ। ਮੇਰਾ ਮਨ ਇਸ ਗੱਲ ਦੇ ਹੱਕ ਵਿੱਚ ਨਹੀਂ ਸੀ। ਮੈਂ ਅਤੇ ਮੇਰਾ ਇੱਕ ਹੋਰ ਸਾਥੀ ਥਾਣੇ ਦੀ ਛੱਤ 'ਤੇ ਜਾ ਕੇ ਲੰਮੇ ਪੈ ਗਏ ਸਾਂ। ਛਿੱਤਰ ਪ੍ਰੇਡ ਸ਼ੁਰੂ ਹੋ ਗਈ। ਜਦੋਂ ਚਮੜੇ ਦਾ ਪਟਾ ਕਿਸੇ ਦੇ ਚਿੱਤੜਾਂ 'ਤੇ ਵੱਜਦਾ ਤਾਂ ਉਹ ਜ਼ੋਰ ਦੀ ਚੰਘਿਆੜਾਂ ਮਾਰਦਾ। ਮੇਰੇ ਨਾਲ ਉੱਪਰ ਲੇਟਿਆ ਹੋਇਆ ਆਪਣਾ ਸਿਰ ਉੱਪਰ ਚੁੱਕ ਕੇ ਵੇਖਦਾ। ਸਾਡੇ S.H.O ਦੀ ਨਜ਼ਰ ਅਚਾਨਕ ਉਸ ਉੱਤੇ ਪੈ ਗਈ। ਥਾਣੇਦਾਰ ਨੇ ਉਸ ਨੂੰ ਹੇਠਾਂ ਬੁਲਾ ਲਿਆ ਅਤੇ ਪੁੱਛਿਆ ਕਿ ਹੋਰ ਵੀ ਕੋਈ ਉੱਤੇ ਹੈ? ਤਾਂ ਉਸ ਨੇ ਮੇਰਾ ਨਾਂ ਲੈ ਦਿੱਤਾ। ਮੈਂ ਵੀ

ਹੇਠਾਂ ਆ ਗਿਆ ਸਾਂ। ਜਦੋਂ ਸਾਨੂੰ ਵੀ ਉਨ੍ਹਾਂ ਸ਼ੱਕੀ ਅਤਵਾਦੀਆਂ ਨੂੰ ਛਿੱਤਰ ਮਾਰਨ ਲਈ ਕਿਹਾ ਗਿਆ ਤਾਂ ਮੈਂ ਇਹ ਕਹਿੰਦਿਆਂ ਹੋਇਆਂ ਸਾਫ਼ ਇਨਕਾਰ ਕਰ ਦਿਤਾ ਸੀ,"ਇਨ੍ਹਾਂ ਨੂੰ ਮਾਰਨਾ ਤਾਂ ਕਿੱਧਰੇ ਨਹੀਂ ਲਿਖਿਆ? ਇਨ੍ਹਾਂ 'ਤੇ ਕੇਸ ਬਣਾ ਕੇ ਅਦਾਲਤ ਵਿੱਚ ਪੇਸ਼ ਕਰਨਾ ਚਾਹੀਦਾ ਹੈ। ਜੇਕਰ ਇਹ ਦੋਸ਼ੀ ਹੋਣਗੇ ਤਾਂ ਅਦਾਲਤ ਇਨ੍ਹਾਂ ਨੂੰ ਆਪੇ ਸਜ਼ਾ ਦੇ ਦੇਵੇਗੀ।" ਫਿਰ ਉਨ੍ਹਾਂ ਨੂੰ ਕਿਸੇ ਨੇ ਵੀ ਛਿੱਤਰ ਨਹੀਂ ਸਨ ਮਾਰੇ ਪਰ ਮੇਰੇ 'ਤੇ ਅਤਿਵਾਦੀ ਗਤੀਵਿਧੀਆਂ ਵਿੱਚ ਹਿੱਸਾ ਲੈਣ ਦਾ ਇਲਜ਼ਾਮ ਲਾ ਕੇ ਮੈਨੂੰ ਸੰਨ 1987 ਵਿੱਚ ਮਹਿਕਮੇ 'ਚੋਂ ਡਿਸਮਿਸ ਕਰ ਦਿਤਾ ਗਿਆ ਸੀ। ਮੈਂ ਲੱਗਭਗ 19 ਸਾਲ ਡਿਸਮਿਸ ਰਿਹਾ ਸਾਂ ਅਤੇ ਆਖ਼ਿਰ ਸੁਪਰੀਮ ਕੋਰਟ ਵਿੱਚੋਂ ਬਹਾਲ ਹੋ ਕੇ ਸੰਨ 2006 ਵਿੱਚ ਮੁੜ ਆਪਣੀ ਡਿਊਟੀ 'ਤੇ ਹਾਜ਼ਰ ਹੋਇਆ ਸਾਂ।

**ਸੁਆਲ:** ਤੁਹਾਡੀ ਪੁਲਿਸ ਵਿਭਾਗ ਵਿੱਚ ਗੁਜ਼ਾਰੀ ਹੋਈ ਜ਼ਿੰਦਗੀ ਬਾਰੇ ਤਾਂ ਬਹੁਤ ਚਰਚਾ ਕਰ ਲਿਆ ਹੈ। ਇੱਕ ਸੁਆਲ ਜਿਹੜਾ ਮੇਰੇ ਜ਼ਿਹਨ ਵਿੱਚ ਵਾਰ ਵਾਰ ਉੱਠਦਾ ਹੈ ਕਿ ਪੁਲਿਸ ਵਿਭਾਗ ਵਿੱਚ ਰਹਿੰਦੇ ਹੋਏ ਤੁਹਾਡਾ ਝੁਕਾਓ ਅਧਿਆਤਮਿਕ ਵਾਲੇ ਪਾਸੇ ਕਿਵੇਂ ਝੁਕ ਗਿਆ ਜਦੋਂ ਕਿ ਇਹ ਦੋਵੇਂ ਹੀ ਇੱਕ ਦੂਸਰੇ ਦੇ ਵਿਰੋਧੀ ਪਹਿਲੂ ਹਨ?

**ਜੁਆਬ:**ਸਰਦਾਰ ਜੀ, ਜਦੋਂ ਕੁਦਰਤ ਨੇ ਕੋਈ ਪਾਸਾ ਪਰਤਣਾ ਹੁੰਦਾ ਹੈ ਤਾਂ ਉਹ ਤੁਹਾਡੀ ਸੰਗਤ ਕਿਸੇ ਧਰਮੀ ਆਦਮੀ ਨਾਲ ਕਰਵਾ ਦਿੰਦੀ ਹੈ। ਮੇਰਾ ਮੇਲ ਸ. ਕਰਤਾਰ ਸਿੰਘ ਜੀ ਗੋਇੰਦਵਾਲ ਵਾਲਿਆਂ ਦੇ ਸੇਵਕ ਸਤਨਾਮ ਸਿੰਘ ਜੀ ਨਾਲ ਹੋਇਆ। ਉਹ ਧਾਰਮਿਕ ਬਿਰਤੀ ਦੇ ਮਾਲਕ ਸਨ। ਉਨ੍ਹਾਂ ਦੀ ਸੰਗਤ ਵਿੱਚ ਆਉਣ 'ਤੇ ਮੇਰੇ ਅੰਦਰ ਗਿਆਨ ਪ੍ਰਾਪਤੀ ਦੀ ਜਗਿਆਸਾ ਜਾਗੀ ਸੀ। ਉਹ ਗੱਲਾਂ ਕਰਦਿਆਂ ਹੋਇਆਂ ਕਿਹਾ ਕਰਦੇ ਸਨ ਕਿ ਅਸੀਂ ਜਿਨ੍ਹਾਂ ਵਾਸਤੇ ਇਹ ਪਾਪ ਕਮਾਉਂਦੇ ਫਿਰਦੇ ਹਾਂ ਉਨ੍ਹਾਂ ਨੇ ਵੀ ਸਾਨੂੰ ਜਮਾਂ ਦੀ ਫਾਹੀ ਤੋਂ ਨਹੀਂ ਬਚਾਉਣਾ। ਇਸ ਤਰ੍ਹਾਂ ਮੇਰੇ ਅੰਦਰ ਪ੍ਰਭੂ ਨੂੰ ਪਾਉਣ ਦੀ ਤਲਬ ਜਾਗ ਪਈ ਸੀ। ਮੈਂ ਸੁਣਿਆ ਹੋਇਆ ਸੀ ਕਿ ਸ਼੍ਰੀ ਆਸ਼ੂ ਤੋਸ਼ ਜੀ ਮਹਾਰਾਜ ਇਸ ਗੱਲ ਦੇ ਸਮਰੱਥ ਹਨ ਅਤੇ ਉਹ ਪ੍ਰਭੂ ਦੇ ਪ੍ਰਤੱਖ ਦਰਸ਼ਨ ਕਰਵਾ ਦਿੰਦੇ ਹਨ।ਤਰਨ ਤਾਰਨ ਸ਼ਹਿਰ ਦੇ ਸ. ਬਲਦੇਵ ਸਿੰਘ ਜੀ ਖ਼ਾਲਸਾ ਉਨ੍ਹਾਂ ਦੇ ਸੇਵਕ ਹਨ।ਮੈਂ ਉਨ੍ਹਾਂ ਨਾਲ ਹੀ ਗਿਆਨ ਪ੍ਰਾਪਤੀ ਵਾਸਤੇ ਉਨ੍ਹਾਂ ਦੇ ਦਰਬਾਰ ਵਿੱਚ ਪਹੁੰਚ ਗਿਆ ਸੀ ਅਤੇ ਉੱਥੋਂ ਹੀ ਮੇਰੇ ਮਨ ਦੀ ਮੁਰਾਦ ਪੂਰੀ ਹੋਈ ਹੈ। ਮੈਂ ਸੰਨ 2003 ਵਿੱਚ ਉਨ੍ਹਾਂ ਤੋਂ ਹੀ ਗਿਆਨ ਲਿਆ ਹੈ।

**ਸੁਆਲ:** ਕੀ ਤੁਸੀਂ ਆਪਣੇ ਪੁਲਿਸ ਜੀਵਨ ਦੀ ਕੋਈ ਯਾਦਗਾਰੀ ਘਟਨਾ ਸਾਂਝੀ ਕਰਨਾ ਚਾਹੋਗੇ?

**ਜੁਆਬ:** ਮੈਂ ਤੁਹਾਨੂੰ ਦੱਸਿਆ ਸੀ ਕਿ ਜਦੋਂ ਇਨਸਾਨ ਦੀ ਸੋਚ ਵਿੱਚ ਪ੍ਰੀਵਰਤਨ ਆਉਂਦਾ ਹੈ ਤਾਂ ਉਸ ਦਾ ਸਭ ਕੁਝ ਹੀ ਪ੍ਰੀਵਰਤਤ ਹੋ ਜਾਂਦਾ ਹੈ। ਉਸ ਨੂੰ ਕੋਈ ਵੀ ਆਪਣਾ ਦੁਸ਼ਮਣ ਨਹੀਂ ਭਾਸਦਾ। ਉਹ ਦਾ ਜੀਅ ਨਹੀਂ ਕਰਦਾ ਕਿ ਉਹ ਬੇਕਸੂਰ 'ਤੇ ਜ਼ੁਲਮ ਕਰੇ। ਉਸ ਅੰਦਰ ਤ੍ਰਿਪਤੀ ਦਾ ਵਾਸਾ ਹੋ ਜਾਂਦਾ ਹੈ ਅਤੇ ਪਦਾਰਥਵਾਦੀ ਤ੍ਰਿਸ਼ਨਾ ਮਿੱਟ ਜਾਂਦੀ ਹੈ। ਮੈਂ ਤਾਂ ਇਹ ਕਹਿਣ ਤੋਂ ਵੀ ਗ਼ੁਰੇਜ ਨਹੀਂ ਕਰਾਂਗਾ ਕਿ ਉਸ ਨੂੰ ਸਭਨਾਂ ਵਿੱਚ ਰੱਬ ਦਾ ਨੂਰ ਜਾਪਣ ਲੱਗਦਾ ਹੈ। 'ਨਾ ਕੋ ਬੈਰੀ ਨਾਹਿ ਬੇਗਾਨਾ ਸਗਲ ਸੰਗ ਹਮ ਕੋ ਬਨ ਆਈ' ਵਰਗੀ ਦਸ਼ਾ ਹੋ ਜਾਂਦੀ ਹੈ। ਇੱਕ ਦਿਨ ਸਾਡੇ S.H.O ਸਾਹਿਬ ਨੇ ਸਾਨੂੰ ਬੁਲਾ ਕੇ ਕਿਹਾ ਕਿ ਇਸ ਮਹੀਨੇ ਡੋਡਿਆਂ (ਪੋਸਤ/ਭੁੱਕੀ) ਦੇ ਕੇਸ ਘੱਟ ਹਨ। ਜਾਓ ਅਤੇ ਅਮਲੀਆਂ ਨੂੰ ਫੜ੍ਹ ਕੇ ਲਿਆਵੋ। ਮੈਂ ਸਮਝਦਾ ਸੀ ਕਿ ਇਹ ਤਾਂ ਸਰਾਸਰ ਬੇਇਨਸਾਫ਼ੀ ਹੈ। ਮੈਂ ਨਹੀਂ ਗਿਆ ਪਰ ਦੂਸਰੇ ਸਿਪਾਹੀ ਗਏ ਅਤੇ ਅਮਲੀਆਂ ਨੂੰ ਘੇਰ ਕੇ ਥਾਣੇ ਲੈ ਆਏ।ਉਨ੍ਹਾਂ 'ਤੇ ਕੇਸ ਬਣਾ ਦਿੱਤੇ ਗਏ ਅਤੇ ਉਸ ਵਿੱਚ ਮੇਰੀ ਵੀ ਗਵਾਹੀ ਰੱਖ ਲਈ। ਮੈਨੂੰ ਦਸਤਖ਼ਤ ਕਰਨ ਲਈ ਕਿਹਾ ਗਿਆ ਪਰ ਮੈਂ ਦਸਤਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ। ਮੈਨੂੰ ਪਤਾ ਹੀ ਨਾ ਲੱਗਿਆ ਕਿਸੇ ਨੇ ਮੇਰੇ ਦਸਤਖ਼ਤ ਆਪੇ ਹੀ ਕਰ ਦਿੱਤੇ ਸਨ। ਕੋਰਟ ਵਿੱਚੋਂ ਸੰਮਨ ਆ ਗਏ। ਮੈਂ ਹੈਰਾਨ ਸੀ ਪਰ ਅਦਾਲਤ ਵਿੱਚ ਤਾਂ ਪੇਸ਼ ਹੋਣਾ ਹੀ ਪੈਣਾ ਸੀ। ਜਦੋਂ ਸਰਕਾਰੀ ਵਕੀਲ ਨੇ ਮੈਨੂੰ ਪੁੱਛਿਆ ਕਿ ਜਦੋਂ ਤੁਸੀਂ ਇਸ ਮੁਲਜ਼ਮ ਨੂੰ ਗ੍ਰਿਫਤਾਰ ਕੀਤਾ ਸੀ ਤਾਂ ਇਹ ਕਿਹੜੇ ਪਾਸੇ ਵੱਲੋਂ ਆ ਰਿਹਾ ਸੀ? ਮੈਂ ਸਾਫ਼ ਸਾਫ਼ ਕਹਿ ਦਿੱਤਾ ਕਿ ਮੈਂ ਤਾਂ ਰੇਡਿੰਗ ਪਾਰਟੀ ਨਾਲ ਗਿਆ ਹੀ ਨਹੀਂ ਸੀ,ਫਿਰ ਮੈਂ ਕਿੱਦਾਂ ਦੱਸ ਸਕਦਾ ਹਾਂ ਕਿ ਇਹ ਕਿਹੜੇ ਪਾਸਿਓ ਆ ਰਿਹਾ ਸੀ?। ਮੇਰੇ ਸੱਚ ਬੋਲਣ ਨਾਲ ਉਹ ਵਿਚਾਰਾ ਬੇਕਸੂਰ ਸਜ਼ਾ ਤੋਂ ਬਚ ਗਿਆ ਸੀ। ਇਸ ਪਿੱਛੋਂ ਮੈਨੂੰ ਜੋ ਆਨੰਦ ਮਿਲਿਆ ਸੀ ਉਸ ਦਾ ਮੈਂ ਜ਼ਿਕਰ ਨਹੀਂ ਕਰ ਸਕਦਾ। ਮੈਨੂੰ ਅੰਦਰ ਦਾ ਜੋ ਸਕੂਨ ਮਿਲਿਆ ਸੀ ਉਹ ਮੇਰੇ ਵਾਸਤੇ ਰੱਬੀ ਨਿਹਮਤ ਸੀ।

**ਸੁਆਲ:** ਕੀ ਤੁਹਾਡੇ ਮਨ ਵਿੱਚ ਕੋਈ ਅਜਿਹੇ ਸੁਝਾਓ ਹਨ ਜੋ ਤੁਸੀਂ ਪੁਲਿਸ ਵਿਭਾਗ ਦੇ ਦਿਨੋਂ ਦਿਨ ਵਿਗੜ ਰਹੇ ਅਕਸ ਨੂੰ ਸੁਧਾਰਨ ਵਾਸਤੇ ਦੇਣਾ ਚਾਹੋਗੇ?

**ਜੁਆਬ:** ਪੁਲਿਸ ਅਫ਼ਸਰ ਆਤਮਿਕ ਗਿਆਨੀ ਹੋਣਾ ਚਾਹੀਦਾ ਹੈ। ਬਾਕੀ ਬੀਜ਼ ਜ਼ਮੀਨ 'ਚੋਂ ਪੁੰਗਰ ਕੇ ਉਤਾਂਹ ਵੱਲ ਨੂੰ ਵੱਧਦੇ ਹਨ ਜਦੋਂ ਕਿ ਕੁਰਪਸ਼ਨ ਦਾ ਬੀਜ਼ ਉੱਪਰੋਂ ਹੇਠਾਂ ਵੱਲ ਨੂੰ ਵੱਧਦਾ ਹੈ। ਜੇਕਰ ਉੱਪਰਲੇ ਅਫ਼ਸਰ ਇਸ ਗੱਲ ਦਾ ਨਿਸਚਾ ਕਰ ਲੈਣਗੇ ਕਿ ਅਸੀਂ ਹੱਕ ਹਲਾਲ਼ ਦੀ ਹੀ ਖਾਣੀ ਹੈ ਤਾਂ ਕੁਰਪਸ਼ਨ ਦਾ ਰੁੱਖ ਆਪਣੇ ਆਪ ਸੁੱਕਣਾ ਸ਼ੁਰੂ ਹੋ ਜਾਵੇਗਾ।

ਸ. ਹਰਭਜਨ ਸਿੰਘ ਨਾਲ ਹੋਇਆ ਚਰਚਾ ਖ਼ਾਸਾ ਤਰਕ ਭਰਪੂਰ ਸੀ। ਜੇਕਰ ਉਸ ਦੀ ਸੋਚ ਅਨੁਸਾਰ ਇਹ ਵਿਭਾਗ ਚੱਲਣ ਦਾ ਨਿਸਚਾ ਕਰ ਲਵੇ ਤਾਂ ਇਹ ਕੋਈ ਅਸੰਭਵ ਗੱਲ ਨਹੀਂ ਕਿ ਸਤਯੁੱਗ ਦਾ ਆਰੰਭ ਹੋ ਜਾਵੇਗਾ। ਰੱਬ ਕਰੇ ਅਜਿਹਾ ਹੀ ਹੋਵੇ।

ਆਮੀਨ!

***

ਇੱਕ ਦੁਕਾਨਦਾਰ :

## ਸੱਚ ਤੇ ਪਹਿਰਾ ਦੇਣ ਦਾ ਚਾਹਵਾਨ



**ਸ੍ਰ. ਹਰਦੇਵ ਸਿੰਘ ਗਾਂਧੀ**

ਮੈਂ ਰੋਜ ਹੀ ਉਸ ਦੀ ਦੁਕਾਨ ਅੱਗੋਂ ਦੀ ਲੰਘਦਾ ਹੁੰਦਾ ਸਾਂ ਪਰ ਕਦੇ ਸੋਚਿਆ ਵੀ ਨਹੀਂ ਸੀ ਕਿ ਜਿੰਦਗੀ ਦੀ ਇਸ ਜੀਵਨ ਧਾਰਾ ਵਿੱਚ ਕਦੇ ਉਹ ਵੀ ਆਣ ਮਿਲੇਗਾ। ਮੈਂ ਪਾਕਿਸਤਾਨ ਜਾਣ ਦਾ ਚਾਹਵਾਨ ਸਾਂ। ਪਹਿਲਾਂ ਤਾਂ ਨੌਕਰੀ ਦੀ ਬੰਦਸ਼ ਮੇਰੇ ਪੈਰਾਂ ਦੀ ਬੇੜੀ ਬਣੀ ਰਹੀ ਫਿਰ ਇਹ ਮੁਸ਼ਕਿਲ ਸੀ ਕਿ ਜਾਣ ਦਾ ਕੀ ਜ਼ਰ੍ਹੀਆ ਲੱਭਿਆ ਜਾਵੇ। ਪਾਕਿਸਤਾਨ ਵਿੱਚ ਕੋਈ ਮੇਰੇ ਜਾਨਣ ਵਾਲਾ ਨਹੀਂ ਸੀ ਜੋ ਉੱਧਰ ਜਾਣ ਤੇ ਬਾਂਹ ਫੜ੍ਹੇ। ਪਾਸ ਪੋਰਟ ਭੇਜ ਕੇ ਵੀਜ਼ਾ ਲਗਵਾਉਣਾ ਵੀ ਮੁਸ਼ਕਿਲ ਜਾਪਦਾ ਸੀ। ਸੱਚ ਤਾਂ ਇਹ ਹੈ ਜਿਸ ਰਸਤੇ ਤੋਂ ਪਹਿਲਾਂ ਲੰਘੇ ਨਾ ਹੋਈਏ ਡਰ ਲੱਗਣਾ ਸੁਭਾਵਿਕ ਗੱਲ ਹੈ। ਇਸੇ ਉਧੇੜ-ਬੁਣਨ ਵਿੱਚ ਸਾਂ ਕਿ ਕਿਸੇ ਨੇ ਮੈਨੂੰ ਕਿਹਾ ਕਿ ਮੈਂ ਹਰਦੇਵ ਸਿੰਘ ਗਾਂਧੀ, ਕਰਿਆਨੇ ਵਾਲਾ ਨਾਲ ਰਾਫਤਾ ਕਾਇਮ ਕਿਉਂ ਨਹੀਂ ਕਰਦਾ। ਉਹ ਪਾਕਿਸਤਾਨ ਪਹਿਲਾਂ ਵੀ ਕਈ ਵਾਰ ਜਾ ਆਇਆ ਹੈ ਅਤੇ ਇਸ ਵਿਸਾਖੀ ਤੇ ਪਾਕਿਸਤਾਨ ਜਾਣ ਵਾਲੇ ਜਥੇ ਵਿੱਚ ਉਸ ਨੇ ਫਿਰ ਜਾਣਾ ਹੈ। ਇਹ ਗੱਲ ਸੰਨ 2005 ਦੀ ਹੈ। ਉਹ ਦੋਸਤ ਮੈਨੂੰ ਹਰਦੇਵ ਸਿੰਘ ਦੀ ਦੁਕਾਨ ਤੇ ਲੈ ਗਿਆ ਅਤੇ ਮੇਰੀ ਜਾਣ ਪਹਿਚਾਣ ਉਸ ਨਾਲ ਕਰਵਾਈ। ਉਸ ਦੀ ਗੱਲ ਵਿੱਚੋਂ ਹੀ ਟੋਕ ਕੇ ਉਹ ਬੋਲਿਆ, "ਇਹ ਸਰਦਾਰ ਹੋਰੀਂ ਬੇਸ਼ਕ ਮੈਨੂੰ ਨਾ ਜਾਣਦੇ ਹੋਣ ਪਰ ਮੈਂ ਇਨ੍ਹਾਂ ਨੂੰ ਜਾਣਦਾ ਹਾਂ।" ਇਹ ਅਸਾਡੀ ਪਹਿਲੀ ਮੁਲਾਕਾਤ ਸੀ। ਦਰਬਾਰ ਸਾਹਿਬ ਜਾਂਦਿਆਂ ਹੋਇਆਂ ਰੋਜ ਹੀ ਮੁਲਾਕਤ ਹੁੰਦੀ ਰਹੀ ਅਤੇ ਅਸੀਂ ਪਾਕਿਸਤਾਨ ਜਾਣ ਦੀਆਂ ਸੋਚਾਂ ਵਿਚਾਰਾਂ ਕਰਦੇ ਰਹੇ।

ਸਿਆਣੇ ਆਖਦੇ ਹਨ, **"ਰਾਹ ਪਿਆ ਜਾਣੀਏ ਜਾਂ ਵਾਹ ਪਿਆ ਜਾਣੀਏ।"** ਗੱਲ ਠੀਕ ਵੀ ਹੈ। ਮੈਂ ਹਰਦੇਵ ਸਿੰਘ ਨਾਲ ਪਾਕਿਸਤਾਨ ਜਾਣ ਤੋਂ ਲੈ ਕੇ ਵਾਪਸੀ ਤੱਕ ਤਿੰਨ ਵਾਰ ਵਿਚਰਿਆ ਸਾਂ। ਉਸ ਨੂੰ ਨੇੜਿਓ ਹੋ ਕੇ ਵੇਖਣ ਦਾ ਮੌਕਾ ਮਿਲਿਆ ਸੀ। ਉਸ ਦੀ ਬੋਲ ਬਾਣੀ, ਸੋਚ ਅਤੇ ਦੂਸਰੇ ਵਾਸਤੇ ਕੁਝ ਕਰਨ ਦੀ ਭਾਵਨਾਂ ਨੂੰ ਸਮਝਣ ਦਾ ਮੌਕਾ ਵੀ ਮਿਲਿਆ ਸੀ। ਹੁਣ ਇਹ ਜਾਣ ਪਹਿਚਾਣ ਦੋਸਤੀ ਵਿੱਚ ਵਟ ਚੁੱਕੀ ਹੈ। ਮੈਂ ਉਸ ਨਾਲ ਹੁਣ ਤੱਕ ਤਿੰਨ ਵਾਰ (ਸੰਨ 2005,2006ਅਤੇ 2007 ਵਿੱਚ)ਪਾਕਿਸਤਾਨ ਜਾ ਆਇਆ ਹਾਂ। ਕਿਉਂਕਿ ਮੈਨੂੰ ਲਿਖਣ ਦਾ ਝੱਸ ਹੈ,ਕੁਝ ਨਾ ਕੁਝ ਲਿਖਦਾ ਹੀ ਰਹਿੰਦਾ ਹਾਂ। ਹੱਥਲੀ ਕਿਤਾਬ ਲਿਖਣ ਵਾਸਤੇ ਮੈਨੂੰ ਜੀਵਨ ਦੇ ਵੱਖ ਵੱਖ ਖ਼ੇਤਰਾਂ ਵਿੱਚੋਂ ਵੱਖ ਵੱਖ ਕਿੱਤਿਆਂ ਨਾਲ ਸੰਬੰਧਤ ਵਿਅਕਤੀਆਂ ਦੇ ਇੰਟਰਵਿਊ ਲੈਣੇ ਸਨ। ਉਨ੍ਹਾਂ ਵਿੱਚ ਇੱਕ ਦੁਕਾਨਦਾਰ ਦਾ ਵੀ ਇੰਟਰਵਿਊ ਲੈਣਾ ਸੀ। ਮੇਰੀ ਨਜ਼ਰ ਸ: ਹਰਦੇਵ ਸਿੰਘ ਗਾਂਧੀ ਤੇ ਜਾ ਕੇ ਰੁਕ ਗਈ ਸੀ ਅਤੇ ਮਨ ਨੇ ਫੈਸਲਾ ਕੀਤਾ ਕਿ ਇਸ ਇਨਸਾਨ ਦੀ ਇੰਟਰਵਿਊ ਲਈ ਜਾਵੇ ਅਤੇ ਇਸ ਦੇ ਅੰਦਰੇ ਮਨੁੱਖ ਤੋਂ ਦੁਕਾਨਦਾਰਾਂ ਦੇ ਕਿਰਦਾਰਾਂ ਦੀ ਗੱਲ ਪੁੱਛੀ ਜਾਵੇ। ਸਮਾਂ ਅਤੇ ਅਸਥਾਨ ਮਿੱਥ ਲਿਆ ਗਿਆ ਅਤੇ ਸ਼ੁਰੂ ਹੋ ਗਿਆ ਸੁਆਲਾਂ-ਜਵਾਬਾਂ ਦਾ ਸਿਲਸਿਲਾ, ਜਿਸ ਦੀ ਇੱਕ ਝਲਕ ਪਾਠਕਾਂ ਵਾਸਤੇ ਪੇਸ਼ ਹੈ।

**ਸੁਆਲ:** ਨਾਮ ਤਾਂ ਮੈਂ ਤੁਹਾਡਾ ਪਹਿਲਾਂ ਹੀ ਜਾਣਦਾ ਹਾਂ ਫਿਰ ਵੀ ਪਾਠਕਾਂ ਦੀ ਜਾਣਕਾਰੀ ਲਈ ਕੀ ਤੁਸੀਂ ਆਪਣਾ ਨਾਂ ਅਤੇ ਪ੍ਰੀਵਾਰਕ ਵੇਰਵਾ ਦੱਸੋਗੇ?

**ਜਵਾਬ:** ਮੇਰਾ ਨਾਮ ਹਰਦੇਵ ਸਿੰਘ ਗਾਂਧੀ ਹੈ। ਗਾਂਧੀ ਮੇਰੀ ਗੋਤ ਹੈ। ਮੇਰਾ ਜਨਮ 8 ਸਤੰਬਰ, 1952 ਨੂੰ ਪਿੰਡ ਨੌਸ਼ਹਿਰਾ ਢਾਲਾ (ਪਹਿਲਾਂ ਇਹ ਪਿੰਡ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਪੈਂਦਾ ਸੀ ਹੁਣ ਨਵੀਂ ਜ਼ਿਲ੍ਹਾ ਵੰਡ ਹੋਣ ਤੇ ਜ਼ਿਲ੍ਹਾ ਤਰਨ ਤਾਰਨ ਵਿੱਚ ਪੈਂਦਾ ਹੈ) ਵਿੱਚ ਸ੍ਰ: ਤੇਜਾ ਸਿੰਘ ਜੀ ਦੇ ਘਰ ਮਾਤਾ ਕਿਰਪਾਲ ਕੌਰ ਦੀ ਕੁੱਖੋਂ ਹੋਇਆ। ਅਸੀਂ ਛੇ ਭਰਾ ਹਾਂ। ਚਾਰ ਭਰਾ ਮੇਰੇ ਤੋਂ ਵੱਡੇ ਹਨ ਅਤੇ ਕਰਮਵਾਰ ਉਹ ਕਪੜੇ ਦੀ ਡੱਗੀ

ਲਾਉਣ ਦਾ ਕੰਮ,ਦਰਜੀ, ਬੀ.ਐਸ.ਐਫ ਦੀ ਨੌਕਰੀ ਅਤੇ ਇੱਕ ਫੌਜ ਵਿੱਚ ਨੌਕਰੀ ਕਰਦਾ ਹੈ। ਇੱਕ ਮੇਰੇ ਤੋਂ ਛੋਟਾ ਹੈ ਜਿਹੜਾ ਕਰਿਆਨੇ ਦੀ ਦੁਕਾਨ ਕਰਦਾ ਹੈ। ਮੇਰੀਆਂ ਚਾਰ ਭੈਣਾਂ ਹਨ। ਇਹ ਹੈ ਸਾਡਾ ਪ੍ਰੀਵਾਰਕ ਤਾਣਾਬਾਣਾ।

**ਸੁਆਲ:** ਕੀ ਤੁਸੀਂ ਆਪਣੀ ਵਿੱਦਿਆ ਪ੍ਰਾਪਤੀ ਬਾਰੇ ਵੀ ਕੁਝ ਦੱਸੋਗੇ, ਕਿ ਤੁਸੀਂ ਕਿੱਥੋਂ ਕਿੱਥੋਂ ਅਤੇ ਕਿਹੜੀ ਕਿਹੜੀ ਵਿੱਦਿਆ ਪ੍ਰਾਪਤ ਕੀਤੀ ਹੈ?

**ਜਵਾਬ:** ਅੱਠਵੀਂ ਜਮਾਤ ਤੱਕ ਦੀ ਪੜ੍ਹਾਈ ਮੈਂ ਆਪਣੇ ਪਿੰਡ ਦੇ 'ਬਾਬਾ ਜੱਲ੍ਹਣ ਖਾਲਸਾ ਹਾਈ ਸਕੂਲ,ਨੌਸ਼ਿਹਰਾ ਢਾਲਾ ਤੋਂ ਕੀਤੀ ਹੈ ਜਦੋਂ ਕਿ ਦਸਵੀਂ ਤੱਕ ਦੀ ਪੜ੍ਹਾਈ ਮੈਂ ਤਰਨ ਤਾਰਨ ਸ਼ਹਿਰ ਦੇ ਸ਼੍ਰੀ ਗੁਰੂ ਅਰਜਨ ਦੇਵ ਖਾਲਸਾ ਹਾਈ ਸਕੂਲ ਤੋਂ ਕੀਤੀ ਹੈ।

**ਸੁਆਲ:** ਤੁਹਾਡੇ ਦੱਸਣ ਅਨੁਸਾਰ ਤੁਹਾਡਾ ਪ੍ਰੀਵਾਰ ਕਾਫੀ ਵੱਡਾ ਪ੍ਰੀਵਾਰ ਹੈ। ਕੀ ਤੁਸੀਂ ਆਪਣੇ ਬਚਪਨ ਸਮੇਂ ਦੇ ਪ੍ਰੀਵਾਰ ਦੀ ਆਰਥਿਕ ਹਾਲਾਤ ਤੇ ਚਾਨਣਾ ਪਾਓਗੇ? ਮੇਰਾ ਭਾਵ ਹੈ ਤੁਹਾਡੀ ਮਾਇਕ ਸਥਿੱਤੀ ਤੋਂ ਹੈ।

**ਜਵਾਬ:** ਤੀਰ ਜੀ, ਕਹਿੰਦੇ ਹਨ ਕਿ ਵਕੀਲ ਅਤੇ ਡਾਕਟਰ ਤੋਂ ਢਿੱਡ ਨਹੀਂ ਲੁਕਾਉਣਾ ਚਾਹੀਦਾ। ਅੱਜ ਤਾਂ ਤੁਸੀਂ ਵੀ ਅਦਾਲਤ ਲਾਈ ਬੈਠੇ ਹੋ। ਇਹ ਇਕਰਾਰ ਤਾਂ ਕਰਨਾ ਹੀ ਪਵੇਗਾ ਕਿ ਜੋ ਕਹਾਂਗਾ ਸੱਚ ਕਹਾਂਗਾ। ਸੱਚ ਦੇ ਸਿਵਾਏ ਕੁਝ ਨਹੀਂ ਕਹਾਂਗਾ। ਜਦੋਂ ਪ੍ਰੀਵਾਰ ਇਕੱਠਾ ਹੁੰਦਾ ਸੀ, ਸਾਰੀਆਂ ਬਰਕਤਾਂ ਸਨ। '**ਕਲਾ ਕਲੰਦਰ ਵੱਸੇ ਘੜਿਓ ਪਾਣੀ ਨੱਸੇ**'। ਏਕੇ ਵਿੱਚ ਬਰਕਤ ਹੁੰਦੀ ਹੈ। ਵੱਡਾ ਟੱਬਰ ਸੀ, ਚੀਜ ਤਾਂ ਹਿੱਸੇ ਆਉਂਦੀ ਹੀ ਮਿਲਣੀ ਸੀ। ਵੱਡੇ ਦੋ ਭਰਾ ਜਿਹੜੇ ਬਾਬਾ ਜੱਲ੍ਹਣ ਦੇ ਗੁਰਦੁਆਰੇ ਵਿੱਚ ਤਲਾਬ ਤੇ ਸੇਵਾ ਕਰ ਰਹੇ ਸਨ ਕਿਸੇ ਗੱਲੋਂ ਆਪਸ ਵਿੱਚ ਝਗੜ ਪਏ ਸਨ ਅਤੇ ਉਨ੍ਹਾਂ ਦੀ ਇਹ ਲੜਾਈ ਅਜਿਹੇ ਗ਼ੁਲ ਖਿੜਾਏ ਸਨ ਕਿ ਘਰ ਵਿੱਚ ਵੰਡੀਆਂ ਪੈ ਗਈਆਂ ਸਨ। ਕਲੇ ਨੇ ਆਪਣਾ ਰੰਗ ਵਿਖਾਉਣਾ ਸ਼ੁਰੂ ਕਰ ਦਿੱਤਾ ਸੀ। ਹੱਸਦੇ ਵੱਸਦੇ ਘਰ ਵਿੱਚ ਭੰਗ ਭੁੱਜਣ ਲੱਗ ਪਈ ਸੀ। ਡਾਂਗ ਤੇ ਡੇਰੇ ਵਾਲੀ ਸਥਿੱਤੀ ਬਣ ਗਈ ਸੀ। ਜਦੋਂ ਸਾਰਾ ਟੱਬਰ ਇਕੱਠਾ ਸੀ ਲਹਿਰਾਂ-ਬਹਿਰਾਂ ਸਨ। ਮੇਰੇ ਪਿਤਾ ਜੀ ਜਿਨ੍ਹਾਂ ਨੂੰ ਲੋਕ 'ਨਿਹੰਗ' ਕਹਿ ਕੇ ਸੰਬੋਧਨ ਕਰਿਆ ਕਰਦੇ ਸਨ, ਦੀ ਰੰਗਾਈ ਦੇ ਕੰਮ ਵਿੱਚ ਆਪਣੀ ਹੀ ਸਾਖ ਸੀ। ਲੋਕੀਂ ਕਿਹਾ ਕਰਦੇ ਸਨ ਕਿ ਜੇ ਕਰ ਰੰਗਾਈ ਕਰਵਾਉਣੀ ਹੈ ਤਾਂ ਨਿਹੰਗ ਕੋਲੋਂ ਹੀ ਕਰਵਾਉਣੀ ਹੈ। ਇਲਾਕੇ ਵਿੱਚ ਉਨ੍ਹਾਂ ਦਾ ਨਾਂ ਸੀ।

**ਸੁਆਲ:**ਮੈਂ ਸਮਝ ਸਕਦਾ ਹਾਂ ਕਿ ਘਰ ਦੀ ਪਾਟਕ ਨੇ ਘਰ ਦੀ ਨੁਹਾਰ ਹੀ ਬਦਲ ਦਿੱਤੀ ਹੋਵੇਗੀ। ਸ਼ਾਇਦ ਇਹ ਹੀ ਕਾਰਨ ਬਣਿਆ ਹੋਵੇ ਕਿ ਤੁਹਾਨੂੰ ਆਪਣੀ ਪੜ੍ਹਾਈ ਦਾ ਕਾਰਵਾਂ ਦਸਵੀਂ ਜਮਾਤ ਤੋਂ ਅੱਗੇ ਰੋਕ ਦੇਣਾ ਪਿਆ ਹੋਵੇ? ਕੀ ਤੁਸੀਂ ਇਸੇ ਕਾਰਨ ਦੀ ਮਾਰ ਕਰਕੇ ਹੀ ਅੱਗੇ ਨਹੀਂ ਪੜ੍ਹ ਸਕੇ ਜਾਂ ਕੋਈ ਹੋਰ ਕਾਰਨ ਸੀ?

**ਜਵਾਬ:** (ਇੱਕ ਹੌਕਾ ਜਿਹਾ ਭਰ ਕੇ) ਤੀਰ ਜੀ, ਝੱਗਾ ਚੁੱਕਿਆਂ ਆਪਣਾ ਹੀ ਢਿੱਡ ਨੰਗਾ ਹੁੰਦਾ ਹੈ। ਤੁਸੀਂ ਵੱਡੇ ਭਰਾ ਵਰਗੇ ਹੋ। ਮੈਨੂੰ ਪੜ੍ਹਨ ਦਾ ਤਾਂ ਬਹੁਤ ਸ਼ੌਂਕ ਸੀ ਪਰ ਜਦੋਂ ਪਿਤਾ ਜੀ ਨੂੰ ਸੋਚਾਂ ਚਿੰਣ ਡੁੱਬਿਆ ਵੇਖਦਾ ਸਾਂ ਤਾਂ ਮਨ ਵਿੱਚ ਆਉਂਦਾ ਹੁੰਦਾ ਸੀ ਕਿ ਜੇ ਕਰ ਮੈਂ ਵੀ ਪੜ੍ਹਨ ਦੀ ਜਿੱਦ ਕੀਤੀ ਤਾਂ ਪੈਸੇ ਦੀ ਘਾਟ ਉਨ੍ਹਾਂ ਦੇ ਮਨ ਤੇ ਹੋਰ ਸੱਟ ਮਾਰੇਗੀ। ਉਹ ਦੁੱਖੀ ਹੋਣਗੇ। ਮੈਂ ਮਨ ਤੇ ਪੱਥਰ ਰੱਖ ਕੇ ਉਨ੍ਹਾਂ ਦੀ ਬਾਂਹ ਬਣਨ ਦਾ ਮਨ ਬਣਾ ਲਿਆ ਸੀ ਅਤੇ ਪੜ੍ਹਾਈ ਦੇ ਖਿਆਲ ਨੂੰ ਮਨ 'ਚੋਂ ਸਦਾ ਲਈ ਤਿਲਾਂਜਲੀ ਦੇ ਦਿੱਤੀ ਸੀ।

**ਸੁਆਲ:** ਕੀ ਤੁਸੀਂ ਸਰਕਾਰੀ ਨੌਕਰੀ ਕਰਨ ਦਾ ਕਦੇ ਨਹੀਂ ਸੀ ਸੋਚਿਆ ਜਾਂ ਮਿਲੀ ਹੀ ਨਹੀਂ ਸੀ?

**ਜਵਾਬ:** ਮੈਂ ਮੁੱਢ ਤੋਂ ਹੀ ਆਪਣੇ ਆਪ ਨੂੰ ਸਿਆਸਤ ਵਿੱਚ ਸ਼ਾਮਲ ਕਰਨ ਦਾ ਮਨ ਬਣਾ ਲਿਆ ਸੀ। ਮੈਂ ਸਮਝਦਾ ਸਾਂ ਕਿ ਜੇਕਰ ਮੈਂ ਸਰਕਾਰੀ ਨੌਕਰੀ ਕਰ ਲਈ ਤਾਂ ਉਹ ਮੇਰੇ ਸਿਆਸੀ ਜੀਵਨ ਵਿੱਚ ਰੋੜਾ ਬਣੇਗੀ। ਮੇਰੇ ਪਿਤਾ ਜੀ ਪਿੰਡ ਤੋਂ ਹਿਜਰਤ ਕਰ ਕੇ ਤਰਨ ਤਾਰਨ ਆ ਵੱਸੇ ਸਨ। ਪ੍ਰੀਵਾਰ ਦੀਆਂ ਲੋੜਾਂ ਦੀ ਪੂਰਤੀ ਲਈ ਸਹਾਈ ਹੋਣ ਲਈ ਮੈਂ ਇੱਕ ਕਰਿਆਨੇ ਦੀ ਦੁਕਾਨ ਤੇ ਪ੍ਰਾਈਵੇਟ ਨੌਕਰੀ ਕਰ ਲਈ ਸੀ। ਇਸ ਦੁਕਾਨ ਦੇ ਜਿਹੜੀ ਕਿ ਤਰਨ ਤਾਰਨ ਦੇ ਤਹਿਸੀਲ ਬਜਾਰ ਵਿੱਚ ਸੀ ਦੇ ਮਾਲਿਕ ਸ੍ਰ: ਦੀਪ ਸਿੰਘ ਜੀ ਕਰਿਆਨੇ ਵਾਲੇ ਸਨ। ਉਸ ਸਮੇਂ ਮੇਰੀ ਉਮਰ 15 ਕੁ ਸਾਲ ਦੀ ਹੋਵੇਗੀ। ਮੈਨੂੰ ਅੱਜ ਤੱਕ ਯਾਦ ਹੈ 28 ਸਤੰਬਰ,1978 ਨੂੰ ਉਸ ਸਮੇਂ ਦੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਜੀ ਅੰਮ੍ਰਿਤਸਰ ਵਿਖੇ ਟੈਲੀਵੀਜਨ ਕੇਂਦਰ ਦਾ ਉਦਘਾਟਨ ਕਰਨ ਆਏ ਸਨ। ਮੈਂ ਵੀ ਉੱਥੇ ਜਾਣ ਲਈ ਬਿਨਾਂ ਦੱਸਿਆਂ ਦੁਕਾਨ ਤੋਂ ਛੁੱਟੀ ਕਰ ਲਈ ਸੀ। ਅਗਲੇ ਦਿਨ ਦੁਕਾਨ ਮਾਲਿਕ ਨੇ ਇਹ ਕਹਿ ਕੇ ਮੇਰੀ ਛੁੱਟੀ ਕਰਵਾ ਦਿੱਤੀ ਸੀ ਕਿ ਕਾਕਾ ਜੀ ਜੇਕਰ ਲੀਡਰੀ ਕਰਨੀ ਹੈ ਛੁੱਟੀ ਕਰ ਜਾਵੋ। ਦੋ ਦੋ ਕੰਮ ਨਹੀਂ ਪੁੱਜਦੇ।

ਮੇਰੀ ਜਿੰਦਗੀ ਦੀ ਇਹ ਵੀ ਇੱਕ ਅਜੀਬ ਘਟਨਾ ਸੀ। ਇੱਕ ਦਿਨ ਮੈਂ ਇੱਕ ਘਰ ਦਾ ਕਰਿਆਨੇ ਦਾ ਸੌਦਾ ਉਨ੍ਹਾਂ ਘਰ ਛੱਡਣ ਗਿਆ ਸਾਂ। ਕਾਫੀ ਸਮੇਂ ਤੱਕ ਮੈਂ ਘਰ ਦਾ ਦਰਵਾਜਾ ਖੜਕਾਉਂਦਾ ਰਿਹਾ ਪਰ ਦਰਵਾਜਾ ਖੋਲ੍ਹਣ ਲਈ ਕੋਈ ਅੰਦਰੋਂ ਨਾ ਆਇਆ। ਮੈਂ ਵਾਪਿਸ ਮੁੜਨ ਹੀ ਲੱਗਾ ਸਾਂ ਕਿ ਇੱਕ ਬਿਰਧ ਔਰਤ ਨੇ ਆ ਕੇ ਦਰਵਾਜ਼ਾ ਖੋਲ੍ਹਿਆ। ਮੈਂ ਸਮਾਨ ਲੈ ਕੇ ਉਸ ਨਾਲ ਅੰਦਰ ਚਲਾ ਗਿਆ। ਉਸ ਨੇ ਮੈਨੂੰ

ਦੱਸਿਆ ਕਿ ਉਸ ਨੂੰ ਹੈਜ਼ਾ ਹੋ ਗਿਆ ਹੈ ਅਤੇ ਟੱਟੀਆਂ ਉੱਲਟੀਆਂ ਆ ਰਹੀਆਂ ਹਨ ਜਿਸ ਕਰਕੇ ਦਰਵਾਜ਼ਾ ਖੋਲ੍ਹਣ ਵਿੱਚ ਦੇਰ ਹੋ ਗਈ ਹੈ। ਸਮਾਨ ਰੱਖ ਕੇ ਮੈਂ ਉਸ ਜ਼ਨਾਨੀ ਦੇ ਕੋਲ ਹੀ ਬੈਠ ਗਿਆ ਸਾਂ ਅਤੇ ਕੁਝ ਸਮੇਂ ਲਈ ਉਸ ਦੀ ਦੇਖਭਾਲ ਕਰਦਾ ਰਿਹਾ ਸਾਂ। ਕੁਝ ਸਮੇਂ ਪਿੱਛੋਂ ਉਸ ਦਾ ਭਰਾ ਜਿਹੜਾ ਕਿ ਬੈਂਕ ਵਿੱਚ ਸ਼ਾਇਦ ਮੈਨੇਜਰ ਸੀ ਆ ਗਿਆ। ਉਸ ਔਰਤ ਨੇ ਬੜੇ ਮਾਣ ਨਾਲ ਆਪਣੇ ਭਰਾ ਨੂੰ ਦੱਸਿਆ ਸੀ ਕਿ ਜੇਕਰ ਅੱਜ ਇਹ ਮੁੰਡਾ ਵੇਲੇ ਸਿਰ ਨਾ ਆਉਂਦਾ ਤਾਂ ਤੁਹਾਡੀ ਭੈਣ ਸ਼ਾਇਦ ਮਰ ਗਈ ਹੁੰਦੀ। ਇਸ ਗੱਲ ਦਾ ਅਹਿਸਾਨ ਮੋੜਨ ਲਈ ਉਸ ਬੈਂਕ ਅਧਿਕਾਰੀ ਨੇ ਮੈਨੂੰ ਬੈਂਕ ਵਿੱਚ ਨੌਕਰੀ ਦਿਵਾਉਣ ਲਈ ਪ੍ਰੇਰਿਆ ਵੀ ਸੀ ਪਰ ਮੈਂ ਨੌਕਰੀ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ ਸੀ। ਮੇਰੇ ਅੰਦਰ ਇੱਕੋ ਹੀ ਗੱਲ ਘਰ ਕਰ ਗਈ ਸੀ ਕਿ ਮੈਂ ਸਿਆਸਤ ਵਿੱਚ ਹੀ ਪੈਣਾ ਹੈ।

**ਸੁਆਲ:** ਹਰਦੇਵ ਸਿੰਘ ਜੀ, ਇਹ ਤਾਂ ਤੁਹਾਡੇ ਜੀਵਨ ਦਾ ਸੰਘਰਸ਼ਮਈ ਹਿੱਸਾ ਹੈ। ਕੀ ਤੁਸੀਂ ਆਪਣੇ ਵਿਆਹੁਤਾ ਜੀਵਨ ਦਾ ਰੰਗ ਵੀ ਸਾਂਝਾ ਕਰਨਾ ਪਸੰਦ ਕਰੋਗੇ?

**ਜੁਆਬ:** ਮੇਰਾ ਵਿਆਹ 7 ਅਕਤੂਬਰ,1979 ਨੂੰ ਹਰਜਿੰਦਰ ਕੌਰ ਸਪੁਤਰੀ ਸ੍ਰ: ਸ਼ਿੰਗਾਰਾ ਸਿੰਘ ਜੀ ਵਾਸੀ ਪਿੰਡ ਚੱਬਾ(ਜ਼ਿਲ੍ਹਾ ਅੰਮ੍ਰਿਤਸਰ) ਨਾਲ ਹੋਇਆ ਸੀ। ਤੀਰ ਜੀ ਸ਼ਾਇਦ ਤੁਸੀਂ ਜਾਣਦੇ ਹੋਵੋਗੇ, ਇਹ ਉਹੀ ਚੱਬਾ ਪਿੰਡ ਹੈ ਜਿੱਥੋਂ ਦੀ ਬੀਬੀ ਸੁਲੱਖਣੀ ਹੋਈ ਹੈ ਅਤੇ ਜਿਸ ਨੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਘੋੜੇ ਦੀ ਵਾਗ ਫੜ੍ਹ ਕੇ ਏਕੇ ਤੋਂ ਸਾਤਾ(7) ਪਵਾਇਆ ਸੀ ਅਤੇ ਸੱਤ ਪੁਤਰਾਂ ਦਾ ਵਰ ਲਿਆ ਸੀ। ਮੇਰੀ ਪਤਨੀ 'ਚੋਂ ਮੇਰੇ ਦੋ ਲੜਕੇ ਅਤੇ ਦੋ ਲੜਕੀਆਂ ਹਨ। ਬੇਟੀਆਂ ਅਤੇ ਵੱਡਾ ਬੇਟਾ ਵਿਆਹ ਦਿੱਤਾ ਹੈ।

**ਸੁਆਲ:** ਸ਼ਾਦੀ ਹੋ ਜਾਣ ਨਾਲ ਜਿੰਮੇਵਾਰੀਆਂ ਦੀ ਪੰਡ ਵੀ ਭਾਰੀ ਹੋ ਜਾਂਦੀ ਹੈ। ਜੀਵਨ ਦੀ ਗੱਡੀ ਚਲਾਉਣ ਲਈ ਤੁਸੀਂ ਕੀ ਉਪਰਾਲੇ ਕੀਤੇ?

**ਜੁਆਬ:** ਇਹ ਠੀਕ ਹੈ ਗ੍ਰਹਿਸਥ ਜੀਵਨ ਜਿੰਮੇਵਾਰੀਆਂ ਦਾ ਅਹਿਸਾਸ ਕਰਵਾ ਦਿੰਦਾ ਹੈ। ਇਸ ਗੱਡੀ ਨੂੰ ਖਿੱਚਣ ਵਾਸਤੇ ਕੁਝ ਕਰਨਾ ਹੀ ਪੈਂਦਾ ਹੈ। ਜਿਵੇਂ ਕਿ ਮੈਂ ਪਹਿਲਾਂ ਵੀ ਤੁਹਾਨੂੰ ਦੱਸਿਆ ਸੀ ਕਿ ਮੈ ਸ੍ਰ: ਦੀਪ ਸਿੰਘ ਜੀ ਦੀ ਕਰਿਆਨੇ ਦੀ ਦੁਕਾਨ ਤੇ ਕੰਮ ਕਰਦਾ ਹੁੰਦਾ ਸਾਂ ਪਰ ਮੇਰੇ ਲੀਡਰੀ ਦੇ ਫਤੂਰ ਨੇ ਮੇਰੀ ਨੌਕਰੀ ਹੀ ਛੁਡਵਾ ਦਿੱਤੀ ਸੀ। ਮੇਰੇ ਪਹਿਲੇ ਮਾਲਕਾਂ ਨੇ ਹੁਣ ਇੱਕ ਹੋਰ ਨਵੀਂ ਕਰਿਆਨੇ ਦੀ ਦੁਕਾਨ ਖੋਲ੍ਹ ਲਈ ਸੀ ਜਿਸ ਵਾਸਤੇ ਉਨ੍ਹਾਂ ਨੇ ਮੈਨੂੰ ਫਿਰ ਬੁਲਾ ਲਿਆ ਸੀ ਅਤੇ ਇਸ ਗੱਲ ਦੀ ਪੇਸ਼ਕਸ਼ ਵੀ ਕੀਤੀ ਸੀ ਕਿ ਉਹ ਮੈਨੂੰ ਉਸ ਵਿੱਚ ਅੱਧ ਦਾ ਭਾਈਵਾਲ ਵੀ ਰੱਖਣਗੇ। ਮੈਂ ਦੁਕਾਨ ਤੇ ਜਾਣਾ ਤਾਂ ਮੰਨ ਲਿਆ ਸੀ ਪਰ ਅੱਧ ਦਾ ਨਹੀਂ ਚੌਥੇ ਹਿੱਸੇ ਦਾ ਭਾਈਵਾਲ ਬਣਨਾ ਪ੍ਰਵਾਨ ਕਰ ਲਿਆ ਸੀ ਪਰ ਇਸ ਸ਼ਰਤ ਤੇ ਕਿ ਉਹ ਮੇਰੇ ਨਾਲ ਆਪਣਾ ਆਦਮੀ ਜਰੂਰ ਬੈਠਾਉਣ। ਰੋਜੀ ਰੋਟੀ ਦਾ ਪ੍ਰਬੰਧ ਦੁਬਾਰਾ ਹੋ ਗਿਆ ਸੀ ਅਤੇ ਮੈਂ 26 ਜਨਵਰੀ 1976 ਤੋਂ ਦੁਬਾਰਾ ਉਨ੍ਹਾਂ ਨਾਲ ਕੰਮ ਆਰੰਭ ਦਿੱਤਾ ਸੀ। 13 ਸਾਲ ਉਨ੍ਹਾਂ ਨਾਲ ਕੰਮ ਕਰਨ ਉਪਰੰਤ ਸਾਲ 1987 ਵਿੱਚ ਮੈਂ ਆਪਣੀ ਦੁਕਾਨ ਖੋਲ੍ਹ ਕੇ ਬੈਠ ਗਿਆ ਸਾਂ। ਵਹਿਗੁਰੂ ਦੀ ਕਿਰਪਾ ਨਾਲ ਮੈਂ ਖੁਸ਼ਹਾਲ ਜੀਵਨ ਜੀਅ ਰਿਹਾ ਹਾਂ।

**ਸੁਆਲ:** ਹਰਦੇਵ ਸਿੰਘ ਜੀ, ਤੁਹਾਡੇ ਪਿਛੋਕੜ ਬਾਰੇ ਤਾਂ ਰੱਜ ਕੇ ਗੱਲਾਂ ਕਰ ਲਈਆਂ ਹਨ। ਆਓ ਹੁਣ ਅਸਲੀ ਗੱਲ ਤੇ ਆਈਏ। ਮੇਰਾ ਮਤਲਬ ਹੈ ਦੁਕਾਨਦਾਰੀ ਦੇ ਦਾਅ-ਪੇਚਾਂ ਬਾਰੇ। ਮੰਨਿਆ ਜਾਂਦਾ ਹੈ ਕਿ ਗਾਹਕ ਰੱਬ ਦਾ ਰੂਪ ਹੁੰਦਾ ਹੈ। ਤੁਸੀਂ ਇਸ ਧਾਰਨਾ ਨੂੰ ਕਿਵੇਂ ਲੈਂਦੇ ਹੋ?

**ਜੁਆਬ:** ਇਸ ਵਿੱਚ ਕੋਈ ਦੂਸਰੀ ਰਾਏ ਨਹੀਂ ਕਿ ਗਾਹਕ ਰੱਬ ਦਾ ਰੂਪ ਹੁੰਦਾ ਹੈ। ਜਿਸ ਤੋਂ ਸਾਡੀ ਦੁਕਾਨਦਾਰੀ ਚੱਲਦੀ ਹੈ ਅਤੇ ਪ੍ਰੀਵਾਰ ਦੀ ਪਾਲਣਾ ਹੁੰਦੀ ਹੈ ਉਹ ਰੱਬ ਨਾ ਹੋਇਆ ਤਾਂ ਕੀ ਹੋਇਆ? ਸਾਡੇ ਪੁਰਾਣੇ ਬਜੁਰਗ ਕਿਹਾ ਕਰਦੇ ਸਨ ਕਿ ਦੁਕਾਨਦਾਰੀ ਦੋ ਸ਼ਬਦਾਂ ਦਾ ਸੁਮੇਲ ਹੈ: ਦੁਕਾਨ+ਦਾਰੀ= ਦੁਕਾਨ ਤੋਂ ਭਾਵ ਤਾਂ ਹੱਟੀ ਹੈ ਹੀ ਦਾਰੀ ਦੇ ਅਰਥ ਹਨ ਇੱਜਤ। ਪੂਰੇ ਸ਼ਬਦ ਦਾ ਅਰਥ ਹੋਇਆ ਦੁਕਾਨ ਤੇ ਆਉਣ ਵਾਲੇ ਦੀ ਇੱਜਤ। ਜਮਾਨੇ ਵਿੱਚ ਬਹੁਤ ਪ੍ਰੀਵਰਤਨ ਆ ਗਿਆ ਹੈ। ਅੱਜ ਦਾ ਗਾਹਕ ਇਹ ਚਾਹੁੰਦਾ ਹੈ ਚੀਜ ਦਾ ਮੁੱਲ ਜੋ ਚਾਹੇ ਲਾ ਲਵੋ ਪਰ ਉਸ ਦੀ ਇੱਜਤ ਹੋਣੀ ਚਾਹੀਦੀ ਹੈ। ਮਿੱਠਾ ਬੋਲਣ ਦਾ ਕੋਈ ਮੁੱਲ ਨਹੀਂ ਲੱਗਦਾ। ਇਸ ਨਾਲ ਗਾਹਕ ਵੀ ਬਣਿਆ ਰਹਿੰਦਾ ਹੈ ਅਤੇ ਕਮਾਈ ਵੀ ਹੁੰਦੀ ਰਹਿੰਦੀ ਹੈ।

**ਸੁਆਲ:** ਦੁਕਾਨਦਾਰਾਂ ਤੇ ਇਹ ਦੋਸ਼ ਆਮ ਕਰਕੇ ਲੱਗਦਾ ਰਹਿੰਦਾ ਹੈ ਕਿ ਉਹ ਚੀਜਾਂ ਵਿੱਚ ਮਿਲਾਵਟ ਕਰਦੇ ਹਨ। ਹਲਦੀ ਵਿੱਚ ਪੀਲੀ ਮਿੱਟੀ ਦੀ ਮਿਲਾਵਟ, ਚੌਲਾਂ ਵਿੱਚ ਕੰਕਰਾਂ ਦੀ ਮਿਲਾਵਟ ਆਦਿ। ਕੀ ਤੁਸੀਂ ਵੀ ਅਜਿਹਾ ਕਰਦੇ ਹੋ?

**ਜੁਆਬ:** ਤੀਰ ਜੀ, ਮੈਂ ਦੁਕਾਨਦਾਰਾਂ ਦੀ ਸ਼੍ਰੇਣੀ ਵਿੱਚ ਹੀ ਆਉਂਦਾ ਹਾਂ। ਢਿੱਡ ਪਾੜ ਕੇ ਤਾਂ ਵਿਖਾਇਆ ਨਹੀਂ ਜਾ ਸਕਦਾ ਕਿ ਮੈਂ ਧਰਮ ਪੁੱਤਰ ਯੁਧਿਸ਼ਟਰ ਹਾਂ। ਸਾਰੇ ਚੋਰ ਹੀ ਤਾਂ ਨਹੀਂ ਹੁੰਦੇ। ਕੁਝ ਲੋਕ ਰੱਬ ਦਾ ਭੈਅ ਖਾਣ ਵਾਲੇ ਵੀ ਤਾਂ ਹੁੰਦੇ ਹਨ। ਮੇਰੇ ਕੁਝ ਅਸੂਲ ਹਨ ਜਿਨ੍ਹਾਂ ਤੇ ਮੈਂ ਚੱਲਣ ਦੀ ਕੋਸ਼ਿਸ਼ ਕਰਦਾ ਹਾਂ। ਪਹਿਲੀ ਗੱਲ ਤਾਂ ਇਹ ਕਿ ਮੈਂ ਪੀਸੀਆਂ ਹੋਈਆਂ ਚੀਜਾਂ ਮਸਾਲੇ, ਹਲਦੀ ਆਦਿ ਖਰੀਦ ਕੇ ਨਹੀਂ ਵੇਚਦਾ ਸਗੋਂ ਆਪ ਚੱਕੀ ਤੋਂ ਪਿਸਵਾ ਕੇ ਵੇਚਦਾ ਹਾਂ। ਮੈਂ ਸੋਚਦਾ ਹਾਂ ਕਿ ਜਿਹੜੀ ਚੀਜ ਮੈਂ ਗਾਹਕ ਨੂੰ ਖਾਣ ਵਾਸਤੇ

ਦੇ ਰਿਹਾ ਹਾਂ ਕੀ ਮੈਂ ਆਪ ਆਪਣੇ ਘਰ ਵਿੱਚ ਖਾ ਸਕਦਾ ਹਾਂ? ਜੇਕਰ ਇਹੀ ਚੀਜ ਮੈਂ ਆਪ ਖਾਣੀ ਹੋਵੇ ਤਾਂ ਖਾ ਸਕਾਂਗਾ। ਇਹ ਸੋਝੀ ਅਤੇ ਰੱਬ ਦਾ ਭੈਅ ਮੈਨੂੰ ਗਲਤ ਕੰਮ ਕਰਨ ਤੋਂ ਰੋਕਦਾ ਹੈ।ਮੈਂ ਪਹਿਲਾਂ ਹੀ ਕਹਿ ਚੁੱਕਾ ਹਾਂ ਕਿ ਜੇ ਕਰ ਤੁਸੀਂ ਗਾਹਕ ਨੂੰ ਰੱਬ ਦਾ ਰੂਪ ਮੰਨਦੇ ਹੋ ਤਾਂ ਉਸ ਨਾਲ ਕੇਹਾ ਧੋਖਾ। ਅਜਿਹੀ ਮੇਰੀ ਧਾਰਨਾ ਹੈ।

**ਸੁਆਲ:** ਤੁਸਾਂ ਤਾਂ ਆਪਣੀ ਸੋਚ ਦਾ ਖੁਲਾਸਾ ਕਰ ਦਿੱਤਾ ਹੈ ਪਰ ਤੁਹਾਡੇ ਦੂਸਰੇ ਦੁਕਾਨਦਾਰ ਭਰਾ ਚੀਜਾਂ ਵਿੱਚ ਮਿਲਾਵਟ ਕਰਨ ਤੋਂ ਗ਼ੁਰੇਜ ਕਿਉਂ ਨਹੀਂ ਕਰਦੇ ਜਦੋਂ ਕਿ ਉਹ ਚੀਜ ਦੀ ਕੀਮਤ ਪੂਰੀ ਲੈਂਦੇ ਹਨ?

**ਜੁਆਬ:** ਮੈਂ ਅੰਮ੍ਰਿਤਸਰ-ਤਰਨ ਤਾਰਨ ਕਰਿਆਨਾ ਯੂਨੀਅਨ ਦਾ ਮੀਤ ਪ੍ਰਧਾਨ ਹਾਂ। ਜਿੱਥੋਂ ਤੱਕ ਮੇਰੀ ਜਾਣਕਾਰੀ ਹੈ ਸਾਡੇ ਇਲਾਕੇ ਵਿੱਚ ਬਹੁਤ ਘੱਟ ਦੁਕਾਨਦਾਰ ਅਜਿਹਾ ਘਿਨਾਉਣਾ ਕੰਮ ਕਰਦੇ ਹਨ। ਜਦੋਂ ਕਦੇ ਵੀ ਸਾਡੀ ਯੂਨੀਅਨ ਦੀ ਮੀਟਿੰਗ ਹੁੰਦੀ ਹੈ ਅਸੀਂ ਸਾਰੇ ਦੁਕਾਨਦਾਰਾਂ ਨੂੰ ਇਹ ਹੀ ਕਹਿੰਦੇ ਹਾਂ ਕਿ ਉਹ ਉੱਚ ਕੋਟੀ ਦਾ ਮਾਲ ਆਪਣੀਆਂ ਦੁਕਾਨਾਂ ਤੇ ਵੇਚਣ ਤਾਂ ਜੋ ਇਸ ਵਿਉਪਾਰ ਦੇ ਨਾਂ ਤੇ ਧੱਬਾ ਨਾ ਲੱਗੇ।

**ਸੁਆਲ:** ਇਹ ਵੀ ਸੁਣਨ ਵਿੱਚ ਆਉਂਦਾ ਹੈ ਕਿ ਕਰਿਆਨਾ ਦੁਕਾਨਦਾਰ ਸਿਹਤ ਵਿਭਾਗ ਦੇ ਡਾਕਟਰਾਂ ਨੂੰ ਮਹੀਨਾ ਭਰਦੇ ਹਨ। ਕੀ ਇਹ ਠੀਕ ਹੈ?

**ਜੁਆਬ:** ਕੁਝ ਥਾਵਾਂ ਤੇ ਤਾਂ ਸ਼ਾਇਦ ਅਜਿਹਾ ਵਾਪਰ ਰਿਹਾ ਹੈ ਪਰ ਸਾਡੀ ਯੂਨੀਅਨ ਇਸ ਦੋਸ਼ ਤੋਂ ਮੁਕਤ ਹੋਣ ਦਾ ਹਰ ਹੀਲਾ ਕਰ ਰਹੀ ਹੈ। ਇਹ ਠੀਕ ਹੈ ਰਿਸ਼ਵਤ ਖੋਰੀ ਦਾ ਕੋਹੜ ਬੁਰੀ ਤਰ੍ਹਾਂ ਸਮਾਜ ਦੀ ਸੋਚ ਨੂੰ ਚੰਬੜਿਆ ਹੋਇਆ ਹੈ। ਮੈਂ ਸਮਝਦਾ ਹਾਂ ਕਿ ਜੇਕਰ ਨੇਕ ਸੋਚ ਵਾਲੇ ਮਿਲ ਬੈਠਣਗੇ ਅਤੇ ਇਸ ਵਿਰੁੱਧ ਡਟ ਜਾਣ ਦਾ ਦ੍ਰਿੜ ਨਿਸਚਾ ਕਰ ਲੈਣਗੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਇਸ ਕੋਹੜ ਤੋਂ ਸਮਾਜ ਨੂੰ ਮੁਕਤ ਕਰਵਾ ਲੈਣਗੇ।

**ਸੁਆਲ:** ਅੱਜ ਦੇ ਮਹਿੰਗਾਈ ਦੇ ਦੌਰ ਵਿੱਚ ਜਦੋਂ ਕਿ ਖਰੀਦਦਾਰੀ ਆਮ ਆਦਮੀ ਦੀ ਪਕੜ 'ਚੋਂ ਨਿਕਲਦੀ ਜਾ ਰਹੀ ਹੈ, ਕੀ ਤੁਸੀਂ ਆਪਣੇ ਦੁਕਾਨਦਾਰ ਭਰਾਵਾਂ ਨੂੰ ਕੋਈ ਸੁਝਾਓ ਜਾਂ ਸੁਨੇਹਾ ਦੇਣਾ ਚਾਹੋਗੇ?

**ਜੁਆਬ:** ਮੈਂ ਨਿੱਜੀ ਤੌਰ ਤੇ ਅਤੇ ਆਪਣੀ ਕਰਿਆਨਾ ਯੂਨੀਅਨ ਵੱਲੋਂ ਇਹੀ ਅਪੀਲ ਕਰਾਂਗਾ ਕਿ ਉਹ ਆਪਣੀਆਂ ਦੁਕਾਨਾਂ ਤੇ ਉੱਚਕੋਟੀ ਦਾ ਸੌਦਾ ਵੇਚਣ। ਇਸ ਦੇ ਨਾਲ ਹੀ ਮੇਰਾ ਸੁਝਾਓ ਵੀ ਹੈ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਦੁਕਨਦਾਰਾਂ ਦੀ ਵਿੱਕਰੀ ਦੇ ਹਿਸਾਬ ਨਾਲ ਉਨ੍ਹਾਂ ਦੀ ਸ਼੍ਰੇਣੀ ਵੰਡ ਕਰਕੇ ਉਨ੍ਹਾਂ ਤੇ ਸੇਲ ਟੈਕਸ ਸਾਲ ਵਿੱਚ ਇਕੋਵਾਰ ਦੇਣ ਦੀ ਹੱਦ ਮਿੱਥੇ। ਇਸ ਤਰ੍ਹਾਂ ਹੋ ਜਾਣ ਨਾਲ ਸਰਕਾਰ ਦੇ ਟੈਕਸ ਚੀ ਚੋਰੀ ਵੀ ਨਹੀਂ ਹੋਵੇਗੀ ਅਤੇ ਸਰਕਾਰੀ ਖਜਾਨੇ ਵਿੱਚ ਟੈਕਸ ਦੀ ਪ੍ਰਾਪਤੀ ਵੀ ਵਧੇਗੀ। ਮੈਂ ਇਸ ਗੱਲ ਤੋਂ ਵੀ ਸੁਚੇਤ ਹਾਂ ਕਿ ਇਹ ਟੈਕਸ ਆਖਿਰਕਾਰ ਲੱਗਣਾ ਤਾਂ ਜਨਤਾ ਦੀ ਬਿਹਤਰੀ ਵਾਸਤੇ ਹੀ ਹੁੰਦਾ ਹੈ।

**ਸੁਆਲ:** ਤੁਹਾਡਾ ਦੁਕਾਨਦਾਰ ਵਾਲਾ ਰੂਪ ਤਾਂ ਵੇਖ ਲਿਆ ਹੈ। ਕੀ ਤੁਸੀਂ ਇਸੇ ਝਮੇਲੇ ਵਿੱਚ ਹੀ ਗੁਆਚੇ ਰਹਿੰਦੇ ਹੋ ਜਾਂ ਕਿਸੇ ਹੋਰ ਸੰਸਥਾ ਨਾਲ ਵੀ ਜੁੜੇ ਹੋਏ ਹੋ?

**ਜੁਆਬ:** ਜੇਕਰ ਤੁਸੀਂ ਇਹ ਸੁਆਲ ਨਾ ਹੀ ਕਰਦੇ ਤਾਂ ਚੰਗਾ ਸੀ,ਕਿਉਂਕਿ ਜੇ ਕਰ ਮੈ ਆਪਣੇ ਇਸ ਖ਼ੇਤਰ ਦਾ ਖ਼ੁਲਾਸਾ ਕਰਾਂਗਾ ਤਾਂ ਮੈਨੂੰ ਡਰ ਹੈ ਕਿ ਕਿੱਧਰੇ ਤੁਸੀਂ ਇਹ ਨਾ ਸਮਝ ਬੈਠੋ ਕਿ ਇਸ ਵਿੱਚੋਂ ਹਉਮੈ ਦੀ ਬੋਅ ਆਉਂਦੀ ਹੈ। ਹੁਣ ਤੁਸੀਂ ਪੁੱਛ ਹੀ ਲਿਆ ਹੈ, ਚਲੋ ਦੱਸ ਹੀ ਦਿੰਦਾ ਹਾਂ। ਮੈਂ ਮੁੱਢਲੇ ਤੌਰ ਤੇ ਧਾਰਮਿਕ ਸੋਚ ਦਾ ਆਦਮੀ ਹਾਂ। ਸਿਆਸੀ ਜੀਵਨ ਵਿੱਚ ਮੈਂ ਅਕਾਲੀ ਪਾਰਟੀ ਨਾਲ ਜੁੜਿਆ ਹੋਇਆ ਹਾਂ। ਮੇਰੇ ਅੰਦਰ ਗੁਰੂ ਘਰ ਦੀ ਪ੍ਰੀਤ ਹੈ ਜਿਸ ਕਰਕੇ ਅਧਿਆਤਮਿਕ ਸੋਚ ਵੀ ਹੈ। ਮੈਂ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦਾ ਪ੍ਰਧਾਨ ਅਤੇ ਸਕੱਤਰ ਰਹਿ ਚੁੱਕਾ ਹਾਂ ਹੁਣ ਮੈਂ ਇਸ ਸੁਸਾਇਟੀ ਦਾ ਸਰਪ੍ਰਸਤ ਹਾਂ। ਹਰ ਐਤਵਾਰ ਇਹ ਸੁਸਾਇਟੀ ਵੱਖ ਵੱਖ ਸੱਜਣਾਂ ਦੇ ਘਰ ਸੁਖਮਨੀ ਸਾਹਿਬ ਦਾ ਪ੍ਰੋਗਰਾਮ ਕਰਦੀ ਹੈ। ਵੱਖ ਵੱਖ ਸ਼ਹਿਰਾਂ ਦੀਆਂ ਅਜਿਹੀਆਂ ਹੀ ਸੁਸਾਇਟੀਆਂ ਦੀ ਇੱਕ ਸੱਤ ਮੈਂਬਰੀ ਕਮੇਟੀ ਬਣੀ ਹੋਈ ਹੈ,ਮੈਂ ਉਸ ਦਾ ਵੀ ਇੱਕ ਨਿਮਾਣਾ ਜਿਹਾ ਮੈਂਬਰ ਹਾਂ। ਸਿਆਸੀ ਜੀਵਨ ਵਿੱਚ ਮੈਂ ਤਰਨ ਤਾਰਨ ਸ਼ਹਿਰ ਦਾ ਸ਼੍ਰੋਮਣੀ ਅਕਾਲੀ ਦਲ(ਸ਼ਹਿਰੀ ਬਾਦਲ) ਦਾ ਪ੍ਰਧਾਨ ਵੀ ਹਾਂ। ਸਮਾਜ ਸੇਵਾ ਦੇ ਆਸ਼ੇ ਨਾਲ ਪਸਵਕ ਕਮੇਟੀ ਦਾ ਚੇਅਰਮੈਨ ਵੀ ਹਾਂ। ਮੇਰਾ ਖਿਆਲ ਹੈ ਤੀਰ ਸਾਹਿਬ, ਹੁਣ ਤਾਂ ਦੱਸਣ ਵਾਲਾ ਕੁਝ ਵੀ ਬਾਕੀ ਨਹੀਂ ਰਿਹਾ। ਮੇਰੀ ਜਾਚੇ, ਜੋ ਮੈਂ ਬਾਹਰੋਂ ਹਾਂ ਉਹ ਜਾਣ ਲਿਆ ਜੇ ਅਤੇ ਜੋ ਮੈਂ ਅੰਦਰੋਂ ਹਾਂ ਉਹ ਵੀ ਹੁਣ ਲੁਕਿਆ ਹੋਇਆ ਨਹੀਂ ਰਿਹਾ।

ਏਨਾਂ ਕਹਿ ਕੇ ਹਰਦੇਵ ਸਿੰਘ ਚੁੱਪ ਕਰ ਗਿਆ ਸੀ। ਮੈਂ ਕਦੇ ਉਸ ਵੱਲ ਵੇਖਦਾ ਸਾਂ ਅਤੇ ਕਦੇ ਆਪਣੇ ਵੱਲ। ਉਸ ਦਾ ਤਹਿ-ਦਰ-ਤਹਿ ਖੁੱਲਦੇ ਜਾਣਾ ਇੰਜ ਪ੍ਰਤੀਤ ਹੁੰਦਾ ਸੀ ਜਿਵੇਂ ਸੱਚ ਦਾ ਸੂਰਜ ਲਾਲੋ ਲਾਲ ਹੁੰਦਾ ਜਾ ਰਿਹਾ ਹੋਵੇ। ਮੈਂ ਪਹਿਲਾਂ ਨਹੀਂ ਸਾਂ ਜਾਣਦਾ ਕਿ ਉਸ ਨੇ ਆਪਣੇ ਜੀਵਨ ਸੰਗਰਾਮ ਵਿੱਚ ਏਨੀ ਜਦੋ ਜਹਿਦ ਕੀਤੀ ਹੈ ਅਤੇ ਆਪਣੇ ਬਲਬੂਤੇ ਤੇ ਸਮਾਜ ਵਿੱਚ ਆਪਣੀ ਥਾਂ ਬਣਾਈ ਹੈ। ਮੇਰੀ ਜਾਚੇ ਉਹ ਤਾਂ ਅੱਜ ਦੇ ਨੌਜਵਾਨਾਂ ਲਈ ਇੱਕ ਮਿਸਾਲ ਜਾਪਦਾ ਸੀ ਜਿਸ ਨੇ ਇਮਾਨਦਾਰੀ ਦਾ ਲੜ ਨਹੀਂ ਸੀ

ਛੱਡਿਆ ਅਤੇ ਸਾਗ਼ਰ ਦੀਆਂ ਲਹਿਰਾਂ ਦੀ ਪ੍ਰਵਾਹ ਕੀਤੇ ਬਗੈਰ ਸੱਚ ਦਾ ਸੂਰਜ ਬਣ ਚਮਕਣ ਦੀ ਕੋਸ਼ਿਸ਼ ਕੀਤੀ ਸੀ। ਉਸ ਦਾ ਅੰਦਰਲਾ ਮਨੁੱਖ ਅਜੇ ਚਮਕਦਾ ਜਾਪਦਾ ਸੀ।

***

**ਕਿਰਤੀ-ਕਾਮਾ:**

## ਹੱਥੀਂ ਕਿਰਤ ਕਰਾਂ, ਨਾ ਕਿਸੇ ਤੋਂ ਡਰਾਂ



**ਸ਼੍ਰੀ ਬਚਨ ਰਾਮ**

ਸ਼ਹਿਰ ਦੇ ਮੇਨ ਬਜ਼ਾਰ ਵਿੱਚ ਸੜਕ ਤੋਂ ਥੋੜ੍ਹਾ ਹਟ ਕੇ ਉਹ ਆਪਣੀ ਦੁਕਾਨ ਲਾਉਂਦਾ ਹੈ। ਉਸ ਦੀ ਦੁਕਾਨ ਕੋਈ ਇੱਟਾਂ ਸੀਮੈਂਟ ਦੀ ਬਣੀ ਹੋਈ ਦੁਕਾਨ ਨਹੀਂ ਸਗੋਂ ਉਹ ਤਾਂ ਇੱਕ ਬੋਰੀ ਨੂੰ ਵਿਛਾ ਕੇ ਉਸ 'ਤੇ ਬੈਠਦਾ ਹੈ ਅਤੇ ਆਪਣੇ ਸਾਹਮਣੇ ਟੁੱਟੀਆਂ ਹੋਈਆਂ ਜੁੱਤੀਆਂ ਦਾ ਢੇਰ ਲਾ ਕੇ ਬੋਰੀ ਦੇ ਇੱਕ ਕਿਨਾਰੇ ਤੇ ਆਪਣੇ ਸੰਦਾਂ ਵਾਲੀ ਪੇਟੀ ਧਰ ਲੈਂਦਾ ਹੈ ਜਿਸ ਵਿੱਚ ਉਹ ਪਾਲਿਸ਼ ਦੀਆਂ ਡੱਬੀਆਂ ਅਤੇ ਬੁਰਸ਼ ਰੱਖਦਾ ਹੈ। ਆਪਣੀ ਵਿਛਾਈ ਹੋਈ ਬੋਰੀ ਦੇ ਪਿਛਲੇ ਪਾਸੇ ਉਹ ਇੱਕ ਛੋਟਾ ਜਿਹਾ ਬੈਂਚ ਡਾਹ ਲੈਂਦਾ ਹੈ ਜਿਸ ਉੱਤੇ ਉਸ ਦੇ ਗਾਹਕ ਬੈਠ ਜਾਂਦੇ ਹਨ। ਇਹ ਹੈ ਸਾਰਾ ਉਸ ਦੀ ਦੁਕਾਨ ਦਾ ਮਾਲ ਅਸਬਾਬ ਜਿਸ ਨਾਲ ਉਹ ਸਾਰਾ ਦਿਨ ਰੁੱਝਿਆ ਰਹਿੰਦਾ ਹੈ।ਜਦੋਂ ਬਚਨ ਰਾਮ ਤਪੜੀ ਵਿਛਾ ਕੇ ਬੈਠ ਜਾਂਦਾ ਹੈ ਤਾਂ ਸਮਝੋ ਉਸ ਦੀ ਦੁਕਾਨ ਖੁੱਲ ਗਈ ਅਤੇ ਸ਼ਾਮ ਨੂੰ ਜਦੋਂ ਉਸ ਨੇ ਆਪਣੇ ਘਰ ਵਾਪਸ ਜਾਣਾ ਹੁੰਦਾ ਹੈ ਤਾਂ ਉਹ ਸਾਰੀਆਂ ਟੁੱਟੀਆਂ ਹੋਈਆਂ ਜੁੱਤੀਆਂ ਬੋਰੀ ਵਿੱਚ ਸਮੇਟ ਕੇ ਉਨ੍ਹਾਂ ਨੂੰ ਸ. ਗੁਰਮੁੱਖ ਸਿੰਘ ਦੀ ਦੁਕਾਨ ਵਿੱਚ ਇੱਕ ਨੁੱਕਰੇ ਰੱਖ ਕੇ ਚਲਾ ਜਾਂਦਾ ਹੈ। ਇਹ ਹੈ ਬਚਨ ਰਾਮ ਦੀ ਦੁਕਾਨ ਜਿਹੜੀ ਆਪਣੇ ਹੀ ਅੰਦਾਜ਼ ਵਿੱਚ ਖੁੱਲ੍ਹਦੀ ਹੈ ਅਤੇ ਆਪਣੇ ਹੀ ਤਰੀਕੇ ਨਾਲ ਬੰਦ ਹੁੰਦੀ ਹੈ। ਨਾ ਜਿੰਦਰਾ ਲੱਗਦਾ ਹੈ ਅਤੇ ਨਾ ਹੀ ਚਾਬੀ ਗੁਆਚਣ ਦਾ ਕੋਈ ਫ਼ਿਕਰ ਹੁੰਦਾ ਹੈ।ਜਿਸ ਤਰ੍ਹਾਂ ਦਾ ਬਚਨ ਰਾਮ ਜ਼ਿੰਦਾਦਿਲ ਹੈ ਉਸੇ ਹੀ ਤਰ੍ਹਾਂ ਦੀ ਉਸ ਦੀ ਦੁਕਾਨ ਹੈ।

ਅਕਸਰ ਹੀ ਰੋਜ਼ ਮੇਰਾ ਇੱਧਰੋਂ ਆਉਣਾ ਜਾਣਾ ਲੱਗਿਆ ਰਹਿੰਦਾ ਹੈ। ਜਦੋਂ ਵੀ ਮੈਂ ਇੱਧਰੋਂ ਲੰਘਦਾ ਹਾਂ ਮੇਰੀ ਨਿਗਾਹ ਉਸ 'ਤੇ ਜ਼ਰੂਰ ਪੈ ਜਾਂਦੀ ਹੈ। ਉਸ ਦਾ ਹਸੂੰ-ਹਸੂੰ ਕਰਦਾ ਚਿਹਰਾ ਹਰ ਆਉਣ ਜਾਣ ਵਾਲੇ ਨੂੰ ਆਕਰਸ਼ਿਤ ਕਰਦਾ ਹੈ। ਮੈਂ ਉਸ ਨੂੰ ਕਦੇ ਵੀ ਗਾਹਕਾਂ ਨਾਲ ਲੜਦਾ ਹੋਇਆ ਨਹੀਂ ਵੇਖਿਆ। ਉਸ ਨੂੰ ਵੇਖ ਕੇ ਮੇਰੇ ਮਨ ਵਿੱਚ ਵੀ ਕਈ ਵੇਰਾਂ ਖ਼ਿਆਲ ਆਇਆ ਸੀ ਕਿ ਮੈਂ ਉਸ ਨਾਲ ਉਸ ਦੇ ਨਿੱਜੀ ਜੀਵਨ ਬਾਰੇ ਗੱਲਾਂ ਕਰਾਂ ਅਤੇ ਜਾਣਾ ਕਿ ਉਸ ਦੇ ਖ਼ੁਸ਼ ਰਹਿਣ ਦਾ ਆਖ਼ਿਰ ਰਾਜ਼ ਕੀ ਹੈ। ਜਿਸ ਦੁਕਾਨ ਅੱਗੇ ਉਹ ਜੁੱਤੀਆਂ ਪਾਲਿਸ਼ ਕਰਨ ਅਤੇ ਟੁੱਟੀਆਂ ਜੁੱਤੀਆਂ ਗੰਢਣ ਦਾ ਕੰਮ ਕਰਦਾ ਹੈ ਉਹ ਸ. ਗੁਰਮੁੱਖ ਸਿੰਘ ਦੀ ਹੈ ਜਿਸ ਨੂੰ ਮੈਂ ਚੰਗੀ ਤਰ੍ਹਾਂ ਜਾਣਦਾ ਵੀ ਹਾਂ। ਇੱਕ ਦਿਨ ਮੈਂ ਸ. ਗੁਰਮੁਖ ਸਿੰਘ ਦੀ ਦੁਕਾਨ 'ਤੇ ਚਲਾ ਗਿਆ ਅਤੇ ਉਸ ਨੂੰ ਦੱਸਿਆ ਕਿ ਮੈਂ ਇੱਕ ਕਿਤਾਬ ਲਿਖ ਰਿਹਾ ਹਾਂ ਜਿਸ ਵਿੱਚ ਇੱਕ ਕਿਰਤੀ ਕਾਮੇ ਬਾਰੇ ਵੀ ਲਿਖਣਾ ਹੈ। ਇਸ ਲਈ ਮੈਂ ਇਸ ਆਦਮੀ ਦੀ ਇੰਟਰਵਿਊ ਲੈਣਾ ਚਾਹੁੰਦਾ ਹਾਂ। ਉਸ ਨੇ ਝੱਟ ਉਸ ਨੂੰ ਆਵਾਜ਼ ਮਾਰ ਕੇ ਆਪਣੀ ਦੁਕਾਨ 'ਤੇ ਸੱਦ ਲਿਆ ਅਤੇ ਮੇਰੇ ਆਉਣ ਦੇ ਆਸ਼ੇ ਬਾਰੇ ਉਸ ਨੂੰ ਦੱਸਿਆ।

ਇੰਟਰਵਿਊ ਲੈਣ ਦੀ ਗੱਲ ਸੁਣ ਕੇ ਉਹ ਹੱਸ ਪਿਆ ਅਤੇ ਬੋਲਿਆ, "ਕਮਾਲ ਹੈ! ਸਾਡੀ ਗਰੀਬਾਂ ਦੀ ਵੀ ਅੱਜ ਕੋਈ ਇੰਟਰਵਿਊ ਲੈਣ ਆਇਆ ਹੈ। ਅੱਜ ਤੱਕ ਤਾਂ ਸੁਣਦੇ ਆਏ ਹਾਂ, ਵੱਡਿਆਂ ਬੰਦਿਆਂ ਦੀ ਇੰਟਰਵਿਊ ਹੁੰਦੀ ਹੈ। ਇਹ ਤਾਂ ਅਜ਼ੀਬ ਹੀ ਗੱਲ ਹੋ ਗਈ ਹੈ ਜਦੋਂ ਕਿਸੇ ਗਰੀਬ ਕਾਮੇ ਦੀ ਵੀ ਇੰਟਰਵਿਊ ਲਈ ਜਾ ਰਹੀ ਹੈ।" ਉਹ ਕੁਝ ਚਿਰ ਲਈ ਰੁਕ ਕੇ ਅਤੇ ਸੰਜ਼ੀਦਾ ਹੋ ਕੇ ਫਿਰ ਬੋਲਿਆ,"ਹਾਂ। ਦੱਸੋ ਸਰਦਾਰ ਜੀ, ਕੀ ਪੁੱਛਣਾ ਜੇ? ਮੇਰੀ ਜਾਚੇ ਤਾਂ ਮੇਰੀ ਜ਼ਿੰਦਗੀ ਵਿੱਚ ਸਵਾਏ ਗਰੀਬੀ ਦੇ ਕੁਝ ਵੀ ਨਹੀਂ। ਫਿਰ ਵੀ ਪੁੱਛੋ ਜੋ ਪੁੱਛਣਾ ਜੇ।" ਏਨਾਂ ਕਹਿ ਕੇ ਉਹ ਚੁੱਪ ਹੋ ਗਿਆ ਸੀ। ਮੈਂ ਉਸ ਨਾਲ ਉਸ ਦੀ ਜ਼ਿੰਦਗੀ ਬਾਰੇ ਜਿਹੜੇ ਸੁਆਲ ਕੀਤੇ ਸਨ ਅਤੇ ਜੋ ਜੋ ਉਸ ਨੇ ਜੁਆਬ ਦਿੱਤੇ ਸਨ ਉਸ ਦਾ ਸਾਰਅੰਸ਼ ਇਸ ਤਰ੍ਹਾਂ ਹੈ:

**ਸੁਆਲ:** ਬਚਨ ਰਾਮ ਜੀ ਕੀ ਤੁਸੀ ਆਪਣੇ ਬਚਪਨ ਅਤੇ ਪ੍ਰੀਵਾਰ ਬਾਰੇ ਕੁਝ ਦੱਸੋਗੇ?

**ਜੁਆਬ:** ਮੇਰਾ ਜਨਮ ਪਿੰਡ ਦੇਵਾ ਵਡਾਲਾ ਜ਼ਿਲ੍ਹਾ ਸਿਆਲਕੋਟ(ਪਾਕਿਸਤਾਨ) ਵਿੱਚ ਪਿਤਾ ਦਿਆਲੂ ਰਾਮ ਦੇ ਘਰ ਮਾਤਾ ਸ਼ਾਹਣੀ ਦੀ ਕੁੱਖੋਂ ਹੋਇਆ ਹੈ। ਮੈਨੂੰ ਆਪਣੀ ਜਨਮ ਮਿਤੀ ਤਾਂ ਯਾਦ ਨਹੀਂ ਪਰ ਇਹ ਜ਼ਰੂਰ ਯਾਦ ਹੈ ਕਿ ਜਦੋਂ ਦੇਸ਼ ਦੀ ਵੰਡ ਹੋਈ ਸੀ ਤਾਂ ਮੈਂ ਬਾਹਰਾਂ ਕੁ ਸਾਲਾਂ ਦਾ ਸਾਂ। ਇਸ ਹਿਸਾਬ ਨਾਲ ਮੇਰਾ

ਜਨਮ 1935 ਦੇ ਨੇੜੇ-ਤੇੜੇ ਹੋਇਆ ਹੈ। ਮੇਰੀਆਂ ਚਾਰ ਭੈਣਾਂ ਹਨ ਅਤੇ ਅਸੀਂ ਤਿੰਨ ਭਰਾ ਹਾਂ। ਮੈਂ ਇਨ੍ਹਾਂ ਸਭਨਾਂ 'ਤੋਂ ਵੱਡਾ ਹਾਂ।

**ਸੁਆਲ:** ਕੀ ਤੁਸੀਂ ਕੋਈ ਪੜ੍ਹਾਈ ਵੀ ਕੀਤੀ ਹੈ। ਮੇਰਾ ਭਾਵ ਹੈ ਤੁਸੀਂ ਵਿੱਦਿਆ ਪ੍ਰਾਪਤੀ ਲਈ ਸਕੂਲ ਵੀ ਗਏ ਹੋ ਕਿ ਨਹੀਂ?

**ਜੁਆਬ:** ਮੈਂ ਜ਼ਿਆਦਾ ਤਾਂ ਨਹੀਂ ਪੜ੍ਹਿਆ ਹੋਇਆ ਪਰ ਪਾਕਿਸਤਾਨ ਬਣਨ ਤੋਂ ਪਹਿਲਾਂ ਆਪਣੇ ਪਿੰਡ ਦੇ ਸਕੂਲ ਵਿੱਚ ਪੜ੍ਹਨ ਜਾਇਆ ਕਰਦਾ ਸੀ। ਮੈਂ ਛੇਵੀਂ ਜਮਾਤ ਵਿੱਚ ਪੜ੍ਹਦਾ ਸਾਂ ਜਦੋਂ ਦੇਸ਼ ਦੀ ਵੰਡ ਹੋ ਗਈ ਸੀ ਅਤੇ ਮੈਨੂੰ ਆਪਣੀ ਪੜ੍ਹਾਈ ਵਿਚਾਲੇ ਹੀ ਛੱਡ ਕੇ ਪ੍ਰੀਵਾਰ ਸਮੇਤ ਇੱਧਰ ਆਉਣਾ ਪੈ ਗਿਆ ਸੀ। ਅਸੀਂ ਦੂਸਰੇ ਪ੍ਰੀਵਾਰਾਂ ਸਮੇਤ ਜੰਮੂ ਵਿੱਚ ਆ ਵੱਸੇ ਸੀ। ਸਰਕਾਰ ਵੱਲੋਂ ਸਾਨੂੰ ਥੋੜ੍ਹੀ ਜਿਹੀ ਜ਼ਮੀਨ ਵੀ ਅਲਾਟ ਹੋਈ ਜਿਹੜੀ ਬਾਅਦ ਵਿੱਚ ਗਰੀਬੀ ਦੀ ਭੇਟ ਚੜ੍ਹ ਗਈ ਸੀ।

**ਸੁਆਲ:** ਤੁਸੀਂ ਤਾਂ ਜੰਮੂ ਵਿੱਚ ਰਹਿੰਦੇ ਸੀ। ਪੰਜਾਬ ਵਿੱਚ ਕਿਸ ਤਰ੍ਹਾਂ ਆ ਗਏ?

**ਜੁਆਬ:** ਪਹਿਲਾਂ ਹੀ ਦੱਸ ਚੁੱਕਾ ਹਾਂ ਕਿ ਪਾਕਿਸਤਾਨ ਤੋਂ ਸਭ ਕੁਝ ਛੱਡ ਛੁਡਾ ਕੇ ਇਧਰ ਆਉਣਾ ਪਿਆ ਸੀ। ਰੋਜ਼ੀ ਰੋਟੀ ਦਾ ਸਾਧਨ ਕੋਈ ਹੋਰ ਨਹੀਂ ਸੀ। ਬਜ਼ੁਰਗ ਉੱਧਰ ਵੀ ਪਿੰਡ ਵਿੱਚ ਚਮੜੇ ਦਾ ਹੀ ਕੰਮ ਕਰਦੇ ਸਨ ਅਤੇ ਇੱਧਰ ਵੀ ਇਹੀ ਕੰਮ ਕਰਨਾ ਆਰੰਭਿਆ ਸੀ। 'ਦੇਸ਼ ਪਰਾਇਆ ਲੋਗ ਬੇਗਾਨੇ' ਵਾਲੀ ਗੱਲ ਸੀ। ਕੋਈ ਹਮਸਾਇਆ ਨਹੀਂ ਸੀ ਜਿਹੜਾ ਇਸ ਮੁਸੀਬਤ ਵਿੱਚ ਬਾਂਹ ਫੜ੍ਹਦਾ। ਪ੍ਰੀਵਾਰ ਨੂੰ ਪਾਲਣ ਦੀ ਸਮੱਸਿਆ ਸੀ। ਸੋਚ ਵਿਚਾਰ ਕੇ ਮੈਂ ਪੰਜਾਬ ਆਉਣ ਦਾ ਮਨ ਬਣਾ ਲਿਆ ਸੀ। ਆਖ਼ਿਰ ਸੰਨ 1962 ਵਿੱਚ ਮੈਂ ਆਪਣੇ ਪ੍ਰੀਵਾਰ ਸਮੇਤ ਤਰਨ ਤਾਰਨ ਆ ਵੱਸਿਆ ਸਾਂ।

**ਸੁਆਲ:** ਤੁਹਾਡੀ ਸ਼ਾਦੀ ਕਦੋਂ ਹੋਈ? ਸੰਤਾਨ ਬਾਰੇ ਵੀ ਕੁਝ ਦੱਸੋ?

**ਜੁਆਬ:** ਮੇਰੀ ਸ਼ਾਦੀ ਸੰਨ 1962 ਵਿੱਚ ਜਦੋਂ ਪਾਕਿਸਤਾਨ ਨਾਲ ਭਾਰਤ ਦੀ ਜੰਗ ਹੋਈ ਸੀ ਹੋਈ ਸੀ। ਮੇਰੀ ਸ਼ਾਦੀ ਵਿੱਦਿਆ ਸਪੁੱਤਰੀ ਸ਼ੈਲੋ ਰਾਮ ਵਾਸੀ ਜੰਮੂ ਨਾਲ ਹੋਈ ਹੈ। ਮੇਰਾ ਇੱਕ ਲੜਕਾ ਅਤੇ ਦੋ ਲੜਕੀਆਂ ਹਨ। ਮੇਰੇ ਲੜਕੇ ਦੀ ਉਮਰ ਇਸ ਵੇਲੇ 35 ਕੁ ਸਾਲ ਦੀ ਹੈ ਅਤੇ ਉਸ ਦੀ ਵੀ ਸ਼ਾਦੀ ਹੋ ਚੁੱਕੀ ਹੈ। ਉਹ ਕਿਸੇ ਮੈਡੀਕਲ (ਕੈਮਿਸਟ) ਦੀ ਦੁਕਾਨ 'ਤੇ ਨੌਕਰੀ ਵੀ ਕਰਦਾ ਹੈ।

**ਸੁਆਲ:** ਕੀ ਤੁਹਾਡਾ ਲੜਕਾ ਘਰ ਚਲਾਉਣ ਵਾਸਤੇ ਤੁਹਾਡਾ ਹੱਥ ਵੀ ਵਟਾਉਂਦਾ ਹੈ ਜਾਂ ਆਪਣਾ ਵੱਖਰਾ ਟੱਬਰ ਪਾਲਦਾ ਹੈ?

**ਜੁਆਬ:** ਸਾਡਾ ਅੱਜ ਤੱਕ ਸਾਂਝਾ ਪ੍ਰੀਵਾਰ ਹੈ। ਮੈਂ ਪਿਤਾ-ਪੁਰਖ਼ੀ ਕੰਮ ਕਰਦਾ ਹਾਂ। ਭਾਵ ਜੁਤੀਆਂ ਨੂੰ ਪਾਲਿਸ਼ ਕਰਨਾ, ਟੁੱਟੀਆਂ ਜੁੱਤੀਆਂ ਦੀ ਮੁਰੰਮਤ ਕਰਨਾ ਅਤੇ ਹੋਰ ਚਮੜੇ ਦਾ ਕੰਮ ਕਰਦਾ ਹਾਂ। ਜਿਹੜੀ ਕਮਾਈ ਮੈਂ ਕਰਦਾ ਹਾਂ ਉਸ ਵਿੱਚ ਮੇਰਾ ਲੜਕਾ ਵੀ ਆਪਣੀ ਤਨਖ਼ਾਹ ਪਾ ਕੇ ਘਰ ਨੂੰ ਚਲਾਉਣ ਵਿੱਚ ਮੇਰਾ ਹੱਥ ਵਟਾਉਂਦਾ ਹੈ।

**ਸੁਆਲ:** ਤੁਸੀਂ ਦਿਹਾੜੀ ਵਿੱਚ ਕਿੰਨੀਂ ਕੁ ਕਮਾਈ ਕਰ ਲੈਂਦੇ ਹੋ?

**ਜੁਆਬ:** ਇਸ ਬਾਰੇ ਪੱਕੇ ਤੌਰ 'ਤੇ ਕੁਝ ਨਹੀਂ ਕਿਹਾ ਜਾ ਸਕਦਾ। ਕਈ ਵੇਰਾਂ ਤਾਂ ਪੰਜਾਹ ਤੋਂ ਸੱਠ ਰੁਪਏ ਵੀ ਕਮਾ ਲੈਂਦਾ ਹਾਂ ਪਰ ਕਈ ਵੇਰਾਂ ਸਾਰਾ ਸਾਰਾ ਦਿਨ ਵਿਹਲੇ ਬੈਠ ਕੇ ਹੀ ਘਰ ਮੁੜ ਆਈਦਾ ਹੈ। ਜੇ ਕਰ ਬਾਰਸ਼ ਦਾ ਮੌਸਮ ਹੋਵੇ ਤਾਂ ਕਈ ਕਈ ਦਿਨ ਫਾਕਾ ਮੱਸਤੀ ਦਾ ਬੋਲਬਾਲਾ ਹੋ ਜਾਂਦਾ ਹੈ।

**ਸੁਆਲ:** ਜਿਵੇਂ ਤੁਸੀਂ ਦੱਸਿਆ ਹੈ ਕਿ ਜ਼ਿੰਦਗੀ ਕੋਈ ਜ਼ਿਆਦਾ ਰੰਗੀਨ ਨਹੀਂ ਬੀਤ ਰਹੀ। ਇਸ ਤਰ੍ਹਾਂ ਕਈ ਵੇਰਾਂ ਮਨ ਉਦਾਸ ਵੀ ਹੋ ਜਾਂਦਾ ਹੋਵੇਗਾ। ਅਜਿਹੀ ਹਾਲਤ ਵਿੱਚ ਕੰਮ ਦੀ ਥਕਾਵਟ ਅਤੇ ਗ਼ਮਗੀਨਤਾ ਦੇ ਮਾਹੌਲ ਵਿੱਚ ਨਸ਼ਾ ਕਰ ਲੈਣ ਲਈ ਮਨ ਨਹੀਂ ਕਰਦਾ?

**ਜੁਆਬ:** ਕਿਸ ਦਾ ਜੀਅ ਨਹੀਂ ਕਰਦਾ ਕਿ ਉਹ ਇਸ ਜੀਵਨ ਨੂੰ ਮਾਣੇ। ਮੇਰੇ ਅੰਦਰ ਵੀ ਤਲ਼ਬ ਹੈ ਕਿ ਮੈਂ ਵੀ ਬੈਠ ਕੇ ਖਾਵਾਂ। ਚੰਗਾ ਹੰਢਾਵਾਂ ਚੰਗਾ ਖਾਵਾਂ ਪਰ ਕੀ ਕਰਾਂ ਸਾਧਨ ਹੀ ਬੜੇ ਸੀਮਤ ਹਨ। ਇਸ ਮਹਿੰਗਾਈ ਦੇ ਜ਼ਮਾਨੇ ਵਿੱਚ ਜਦੋਂ ਕਿ ਆਟਾ ਦਾਲ ਹੀ ਅਸਮਾਨ ਨੂੰ ਛੂਹ ਰਿਹਾ ਹੈ ਬਾਕੀ ਐਸ਼ਾਂ ਕਰਨਾ ਕਿਸ ਤਰ੍ਹਾਂ ਸੰਭਵ ਹੋ ਸਕਦਾ ਹੈ। ਘਰ ਗ੍ਰਹਿਸਤੀ ਦਾ ਬੋਝ ਢੋਣਾ ਹੀ ਬਹੁਤ ਮੁਸ਼ਕਲ ਹੈ। ਉਮਰ ਵੀ ਹੁਣ 77 ਸਾਲ ਦੇ ਨੇੜੇ ਪਹੁੰਚ ਗਈ ਹੈ। ਸਰੀਰ ਵਿੱਚ ਉਹ ਪਹਿਲਾਂ ਵਰਗੀ ਜਾਨ ਵੀ ਨਹੀਂ ਰਹੀ ਇਸ ਕਰਕੇ ਨਸ਼ੇ ਦਾ ਸਹਾਰਾ ਲੈਣਾ ਹੀ ਪੈਂਦਾ ਹੈ। ਮੇਰੇ ਵਰਗੇ ਯਾਰ ਦੋਸਤ ਜਦੋਂ ਸ਼ਾਮ ਨੂੰ ਆ ਇਕੱਠੇ ਹੁੰਦੇ ਹਨ ਤਾਂ ਗ਼ਮ ਗ਼ਲਤ ਕਰਨ ਲਈ ਰਲ ਕੇ ਆਪਣੇ ਆਪਣੇ ਦੁੱਖ ਸਾਂਝੇ ਕਰਦਿਆਂ ਹੋਇਆਂ ਪੈਗ ਲਾ ਲਈਦਾ ਹੈ।

**ਸੁਆਲ:** ਜ਼ਿਆਦਾ ਕਰ ਘਰ ਦੀਆਂ ਔਰਤਾਂ ਪੀਣ ਨੂੰ ਪਸੰਦ ਨਹੀਂ ਕਰਦੀਆਂ। ਜਦੋਂ ਤੁਸੀਂ ਪੀ ਕੇ ਘਰ ਵੜਦੇ ਹੋ ਤਾਂ ਤੁਹਾਡੀ ਪੀਣੀ ਦਾ ਘਰ ਵਿੱਚ ਕਲੇਸ਼ ਨਹੀਂ ਪੈਂਦਾ?

**ਜੁਆਬ:** ਤੁਹਾਡੀ ਗੱਲ ਠੀਕ ਹੈ ਕਿ ਔਰਤਾਂ ਸ਼ਰਾਬ ਨੂੰ ਨਫ਼ਰਤ ਕਰਦੀਆਂ ਹਨ ਅਤੇ ਉਹ ਰੌਲਾ ਰੱਪਾ ਵੀ ਪਾਉਂਦੀਆਂ ਹਨ ਪਰ ਅਸੀਂ ਵੀ ਕੀ ਕਰੀਏ। ਫ਼ਿਕਰਾਂ ਦੀ ਪੰਡ ਦਾ ਭਾਰ ਕੁਝ ਚਿਰ ਲਈ ਹੋਲਾ ਕਰਨ

ਲਈ ਜੇ ਦੋ ਘੁੱਟ ਪੀ ਲਈ ਤਾਂ ਕਿੱਧਰ ਦੀ ਆਖਰ ਆ ਜਾਂਦੀ ਹੈ। ਰੋਜ਼ ਰੋਜ਼ ਦੀ ਕਿਚਕਿਚ ਹੌਲੀ ਹੌਲੀ ਮੱਧਮ ਪੈ ਹੀ ਜਾਂਦੀ ਹੈ।

**ਸੁਆਲ:** ਕੀ ਤੁਹਾਡਾ ਲੜਕਾ ਵੀ ਤੁਹਾਡੀ ਪੀਣੀ ਦਾ ਬੁਰਾ ਨਹੀਂ ਮਨਾਉਂਦਾ? ਉਹ ਇਸ ਗੱਲ ਨੂੰ ਕਿਵੇਂ ਲੈਂਦਾ ਹੈ?

**ਜੁਆਬ:** ਉਹ ਸ਼ਾਇਦ ਸਿਆਣਾ ਹੈ ਅਤੇ ਮੇਰੀ ਮਜ਼ਬੂਰੀ ਨੂੰ ਸਮਝਦਾ ਹੈ ਕਿ ਮੇਰਾ ਪਿਉ ਕਮਾਈ ਵੀ ਕਰਦਾ ਹੈ ਜੇਕਰ ਉਸ 'ਚੋਂ ਪੀ ਲੈਂਦਾ ਹੈ ਤਾਂ ਕੋਈ ਆਖਰ ਨਹੀਂ ਆਉਂਦੀ। ਉਹ ਜ਼ਿਆਦਾ ਕਰਕੇ ਚੁੱਪ ਹੀ ਰਹਿੰਦਾ ਹੈ।

**ਸੁਆਲ:** ਜੇਕਰ ਤੁਹਾਡੀ ਲਾਟਰੀ ਲੱਗ ਜਾਵੇ ਜਾਂ ਕਿਧਰੋਂ ਲੱਖ ਦੋ ਲੱਖ ਰੁਪਏ ਮਿਲ ਜਾਣ ਤਾਂ ਤੁਸੀਂ ਸਭ ਤੋਂ ਪਹਿਲਾਂ ਆਪਣੀਆਂ ਕਿਹੜੀਆਂ ਰੀਝਾਂ ਪੂਰੀਆਂ ਕਰਨ ਬਾਰੇ ਸੋਚੋਗੇ?

**ਜੁਆਬ:** ਮੇਰੀਆਂ ਜੀਵਨ ਦੀਆਂ ਰੀਝਾਂ ਤਾਂ ਬਹੁਤ ਹਨ ਪਰ ਸਾਰੀਆਂ ਖ਼ਾਹਸ਼ਾਂ ਤਾਂ ਕਦੇ ਵੀ ਕਿਸੇ ਦੀਆਂ ਪੂਰੀਆਂ ਨਹੀਂ ਹੁੰਦੀਆਂ। ਫਿਰ ਵੀ ਕੁਝ ਅਜਿਹੀਆਂ ਲੋੜਾਂ ਹੁੰਦੀਆਂ ਹਨ ਜਿਨ੍ਹਾਂ ਤੋਂ ਬਗ਼ੈਰ ਇਹ ਜ਼ਿੰਦਗੀ ਨਰਕ ਵਰਗੀ ਲੱਗਦੀ ਹੈ। ਜੀਵਨ ਦੀਆਂ ਮੁੱਖ ਲੋੜਾਂ ਤਾਂ ਕੁੱਲੀ,ਗੁੱਲੀ ਅਤੇ ਜੁਲੀ ਹੀ ਮੰਨੀਆਂ ਜਾਂਦੀਆਂ ਹਨ। ਇਹ ਪੂਰੀਆਂ ਹੋ ਜਾਣ ਉਪਰੰਤ ਹੀ ਦੂਸਰੀਆਂ ਖਾਹਸ਼ਾਂ ਬਾਰੇ ਸੋਚਿਆ ਜਾ ਸਕਦਾ ਹੈ। ਮੈਂ ਆਪਣੇ ਲੜਕੇ ਨੂੰ ਹਮੇਸ਼ਾਂ ਕਹਿੰਦਾ ਹਾਂ ਕਿ ਆਪਣਾ ਮਕਾਨ ਚੰਗੀ ਹਾਲਤ ਵਿੱਚ ਨਹੀਂ ਆਪਾਂ ਇਸ ਨੂੰ ਢਾਹ ਕੇ ਬਣਾ ਲਈਏ। ਪਰ ਉਸ ਦਾ ਕਹਿਣਾ ਹੈ ਕਿ ਆਪਣੀ ਦੁਕਾਨ ਪਾਉਣੀ ਹੈ ਅਤੇ ਉਸ ਵਿੱਚੋਂ ਕਮਾਈ ਕਰਕੇ ਮਕਾਨ ਬਣਾਉਣਾ ਹੈ। ਉਹ ਕਰਜ਼ਾ ਚੁੱਕਣ ਦੇ ਹੱਕ ਵਿੱਚ ਨਹੀਂ। ਜੇਕਰ ਕਿਧਰੋਂ ਪੈਸੇ ਮਿਲ ਜਾਣ ਤਾਂ ਮੈਂ ਸਭ ਤੋਂ ਪਹਿਲਾਂ ਉਸ ਨੂੰ ਦੁਕਾਨ ਬਣਾ ਕੇ ਦੇਣਾ ਚਾਹੁੰਦਾ ਹਾਂ। ਦੂਸਰੀਆਂ ਗੱਲਾਂ ਬਾਅਦ ਵਿੱਚ ਸੋਚਾਂਗਾ।

**ਸੁਆਲ:** ਤੁਸੀਂ ਗ਼ਰੀਬੀ ਦਾ ਜੀਵਨ ਬਤੀਤ ਕਰ ਰਹੇ ਹੋ। ਇਸ ਲਈ ਤੁਸੀਂ ਕਿਸ ਨੂੰ ਜ਼ਿਮੇਂਵਾਰ ਸਮਝਦੇ ਹੋ,ਕਿਸਮਤ,ਰੱਬ ਜਾਂ ਇਨਸਾਨ ਨੂੰ?

**ਜੁਆਬ:** ਆਪਣੀ ਗ਼ੁਰਬਤ ਲਈ ਮੈਂ ਕਿਸੇ ਨੂੰ ਵੀ ਦੋਸ਼ ਨਹੀਂ ਦਿੰਦਾ। ਮੇਰੇ ਕਰਮ ਹੀ ਸ਼ਾਇਦ ਮਾੜੇ ਹਨ। ਪਿਛਲੇ ਜਨਮ ਵਿੱਚ ਸ਼ਾਇਦ ਮੈਂ ਕੋਈ ਪਾਪ ਕੀਤੇ ਹੋਣਗੇ ਜਿਸ ਦੀ ਸਜ਼ਾ ਹੁਣ ਭੁਗਤ ਰਿਹਾ ਹਾਂ। ਮੈਨੂੰ ਇੱਕ ਵੇਰਾਂ ਨੇਵੀ ਵਿੱਚ ਭਰਤੀ ਹੋਣ ਦਾ ਵੀ ਮੌਕਾ ਮਿਲਿਆ ਸੀ ਪਰ ਮੇਰੀ ਮਾਂ ਨੇ ਹੀ ਮੈਨੂੰ ਭਰਤੀ ਨਹੀਂ ਸੀ ਹੋਣ ਦਿੱਤਾ। ਜੇਕਰ ਮੈਂ ਨੇਵੀ ਵਿੱਚ ਭਰਤੀ ਹੋ ਗਿਆ ਹੁੰਦਾ ਤਾਂ ਸ਼ਾਇਦ ਅੱਜ ਜੁੱਤੀਆਂ ਨਾ ਗੰਢ ਰਿਹਾ ਹੁੰਦਾ। ਹੋਇਆ ਨਾ ਇਹ ਮੇਰੀ ਮਾੜੀ ਕਿਸਮਤ ਦਾ ਹੀ ਫਲ?

**ਸੁਆਲ:** ਮੈਂ ਆਉਂਦਿਆਂ-ਜਾਂਦਿਆਂ ਅਕਸਰ ਵੇਖਿਆ ਹੈ ਕਿ ਤੁਹਾਡੇ ਨੇੜੇ ਸਬਜ਼ੀ,ਫਲ ਅਤੇ ਹੋਰ ਵਸਤਾਂ ਦੀਆਂ ਰੇੜ੍ਹੀਆਂ ਲਾਉਣ ਵਾਲੇ ਤੁਹਾਡੇ ਕੋਲ ਆ ਬੈਠਦੇ ਹਨ। ਕੀ ਕਾਰਨ ਹੈ? ਕੀ ਇਹ ਸਾਰੇ ਤੁਹਾਡੇ ਹਮ-ਪਿਆਲਾ ਯਾਰ ਦੋਸਤ ਹਨ ਜਾਂ ਕੋਈ ਹੋਰ ਕਾਰਨ ਹੈ?

**ਜੁਆਬ:** ਇਸ ਤੋਂ ਪਹਿਲਾਂ ਕਿ ਬਚਨ ਰਾਮ ਇਸ ਦਾ ਉੱਤਰ ਦਿੰਦਾ ਉਸ ਦੇ ਕੋਲ ਬੈਠਾ ਇੱਕ ਰੇੜ੍ਹੀ ਵਾਲਾ ਬੋਲ ਪਿਆ "ਇਹ ਸਾਡਾ ਪ੍ਰਧਾਨ ਹੈ ਜੀ। ਅਸੀਂ ਜੇਕਰ ਇਸ ਕੋਲ ਸ਼ਾਮ ਨੂੰ ਬੈਠ ਕੇ ਪੈਗ ਲਾਉਂਦੇ ਵੀ ਹਾਂ ਤਾਂ ਪਹਿਲਾਂ ਇਸ ਦੀ ਇਜ਼ਾਜਤ ਪ੍ਰਧਾਨ ਕੋਲੋਂ ਲੈਂਦੇ ਹਾਂ।" ਬਚਨ ਰਾਮ ਨੇ ਵੀ ਹੱਸ ਕੇ ਕਿਹਾ ਸੀ ਕਿ ਸਰਦਾਰ ਜੀ ਮੈਂ ਪ੍ਰਧਾਨ ਵਰਧਾਨ ਤਾਂ ਕੋਈ ਨਹੀਂ ਹਾਂ। ਇਹ ਸਾਰੇ ਹੀ ਮੇਰੇ ਵਰਗੇ ਹੀ ਗਰੀਬੀ ਹੰਢਾ ਰਹੇ ਹਨ। ਮੇਰੇ ਕੋਲ ਕੁਝ ਸਮਾਂ ਆ ਬੈਠਦੇ ਹਨ ਅਤੇ ਆਪਣੇ ਦੁੱਖ-ਸੁੱਖ ਸਾਂਝੇ ਕਰ ਲੈਂਦੇ ਹਨ। ਹਾਂ, ਇਹ ਗੱਲ ਵੀ ਠੀਕ ਹੈ ਕਿ ਇਹ ਸਾਰੇ ਜਾਣੇ ਸ਼ਾਮ ਨੂੰ ਰਲ ਕੇ ਪੈਸੇ ਪਾ ਲੈਂਦੇ ਹਨ ਅਤੇ ਦਾਰੂ ਲਿਆ ਕੇ ਸਾਰੇ ਦਿਨ ਦਾ ਥਕੇਵਾਂ ਵੀ ਮੇਰੇ ਕੋਲ ਬੈਠ ਕੇ ਦੂਰ ਕਰ ਲੈਂਦੇ ਹਨ ਅਤੇ ਆਪਣੇ ਗ਼ਮ ਵੀ।

**ਸੁਆਲ:** ਕੀ ਤੁਸੀਂ ਆਪਣੇ ਜੀਵਨ ਦੀ ਕੋਈ ਯਾਦਗਾਰੀ ਘਟਨਾ ਸੁਣਾਓਗੇ?

**ਜੁਆਬ:** ਇਹ ਘਟਨਾ ਸੁਣਾਉਂਦਿਆਂ ਹੋਇਆਂ ਸ਼ਰਮ ਵੀ ਆਉਂਦੀ ਅਤੇ ਮਨ ਵਿੱਚ ਨਫ਼ਰਤ ਵੀ ਜਾਗਦੀ ਹੈ ਕਿ ਕਿਵੇਂ ਆਪਣੇ ਹੀ ਪਿੱਠ ਵਿੱਚ ਛੁਰੀ ਮਾਰ ਦਿੰਦੇ ਹਨ। ਮੇਰੇ ਕੋਲ ਉਸ ਸਮੇਂ ਪੰਜੀ ਹਜ਼ਾਰ ਰੁਪਏ ਨਕਦ ਸਨ। ਇੱਕ ਦਿਨ ਮੇਰਾ ਕੁੜਮ (ਮੇਰੇ ਲੜਕੇ ਦਾ ਸਹੁਰਾ) ਸਾਡੇ ਘਰ ਆਇਆ। ਕੁੜਮਾਚਾਰੀ ਸੀ, ਮੈਂ ਉਸ ਦੀ ਖ਼ੂਬ ਸੇਵਾ ਕੀਤੀ। ਮੀਟ ਬਣਾਇਆ ਅਤੇ ਉਸ ਵਾਸਤੇ ਪੀਣ ਲਈ ਸ਼ਰਾਬ ਵੀ ਲਿਆਂਦੀ। ਪਤਾ ਨਹੀਂ ਉਸ ਦੇ ਮਨ ਵਿੱਚ ਪਹਿਲਾਂ ਹੀ ਮੈਲ ਸੀ। ਉਸ ਨੇ ਮੇਰੇ ਨਾਲ ਬੈਠ ਕੇ ਸ਼ਰਾਬ ਪੀਤੀ। ਗੱਲ ਕੀ ਉਸ ਨੇ ਮੈਨੂੰ ਜ਼ਿਆਦਾ ਸ਼ਰਾਬ ਪਿਲਾ ਕੇ ਆਊਟ ਕਰ ਦਿੱਤਾ। ਉਸ ਨੇ ਐਵੇਂ ਹੀ ਬਹਾਨਾ ਬਣਾ ਲਿਆ ਕਿ ਮੈਂ ਉਸ ਨੂੰ ਗਾਲ੍ਹ ਕੱਢੀ ਹੈ। ਮੈਨੂੰ ਉਸ ਨੇ ਬਹੁਤ ਮਾਰਿਆ ਅਤੇ ਮਾਰ ਮਾਰ ਕੇ ਲਹੂ ਲੁਹਾਨ ਕਰ ਦਿੱਤਾ। ਇਸੇ ਰੌਲੇ-ਰੱਪੇ ਵਿੱਚ ਹੀ ਉਹ ਉੱਠ ਕੇ ਚਲਾ ਗਿਆ ਅਤੇ ਜਮ੍ਹਾਂ ਕੀਤੇ ਹੋਏ ਪੰਜੀ ਹਜ਼ਾਰ ਰੁਪਏ ਵੀ ਲੈ ਗਿਆ। ਉਸ ਤੋਂ ਬਾਅਦ ਮੈਂ ਉਸ ਨੂੰ ਕਦੇ ਵੀ ਮੂੰਹ ਨਹੀਂ ਲਾਇਆ ਅਤੇ ਨਾ ਹੀ ਘਰ ਵੜਨ ਦਿੱਤਾ ਹੈ। ਇਹ ਘਟਨਾ ਉਂਝ ਵੀ ਜਦੋਂ ਮੈਨੂੰ ਯਾਦ ਆਉਂਦੀ ਹੈ ਤਾਂ ਦਿਲ 'ਤੇ ਸੱਟ ਵੱਜਦੀ ਹੈ ਕਿ ਰਿਸ਼ਤਾ ਅਜਿਹਾ

ਹੋਵੇ ਅਤੇ ਇੱਕ ਆਦਮੀ ਅਜਿਹਾ ਕੰਮ ਕਰੇ? ਸੱਚ ਤਾਂ ਇਹ ਹੈ ਕਿ ਅੱਜ ਦੇ ਜ਼ਮਾਨੇ ਵਿੱਚ ਕੋਈ ਆਪਣਾ ਹੈ ਹੀ ਨਹੀਂ, ਸਭ ਖਾਣ ਦੇ ਯਾਰ ਹਨ।

ਬਚਨ ਰਾਮ ਨਾਲ ਸਾਰੀ ਗੱਲਬਾਤ ਕਰਕੇ ਵੀ ਮੈਂ ਸਮਝਦਾ ਸਾਂ ਕਿ ਮੈਂ ਬਚਨ ਰਾਮ ਨੂੰ ਪੂਰੀ ਤਰ੍ਹਾਂ ਅੰਦਰੋਂ ਫਰੋਲ ਨਹੀਂ ਸਾਂ ਸਕਿਆ। ਜਿਹੜੀਆਂ ਗੱਲਾਂ ਨੂੰ ਉਸ ਨੇ ਬੋਲ ਦਿੱਤੇ ਸਨ ਉਨ੍ਹਾਂ ਤੋਂ ਇਲਾਵਾ ਵੀ ਹੋਰ ਬਹੁਤ ਕੁਝ ਉਸ ਦੇ ਅੰਦਰ ਬਾਕੀ ਹੈ ਜਿਸ ਨੂੰ ਉਸ ਦੀ ਸਬਰ ਦੀ ਕੰਧ ਨੇ ਬਾਹਰ ਨਹੀਂ ਆਉਣ ਦਿੱਤਾ। ਉਸ ਦੇ ਸਬਰ ਦਾ ਕੜ੍ਹ ਇਸ ਕਰਕੇ ਵੀ ਸ਼ਾਇਦ ਨਾ ਟੁੱਟਿਆ ਹੋਵੇ ਕਿ ਜ਼ਿੰਦਗੀ ਵਿੱਚ ਉਸ ਦੇ ਹੰਢਾਏ ਹੋਏ ਦਰਦਾਂ ਨੇ ਉਸ ਨੂੰ ਸਭ ਕੁਝ ਸਹਿ ਲੈਣ ਦਾ ਆਦੀ ਬਣਾ ਦਿੱਤਾ ਹੋਵੇ। ਕਹਿੰਦੇ ਹਨ ਕਿ ਅੱਖੀਆਂ ਰਾਹੀਂ ਹੀ ਕਿਸੇ ਦੇ ਅੰਦਰ ਝਾਕਿਆ ਜਾ ਸਕਦਾ ਹੈ। ਅੱਖੀਆਂ ਝਰੋਖੇ ਹਨ ਕਿਸੇ ਇਨਸਾਨ ਦੇ ਅੰਦਰ ਝਾਕਣ ਲਈ। ਮੈਂ ਉਸ ਦੀਆਂ ਅੱਖੀਆਂ ਵਿੱਚ ਝਾਕਿਆ ਤਾਂ ਮੈਨੂੰ ਅਨੁਭਵ ਹੋਇਆ ਸੀ ਕਿ ਉਨ੍ਹਾਂ ਵਿੱਚ ਅਨੇਕਾਂ ਅਧੂਰੀਆਂ ਖ਼ਾਹਸ਼ਾਂ,ਗ਼ਮਾਂ ਦੇ ਪ੍ਰਛਾਵੇਂ ਅਤੇ ਦਰਦਾਂ ਦੀਆਂ ਚੀਸਾਂ ਤਰ ਰਹੀਆਂ ਸਨ। ਜੇਕਰ ਮੈਂ ਉਸ ਨੂੰ ਹੋਰ ਜ਼ਿਆਦਾ ਟਟੋਲਦਾ ਤਾਂ ਹੋ ਸਕਦਾ ਸੀ ਇਹ ਦਰਦ ਅੱਥਰੂ ਬਣ ਵਹਿ ਹੀ ਤੁਰਦੇ।

ਗਰੀਬੀ ਨੂੰ ਆਪਣੀ ਕਿਸਮਤ ਕਹਿ ਕੇ ਉਸ ਨੇ ਸਮਾਜ ਦੇ ਮੂੰਹ 'ਤੇ ਚਪੇੜ ਮਾਰੀ ਲੱਗਦੀ ਸੀ। ਇਨਸਾਨ ਦੀ ਕਾਣੀਂ ਵੰਡ 'ਤੇ ਉਸ ਦਾ ਇਹ ਉਲਾਹਮਾ ਲੱਗਦਾ ਸੀ। ਸਾਡੇ ਨੇਤਾ,ਆਗੂ ਅਤੇ ਪ੍ਰਚਾਰਕ ਹਰ ਰੋਜ਼ ਸਾਂਝੀਵਾਲਤਾ ਦੇ ਜਿਹੜੇ ਵੱਡੇ ਵੱਡੇ ਦਾਅਵੇ ਕਰਦੇ ਹਨ, ਬਚਨ ਰਾਮ ਨੂੰ ਵੇਖ ਕੇ ਸਭ ਖ਼ੋਖਲੇ ਜਾਪ ਰਹੇ ਸਨ। ਉਹ ਗਰੀਬੀ ਵਿੱਚ ਵੀ ਮੁਸਕਰਾ ਰਿਹਾ ਸੀ। ਉਸ ਨੂੰ ਆਪਣੇ ਆਪ ਨਾਲ ਕੋਈ ਗ਼ਿਲਾ ਨਹੀਂ ਸੀ ਜਾਪਦਾ। ਇਹ ਸਭ ਕੁਝ ਵੇਖ ਕੇ ਮੈਨੂੰ ਕਿਸੇ ਕਵੀ ਦੀਆਂ ਇਹ ਸਤਰਾਂ ਯਾਦ ਆ ਗਈਆਂ ਸਨ:

**"ਸਾਂਝੀਵਾਲਤਾ ਲੱਖ ਪਰਚਾਰੋ ਨਹੀਂ ਸਾਂਝ ਦਿਲਾਂ ਦੀ ਹੋਣੀ।**
**ਇੱਕ ਖ਼ਾਲੀ ਬੋਝੇ ਹੱਸਦੇ ਫਿਰਦੇ,ਇੱਕ ਰੱਜਿਆਂ ਸੂਰਤ ਰੋਣੀ।"**

***

**ਇੱਕ ਟਰੱਕ ਡਰਾਇਵਰ:**

**ਬਿਖੜੇ ਪੈਂਡਿਆਂ ਦਾ ਪਾਂਧੀ**



**ਸ੍ਰ. ਮੰਗਲ ਸਿੰਘ 'ਢਿੱਲੋਂ'**

ਅਧੁਨਿਕ ਯੁੱਗ ਵਿਗਿਆਨ ਦਾ ਯੁੱਗ ਹੈ। ਵਿਗਿਆਨ ਨੇ ਮਨੁੱਖੀ ਜੀਵਨ ਨੂੰ ਖੁਸ਼ਹਾਲ ਬਣਾਉਣ ਦੇ ਨਾਲ ਨਾਲ ਸੁਖਾਲਾ ਵੀ ਬਣਾ ਦਿੱਤਾ ਹੈ। ਕਦੇ ਸਮਾਂ ਹੁੰਦਾ ਸੀ ਜਦੋਂ ਅਸੀਂ ਆਪਣਾ ਮਾਲ-ਅਸਬਾਬ ਆਪਣੇ ਸਿਰ ਤੇ ਢੋਇਆ ਕਰਦੇ ਸਾਂ। ਲੋੜ ਕਾਢ ਦੀ ਮਾਂ ਹੈ। ਪਹੀਏ ਦੀ ਕਾਢ ਨੇ ਗੱਡਿਆਂ,ਸਾਇਕਲਾਂ,ਮੋਟਰਾਂ ਸਾਇਕਲਾਂ,ਟਰੱਕਾਂ,ਹਵਾਈ ਜ਼ਹਾਜਾਂ,ਰੇਲ ਗੱਡੀਆਂ,ਕਾਰਾਂ ਆਦਿ ਅਨੇਕਾਂ ਹੀ ਸਾਧਨਾਂ ਨੂੰ ਜਨਮ ਦਿੱਤਾ ਹੈ। ਇੱਕ ਥਾਂ ਤੋਂ ਦੂਸਰੇ ਥਾਂ ਮਾਲ ਦੀ ਢੋਆ-ਢੁਆਈ ਦੇ ਸਾਧਨਾਂ ਵਿੱਚ ਟਰੱਕਾਂ ਅਤੇ ਮਾਲ ਗੱਡੀਆਂ (ਰੇਲਾਂ)ਦਾ ਅਹਿਮ ਰੋਲ ਹੈ। ਅੱਜ ਅਸੀਂ ਇੱਕ ਟਰੱਕ ਮਾਲਕ/ਡਰਾਇਵਰ ਨਾਲ ਗੱਲਬਾਤ ਕਰ ਕੇ ਇਸ ਧੰਦੇ ਦੀਆਂ ਪਚੀਦਗੀਆਂ ਦਾ ਸਰਵੇਖਣ ਕਰਕੇ ਉਸ ਦੇ ਅੰਦਰਲੇ ਜ਼ਜਬਾਤਾਂ ਨੂੰ ਸਮਝਣ ਦੀ ਕੋਸ਼ਿਸ਼ ਕਰਾਂਗੇ। ਪੇਸ਼ ਹੈ ਇੱਕ ਟਰੱਕ ਡਰਾਇਵਰ ਦੇ ਮਨ ਦੀਆਂ ਪੀੜਾਂ ਅਤੇ ਵਲਵਲੇ, ਇੱਕ ਇੰਟਰਵਿਊ ਦੇ ਰੂਪ ਵਿੱਚ:

**ਪ੍ਰਸ਼ਨ:**ਸ. ਮੰਗਲ ਸਿੰਘ ਜੀ ਕੀ ਤੁਸੀ ਆਪਣੇ ਬਚਪਨ ਦੀਆਂ ਕੁਝ ਯਾਦਾਂ ਸਾਡੇ ਨਾਲ ਸਾਂਝੀਆਂ ਕਰਨੀਆਂ ਚਾਹੋਗੇ?

**ਉੱਤਰ:** ਮੇਰਾ ਜਨਮ 21 ਮਈ,1946 ਨੂੰ ਸ੍ਰ.ਗੁਰਚਰਨ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਗੁਰਦੀਪ ਕੌਰ ਦੀ ਕੁੱਖੋਂ ਜੱਬਲਪੁਰ (ਮੱਧ ਪ੍ਰਦੇਸ਼) ਵਿੱਚ ਹੋਇਆ। ਜਬਲਪੁਰ ਮੇਰੇ ਪਿਤਾ ਜੀ ਆਪਣੇ ਭਣਵਈਏ ਸ੍ਰ. ਸੰਤਾ ਸਿੰਘ ਜੀ ਕੋਲ ਕੰਮ ਸਿੱਖਦੇ ਹੁੰਦੇ ਸਨ। ਸਾਡੇ ਪੁਰਖ਼ਿਆਂ ਦਾ ਪਿੰਡ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਚੱਕ ਮਿਸ਼ਰੀ ਖ਼ਾਂ ਹੈ। ਮੇਰੇ ਦਾਦਾ ਸ੍ਰ. ਝੰਡਾ ਸਿੰਘ ਜੀ ਆਪਣੇ ਇਸ ਜੱਦੀ ਪਿੰਡੋਂ, ਪਾਕਿਸਤਾਨ ਵਿੱਚ ਚੱਕ ਨੰਬਰ 20 ਜ਼ਿਲ੍ਹਾ ਲਾਇਲਪੁਰ(ਹੁਣ ਫ਼ੈਸਲਾਬਾਦ) ਚਲੇ ਗਏ ਸਨ ਜਿੱਥੇ ਉਹ ਇੱਟਾਂ ਵਾਲੇ ਭੱਠਿਆਂ ਦਾ ਠੇਕਾ ਲੈ ਕੇ ਕੰਮ ਕਰਵਾਇਆ ਕਰਦੇ ਸਨ। ਇਸੇ ਕਰਕੇ ਉਹ 'ਠੇਕੇਦਾਰ' ਦੇ ਨਾਂ ਨਾਲ ਮਸ਼ਹੂਰ ਸਨ। ਮੇਰੇ ਜਨਮ ਤੋਂ ਤਿੰਨ ਕੁ ਮਹੀਨੇ ਬਾਅਦ ਹੀ ਮੇਰੇ ਪਿਤਾ ਜੀ ਵੀ ਚੱਕ ਨੰਬਰ 20 ਵਿੱਚ ਮੇਰੇ ਦਾਦਾ ਜੀ ਕੋਲ ਚਲੇ ਗਏ ਸਨ। ਹਿੰਦੁਸਤਾਨ-ਪਾਕਿਸਤਾਨ ਦੀ ਵੰਡ ਉਪਰੰਤ ਅਸੀਂ ਕੁਝ ਸਮੇਂ ਲਈ ਆਪਣੇ ਜੱਦੀ ਪਿੰਡ ਚੱਕ ਮਿਸ਼ਰੀ ਖ਼ਾਂ ਆ ਵੱਸੇ ਸਾਂ। ਉਸ ਵੇਲੇ ਮੇਰੀ ਉਮਰ ਮੁਸ਼ਕਲ ਨਾਲ ਡੇਢ ਕੁ ਸਾਲ ਦੀ ਹੋਵੇਗੀ। ਮੈਨੂੰ ਦੇਸ਼ ਦੀ ਵੰਡ ਬਾਰੇ ਕੋਈ ਜ਼ਿਆਦਾ ਯਾਦ ਵੀ ਨਹੀਂ। ਅਸੀਂ ਚਾਰ ਭਰਾ ਹਾਂ ਅਤੇ ਸਾਡੀ ਇੱਕ ਭੈਣ ਵੀ ਸੀ ਜਿਸ ਦਾ ਪਿੱਛੇ ਜਿਹੇ ਦਿਹਾਂਤ ਹੋ ਗਿਆ ਹੈ। ਮੈਂ ਇਨ੍ਹਾਂ ਸਾਰਿਆਂ ਤੋਂ ਵੱਡਾ ਹਾਂ। ਅਸੀਂ ਪਰਿਵਾਰ ਸਮੇਤ ਦੁਬਾਰਾ ਜਬਲਪੁਰ ਚਲੇ ਗਏ ਸਾਂ ਪਰ ਮੇਰੇ ਦਾਦਾ-ਦਾਦੀ ਜੀ ਪਿੰਡ ਵਿੱਚ ਹੀ ਰਹਿਣਾ ਪਸੰਦ ਕਰਦੇ ਸਨ। ਉਹ ਸਾਡੇ ਨਾਲ ਜਬਲਪੁਰ ਨਹੀਂ ਸਨ ਗਏ।

**ਪ੍ਰਸ਼ਨ:** ਕੀ ਤੁਸੀਂ ਕੁਝ ਪੜ੍ਹੇ-ਲਿਖੇ ਵੀ ਹੋ? ਜੇ ਹਾਂ ਤਾਂ ਆਪਣੀ ਵਿੱਦਿਅਕ ਯੋਗਤਾ ਬਾਰੇ ਵੀ ਕੁਝ ਦੱਸੋ?

**ਉੱਤਰ:** ਮੈਂ ਆਪਣੀ ਪ੍ਰਾਇਮਰੀ ਤੱਕ ਦੀ ਵਿੱਦਿਆ ਸੈਂਟ ਨਾਰਵਟ ਸਕੂਲ,ਜਬਲਪੁਰ ਤੋਂ ਪ੍ਰਾਪਤ ਕੀਤੀ ਹੈ। ਗਿਆਰਵੀਂ ਤੱਕ ਮੈਂ "ਨਵੀਨ ਵਿਦਿਆ ਭਵਨ,ਜਬਲਪੁਰ ਵਿੱਚ ਪੜ੍ਹਿਆ ਹਾਂ। ਗਿਆਰਾਂ ਜਮਾਤਾਂ ਪਾਸ ਕਰਨ ਪਿੱਛੋਂ ਮੈਂ ਪੜ੍ਹਨਾ ਛੱਡ ਦਿੱਤਾ ਸੀ।

**ਪ੍ਰਸ਼ਨ:** ਕੀ ਤੁਹਾਡੀ ਪੜ੍ਹਣ ਵਿੱਚ ਰੁਚੀ ਹੀ ਨਹੀਂ ਸੀ ਜਾਂ ਕੋਈ ਹੋਰ ਕਾਰਨ ਸੀ ਜਿਸ ਕਰ ਕੇ ਤੁਸੀਂ ਪੜ੍ਹਨਾ ਛੱਡ ਦਿੱਤਾ ਸੀ?

**ਉੱਤਰ:** ਗਿਆਰਵੀਂ ਜਮਾਤ ਪਾਸ ਕਰਨ ਪਿੱਛੋਂ ਮੈਂ ਇੱਕ ਸਾਲ ਕਾਲਜ ਵੀ ਗਿਆ ਸਾਂ ਪਰ ਕੁਝ ਘਰੇਲੂ ਕਾਰਨਾਂ ਕਰਕੇ ਮੈਨੂੰ ਪੜ੍ਹਾਈ ਨੂੰ ਤਿਆਗਣਾ ਪਿਆ ਸੀ। ਇਨ੍ਹਾਂ ਕਾਰਨਾਂ ਵਿੱਚ ਘਰੇਲੂ ਆਰਥਿਕ ਤੰਗੀ ਵੀ ਕਹੀ ਜਾ ਸਕਦੀ ਹੈ। ਪਿਤਾ ਜੀ ਇਕੱਲੇ ਹੀ ਕਮਾਉਣ ਵਾਲੇ ਸਨ ਅਤੇ ਹੁਣ ਮੈਂ ਵੱਡਾ ਵੀ ਹੋ ਗਿਆ ਸਾਂ

ਅਤੇ ਉਨ੍ਹਾਂ ਦਾ ਹੱਥ ਵਟਾਉਣਾ ਚਾਹੁੰਦਾ ਸਾਂ। ਇਸ ਸੋਚ ਨੇ ਵੀ ਮੇਰੀ ਅੱਗੋਂ ਪੜ੍ਹਾਈ 'ਤੇ ਅੰਕੁਸ਼ ਲਾ ਦਿੱਤਾ ਸੀ।

**ਪ੍ਰਸ਼ਨ:** ਸਕੂਲ ਜਾਣਾ ਬੰਦ ਕਰਨ ਉਪਰੰਤ ਤੁਸੀਂ ਕੀ ਕਰਨਾ ਆਰੰਭਿਆ?

**ਉੱਤਰ:** ਮੇਰੇ ਮਨ ਵਿੱਚ ਰੀਝ ਸੀ ਕਿ ਮੈਂ ਕੋਈ ਦਸਤਕਾਰੀ ਦਾ ਕੰਮ ਕਰਾਂ। ਕੁਝ ਅਜਿਹਾ ਕਰਾਂ ਜਿਸ ਵਿੱਚ ਹੁਨਰ ਹੋਵੇ ਜਿਸ ਨਾਲ ਮੈਂ ਜਿੰਦਗੀ ਭਰ ਕਮਾ ਕੇ ਖਾ ਸਕਾਂ ਅਤੇ ਭੁੱਖਾ ਨਾ ਮਰਾਂ। ਅਜਿਹੀ ਵਿੱਦਿਆ ਦਾ ਕੀ ਲਾਭ ਜਿਹੜੀ ਰੁਜਗਾਰ ਨਾ ਦੇ ਸਕੇ। ਮੈਂ ਵੇਖਿਆ ਸੀ ਐਮ.ਏ ਪੜ੍ਹੇ ਹੋਏ ਲੋਕ ਵੀ ਦਰ ਦਰ ਨੌਕਰੀਆਂ ਲਈ ਧੱਕੇ ਖਾ ਰਹੇ ਸਨ। ਉਨ੍ਹਾਂ ਕੋਲ ਹੱਥਾਂ ਦਾ ਹੁਨਰ ਨਾ ਹੋਣ ਕਰਕੇ ਉਹ ਦਰ-ਬੇ-ਦਰ ਭਟਕ ਰਹੇ ਸਨ। ਇਸੇ ਤਰਕ ਨੇ ਹੀ ਮੇਰੀ ਸੋਚ ਨੂੰ ਹੱਥੀਂ ਕੰਮ ਕਰਨ ਵੱਲ ਮੋੜਿਆ ਸੀ। ਮੇਰੇ ਰਿਸ਼ਤੇਦਾਰ ਪੰਜਾਬ ਵਿੱਚ ਰਹਿੰਦੇ ਸਨ। ਮੈਂ ਸੰਨ 1965 ਵਿੱਚ ਉਨ੍ਹਾਂ ਕੋਲ ਅੰਮ੍ਰਿਤਸਰ ਆ ਗਿਆ ਸੀ ਅਤੇ ਖ਼ਰਾਦ ਅਤੇ ਜਨਰਲ ਰੀਪੇਅਰ ਦਾ ਕੰਮ ਸਿੱਖਣਾ ਸ਼ੁਰੂ ਕਰ ਦਿੱਤਾ ਸੀ। ਮੈਂ ਪਹਿਲੀ ਵਾਰ ਆਪਣੇ ਪਰਿਵਾਰ ਅਤੇ ਘਰ ਤੋਂ ਦੂਰ ਹੋਇਆ ਸਾਂ। ਇੱਥੇ ਆ ਕੇ ਹੀ ਇਸ ਗੱਲ ਦਾ ਅਹਿਸਾਸ ਹੋਇਆ ਸੀ ਕਿ ਘਰ ਘਰ ਹੀ ਹੁੰਦਾ ਹੈ। ਮਾਂ ਤਾਂ ਬੈਠੀ ਨਹੀਂ ਸੀ ਜਿਹੜੀ ਚੋਪੜੀਆਂ ਦਿੰਦੀ। ਜਿਹੋ ਜਿਹੀ ਮਿਲਦੀ ਖਾ ਲੈਂਦਾ ਸਾਂ। ਗੱਲ ਕੀ ਪਰਿਵਾਰ ਤੋਂ ਦੂਰੀ ਅਤੇ ਕੱਚੀ ਉਮਰ ਨੇ ਮੇਰਾ ਹੌਂਸਲਾ ਤੋੜ ਦਿੱਤਾ ਸੀ। ਮੈਂ ਫਿਰ ਵਾਪਿਸ ਜਬਲਪੁਰ ਚਲਾ ਗਿਆ ਸਾਂ।

**ਪ੍ਰਸ਼ਨ:** ਫਿਰ ਤੁਸਾਂ ਆਪਣੀ ਜੀਵਨ ਗੱਡੀ ਨੂੰ ਕਿਧਰ ਤੋਰਿਆ? ਮੇਰਾ ਭਾਵ ਹੈ ਫਿਰ ਤੁਸਾਂ ਕਿਹੜਾ ਰਾਹ ਅਖ਼ਤਿਆਰ ਕੀਤਾ?

**ਉੱਤਰ:** ਘਰ ਵਿੱਚ ਉਸ ਸਮੇਂ ਮੇਰੇ ਪਿਤਾ ਜੀ ਕੋਲ ਪਹਿਲਾਂ ਹੀ ਇੱਕ ਟਰੱਕ ਹੁੰਦਾ ਸੀ, ਜਿਸ ਨੂੰ ਉਹ ਆਪ ਚਲਾਉਂਦੇ ਸਨ। ਮੱਧ ਪ੍ਰਦੇਸ ਵਿੱਚ ਉਸ ਸਮੇਂ ਪੱਤੀ ਅਤੇ ਜੰਗਲਾਂ 'ਚੋਂ ਲੱਕੜੀ ਦੀ ਢੋਆ-ਢੁਆਈ ਦਾ ਕੰਮ ਜ਼ਿਆਦਾ ਟਰੱਕ ਡਰਾਇਵਰ ਹੀ ਕਰਦੇ ਸਨ। ਅੱਜ ਵੀ ਟਰਾਂਸਪੋਰਟ ਦੇ ਕੰਮ ਵਿੱਚ ਉੱਥੇ ਪੰਜਾਬੀਆਂ ਦਾ ਹੀ ਬੋਲਬਾਲਾ ਹੈ। ਘਰ ਵਿੱਚ ਟਰੱਕ ਹੋਣ ਕਰਕੇ ਮੈਂ ਕਦੇ ਕਦੇ ਉਸ 'ਤੇ ਹੱਥ ਸਿੱਧੇ ਕਰਦਾ ਰਹਿੰਦਾ ਸਾਂ ਅਤੇ ਹੌਲੀ ਹੌਲੀ ਮੈਂ ਟਰੱਕ ਚਲਾਉਣਾ ਸਿੱਖ ਗਿਆ ਸਾਂ। ਮੇਰੇ ਪਿਤਾ ਜੀ ਨੇ ਆਪਣੇ ਨਾਲ ਇੱਕ ਡਰਾਇਵਰ ਵੀ ਰੱਖਿਆ ਹੁੰਦਾ ਸੀ। ਜਦੋਂ ਮੈਂ ਟਰੱਕ ਚਲਾਉਣਾ ਸਿੱਖ ਲਿਆ ਤਾਂ ਮੈਂ ਪਿਤਾ ਜੀ ਨੂੰ ਸਲਾਹ ਦਿੱਤੀ ਕਿ ਆਪਾਂ ਦੂਸਰੇ ਡਰਾਇਵਰ ਦੀ ਤਨਖਾਹ ਕਿਉਂ ਭਰਦੇ ਹਾਂ। ਮੈਂ ਉਨ੍ਹਾਂ ਨਾਲ ਆਪ ਟਰੱਕ 'ਤੇ ਜਾਣਾ ਸ਼ੁਰੂ ਕਰ ਦਿੱਤਾ ਸੀ। ਇਸ ਤਰ੍ਹਾਂ ਮੈਂ ਡਰਾਇਵਰੀ ਲਾਇਨ ਵਿੱਚ ਆ ਗਿਆ। ਮੈਂ ਸੰਨ 1966 ਤੋਂ ਡਰਾਇਵਰੀ ਕਰ ਰਿਹਾ ਹਾਂ।

**ਪ੍ਰਸ਼ਨ:** ਹੁਣ ਜਦੋਂ ਕਿ ਤੁਸੀਂ ਕਮਾਊ ਪੁੱਤਰ ਹੋ ਗਏ ਸੀ। ਮਾਪਿਆਂ ਨੇ ਤੁਹਾਡੀ ਸ਼ਾਦੀ ਦਾ ਫ਼ਿਕਰ ਕਰ ਕੇ ਤੁਹਾਡੀ ਸ਼ਾਦੀ ਕਰਨ ਦਾ ਸੋਚਿਆ ਹੋਵੇਗਾ। ਤੁਸੀਂ ਦੱਸੋ ਤੁਹਾਡੀ ਸ਼ਾਦੀ ਕਦੋਂ ਹੋਈ ਅਤੇ ਤੁਹਾਡੇ ਬੱਚੇ ਕਿੰਨੇ ਹਨ?

**ਉੱਤਰ:** ਇਹ ਠੀਕ ਹੈ ਹਰ ਮਾਂ-ਬਾਪ ਨੂੰ ਪੁੱਤਰ ਵਿਆਹੁਣ ਦਾ ਚਾਅ ਹੁੰਦਾ ਹੈ। ਸੰਨ 1974 ਵਿੱਚ ਮੇਰੀ ਸ਼ਾਦੀ ਬਲਵਿੰਦਰ ਕੌਰ ਸਪੁੱਤਰੀ ਸ੍ਰ. ਗੁਰਬਚਨ ਸਿੰਘ ਜੀ ਵਾਸੀ ਨਾਗਪੁਰ(ਮਹਾਂਰਾਸ਼ਟਰ) ਨਾਲ ਹੋਈ ਹੈ। ਮੇਰੀ ਘਰ ਵਾਲੀ ਦੇ ਪਿਤਾ ਜੀ ਇਮਾਰਤ ਉਸਾਰੀ ਵਿੱਚ ਠੇਕੇਦਾਰੀ ਦਾ ਕੰਮ ਕਰਦੇ ਸਨ। ਮੇਰੀ ਸੰਤਾਨ ਵਿੱਚ ਇੱਕ ਬੇਟਾ ਅਤੇ ਦੋ ਬੇਟੀਆਂ ਹਨ। ਦੋਵੇਂ ਬੇਟੀਆਂ ਅਤੇ ਬੇਟੇ ਦੀ ਸ਼ਾਦੀ ਹੋ ਚੁੱਕੀ ਹੈ।

**ਪ੍ਰਸ਼ਨ:** ਤੁਹਾਡੇ ਮੁੱਢਲੇ ਜੀਵਨ ਬਾਰੇ ਤਾਂ ਕਾਫੀ ਚਰਚਾ ਹੋ ਚੁੱਕੀ ਹੈ। ਹੁਣ ਮੈਂ ਤੁਹਾਡੀ ਡਰਾਇਵਰੀ ਲਾਇਨ ਸਬੰਧੀ ਕੁਝ ਜਾਣਨਾ ਚਾਹੁੰਦਾ ਹਾਂ। ਇਸ ਗੱਲ ਦਾ ਆਮ ਚਰਚਾ ਹੈ ਕਿ ਡਰਾਇਵਰ ਲੋਕ ਨਸ਼ਾ ਕਰਦੇ ਹਨ। ਮੈਂ ਜਾਨਣਾ ਚਾਹੁੰਦਾ ਹਾਂ ਕਿ ਉਹ ਨਸ਼ਾਂ ਕਿਉਂ ਕਰਦੇ ਹਨ? ਕੀ ਤੁਹਾਨੂੰ ਵੀ ਨਸ਼ੇ ਦੀ ਲੱਤ ਹੈ?

**ਉੱਤਰ:** ਤੁਸੀਂ ਕਹਾਵਤ ਸੁਣੀ ਹੋਵੇਗੀ **"ਇੱਕ ਗੰਦੀ ਮੱਛਲੀ ਸਾਰੇ ਤਲਾਬ ਨੂੰ ਗੰਦਾ ਕਰ ਦਿੰਦੀ ਹੈ।"** ਇਹੀ ਹਾਲ ਇਸ ਲਾਇਨ ਦੇ ਲੋਕਾਂ ਦਾ ਹੈ।ਇਹ ਕਹਿਣਾ ਕਿ ਸਾਰੇ ਹੀ ਡਰਾਇਵਰ ਨਸ਼ਾ ਕਰਦੇ ਹਨ ਪੂਰੀ ਤਰ੍ਹਾਂ ਠੀਕ ਨਹੀਂ ਹੈ। ਕੁਝ ਲੋਕ ਹੀ ਹਨ ਜਿਹੜੇ ਨਸ਼ੇ ਦੇ ਆਦੀ ਹੁੰਦੇ ਹਨ ਅਤੇ ਉਨ੍ਹਾਂ ਲੋਕਾਂ ਕਰਕੇ ਹੀ ਇਹ ਧੰਦਾ ਬਦਨਾਮ ਹੈ। ਗੱਲ ਉਤਨੀ ਜ਼ਿਆਦਾ ਵਿਗੜੀ ਨਹੀਂ ਜਿੰਨੀ ਪਰਚਾਰੀ ਜਾ ਰਹੀ ਹੈ। ਜਿਹੜੇ ਲੋਕ ਨਸ਼ਾ ਕਰਦੇ ਹਨ ਉਹ ਹੀ ਦੱਸਦੇ ਹਨ ਕਿ ਉਹ ਵੀ ਕੇਵਲ ਝੱਸ ਹੀ ਪੂਰਾ ਕਰਦੇ ਹਨ।

ਤੁਸੀਂ ਇਸ ਤੱਥ ਤੋਂ ਤਾਂ ਭਲੀ ਭਾਂਤ ਜਾਣੂ ਹੋਵੋਗੇ ਕਿ ਕਿਰਸਾਨ ਜਦੋਂ ਵਾਢੀ ਕਰਨ ਲਈ ਲੇਬਰ ਨੂੰ ਲਿਆਉਂਦੇ ਹਨ ਤਾਂ ਉਨ੍ਹਾਂ ਨੂੰ ਚਾਹ ਨਾਲ ਜਾਂ ਕਿਸੇ ਹੋਰ ਬਹਾਨੇ ਅਫੀਮ ਖੁਆਉਂਦੇ ਹਨ। ਇਸ ਪਿੱਛੇ ਵੀ ਉਨ੍ਹਾਂ ਦਾ ਆਪਣਾ ਸੁਆਰਥ ਲੁਕਿਆ ਹੁੰਦਾ ਹੈ। ਕਿਰਸਾਨ ਜਾਣਦਾ ਹੁੰਦਾ ਹੈ ਕਿ ਮਜ਼ਦੂਰ ਨਸ਼ੇ ਦੀ ਲੋਰ ਵਿੱਚ ਥਕੇਵਾਂ ਮਹਿਸੂਸ ਨਹੀਂ ਕਰਨਗੇ ਅਤੇ ਉਸ ਦੀ ਵਾਢੀ ਦਾ ਕੰਮ ਛੇਤੀ ਨਿੱਬੜ ਜਾਵੇਗਾ। ਟਰੱਕਾਂ ਦੇ ਕੁਝ ਡਰਾਇਵਰ ਨਵੇਂ ਕਲੀਨਰਾਂ ਨੂੰ ਮੁੱਢ ਮੁੱਢ ਵਿੱਚ ਆਪਣੇ ਕੋਲੋਂ ਅਫ਼ੀਮ ਜਾਂ ਹੋਰ ਨਸ਼ਾ ਖੁਆਉਂਦੇ ਹਨ। ਜਦੋਂ ਉਹ ਆਦੀ ਹੋ ਜਾਂਦਾ ਹੈ ਤਾਂ ਟਰੱਕ ਡਰਾਇਵਰ/ਮਾਲਕ ਇਸ ਗੱਲ ਤੋਂ ਨਿਸਚਿੰਤ ਹੋ ਜਾਂਦਾ ਹੈ ਕਿ ਹੁਣ

ਛੱਡ ਕੇ ਨਹੀਂ ਜਾਵੇਗਾ। **"ਕੋਈ ਨਹੀਂ ਕਿਸੇ ਦਾ ਬੇਲੀ ਦੁਨੀਆਂ ਮਤਲਬ ਦੀ।"** ਹਰ ਕੋਈ ਦਾਅ 'ਤੇ ਰਹਿੰਦਾ ਹੈ।

**ਪ੍ਰਸ਼ਨ:** ਡਰਾਇਵਰ ਆਪਣੇ ਘਰ ਤੋਂ ਕਈ ਕਈ ਦਿਨ ਦੂਰ ਰਹਿੰਦੇ ਹਨ। ਇੱਕ ਥਾਂ ਤੋਂ ਮਾਲ ਲੱਦ ਕੇ ਦੂਸਰੇ ਥਾਂ ਅਤੇ ਜੇਕਰ ਉੱਥੋਂ ਹੋਰ ਕਿਸੇ ਪਾਸੇ ਦਾ ਮਾਲ ਮਿਲ ਗਿਆਂ ਤਾਂ ਉੱਧਰ ਨਿਕਲ ਤੁਰਦੇ ਹਨ। ਗੱਲ ਕੀ ਕਈ ਵੇਰਾਂ ਤਾਂ ਉਹ ਮਹੀਨਿਆਂ ਪਿੱਛੋਂ ਘਰ ਪਰਤਦੇ ਹਨ। ਸੁਣਨ ਵਿੱਚ ਆਉਂਦਾ ਹੈ ਕਿ ਉਹ ਆਪਣੀ ਕਾਮ-ਤ੍ਰਿਪਤੀ ਦੀ ਪੂਰਤੀ ਲਈ ਰਸਤੇ ਵਿੱਚ ਮਿਲਣ ਵਾਲੀਆਂ ਆਵਾਰਾ ਔਰਤਾਂ ਨਾਲ ਸੰਭੋਗ ਕਰਕੇ ਕਈ ਤਰ੍ਹਾਂ ਦੀਆ ਬੀਮਾਰੀਆਂ ਸਹੇੜ ਲੈਂਦੇ ਹਨ। ਇਸ ਬਾਰੇ ਤੁਹਾਡਾ ਕੀ ਵਿਚਾਰ ਹੈ? ਕੀ ਅਜਿਹਾ ਵਾਪਰਦਾ ਹੈ?

**ਉੱਤਰ:** ਗੱਲ ਫਿਰ ਉੱਥੇ ਹੀ ਆ ਜਾਂਦੀ ਹੈ। ਡਰਾਇਵਰੀ ਲਾਇਨ ਵਿੱਚ ਹੀ ਨਹੀਂ ਸਗੋਂ ਦੂਸਰੇ ਖ਼ੇਤਰਾਂ ਵਿੱਚ ਵੀ ਸਭ ਠੀਕ ਨਹੀਂ ਹੈ। ਅਸੀਂ ਜਿਸ ਇਲਾਕੇ ਵਿੱਚੋਂ ਆਮ ਕਰਕੇ ਲੰਘਦੇ ਹਾਂ,ਉੱਧਰ ਮੁਸਲਮਾਨਾਂ ਦੀ ਆਬਾਦੀ ਜ਼ਿਆਦਾ ਹੈ। ਇਸ ਫਿਰਕੇ ਵਿੱਚ ਇੱਕ ਆਦਮੀ ਨੂੰ ਚਾਰ ਸ਼ਾਦੀਆਂ ਕਰਨੀਆਂ ਜ਼ਾਇਜ ਮੰਨੀਆਂ ਜਾਂਦੀਆਂ ਹਨ। ਇੱਕ ਇਨਸਾਨ ਵਾਸਤੇ ਇੰਨੀਆਂ ਔਰਤਾਂ ਦੀ ਕਾਮ-ਤ੍ਰਿਪਤੀ ਕਰਨੀ ਮੁਸ਼ਕਲ ਹੁੰਦੀ ਹੈ। ਅਜਿਹੀਆਂ ਕਾਮਿਕ ਤੌਰ 'ਤੇ ਅਤ੍ਰਿਪਤ ਔਰਤਾਂ ਆਪ ਸ਼ਿਕਾਰ ਦੀ ਭਾਲ ਵਿੱਚ ਨਿਕਲ ਪੈਂਦੀਆਂ ਹਨ। ਡਰਾਇਵਰ ਤਾਂ ਪਿੰਡ ਵਿੱਚ ਕਿਸੇ ਦੇ ਘਰ ਤਾਂ ਜਾਂਦੇ ਨਹੀਂ। ਅਜਿਹੀਆਂ ਬਦਕਾਰ ਔਰਤਾਂ ਸੜਕ ਤੇ ਬਣੇ ਢਾਬਿਆਂ ਜਾਂ ਚੁਰਾਹਿਆਂ ਤੇ ਚੱਕਰ ਲਾਉਂਦੀਆਂ ਰਹਿੰਦੀਆਂ ਹਨ। ਤਾੜੀ ਇੱਕ ਹੱਥ ਨਾਲ ਤਾਂ ਨਹੀਂ ਵੱਜਦੀ। ਜਿਸ ਰਾਹ ਤੋਂ ਡਰਾਇਵਰਾਂ ਦਾ ਆਉਣਾ-ਜਾਣਾ ਹੁੰਦਾ ਹੈ ਉਸ ਨੂੰ ਔਰਤਾਂ ਵੀ ਅਤੇ ਡਰਾਇਵਰ ਵੀ ਜਾਣਦੇ ਹੁੰਦੇ ਹਨ। ਕਾਮ ਦਾ ਜੋਸ਼ ਅੰਨ੍ਹਾ ਹੁੰਦਾ ਹੈ। ਰੰਗ-ਬਰੰਗੀਆਂ ਬਦਕਾਰ ਔਰਤਾਂ ਅਤੇ ਮਰਦ ਇੱਕ ਦੂਸਰੇ ਕੋਲੋਂ ਬੀਮਾਰੀਆਂ ਦਾ ਅਦਾਨ-ਪ੍ਰਦਾਨ ਕਰ ਲੈਂਦੇ ਹਨ। ਕੌਣ ਵੇਖਦਾ ਹੈ,ਕੌਣ ਕਿਸ ਬੀਮਾਰੀ ਨਾਲ ਗਰੱਸਿਆ ਹੋਇਆ ਹੈ। **"ਮੰਦੇ ਕੰਮੀ ਨਾਨਕਾ ਜਦ ਕਦ ਮੰਦਾ ਹੋਇ।"** ਏਡਜ਼ ਵਰਗੀਆਂ ਮਾਰੂ ਬੀਮਾਰੀਆਂ ਲੈ ਕੇ ਅਜਿਹਾ ਇਨਸਾਨ ਮੱਥੇ 'ਤੇ ਹੱਥ ਮਾਰਦਾ ਉਸ ਵੇਲੇ ਨੂੰ ਰੋਂਦਾ ਹੈ ਜਦੋਂ ਉਸ ਨੇ ਅਜਿਹਾ ਕੁਕਰਮ ਕੀਤਾ ਹੁੰਦਾ ਹੈ। ਚੰਗਾ ਆਚਰਣ ਹੀ ਸੁਖੀ ਜੀਵਨ ਦਾ ਆਧਾਰ ਹੈ। ਵਾਹਿਗੁਰੂ ਦਾ ਲੱਖ ਲੱਖ ਸ਼ੁਕਰ ਹੈ ਮੈਂ ਇਸ ਕੋਹੜ ਤੋਂ ਬਚਿਆ ਹੋਇਆ ਹਾਂ। ਬੰਦੇ ਦਾ ਆਪੇ ਤੇ ਕਾਬੂ ਹੀ ਚੰਗੇ ਜੀਵਨ ਦੀ ਗਰੰਟੀ ਹੈ।

**ਪ੍ਰਸ਼ਨ:** ਵੇਖਣ ਵਿੱਚ ਆਇਆ ਹੈ ਕਿ ਕਈ ਡਰਾਇਵਰ ਸੁੱਤੇ ਹੀ ਕਈ ਕਈ ਮੀਲ ਗੱਡੀ ਚਲਾਉਂਦੇ ਜਾਂਦੇ ਹਨ। ਇਹ ਗੱਲ ਐਕਸੀਡੈਂਟ ਦਾ ਕਾਰਨ ਵੀ ਬਣਦੀ ਹੈ। ਇਸ ਪਿੱਛੇ ਕੀ ਕਾਰਨ ਹੈ? ਉਹ ਬਿਨ੍ਹਾਂ ਆਰਾਮ ਕੀਤੇ ਹੀ ਗੱਡੀ ਚਲਾਉਣ ਲਈ ਕਿਉਂ ਮਜ਼ਬੂਰ ਹੁੰਦੇ ਹਨ ਜਾਂ ਕੋਈ ਹੋਰ ਕਾਰਨ ਹੁੰਦਾ ਹੈ?

**ਉੱਤਰ:** ਇਹ ਗੱਲ ਵੀ ਸਾਰਿਆਂ ਡਰਾਇਵਰਾਂ 'ਤੇ ਲਾਗੂ ਨਹੀਂ ਹੁੰਦੀ। ਇੱਕ ਆਦਮੀ ਤੋਂ ਦੂਸਰੇ ਆਦਮੀ ਵਿੱਚ ਫ਼ਰਕ ਹੁੰਦਾ ਹੈ। ਅਜਿਹੀ ਸਥਿਤੀ ਦੋ ਹਾਲਤਾਂ ਵਿੱਚ ਹੁੰਦੀ ਹੈ। ਇੱਕ ਤਾਂ ਗਰਮੀਆਂ ਵਿੱਚ ਦੁਪਹਿਰ ਵੇਲੇ ਅਤੇ ਦੂਸਰੀ ਨਸ਼ਾ ਕਰਨ ਵਾਲੇ ਵਿਅਕਤੀਆਂ ਨਾਲ। ਗਰਮੀਆਂ ਵਿੱਚ ਮੌਸਮ ਵਿੱਚ ਗਰਮੀ ਨਾਲ ਸੁਸਤੀ ਪੈਣੀ ਸ਼ੁਰੂ ਹੋ ਜਾਂਦੀ ਹੈ ਅਤੇ ਅੱਖਾਂ ਆਪਣੇ ਆਪ ਮੀਟੀਆਂ ਜਾਣੀਆਂ ਸ਼ੁਰੂ ਹੋ ਜਾਂਦੀਆਂ ਹਨ। ਕਈ ਡਰਾਇਵਰਾਂ ਦੀਆਂ ਅੱਖਾਂ ਵਿੱਚ ਜਦੋਂ ਨੀਂਦ ਆਉਣੀ ਸ਼ੁਰੂ ਹੁੰਦੀ ਹੈ ਤਾਂ ਉਸ ਦਾ ਪੈਰ ਐਕਸੀਲੇਟਰ ਤੇ ਢਿੱਲਾ ਹੋਣ ਲੱਗਦਾ ਹੈ ਅਤੇ ਗੱਡੀ ਝਟਕੇ ਮਾਰਨ ਲੱਗ ਪੈਂਦੀ ਹੈ ਜਿਸ ਨਾਲ ਡਰਾਇਵਰ ਸੁਚੇਤ ਹੋ ਜਾਂਦਾ ਹੈ। ਉਸ ਨੂੰ ਅਹਿਸਾਸ ਹੋਣ ਲੱਗਦਾ ਹੈ ਕਿ ਉਹ ਨੀਂਦ ਦੀ ਪਕੜ ਵਿੱਚ ਜਾ ਰਿਹਾ ਹੈ। ਉਹ ਮੂੰਹ ਹੱਥ ਧੋ ਕੇ ਸੋਮਨ ਹੋ ਜਾਂਦਾ ਹੈ ਜਾਂ ਗੱਡੀ ਰੋਕ ਕੇ ਆਰਾਮ ਕਰਨ ਦੀ ਸੋਚਦਾ ਹੈ। ਪਰ ਕਈ ਡਰਾਇਵਰਾਂ ਦੀ ਹਾਲਤ ਅਜਿਹੀ ਹੁੰਦੀ ਹੈ ਜਦੋਂ ਉਨ੍ਹਾਂ ਨੂੰ ਨੀਂਦ ਆਉਂਦੀ ਹੈ ਤਾਂ ਉਨ੍ਹਾਂ ਦਾ ਪੈਰ ਐਕਸੀਲੇਟਰ ਤੇ ਦਬਾ ਪਾਉਣ ਲੱਗਦਾ ਹੈ ਜਿਸ ਨਾਲ ਗੱਡੀ ਦੀ ਰੇਸ (ਰਫ਼ਤਾਰ) ਵੱਧ ਜਾਂਦੀ ਹੈ ਅਤੇ ਐਕਸੀਡੈਂਟ ਦਾ ਖ਼ਤਰਾ ਬਣ ਜਾਂਦਾ ਹੈ।

ਜਿਹੜਾ ਡਰਾਇਵਰ ਨਸ਼ਾ ਪੀ ਕੇ ਗੱਡੀ ਚਲਾ ਰਿਹਾ ਹੁੰਦਾ ਹੈ, ਜਦੋਂ ਤੱਕ ਉਸ ਦਾ ਨਸ਼ਾ ਕਾਇਮ ਰਹਿੰਦਾ ਹੈ ਉਹ ਸੁਚੇਤ ਰਹਿੰਦਾ ਹੈ। ਪਰ ਜਦੋਂ ਉਸ ਦਾ ਨਸ਼ਾ ਉੱਤਰਦਾ ਹੈ ਉਸ ਦੇ ਸਰੀਰ ਵਿੱਚ ਢਿੱਲਾਪਨ ਆਉਣਾ ਸ਼ੁਰੂ ਹੋ ਜਾਂਦਾ ਹੈ ਜਿਸ ਨਾਲ ਉਸ ਨੂੰ ਨੀਂਦ ਆਉਣੀ ਸ਼ੁਰੂ ਹੋ ਜਾਂਦੀ ਹੈ। ਪਹਿਲੀ ਗੱਲ ਤਾਂ ਇਹ ਕਿ ਮੈਂ ਕਿਸੇ ਵੀ ਕਿਸਮ ਦਾ ਨਸ਼ਾ ਹੀ ਨਹੀਂ ਵਰਤਦਾ। ਦੂਸਰਾ ਜਦੋਂ ਮੈਨੂੰ ਨੀਂਦ ਦੀ ਝਪਕੀ ਆਉਂਦੀ ਹੈ ਤਾਂ ਮੈਂ ਸਮਝ ਜਾਂਦਾ ਹਾਂ ਕਿ ਨੀਂਦ ਜ਼ੋਰ ਪਾ ਰਹੀ ਹੈ। ਗੱਡੀ ਨੂੰ ਸੜਕ ਦੇ ਕਿਨਾਰੇ ਲਾ ਕੇ ਸੌਂ ਜਾਂਦਾ ਹਾਂ, ਭਾਵੇਂ ਘਿਉ ਦਾ ਘੜਾ ਕਿਉਂ ਨਾ ਰੁੜ੍ਹ ਰਿਹਾ ਹੋਵੇ। ਕਈ ਵੇਰਾਂ ਡਰਾਇਵਰ ਅਜਿਹਾ ਮਾਲ ਲੱਦ ਕੇ ਚੱਲਦੇ ਹਨ ਜਿਸ ਨੂੰ ਛੇਤੀ ਟਿਕਾਣੇ ਤੇ ਪਹੁੰਚਾਉਣਾ ਹੁੰਦਾ ਹੈ ਅਤੇ ਸਮੇਂ ਸਿਰ ਮਾਲ ਪੁੱਜਦਾ ਕਰਨ ਤੇ ਉਨ੍ਹਾਂ ਨੂੰ ਇਨਾਮ ਮਿਲਣ ਦੀ ਵੀ ਆਸ ਹੁੰਦੀ ਹੈ। ਅਜਿਹੀ ਹਾਲਤ ਫਲਾਂ ਦੀ ਢੋਆ-ਢੁਆਈ ਸਮੇਂ ਹੁੰਦੀ ਹੈ। ਸਿਆਣੇ ਡਰਾਇਵਰ ਆਪਣੇ ਨਾਲ ਸਹਾਇਕ ਡਰਾਇਵਰ ਲੈ ਕੇ ਚਲਦੇ ਹਨ ਅਤੇ ਵਾਰੀ ਵਾਰੀ ਰਸਤੇ ਵਿੱਚ

ਸੌਂ ਵੀ ਲੈਂਦੇ ਹਨ। ਸੱਚੀ ਗੱਲ ਤਾਂ ਇਹ ਹੈ, ਡਰਾਇਵਰ ਦੀ ਜ਼ਿੰਦਗੀ ਰੱਬ ਦੇ ਹੱਥ ਹੀ ਹੁੰਦੀ ਹੈ। ਉਹ ਰੱਬ ਆਸਰੇ ਹੀ ਚੱਲ ਰਿਹਾ ਹੁੰਦਾ ਹੈ।

**ਪ੍ਰਸ਼ਨ**: ਇਸ ਵਿੱਚ ਕੀ ਰਾਜ਼ ਹੈ ਕਿ ਡਰਾਇਵਰਾਂ ਦੇ ਸੀਲੈਕਟਿਡ ਢਾਬੇ ਹੁੰਦੇ ਹਨ ਜਿੱਥੋਂ ਉਹ ਰਸਤੇ ਵਿੱਚ ਗੱਡੀ ਖੜ੍ਹੀ ਕਰਕੇ ਰੋਟੀ-ਪਾਣੀ ਛਕਦੇ ਹਨ? ਡਰਾਇਵਰ ਢਾਬੇ ਦੀ ਚੋਣ ਕਰਨ ਸਮੇਂ ਕਿਸ ਗੱਲ ਨੂੰ ਧਿਆਨ ਵਿੱਚ ਰੱਖਦੇ ਹਨ?

**ਉੱਤਰ:** ਅਸੀਂ ਕਿਸੇ ਢਾਬੇ ਦੀ ਚੋਣ ਉਸ ਦੇ ਖਾਣੇ ਕਰਕੇ ਨਹੀਂ ਕਰਦੇ ਸਗੋਂ ਇਸ ਵਿੱਚ ਇਹ ਗੱਲ ਵੇਖੀ ਜਾਂਦੀ ਹੈ ਕਿ ਜਿਹੜੇ ਢਾਬੇ 'ਤੇ ਆਪਣੀ ਟਰਾਂਸਪੋਰਟ ਦੀਆਂ ਗੱਡੀਆਂ ਆ ਕੇ ਰੁਕਦੀਆਂ ਹਨ ਉੱਥੇ ਹੀ ਉਸ ਟਰਾਂਸਪੋਰਟ ਦੇ ਨਾਲ ਦੀਆਂ ਗੱਡੀਆਂ ਰੁਕਦੀਆਂ ਹਨ। ਇਸ ਨਾਲ ਹੁੰਦਾ ਇਹ ਹੈ ਕਿ ਇੱਕ ਦੂਸਰੇ ਕੋਲੋਂ ਰਸਤੇ ਦਾ,ਘਰ ਦਾ ਜਾਂ ਰਸਤੇ ਵਿੱਚ ਰੁਕੀਆਂ ਹੋਈਆਂ ਗੱਡੀਆਂ ਬਾਰੇ ਜਾਣਕਾਰੀ ਮਿਲਦੀ ਰਹਿੰਦੀ ਹੈ। ਜੇਕਰ ਕੋਈ ਗੱਡੀ ਵਾਲਾ ਆਪਣੇ ਕਾਗਜ਼ ਪੱਤਰ ਜਾਂ ਕੋਈ ਹੋਰ ਚੀਜ਼ ਢਾਬੇ 'ਤੇ ਭੁੱਲ ਜਾਂਦਾ ਹੈ ਤਾਂ ਦੂਸਰੀ ਗੱਡੀ ਦੇ ਹੱਥੀਂ ਉਸ ਤੱਕ ਪੁੱਜਦੀ ਕੀਤੀ ਜਾ ਸਕਦੀ ਹੈ।

ਰਸਤੇ ਵਿੱਚ ਕਈ ਵੇਰਾਂ ਕੋਈ ਲੜਾਈ ਝਗੜਾ ਹੋ ਜਾਣ ਦੀ ਸੂਰਤ ਵਿੱਚ ਇਹ ਢਾਬੇ ਵਾਲੇ ਸਹਾਈ ਵੀ ਹੁੰਦੇ ਹਨ। ਉਹ ਜਾਣਦੇ ਹੁੰਦੇ ਹਨ ਕਿ ਇਹ ਸਾਡਾ ਪੱਕਾ ਗਾਹਕ ਹੈ। ਉਸ ਸੂਰਤ ਵਿੱਚ ਉਹ ਉਸ ਦੇ ਪੱਖ ਵਿੱਚ ਖੜ੍ਹੇ ਹੁੰਦੇ ਹਨ। ਕਈ ਵੇਰਾਂ ਗੱਡੀ ਖ਼ਰਾਬ ਹੋ ਜਾਣ ਦੀ ਸੂਰਤ ਵਿੱਚ ਜਦੋਂ ਜੇਬ ਵਿੱਚ ਪੈਸੇ ਵੀ ਨਹੀਂ ਹੁੰਦੇ ਤਾਂ ਇਹਨਾਂ ਢਾਬੇ ਵਾਲਿਆਂ ਪਾਸੋਂ ਉਧਾਰ ਪੈਸੇ ਲੈ ਕੇ ਕੰਮ ਵੀ ਸਾਰਿਆ ਜਾ ਸਕਦਾ ਹੈ। ਨਿਰ੍ਹੇ ਢਾਬੇ ਵਾਲੇ ਹੀ ਨਹੀਂ ਪੈਟਰੌਲ ਪੰਪਾਂ ਵਾਲੇ ਵੀ ਜਿੱਥੋਂ ਅਸੀਂ ਅਕਸਰ ਪੈਟਰੋਲ ਪਵਾਉਂਦੇ ਹਾਂ ਪੈਸੇ ਕੋਲ ਨਾ ਹੋਣ ਦੀ ਹਾਲਤ ਵਿੱਚ ਉਧਾਰ ਵੀ ਕਰ ਲੈਂਦੇ ਹਨ। ਇੱਕੋ ਥਾਂ 'ਤੇ ਆਉਣ ਜਾਂ ਠਹਿਰਨ ਨਾਲ ਡਾਰਇਵਰ ਦਾ ਇਤਬਾਰ ਬਣ ਜਾਂਦਾ ਹੈ ਜਿਹੜਾ ਰਸਤੇ ਦੀਆਂ ਔਕੜਾਂ ਵਿੱਚ ਸਹਾਈ ਹੁੰਦਾ ਹੈ।

**ਪ੍ਰਸ਼ਨ:** ਤੁਸੀਂ ਟਰੱਕ ਡਰਾਇਵਰੀ ਵੀ ਕੀਤੀ ਹੈ ਅਤੇ ਹੁਣ ਆਪਣੇ ਟਰੱਕਾਂ ਦੇ ਮਾਲਕ ਵੀ ਹੋ। ਕੀ ਇਹ ਠੀਕ ਹੈ ਕਿ ਟਰੱਕ ਡਰਾਇਵਰ ਆਪਣੇ ਮਾਲਕ ਨਾਲ ਹੇਰਾਫੇਰੀ ਵੀ ਕਰ ਲੈਂਦੇ ਹਨ?

**ਉੱਤਰ:** ਸਾਰੇ ਡਰਾਇਵਰ ਇਸ ਤਰ੍ਹਾਂ ਨਹੀਂ ਕਰਦੇ ਪਰ ਜ਼ਿਆਦਾ ਅਜਿਹਾ ਕਰਦੇ ਹਨ। ਟਰੱਕ 'ਚੋਂ ਮਾਲ ਉਤਾਰ ਕੇ ਜਦੋਂ ਗੱਡੀ ਖਾਲੀ ਵਾਪਸ ਆ ਰਹੀ ਹੁੰਦੀ ਹੈ ਤਾਂ ਡਰਾਇਵਰ ਰਸਤੇ ਵਿੱਚੋਂ ਸਵਾਰੀਆਂ ਬਿਠਾ ਕੇ ਉਨ੍ਹਾਂ ਕੋਲੋਂ ਕਿਰਾਇਆ ਲੈ ਲੈਂਦੇ ਹਨ। ਜਾਂ ਰਸਤੇ ਵਿੱਚੋ ਫੋੜਕੂ ਮਾਲ ਮਿਲ ਜਾਣ ਤੇ ਉਸ ਦਾ ਕਿਰਾਇਆ ਲੈ ਲੈਂਦੇ ਹਨ। ਇਸ ਤਰ੍ਹਾਂ ਕਮਾਇਆ ਹੋਇਆ ਪੈਸਾ ਉਹ ਮਾਲਕ ਨੂੰ ਨਹੀਂ ਦਿੰਦੇ। ਇਹ ਉਨ੍ਹਾਂ ਦੀ ਆਪਣੀ ਕਮਾਈ ਹੁੰਦੀ ਹੈ। ਕਈ ਡਰਾਇਵਰ ਤਾਂ ਪੈਟਰੋਲ ਵਿੱਚ ਵੀ ਹੇਰਾਫੇਰੀ ਕਰ ਲੈਂਦੇ ਹਨ। ਉਹ ਪੈਟਰੋਲ ਪੰਪ ਤੋਂ ਘੱਟ ਤੇਲ ਪਵਾ ਕੇ ਜ਼ਿਆਦਾ ਦਾ ਬਿਲ ਬਣਵਾ ਲੈਂਦੇ ਹਨ। ਮਾਲਕ ਉਨ੍ਹਾਂ ਦੀਆਂ ਇਹਨਾਂ ਹਰਕਤਾਂ ਬਾਰੇ ਜਾਣਦਾ ਹੋਇਆ ਵੀ ਕਈ ਵੇਰਾਂ ਇਸ ਗੱਲ ਨੂੰ ਅੱਖੋਂ ਪਰੋਖੇ ਕਰ ਛੱਡਦਾ ਹੈ। ਇਹ ਗੱਲ ਉਹੀ ਹੈ "**ਚੋਰ ਚੋਰੀਓਂ ਜਾਵੇ ਪਰ ਹੇਰਾ ਫੇਰੀਓਂ ਨਾ ਜਾਏ।**" ਸਭ ਠੀਕ ਨਹੀਂ ਹੈ। ਸਭ ਚੱਲਦਾ ਹੈ। ਡਰਾਇਵਰ ਨੂੰ ਟਿਕਾਈ ਰੱਖਣ ਲਈ ਵੀ ਮਾਲਿਕ ਨੂੰ ਅੱਖਾਂ ਮੀਟਣੀਆਂ ਹੀ ਪੈਂਦੀਆਂ ਹਨ।

**ਪ੍ਰਸ਼ਨ:** ਇਹ ਵੇਖਣ ਵਿੱਚ ਆਉਂਦਾ ਹੈ ਕਿ ਰਸਤੇ ਵਿੱਚ ਟਰੱਕ ਡਰਾਇਵਰਾਂ ਨੂੰ ਟਰੈਫਿਕ ਪੁਲਿਸ ਵਾਲੇ ਵੀ ਕਾਫੀ ਪ੍ਰੇਸ਼ਾਨ ਕਰਦੇ ਹਨ। ਉਨ੍ਹਾਂ ਕੋਲੋਂ ਪੈਸੇ ਬਟੋਰਨ ਲਈ ਉਹ ਉਨ੍ਹਾਂ ਨੂੰ ਚਲਾਣ ਦਾ ਡਰਾਵਾ ਦੇ ਕੇ ਪੈਸੇ ਦੀ ਮੰਗ ਕਰਦੇ ਹਨ। ਤੁਸੀਂ ਇਸ ਬਾਰੇ ਕੀ ਕਹਿਣਾ ਚਾਹੋਗੇ?

**ਉੱਤਰ:** ਟਰਾਂਸਪੋਰਟ ਲਾਇਨ ਵਿੱਚ ਡਰਾਇਵਰਾਂ ਨੂੰ ਇਸ ਗੱਲ ਦਾ ਆਮ ਸਾਹਮਣਾ ਕਰਨਾ ਪੈਂਦਾ ਹੈ। ਟੌਲ-ਟੈਕਸ ਅਦਾ ਕਰਨਾ,ਓਵਰ ਲੋਡ ਮਾਲ ਲਈ ਪੁਲਿਸ ਨੂੰ ਰਿਸ਼ਵਤ ਦੇਣਾ,ਗੱਡੀ ਦੇ ਕਾਗਜ਼ਾਂ ਦੀਆਂ ਤਰੁਟੀਆਂ ਦਾ ਹੋਣਾ ਪੁਲਿਸ ਦੀ ਉੱਪਰਲੀ ਕਮਾਈ ਦਾ ਸਾਧਨ ਬਣਦਾ ਹੈ। ਦੂਸਰੇ ਸੂਬਿਆਂ ਦੀ ਪੁਲਿਸ ਵੀ ਰਸਤੇ ਵਿੱਚ ਥਾਂ ਥਾਂ ਰੋਕ ਕੇ ਐਂਟਰੀ ਫੀਸ ਦੇ ਨਾਮ 'ਤੇ ਰਿਸ਼ਵਤ ਲੈਂਦੀ ਹੈ ਪਰ ਪੰਜਾਬ ਦੀ ਪੁਲਿਸ ਕੁਝ ਜ਼ਿਆਦਾ ਹੀ ਤੰਗ ਕਰਦੀ ਹੈ। ਜ਼ਿਆਦਾ ਕਰਕੇ ਟਰਾਂਸਪੋਰਟ ਦਾ ਕੰਮ ਪੰਜਾਬੀ ਹੀ ਕਰ ਰਹੇ ਹਨ। ਕਈ ਵੇਰਾਂ ਪੰਜਾਬ ਦੇ ਡਰਾਇਵਰ ਪੰਜਾਬ ਦਾ ਮਾਲ ਇਸੇ ਕਰਕੇ ਨਹੀਂ ਲੱਦਦੇ। ਉਨ੍ਹਾਂ ਨੂੰ ਪੰਜਾਬ ਦਾ ਮਾਲ ਖ਼ੁਸ਼ੀ ਨਾਲ ਲੱਦਣਾ ਚਾਹੀਦਾ ਹੈ ਕਿਉਂਕਿ ਉਹ ਪੰਜਾਬ ਵਿੱਚ ਆਪਣੇ ਸਾਕ-ਸਬੰਧੀਆਂ ਨੂੰ ਵੀ ਮਿਲਣ ਆ ਸਕਦੇ ਹਨ। ਪਰ ਪੰਜਾਬ ਪੁਲਿਸ ਦਾ ਵਤੀਰਾ ਕੁਝ ਜ਼ਿਆਦਾ ਹੀ ਸਖ਼ਤ ਹੋਣ ਕਰਕੇ ਉਹ ਇੱਧਰ ਆਉਣ ਤੋਂ ਗੁਰੇਜ਼ ਕਰਦੇ ਹਨ।ਇਸ ਗੱਲ ਦਾ ਇਹ ਵੀ ਅਰਥ ਨਾ ਲੈ ਲਿਆ ਜਾਵੇ ਕਿ ਇਹ ਬੀਮਾਰੀ ਕੇਵਲ ਸੂਬਾ ਪੰਜਾਬ ਵਿੱਚ ਹੀ ਹੈ ਸਗੋਂ ਇਸ ਮੁਸੀਬਤ ਦਾ ਸਾਹਮਣਾ ਸਾਨੂੰ ਲਗਭਗ ਹਰ ਪ੍ਰਾਂਤ ਵਿੱਚ ਹੀ ਕਰਨਾ ਪੈਂਦਾ ਹੈ। ਇਸ ਗੱਲ ਤੋਂ ਤਾਂ ਤੁਸੀਂ ਭਲੀਭਾਂਤ ਜਾਣੂ ਹੀ ਹੋਵੋਗੇ ਕਿ ਇਸ ਲਾਇਨ ਵਿੱਚ ਜ਼ਿਆਦਾ ਕਰਕੇ ਡਰਾਇਵਰ ਅਨਪੜ੍ਹ ਹੀ ਹੁੰਦੇ ਹਨ ਅਤੇ ਉਨ੍ਹਾਂ ਨੂੰ ਕਾਗਜ਼ਾਂ ਨੂੰ ਪੇਸ਼ ਕਰਨ ਵਿੱਚ ਅਤੇ ਭਾਸ਼ਾ ਦੇ ਸਮਝਣ ਵਿੱਚ ਮੁਸ਼ਕਲ ਪੇਸ਼ ਆਉਂਦੀ ਹੈ। ਕਈ ਵੇਰਾਂ ਦੂਸਰੀਆਂ ਸਟੇਟਸ ਦੀ ਭਾਸ਼ਾ ਵੀ ਉਨ੍ਹਾਂ ਦੀ ਸਮਝ ਵਿੱਚ ਨਹੀਂ ਆਉਂਦੀ। ਇਸ ਘਾਟ ਦੀ ਮਾਰ ਵੀ ਉਹ ਸਹਿੰਦੇ ਹਨ,ਜਿਸ ਵਿੱਚ ਉਨ੍ਹਾਂ ਦਾ ਕੋਈ ਕਸੂਰ ਵੀ ਨਹੀਂ

ਹੁੰਦਾ। ਅਜਿਹਾ ਨਹੀਂ ਹੋਣਾ ਚਾਹੀਦਾ। ਉਨ੍ਹਾਂ ਨਾਲ ਹਮਦਰਦੀ ਭਰਿਆ ਸਲੂਕ ਹੋਣਾ ਚਾਹੀਦਾ ਹੈ ਤਾਂ ਜੋ ਉਹ ਸਮੇਂ ਦੀ ਬਚਤ ਅਤੇ ਖ਼ਜਲ ਖੁਆਰੀ ਤੋਂ ਬਚ ਸਕਣ।

**ਪ੍ਰਸ਼ਨ:** ਡਰਾਇਵਰੀ ਪੇਸ਼ੇ ਵਿੱਚ ਲੱਗ ਭਗ ਤੁਸੀਂ ਜੀਵਨ ਹੀ ਗੁਜ਼ਾਰ ਦਿੱਤਾ ਹੈ। ਤੁਹਾਡੀ ਸੋਚ ਅਨੁਸਾਰ ਜਾਂ ਤੁਹਾਡੀ ਨਿਗਾਹ ਵਿੱਚ ਸਮੁੱਚੇ ਤੌਰ 'ਤੇ ਇਹ ਪੇਸ਼ਾ ਕਿਹੋ ਜਿਹਾ ਹੈ?

**ਉੱਤਰ:** ਕੰਮ ਕੋਈ ਵੀ ਮਾੜਾ ਨਹੀਂ ਹੁੰਦਾ। ਜੀਵਨ ਨਿਰਬਾਹ ਕਰਨ ਲਈ ਕੋਈ ਤਾਂ ਕੰਮ ਕਰਨਾ ਹੀ ਹੁੰਦਾ ਹੈ। ਹਰ ਕੰਮ ਵਿੱਚ ਹੀ ਮੁਸ਼ਕਲਾਂ ਵੀ ਆਉਂਦੀਆਂ ਅਤੇ ਉਸ ਦੇ ਚੰਗੇ ਮੰਦੇ ਪਹਿਲੂ ਵੀ ਹੁੰਦੇ ਹਨ। ਇਹ ਨਿਰਭਰ ਕਰਦਾ ਹੈ ਇਨਸਾਨ ਦੀ ਆਪਣੀ ਸੋਚ 'ਤੇ ਕਿ ਉਹ ਕਿਹੜੇ ਪਾਸੇ ਜਾਣਾ ਚਾਹੁੰਦਾ ਹੈ। ਜਬਰਦਸਤੀ ਕੋਈ ਕਿਸੇ ਨੂੰ ਬੁਰੇ ਕੰਮ ਤੇ ਨਹੀਂ ਲਾ ਸਕਦਾ,ਜਿੰਨਾਂ ਚਿਰ ਉਹ ਆਦਮੀ ਆਪ ਦੂਸਰੇ ਨੂੰ ਅਜਿਹਾ ਕਰਨ ਦਾ ਮੌਕਾ ਨਹੀਂ ਦਿੰਦਾ। ਤੁਹਾਡਾ ਆਪਣਾ ਮਨੋਬਲ ਹੀ ਤੁਹਾਡੀ ਕਾਮਯਾਬੀ ਦੀ ਕੁੰਜੀ ਹੈ। ਇਹ ਠੀਕ ਹੈ ਇਕ ਮਾੜਾ ਨਹੀਂ ਹੁੰਦਾ ਸਗੋਂ ਇਹ ਤੁਹਾਡੇ ਆਪਣੇ 'ਤੇ ਮੁਨੱਸਰ ਕਰਦਾ ਹੈ ਕਿ ਤੁਸੀਂ ਕਿਸ ਤਰ੍ਹਾਂ ਦਾ ਜੀਵਨ ਬਤੀਤ ਕਰਨਾ ਹੈ।

**ਪ੍ਰਸ਼ਨ:** ਕੀ ਤੁਸੀਂ ਇਸ ਲਾਇਨ ਦੇ ਲੋਕਾਂ ਨੂੰ ਕੋਈ ਸੁਝਾਓ ਜਾਂ ਸੁਨੇਹਾ ਦੇਣਾ ਪਸੰਦ ਕਰੋਗੇ?

**ਉੱਤਰ:** ਇਸ ਲਾਇਨ ਵਿੱਚ ਕੰਮ ਕਰਨ ਵਾਲੇ ਲੋਕ ਰੱਬ ਦੀ ਮਿਹਰ ਦੇ ਆਸਰੇ ਚਲਦੇ ਹਨ। ਸਭ ਤੋਂ ਪਹਿਲਾਂ ਚਾਹੁੰਦਾ ਹਾਂ ਕਿ ਉਹ ਪ੍ਰਭੂ ਦਾ ਓਟ ਆਸਰਾ ਲੈ ਕੇ ਆਪਣੇ ਕੰਮ ਤੇ ਨਿਕਲਣ। ਇੰਝ ਕਹਿ ਲਵੋ **"ਵਾਹਿਗੁਰੂ ਬੋਲ 'ਤੇ ਖਿੜਕੀ ਖੋਲ੍ਹ"।** ਆਪਣਾ ਜੀਵਨ ਆਚਾਰ ਨੇਕ ਰੱਖੋ, ਕੋਈ ਖ਼ਤਰਾ ਨਹੀਂ ਹੈ। ਜਿਸ ਵੀ ਮਾਲਿਕ ਦੀ ਤੁਸੀਂ ਗੱਡੀ ਚਲਾ ਰਹੇ ਹੋ ਉਸ ਦੇ ਵਫ਼ਾਦਾਰ ਹੋ ਕੇ ਰਹੋ। ਇਸ ਨਾਲ ਤੁਹਾਨੂੰ ਸੋਭਾ ਵੀ ਮਿਲੇਗੀ ਅਤੇ ਰੁਜ਼ਗਾਰ ਵੀ,ਅਜਿਹੀ ਮੇਰੀ ਧਾਰਨਾ ਹੈ।

ਮੰਗਲ ਸਿੰਘ ਨਾਲ ਗੱਲਾਂ ਕਰਨ ਉਪਰੰਤ ਮੈਂ ਅਨੁਭਵ ਕਰ ਰਿਹਾ ਸਾਂ ਕਿ ਜੋ ਸੱਚ ਉਸ ਨੇ ਇਸ ਬਦਨਾਮ ਪੇਸ਼ੇ ਬਾਰੇ ਸਾਂਝਾ ਕੀਤਾ ਹੈ ਉਹ ਜੀਵਨ ਦੀ ਰੌਅ ਬਦਲ ਦੇਣ ਦੇ ਸਮਰੱਥ ਹੈ। ਉਸ ਦੀ ਇਹ ਸੋਚ ਕਿ ਕੰਮ ਹੀ ਪੂਜਾ ਹੈ,ਉਨ੍ਹਾਂ ਲੋਕਾਂ ਨੂੰ ਬਲ ਪ੍ਰਦਾਨ ਕਰਦੀ ਜਾਪਦੀ ਸੀ ਜਿਹੜੇ ਗਲਤ ਹੱਥਾਂ ਵਿੱਚ ਪੈ ਕੇ ਜੀਵਨ ਨਸ਼ਟ ਕਰ ਰਹੇ ਹਨ। ਇਸ ਵਿੱਚ ਕੋਈ ਦੂਜੀ ਰਾਏ ਨਹੀਂ ਕਿ ਕੋਈ ਕੰਮ ਵੀ ਮਾੜਾ ਨਹੀਂ ਹੁੰਦਾ ਸਗੋਂ ਹਰ ਕੰਮ ਵਿੱਚੋਂ ਮੰਜ਼ਿਲ ਪਾਈ ਜਾ ਸਕਦੀ ਹੈ। ਰੱਬ ਕਰੇ ਇਹ ਧਾਰਨਾ ਹਰ ਇੱਕ ਦੇ ਮਨ ਵਿੱਚ ਵੱਸ ਜਾਵੇ ਕਿ ਚੰਗਾ ਆਚਰਣ ਹੀ ਰੱਬ ਦੀ ਪੂਜਾ ਹੈ।

ਆਮੀਨ!

***

**ਇੱਕ ਪਹਿਲਵਾਨ:**

**ਅਖਾੜਿਆਂ ਦੀ ਸ਼ਾਨ ਅਤੇ ਇਲਾਕੇ ਦਾ ਮਾਣ**



**ਪਹਿਲਵਾਨ ਹਜ਼ਾਰਾ ਸਿੰਘ 'ਮੋਰ'**

ਹਰ ਖੇਡ ਦਾ ਆਪਣਾ ਹੁਨਰ ਹੁੰਦਾ ਹੈ,ਆਪਣੀ ਕਲਾ ਹੁੰਦੀ ਹੈ। ਪਹਿਲਵਾਨੀ ਜਗਤ ਵੀ ਇੱਕ ਨਿਰਾਲਾ ਹੀ ਜਗਤ ਹੈ ਜਿਸ ਵਿੱਚ ਸਰੀਰ ਦੀ ਤਾਕਤ ਦੇ ਨਾਲ ਨਾਲ ਇਸ ਦੇ ਦਾਅ-ਪੇਚ ਜਾਨਣੇ ਵੀ ਬਹੁਤ ਹੀ ਜ਼ਰੂਰੀ ਹੁੰਦੇ ਹਨ। "ਗੁਰੂ ਬਿੰਨਾਂ ਗੱਤ ਨਹੀਂ,ਸ਼ਾਹ ਬਿੰਨਾਂ ਪੱਤ ਨਹੀਂ" ਦੀ ਕਹਾਵਤ ਬਿਲਕੁਲ ਠੀਕ ਹੈ। ਸ਼ਬਦ 'ਪਹਿਲਵਾਨ' ਤੋਂ ਇਸ ਗੱਲ ਦਾ ਝਾਉਲਾ ਪੈਂਦਾ ਹੈ ਕਿ ਇਹ ਇਰਾਨੀ ਸਭਿਅਤਾ ਦਾ ਪ੍ਰਤੀਕ ਹੈ ਕਿਉਂਕਿ ਉਥੇ 'ਪਹਿਲਵੀ' ਇੱਕ ਜਾਤ ਦਾ ਨਾਮ ਹੈ। ਸ਼ਾਇਦ ਇਰਾਨੀ ਸਭਿਅਤਾ ਦੇ ਨਾਲ ਹੀ ਇਹ ਖੇਡ ਭਾਰਤ ਵਿੱਚ ਆਈ ਹੋਵੇ। ਪਰ ਇਸ ਗੱਲ ਨੂੰ ਨਿਕਾਰਿਆ ਨਹੀਂ ਜਾ ਸਕਦਾ ਕਿ ਬਹੁਤ ਸਮਾਂ ਪਹਿਲਾਂ ਮਹਾਂ ਭਾਰਤ ਦੇ ਸਮੇਂ ਵੀ ਭਾਰਤ ਵਿੱਚ "ਭੀਮਸੈਨ" ਵਰਗੇ ਯੋਧੇ ਹੋਏ ਹਨ ਅਤੇ ਹੋਰ ਵੀ 'ਯੋਧ ਮਹਾਬਲ ਸੂਰੇ' ਹੋਏ ਦਰਸਾਏ ਗਏ ਹਨ। ਇਸ ਗੱਲ ਤੋਂ ਇਨਕਾਰ ਨਹੀਂ ਕਿ ਇਸ ਖੇਡ ਤੇ ਇਰਾਨੀ ਛਾਪ ਹੈ ਪਰ ਇਹ ਵੀ ਗਲਤ ਨਹੀਂ ਕਿ ਪੁਰਾਤਨ ਕਾਲ ਵਿੱਚ ਯੁਧਾਂ ਜਾਂ ਦੋ ਸੂਰਮਿਆਂ ਦਾ 'ਆਹਮੋ ਸਾਹਮਣੇ' ਜੁੱਟਣ ਦਾ ਵਰਨਣ ਵੀ ਮਿਲਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਤਾਂ ਐਵੇਂ ਨਹੀਂ ਲਿਖਿਆ: **ਹਉਂ ਗੋਸਾਈ ਦਾ ਪਹਲਵਾਨੜਾ॥** ਖਡੂਰ ਸਾਹਿਬ ਵਿਖੇ 'ਗੁਰਦੁਆਰਾ ਮੱਲ ਅਖਾੜਾ ਸਾਹਿਬ' ਇਸੇ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਗੁਰੂ ਅੰਗਦ ਦੇਵ ਜੀ ਦੇ ਸਮੇਂ ਵੀ ਪਹਿਲਵਾਨਾਂ(ਮੱਲਾਂ) ਦੀ ਕੁਸ਼ਤੀ ਕਰਨ ਵਾਸਤੇ ਇੱਥੇ ਅਖਾੜਾ ਚੱਲਦਾ ਹੁੰਦਾ ਸੀ।

ਨਾਮਵਰ ਪਹਿਲਵਾਨ ਬਣਨ ਲਈ ਪਹਿਲਵਾਨ ਨੂੰ ਬੜੀ ਸਖ਼ਤ ਸਰੀਰਕ ਮਿਹਨਤ ਕਰਨੀ ਪੈਂਦੀ ਹੈ ਅਤੇ ਆਪਣਾ ਆਚਰਣ ਵੀ ਉੱਚ ਪਾਏ ਦਾ ਰੱਖਣਾ ਪੈਂਦਾ ਹੈ। ਦੂਸਰੇ ਸ਼ਬਦਾਂ ਵਿੱਚ ਇਹ ਫ਼ਕੀਰੀ ਕਮਾਉਣ ਵਰਗਾ ਟੇਢਾ ਅਤੇ ਬਿਖੜਾ ਪੈਂਡਾ ਹੁੰਦਾ ਹੈ ਜਿਸ ਨੂੰ ਤਹਿ ਕਰਨ ਵਾਸਤੇ ਸਬਰ, ਸੰਤੋਖ, ਸਹਿਣਸ਼ੀਲਤਾ,ਸੰਜਮ ਅਤੇ ਲੰਗੋਟੇ ਦਾ ਜਤੀ ਹੋ ਕੇ ਆਪਣਾ ਜੀਵਨ ਗੁਜ਼ਾਰਨਾ ਹੁੰਦਾ ਹੈ। ਨਾਥਾਂ ਅਤੇ ਜੋਗੀਆਂ ਦੇ ਸਮੇਂ ਤਾਂ ਔਰਤ ਤੋਂ ਦੂਰੀ ਰੱਖਣ ਵਾਸਤੇ ਔਰਤ ਨੂੰ 'ਬਾਘਨੁ' ਭਾਵ ਬੱਘਿਆੜੀ ਤੱਕ ਕਹਿ ਦਿੱਤਾ ਗਿਆ ਸੀ। ਉਨ੍ਹਾਂ ਦੇ ਕਥਨ ਅਨੁਸਾਰ:

**"ਬਾਘਨੁ ਤਨ ਛੀਜੈ ਬਾਘਨੁ ਮਨ ਛੀਜੈ॥ ਇਨ ਬਾਘਨੁ ਤ੍ਰੈਲੋਕੀ ਖਾਈ॥**
**ਮਾਉਂ ਕਹੇ ਮੇਰਾ ਪੂਤ ਵਿਆਇਆ॥ ਗੀਲੀ ਲਕੜੀ ਕੋ ਘੁਣ ਲਾਇਆ॥**

ਇਸ ਕਲਾ ਵਿੱਚ ਮੁਹਾਰਤ ਹਾਸਲ ਕਰਨ ਵਾਸਤੇ ਕਿਸੇ ਉਸਤਾਦ ਦੀ ਸ਼ਰਨ ਵਿੱਚ ਜਾਣਾ ਪੈਂਦਾ ਹੈ ਅਤੇ ਉਸ ਦੇ ਦੱਸੇ ਹੋਏ ਦਾਅ-ਪੇਚਾਂ ਨੂੰ ਗ੍ਰਹਿਣ ਕਰਕੇ ਉਸ ਦਾ ਅਭਿਆਸ ਕਰਨਾ ਹੁੰਦਾ ਹੈ।

ਬੇਸ਼ਕ ਪਹਿਲਵਾਨੀ ਖ਼ੇਤਰ ਦਾ ਪਿਤਾਮਾ ਹੋਣ ਦਾ ਮਾਣ ਉਸਤਾਦ ਨੂਰ-ਉੱਦੀਨ ਪਹਿਲਵਾਨ-ਕੁਤਬਿ-ਜ਼ਮਾਂ ਨੂੰ ਦਿੱਤਾ ਜਾਂਦਾ ਹੈ ਪਰ ਇਸ ਗੱਲ ਨੂੰ ਵੀ ਝੁਠਲਾਇਆ ਨਹੀਂ ਜਾ ਸਕਦਾ ਕਿ ਇਸ ਖੇਡ ਦਾ ਜਨਮ ਮਨੁੱਖੀ ਜਨਮ ਦੇ ਨਾਲ ਹੀ ਹੋ ਗਿਆ ਸੀ। ਮਨੁਖ ਜਦੋਂ ਅਜੇ ਅੱਜ ਵਰਗਾ ਸਭਯ ਨਹੀਂ ਸੀ ਅਖਵਾਉਣ ਲੱਗਾ ਅਤੇ ਜੰਗਲਾਂ ਵਿੱਚ ਰਹਿੰਦਾ ਹੁੰਦਾ ਸੀ ਤਾਂ ਉਦੋਂ ਵੀ ਇਸ ਨੂੰ ਆਪਣੇ ਦੁਸ਼ਮਣਾਂ ਜਾਂ ਜੰਗਲੀ ਜਾਨਵਰਾਂ ਨਾਲ ਜੂਝਣਾਂ ਪੈਂਦਾ ਸੀ। ਬੇਸ਼ਕ ਉਹ ਨਿਯਮ ਬੱਧ ਕੁਸ਼ਤੀ ਨਹੀਂ ਸੀ ਹੁੰਦੀ ਪਰ ਉਹ ਹੈ ਇਹੀ ਖੇਡ ਸੀ ਜਿਹੜੀ ਸਮੇਂ ਦੇ ਨਾਲ ਨਾਲ ਬਦਲਦੀ ਅੱਜ ਦੀ 'ਕੁਸ਼ਤੀ' ਜਾਂ 'ਘੋਲ' ਬਣੀ ਹੈ।

ਵੱਖ ਵੱਖ ਦੇਸਾਂ ਵਿੱਚ ਇਸ ਦੇ ਆਪਣੇ ਆਪਣੇ ਨਿਯਮ ਹਨ। ਇਸ ਗੱਲ ਦਾ ਨਿਰਣਾ ਕਰਨਾ ਤਾਂ ਮੁਸ਼ਕਲ ਹੈ ਪਰ ਇਸ ਧਾਰਨਾ ਲੈ ਕੇ ਤੁਰਿਆ ਜਾਂਦਾ ਹੈ ਕਿ ਇਸਲਾਮੀ ਦੇਸ਼ਾਂ ਵਿੱਚ ਕੁਸ਼ਤੀ ਦਾ ਜ਼ਿਆਦਾ ਜ਼ੋਰ ਰਿਹਾ ਹੈ। ਇਹ ਖੇਡ ਸੰਸਾਰ ਦੇ ਹੋਰ ਭਾਗਾਂ ਵਿੱਚ ਵੀ ਪ੍ਰਚੱਲਿਤ ਸੀ। ਮਰਾਕੋ ਤੋਂ ਮੰਗੋਲੀਆ ਤੀਕ ਵੱਧਦੀ ਇਹ ਖੇਡ ਹੌਲੀ ਹੌਲੀ ਪੂਰਬ ਵੱਲ ਆਉਂਦੀ ਗਈ।ਇਹ ਵੀ ਕਿਹਾ ਜਾਂਦਾ ਹੈ ਕਿ ਮੰਗੋਲੀਆ ਅਤੇ ਤੁਰਕਸਤਾਨ ਵਿੱਚ ਇਸ ਖੇਡ ਦਾ ਇਹ ਹਾਲ ਸੀ ਕਿ ਦੋਵੇਂ ਖਿਡਾਰੀ ਉਦੋਂ ਤੱਕ ਇੱਕ ਦੂਸਰੇ ਨਾਲ ਭਿੜਦੇ

ਰਹਿੰਦੇ ਸਨ ਜਦੋਂ ਤੱਕ ਦੋਹਾਂ 'ਚੋਂ ਇੱਕ ਦੀ ਮੌਤ ਨਹੀਂ ਸੀ ਹੋ ਜਾਂਦੀ(Fight unto death) ਕੁਸ਼ਤੀਆਂ ਦੀ ਇਸੇ ਕੜੀ ਦਾ ਹੀ ਹਿੱਸਾ ਸੀ ਰੁਸਤਮ ਅਤੇ ਸੁਹਰਾਬ ਪਿਉ ਪੁੱਤਰ ਦੀ ਕੁਸ਼ਤੀ ਜਿਹੜੀ ਪਿਉ(Rustam) ਦੇ ਹੱਥੋਂ ਪੁੱਤਰ (Sohrab) ਦੀ ਮੌਤ ਨਾਲ ਮੁੱਕੀ ਸੀ। ਅੱਜ ਵੀ ਜਦੋਂ ਕਿਸੇ ਨੂੰ ਉਸ ਦੀ ਤਾਕਤ ਦਾ ਅਹਿਸਾਸ ਕਰਵਾਉਣਾ ਹੋਵੇ ਤਾਂ ਆਖ ਦਿੰਦੇ ਹਨ,"**ਆ ਗਿਆ ਈ ਵੱਡਾ ਰੁਸਤਮ।**" ਇਸੇ ਤਰ੍ਹਾਂ ਦੀ ਕੁਸ਼ਤੀ ਦਾ ਜ਼ਿਕਰ ਮਹਾਭਾਰਤ ਵਿੱਚ ਵੀ ਆਉਂਦਾ ਹੈ ਜਦੋਂ ਮਹਾਂਬਲੀ ਭੀਮ ਦੀ ਕੁਸ਼ਤੀ ਜੈਧਰਥ ਨਾਲ ਹੋਈ ਸੀ,ਜਿਹੜੀ ਤਿੰਨ ਦਿਨ ਲਗਾਤਾਰ ਚੱਲਦੀ ਰਹੀ ਸੀ ਅਤੇ ਉਸ ਦਾ ਨਿਬੇੜਾ ਜੈਧਰਥ ਦੀ ਮੌਤ ਨਾਲ ਹੀ ਹੋਇਆ ਸੀ। ਸਮਾਂ ਆਪਣੇ ਨਾਲ ਨਾਲ ਇਸ ਵਿੱਚ ਤਬਦੀਲੀਆਂ ਕਰਦਾ ਗਿਆ। ਇਸ ਦੇ ਨਿਯਮ ਘੜੇ ਗਏ ਅਤੇ ਇਸ ਦੇ ਢੰਗ ਵੀ ਬਦਲੇ ਗਏ। ਇਸ ਖੇਡ ਦੀਆਂ ਕਈ ਕਿਸਮਾਂ ਵੀ ਬਣ ਗਈਆਂ। ਚੀਨ ਵਾਲਿਆ ਨੇ ਇਸ ਖੇਡ ਨੂੰ ਜੂਡੋ (Judo) ਦਾ ਰੰਗ ਦੇ ਦਿੱਤਾ। ਇਵੇਂ ਹੀ:
(ੳ)ਯੂਨਾਨੀ-ਰੋਮਨ ਕੁਸ਼ਤੀ (ਅ) ਫ੍ਰੀ ਸਟਾਇਲ ਕੁਸ਼ਤੀ (ੲ) Collar & Elbo Style ਇਹ ਅਮਰੀਕਨ ਨਵਾਂ ਢੰਗ ਹੈ।(ਸ) ਕਾਰਨਵਾਲ ਅਤੇ ਡੈਵਨ ਸਟਾਇਲ: ਇਸ ਵਿੱਚ ਦੋਵੇਂ ਮੋਢੇ ਅਤੇ ਇੱਕ ਕੂਲ੍ਹਾ ਜਾਂ ਦੋਵੇਂ ਕੂਲ੍ਹੇ ਅਤੇ ਇੱਕ ਮੋਢਾ ਲੱਗ ਜਾਵੇ ਤਾਂ ਉਸ ਨੂੰ ਢੱਠਾ ਗਿਣਦੇ ਹਨ। ਅੱਜ ਅਸੀਂ ਕੁਸ਼ਤੀ ਖੇਡ ਦੇ ਇੱਕ ਨਾਮਵਰ ਪਹਿਲਵਾਨ ਨਾਲ ਮਿਲਣ ਜਾ ਰਹੇ ਹਾਂ ਜਿਸ ਦੀ ਇਸ ਖੇਡ ਲਈ ਕੀਤੀ ਤਪੱਸਿਆ ਦਾ ਹਵਾਲਾ ਇੱਕ ਇੰਟਰਵਿਊ ਰੂਪ ਵਿੱਚ ਪੇਸ਼ ਹੈ: ਸੁਆਲ: ਪਹਿਲਵਾਨ ਜੀ! ਕੀ ਤੁਸੀਂ ਆਪਣੇ ਮੁੱਢਲੇ ਜੀਵਨ ਬਾਰੇ ਸਾਨੂੰ ਕੁਝ ਦੱਸੋਗੇ?

**ਜੁਆਬ:** ਮੈਂ ਸਿੱਧਾ ਸਾਦਾ ਅਨਪੜ੍ਹ ਜਿਹਾ ਜੱਟ ਹਾਂ। ਮੈਨੂੰ ਆਪਣੇ ਜਨਮ ਦੀ ਤਾਰੀਕ ਤਾਂ ਯਾਦ ਨਹੀਂ ਪਰ ਏਨਾ ਕੁ ਪਤਾ ਹੈ ਕਿ ਹੁਣ ਮੇਰੀ ਉਮਰ 91 ਸਾਲਾਂ ਦੀ ਹੋ ਗਈ ਹੈ। ਇਸ ਹਿਸਾਬ ਨਾਲ ਮੇਰਾ ਜਨਮ ਸੰਨ 1920 ਵਿੱਚ ਪਿੰਡ ਭਿੱਟੇਵੱਢ,ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਸ੍ਰ. ਤਾਰਾ ਸਿੰਘ ਜੀ ਦੇ ਘਰ ਹੋਇਆ ਹੈ। ਮੇਰੀ ਮਾਤਾ ਦਾ ਨਾਂ ਹਰਨਾਮ ਕੌਰ ਹੈ। ਮੇਰੇ ਪਿਤਾ ਜੀ ਖੇਤੀਬਾੜੀ ਦਾ ਕੰਮ ਕਰਦੇ ਸਨ। ਅਸੀਂ ਚਾਰ ਭਰਾ ਹਾਂ ਅਤੇ ਸਾਡੀ ਇੱਕੋ ਇੱਕ ਭੈਣ ਹੈ। ਸਾਡੀ ਭੈਣ ਸਾਡੇ ਸਾਰਿਆਂ ਤੋਂ ਵੱਡੀ ਸੀ ਅਤੇ ਭਰਾਵਾਂ ਵਿੱਚੋਂ ਮੈਂ ਤੀਸਰੇ ਥਾਂ ਤੇ ਹਾਂ। ਮੇਰੇ ਤੋਂ ਦੋ ਵੱਡੇ ਭਰਾ ਸਨ। ਸਾਡੇ ਪਿੰਡ ਤੋਂ ਛੇ ਕੁ ਕਿਲੋ ਮੀਟਰ ਦੀ ਦੂਰੀ ਤੇ ਇੱਕ ਹੋਰ ਪਿੰਡ ਹੈ ਵਡਾਲਾ ਭਿੱਟੇਵੱਢ। ਕਈਆਂ ਨੂੰ ਇਨ੍ਹਾਂ ਪਿੰਡਾਂ ਦੇ ਨਾਂ ਤੋਂ ਭੁਲੇਖਾ ਵੀ ਪੈ ਜਾਂਦਾ ਹੈ। ਵਡਾਲਾ ਭਿੱਟੇਵੱਢ ਨੂੰ ਬਾਉਲੀ ਇੰਦਰਜੀਤ ਵੀ ਕਿਹਾ ਜਾਂਦਾ ਹੈ ਅਤੇ ਉਹ ਰਾਮ ਤੀਰਥ ਦੇ ਨੇੜੇ ਪੈਂਦਾ ਹੈ ਜਦੋਂ ਕਿ ਸਾਡਾ ਪਿੰਡ ਰਾਮ ਤੀਰਥ ਤੋਂ ਛੇ-ਸੱਤ ਕਿਲੋ ਮੀਟਰ ਦੀ ਦੂਰੀ ਤੇ ਵਾਕਿਆ ਹੈ।

**ਸੁਆਲ:** ਕੀ ਤੁਸੀਂ ਵਿੱਦਿਆ ਪ੍ਰਾਪਤੀ ਵਾਸਤੇ ਸਕੂਲ ਵੀ ਗਏ ਹੋ ਜਾਂ ਨਹੀਂ?

**ਜੁਆਬ**: ਪੜ੍ਹਾਈ ਪੱਖੋਂ ਮੈਂ ਖੁਸ਼ਕਿਸਮਤ ਨਹੀਂ ਹਾਂ। ਮੈਂ ਪੜ੍ਹਨ ਵਾਸਤੇ ਸਕੂਲ ਨਹੀਂ ਗਿਆ ਜਾਂ ਇਸ ਤਰ੍ਹਾਂ ਕਹਿ ਲਵੋ ਮੈਂ ਕੋਰਾ ਅਨਪੜ੍ਹ ਹਾਂ। ਇਸ ਦਾ ਵੀ ਕਾਰਨ ਹੈ ਜਿਸ ਬਾਰੇ ਮੈਂ ਤੁਹਾਨੂੰ ਬਾਅਦ ਵਿੱਚ ਦੱਸਾਂਗਾ।

**ਸੁਆਲ:** ਹੁਣ ਮੈਂ ਜਾਨਣਾ ਚਾਹੁੰਦਾ ਹਾਂ ਕਿ ਤੁਹਾਡੀ ਸ਼ਾਦੀ ਕਦੋਂ ਹੋਈ? ਜ਼ਰਾ ਵਿਸਥਾਰ ਨਾਲ ਦੱਸੋ?

**ਜੁਆਬ:** ਸੰਨ 1943 ਵਿੱਚ ਜਦੋਂ ਮੇਰੀ ਉਮਰ 23 ਕੁ ਸਾਲ ਦੀ ਸੀ ਮੇਰੀ ਸ਼ਾਦੀ ਹੋਈ। ਮੇਰੀ ਪਤਨੀ ਦਾ ਨਾਂ ਮਹਿੰਦਰ ਕੌਰ ਹੈ ਅਤੇ ਉਸ ਦੇ ਮਾਪੇ ਕੋਟ ਖ਼ਾਲਸਾ, ਅੰਮ੍ਰਿਤਸਰ ਦੇ ਰਹਿਣ ਵਾਲੇ ਸਨ। ਮੇਰੀਆਂ ਪੰਜ ਲੜਕੀਆਂ ਅਤੇ ਦੋ ਲੜਕੇ ਹਨ।

**ਸੁਆਲ:** ਪਹਿਲਵਾਨੀ ਦਾ ਸ਼ੌਂਕ ਤੁਹਾਨੂੰ ਕਿਵੇਂ ਪਿਆ? ਕੀ ਤੁਹਾਡੇ ਪਰਿਵਾਰ ਵਿੱਚ ਤੁਹਾਡੇ ਤੋਂ ਪਹਿਲਾਂ ਵੀ ਕੋਈ ਪਹਿਲਵਾਨੀ ਕਰਦਾ ਸੀ?

**ਜੁਆਬ:** ਨਹੀਂ। ਮੇਰੇ ਤੋਂ ਪਹਿਲਾਂ ਸਾਡੇ ਪਰਿਵਾਰ ਵਿੱਚ ਕੋਈ ਪਹਿਲਵਾਨੀ ਨਹੀਂ ਸੀ ਕਰਦਾ। ਮੇਰਾ ਬਾਪ ਇੱਕ ਪਹਿਲਵਾਨ ਦਾ ਭਾਈਬੰਦ ਬਣ ਗਿਆ ਸੀ। ਉਸ ਪਹਿਲਵਾਨ ਦੀ ਜਿਸਮਾਨੀ ਦਿੱਖ ਅਤੇ ਸਰੀਰ ਬਹੁਤ ਖ਼ੂਬਸੂਰਤ ਸੀ। ਉਸ ਦੇ ਗੁੰਦੇ ਹੋਏ ਅਤੇ ਸੁਹਣੇ-ਸੁਨੱਖੇ ਸਰੀਰ ਵੱਲ ਵੇਖ ਕੇ ਹੀ ਮੇਰੇ ਪਿਤਾ ਜੀ ਦੇ ਮਨ ਵਿੱਚ ਖ਼ਿਆਲ ਆਇਆ ਸੀ ਕਿ ਉਹ ਵੀ ਆਪਣੇ ਇੱਕ ਲੜਕੇ ਨੂੰ ਪਹਿਲਵਾਨ ਬਣਾਉਣਗੇ। ਅਸੀਂ ਚਾਰ ਭਰਾ ਸਾਂ। ਮੇਰੇ ਪਿਤਾ ਜੀ ਨੇ ਸਾਡੇ ਚਹੁੰ 'ਚੋਂ ਮੇਰੇ ਤੇ ਅੱਖ ਰੱਖ ਲਈ ਸੀ ਕਿ ਇਸ ਨੂੰ ਪਹਿਲਵਾਨ ਬਣਾਂਗਾ। ਫਿਰ ਮੇਰੇ ਪਿਤਾ ਜੀ ਨੇ ਮੈਨੂੰ ਪਹਿਲਵਾਨੀ ਵਾਲੇ ਪਾਸੇ ਪਾ ਦਿੱਤਾ। ਉਸ ਸਮੇਂ ਮੇਰੀ ਉਮਰ ਬਾਰਾਂ ਸਾਲ ਦੀ ਸੀ ਜਦੋਂ ਮੈਂ ਅਖਾੜੇ ਵਿੱਚ ਆਇਆ ਸਾਂ।

**ਸੁਆਲ:** ਹਰ ਕੋਈ ਹੁਨਰ ਸਿੱਖਣ ਵਾਸਤੇ ਕਿਸੇ ਨਾ ਕਿਸੇ ਨੂੰ ਉਸਤਾਦ ਧਾਰਨਾ ਪੈਂਦਾ ਹੈ। ਪਹਿਲਵਾਨੀ ਦੇ ਗੁਰ ਅਤੇ ਪੈਂਤੜੇ ਸਿੱਖਣ ਵਾਸਤੇ ਤੁਸਾਂ ਕਿਸ ਨੂੰ ਆਪਣਾ ਉਸਤਾਦ ਧਾਰਿਆ ਸੀ। ਮੇਰਾ ਮਤਲਬ ਹੈ ਇਸ ਕਲਾ ਵਿੱਚ ਤੁਹਾਡਾ ਉਸਤਾਦ ਕੌਣ ਸੀ?

**ਜੁਆਬ:** ਮੈਨੂੰ ਅੰਮ੍ਰਿਤਸਰ ਸ਼ਹਿਰ ਵਿੱਚ ਪਹਿਲਵਾਨ ਹਮੀਦੇ ਕੋਲ ਖੜਿਆ ਗਿਆ ਸੀ ਪਰ ਉਸ ਦਿਨ ਉਹ ਕਿੱਧਰੇ ਬਾਹਰ ਕੁਸ਼ਤੀ ਲੜਨ ਵਾਸਤੇ ਗਿਆ ਹੋਇਆ ਸੀ। ਉਸ ਨਾਲ ਮੇਲ ਨਾ ਹੋ ਸਕਿਆ। ਫਿਰ ਮੈਨੂੰ ਚਾਟੀਵਿੰਡ ਦਰਵਾਜ਼ੇ ਇੱਕ ਅਖਾੜੇ ਵਿੱਚ ਲੈ ਕੇ ਗਏ। ਇਹ ਅਖਾੜਾ ਅਹਿਮਦ ਬਖ਼ਸ਼ ਭੁੱਕੀ ਵਾਲਾ

ਚਲਾਉਂਦਾ ਸੀ। ਉਸ ਸਮੇਂ ਅੰਮ੍ਰਿਤਸਰ ਵਿੱਚ ਬਹੁਤ ਅਖਾੜੇ ਸਨ ਜਿੱਥੇ ਵੱਖ ਵੱਖ ਖ਼ਲੀਫੇ ਪਹਿਲਵਾਨ ਆਪਣੇ ਪੱਠਿਆਂ ਨੂੰ ਕੁਸ਼ਤੀ ਸਿਖਾਉਂਦੇ ਹੁੰਦੇ ਸਨ। ਰਹੀਮੇ ਚੌਧਰੀ ਦਾ ਅਖਾੜਾ,ਬਾਬਾ ਫਤਹਿ ਸਿੰਘ ਦਾ ਅਖਾੜਾ,ਕੱਲੂ ਪਹਿਲਵਾਨ ਦਾ ਅਖਾੜਾ, ਗ਼ੁਲਾਮ ਪਹਿਲਵਾਨ ਦਾ ਅਖਾੜਾ, ਮੁਹੰਮਦ ਰਮਜ਼ਾਨ ਦਾ ਅਖਾੜਾ,ਹੈਦਰ ਪਹਿਲਵਾਨ ਦਾ ਅਖਾੜਾ,ਆਲੀਆ ਪਹਿਲਵਾਨ ਦਾ ਅਖਾੜਾ,ਬਿਜਲੀ ਪਹਿਲਵਾਨ ਦਾ ਅਖਾੜਾ,ਮਨਸੂਰ ਹੁਸੈਨ ਦੇ ਅਖਾੜੇ ਤੋਂ ਇਲਾਵਾ ਚਾਟੀਵਿੰਡ ਦਰਵਾਜ਼ੇ ਅਹਿਮਦ ਬਖ਼ਸ਼ ਭੁੱਕੀ ਵਾਲੇ ਦਾ ਅਖਾੜਾ ਵੀ ਹੁੰਦਾ ਸੀ। ਮੈਂ ਸਾਰਾ ਸਮਾਂ ਆਪਣਾ ਉਸਤਾਦ ਅਹਿਮਦ ਬਖ਼ਸ਼ ਭੁੱਕੀ ਵਾਲੇ ਨੂੰ ਹੀ ਮੰਨਿਆ ਹੈ। ਹੋਰ ਕਿਸੇ ਦੂਸਰੇ ਦਾ ਦਰ ਨਹੀਂ ਖੜਕਾਇਆ ਅਤੇ ਨਾ ਹੀ ਕਿਸੇ ਹੋਰ ਨੂੰ ਆਪਣਾ ਉਸਤਾਦ ਧਾਰਿਆ ਸੀ।

**ਸੁਆਲ:** ਤੁਹਾਨੂੰ ਮੋਰ ਪਹਿਲਵਾਨ ਕਿਉਂ ਕਿਹਾ ਜਾਂਦਾ ਹੈ?

**ਜੁਆਬ:** (ਥੋੜ੍ਹਾ ਜਿਹਾ ਹੱਸ ਕੇ) ਜਦੋਂ ਵੀ ਮੈਂ ਆਪਣੇ ਵਿਰੋਧੀ ਪਹਿਲਵਾਨ ਨਾਲ ਕੁਸ਼ਤੀ ਲੜਨ ਵਾਸਤੇ ਅਖਾੜੇ ਵਿੱਚ ਆਉਂਦਾ ਹੁੰਦਾ ਸਾਂ ਤਾਂ ਉਸ ਨਾਲ ਹੱਥ ਮਿਲਾ ਕੇ ਪਿੱਛੇ ਹਟ ਨੱਚਦਿਆਂ ਟੱਪਦਿਆਂ ਢੋਲ ਦੀ ਤਾਲ ਤੇ ਉਸ ਦੇ ਆਲੇ-ਦੁਆਲੇ ਤਿੰਨ ਚੱਕਰ ਕੱਢਦਾ ਹੁੰਦਾ ਸਾਂ। ਜਾਂ ਇੰਜ ਕਹਿ ਲਵੋ ਕਿ ਜਿਵੇਂ ਇੱਕ ਮੋਰ, ਮੋਰਨੀ ਦੇ ਦੁਆਲੇ ਪਾਇਲਾਂ ਪਾਉਂਦਾ ਹੈ ਮੈਂ ਵੀ ਮੋਰ ਵਾਂਗ ਪਾਇਲ ਪਾਉਂਦਾ ਹੋਇਆ ਉਸ ਦੁਆਲੇ ਘੁੰਮਦਾ ਹੁੰਦਾ ਸਾਂ। ਮੇਰੇ ਇਸ ਪਹਿਲਵਾਨੀ ਅੰਦਾਜ਼ ਨੂੰ ਵੇਖ ਕੇ ਲੋਕ ਮੈਨੂੰ ਮੋਰ ਕਹਿਣ ਲੱਗ ਪਏ ਸਨ। ਹੌਲੀ ਹੌਲੀ 'ਮੋਰ' ਸ਼ਬਦ ਮੇਰੇ ਨਾਂ ਨਾਲ ਹੀ ਜੁੜ ਗਿਆ ਸੀ। ਜਦੋਂ ਵੀ ਲੋਕ ਮੇਰੀ ਕੁਸ਼ਤੀ ਵੇਖਣ ਲਈ ਆਉਂਦੇ ਹੁੰਦੇ ਸਨ ਤਾਂ ਸਹਿਜ ਸੁਭਾਅ ਹੀ ਕਹਿ ਦਿੰਦੇ ਸਨ ਕਿ ਔਹ ਮੋਰ ਆ ਗਿਆ ਜੇ।

**ਸੁਆਲ:** ਇੱਕ ਪਹਿਲਵਾਨ ਦੀ ਜ਼ਿਦਗੀ ਇੱਕ ਸਾਧੂ ਵਰਗੀ ਜ਼ਿੰਦਗੀ ਮੰਨੀ ਜਾਂਦੀ ਹੈ। ਉਸ ਨੂੰ ਗ੍ਰਹਿਸਤ ਜੀਵਨ ਬੜਾ ਹੀ ਸੰਭਲ ਕੇ ਜੀਊਣਾ ਹੁੰਦਾ ਹੈ। ਤੁਹਾਡਾ ਇਸ ਬਾਰੇ ਕੀ ਵਿਚਾਰ ਹੈ?

ਜੁਆਬ: ਇਹ ਬਿਲਕੁਲ ਸੱਚ ਹੈ ਕਿ ਇੱਕ ਪਹਿਲਵਾਨ ਨੂੰ ਸਾਧੂ ਵਰਗੀ ਹੀ ਜ਼ਿੰਦਗੀ ਜੀਊਣੀ ਪੈਂਦੀ ਹੈ। ਉਸ ਨੂੰ ਲੰਗੋਟੇ ਦਾ ਜਤੀ ਰਹਿਣਾ ਪੈਂਦਾ ਹੈ। ਮੈਂ ਇੱਕ ਮਹਾਤਮਾ ਜੀ ਦੇ ਸੰਗ ਵਿੱਚ ਰਹਿੰਦਾ ਹੁੰਦਾ ਸਾਂ। ਉਹ ਹਮੇਸ਼ਾਂ ਹੀ ਸਿੱਖਿਆਦਿਆ ਕਰਦੇ ਸਨ ਕਿ ਔਰਤ ਜਾਤ ਤੋਂ ਜਿੰਨਾ ਪ੍ਰਹੇਜ਼ ਹੋ ਸਕੇ ਉਤਨਾ ਹੀ ਚੰਗਾ ਹੈ। ਖ਼ਾਸ ਕਰਕੇ ਪਹਿਲਵਾਨ ਨੂੰ ਤਾਂ ਇੱਕ ਜਤੀ-ਸਤੀ ਵਰਗੇ ਹੋ ਕੇ ਰਹਿਣਾ ਚਾਹੀਦਾ ਹੈ। ਉਹ,ਉਨ੍ਹਾਂ ਪਹਿਲਵਾਨਾਂ ਨੂੰ ਜਿਹੜੇ ਸ਼ਾਦੀਸ਼ੁਦਾ ਸਨ, ਕਿਹਾ ਕਰਦੇ ਸਨ ਕਿ ਪੰਦਰਾਂ ਦਿਨਾਂ ਵਿੱਚ ਇੱਕ ਵੇਰਾਂ ਹੀ ਆਪਣੀ ਪਤਨੀ ਦਾ ਸੰਗ ਕਰੋ। ਹਫਤੇ ਵਿੱਚ ਇੱਕ ਵਾਰ ਤੋਂ ਵੱਧ ਤਾਂ ਕਦੇ ਵੀ ਸੰਭੋਗ ਨਾ ਕਰੋ। ਇਨਸਾਨ ਦਾ ਵੀਰਯ ਹੀ ਉਸ ਦੀ ਸ਼ਕਤੀ ਹੈ। ਇਸੇ ਕਰਕੇ ਸਾਧੂ ਅਤੇ ਪਹਿਲਵਾਨ ਔਰਤ ਤੋਂ ਦੂਰੀ ਬਣਾ ਕੇ ਰੱਖਦੇ ਹਨ। ਅੱਗ ਕੋਲ ਜਾਵੋਗੇ ਤਾਂ ਘਿਉ ਤਾਂ ਪਿਘਲੇਗਾ ਹੀ। ਪਹਿਲਵਾਨੀ ਵਿੱਚ ਵੀ ਇਸੇ ਕਰਕੇ ਲੰਗੋਟੇ ਦਾ ਜਤੀ ਹੋਣਾ ਸਭ ਤੋਂ ਜ਼ਰੂਰੀ ਮੰਨਿਆ ਜਾਂਦਾ ਹੈ।

**ਸੁਆਲ:** ਕੀ ਤੁਸੀਂ ਆਪਣੇ ਲੜਕਿਆਂ ਨੂੰ ਵੀ ਪਹਿਲਵਾਨੀ ਦੇ ਖ਼ੇਤਰ ਵਿੱਚ ਪਾਇਆ ਹੈ ਜਾਂ ਨਹੀਂ? ਇਸ ਬਾਰੇ ਵੀ ਚਾਨਣਾ ਪਾਓ।

**ਜੁਆਬ:** ਮੇਰੇ ਦੋ ਹੀ ਲੜਕੇ ਹਨ। ਵੱਡਾ ਗੁਰਨਾਮ ਸਿੰਘ ਅਤੇ ਛੋਟਾ ਸਤਨਾਮ ਸਿੰਘ। ਵਾਹਿਗੁਰੂ ਦੀ ਕ੍ਰਿਪਾ ਨਾਲ ਦੋਵੇਂ ਹੀ ਘੁੱਲਦੇ ਹਨ। ਗੁਰਨਾਮ ਸਿੰਘ ਤਾਂ ਦੋ ਵੇਰਾਂ ਪੰਜਾਬ ਪੱਧਰ ਤੱਕ ਕੁਸ਼ਤੀ ਲੜ ਆਇਆ ਹੈ। ਮੈਨੂੰ ਇਹ ਦੱਸਦਿਆਂ ਹੋਇਆਂ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਪਹਿਲਵਾਨੀ ਦਾ ਜਿਹੜਾ ਰੁੱਖ ਮੇਰੇ ਪਿਤਾ ਜੀ ਨੇ ਮੇਰੇ ਰੂਪ ਵਿੱਚ ਲਾਇਆ ਸੀ ਉਹ ਹੁਣ ਵੱਧ ਫੁੱਲ ਰਿਹਾ ਹੈ। ਮੇਰੇ ਪੋਤਰੇ ਨਵਰੂਪ ਸਿੰਘ,ਜ਼ੋਬਨਜੀਤ ਸਿੰਘ,ਅਮੋਲਕਦੀਪ ਸਿੰਘ ਅਤੇ ਹਰਮਨਦੀਪ ਸਿੰਘ ਵੀ ਪਹਿਲਵਾਨੀ ਕਰਦੇ ਹਨ। ਬੱਚਿਆਂ ਨੂੰ ਪਹਿਲਵਾਨੀ ਦੀ ਸਹੀ ਤਾਲੀਮ ਦੇਣ ਵਾਸਤੇ ਮੈਂ **"ਪ੍ਰੀਤਮ ਰੈਸਲਿੰਗ ਕਲੱਬ"** ਵੀ ਖੋਲ੍ਹ ਰੱਖੀ ਹੈ ਜਿਸ ਵਿੱਚ ਪਹਿਲਵਾਨੀ ਦੀ ਨਵੀਂ ਪਨੀਰੀ ਨੂੰ ਯੋਗ ਤਕਨੀਕ ਰਾਹੀਂ ਕੁਸ਼ਤੀ ਦੀ ਸਿੱਖਿਆ ਦਿੱਤੀ ਜਾਂਦੀ ਹੈ। ਪਦਾਰਥ ਸਿੰਘ ਕੋਹਾਲੀ ਅਤੇ ਲਾਲੀ ਕੋਹਾਲੀ(ਦੋਵੇਂ ਹੀ ਦੋਹਤਰੇ) ਤੋਂ ਇਲਾਵਾ ਜਗਰੂਪ ਸਿੰਘ,ਬੱਗਾ,ਬਿੱਲਾ ਤਰਨ ਤਾਰਨੀ,ਬਗੀਚਾ ਸੁਰ ਸਿੰਘ ਵਾਲਾ ਇਸ ਕਲੱਬ ਦੇ ਨੈਸ਼ਨਲ ਪੱਧਰ ਦੇ ਪਹਿਲਵਾਨ ਹਨ। ਮੈਨੂੰ ਇਸ ਗੱਲ ਦਾ ਫ਼ਖਰ ਹੈ ਕਿ ਇਸ ਅਖਾੜੇ ਤੋਂ 60-65 ਪਹਿਲਵਾਨ,ਪਹਿਲਵਾਨੀ ਦੇ ਗੁਰ ਸਿੱਖ ਕੇ ਪਹਿਲਵਾਨ ਬਣ ਚੁੱਕੇ ਹਨ। ਹੁਣ ਬੇਸ਼ਕ ਮੇਰੀ 91 ਸਾਲ ਦੀ ਉਮਰ ਹੋ ਚੁੱਕੀ ਹੈ ਫਿਰ ਵੀ ਮੈਂ ਇਸ ਕਲੱਬ ਰਾਹੀਂ ਬੱਚਿਆਂ ਨੂੰ ਪਹਿਲਵਾਨੀ ਜਗਤ ਵੱਲ ਮੋੜ ਕੇ ਆਪਣੇ ਮਨ ਦੀ ਰਹਿ ਗਈ ਅਧੂਰੀ ਲਾਲਸਾ ਨੂੰ ਪੂਰਾ ਕਰ ਰਿਹਾ ਹਾਂ।

**ਸੁਆਲ:** ਜਦੋਂ ਤੁਸੀਂ ਭਰ ਜੁਆਨੀ ਵਿੱਚ ਸੀ ਅਤੇ ਉਸ ਸਮੇਂ ਦੇ ਨਾਮਵਰ ਪਹਿਲਵਾਨਾਂ ਨਾਲ ਤੁਹਾਡੀ ਕੁਸ਼ਤੀ ਵੀ ਹੋਈ ਹੋਵੇਗੀ। ਕੀ ਦੱਸੋਗੇ ਕਿ ਉਹ ਕਿਹੜੇ ਕਿਹੜੇ ਪਹਿਲਵਾਨ ਸਨ ਜਿਨ੍ਹਾਂ ਨਾਲ ਤੁਹਾਡੀ ਕੁਸ਼ਤੀ ਹੋਈ ਸੀ।

**ਜੁਆਬ:** ਮੇਰੇ ਸਮੇਂ ਦੇ ਨਾਮਵਰ ਪਹਿਲਵਾਨ ਸੋਹਣੀ ਪਹਿਲਵਾਨ,ਗੁੱਤਾ ਪਹਿਲਵਾਨ,ਸੂਲਾ ਖਡੂਰ ਵਾਲਾ,ਖ਼ੁਦਾ ਬਖ਼ਸ਼ ਕੰਗ ਕੱਲ੍ਹਾ,ਮੱਲਾ ਕੰਗ ਕੱਲ੍ਹਾ,ਮੱਖਣ ਬਾਗੜੀਆਂ ਵਾਲਾ,ਸਾਧੂ ਗੁਲਾਲੀ ਪੁਰੀਆ,ਖੋਜਾ ਜਸਤਰਵਾਲ

ਵਾਲਾ,ਇੱਬਾ ਕੁਹਾਲੇ ਵਾਲਾ,ਵੱਸਣ ਸੇਰੋਂ ਵਾਲਾ,ਘੋਲਾ ਭਾਗੋਵਾਲੀਆ,ਰੋਹੀ ਰਾਮ ਮਾਲਵਾ,ਬਖਸ਼ੀਸ਼ਾ ਜੀਊਣ ਵਾਲਾ(ਮੇਹਰਦੀਨ ਦਾ ਗੁਰੂ) ਅਤੇ ਦੋ ਭਰਾ ਰਹੀਮਾ ਅਤੇ ਕਰੀਮਾ ਬੁਕਰੇ ਵਾਲਿਆਂ ਨਾਲ ਮੈਂ ਕੁਸ਼ਤੀਆਂ ਲੜੀਆਂ ਸਨ।। ਇਹ ਦੋਵੇਂ ਭਰਾ ਸਿਆਲ ਕੋਟ ਦੇ ਮਰਾਸੀ ਸਨ। ਇਨ੍ਹਾਂ ਕੁਸ਼ਤੀਆਂ ਵਿੱਚ ਮੈਂ ਜਿੱਤਿਆ ਵੀ ਸਾਂ ਅਤੇ ਕੁਝ ਕੁਸ਼ਤੀਆਂ ਬਰਾਬਰ ਵੀ ਰਹੀਆਂ ਸਨ। ਮੈਂ ਅਰਜਨ ਸਿੰਘ ਢੋਟੀਆਂ ਵਾਲੇ ਨਾਲ ਵੀ ਘੁਲਿਆ ਸਾਂ ਅਤੇ ਸਾਡੀ ਕੁਸ਼ਤੀ ਬਰਾਬਰੀ ਤੇ ਛੁਡਾ ਦਿੱਤੀ ਗਈ ਸੀ।

**ਸੁਆਲ:** ਜਦੋਂ ਦੋ ਪਹਿਲਵਾਨ ਘੁਲਦੇ ਹਨ ਤਾਂ ਅਕਸਰ ਇੱਕ ਢਾਹ ਲੈਂਦਾ ਹੈ ਅਤੇ ਦੂਸਰੇ ਨੂੰ ਹਾਰ ਦਾ ਮੂੰਹ ਵੇਖਣਾ ਪੈਂਦਾ ਹੈ। ਉਸ ਸਮੇਂ ਇੱਕ ਪਹਿਲਵਾਨ ਦੀ ਮਨੋ-ਦਸ਼ਾ ਕਿਹੋ ਜਿਹੀ ਹੁੰਦੀ ਹੈ? ਇਸ ਬਾਰੇ ਦੱਸੋ।

**ਜੁਆਬ:** ਇਹ ਤਾਂ ਬਣਿਆ ਹੀ ਆਇਆ ਹੈ। ਜਦੋਂ ਦੋ ਪਹਿਲਵਾਨ ਘੁਲਦੇ ਹਨ ਤਾਂ ਉਨ੍ਹਾਂ 'ਚੋਂ ਇੱਕ ਨੂੰ ਜਿੱਤ ਅਤੇ ਦੂਸਰੇ ਦੀ ਝੋਲੀ ਹਾਰ ਪੈਂਦੀ ਹੈ। ਜਦੋਂ ਕਦੇ ਮੇਰੇ ਨਾਲ ਅਜਿਹਾ ਵਾਪਰਿਆ ਹੈ ਅਤੇ ਮੈਂ ਕਦੇ ਢਹਿ ਗਿਆ ਸਾਂ ਤਾਂ ਮਨ ਤੇ ਸੱਟ ਤਾਂ ਵੱਜਦੀ ਹੀ ਸੀ। ਉਸ ਹਾਰ ਦਾ ਅਸਰ ਥੋੜ੍ਹਾ ਚਿਰ ਤਾਂ ਰਹਿੰਦਾ ਹੀ ਸੀ। ਫਿਰ ਮਨ ਤਕੜਾ ਕਰਕੇ ਹੋਰ ਤਿਆਰੀ ਕਰਦਾ ਸਾਂ ਅਤੇ ਜਿਸ ਕੋਲੋਂ ਢਾਹ ਖਾਧੀ ਹੁੰਦੀ ਸੀ ਉਸ ਨੂੰ ਢਾਹ ਕੇ ਖੁਸ਼ੀ ਮਿਲ ਜਾਂਦੀ ਸੀ। ਜਿਹੜਾ ਪਹਿਲਵਾਨ ਹਾਰ ਨਾਲ ਢੇਰੀ ਢਾਹ ਦਿੰਦਾ ਹੈ ਮੈਂ ਸਮਝਦਾ ਹਾਂ ਉਹ ਸਹੀ ਅਰਥਾਂ ਵਿੱਚ ਪਹਿਲਵਾਨ ਹੀ ਨਹੀਂ ਹੁੰਦਾ। ਹਾਰ 'ਚੋਂ ਹੀ ਜਿੱਤ ਨਿਕਲਦੀ ਹੈ। ਹਾਰ ਜਿੱਤ ਦੇ ਅਸਰ ਨੂੰ ਲੰਮੇ ਸਮੇਂ ਤੱਕ ਨਹੀਂ ਕਬੂਲਣਾ ਚਾਹੀਦਾ।

**ਸੁਆਲ:** ਅੱਜ ਕੱਲ੍ਹ ਦੇ ਨੌਜਵਾਨਾਂ ਵਿੱਚ ਇਹ ਪ੍ਰਵਿਰਤੀ ਵੇਖਣ ਨੂੰ ਮਿਲਦੀ ਹੈ ਕਿ ਜਦੋਂ ਉਨ੍ਹਾਂ ਦਾ ਸਰੀਰ ਕੁਝ ਤਿਆਰ ਹੁੰਦਾ ਹੈ ਤਾਂ ਉਹ ਆਪਣੀ ਕਮੀਜ਼ ਦੀਆਂ ਬਾਹਵਾਂ ਟੰਗ ਕੇ ਡੌਲੇ ਵਿਖਾਉਣੇ ਸ਼ੁਰੂ ਕਰ ਦਿੰਦੇ ਹਨ। ਤੁਹਾਡੀ ਰਾਏ ਵਿੱਚ ਅਜਿਹਾ ਕਰਨਾ ਕੋਈ ਚੰਗੀ ਗੱਲ ਹੈ?

**ਜੁਆਬ:** ਜਵਾਨੀ ਤਾਂ ਕਹਿੰਦੇ ਨੇ ਭੇਡ ਦੇ ਲੇਲੇ ਤੇ ਵੀ ਚਾਰ ਦਿਨ ਆ ਜਾਂਦੀ ਹੈ। ਜਦੋਂ ਕੋਈ ਮਿਹਨਤਕਸ਼ ਇਨਸਾਨ ਜਿਹੜਾ ਆਪਣੇ ਸਰੀਰ ਨੂੰ ਬਣਾਉਣ ਵਾਸਤੇ ਕਸਰਤ ਕਰਕੇ ਆਪਣਾ ਸਰੀਰ ਬਣਾਉਣ ਵਿੱਚ ਜੁੱਟਿਆ ਹੁੰਦਾ ਹੈ ਨੂੰ ਬੜਾ ਸੰਭਲ ਕੇ ਚੱਲਣ ਦੀ ਜ਼ਰੂਰਤ ਹੁੰਦੀ ਹੈ। ਇਹ ਉਹ ਸਮਾਂ ਹੁੰਦਾ ਹੈ ਜਦੋਂ ਆਪਣੇ ਸਰੀਰ ਵਿਚੋਂ ਆਪਣੇ ਆਪ ਨੂੰ ਹੀ ਮਹਿਕ ਜਿਹੀ ਆਉਣ ਲੱਗਦੀ ਹੈ। ਆਪਣੇ ਸਰੀਰ ਨੂੰ ਵਾਰ ਵਾਰ ਵੇਖਣ ਨੂੰ ਜੀਅ ਕਰਦਾ ਹੈ। ਪੱਟਾਂ ਤੇ ਪੈਂਦੀਆਂ ਮੱਛਲੀਆਂ ਚੰਗੀਆਂ ਚੰਗੀਆਂ ਲੱਗਦੀਆਂ ਹਨ ਅਤੇ ਦੂਸਰਿਆਂ ਨੂੰ ਇਨ੍ਹਾਂ ਨੂੰ ਵਿਖਾਉਣ ਲਈ ਦਿਲ ਵੀ ਕਰਦਾ ਹੈ। ਇੱਥੇ ਇੱਕ ਗੱਲ ਦੱਸਦਾ ਜਾਵਾਂ ਕਿ ਇਹ ਹੀ ਵੇਲਾ ਹੁੰਦਾ ਹੈ ਸਰੀਰ ਨੂੰ ਮੱਖੀਆਂ ਤੋਂ ਬਚਾਉਣ ਦਾ। ਇਹ ਹੀ ਸਮਾਂ ਹੁੰਦਾ ਹੈ ਲੰਗੋਟੇ ਦਾ ਜਤੀ ਰਹਿਣ ਦਾ। ਜਿਹੜਾ ਇਸ ਵੇਲੇ ਨੂੰ ਸਾਂਭ ਗਿਆ ਸਮਝੋ ਬਚ ਗਿਆ। ਮੇਰਾ ਮੱਖੀਆਂ ਤੋਂ ਭਾਵ ਤਾਂ ਤੁਸੀਂ ਸਮਝ ਹੀ ਗਏ ਹੋਵੋਗੇ। ਅਜਿਹੇ ਵੇਲੇ ਜ਼ਿਆਦਾ ਮੁੰਡੇ ਵਿਸ਼ੇ-ਵਿਕਾਰਾਂ ਦੇ ਚੱਕਰ ਵਿੱਚ ਫਸ ਕੇ ਆਪਣੇ ਸਰੀਰ ਦਾ ਸਤਿਆ ਨਾਸ ਕਰ ਲੈਂਦੇ ਹਨ। ਸਾਂਭਿਆ ਹੋਇਆ ਸਰੀਰ ਹੀ ਅਖਾੜੇ ਵਿੱਚ ਕੰਮ ਆਉਂਦਾ ਹੈ।

**ਸੁਆਲ:** ਪਹਿਲਵਾਨ ਜੀ! ਤੁਹਾਡੀ ਤੰਦਰੁਸਤ ਸਿਹਤ ਦਾ ਕੀ ਰਾਜ਼ ਹੈ? ਕੀ ਤੁਸੀਂ ਆਪਣੀ ਪਹਿਲੀ ਖੁਰਾਕ ਅਤੇ ਹੁਣ ਦੀ ਖੁਰਾਕ ਜਿਹੜੀ ਤੁਸੀਂ ਲੈਂਦੇ ਹੋ ਉਸ ਬਾਰੇ ਵੀ ਦੱਸੋਗੇ?

**ਜੁਆਬ:** ਖੁਰਾਕ ਖਾਣੀ ਅਤੇ ਪਚਾਉਣੀ ਦੋ ਵੱਖ ਵੱਖ ਪਹਿਲੂ ਹਨ। ਅੱਜ ਕੱਲ੍ਹ ਅਸੀਂ ਖੁਰਾਕ ਤਾਂ ਪੂਰੀ ਖਾ ਲੈਂਦੇ ਹਾਂ ਪਰ ਉਸ ਨੂੰ ਪਚਾਉਣ ਵਾਸਤੇ ਪੂਰੀ ਕਸਰਤ ਨਹੀਂ ਕਰਦੇ। ਹੁੰਦਾ ਕੀ ਹੈ, ਅਸੀਂ ਬੀਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਾਂ। ਆਹ ਜਿਹੜੀ ਸ਼ੂਗਰ ਦੀ ਬੀਮਾਰੀ ਆਮ ਲੋਕਾਂ ਵਿੱਚ ਹੋ ਗਈ ਹੈ ਇਸ ਦਾ ਵੀ ਮੁੱਖ ਕਾਰਨ ਕਸਰਤ ਨਾ ਕਰਨਾ ਅਤੇ ਆਸੰਤੁਲਿਤ ਖੁਰਾਕ ਹੀ ਹੈ। ਮੈਂ ਜਦੋਂ ਘੁਲਦਾ ਹੁੰਦਾ ਸਾਂ ਤਾ ਮੇਰੀ ਖੁਰਾਕ ਵਿੱਚ ਦੁੱਧ,ਅਧ-ਰਿੜਕਿਆ,ਘਿਉ ਅਤੇ ਮੀਟ ਸ਼ਾਮਲ ਹੁੰਦਾ ਸੀ। ਗੱਲ ਕੀ ਮੈਨੂੰ ਕਸਰਤ ਦੇ ਨਾਲ ਨਾਲ ਖਾਣ ਵਾਸਤ ਖੁੱਲ੍ਹੀ ਖੁਰਾਕ ਵੀ ਮਿਲਦੀ ਸੀ। ਮੈਂ ਇੱਕ ਵਾਰ ਵਿੱਚ ਹੀ ਤਿੰਨ ਹਜ਼ਾਰ ਡੰਡ ਅਤੇ ਦੋ ਹਜ਼ਾਰ ਬੈਠਕਾਂ ਕੱਢਿਆ ਕਰਦਾ ਸਾਂ। ਹੇਠਾਂ ਮੁੜ੍ਹਕਾ ਵਗ ਵਗ ਕੇ ਮੁੜ੍ਹਕੇ ਦਾ ਛੱਪੜ ਲੱਗ ਜਾਂਦਾ ਸੀ। ਅੱਜ ਕੱਲ੍ਹ ਤਾਂ ਸਰੀਰ ਨੂੰ ਮੁੜ੍ਹਕਾ ਆਉਣ ਹੀ ਨਹੀਂ ਦਿੰਦੇ। ਘਰਾਂ ਵਿੱਚ ਏ.ਸੀ. ਲੱਗ ਗਏ ਹਨ, ਕਾਰਾਂ ਵਿੱਚ ਏ.ਸੀ.। ਮੁੜ੍ਹਕਾ ਸਰੀਰ 'ਚੋਂ ਨਾ ਨਿਕਲਣਾ ਵੀ ਬੀਮਾਰੀਆਂ ਦਾ ਕਾਰਨ ਹੈ।ਘਰ ਵਿੱਚ ਵਾਹੀ-ਜੋਤੀ ਦਾ ਕੰਮ ਸੀ। ਮਾਲ-ਡੰਗਰ ਵੀ ਹੁੰਦਾ ਸੀ। ਉਦੋਂ ਇਹ ਬਿਜਲੀ ਨਾਲ ਚੱਲਣ ਵਾਲੇ ਟੋਕੇ ਨਹੀਂ ਸਨ ਹੁੰਦੇ। ਮਸ਼ੀਨੀ ਟੋਕੇ ਨੂੰ ਗੇੜ ਕੇ ਮੈਂ ਤਾਂ ਚਾਲੀ ਡੰਗਰਾਂ ਵਾਸਤੇ ਪੱਠੇ ਕੁਤਰਦਾ ਰਿਹਾ ਹਾਂ। ਅੱਜ ਵਾਂਗ ਉਦੋਂ ਕੁਸ਼ਤੀ ਗੱਦਿਆਂ ਤੇ ਨਹੀਂ ਸੀ ਲੜੀ ਜਾਂਦੀ। ਮਿੱਟੀ ਵਿੱਚ ਹੁੰਦੀ ਸੀ। ਜਿਸ ਅਖਾੜੇ ਵਿੱਚ ਕਸਰਤ ਕੀਤੀ ਜਾਣੀ ਹੁੰਦੀ ਸੀ, ਉਸ ਨੂੰ ਪਹਿਲਾਂ ਕਹੀ ਨਾਲ ਗੋਡ ਕੇ ਮਿੱਟੀ ਨੂੰ ਪੋਲਿਆਂ ਕੀਤਾ ਜਾਂਦਾ ਸੀ। ਕਹੀ ਨਾਲ ਅਖਾੜੇ ਨੂੰ ਗੋਡਣਾ ਵੀ ਇੱਕ ਤਰ੍ਹਾਂ ਦੀ ਕਸਰਤ ਹੀ ਹੁੰਦੀ ਸੀ। ਮੇਰੀ ਸਿਹਤ ਦਾ ਰਾਜ਼ ਇਹ ਪੁਰਾਣੀ ਕਸਰਤ ਤਾਂ ਹੈ ਹੀ, ਇੱਕ ਹੋਰ ਬਹੁਤ ਵੱਡੀ ਗੱਲ ਹੈ ਮੇਰਾ ਬੇਫ਼ਿਕਰ ਰਹਿਣਾ। ਮੈਂ ਕਿਸੇ ਗੱਲ ਦੀ ਚਿੰਤਾ ਨਹੀਂ ਕਰਦਾ। ਅੱਜ ਵੀ ਰੱਜ ਕੇ ਰੋਟੀ ਖਾਂਦਾ ਹਾਂ ਅਤੇ ਰੱਜ ਕੇ ਨੀਂਦ ਲੈਂਦਾ ਹਾਂ। ਰਾਤ ਨੂੰ ਰੋਟੀ ਨਾਲ ਪੈੱਗ ਵੀ ਮਾਰ ਲੈਂਦਾ ਹਾਂ। ਜ਼ਿਆਦਾ ਲੋਕੀਂ ਔਲਾਦ ਹੱਥੋਂ ਵੀ ਦੁਖੀ ਹੁੰਦੇ ਹਨ, ਉਹ ਵੀ ਵਾਹਿਗੁਰੂ ਦੀ ਮਿਹਰ ਹੈ ਸਭ ਪਾਸਿਉਂ ਸੁਖੀ

ਹਾਂ, ਕੋਈ ਫ਼ਿਕਰ-ਫਾਕਾ ਨਹੀਂ। ਸ਼ਾਇਦ ਇਹੀ ਕਾਰਨ ਹੈ ਕਿ 91 ਸਾਲ ਦੀ ਉਮਰ ਵਿੱਚ ਵੀ ਚੰਗੀ ਸਿਹਤ ਹੈ,ਮੇਰੀ ਨਿਗਾਹ ਵੀ ਠੀਕ ਹੈ ਅਤੇ ਅਜੇ ਤੱਕ ਐਨਕ ਵੀ ਨਹੀਂ ਲੱਗੀ। ਦੰਦ ਵੀ ਕਾਇਮ ਹਨ।

**ਸੁਆਲ:** ਤੁਹਾਡੇ ਦੱਸਣ ਅਨੁਸਾਰ ਤੁਸੀਂ ਪੰਜਾਹ ਸਾਲ ਦੇ ਲੰਮੇ ਸਮੇਂ ਤੱਕ ਪਹਿਲਵਾਨੀ ਖ਼ੇਤਰ ਵਿੱਚ ਵਿਚਰੇ ਹੋ। ਤੁਸੀਂ ਰੰਗ-ਬੇਰੰਗੇ ਤਜਰਬੇ ਹਾਸਲ ਕੀਤੇ ਹੋਣਗੇ। ਇਸ ਖ਼ੇਤਰ ਵਿੱਚ ਆਉਣ ਵਾਲੀ ਨਵੀਂ ਪਨੀਰੀ ਨੂੰ ਤੁਸੀਂ ਕੀ ਸੁਨੇਹਾ ਦੇਣਾ ਚਾਹੋਗੇ?

**ਜੁਆਬ:** ਪਹਿਲਵਾਨੀ ਕਰਨੀ ਇੱਕ ਤਪੱਸਿਆ ਹੈ। ਇਹ ਇੱਕ ਤਰ੍ਹਾਂ ਦੀ ਭਗਤੀ ਹੈ। ਇਹ ਫ਼ਕੀਰੀ ਹੈ। ਇਸ ਦੀ ਮੰਜ਼ਿਲ ਤੱਕ ਪਹੁੰਚਣ ਵਾਸਤੇ ਸੰਜਮ ਵਿੱਚ ਰਹਿ ਕੇ ਸਖ਼ਤ ਸਰੀਰਕ ਮਿਹਨਤ ਕਰਨੀ ਪੈਂਦੀ ਹੈ ਤਾਂ ਜਾ ਕੇ ਪਹਿਲਵਾਨੀ ਦੀ ਮੰਜ਼ਿਲ ਮਿਲਦੀ ਹੈ। ਕਿਸੇ ਨੇ ਠੀਕ ਹੀ ਕਿਹਾ ਹੈ:

**"ਫ਼ਕੀਰਾ ਫ਼ਕੀਰੀ ਦੂਰ ਹੈ, ਜਿਤਨੀ ਕੁ ਲੰਬੀ ਖ਼ਜ਼ੂਰ ਹੈ।**
**ਚੜ੍ਹ ਜਾਏਂ ਤਾਂ ਚੂਪੇਂ ਪ੍ਰੇਮ ਰਸ ਡਿੱਗ ਪਏਂ ਤਾਂ ਚਕਨਾ ਚੂਰ ਹੈ।"**

ਪਹਿਲਵਾਨੀ ਕਰਨੀ ਵੀ ਹਾਰੀ ਸਾਰੀ ਦੇ ਵੱਸ ਦਾ ਰੋਗ ਨਹੀਂ ਹੁੰਦਾ। ਇਸ ਵਿੱਚ ਮਨ ਨੂੰ ਮਾਰ ਕੇ ਆਪਣੀ ਮੰਜ਼ਿਲ ਵੱਲ ਵੱਧਣਾ ਹੁੰਦਾ ਹੈ। ਸਰੀਰ ਬਣਾਉਣਾ ਅਤੇ ਸਰੀਰ ਨੂੰ ਸੰਭਾਲਣਾ ਇਕੋ ਜਿੰਨੇ ਜ਼ਰੂਰੀ ਹਨ। ਕਈ ਮੁੰਡੇ ਕਸਰਤ ਕਰ ਕੇ ਸਰੀਰ ਤਾਂ ਬਣਾ ਲੈਂਦੇ ਹਨ ਪਰ ਉਸ ਦੀ ਸੰਭਾਲ ਨਹੀਂ ਕਰਦੇ। ਉਹ ਛੇਤੀ ਹੀ ਡੋਲ ਜਾਂਦੇ ਹਨ। ਮੈਂ ਤਾਂ ਉਨ੍ਹਾਂ ਨੂੰ ਕਹਾਂਗਾ ਕਿ ਉਹ ਉੱਚ ਆਚਰਣ ਵਾਲਾ ਜੀਵਨ ਜੀਊਣ। ਗੁਰਬਾਣੀ ਦੇ ਇਸ ਆਸ਼ੇ ਤੇ ਚੱਲਣ। ਆਪਣੇ ਤੋਂ ਵੱਡੀ ਨੂੰ ਮਾਂ, ਬਰਾਬਰ ਦੀ ਨੂੰ ਭੈਣ ਅਤੇ ਆਪਣੇ ਤੋਂ ਛੋਟੀ ਨੂੰ ਧੀ ਬਰਾਬਰ ਸਮਝਣ।

(**ਵੇਖ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣ॥)** ਆਪਣੇ ਉਸਤਾਦ ਦਾ ਪੂਰਾ ਪੂਰਾ ਸਤਿਕਾਰ ਕਰੋ। ਜਦੋਂ ਤੁਸੀਂ ਇਸ ਕਾਬਲ ਹੋ ਜਾਂਦੇ ਹੋ ਕਿ ਕਿਸੇ ਨੂੰ ਇਹ ਗੁਰ ਸਿਖਾ ਸਕੋ ਤਾਂ ਉਨ੍ਹਾਂ ਨੂੰ ਆਪਣੇ ਬੱਚਿਆਂ ਵਾਂਗ ਪਿਆਰ ਨਾਲ ਪਹਿਲਵਾਨੀ ਦੇ ਗੁਰ ਦੱਸੋ। ਮੈਂ ਤਾਂ ਇਸ ਸ਼ੇਅਰ ਨਾਲ ਹੀ ਆਪਣਾ ਸੁਨੇਹਾ ਦੇਵਾਂਗਾ:

**"ਜੇਕਰ ਸ਼ੌਂਕ ਤੈਨੂੰ ਪਹਿਲਵਾਨੀਆਂ ਦਾ ਜਾਨ ਮਾਰ ਕੇ ਜਾਨ ਬਣਾ ਲੈ ਤੂੰ।**
**ਅੱਖਾਂ ਪੱਟ ਕੇ ਜੇਕਰ ਵੇਖਣਾ ਏ ਐਨਕ ਗ਼ਜ਼ਬ ਦੀ ਅੱਖਾਂ ਤੇ ਲਾ ਲੈ ਤੂੰ।**
**ਪੈਰੀਂ ਪੈ ਉਸਤਾਦਾਂ ਖ਼ਲੀਫਿਆਂ ਦੇ, ਦਾਅ ਵੱਧ ਤੋਂ ਵੱਧ ਉਠਾ ਲੈ ਤੂੰ।**
**ਗੱਜੀਂ ਵਿੱਚ ਮੈਦਾਨ ਦੇ ਫੇਰ ਜਾਕੇ, ਸੋਭਾ ਵਿੱਚ ਜ਼ਹਾਨ ਦੇ ਪਾ ਲੈ ਤੂੰ।**

ਇੰਨਾਂ ਕਹਿ ਕੇ ਪਹਿਲਵਾਨ ਹਜ਼ਾਰਾ ਸਿੰਘ ਤਾਂ ਚੁੱਪ ਕਰ ਗਿਆ ਸੀ ਪਰ ਮੈਨੂੰ ਜਾਪ ਰਿਹਾ ਸੀ ਕਿ ਉਹ ਆਪਣੇ ਅਤੀਤ ਵਿੱਚ ਗੁਆਚਾ ਹੋਇਆ ਹੈ। ਉਸ ਨੂੰ ਆਪਣੇ ਦਿਨ ਯਾਦ ਆ ਰਹੇ ਜਾਪਦੇ ਸਨ ਜਦੋਂ ਉਹ ਅਖਾੜਿਆਂ ਵਿੱਚ ਆਪਣੇ ਜ਼ੌਹਰ ਵਿਖਾ ਰਿਹਾ ਹੁੰਦਾ ਸੀ। ਉਸ ਦਾ ਅੰਦਰਲਾ ਮਨੁੱਖ ਸ਼ਾਇਦ ਅੱਜ ਦੀ ਨੌਜਵਾਨ ਪੀਹੜੀ ਤੇ ਖ਼ਫ਼ਾ ਮਹਿਸੂਸ ਹੋ ਰਿਹਾ ਸੀ ਜਿਹੜੀ ਆਪਣੀ ਸਰੀਰਕ ਸ਼ਕਤੀ ਦੇ ਦਰਿਆ ਨੂੰ ਗੰਦੀਆਂ ਨਾਲੀਆਂ ਵਿੱਚ ਰੋੜ੍ਹ ਰਹੀ ਹੈ। ਉਹ ਚਾਹੁੰਦਾ ਸੀ ਕਿ ਜੇਕਰ ਪਹਿਲਵਾਨ ਬਣਨਾ ਹੈ ਤਾਂ ਕਿੱਕਰ ਸਿੰਘ, ਗੰਡਾ ਸਿੰਘ ਜੌਹਲ ਜਾਂ ਬਾਬਾ ਫਤਹਿ ਸਿੰਘ ਵਰਗੇ ਬਣੋ ਜਿਨ੍ਹਾਂ ਦੀਆਂ ਕਹਾਣੀਆਂ ਅੱਜ ਵੀ ਲੋਕ ਸੁਣ ਕੇ ਫ਼ਖਰ ਅਨੁਭਵ ਕਰਦੇ ਹਨ।

ਮੇਰੇ ਕਹਿਣ ਤੇ ਪਹਿਲਵਾਨ ਹੋਰਾਂ ਆਪਣੀਆਂ ਪੁਰਾਣੀਆਂ ਤਸਵੀਰਾਂ ਮੰਗਵਾ ਕੇ ਸਾਨੂੰ ਵਿਖਾਈਆਂ ਸਨ ਜਿਨ੍ਹਾਂ ਨੂੰ ਵੇਖ ਕੇ ਮਹਿਸੂਸ ਹੁੰਦਾ ਸੀ ਕਿ ਵਾਕਿਆਂ ਹੀ ਕਦੇ ਇਸ ਪਹਿਲਵਾਨ ਨੇ ਮੋਰ ਵਾਂਗੂੰ ਪਾਇਲਾਂ ਪਾਈਆਂ ਹੋਣਗੀਆਂ। ਮੈਂ ਦਿਲ ਵਿੱਚ ਪ੍ਰਮਾਤਮਾ ਅੱਗੇ ਅਰਦਾਸ ਵੀ ਕਰ ਰਿਹਾ ਸਾਂ ਕਿ ਉਸ ਨੂੰ ਲੰਮੀ ਉਮਰ ਦੇਵੇ ਤਾਂ ਜੋ ਉਹ ਉਨ੍ਹਾਂ ਬੱਚਿਆਂ ਦਾ ਮਾਰਗ਼ ਦਰਸ਼ਨ ਕਰਦਾ ਰਹੇ ਜਿਹੜੇ ਪਹਿਲਵਾਨੀ ਖ਼ੇਤਰ ਵਿੱਚ ਆਪਣੇ ਪੁਰਖ਼ਿਆਂ ਦਾ ਅਤੇ ਆਪਣੇ ਇਲਾਕੇ ਦਾ ਨਾਂ ਰੌਸ਼ਨ ਕਰਨ ਦੀਆਂ ਰੀਝਾਂ ਮਨਾਂ ਵਿੱਚ ਪਾਲ ਰਹੇ ਹਨ।

ਆਮੀਨ!

***



## ਕੌਣ ਹੈ 'ਅੰਦਰਲਾ ਮਨੁੱਖ'?

ਹਵਾ ਬੇਸ਼ਕ ਹਵਾ ਹੀ ਹੁੰਦੀ ਏ ਪਰ ਇਸ ਦੀਆਂ ਪਰਤਾਂ ਵਿੱਚ ਜਾ ਕੇ ਇਸ ਵਿਚਲੀ ਮਹਿਕ, ਸਹਿਕ ਅਤੇ ਦੂਸਰੇ ਰੂਪਾਂ ਨੂੰ ਜਿਵੇਂ ਲੋਅ ਦੀ ਤਪਸ਼,ਸੁਗੰਧੀ ਦੀ ਮਹਿਕ,ਗੁੱਸੇ 'ਚ ਲਿਆਂਦੀਆਂ ਹਨੇਰੀਆਂ, ਆਪਣੇ ਆਪ ਤੇ ਚੁੱਪ ਦਾ ਜਿੰਦਰਾ ਮਾਰ ਕੇ ਤ੍ਰਾਸ ਤ੍ਰਾਸ ਕਰਵਾ ਦੇਣ ਦੀ ਅਲੌਕਿਕ ਸ਼ਕਤੀ ਨੂੰ ਅਨੁਭਵ ਕਰ ਸਕਣ ਦੀ ਸਮਰੱਥਾ ਕੁਦਰਤ ਨੇ ਬਹੁਤ ਥੋੜ੍ਹਿਆਂ ਨੂੰ ਦਿੱਤੀ ਹੁੰਦੀ ਹੈ। ਇਹ ਉਹਨਾਂ ਲੋਕਾਂ ਨੂੰ ਕੁਦਰਤ ਦਾ ਵਰਦਾਨ ਮਿਲਿਆ ਹੁੰਦਾ ਹੈ ਜੋ ਹਵਾ ਵਿੱਚੋਂ ਵੀ ਕਿਸੇ ਦੀਆਂ ਸਿਸਕੀਆਂ, ਕਿਲਕਾਰੀਆਂ ਅਤੇ ਹਵਾ ਵਿਚਲੀ ਸਿੱਲ੍ਹ 'ਚੋਂ ਕਿਸੇ ਦੇ ਰੋਣ ਨੂੰ ਅਨੁਭਵ ਕਰ ਲੈਂਦੇ ਹਨ। ਇਹ ਕੋਮਲ ਬਿਰਤੀ ਕਿਸੇ ਕੋਮਲ ਮਨ ਵਾਲੇ ਦੇ ਹੀ ਹਿੱਸੇ ਆਉਂਦੀ ਹੈ।

ਕੋਈ ਇਨਸਾਨ ਬਾਹਰੀ ਤੌਰ ਤੇ ਸ਼ਾਂਤ ਦਿਖਾਈ ਦਿੰਦਾ ਹੈ ਪਰ ਅੰਦਰ ਉਸ ਦੇ ਜਵਾਲਾ ਮੁੱਖੀ ਫਟ ਰਹੇ ਹੁੰਦੇ ਹਨ। ਕਈ ਲੋਕਾਂ ਦਾ ਬਾਹਰੀ ਪ੍ਰਭਾਵ ਬੜਾ ਸਖ਼ਤ ਹੁੰਦਾ ਹੈ ਪਰ ਅੰਦਰ ਉਹਨਾਂ ਦੇ ਕੋਮਲ ਕਲੀਆਂ ਦੀ ਸੁਗੰਧੀ ਭਰੀ ਹੁੰਦੀ ਹੈ। ਉਹ ਮੋਮ ਵਰਗਾ ਨਰਮ ਦਿਲ ਆਪਣੇ ਅੰਦਰ ਲਈ ਬੈਠੇ ਹੁੰਦੇ ਹਨ। ਲੋੜ ਹੁੰਦੀ ਹੈ ਅਜਿਹੇ ਮਨੁੱਖ ਦੇ ਅੰਦਰ ਜਾਣ ਦੀ। ਉਸ ਦੇ ਦਿੱਲ ਦੀਆਂ ਤਹਿਆਂ ਵਿੱਚ ਲਹਿ ਜਾਣ ਦੀ ਜਿੱਥੇ ਇਹ ਸਭ ਕੁਝ ਵਾਪਰ ਰਿਹਾ ਹੁੰਦਾ ਹੈ। 'ਅੰਦਰਲਾ ਮਨੁੱਖ' ਪੁਸਤਕ ਵਿੱਚ ਦਰਜ ਕੀਤੇ ਗਏ ਸ਼ਬਦ ਚਿੱਤਰ ਅਜਿਹੇ ਹੀ ਲੋਕਾਂ ਨੇੜੇ ਢੁੱਕ ਕੇ ਬਹਿਣ ਉਪਰੰਤ ਮਿਲੇ ਅਹਿਸਾਸ ਦਾ ਨਿਚੋੜ ਹੈ। ਮੈਂ ਕਈ ਵੇਰਾਂ ਵੇਖਿਆ ਸੀ ਕਿ ਕੁਝ ਲੋਕ ਜਿਨ੍ਹਾਂ ਨੂੰ ਅਸੀਂ ਇਹ ਸਮਝ ਕੇ ਹੀ ਦੁਰਕਾਰ ਦਿੰਦੇ ਹਾਂ ਕਿ ਉਹ ਬਹੁਤ ਕੁਰਖ਼ਤ ਹਨ ਅਸਲ ਵਿੱਚ ਅੰਦਰੋਂ ਬਹੁਤ ਹੀ ਨਰਮ ਅਤੇ ਰਹਿਮ ਦਿਲ ਹੁੰਦੇ ਹਨ। ਉਨ੍ਹਾਂ ਦੇ ਅੰਦਰਲੇ ਦਰਦ ਨੂੰ ਅਸੀਂ ਪਹਿਚਾਣਿਆ ਹੀ ਨਹੀਂ ਹੁੰਦਾ ਜਿਸ ਕਰਕੇ ਉਹ ਬਾਹਰੋਂ ਏਨੇਂ ਸਖ਼ਤ ਦਿਖਾਈ ਦੇ ਰਹੇ ਹੁੰਦੇ ਹਨ। ਇਸੇ ਕਰਕੇ ਹੀ ਮੈਂ ਲੋੜ ਅਨੁਭਵ ਕੀਤੀ ਸੀ ਉਹਨਾਂ ਅੰਦਰ ਪਲ ਰਹੇ ਅਹਿਸਾਸਾਂ ਨੂੰ ਜਿਹੜੇ ਉਹ ਆਪਣੇ ਅੰਦਰ ਹੀ ਦਬਾਈ ਬੈਠੇ ਹਨ ਅਤੇ ਕਿਸੇ ਨੂੰ ਵੀ ਉਨ੍ਹਾਂ ਦੀ ਭਿਣਕ ਨਹੀਂ ਪੈਣ ਦਿੰਦੇ, ਲੋਕਾਂ ਨਾਲ ਸਾਂਝੇ ਕਰਕੇ ਉਨ੍ਹਾਂ ਦਾ ਅਸਲੀ ਰੂਪ ਜਗ ਜ਼ਾਹਰਾ ਕੀਤਾ ਜਾਵੇ। ਉਨ੍ਹਾਂ ਅੰਦਰ ਪਲ ਰਹੀ ਪੀੜਾ ਦੀ ਗਹਿਰਾਈ ਨੂੰ ਮਾਪ ਕੇ ਉਨ੍ਹਾਂ ਪ੍ਰਤੀ ਆਪਣੀਆਂ ਸਦਭਾਵਨਾਵਾਂ ਪ੍ਰਗਟ ਕੀਤੀਆਂ ਜਾਣ।

ਰਘਬੀਰ ਸਿੰਘ 'ਤੀਰ'